# ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਸਮੀਖਿਆਤਮਕ ਅਧਿਐਨ

A Thesis

Submitted in partial fulfillment of the requirements for the award of the degree of

**DOCTOR OF PHILOSOPHY**

**in**

**(Punjabi)**

**By**

**Meena Sharma**

**41400111**

**Supervised By**

**Dr. Satwant Singh**

**SCHOOL OF HUMANITIES**

**LOVELY PROFESSIONAL UNIVERSITY**

**PUNJAB**

**2021**

## ਘੋਸ਼ਣਾ-ਪੱਤਰ

ਮੈਂ ਮੀਨਾ ਸ਼ਰਮਾ ਇਹ ਬਿਆਨ ਕਰਦੀ ਹਾਂ ਕਿ '**ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਸਮੀਖਿਆਤਮਕ ਅਧਿਐਨ**' ਵਿਸ਼ੇ ਉੱਤੇ ਕੀਤਾ ਗਿਆ ਖੋਜ ਪ੍ਰਬੰਧ ਮੇਰਾ ਨਿਰੋਲ ਲਿਖਤੀ ਖੋਜ ਕਾਰਜ ਹੈ ਅਤੇ ਇਸ ਵਿੱਚ ਮੇਰਾ ਕੋਈ ਹਿੱਸੇਦਾਰ ਨਹੀਂ ਹੈ। ਇਸ ਖੋਜ ਪ੍ਰਬੰਧ ਵਿੱਚ ਕੋਈ ਵੀ ਅਜਿਹਾ ਖੋਜ ਕਾਰਜ ਸ਼ਾਮਲ ਨਹੀਂ ਹੈ ਜਿਸ ਲਈ ਕਿਸੇ ਯੂਨੀਵਰਸਿਟੀ ਜਾਂ ਅਦਾਰੇ ਵਲੋਂ ਇਸ ਤੋਂ ਪਹਿਲਾਂ ਕੋਈ ਡਿਗਰੀ ਜਾਂ ਡਿਪਲੋਮਾ ਪ੍ਰਦਾਨ ਕੀਤਾ ਗਿਆ ਹੋਵੇ।

ਮੀਨਾ ਸ਼ਰਮਾ

ਖੋਜਾਰਥੀ

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

ਰਜਿ. ਨੰਬਰ: 41400111

ਮਿਤੀ: 14/05/2021

# ਪ੍ਰਮਾਣ ਪੱਤਰ

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਖੋਜਾਰਥੀ ਮੀਨਾ ਸ਼ਰਮਾ ਨੇ '**ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਸਮੀਖਿਆਤਮਕ ਅਧਿਐਨ**' ਵਿਸ਼ੇ ਉੱਤੇ ਪੀ. ਐਚ. ਡੀ. (ਪੰਜਾਬੀ) ਦੀ ਡਿਗਰੀ ਲਈ ਮੇਰੀ ਨਿਗਰਾਨੀ ਅਧੀਨ ਖੋਜ ਕਾਰਜ ਕੀਤਾ ਹੈ। ਇਹ ਖੋਜ ਕਾਰਜ ਖੋਜਾਰਥੀ ਦਾ ਮੌਲਿਕ ਕਾਰਜ ਹੈ। ਮੈਂ ਇਸ ਖੋਜ-ਪ੍ਰਬੰਧ ਨੂੰ ਪੀ. ਐਚ. ਡੀ. ਦੀ ਡਿਗਰੀ ਲਈ ਯੋਗ ਸਮਝਦਾ ਹਾਂ ਅਤੇ ਮੁਲਾਂਕਣ ਹਿਤ ਪ੍ਰਸਤੁਤ ਕਰਨ ਦੀ ਸਿਫ਼ਾਰਿਸ਼ ਕਰਦਾ ਹਾਂ। ਇਸ ਤੋਂ ਪਹਿਲਾਂ ਇਹ ਖੋਜ ਕਾਰਜ ਕਿਸੇ ਵੀ ਡਿਗਰੀ ਲਈ ਕਿਸੇ ਵੀ ਯੂਨੀਵਰਸਿਟੀ ਜਾਂ ਅਦਾਰੇ ਵਿੱਚ ਪੇਸ਼ ਨਹੀਂ ਕੀਤਾ ਗਿਆ।

ਨਿਗਰਾਨ:

ਡਾ. ਸਤਵੰਤ ਸਿੰਘ

ਸਹਾਇਕ ਪ੍ਰੋਫੈਸਰ

ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ, ਫਗਵਾੜਾ (ਪੰਜਾਬ)

ਮਿਤੀ: 14/05/2021

# ਸਮਰਪਣ

✿

ਬਾਬਾ ਗੁਰਿੰਦਰ ਸਿੰਘ ਜੀ ਢਿੱਲੋਂ

ਮਾਤਾ ਰਾਧਾ ਸ਼ਰਮਾ, ਪਿਤਾ ਸ੍ਰੀ ਓ.ਪੀ. ਸ਼ਰਮਾ

ਤੇ

ਪਿਆਰੀ ਅਨਮੋਲ

ਨੂੰ

# ਤਤਕਰਾ

ਅਧਿਆਇ ਪਹਿਲਾ: ਸਿਧਾਂਤਕ ਪਿਛੋਕੜ ........ 22

1.1 ਸਮੱਸਿਆ ਕਥਨ ........ 22

1.2 ਪੂਰਵ ਖੋਜ ਕਾਰਜ (Review of Literature) ........ 23

1.3 ਖੋਜ ਦੇ ਉਦੇਸ਼ ........ 30

1.4 ਖੋਜ ਵਿਧੀ ........ 32

1.5 ਸਮਾਜਿਕ ਅਤੇ ਸਾਹਿਤਕ ਸਾਰਥਿਕਤਾ ........ 35

1.6 ਸੰਭਾਵਿਤ ਨਤੀਜੇ ........ 37

1.7 ਸਿਧਾਂਤਕ ਪਰਿਪੇਖ ........ 37

1.8.1 ਵਾਤਾਵਰਨ : ਪਰਿਭਾਸ਼ਾ ਤੇ ਸਰੂਪ ........ 38

1.8.2 ਵਾਤਾਵਰਨ ਚੇਤਨਾ ........ 40

1.8.3 ਸਮੀਖਿਆ ........ 43

1.8.4 ਵਾਤਾਵਰਨ ਸੰਕਟ ........ 43

ਅਧਿਆਇ ਦੂਜਾ : ਪੰਜਾਬੀ ਕਾਵਿ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ ........ 59

2.1 ਵਰਤਮਾਨ ਦਹਾਕੇ ਦੀ ਪੰਜਾਬੀ ਕਵਿਤਾ ਦੇ ਵਿਸ਼ੇਸ਼ ਝੁਕਾਅ: ........ 62

2.2 ਵਰਤਮਾਨ ਦਹਾਕੇ ਦੀ ਪੰਜਾਬੀ ਕਵਿਤਾ ਵਿੱਚ ਪੇਸ਼ ਵਾਤਾਵਰਨਿਕ ਸੰਕਟ: ........ 70

2.3 ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਪੰਜਾਬੀ ਕਾਵਿ ਦੀ ਸਾਰਥਿਕਤਾ: ........ 135

ਅਧਿਆਇ ਤੀਜਾ : ਪੰਜਾਬੀ ਗਲਪ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ ........ 142

3.1 ਇੱਕੀਵੀਂ ਸਦੀ ਦੇ ਪੰਜਾਬੀ ਗਲਪ ਦੇ ਵਿਸ਼ੇਸ਼ ਝੁਕਾਅ ........ 142

3.1.1 ਇੱਕੀਵੀਂ ਸਦੀ ਦੇ ਪੰਜਾਬੀ ਨਾਵਲ ਦੇ ਵਿਸ਼ੇਸ਼ ਝੁਕਾਅ ........ 142

3.1.2 ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੇ ਵਿਸ਼ੇਸ ਝੁਕਾਅ ........ 146

3.2 ਵਰਤਮਾਨ ਦਹਾਕੇ ਦੇ ਪੰਜਾਬੀ ਨਾਵਲ ਵਿਚ ਪੇਸ਼ ਵਾਤਾਵਰਨਿਕ ਸੰਕਟ ........ 161

3.3 ਵਰਤਮਾਨ ਦਹਾਕੇ ਦੀ ਪੰਜਾਬੀ ਕਹਾਣੀ ਵਿੱਚ ਪੇਸ਼ ਵਾਤਾਵਰਨਿਕ ਸੰਕਟ ........ 195

3.4 ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਪੰਜਾਬੀ ਗਲਪ ਦੀ ਸਾਰਥਿਕਤਾ ........ 255

ਅਧਿਆਇ ਚੌਥਾ : ਪੰਜਾਬੀ ਨਿਬੰਧ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ ........ 260

4.1 ਇੱਕੀਵੀਂ ਸਦੀ ਦੇ ਪੰਜਾਬੀ ਨਿਬੰਧ ਦੇ ਵਿਸ਼ੇਸ਼ ਝੁਕਾਅ ........ 272

4.2 ਵਰਤਮਾਨ ਦਹਾਕੇ ਦੇ ਪੰਜਾਬੀ ਨਿਬੰਧਾਂ ਵਿੱਚ ਪੇਸ਼ ਵਾਤਾਵਰਨਿਕ ਸੰਕਟ ........ 275

4.3 ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਪੰਜਾਬੀ ਨਿਬੰਧਾਂ ਦੀ ਸਾਰਥਿਕਤਾ ........ 363

ਅਧਿਆਇ ਪੰਜਵਾਂ: ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਤੁਲਨਾਤਮਕ ਅਧਿਐਨ ........ 368

ਸਥਾਪਨਾਵਾਂ ਅਤੇ ਸਿੱਟੇ ........ 401

ਅੰਤਿਕਾ ........ 431

ਸਾਹਿਤਕਾਰਾਂ ਨਾਲ ਮੁਲਾਕਾਤਾਂ ........ 431

ਕਵੀ ਮਨਮੋਹਨ ਸਿੰਘ ਦਾਊਂ ਨਾਲ ਮੁਲਾਕਾਤ ........ 431

ਨਾਵਲਕਾਰ ਨਛੱਤਰ ਨਾਲ ਮੁਲਾਕਾਤ ........ 437

ਕਹਾਣੀਕਾਰ ਜਸਵੀਰ ਸਿੰਘ ਦੀਦਾਰਗੜ੍ਹ ਨਾਲ ਮੁਲਾਕਾਤ ........ 443

ਨਿਬੰਧਕਾਰ ਡਾ. ਡੀ. ਪੀ. ਸਿੰਘ ਨਾਲ ਮੁਲਾਕਾਤ ........ 461

ਪੁਸਤਕ ਸੂਚੀ ........ 491

ਪੰਜਾਬੀ ਪੁਸਤਕਾਂ ........ 491

## ਧੰਨਵਾਦ

ਸਭ ਤੋਂ ਪਹਿਲਾਂ ਮੈਂ ਧੰਨਵਾਦੀ ਹਾਂ ਉਸ ਅਕਾਲ-ਪੁਰਖ਼ ਪ੍ਰਮਾਤਮਾ ਦੀ ਜਿਸ ਦੀ ਰਹਿਮਤ ਅਧੀਨ ਮੈਨੂੰ ਜੀਵਨ ਦੀ ਹਰ ਸਥਿਤੀ ਵਿੱਚ ਯੋਗ ਰਾਹ-ਦਸੇਰੇ ਮਿਲਦੇ ਗਏ। ਰੱਬ ਵਰਗਾ ਰੁਤਬਾ ਰੱਖਣ ਵਾਲੇ ਮੇਰੇ ਗੁਰੂਦੇਵ ਡਾ. ਸਤਵੰਤ ਸਿੰਘ ਜੀ ਦੀ ਤਹਿ ਦਿਲੋਂ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਖੋਜ-ਕਾਰਜ ਵਿੱਚ ਨਿਰੰਤਰ ਮਾਰਗ ਦਰਸ਼ਨ ਕੀਤਾ। ਡਾ. ਅਵਤਾਰ ਸਿੰਘ ਬੇਨੀਪਾਲ ਅਤੇ ਡਾ. ਬਲਵਿੰਦਰ ਸਿੰਘ ਥਿੰਦ ਇਸ ਖੋਜ ਕਾਰਜ ਦੇ ਬੀਜ ਬੀਜਣ ਵਾਲੇ ਬਾਗ਼ਬਾਨ ਬਣੇ ਹਨ। ਇਹਨਾਂ ਦੀ ਯੋਗ ਅਗਵਾਈ ਵਿੱਚ ਖੋਜ ਕਰਨ ਦੇ ਲਾਇਕ ਬਣ ਸਕੀ। ਆਪਣੇ ਸਹਿ ਨਿਗਰਾਨ ਡਾ. ਜਸਪਾਲ ਕੌਰ ਕਾਂਗ ਜੀ ਦੀ ਅਤਿ ਧੰਨਵਾਦੀ ਹਾਂ ਜਿਨ੍ਹਾਂ ਦੀ ਅਗਵਾਈ ਹੇਠ ਖੋਜ ਕਾਰਜ ਨੂੰ ਪ੍ਰਬੰਧ ਰੂਪ ਪ੍ਰਾਪਤ ਹੋ ਸਕਿਆ ਹੈ।

ਮੈਂ ਧੰਨਵਾਦੀ ਹਾਂ ਬਹੁਤ ਹੀ ਸਤਿਕਾਰਯੋਗ ਡਾ. ਪਵਿੱਤਰ ਪ੍ਰਕਾਸ਼ ਸਿੰਘ ਜੀ ਦੀ, ਜਿਨ੍ਹਾਂ ਸਮੇਂ-ਸਮੇਂ ‘ਤੇ ਸਾਡੀ ਖੋਜ ਨੂੰ ਤਰਾਸ਼ ਕੇ ਹੋਰ ਗੁਣਵੱਤਾ ਬਖ਼ਸ਼ੀ। ਉਹਨਾਂ ਦੇ ਕੀਮਤੀ ਸੁਝਾਵਾਂ ਸਦਕਾ ਹੀ ਖ਼ੋਜ ਨੂੰ ਨੂੰ ਸਾਰਥਿਕਤਾ ਮਿਲੀ ਹੈ। ਬਹੁਤ ਧੰਨਵਾਦ ਡਾ. ਕਿਰਨਪ੍ਰੀਤ ਸਿੰਘ ਜੀ ਦਾ ਜਿਨ੍ਹਾਂ ਦੀ ਰਹਿਨੁਮਾਈ ਅਧੀਨ ਬਹੁਤ ਕੁਝ ਵਧੀਆ ਸਿੱਖਣ ਨੂੰ ਮਿਲਿਆ। ਡਾ. ਹਰਪ੍ਰੀਤ ਸਿੰਘ ਅਤੇ ਡਾ. ਪਰਮਜੀਤ ਸਿੰਘ ਜੀ ਦਾ ਯੋਗਦਾਨ ਮੇਰੇ ਜੀਵਨ ਅਤੇ ਖੋਜ ਨੂੰ ਹੋਰ ਸੁਚਾਰੂ ਬਣਾਉਣ ਲਈ ਉੱਤਮ ਦਰਜੇ ਦਾ ਰਿਹਾ ਹੈ। ਉਹਨਾਂ ਦੁਆਰਾ ਦਿੱਤੀ ਗਿਆਨ-ਵਰਧਕ ਅਗਵਾਈ, ਹੌਂਸਲਾ-ਅਫ਼ਜ਼ਾਈ ਅਤੇ ਅਸ਼ੀਰਵਾਦ ਨੂੰ ਮੈਂ ਸਦਾ ਯਾਦ ਰੱਖਾਂਗੀ। ਪੂਰੇ ਪੰਜਾਬੀ ਵਿਭਾਗ ਦੀ ਮੈਂ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਬੱਚਿਆਂ ਵਾਂਗ ਸੰਭਾਲਿਆ ਅਤੇ ਆਮ ਇਨਸਾਨ ਤੋਂ ਖੋਜਾਰਥੀ ਬਣਾਉਣ ਲਈ ਜੀ-ਤੋੜ ਮਿਹਨਤ ਕੀਤੀ। ਪੰਜਾਬੀ ਵਿਭਾਗ ਦੇ ਅਨੁਭਵੀ, ਦਿੱਗਜ ਅਤੇ ਮਾਹਿਰ ਪ੍ਰੋਫ਼ੈਸਰ ਸਹਿਬਾਨਾਂ ਨੇ ਹਮੇਸ਼ਾ ਹੀ ਮੇਰੇ ਅੰਦਰ ਵੱਸਦੇ ਖੋਜੀ ਨੂੰ ਨਾ ਸਿਰਫ਼ ਜਗਾਇਆ, ਸਗੋਂ ਚੜ੍ਹਦੀ ਕਲਾ ਵਿੱਚ ਰਹਿਣ ਲਈ ਪਰਿਵਾਰਕ ਮੈਂਬਰਾਂ ਵਾਂਗ ਸੰਭਾਲ ਵੀ ਕੀਤੀ। ਆਪਣੀ ਬਗ਼ੀਚੀ ਦੀ ਦੇਖਭਾਲ ਤਾਂ ਹਰ ਕੋਈ ਕਰਦਾ ਹੈ, ਪਰ ਹੋਰਨਾਂ ਦੀ ਬਗੀਚੀ ਦੇ ਬੂਟਿਆਂ ਨੂੰ ਸਿੰਜਣ ਵਾਲਾ ਪਰਉਪਕਾਰੀ ਕੋਈ ਵਿਰਲਾ ਹੀ ਹੋਇਆ

ਕਰਦਾ ਹੈ। ਐਲ.ਪੀ.ਯੂ. ਹਿੰਦੀ ਵਿਭਾਗ ਦੇ ਮਾਹਿਰ ਅਤੇ ਪੰਜਾਬੀ ਦੇ ਖੋਜਾਰਥੀਆਂ ਲਈ ਵਿਲੱਖਣ ਮਾਰਗ ਦਰਸ਼ਕ ਡਾ.ਵਿਨੋਦ ਸ਼ਰਮਾ ਜੀ ਦੇ ਧੰਨਵਾਦ ਲਈ ਤਾਂ ਜਿਵੇਂ ਸ਼ਬਦ ਹੀ ਥੋੜ੍ਹੇ ਜਾਪਦੇ ਹਨ।

ਹਰੇਕ ਵਿਅਕਤੀ ਦੇ ਜੀਵਨ ਵਿੱਚ ਉਸਦੀ ਸਫ਼ਲਤਾ ਦੇ ਪਿਛੋਕੜ ਵਜੋਂ ਜਿੱਥੇ ਉਸਦੀ ਆਪਣੀ ਮਿਹਨਤ ਹੁੰਦੀ ਹੈ, ਉੱਥੇ ਨਾਲ ਹੀ ਉਸਦੇ ਸ਼ੁੱਭ-ਚਿੰਤਕਾਂ ਦਾ ਮਹੱਤਵਪੂਰਨ ਯੋਗਦਨ ਹੁੰਦਾ ਹੈ। ਮੈਂ ਆਪਣੇ ਪਰਿਵਾਰ ਦੀ ਸਦਾ ਰਿਣੀ ਰਹਾਂਗੀ ਜਿਨ੍ਹਾਂ ਨੇ ਘਰ-ਗ੍ਰਿਹਿਸਥੀ ਦੇ ਕੰਮਾਂ ਵਿੱਚ ਵੱਡਾ ਸਹਿਯੋਗ ਦਿੱਤਾ ਤਾਂ ਕਿ ਮੈਂ ਅਧਿਐਨ ਕਰ ਸਕਾਂ। ਗੁਰਪੁਰਵਾਸੀ ਮੇਰੀ ਮਾਂ ਲਈ ਮੈਂ ਅਨੰਤ ਕਾਲ ਤੱਕ ਕਰਜ਼ਾਈ ਰਹਾਂਗੀ ਜਿਨ੍ਹਾਂ ਨੇ ਮੇਰੀ ਪੀ.ਐਚ.ਡੀ. ਦੀ ਸੁਪਨਾ ਸੰਜੋਇਆ ਸੀ। ਮੇਰੇ ਪਿਤਾ ਜੀ ਰਿਟਾਇਰਡ ਪ੍ਰੋਫੈਸਰ ਸ੍ਰੀ ਓ.ਪੀ. ਸ਼ਰਮਾ ਜੀ ਅਤੇ ਮੇਰੀ ਸਪੁੱਤਰੀ ਇੰਜਨੀਅਰ ਅਨਮੋਲ ਸ਼ਰਮਾ ਜੀ ਦੇ ਪਲ-ਪਲ ਦੇ ਸਾਥ ਨੇ ਮੈਨੂੰ ਕਦੇ ਵੀ ਡੋਲਣ ਨਹੀਂ ਦਿੱਤਾ। ਸਮੂਹ ਪਰਿਵਾਰਕ ਮੈਂਬਰਾਂ ਦੀ ਅਤਿ ਧੰਨਵਾਦੀ ਹਾਂ ਜਿਨ੍ਹਾਂ ਨੇ ਦਿਨ-ਰਾਤ ਮੇਰੀ ਸਹਾਇਤਾ ਕੀਤੀ। ਮੈਂ ਧੰਨਵਾਦੀ ਹਾਂ ਆਪਣੇ ਸਮੂਹ ਅਧਿਆਪਕ ਸਾਥੀਆਂ ਇੰਜੀ. ਸਤਵਿੰਦਰ ਸਿੰਘ ਤੇ ਇੰਜੀ. ਧਰਮਿੰਦਰ ਕੁਮਾਰ ਜੀ ਦੀ ਜਿਹਨਾਂ ਦੀ ਨਿਰੰਤਰ ਮੱਦਦ ਤੋਂ ਬਿਨਾਂ ਇਹ ਕਾਰਜ ਪੂਰਾ ਨਹੀਂ ਸੀ ਹੋ ਸਕਦਾ। ਮੈਂ ਆਪਣੀ ਲਿਪੀਕਾਰ ਮਾਹਿਰ ਅਤੇ ਸਹੇਲੀ ਸ੍ਰੀਮਤੀ ਅਮਰਜੀਤ ਕੌਰ ਅਤੇ ਰੋਮੀ ਦਿਵਗੁਣ ਦੇ ਅਣਥੱਕ ਸਹਿਯੋਗ ਲਈ ਸਦਾ ਰਿਣੀ ਰਹਾਂਗੀ। ਆਪਣੇ ਸਾਹਿਤਕ ਮਿੱਤਰਾਂ ਵਿੱਚ ਡਾ. ਭੁਪਿੰਦਰ ਕੌਰ 'ਕਵਿਤਾ', ਡਾ. ਤ੍ਰਿਪਤਾ. ਕੇ. ਸਿੰਘ, ਸ੍ਰੀਮਤੀ ਸੁਖਨਿੰਦਰ ਕੌਰ, ਡਾ. ਪਵਨ ਸ਼ਰਮਾ, ਸ. ਗੁਰਪਿੰਦਰ ਸਿੰਘ, ਡਾ. ਸੁਰਿੰਦਰ ਕੌਰ ਨਰੂਲਾ ਸ੍ਰੀਮਤੀ ਬਲਜੀਤ ਕੌਰ, ਡਾ. ਹਰਜਿੰਦਰ ਸਿੰਘ ਹੁਰਾਂ ਦੀ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦੀ ਹਾਂ ਜਿਨ੍ਹਾਂ ਹੱਥੀਂ ਛਾਂਵਾਂ ਕਰਦੇ ਹੋਏ ਖੋਜ ਕਾਰਜ ਵਿੱਚ ਮੇਰੀ ਮੱਦਦ ਕੀਤੀ।

ਮੈਂ ਸ਼ੁਕਰਾਨੇ ਭੇਂਟ ਕਰਦੀ ਹਾਂ ਉਹਨਾਂ ਸਾਹਿਤਕਾਰਾਂ, ਉੱਦਮੀਆਂ ਅਤੇ ਵਾਤਾਵਰਨ ਪ੍ਰੇਮੀਆਂ ਦੇ ਜਿਹਨਾਂ ਦੀਆਂ ਅਸੀਸਾਂ ਅਤੇ ਅਨੁਭਵਾਂ ਨੇ ਮੇਰੀ ਸੋਚਣ-ਪਰਖਣ ਦੀ ਸਮਰੱਥਾ ਨੂੰ ਪਰਪੱਕਤਾ ਪ੍ਰਦਾਨ ਕੀਤੀ। ਸੰਤ ਬਾਬਾ ਬਲਬੀਰ ਸਿੰਘ ਜੀ ਸੀਚੇਵਾਲ ਅਤੇ ਅਨੁਭਵੀ ਜੈਵਿਕ ਖੇਤੀ ਕਰਨ ਵਾਲੇ ਸਫ਼ਲ ਕਿਸਾਨ ਸਰਦਾਰ ਜਸਬੀਰ ਸਿੰਘ ਜੀ ਘੁਲਾਲ ਨੇ ਵਿਸ਼ੇ ਸੰਬੰਧੀ ਵਿਹਾਰਕਤਾ ਨਾਲ ਜੋੜਿਆ। ਅਧਿਐਨ ਅਧੀਨ ਰਚਨਾਵਾਂ ਦੇ

ਲੇਖਕਾਂ ਨੇ ਸਾਹਿਤਕ ਖੋਜ ਕਰਨ ਲਈ ਚੁਰੇੜੀ ਦ੍ਰਿਸ਼ਟੀ ਦਾ ਰਾਹ ਦੱਸਿਆ। ਸਰਦਾਰ ਜਸਬੀਰ ਸਿੰਘ ਰਾਣਾ, ਨਛੱਤਰ, ਡਾ. ਡੀ.ਪੀ. ਸਿੰਘ, ਜਸਬੀਰ ਸਿੰਘ ਦੀਦਾਰਗੜ੍ਹ ਅਤੇ ਮਨਮੋਹਨ ਸਿੰਘ ਜੀ ਦਾਊਂ ਹੋਰਾਂ ਨੇ ਜਿਵੇਂ ਆਪਣੀਆਂ ਆਪਣੀਆਂ ਅੱਖਾਂ ਹੀ ਮੈਨੂੰ ਸਾਹਿਤ ਅਧਿਐਨ ਕਰਨ ਹਿੱਤ ਦੇ ਦਿੱਤੀਆਂ ਸਨ ਕਿ ਮੈਂ ਇਕ ਪਾਠਕ, ਇੱਕ ਖੋਜੀ ਅਤੇ ਇੱਕ ਲੇਖਕ ਦੇ ਨਜ਼ਰੀਏ ਤੋਂ ਭਲੀ-ਭਾਂਤੀ ਵਿਸ਼ਲੇਸ਼ਣ ਕਰ ਸਕਾਂ।

ਦਿਲ ਤੋਂ ਸ਼ੁਕਰਗੁਜ਼ਾਰ ਹਾਂ ਹਰ ਇੱਕ ਪ੍ਰਾਣੀ ਦੀ ਅਤੇ ਹਰ ਇੱਕ ਵੇਲ ਬੂਟੇ ਦੀ ਜਿਸ ਨੇ ਮੈਨੂੰ ਵਾਤਾਵਰਨ ਨਾਲ ਪ੍ਰੇਮ ਕਰਨ ਲਈ ਪ੍ਰੇਰਿਆ ਤੇ ਵਿਸ਼ੇ ਨੂੰ ਰੂਹ ਨਾਲ ਨਿਭਾਉਣ ਲਈ ਤਾਕਤ ਦਿੱਤੀ। ਮੈਂ ਸਭਨਾਂ ਸ਼ੁੱਭ-ਚਿੰਤਕਾਂ ਦੀ ਧੰਨਵਾਦੀ ਹਾਂ।

(ਮੀਨਾ ਸ਼ਰਮਾ)

## ਐਬਸਟ੍ਰੈਕਟ


ਵਾਤਾਵਰਨ ਚੇਤਨਾ ਮੁੱਢ ਕਦੀਮ ਤੋਂ ਹੀ ਮਾਨਵੀਂ ਹੋਂਦ ਨਾਲ ਜੁੜਿਆ ਹੋਇਆ ਸੰਕਲਪ ਹੈ। ਡਾਰਵਿਨ ਸਿਧਾਂਤ ਅਨੁਸਾਰ ਧਰਤੀ ਉੱਪਰ ਵੱਸਦੇ ਹਰੇਕ ਜੀਵ ਨੂੰ ਆਪਣੇ ਆਸ-ਪਾਸ ਦੇ ਭੌਤਿਕ ਅਤੇ ਜੈਵਿਕ ਜਗਤ ਨਾਲ ਸੰਘਰਸ਼ ਕਰਨਾ ਪੈਂਦਾ ਹੈ। ਇਸ ਸੰਘਰਸ਼ ਵਿੱਚੋਂ ਕੇਵਲ ਉਹੀ ਪ੍ਰਾਣੀ ਜਿਉਂਦੇ ਰਹਿ ਸਕਦੇ ਹਨ, ਜਿਹੜੇ ਆਪਣੇ-ਆਪ ਨੂੰ ਵਾਤਾਵਰਨਿਕ ਪ੍ਰਸਥਿਤੀਆਂ ਮੁਤਾਬਿਕ ਢਾਲ ਲੈਂਦੇ ਹਨ। ਮਨੁੱਖ ਅਤੇ ਵਾਤਾਵਰਨ ਦਾ ਪਰਸਪਰ ਰਿਸ਼ਤਾ ਦੁੱਵਲਾ ਹੈ। ਇਸ ਬਹੁ-ਪਰਤੀ ਅਤੇ ਗੁੰਝਲਦਾਰ ਸੰਬੰਧ ਵਿੱਚ ਜਿੱਥੇ ਇੱਕ ਪਾਸੇ ਮਨੁੱਖ ਆਪਣੇ-ਆਪ ਨੂੰ ਵਾਤਾਵਰਨ ਅਨੁਸਾਰ ਢਾਲਦਾ ਹੈ, ਉੱਥੇ ਦੂਜੇ ਪਾਸੇ ਉਹ ਆਪਣੇ ਅਨੁਸਾਰ ਚੁਗਿਰਦੇ ਨੂੰ ਵੀ ਬਦਲਣ ਦਾ ਜਤਨ ਕਰਦਾ ਹੈ। ਮਨੁੱਖੀ ਹੋਂਦ ਦੇ ਆਰੰਭਕ ਪੜ੍ਹਾਅ ਵਿੱਚ ਮਨੁੱਖ ਦੁਆਰਾ ਵਾਤਾਵਰਨ ਅਨੁਸਾਰ ਢਲ ਜਾਣਾ ਪ੍ਰਮੁੱਖ ਸੀ ਪਰ ਵਰਤਮਾਨ ਕਾਲ ਵਿੱਚ ਵਾਤਾਵਰਨ ਨੂੰ ਆਪਣੇ ਅਨੁਸਾਰ ਢਾਲਣ ਦੀ ਪ੍ਰਵਿਰਤੀ ਦਾ ਜ਼ੋਰ ਚੱਲ ਰਿਹਾ ਹੈ। ਉਂਝ ਸਹੀ ਹੈ ਕਿ ਪਰਿਵਰਤਨ ਹੀ ਸੰਸਾਰ ਦਾ ਨਿਯਮ ਹੈ ਅਤੇ ਪਰਿਵਰਤਨ ਤਾਂ ਹੀ ਸੁਖਾਂਵਾਂ ਹੁੰਦਾ ਹੈ ਜੇਕਰ ਸਹਿਜ ਹੋਵੇ, ਧੀਮੀ ਗਤੀ ਨਾਲ ਹੋਵੇ ਅਤੇ ਕੁਦਰਤੀ-ਕ੍ਰਮ ਅਨੁਸਾਰ ਵਾਪਰੇ। ਪਰੰਤੂ ਵਰਤਮਾਨ ਸਦੀ ਦੇ ਵੱਡੇ ਸੰਤਾਪਾਂ ਵਿੱਚੋਂ ਵੱਖਰਾਂ ਉੱਭਰ ਕੇ ਆਉਂਦਾ ਵਾਤਾਵਰਨਿਕ ਸੰਤਾਪ ਕੁਦਰਤ ਦੀ ਦੇਣ ਨਹੀਂ, ਸਗੋਂ ਮਨੁੱਖ ਦੀ ਦੇਣ ਹੈ। ਇਸ ਢਲਣ-ਢਾਲਣ ਦੀ ਪ੍ਰਕਿਰਿਆ ਵਿੱਚ ਮਨੁੱਖ ਨੇ ਵਾਤਾਵਰਨ ਨੂੰ ਏਨਾ ਪ੍ਰਦੂਸ਼ਿਤ ਕਰ ਦਿੱਤਾ ਹੈ ਕਿ ਆਪਣੀ ਜੀਵਨ ਹੋਂਦ ਨੂੰ ਬਚਾਈ ਰੱਖਣ ਲਈ ਉਸਨੂੰ ਸੰਘਰਸ਼ ਕਰਨਾ ਪੈ ਰਿਹਾ ਹੈ। ਵਾਤਾਵਰਨ ਬੇਸ਼ੱਕ ਭੌਤਿਕ ਅੰਸ਼ਾਂ ਤੇ ਜੈਵਿਕ ਅੰਸ਼ਾਂ ਦਾ ਸਮਜੋੜ ਹੈ ਪਰ ਇਸਦੇ ਵਿਗਾੜ ਜਾਂ ਸੁਧਾਰ ਲਈ ਕੋਰੇ ਵਿਗਿਆਨਕ ਸਿਧਾਂਤ ਚੰਗੇਰੇ ਨਤੀਜੇ ਨਹੀਂ ਲਿਆ ਸਕਣਗੇ। ਇਸ ਪ੍ਰਸੰਗ ਵਿੱਚ ਸਰਕਾਰੀ ਨੀਤੀਆਂ, ਨਿੱਜੀ ਮਨੋ-ਸਥਿਤੀ, ਕਾਨੂੰਨੀ ਪ੍ਰਬੰਧ ਤੇ ਉਸਦਾ ਅਮਲ, ਸੱਭਿਆਚਾਰ, ਵਾਤਾਵਰਨ ਸੰਬੰਧੀ ਚੇਤਨਾ ਦਾ ਫੈਲਾਅ ਅਤੇ ਸਾਮੂਹਿਕ ਤੌਰ ‘ਤੇ ਜੱਦੋ-ਜਹਿੱਦ ਦੀ ਭਰਪੂਰ ਲੋੜ ਹੈ। ਮੌਜੂਦਾ ਹਾਲਤ ਵਿੱਚ ਕੇਵਲ ਭੌਤਿਕ ਵਾਤਾਵਰਨ ਨੂੰ ਨਿਰੋਲ ਵਿਗਿਆਨਕ ਤਰੀਕਿਆਂ ਨਾਲ ਸਹੀ ਕਰਨ ਦੇ ਜਤਨ ਕੀਤੇ ਜਾ ਰਹੇ ਹਨ, ਜਦ ਕਿ ਵਾਤਾਵਰਨਿਕ ਸੰਕਟ ਨੂੰ ਨਿਯੰਤ੍ਰਿਤ ਕਰਨ ਲਈ ਹਰ ਇੱਕ ਖ਼ਾਸ-ਓ-ਆਮ ਨੂੰ ਸੁਚੇਤ ਹੋਣ ਦੀ ਲੋੜ ਹੈ, ਆਪਣੀ ਜੀਵਨ-ਜਾਚ ਨੂੰ

ਸੋਧਣ ਦੀ ਲੋੜ ਹੈ, ਆਪਣੀਆਂ ਆਦਤਾਂ ਵਿੱਚੋਂ ਵਾਤਾਵਰਨ-ਵਿਰੋਧੀ ਕਾਰਵਾਈਆਂ ਨੂੰ ਮਨਫ਼ੀ ਕਰਨ ਦੀ ਲੋੜ ਹੈ ਅਤੇ ਇਸ ਸੰਬੰਧੀ ਨਿੱਜੀ ਤੇ ਸਾਮੂਹਿਕ ਤੌਰ 'ਤੇ ਹੋਰਨਾਂ ਨੂੰ ਜਾਗ੍ਰਿਤ ਕਰਨਾ ਵੀ ਅਜੋਕੇ ਸਮੇਂ ਦੀ ਮੰਗ ਹੈ। ਵਾਤਾਵਰਨ-ਹਿਤੈਸ਼ੀ ਸੱਭਿਆਚਾਰ ਨੂੰ ਵਿਸਾਰ ਕੇ ਮੁਨਾਫ਼ਾ-ਕੇਂਦਰਤ ਸੋਚ ਨੇ ਹੀ ਮਨੁੱਖ ਨੂੰ ਏਨ੍ਹਾ ਲਾਲਚੀ, ਅੱਤਤਾਈ ਤੇ ਪ੍ਰਕ੍ਰਿਤੀ ਦਾ ਦੁਸ਼ਮਣ ਬਣਾ ਦਿੱਤਾ ਹੈ ਕਿ ਖ਼ੁਦ ਮਾਨਵ ਨੇ ਹੀ ਆਪਣੀ ਹੋਂਦ ਦੀ ਸੁਰੱਖਿਆ ਉੱਤੇ ਵੱਡਾ ਪ੍ਰਸ਼ਨ-ਚਿੰਨ੍ਹ ਖੜ੍ਹਾ ਕਰ ਦਿੱਤਾ ਹੈ। ਸੱਤਿਅਮ, ਸ਼ਿਵਮ, ਸੁੰਦਰਮ ਦੇ ਬ੍ਰਹਿਮੰਡੀ ਸੰਕਲਪ ਅਧੀਨ ਸਾਹਿਤ ਦਾ ਮੂਲ ਮਨੋਰਥ ਸੱਚ ਦਾ ਸਾਥ ਕਰਦੇ ਹੋਏ, ਸੁੰਦਰ ਅਤੇ ਦਿਲਚਸਪ ਢੰਗ ਨਾਲ ਗਿਆਨ ਪ੍ਰਦਾਨ ਕਰਦਾ ਹੈ। ਇੰਝ ਸਾਹਿਤ ਦਾ ਮੰਤਵ ਸਰਬੱਤ ਦੇ ਭਲੇ ਲਈ ਵਿਭਿੰਨ ਸਮੱਸਿਆਵਾਂ ਦੀ ਪੇਸ਼ਕਾਰੀ ਅਤੇ ਸੰਬੰਧਿਤ ਸੁਝਾਵਾਂ ਨੂੰ ਅੰਕਿਤ ਕਰਨਾ ਵੀ ਹੁੰਦਾ ਹੈ।

ਵਰਤਮਾਨ ਸਥਿਤੀਆਂ ਵਿੱਚ ਜਦੋਂ ਪੂਰਾ ਵਿਸ਼ਵ ਬਦਲਦੇ ਵਾਤਾਵਰਨ ਵੱਲੋਂ ਚਿੰਤਤ ਹੈ ਤਾਂ ਵਿਗਿਆਨ ਦਾ ਸਮਰਥਨ ਕਰਦੇ ਹੋਏ ਸਾਹਿਤ ਦਾ ਵੀ ਕਰਤੱਵ ਹੈ ਕਿ ਉਹ ਆਪਣੇ ਪਾਠਕ ਵਰਗ ਨੂੰ ਇਸ ਸੰਬੰਧੀ ਸੁਚੇਤ ਕਰੇ ਕਿ ਜਲ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਭੂਮੀ ਪ੍ਰਦੂਸ਼ਣ, ਨਿਊਕਲੀ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ ਅਤੇ ਆਲਮੀ ਤਪਸ਼ ਆਦਿ ਸਮੱਸਿਆਵਾਂ ਦੇ ਕੀ-ਕੁਝ ਕਾਰਨ ਹਨ, ਕੀ ਪ੍ਰਭਾਵ ਹਨ ਅਤੇ ਕਿਵੇਂ ਇਹਨਾਂ ਉੱਪਰ ਕਾਬੂ ਪਾਇਆ ਜਾ ਸਕਦਾ ਹੈ? ਵਰਤਮਾਨ ਸਦੀ ਦੇ ਵਾਤਾਵਰਨਿਕ ਸੰਕਟਾਂ ਨੂੰ ਨਜਿੱਠਣ ਲਈ ਦੋ ਪ੍ਰਕਾਰ ਨਾਲ ਹੱਲ ਤਲਾਸ਼ੇ ਜਾ ਸਕਦੇ ਹਨ, ਜਿਨ੍ਹਾਂ ਨੂੰ ਸਮਾਂਤਰ ਰੂਪ ਵਿੱਚ ਲਾਗੂ ਕੀਤਾ ਜਾ ਸਕੇ। ਇਹ ਹਨ: ਸ਼ੁੱਧ ਵਿਗਿਆਨਕ; ਭਾਵ ਜਿਹੜੇ ਵਿਗਿਆਨਕ ਖੋਜਾਂ ਤੇ ਤਕਨੀਕਾਂ ਦੀ ਵਰਤੋਂ ਸਦਕਾ ਸਮੱਸਿਆਵਾਂ ਨੂੰ ਹੱਲ ਕਰਨ ਤੇ ਦੂਜੀ ਪ੍ਰਕਾਰ ਦੇ ਸਮਾਧਾਨਾਂ ਵਿੱਚ ਉਹ ਨੁਕਤੇ ਆ ਜਾਂਦੇ ਹਨ; ਜਿਹਨਾਂ ਨਾਲ ਜੀਵਨ-ਜਾਚ ਵਿੱਚ ਹਾਂ-ਪੱਖੀ ਤਬਦੀਲੀ ਆ ਸਕੇ। ਜੀਵਨ-ਜਾਚ ਨੂੰ ਅਨੁਕੂਲ ਕਰਨ ਵਿੱਚ ਸਾਹਿਤ ਦਾ ਵਿਸ਼ੇਸ਼ ਯੋਗਦਾਨ ਹੈ।

ਪੰਜਾਬੀਆਂ ਨੇ ਪੁਰਾਤਨ ਕਾਲ ਤੋਂ ਹੀ ਕੁਦਰਤ ਨੂੰ ਆਪਣੇ ਜੀਵਨ ਦਾ ਮਹੱਤਵਪੂਰਨ ਅੰਗ ਬਣਾਇਆ ਹੋਇਆ ਹੈ। ਮਨੁੱਖੀ ਸੱਭਿਅਤਾ ਦਾ ਵਿਕਾਸ ਵੀ ਜਲ-ਸ੍ਰੋਤਾਂ ਦੇ ਨੇੜੇ-ਨੇੜੇ ਅਤੇ ਉਪਜਾਊ ਜ਼ਮੀਨ ਦੇ ਲਾਗੇ-ਲਾਗੇ ਪਹਿਲਾਂ-ਪਹਿਲ ਹੋਇਆ। ਸਾਧਕਾਂ, ਗੁਰੂਆਂ ਤੇ ਫ਼ਕੀਰਾਂ ਨੇ ਪ੍ਰਭੂ-ਭਗਤੀ ਕਰਨ ਲਈ ਕੁਦਰਤ ਦੀ ਗੋਦ

ਵਿਚਲੇ ਸ਼ਾਂਤ ਤੇ ਏਕਾਂਤ ਨੂੰ ਚੁਣਿਆ। ਸੰਸਾਰਕ ਰੀਤੀ-ਰਿਵਾਜ਼ਾਂ ਵਿੱਚ ਖੂਹਾਂ, ਨਹਿਰਾਂ, ਦਰਿਆਵਾਂ, ਰੁੱਖਾਂ, ਬੂਟਿਆਂ, ਪੰਛੀਆਂ ਤੇ ਜੀਵਾਂ ਦਾ ਆਦਰ-ਮਾਣ ਅਤੇ ਸਾਂਭ-ਸੰਭਾਲ ਪੁਰਾਣੇ ਪੰਜਾਬ ਦੇ ਸੱਭਿਆਚਾਰ ਦਾ ਅਟੁੱਟ ਅੰਗ ਰਿਹਾ ਹੈ। ਆਧੁਨਿਕ ਮਨੁੱਖ ਵੱਲੋਂ ਅਪਣਾਈ ਗਈ ਪ੍ਰਕਿਰਤੀ-ਵਿਰੋਧੀ ਜੀਵਨ-ਸ਼ੈਲੀ ਅਤੇ ਅੰਨ੍ਹੇਵਾਹ ਹੋ ਰਹੇ ਤਕਨੀਕੀ ਵਿਕਾਸ ਸਦਕਾ ਗੰਭੀਰ ਵਾਤਾਵਰਨ ਸੰਕਟ ਉਤਪੰਨ ਹੋ ਚੁੱਕਾ ਹੈ। ਵਾਤਾਵਰਨ ਸੰਕਟ ਦੇ ਭਿਆਨਕ ਨਤੀਜਿਆਂ ਤੋਂ ਸੁਰੱਖਿਅਤ ਰਹਿਣ ਲਈ ਇਸ ਸੰਦਰਭ ਵਿੱਚ ਚੇਤਨਾ ਦਾ ਫੈਲਾਓ ਅਤਿ ਜ਼ਰੂਰੀ ਹੈ। ਜਾਗ੍ਰਰਕਤਾ ਦੀ ਅਣਹੋਂਦ ਵਿੱਚ ਬਹੁਤ ਕੁਝ ਅਜਿਹਾ ਕਰ ਦਿੱਤਾ ਜਾਂਦਾ ਹੈ, ਜਿਸ ਨਾਲ ਵਾਤਾਵਰਨ ਅਸਾਵਾਂ ਹੋ ਜਾਂਦਾ ਹੈ। ਚੋਣਵੇਂ ਸਾਹਿਤ ਦੇ ਮਾਧਿਅਮ ਦੁਆਰਾ ਵਾਤਾਵਰਨ ਦੇ ਪ੍ਰਸੰਗ ਵਿੱਚ ਚੇਤਨਾ ਫੈਲਾਉਣ ਦੀ ਸਮਰੱਥਾ ਦੀ ਸਮੀਖਿਆ ਕਰਨਾ ਹੀ ਇਸ ਖੋਜ ਦਾ ਅਸਲੀ ਮੰਤਵ ਹੈ। ਖੋਜ ਕਾਰਜ ਦੇ ਵਿਸ਼ੇ: 'ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਸਮੀਖਿਆਤਮਕ ਅਧਿਐਨ' ਲਈ ਵਿਸ਼ੇਸ਼ ਪਾਠ-ਸਮੱਗਰੀ ਵਜੋਂ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਭਾਵ 2010 ਤੋਂ ਲੈ ਕੇ 2020 ਤੱਕ ਪ੍ਰਕਾਸ਼ਿਤ ਕਵਿਤਾ, ਕਹਾਣੀ, ਨਾਵਲ ਤੇ ਨਿਬੰਧ ਨੂੰ ਸ਼ਾਮਿਲ ਕੀਤਾ ਗਿਆ ਹੈ। ਖੋਜ ਪ੍ਰਬੰਧ ਨੂੰ ਪੰਜ ਅਧਿਆਇ ਵਿੱਚ ਵੰਡ ਕੇ ਪੇਸ਼ ਕੀਤਾ ਗਿਆ ਹੈ: 'ਸਿਧਾਂਤਕ ਪਿਛੋਕੜ', 'ਪੰਜਾਬੀ ਕਾਵਿ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ', 'ਪੰਜਾਬੀ ਗਲਪ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ', 'ਪੰਜਾਬੀ ਨਿਬੰਧ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ' ਅਤੇ 'ਪੰਜਾਬੀ ਸਾਹਿਤ ਵਿੱਚ ਪੇਸ਼ ਵਾਤਾਵਰਨ ਚੇਤਨਾ ਦਾ ਤੁਲਨਾਤਮਿਕ ਅਧਿਐਨ'। ਵੱਖ-ਵੱਖ ਭਾਗਾਂ ਵਿੱਚ ਵੰਡ ਕੇ ਵਿਸ਼ੇ ਦੇ ਵਿਭਿੰਨ ਅੰਗਾਂ ਬਾਰੇ ਨਿਆਂ-ਪੂਰਵਕ ਨਿੱਠ ਕਿ ਵਿਭਿੰਨ ਅੰਗਾਂ ਬਾਰੇ ਵਿਚਾਰ ਕੀਤੀ ਜਾ ਸਕਦੀ ਹੈ। ਇਸ ਪ੍ਰਕਾਰ ਅਸੰਤੁਲਿਤ ਵਾਤਾਵਰਨ ਨੂੰ ਮੁੜ ਸੁਰਜੀਤ ਕਰਨ ਹਿੱਤ ਕੁਝ ਸੇਧ ਮਿਲ ਸਕੇਗੀ। ਖੋਜ ਅਧੀਨ ਵਿਸ਼ੇ 'ਤੇ ਅਧਿਐਨ ਕਰਨ ਉਪਰੰਤ ਇਹ ਕਿਹਾ ਜਾ ਸਕੇਗਾ ਕਿ ਪੁਰਾਤਨ ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦੇ ਪਰਚਮ ਹੇਠ ਕੁਦਰਤੀ ਸੁਹੱਪਣ ਦੀ ਮਹਿਮਾ ਵਾਲਾ ਸਾਹਿਤ ਜ਼ਰੂਰ ਉਪਲੱਬਧ ਹੈ ਪਰੰਤੂ ਵਾਤਾਵਰਨ ਦੇ ਹੌਲ਼ੀ-ਹੌਲ਼ੀ ਵਿਗੜ ਜਾਣ ਕਰਕੇ ਇਸ ਸੰਕਟਮਈ ਦੌਰ ਦੇ ਸਾਹਿਤਕਾਰ ਚੇਤਨਾ ਪ੍ਰਸਾਰਿਤ ਕਰਨ ਲਈ ਵਧੇਰੇ ਚੌਕਸ ਅਤੇ ਕਾਰਜਸ਼ੀਲ ਹਨ। ਵਿਸ਼ੇ ਨਾਲ ਸੰਬੰਧਿਤ ਰਚਨਾਵਾਂ ਵਿੱਚ

ਵਾਤਾਵਰਨ ਸੰਕਟ ਦੇ ਭਿੰਨ-ਭਿੰਨ ਸਰੋਕਾਰਾਂ ਬਾਰੇ ਡੂੰਘੀ ਬਾਤ ਪਾਈ ਪ੍ਰਾਪਤ ਹੁੰਦੀ ਹੈ। ਨਾ ਸਿਰਫ਼ ਵਾਤਾਵਰਨ ਦੇ ਪਲੀਤ ਹੋਣ ਦੀ ਗੱਲ ਕੀਤੀ ਗਈ ਹੈ, ਸਗੋਂ ਉਸਦੇ ਪਿਛੋਕੜ ਕਾਰਨਾਂ, ਪੈ ਰਹੇ ਜਾਂ ਹੋਰ ਭਵਿੱਖਤ ਪ੍ਰਭਾਵਾਂ ਅਤੇ ਪ੍ਰਸੰਗਿਕ ਸਮਾਧਾਨਾਂ ਦਾ ਵੇਰਵਾ ਵੀ ਪ੍ਰਸਤੁਤ ਕੀਤਾ ਗਿਆ ਹੈ। ਸਾਹਿਤ ਵਿੱਚ ਵਾਤਾਵਰਨ ਅਸੰਤੁਲਣ ਤੋਂ ਭਾਵ ਪ੍ਰਦੂਸ਼ਣ ਸੰਬੰਧੀ ਅੰਕੜੇ ਜੁਟਾਉਣਾ ਨਹੀਂ, ਸਗੋਂ ਸਮੁੱਚੇ ਰੂਪ ਵਿੱਚ ਵਾਤਾਵਰਨ ਨੂੰ ਮਨੁੱਖ ਦੇ ਸਰੋਕਾਰਾਂ ਦੇ ਰੂਪ ਵਿੱਚ ਪੇਸ਼ ਕਰਨਾ ਹੈ। ਵਿਕਾਸ ਦੇ ਦੌਰ ਵਿੱਚ ਕਾਫ਼ੀ ਕੁਝ ਸਾਡੇ ਵੱਸ ਤੋਂ ਬਾਹਰ ਹੈ, ਜਿਵੇਂ ਆਵਾਜਾਈ ਸਾਧਨਾਂ, ਉਦਯੋਗਾਂ, ਖੇਤੀ ਵਿੱਚ ਉਪਯੋਗ ਹੁੰਦੇ ਕੁਝ ਰਸਾਇਣਾਂ ਦੇ ਪ੍ਰਯੋਗ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ, ਕਿੰਤੂ ਮਨੁੱਖ ਵੱਲੋਂ ਵਾਤਾਵਰਨ ਖ਼ਰਾਬ ਕਰਨ ਹਿੱਤ ਵਰਤੀ ਜਾ ਰਹੀ ਲਾ-ਪਰਵਾਹੀ ਅਤੇ ਲਾਲਚੀ ਪ੍ਰਵਿਰਤੀ ਨੂੰ ਤਾਂ ਜ਼ਰੂਰ ਹੀ ਨਕੇਲ ਪਾਈ ਜਾ ਸਕਦੀ ਹੈ। ਅਜਿਹੀ ਅਣਗਹਿਲੀ ਤੇ ਲਾਪਰਵਾਹੀ ਨੂੰ ਰੋਕਣ ਲਈ ਤਕਨੀਕ ਦੇ ਨਾਲ-ਨਾਲ ਸਾਹਿਤ ਅਹਿਮ ਭੂਮਿਕਾ ਨਿਭਾ ਸਕਦਾ ਹੈ। ਸਾਹਿਤ ਦਾ ਸਿੱਧਾ ਸੰਬੰਧ ਮਨ ਨਾਲ ਹੁੰਦਾ ਹੈ। ਇਸ ਲਈ ਸਾਹਿਤ ਦਾ ਕਰਤੱਵ ਹੈ ਕਿ ਉਹ ਵਾਤਾਵਰਨ ਦੇ ਸੰਦਰਭ ਵਿੱਚ ਅੱਥਰੇ ਹੋਏ ਮਨ ਨੂੰ ਹਲੂਣੇ ਅਤੇ ਟਿਕਾਣੇ-ਸਿਰ ਲੈ ਕੇ ਆਵੇ।

ਵਰਤਮਾਨ ਸਦੀ ਵਿੱਚ ਕੁਝ ਸਵੈ-ਸੇਵੀ ਸੰਸਥਾਵਾਂ, ਚਿੰਤਕਾਂ, ਉੱਦਮੀਆਂ ਅਤੇ ਸਰਕਾਰਾਂ ਦੀਆਂ ਵਾਤਾਵਰਨ ਨੂੰ ਬਚਾਉਣ ਹਿੱਤ ਕੀਤੀਆਂ ਜਾ ਰਹੀਆਂ ਪਹਿਲ-ਕਦਮੀਆਂ ਨੂੰ ਪਰਵਾਨ ਕਰਦੇ ਹੋਏ ਆਮ ਨਾਗਰਿਕਾਂ ਨੂੰ ਵੀ ਸੇਧ ਲੈਣੀ ਚਾਹੀਦੀ ਹੈ। ਅਜਿਹੇ ਦੌਰ ਵਿੱਚ ਵਾਤਾਵਰਨ ਸੰਕਟ ਪ੍ਰਤੀ ਚੇਤੰਨ ਕਰਨ ਲਈ ਵਾਤਾਵਰਨ ਦੀ ਸੁਰੱਖਿਆ ਲਈ ਹੋਰਨਾਂ ਸਾਹਿਤਾਂ ਵਾਂਗ ਪੰਜਾਬ ਸਾਹਿਤ ਵੀ ਮਹੱਤਵਪੂਰਨ ਕਾਰਜ ਅਦਾ ਕਰ ਸਕਦਾ ਹੈ।

# ਭੂਮਿਕਾ

ਸਾਹਿਤ ਲਲਿਤ ਕਲਾ ਦਾ ਉੱਤਮ ਨਮੂਨਾ ਹੈ। ਸਾਹਿਤ ਰਚਨਾ ਬਹੁ-ਪਰਤੀ, ਬਹੁ-ਅਰਥੀ ਤੇ ਬਹੁ-ਦਿਸ਼ਾਵੀ ਹੁੰਦੀ ਹੈ। ਸਾਹਿਤ ਅਤੇ ਸਮਾਜ ਦਾ ਅਨਿੱਖੜ ਸੰਬੰਧ ਹੈ। ਸਾਹਿਤ ਦਾ ਵਸਤੂ ਮਨੁੱਖ ਦਾ ਸਮਾਜਕ ਜੀਵਨ ਹੁੰਦਾ ਹੈ। ਇਸ ਲਈ ਸਾਹਿਤ ਨੂੰ 'ਸਮਾਜਕ ਚੇਤਨਾ ਦਾ ਰੂਪ' 'ਸਮਾਜ ਦੀ ਵਿਆਖਿਆ' ਸਮਾਜ ਦੀ ਆਲੋਚਨਾ' ਜਾਂ 'ਸਮਾਜ ਦਾ ਦਰਪਣ' ਮੰਨਿਆ ਜਾਂਦਾ ਹੈ। ਮਨੁੱਖੀ ਭਾਵਾਂ ਦੀ ਪੇਸ਼ਕਾਰੀ ਲਈ ਭਾਸ਼ਾ ਦੇ ਮਾਧਿਅਮ ਰਾਹੀਂ ਸਿਰਜੀ ਗਈ ਕਲਾਤਮਿਕ ਰਚਨਾ ਨੂੰ ਸਾਹਿਤ ਕਿਹਾ ਜਾਂਦਾ ਹੈ। ਜੋ ਬਿਰਤੀਆਂ ਜੀਵਨ ਦੀਆਂ ਅਤੇ ਸਭ ਕਿਰਿਆਵਾਂ ਦਾ ਮੂਲ ਸੋਮਾ ਹਨ ਉਹ ਹੀ ਸਾਹਿਤ ਨੂੰ ਵੀ ਜਨਮ ਦਿੰਦੀਆਂ ਹਨ। ਸਾਹਿਤ ਨੂੰ ਅਦਬ ਵੀ ਕਿਹਾ ਜਾਂਦਾ ਹੈ। ਸਾਹਿਤਕ ਕਿਰਤ ਨੂੰ ਰਚਨਾ ਕਿਹਾ ਜਾਂਦਾ ਹੈ। ਰਚਨਾ ਦੀ ਸਿਰਜਣਾ ਸ਼ਬਦ ਦਾ ਪ੍ਰਯੋਗ ਉਨ੍ਹਾਂ ਅਰਥਾਂ ਵਿੱਚ ਕੀਤਾ ਜਾਂਦਾ ਹੈ ਜਦੋਂ ਕੋਈ ਵਿਲੱਖਣ, ਸਾਰਥਕ ਅਤੇ ਸੁਹਜ ਸੁਆਦ ਦੇਣ ਵਾਲੀ ਚੀਜ਼ ਜਨਮ ਲੈਂਦੀ ਹੈ। ਸਦੀਆਂ ਤੋਂ ਮਨੁੱਖ ਅਤੇ ਸਾਹਿਤ ਦਾ ਗੂੜ੍ਹਾ ਸੰਬੰਧ ਚੱਲਿਆ ਆ ਰਿਹਾ ਹੈ। ਮਨੁੱਖ ਨੇ ਆਪਣੀਆਂ ਭਾਵਨਾਵਾਂ ਦੀ ਪੂਰਤੀ ਲਈ ਲਲਿਤ ਕਲਾਵਾਂ ਦਾ ਸਹਾਰਾ ਲਿਆ ਹੈ। ਸਾਹਿਤ ਨੂੰ ਮੁੱਖ ਤੌਰ 'ਤੇ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:

1. ਮੌਖਿਕ ਸਾਹਿਤ ਜਾਂ ਲੋਕ ਸਾਹਿਤ

2.ਲਿਖਤੀ ਸਾਹਿਤ

ਸਾਰੀਆਂ ਸੱਭਿਆਤਾਵਾਂ ਵਿੱਚ ਸਭ ਤੋਂ ਪਹਿਲਾਂ ਜ਼ੁਬਾਨੀ ਸਾਹਿਤ ਹੀ ਹੋਂਦ ਵਿੱਚ ਆਇਆ ਹੈ। ਅਜਿਹਾ ਇਸ ਕਰਕੇ ਕਿ ਸ਼ਾਇਦ ਲਿਖਣ ਦੀ ਕਲਾ ਉਸ ਸਮੇਂ ਵਿਕਸਿਤ ਹੀ ਨਾ ਹੋਈ ਹੋਵੇਗੀ। ਕਾਫ਼ੀ ਸਮੇਂ ਮਗਰੋਂ ਲਿਖਤੀ ਸਾਹਿਤਕ ਕਿਰਤਾਂ ਦੀ ਸਿਰਜਣਾ ਸ਼ੁਰੂ ਹੋਈ। ਸਾਹਿਤ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Literature' ਦਾ ਸਮਾਨਅਰਥੀ ਹੈ। ਸਾਹਿਤ ਨੂੰ ਉਰਦੂ, ਅਰਬੀ ਤੇ ਫ਼ਾਰਸੀ ਭਾਸ਼ਾ ਵਿੱਚ 'ਅਦਬ' ਕਿਹਾ ਜਾਂਦਾ ਹੈ। 'ਅਦਬ' ਦੇ ਅਰਥ ਹਨ- ਸਲੀਕਾ, ਵਧੀਆ ਢੰਗ, ਸੋਹਣਾ ਤਰੀਕਾ ਭਾਵ ਅਜਿਹੀ ਰਚਨਾ ਜਿਹੜੀ ਜੀਵਨ ਦੇ ਤੌਰ ਤੇ ਤਰੀਕਿਆਂ ਨੂੰ ਸੋਹਣੇ ਢੰਗ ਨਾਲ ਇਸ ਪ੍ਰਕਾਰ ਬਿਆਨ ਕਰੇ ਕਿ ਉਸ ਤੋਂ ਸੁੰਦਰ ਜੀਵਨ-ਜਾਚ ਦੀ ਪ੍ਰੇਰਨਾ

ਮਿਲਦੀ ਹੋਵੇ। ਵਿਦਵਾਨ ਸਾਹਿਤ ਨੂੰ ਸਮਾਜ ਦਾ ਸ਼ੀਸ਼ਾ ਆਖਦੇ ਹਨ ਪਰ ਸਮਾਜ ਦਾ ਪ੍ਰਤੀਬਿੰਬ ਹੁੰਦੇ ਹੋਏ ਵੀ ਇਹ ਸਮਾਜ ਨੂੰ ਪਰਿਵਰਤਿਤ ਕਰਨ ਦੀ ਸਮੱਰਥਾ ਦਾ ਧਾਰਨੀ ਹੈ। ਸਾਹਿਤ ਦਾ ਸਿੱਧਾ ਸੰਬੰਧ ਮਨੁੱਖ ਦੀ ਮਾਨਸਿਕਤਾ ਨਾਲ ਹੁੰਦਾ ਹੈ। ਜੇਕਰ ਕਿਸੇ ਵਿਅਕਤੀ ਵਿੱਚ ਬਦਲਾਓ ਲਿਆਉਣਾ ਹੋਵੇ ਤਾਂ ਉਸਦੇ ਵਿਚਾਰਾਂ ਅਤੇ ਮਾਨਸਿਕਤਾ ਨੂੰ ਬਦਲਣਾ ਪਵੇਗਾ। ਕਿਸੇ ਵਿਅਕਤੀ ਦੇ ਵਿਚਾਰਾਂ ਦਾ ਸੁਮੇਲ ਹੀ ਉਸਦਾ ਜੀਵਨ ਨਿਰਧਾਰਿਤ ਕਰਦਾ ਹੈ ਤੇ ਵਿਚਾਰਾਂ ਨੂੰ ਹਾਂ-ਪੱਖੀ ਸੇਧ ਦੇਣ ਦਾ ਕੰਮ ਸਾਹਿਤ ਹਿੱਸੇ ਵੀ ਆਉਂਦਾ ਹੈ।

ਵਾਤਾਵਰਨ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਇਹ ਇਕਸਾਰ ਨਹੀਂ ਸਗੋਂ ਵਿਭਿੰਨਤਾ ਭਰਪੂਰ ਹੈ। ਵਾਤਾਵਰਨ ਵਿੱਚ ਕੇਵਲ ਸੰਜੀਵ ਨਹੀਂ ਸਗੋਂ ਨਿਰਜੀਵ ਵਸਤਾਂ ਵੀ ਸ਼ਾਮਿਲ ਹੁੰਦੀਆਂ ਹਨ। ਇਸ ਤਰ੍ਹਾਂ ਵਾਤਾਵਰਨ ਨਾ ਕੇਵਲ ਪ੍ਰਕਿਰਤਕ ਸਗੋਂ ਮਨੁੱਖ-ਕ੍ਰਿਤ ਦ੍ਰਿਸ਼ਾਂ ਅਤੇ ਵਸਤਆਂ ਦਾ ਬਹੁ-ਦਿਸ਼ਾਵੀ ਸਮੁੱਚ ਹੈ। ਸੂਰਜ, ਪੌਣ, ਨਮੀ, ਵਰਖਾ, ਮਿੱਟੀ, ਜਲ, ਰਸਾਇਣਿਕ ਤੱਤ, ਭੂ-ਦ੍ਰਿਸ਼, ਬਨਸਪਤੀ ਜਗਤ, ਕੁੱਲ ਪ੍ਰਾਣੀ-ਸੰਸਾਰ, ਇਮਾਰਤਾਂ, ਸੜਕਾਂ, ਡੈਮ, ਰੇਲਾਂ, ਉਦਯੋਗ, ਉਪਕਰਨ, ਖੇਤੀ, ਮਸ਼ੀਨਾਂ, ਸਭ ਕੁਝ ਹੀ ਵਾਤਾਵਰਨ ਦਾ ਮਹੱਤਵਪੂਰਨ ਅੰਗ ਹਨ। ਵਾਤਾਵਰਨ ਦਾ ਸ਼ਾਬਦਿਕ ਅਰਥ ਹੈ, ਧਰਤੀ ਆਲੇ-ਦੁਆਲੇ ਦਾ ਗੋਲ ਘੇਰਾ ਜਿਸ ਵਿੱਚ ਹਰ ਇੱਕ ਜੈਵਿਕ ਤੇ ਅਜੈਵਿਕ ਤੱਤ ਦਾ ਸੰਤੁਲਨ ਹੋਵੇ।

ਵਾਤਾਵਰਨ ਦੇ ਸੰਕਲਪ ਨੂੰ ਸਮਝਣ ਤੋਂ ਬਾਅਦ ਇਹ ਵਿਚਾਰਨਯੋਗ ਮੁੱਦਾ ਹੈ ਕਿ ਵਾਤਾਵਰਨ ਚੇਤਨਾ ਦੀ ਲੋੜ ਕਿਉਂ ਹੈ? ਕਿਸੇ ਡਾਕਟਰ ਦੁਆਰਾ ਨਿਰੀਖਣ ਤੇ ਪ੍ਰੀਖਣ ਕਰਨ ਮਗਰੋਂ ਜਦੋਂ ਰੋਗੀ ਦੇ ਕਿਸੇ ਰੋਗ ਦੀ ਨਿਸ਼ਾਨਦੇਹੀ (diagnosis) ਹੋ ਜਾਏ ਤਾਂ ਇਲਾਜ ਦੇ ਹਰ ਨੁਕਤੇ ਬਾਰੇ ਤੇ ਇਲਾਜ ਦੌਰਾਨ ਅਣਗਿਹਲੀ ਬਾਰੇ ਡਾਕਟਰ ਰੋਗੀ ਨੂੰ ਚੇਤੰਨ ਕਰ ਦਿੰਦਾ ਹੈ। ਕਈ ਰੋਗਾਂ ਵਿੱਚ ਚੇਤਨਾ ਸਦਕਾ ਸਾਵਧਾਨੀ ਤੇ ਪਰਹੇਜ਼ ਕਰਕੇ ਰੋਗ ਤੋਂ ਬਚਿਆ ਜਾ ਸਕਦਾ ਹੈ। ਕਈ ਵਾਰ ਸੁਣੀਂਦਾ ਹੈ ਕਿ ਇਲਾਜ ਤੋਂ ਵੱਧ ਜ਼ਰੂਰੀ ਪਰਹੇਜ਼ ਹੈ। ਪਰਹੇਜ਼ ਤਾਂ ਹੀ ਕੀਤਾ ਜਾਵੇਗਾ ਜੇਕਰ ਰੋਗੀ ਆਪਣੇ ਰੋਗ ਨਾਲ ਜੁੜੇ ਹੋਏ ਕਾਰਨਾਂ, ਪਰਹੇਜ਼ਾਂ, ਸਿੱਟਿਆਂ ਅਤੇ ਸਾਵਧਾਨੀਆਂ ਬਾਰੇ ਸੁਚੇਤ ਹੋਵੇਗਾ। ਠੀਕ ਇਹੀ ਸਿਧਾਂਤ ਵਾਤਾਵਰਨ 'ਤੇ ਵੀ ਲਾਗੂ ਹੁੰਦਾ ਹੈ। ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੀਆਂ ਕ੍ਰਿਆਵਾਂ 'ਤੇ ਜੇਕਰ ਨਕੇਲ ਕੱਸੀ ਜਾਵੇ ਤਾਂ ਭਵਿੱਖਤ ਪੰਧ ਨੂੰ ਸੁਰੱਖਿਅਤ ਕੀਤਾ

ਜਾ ਸਕਦਾ ਹੈ। ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਹਰ ਨਿੱਕੀ ਤੋਂ ਨਿੱਕੀ ਕੋਸ਼ਿਸ਼ ਵੀ ਮਹੱਤਵਪੂਰਨ ਹੈ। ਅਜਿਹੀ ਸੋਚ ਵੱਡੇ ਪੈਮਾਨੇ 'ਤੇ ਤਾਂ ਹੀ ਉਪਜੇਗੀ ਜੇ ਵਾਤਾਵਰਨ ਪ੍ਰਤੀ ਚੇਤਨਾ ਦਾ ਸੰਚਾਰ ਅਤੇ ਪ੍ਰਸਾਰ ਹੋਵੇਗਾ। ਇਸ ਪ੍ਰਕਾਰ ਵਾਤਾਵਰਨ ਚੇਤਨਾ ਨੂੰ ਜਨ-ਮਾਨਸ ਤੱਕ ਪਹੁੰਚਾਉਣ ਦਾ ਜ਼ਿੰਮਾ ਸਰਕਾਰੀ ਤੇ ਗੈਰ-ਸਰਕਾਰੀ ਸੰਸਥਾਵਾਂ ਵਾਤਾਵਰਨੀ ਸੁਸਾਇਟੀਆਂ, ਸਿੱਖਿਅਕ ਅਦਾਰਿਆਂ, ਸਵੈ-ਸੇਵੀ ਅਦਾਰਿਆਂ, ਵਣ ਤੇ ਸਿਹਤ ਵਿਭਾਗ ਦੇ ਨਾਲੋਂ-ਨਾਲ ਹਰ ਖਾਸੋ-ਆਮ ਸ਼ਖਸ ਦਾ ਹੈ, ਜੋ ਸ਼ੁੱਧ ਹਵਾ ਤੇ ਜਲ ਗ੍ਰਹਿਣ ਕਰਨ ਲਈ ਹੱਕ ਸਮਝਦਾ ਹੈ। ਜੇਕਰ ਇੱਕ ਚੇਤੰਨ ਵਿਅਕਤੀ ਅੱਗੇ ਦੋ-ਚਾਰਾਂ ਨੂੰ ਵੀ ਜਾਗ੍ਰਿਤ ਕਰ ਸਕੇ ਤਾਂ ਇਹ ਲੜੀਵਾਰ ਕ੍ਰਮ ਨਿਸ਼ਚਿਤ ਹੀ ਹਾਂ-ਪੱਖੀ ਨਤੀਜੇ ਲੈ ਕੇ ਆ ਸਕਦਾ ਹੈ। ਲਿਖਤੀ ਰੂਪ ਵਿੱਚ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਦੁਆਰਾ ਵਾਤਾਵਰਨ ਪ੍ਰਤੀ ਚੇਤਨਾ ਦਾ ਅੰਸ਼ ਪ੍ਰਾਪਤ ਹੁੰਦਾ ਹੈ। ਪਿਛਲੀ ਸਦੀ ਦੇ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਮੂਲ ਪ੍ਰਕਿਰਤੀ ਪ੍ਰੇਮ, ਪ੍ਰਕਿਰਤੀ ਸੁੰਦਰਤਾ ਅਤੇ ਉਸਦੀ ਪ੍ਰਸ਼ੰਸਾ ਤਕ ਹੀ ਸੀਮਤ ਸੀ। ਵਕਤ ਗੁਜ਼ਰਦਾ ਗਿਆ, ਪਾਣੀ ਗੰਧਲੇ ਹੁੰਦੇ ਗਏ, ਦਰਿਆ ਸੁੱਕਦੇ ਗਏ, ਹਵਾ ਜ਼ਹਿਰੀਲੀ ਹੁੰਦੀ ਗਈ, ਫ਼ਸਲਾਂ ਅਪ੍ਰਕਿਰਤਿਕ ਹੁੰਦੀਆਂ ਗਈਆਂ, ਮਨੁੱਖ ਦੀ ਹਵਸ ਨੇ ਜੰਗਲ ਵੀਰਾਨ ਕਰ ਦਿੱਤੇ, ਜੰਗਲੀ ਜੀਵਾਂ ਦੇ ਘਰ ਖੁੱਸ ਗਏ। ਨਦੀਆਂ ਦੇ ਕਿਨਾਰਿਆਂ 'ਤੇ ਪਿਕਨਿਕ ਲਈ ਹੋਟਲ ਉੱਸਰ ਗਏ, ਧੂੰਏ ਦੇ ਰਾਕਸ਼ ਸਾਹ ਘੁੱਟਣ ਲੱਗ ਪਏ ਤੇ ਵਿਕਾਸ ਤੇ ਅੰਨ੍ਹੇ ਘੋੜੇ ਨੇ ਅਜੋਕੀ ਸਦੀ ਦੇ ਆਧੁਨਿਕ ਮਨੁੱਖ ਨੂੰ ਪਸਤ ਕਰ ਛੱਡਿਆ। ਵਾਤਾਵਰਨ ਸੰਬੰਧੀ ਜਿੰਨੀ ਕੁ ਚੇਤਨਾ ਆਮ ਵਿਅਕਤੀ ਨੂੰ ਹੈ ਉਹ ਏਨੀ ਅਪਰਪੱਕ ਹੈ ਕਿ ਲਾਲਚ ਦਾ ਪਾਸਾ ਅਜੇ ਵੀ ਉਸ ਉੱਪਰ ਭਾਰੂ ਹੈ।

ਇੱਕੀਵੀਂ ਸਦੀ ਦੇ ਵਾਤਾਵਰਨ ਚੇਤਨਾ ਦਾ ਪ੍ਰਤੱਖ ਸੰਬੰਧ ਵਾਤਾਵਰਨੀ ਸੰਕਟ ਅਤੇ ਇਸ ਵਿੱਚੋਂ ਉਪਜੀਆਂ ਅਨੇਕਾਂ ਸਿਹਤ ਸਮੱਸਿਆਵਾਂ ਨਾਲ ਹੈ। ਆਧੁਨਿਕ ਵਿਚਾਰਧਾਰਾ ਕੁਦਰਤ ਵਿਰੋਧੀ ਕਾਰੇ ਕਰਦੀ ਰਹਿੰਦੀ ਹੈ। ਸ਼ਹਿਰੀਕਰਨ ਖੁੱਲ੍ਹੇ ਆਮ ਪ੍ਰਕਿਰਤੀ ਦੀ ਲੁੱਟ-ਖੋਹ ਕਰਦਾ ਹੈ। ਕਾਨੂੰਨ ਕਿਤਾਬਾਂ ਅਤੇ ਫਾਈਲਾਂ ਵਿੱਚ ਬੰਨੇ ਪਏ ਹਨ ਤੇ ਅਖੌਤੀ ਅਕਲ ਦੇ ਘੋੜੇ ਜੀਵਨ ਦਾ ਹਰਿਆ ਭਰਿਆ ਖੇਤ ਉਜਾੜ ਰਹੇ ਹਨ। ਸ੍ਰਿਸ਼ਟੀ ਦੀ ਸਿਰਜਨਾ ਤੋਂ ਲੈ ਕੇ ਅੱਜ ਤੱਕ ਕੁਦਰਤ ਮਨੁੱਖ ਨੂੰ ਮਾਂ ਵਾਂਗ ਪਾਲਦੀ ਰਹੀ ਹੈ ਅਤੇ ਮਨੁੱਖ ਕੁਦਰਤੀ

ਪ੍ਰਣਾਲੀ ਦੇ ਇੱਕ ਅੰਗ ਵਜੋਂ ਵਿਚਰਦਾ ਰਿਹਾ ਹੈ। ਮਨੁੱਖ ਦਾ ਪ੍ਰਕਿਰਤੀ ਨਾਲ ਸੰਬਧ ਮਾਂ-ਪੁੱਤਰ ਵਾਲਾ ਹੈ। ਮਾਂ ਆਪ ਦੁੱਖ ਝੱਲ ਕੇ ਆਪਣੇ ਬੱਚਿਆਂ ਨੂੰ ਪਾਲਦੀ ਹੈ ਪਰ ਦੁਖਾਂਤ ਹੈ ਕਿ ਪਾਲਣ-ਪੋਸ਼ਣ ਕਰਨ ਵਾਲੀ ਇਸ ਮਾਂ ਨੂੰ ਨਿੱਜੀ ਸਵਾਰਥਾਂ ਲਈ ਖੁਆਰ ਕੀਤਾ ਜਾਂਦਾ ਹੈ। ਕੁਦਰਤ ਅਤੇ ਮਨੁੱਖ ਇੱਕ ਦੂਜੇ ਦੇ ਵਿਰੋਧੀ ਨਹੀਂ ਸਗੋਂ ਪੂਰਕ ਹਨ। ਬੁੱਧੀ ਦੇ ਹਓਮੈਂ ਵਿੱਚ ਆਪ-ਹੁਦਰਾ ਹੋਇਆ ਮਨੁੱਖ ਪ੍ਰਕਿਰਤੀ ਦੀ ਬਣਤਰ ਅਤੇ ਬੁਣਤਰ ਨੂੰ ਤੋੜੀ-ਭੰਨੀ ਜਾ ਰਿਹਾ ਹੈ। ਕੁਦਰਤ ਦੀ ਲੈਅ ਨਾਲੋਂ ਵੱਖਰੀ ਤਾਨ ਅਲਾਪ ਰਿਹਾ ਮਨੁੱਖ ਕੁਦਰਤ ਦੀ ਵਿਰੋਧਤਾ ਕਰੀ ਜਾ ਰਿਹਾ ਹੈ। ਜਿਹੜੀ ਕੁਦਰਤ ਮਨੁੱਖ ਦਾ ਨਾੜੂ ਹੋਇਆ ਕਰਦੀ ਸੀ, ਜਿਸਦਾ ਜੱਸ ਵੇਦਾਂ-ਗ੍ਰੰਥਾਂ ਨੇ ਗਾਇਆ, ਉਸੇ ਕੁਦਰਤ ਨੂੰ ਮਨੁੱਖ ਨੇ ਆਪਣੀ ਲੁੱਟ-ਮਾਰ ਦਾ ਕੇਂਦਰ ਬਣਾ ਲਿਆ ਅਤੇ ਖ਼ੁਸ਼ਹਾਲ ਚੁਗਿਰਦੇ ਨੂੰ ਅਸਲੋਂ ਪਲੀਤ ਕਰ ਦਿੱਤਾ ਹੈ। ਚਿਪਕੋ ਅੰਦੋਲਨ ਦੇ ਮੁੱਖ ਕਾਰਜਕਰਤਾ ਸੁੰਦਰ ਲਾਲ ਬਹੁਗੁਣਾ ਦੇ ਮਤ ਅਨੁਸਾਰ: "ਅੱਜ ਸਾਡੀ ਪਿਆਰੀ ਪ੍ਰਿਥਵੀ ਮਰ ਰਹੀ ਹੈ। ਇਸ ਨਾਲ ਸਾਡਾ ਰਿਸ਼ਤਾ ਮਾਂ-ਪੁੱਤ ਵਾਲਾ ਹੋਣਾ ਚਾਹੀਦਾ ਸੀ ਪਰ ਇਹ ਤਾਂ ਦੋਧੀ ਤੇ ਗਾਂ ਦਾ ਰਿਸ਼ਤਾ ਬਣ ਕੇ ਰਹਿ ਗਿਆ ਹੈ।

ਮਾਨਵ ਨੇ ਤਰੱਕੀ ਦੇ ਅੱਥਰੇ ਘੋੜੇ ਨੂੰ ਏਨੀ ਤੇਜ਼ ਦੌੜਾਇਆ ਹੈ ਕਿ ਹੱਥੋਂ ਵਾਗਾਂ ਹੀ ਛੁੱਟ ਗਈਆਂ ਹਨ। ਜੇ ਹੁਣ ਵੀ ਸਥਿਤੀ ਸਾਂਭਣ ਲਈ ਇਮਾਨਦਾਰ ਅਤੇ ਨਿਰੰਤਰ ਉਪਰਾਲੇ ਨਾ ਕੀਤੇ ਗਏ ਤਾਂ ਕੁਝ ਵੀ ਪੱਲੇ ਨਹੀਂ ਰਹਿਣਾ। ਆਉਣ ਵਾਲੀਆਂ ਪੀੜ੍ਹੀਆਂ ਦੀ ਹੋਂਦ ਖ਼ਤਰੇ ਵਿੱਚ ਪੈ ਜਾਵੇਗੀ ਤੇ ਇਸ ਦੀ ਜ਼ਿੰਮੇਵਾਰ ਅਜੋਕੀ ਪੀੜ੍ਹੀ ਹੋਵੇਗੀ। ਬਹੁਤ ਸਾਰੀਆਂ ਸਰਕਾਰੀ, ਗ਼ੈਰ-ਸਰਕਾਰੀ ਸੰਸਥਾਵਾਂ, ਮਾਹਿਰਾਂ, ਪ੍ਰਕਿਰਤੀ ਪ੍ਰੇਮੀਆਂ ਵੱਲੋਂ ਅਨੇਕਾਂ ਚਿਤਾਵਨੀਆਂ ਦਿੱਤੀਆਂ ਜਾ ਰਹੀਆਂ ਹਨ। ਪ੍ਰਾਪਤ ਅੰਕੜੇ ਖ਼ਤਰੇ ਦੀਆਂ ਘੰਟੀਆਂ ਲਗਾਤਾਰ ਵਜਾ ਰਹੇ ਹਨ, ਪਰ ਮਨੁੱਖ ਪਤਾ ਨਹੀਂ ਕਦੋਂ ਜਾਗਰੂਕ ਹੋਵੇਗਾ?

ਕੁਦਰਤ ਦਾ ਪ੍ਰੇਮੀ ਹੀ ਉਸਦਾ ਸਨਮਾਨ ਕਰ ਸਕਦਾ ਹੈ ਅਤੇ ਉਸਦੀ ਸੰਭਾਲ ਕਰਨ ਲਈ ਪ੍ਰਯਤਨਸ਼ੀਲ ਬਣ ਸਕਦਾ ਹੈ। ਇਸ ਤਰ੍ਹਾਂ ਦੀ ਸੋਚ ਪਾਲਣਾ ਕਿ 'ਮੇਰੇ ਇੱਕ ਰੁੱਖ ਵੱਢ ਲੈਣ ਨਾਲ ਕੀ ਫ਼ਰਕ ਪੈ ਜਾਵੇਗਾ?" ਜਾਂ "ਮੇਰੇ ਇੱਕਲੇ ਦੁਆਰਾ ਇੱਕ ਰੁੱਖ 'ਲਾ ਲੈਣ ਨਾਲ ਕੀ ਸੁਧਾਰ ਹੋ ਜਾਣਾ?' ਗਲ਼ਤ ਹੈ, ਸਗੋਂ ਹਰ ਇੱਕ ਸੰਵਾਰੂ ਜਾਂ ਉਜਾੜੂ ਕਦਮ ਨਾਲ ਫ਼ਰਕ ਤਾਂ ਪੈਂਦਾ ਹੈ। ਇਹ ਸਭ ਤਾਂ ਜ਼ਿੰਮੇਵਾਰੀ ਤੋਂ ਭੱਜ-ਖਲੋਣ

ਵਾਲੇ ਕਥਨ ਹਨ। ਬੂੰਦ-ਬੂੰਦ ਨਾਲ ਹੀ ਤਲਾਬ ਭਰਦਾ ਹੈ ਅਤੇ ਤਿੜਕੇ ਹੋਏ ਘੜੇ ਵਿੱਚੋਂ ਬੂੰਦ-ਬੂੰਦ ਕਰਕੇ ਪਾਣੀ ਮੁੱਕ ਵੀ ਜਾਂਦਾ ਹੈ। ਹਰ ਇੱਕ ਬੂੰਦ, ਹਰ ਪਹਿਲ, ਹਰ ਇੱਕ ਕਦਮ, ਹਰ ਨਿੱਕੀ-ਵੱਡੀ ਕੋਸ਼ਿਸ਼ ਮਹੱਤਵ ਰੱਖਦੀ ਹੈ। ਜੇ ਹੁਣ ਵੀ ਨਾ ਸੰਭਲਿਆ ਗਿਆ ਤਾਂ ਵਕਤ ਹੱਥੋਂ ਨਿਕਲ ਜਾਵੇਗਾ। ਲੋੜ ਹੈ ਸੋਚ ਨੂੰ ਸਕਾਰਾਤਮਕ ਬਣਾਉਣ ਦੀ ਅਤੇ ਸੋਚ ਅਮਲੀ ਜਾਮਾ ਪਵਾਉਣ ਦੀ।

ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਮੁੱਢ ਗੁਰੂ ਨਾਨਕ ਕਾਲ ਤੋਂ ਹੀ ਬੱਝਿਆ ਮਿਲਦਾ ਹੈ। 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦੇ ਵਾਕ ਅਨੁਸਾਰ ਕੁਦਰਤ ਦੇ ਸਾਰੇ ਅੰਗ ਸਿਰਜਨਹਾਰ ਨੇ ਮਾਨਵਤਾ ਦੀ ਪਾਲਣਾ ਲਈ ਉਤਪੰਨ ਕੀਤੇ ਹਨ। ਪ੍ਰਕਿਰਤੀ ਪ੍ਰੇਮੀ ਸਾਹਿਤਕਾਰਾਂ ਨੇ ਪ੍ਰਕਿਰਤੀ ਨੂੰ ਮਾਂ ਦਾ ਦਰਜਾ ਦੇ ਕੇ ਇਸਦਾ ਗੁਣਗਾਨ ਕੀਤਾ ਪਰ ਉਹਨਾਂ ਤੋਂ ਬਾਅਦ ਹੌਲੀ-ਹੌਲੀ ਪਲੀਤ ਹੁੰਦੇ ਗਏ ਵਾਤਾਵਰਨ ਵਿਰੋਧੀ ਮਨੁੱਖੀ ਕਾਰਿਆਂ ਸਦਕਾ ਵਾਤਾਵਰਨ ਦਾ ਸੰਤੁਲਨ ਵਿਗੜਨਾ ਸ਼ੁਰੂ ਹੋ ਗਿਆ। ਉਦਯੋਗੀਕਰਨ, ਸ਼ਹਿਰੀਕਰਨ ਤੇ ਪੱਛਮੀਕਰਨ ਦੇ ਪ੍ਰਭਾਵ ਹੇਠ ਕੁਦਰਤ ਦੇ ਨਿਰੋਲ ਸੁਹੱਪਣ ਉੱਪਰ ਬਨਾਉਟੀ ਲੇਫ਼ ਪਾਏ ਜਾਣ ਲੱਗ ਪਏ। ਸਮੇਂ ਦੀ ਇਕਾਈ ਵਿੱਚ ਸਮਾਜਿਕ, ਰਾਜਨੀਤਕ, ਆਰਥਿਕ ਭੂਗੋਲਿਕ ਅਤੇ ਵਾਤਾਵਰਨਿਕ ਤਬਦੀਲੀਆਂ ਦਾ ਪ੍ਰਭਾਵ ਵਕਤੀ ਸਾਹਿਤ ਉੱਤੇ ਪੈਣਾ ਵੀ ਸੁਭਾਵਿਕ ਹੈ। ਵਾਤਾਵਰਨ ਦਾ ਵਿਗਾੜ ਅੱਜ ਦੇ ਵਿਗਾੜ ਦੀ ਸਭ ਤੋਂ ਵੱਡੀ ਚੁਣੌਤੀ ਹੈ। ਸਾਹਿਤ ਦਾ ਸਹਿਯੋਗ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਸਮਕਾਲੀ ਸਮਾਜ ਦੀਆਂ ਲੋੜਾਂ, ਸਮੱਸਿਆਵਾਂ ਤੇ ਖ਼ਤਰਿਆਂ ਨੂੰ ਉਜਾਗਰ ਕਰਨਾ ਅਤੇ ਸਮਾਜ ਨੂੰ ਇਹਨਾਂ ਪ੍ਰਤੀ ਸੁਚੇਤ ਕਰਨਾ ਵੀ ਹੁੰਦਾ ਹੈ। ਸਾਹਿਤ ਹੀ ਸਮੇਂ-ਸਮੇਂ ਉੱਤੇ ਲੋਕਾਂ ਨੂੰ ਬਿਪਤਾਵਾਂ ਦੇ ਖ਼ਿਲਾਫ਼ ਲੜਣ ਦੇ ਸਮੱਰਥ ਬਣਾਉਂਦਾ ਹੈ। ਹਰ ਸਮਾਜਿਕ ਇਕਾਈ ਦੇ ਭੂਗੋਲਿਕ, ਸਮਾਜਿਕ ਅਤੇ ਵਾਤਾਵਰਨਿਕ ਮਸਲਿਆਂ ਦਾ ਸਿੱਧਾ ਪ੍ਰਭਾਵ ਕਲਮ ਉੱਤੇ ਵੀ ਪਿਆ ਹੈ ਅਤੇ ਕਲਮ ਦੀ ਤਾਕਤ ਨੇ ਪ੍ਰਦੂਸ਼ਣ ਦੀ ਵੰਗਾਰ ਨੂੰ ਵੰਗਾਰਨ ਦਾ ਹੌਂਸਲਾ ਪ੍ਰਦਾਨ ਕੀਤਾ ਹੈ।

ਪ੍ਰਕਿਰਤੀ ਦੇ ਉਪਾਸਕ ਭਾਈ ਵੀਰ ਸਿੰਘ ਨੂੰ ਕੁਦਰਤ ਵਿੱਚੋਂ ਰੱਬ ਦਿਖਦਾ ਹੈ। ਪ੍ਰੋ. ਪੂਰਨ ਸਿੰਘ ਦਰਿਆਵਾਂ, ਖੇਤਾਂ ਤੇ ਮੈਦਾਨਾਂ ਵਿੱਚ ਪ੍ਰਕਿਰਤਕ ਆਨੰਦ ਨੂੰ ਮਾਣਦਾ ਹੈ। ਚਾਤ੍ਰਿਕ ਵੀ ਰੁੱਤਾਂ-ਫੁੱਲਾਂ ਦੇ ਸੋਹਿਲੇ

ਗਾਉਂਦਾ ਹੈ। ਪ੍ਰੋ. ਮੋਹਨ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਹੁਰਾਂ ਨੂੰ ਰੁੱਖ-ਬੂਟੇ ਤੇ ਰੁੱਤਾਂ ਨਾਲ ਰਿਸ਼ਤੇਦਾਰੀ ਪ੍ਰਾਪਤ ਹੁੰਦੀ ਹੈ। ਇਹਨਾਂ ਸਾਹਿਤਕਾਰਾਂ ਨੇ ਉਸ ਸਮੇਂ ਦੀ ਵਾਤਾਵਰਨਿਕ ਸੁੰਦਰਤਾ ਨੂੰ ਸਲਾਹਿਆ ਹੈ ਕਿਉਂਕਿ ਉਸ ਵੇਲੇ ਵਾਤਾਵਰਨ ਸ਼ੁੱਧ ਸੀ ਤੇ ਉਦੋਂ ਤੱਕ ਪ੍ਰਦੂਸ਼ਣ ਦੀ ਢਾਹ ਨਹੀਂ ਸੀ ਲੱਗੀ। ਉਪਰੋਕਤ ਵਿਦਵਾਨ ਵਿਸ਼ੇ ਦੇ ਮਨਫ਼ੀ ਪੱਖ ਤੋਂ ਅਣਛੋਹੇ ਹੀ ਰਹੇ ਪਰ ਅੱਜ ਸਥਿਤੀ ਬਿਲਕੁਲ ਉਲਟ ਹੈ। ਅੱਜ ਪ੍ਰਦੂਸ਼ਣ ਦਾ ਦੈਂਤ ਸਾਰੀ ਸਿਸ੍ਰਟੀ ਨੂੰ ਖਾ ਜਾਣ ਲਈ ਉਤਾਰੂ ਹੈ। ਅੱਜ ਪੂਰਾ ਵਿਸ਼ਵ ਵਾਤਾਵਰਨਿਕ ਮੰਦਹਾਲੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਮਾਹਿਰਾਂ ਦੇ ਤੱਥਾਂ ਅਨੁਸਾਰ ਜੇ ਸੰਭਲਿਆ ਨਾ ਗਿਆ ਤਾਂ ਅੱਜ ਦੀ ਪੀੜ੍ਹੀ ਆਉਣ ਵਾਲੀ ਪੀੜ੍ਹੀ ਦੀ ਦੋਖੀ ਹੋਵੇਗੀ। ਪੀਣ ਨੂੰ ਪਾਣੀ ਨਹੀਂ ਲੱਭਣਾ ਅਤੇ ਖਾਣ ਨੂੰ ਅੰਨ੍ਹ ਨਹੀਂ ਮਿਲਣਾ। ਸਾਹ ਲੈਣ ਨੂੰ ਹਵਾ ਦੀ ਥਾਂ ਜ਼ਹਿਰ ਮਿਲੇਗੀ, ਸਭ ਕੁਦਰਤੀ ਸ੍ਰੋਤ ਹੌਲ਼ੀ-ਹੌਲ਼ੀ ਮੁੱਕ ਜਾਣਗੇ ਤੇ ਸਿਸ੍ਰਟੀ ਦੀ ਹੋਂਦ ਤੇ ਪ੍ਰਸ਼ਨਚਿੰਨ੍ਹ ਲੱਗ ਜਾਵੇਗਾ।

ਪ੍ਰਸਤਾਵਿਤ ਖੋਜ ਦਾ ਦਾਇਰਾ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਪੰਜਾਬੀ ਸਾਹਿਤ ਨੂੰ ਆਧਾਰ ਬਣਾ ਕੇ ਇਹ ਪਤਾ ਲਗਾਉਣਾ ਹੈ ਕਿ ਵਰਤਮਾਨ ਵਾਤਾਵਰਨਿਕ ਸਥਿਤੀ ਬਾਰੇ ਪੰਜਾਬੀ ਸਾਹਿਤ ਅੰਦਰ ਕਿੰਨਾ ਕੁ ਲਿਖਿਆ ਗਿਆ ਹੈ? ਉਸ ਵਿੱਚ ਕਿੰਨੀ ਕੁ ਚੇਤਨਾ ਵਿਦਮਾਨ ਹੈ? ਕਿਹੜੇ-ਕਿਹੜੇ ਪੱਖਾਂ ਨੂੰ ਛੋਹਿਆ ਗਿਆ ਹੈ। ਕੀ ਇਹ ਸਾਹਿਤ ਅੱਜ ਦੀ ਪੀੜ੍ਹੀ ਨੂੰ ਹਲੂਣਾ ਦੇ ਕੇ ਜਗਾਉਣ ਲਈ ਸਮੱਰਥ ਹੈ? ਕੀ ਵਿਸ਼ੇ ਅਧੀਨ ਰਚਿਆ ਗਿਆ ਪੰਜਾਬੀ ਸਾਹਿਤ ਵਕਤੀ ਸਥਿਤੀ ਨਾਲ ਸਮਤੋਲ ਵਿੱਚ ਹੈ? ਇਸ ਪ੍ਰਕਾਰ ਪ੍ਰਸਤਾਵਿਤ ਖੋਜ ਦੁਆਰਾ ਸਮਾਜ ਨੂੰ ਵਾਤਾਵਰਨ ਬਚਾਉਣ ਦੀ ਸੇਧ ਮਿਲਣ ਦੀ ਯੋਗ ਸੰਭਾਵਨਾ ਹੈ। ਪ੍ਰਸਤਾਵਿਤ ਖੋਜ ਵਿਸ਼ੇ ਅਧੀਨ ਪੰਜਾਬੀ ਸਾਹਿਤ ਦੀਆਂ ਚੋਣਵੀਆਂ ਵਿਧਾਵਾਂ- ਕਵਿਤਾ, ਕਹਾਣੀ ਅਤੇ ਨਾਵਲ, ਲੇਖ ਵਿੱਚ ਸ਼ਾਮਿਲ ਵਾਤਾਵਰਨੀ ਸਰੋਕਾਰਾਂ ਦਾ ਅਧਿਐਨ ਕੀਤਾ ਜਾਣਾ ਹੈ। ਪ੍ਰਕਿਰਤੀ ਦੇ ਸੁਹੱਪਣ ਵਿੱਚ ਪਏ ਵਿਗਾੜ, ਉਹਨਾਂ ਦੇ ਕਾਰਨ, ਪ੍ਰਭਾਵ ਤੇ ਸੰਭਾਵਿਤ ਉਪਰਾਲਿਆਂ ਦਾ ਅਧਿਐਨ ਸਾਹਿਤ ਦੇ ਹਵਾਲੇ ਨਾਲ ਕੀਤਾ ਜਾਣਾ ਹੈ। ਖੋਜ ਕਾਰਜ ਦੇ ਵਿਸ਼ੇ: 'ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਸਮੀਖਿਆਤਮਕ ਅਧਿਐਨ' ਲਈ ਵਿਸ਼ੇਸ਼ ਪਾਠ-ਸਮੱਗਰੀ ਵਜੋਂ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਭਾਵ 2010 ਤੋਂ ਲੈ ਕੇ 2020 ਤੱਕ ਪ੍ਰਕਾਸ਼ਿਤ ਕਵਿਤਾ, ਕਹਾਣੀ,

ਨਾਵਲ ਤੇ ਨਿਬੰਧ ਨੂੰ ਸ਼ਾਮਿਲ ਕੀਤਾ ਗਿਆ ਹੈ। ਖੋਜ ਅਧੀਨ ਸਾਹਿਤ ਲਈ ਦੋ ਕਾਵਿ ਪੁਸਤਕਾਂ 'ਕਣ-ਕਾਇਨਾਤ'(2013, ਵਰਿੰਦਰ ਪਰਿਹਾਰ) ਅਤੇ 'ਪੰਛੀ ਬਿਰਖ ਸੁਹਾਵੜਾ'(2016, ਮਨਮੋਹਨ ਸਿੰਘ ਦਾਊਂ) ਸ਼ਾਮਿਲ ਕੀਤੀਆਂ ਗਈਆਂ ਹਨ। ਨਾਵਲਾਂ ਵਿੱਚ 'ਇੱਥੋਂ ਰੇਗਿਸਤਾਨ ਦਿਸਦਾ ਹੈ'(2017, ਜਸਵੀਰ ਰਾਣਾ) ਅਤੇ 'ਕੈਂਸਰ ਟਰੇਨ'(2017, ਨਛੱਤਰ) ਨੂੰ ਲਿਆ ਗਿਆ। ਵਾਤਾਵਰਨਿਕ ਕਹਾਣੀ ਸੰਗ੍ਰਿਹ 'ਪਵਣੁ ਗੁਰੂ ਪਾਣੀ ਪਿਤਾ'(2019, ਜਸਵੀਰ ਸਿੰਘ ਦੀਦਾਰਗੜ੍ਹ) ਨੂੰ ਸ਼ਾਮਿਲ ਕੀਤਾ ਗਿਆ ਹੈ। ਨਿਬੰਧਾਂ ਦੀ ਵਿਧਾ ਲਈ ਤਿੰਨ ਸੰਪਾਦਿਤ ਨਿਬੰਧ-ਸੰਗ੍ਰਿਹ ਸ਼ਾਮਿਲ ਕੀਤੇ ਗਏ ਹਨ: 'ਵਾਤਾਵਰਣ ਸਮੱਸਿਆਵਾਂ'(2012, ਰਾਜਦੀਪ ਸਿੰਘ ਧਾਲੀਵਾਲ ਅਤੇ ਅੰਗਰੇਜ ਸਿੰਘ ਵਿਰਕ), 'ਮਨੁੱਖੀ ਹੋਂਦ ਲਈ ਖ਼ਤਰਾ: ਵਾਤਾਵਰਣੀ ਪ੍ਰਦੂਸ਼ਣ'(ਡਾ. ਜਤਿੰਦਰਪਾਲ ਸਿੰਘ, 2011) ਅਤੇ 'ਵਾਤਾਵਰਣੀ ਮਸਲੇ ਤੇ ਸਮਾਧਾਨ' (ਡਾ. ਬਲਦੇਵ ਸਿੰਘ ਚੀਮਾ ਅਤੇ ਡਾ. ਡੀ.ਪੀ. ਸਿੰਘ 2013) ਖੋਜ ਪ੍ਰਬੰਧ ਨੂੰ ਪੰਜ ਅਧਿਆਇਆਂ ਵਿੱਚ ਵੰਡ ਕੇ ਪੇਸ਼ ਕੀਤਾ ਗਿਆ ਹੈ: 'ਸਿਧਾਂਤਕ ਪਿਛੋਕੜ', 'ਪੰਜਾਬੀ ਕਾਵਿ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ', 'ਪੰਜਾਬੀ ਗਲਪ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ', 'ਪੰਜਾਬੀ ਨਿਬੰਧ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ' ਅਤੇ 'ਪੰਜਾਬੀ ਸਾਹਿਤ ਵਿੱਚ ਪੇਸ਼ ਵਾਤਾਵਰਨ ਚੇਤਨਾ ਦਾ ਤੁਲਨਾਤਮਿਕ ਅਧਿਐਨ'। ਵੱਖ-ਵੱਖ ਭਾਗਾਂ ਵਿੱਚ ਵੰਡ ਕੇ ਵਿਸ਼ੇ ਦੇ ਵਿਭਿੰਨ ਅੰਗਾਂ ਬਾਰੇ ਨਿਆਂ-ਪੂਰਵਕ ਅਤੇ ਨਿੱਠ ਕਿ ਵਿਭਿੰਨ ਅੰਗਾਂ ਬਾਰੇ  ਵਿਚਾਰ ਕੀਤੀ ਜਾ ਸਕਦੀ ਹੈ। ਪਹਿਲੇ ਅਧਿਆਇ 'ਸਿਧਾਂਤਕ ਪਿਛੋਕੜ' ਵਿੱਚ ਸਿਧਾਂਤਕ ਪਰਿਪੇਖ ਨੂੰ ਰੇਖਾਂਕਿਤ ਕਰਦੇ ਹੋਏ ਵਾਤਾਵਰਨ ਅਤੇ ਸਾਹਿਤ ਦੇ ਅੰਤਰ-ਸੰਬੰਧਾਂ ਨੂੰ ਸਥਾਪਿਤ ਕੀਤਾ ਗਿਆ ਹੈ। ਇਸ ਅਧਿਆਇ ਅਧੀਨ ਵਿਸ਼ੇ ਨਾਲ ਸੰਬੰਧਿਤ ਪੂਰਵ ਖੋਜ ਕਾਰਜ, ਖੋਜ ਵਿਧੀਆਂ, ਖੋਜ ਉਦੇਸ਼, ਹਥਲੀ ਖੋਜ ਕਾਰਜ ਦੀ ਸਮਾਜਿਕ ਅਤੇ ਸਾਹਿਤਕ ਸਾਰਥਿਕਤਾ ਬਾਬਤ ਵੀ ਗੱਲ ਕੀਤੀ ਗਈ ਹੈ। ਦੂਜੇ ਅਧਿਆਇ 'ਪੰਜਾਬੀ ਕਾਵਿ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ' ਅਧੀਨ ਦੋਵੇਂ ਕਾਵਿ-ਸੰਗ੍ਰਿਹਾਂ ਵਿੱਚ ਵਿਦਮਾਨ ਵਾਤਾਵਰਨ ਚੇਤਨਾ ਦੀ ਸਮੀਖਿਆ ਹੋਈ ਹੈ। ਤੀਜੇ ਅਧਿਆਇ 'ਪੰਜਾਬੀ ਗਲਪ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ' ਵਿੱਚ ਦੋਵੇਂ ਨਾਵਲਾਂ ਅਤੇ ਕਹਾਣੀ ਸੰਗ੍ਰਿਹ ਅਧੀਨ ਵਾਤਾਵਰਨਿਕ ਸਰੋਕਾਰਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਚੌਥੇ ਅਧਿਆਇ 'ਪੰਜਾਬੀ ਨਿਬੰਧ

ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ' ਵਿੱਚ ਤਿੰਨੇ ਨਿਬੰਧ ਸੰਗ੍ਰਿਹਾਂ ਵਿੱਚ ਦਰਜ ਭਿੰਨ-ਭਿੰਨ ਪ੍ਰਕਾਰ ਦੇ ਵਾਤਾਵਰਨਿਕ ਪ੍ਰਦੂਸ਼ਣਾਂ ਦੇ ਪ੍ਰਸੰਗ ਵਿੱਚ ਵਿਸਥਾਰ ਪੂਰਵਕ ਸਮੀਖਿਆ ਹੋਈ ਹੈ। ਪੰਜਵੇਂ ਅਧਿਆਇ 'ਪੰਜਾਬੀ ਸਾਹਿਤ ਵਿੱਚ ਪੇਸ਼ ਵਾਤਾਵਰਨ ਚੇਤਨਾ ਦਾ ਤੁਲਨਾਤਮਿਕ ਅਧਿਐਨ' ਵਿੱਚ ਖੋਜ ਦੀਆਂ ਆਧਾਰ-ਪੁਸਤਕਾਂ ਵਿੱਚ ਪੇਸ਼ ਸਾਹਿਤ ਦਾ ਵਾਤਾਵਰਨ ਦੇ ਪ੍ਰਸੰਗ ਵਿੱਚ ਤੁਲਨਾ ਦੀ ਪ੍ਰਸਤੁਤੀ ਹੋਈ ਹੈ। ਸਮੁੱਚੀ ਪਾਠ-ਸਮੱਗਰੀ ਵਿੱਚ ਵਾਤਾਵਰਨਿਕ ਵਿਸ਼ੇ ਨਾਲ ਸੰਬੰਧਿਤ ਸੁਝਾਅ ਵੀ ਪ੍ਰਸਤੁਤ ਹੋਏ ਹਨ ਅਤੇ ਸਥਾਪਨਾਵਾ ਅਤੇ ਸਿੱਟੇ ਵਾਲੇ ਭਾਗ ਵਿੱਚ ਸਮਾਧਾਨਾਂ ਦੀ ਪੇਸ਼ਕਾਰੀ ਵੀ ਹੋਈ ਹੈ। ਅੰਤਿਕਾ ਵਾਲੇ ਭਾਗ ਵਿੱਚ ਸਾਹਿਤਕਾਰਾਂ ਨਾਲ ਕੀਤੀਆਂ ਮੁਲਾਕਾਤਾਂ ਨੂੰ ਦਰਜ ਕੀਤਾ ਗਿਆ ਹੈ।

# ਆਧਿਆਇ ਪਹਿਲਾ: ਸਿਧਾਂਤਕ ਪਿਛੋਕੜ

## 1.1 ਸਮੱਸਿਆ ਕਥਨ

ਵਾਤਾਵਰਨ ਚੇਤਨਾ ਇੱਕੀਵੀਂ ਸਦੀ ਦਾ ਅਤਿ ਗੰਭੀਰ ਮਸਲਾ ਹੈ। ਨਿਰੰਤਰ ਵਧ ਰਹੇ ਪ੍ਰਦੂਸ਼ਣ ਨਾਲ ਵਾਤਾਵਰਨ ਦੀ ਸਥਿਤੀ ਵਿੱਚ ਭਿਅੰਕਰ ਗਿਰਾਵਟ ਆ ਰਹੀ ਹੈ। ਰੁੱਤਾਂ ਦੇ ਚੱਕਰ ਵਿੱਚ ਵਿਗਾੜ ਪੈ ਗਿਆ ਹੈ। ਗਲੇਸ਼ੀਅਰਾਂ ਦੀ ਬਰਫ਼ ਪਿਘਲ ਰਹੀ ਹੈ। ਜੀਵ-ਵਿਭਿੰਨਤਾ ਨਸ਼ਟ ਹੋ ਰਹੀ ਹੈ। ਫ਼ਸਲੀ-ਚੱਕਰ ਗੜਬੜਾ ਗਿਆ ਹੈ। ਪਾਣੀ, ਵਾਯੂ, ਥਲ, ਅਕਾਸ਼ ਸਭ ਪਾਸੇ ਪ੍ਰਦੂਸ਼ਣ ਦੀ ਮਾਰ ਵੱਜ ਰਹੀ ਹੈ। ਪ੍ਰਦੂਸ਼ਿਤ ਵਾਤਾਵਰਨ ਨੇ ਕਈ ਬਿਮਾਰੀਆਂ ਨੂੰ ਈਜਾਦ ਕੀਤਾ ਹੈ।

ਵਾਤਾਵਰਨ ਦੇ ਵਿਗਾੜ ਦੇ ਫਲਸਰੂਪ ਜੀਵਨ ਦੀਆਂ ਮੂਲ ਸਹੂਲਤਾਂ ਵੀ ਦੂਸ਼ਿਤ ਹੁੰਦੀਆਂ ਜਾ ਰਹੀਆਂ ਹਨ। ਵਾਤਾਵਰਨ ਨੂੰ ਮੁੜ-ਸੁਰਜੀਤ ਕਰਨ ਲਈ ਜੰਗੀ ਪੱਧਰ ਦੇ ਨਾਲ-ਨਾਲ ਨਿੱਜੀ ਪੱਧਰ ‘ਤੇ ਵੀ ਨਿਰੰਤਰ ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਵੱਲੋਂ ਕੀਤੇ ਜਾ ਰਹੇ ਉਪਰਾਲੇ ਵਾਤਾਵਰਨ ਨੂੰ ਬਚਾ ਕਰ ਸਕਣ ਲਈ ਅਜੇ ਨਾਕਾਫ਼ੀ ਹਨ। ਜੇਕਰ ਹਰ ਇੱਕ ਵਿਅਕਤੀ ਆਪਣੇ-ਆਪਣੇ ਤੌਰ ‘ਤੇ ਵਾਤਾਵਰਨ ਨੂੰ ਖਰਾਬ ਹੋਣ ਤੋਂ ਬਚਾਉਣ ਦੀ ਜਾਚ ਸਿੱਖ ਲਵੇਗਾ ਤਾਂ ਹੌਲੀ ਹੌਲੀ ਹਾਂ-ਪੱਖੀ ਨਤੀਜੇ ਸਾਹਮਣੇ ਆਉਣਗੇ। ਪ੍ਰੰਤੂ ਕੇਵਲ ਜਾਚ ਸਿੱਖਣ ਨਾਲ ਕੁਝ ਨਹੀਂ ਬਣਦਾ ਜਦੋਂ ਤੱਕ ਕਿ ਉਹਨਾਂ ਨੂੰ ਰੋਜ਼ਮਰ੍ਹਾ ਦੇ ਜੀਵਨ ਵਿੱਚ ਅਪਣਾਇਆ ਨਾ ਜਾਵੇ। ਆਪਣੇ ਜਿਉਣ ਸਲੀਕਾ ਜੇਕਰ ਵਾਤਾਵਰਨ-ਹਿਤੈਸ਼ੀ ਕਰਨਾ ਚਾਹੁੰਦੇ ਹਾਂ ਤਾਂ ਇਸ ਪ੍ਰਤੀ ਲਚੀਲੀ ਮਾਨਸਿਕਤਾ ਦਾ ਵਿਕਾਸ ਹੋਣਾ ਜ਼ਰੂਰੀ ਹੈ। ਵਾਤਾਵਰਨ ਦੀ ਸੁਰੱਖਿਆ ਲਈ ਲੋੜੀਂਦੀ ਮਾਨਸਿਕਤਾ ਦਾ ਵਿਕਾਸ ਕਰਨ ਵਿੱਚ ਸਾਹਿਤ ਦਾ ਮਹੱਤਵਪੂਰਨ ਯੋਗਦਾਨ ਹੈ। ਸਾਹਿਤ ਸਾਡੇ ਵਿਅਕਤੀਤਵ ਦੇ ਵਿਸ਼ੇਸ ਗੁਣ ਉਘਾੜਦਾ ਹੈ। ਇਸ ਪ੍ਰਕਾਰ ਜਦੋਂ ਸਾਹਿਤ ਦੇ ਮਾਧਿਅਮ ਦੁਆਰਾ ਵਾਤਾਵਰਨ ਦੀ ਲੋੜ, ਵਾਤਾਵਰਨ ਪ੍ਰਦੂਸ਼ਣ, ਇਸਦੇ ਕੁਪ੍ਰਭਾਵ ਅਤੇ ਸੁਝਾਅ ਆਦਿ ਸਾਹਮਣੇ ਆਉਣਗੇ ਤਾਂ ਨਿਸ਼ਚਿਤ ਹੀ ਨਿੱਜੀ, ਸਮਾਜਿਕ ਤੇ ਵਿਅਕਤੀਗਤ ਤੌਰ ‘ਤੇ ਇਸ ਪ੍ਰਤੀ ਜਾਗਰੂਕਤਾ ਆਵੇਗੀ। ਹੁਣ ਤੱਕ ਵਾਤਾਵਰਨ ਦੀ ਸਮੱਸਿਆ ਨਾਲ ਸੰਬੰਧਿਤ ਖੋਜਾਂ ਹੋ ਰਹੀਆਂ ਹਨ। ਇੱਥੋਂ ਤੱਕ ਕਿ ਯੂਨੀਵਰਸਿਟੀਆਂ ਵਿੱਚ ਵਾਤਾਵਰਨ ਵਿਭਾਗ ਵੱਖਰੀ ਹੋਂਦ ਵਜੋਂ ਸਥਾਪਿਤ ਹਨ ਪਰ

ਪੰਜਾਬੀ ਸਾਹਿਤ ਦੇ ਭੰਡਾਰ ਵਿੱਚ ਵਾਤਾਵਰਨ ਦੀ ਚੇਤਨਾ ਪ੍ਰਸਾਰਿਤ ਕਰਨ ਦੇ ਕਾਰਜ ਵਿੱਚ ਬੜਾ ਕੁਝ ਹੋਣਾ ਅਜੇ ਬਾਕੀ ਹੈ।

ਮੌਜੂਦਾ ਸਥਿਤੀਆਂ ਵਿੱਚ ਜਦੋਂ ਸਮੁੱਚਾ ਵਿਸ਼ਵ ਬਦਲਦੇ ਵਾਤਾਵਰਨ ਤੋਂ ਚਿੰਤਤ ਹੈ ਤਾਂ ਸਾਹਿਤ ਦਾ ਵੀ ਕਰੱਤਵ ਹੈ ਕਿ ਉਹ ਆਪਣੇ ਪਾਠਕਾਂ ਨੂੰ ਇਸ ਪ੍ਰਤੀ ਸੁਚੇਤ ਕਰੇ ਕਿ ਆਲਮੀ ਤਪਸ਼, ਤੇਜ਼ਾਬੀ ਵਰਖਾ, ਬਿਜਲੀ-ਚੁੰਬਕੀ ਪ੍ਰਦੂਸ਼ਣ, ਨਿਊਕਲੀਅਰ ਪ੍ਰਦੂਸ਼ਣ, ਜਲ, ਥਲ ਤੇ ਵਾਯੂ ਪ੍ਰਦੂਸ਼ਣ ਆਦਿ ਸੰਕਟਾਂ ਤੇ ਕਿਵੇਂ ਕਾਬੂ ਪਾਇਆ ਜਾ ਸਕਦਾ ਹੈ। ਨਿਰੋਲ ਵਿਗਿਆਨਕੀ ਅਤੇ ਤਕਨੀਕੀ ਖੋਜਾਂ ਬੇਸ਼ਕ ਪ੍ਰਦੂਸ਼ਣ ਨੂੰ ਨਿਯੰਤ੍ਰਿਤ ਕਰ ਸਕਦੀਆਂ ਹਨ ਪਰ ਦੂਸਰੇ ਪਾਸੇ ਜੀਵਨ-ਜਾਚ ਨੂੰ ਦਰੁਸਤ ਕਰਕੇ ਵੀ ਪ੍ਰਦੂਸ਼ਣ ਨੂੰ ਘਟਾਇਆ ਜਾ ਸਕਦਾ ਹੈ। ਦੂਜੇ ਕਿਸਮ ਦੇ ਹੱਲ ਭਾਵ ਜੀਵਨ-ਜਾਚ ਵਿੱਚ ਪਰਿਵਰਤਨ ਲਿਆਉਣ ਵਿੱਚ ਸਾਹਿਤ ਦਾ ਅਹਿਮ ਯੋਗਦਾਨ ਹੈ।

### 1.2 ਪੂਰਵ ਖੋਜ ਕਾਰਜ (Review of Literature)

ਕਿਸੇ ਪ੍ਰਸਤਾਵਿਤ ਵਿਸ਼ੇ ਦੀ ਚੋਣ ਅਤੇ ਉਸ ਉੱਪਰ ਖੋਜ ਆਰੰਭ ਕਰਨ ਦੀ ਪਹਿਲੀ ਪੌੜੀ ਉਸ ਵਿਸ਼ੇ ਨਾਲ ਸੰਬੰਧਤ ਪਹਿਲਾਂ ਹੋ ਚੁੱਕੇ ਖੋਜ ਕਾਰਜ ਨੂੰ ਵਾਚਣਾ ਹੁੰਦੀ ਹੈ। ਇਸ ਪ੍ਰਕਾਰ ਪਹਿਲਾਂ ਹੋ ਚੁੱਕੇ ਖੋਜ ਕਾਰਜ ਕਿਸੇ ਵਿਸ਼ੇ ਨਾਲ ਸੰਬੰਧਿਤ ਹੋ ਚੁੱਕੀਆਂ ਖੋਜਾਂ ਅਤੇ ਨਵੇਂ ਚੁਣੇ ਗਏ ਪ੍ਰਸੰਗਿਕ ਵਿਸ਼ੇ ਵਿਚਕਾਰ ਵਿੱਥਾਂ ਪਛਾਣਨ ਦਾ ਕੰਮ ਕਰਦਾ ਹੈ ਤੇ ਖੋਜਾਰਥੀਆਂ ਨੂੰ ਨਵੇਂ ਵਿਸ਼ਿਆਂ ਦੀ ਸੰਭਾਵਨਾਵਾਂ ਅਤੇ ਸਮੱਰਥਾਵਾਂ ਬਾਰੇ ਜਾਣੂ ਕਰਵਾਉਂਦਾ ਹੈ। ਵਾਤਾਵਰਨ ਨਾਲ ਸੰਬੰਧਤ ਜੋ ਖੋਜ ਕਾਰਜ ਹੋਇਆ ਹੈ ਉਸਦਾ ਵੇਰਵਾ ਨਿਮਨ ਅਨੁਸਾਰ ਹੈ:

ਪੀ. ਐਚ. ਡੀ. ਖੋਜ ਪ੍ਰਬੰਧ:

- ਸੰਜੀਵ ਕੁਮਾਰ ਐਬਰੋਲ ਦਾ ਐਜੁਕੇਸ਼ਨ ਵਿਭਾਗ ਲਈ ਪ੍ਰਸਤੁਤ ਖੋਜ-ਪ੍ਰਬੰਧ: **"Natural Environment awareness campaign-NEAC- an evaluative study in selected districts of Punjab"** ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਸ਼ਿਮਲਾ, 2007. ਇਸ ਖੋਜ ਅਧੀਨ ਵਾਤਾਵਰਨਕ ਮਸਲਿਆਂ ਦੀ ਗੰਭੀਰਤਾ, ਪ੍ਰਭਾਵ ਅਤੇ ਨੈਸ਼ਨਲ ਐਨਵਾਈਰਮੈਂਟ ਅਵੇਅਰਨੈਸ ਕੈਂਪੇਨ

ਨਾਲ ਇਸਦੇ ਅੰਤਰ-ਸੰਬੰਧਾਂ ਨੂੰ ਭਾਲਣ-ਹਿੱਤ ਕੰਮ ਕੀਤਾ ਗਿਆ ਹੈ। ਪੰਜਾਬ ਦੇ ਕੁੱਲ ਸਤਾਰਾਂ ਜਿਲ੍ਹਿਆਂ ਨੂੰ ਇਸ ਖੋਜ ਵਿੱਚ ਸ਼ਾਮਿਲ ਕੀਤਾ ਗਿਆ ਹੈ।

- ਹਰੀਸ਼ ਅਰੋੜਾ ਦੀ ਵਿਗਿਆਨ ਵਿਭਾਗ ਵਿੱਚ ਕੀਤੀ ਖੋਜ: "**Environmental effects of industrial pollution on quality of groundwater and soil around Ludhiana Punjab: a geochemical and sediment logical approach**" ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, 2016. ਖੋਜ ਅੰਦਰ ਚੁਣੇ ਗਏ ਖੇਤਰ ਅੰਦਰ ਕਾਰਖਾਨਿਆਂ ਦੁਆਰਾ ਹੋ ਰਹੇ ਵਾਯੂ, ਜਲ ਅਤੇ ਥਲ ਪ੍ਰਦੂਸ਼ਨ, ਪੈ ਰਹੇ ਵਿਗਾੜ ਅਤੇ ਸੰਬੰਧਿਤ ਅੰਕੜਿਆਂ ਦਾ ਮੁਲਾਂਕਣ ਕੀਤਾ ਗਿਆ ਹੈ।
- ਰੁਪਾਲੀ ਦਾ ਜੀਵ-ਵਿਗਿਆਨ ਵਿਭਾਗ ਲਈ ਪ੍ਰਸਤੁਤ ਖੋਜ-ਪ੍ਰਬੰਧ: "**Ecological Status and conservation of Natural Wetlands of district Gurdaspur, Punjab**" ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, 2014. ਇਸ ਖੋਜ ਪ੍ਰਬੰਧ ਵਿੱਚ ਰੁਪਾਲੀ ਨੇ ਵਿਗੜ ਰਹੇ ਵਾਤਾਵਰਨ ਬਾਰੇ ਸੁਚੇਤ ਕਰਾਉਂਦੇ ਹੋਏ ਜਲਗਾਹਾਂ ਦੇ ਸੰਕਟ ਸੰਬੰਧੀ ਤੱਥ ਪੇਸ਼ ਕੀਤੇ ਹਨ। ਗੁਰਦਾਸਪੁਰ ਜਿਲ੍ਹੇ ਦੀਆਂ ਤਿੰਨ ਜਲਗਾਹਾਂ ਕੇਸ਼ੋਪੁਰ ਮਿਆਣੀ, ਸ਼ਾਲਾ ਪੱਟਨ ਅਤੇ ਕਾਹਨੂਵਾਲ ਦਾ ਅਧਿਐਨ ਸ਼ਾਮਿਲ ਕੀਤਾ ਗਿਆ ਹੈ।
- ਨਵਨੀਤ ਵਿਰਕ ਦਾ ਸਮਾਜ ਕਲਿਆਣ ਵਿਭਾਗ ਲਈ ਪ੍ਰਸਤੁਤ ਖੋਜ-ਪ੍ਰਬੰਧ: "**Role of voluntary organizations in conservations and management of natural resources: a comparative study of Punjab and Haryana**" ਪੰਜਾਬੀ ਯੂਨੀਵਰਸਿਟੀ ਪਟਿਆਲਾ 2013. ਇਸ ਖੋਜ ਕਾਰਜ ਵਿੱਚ ਵਾਤਾਵਰਨ ਨੂੰ ਸੰਭਾਲਣ ਲਈ ਕੁਦਰਤੀ ਸ੍ਰੋਤਾਂ ਦੀ ਸੁਰੱਖਿਆ ਲਈ ਸਵੈ-ਸੇਵੀ ਸੰਸਥਾਵਾਂ ਦਾ ਸਥਾਨ ਨਿਸ਼ਚਿਤ ਕੀਤਾ ਗਿਆ ਹੈ।
- ਹਰਨਿੰਦਰ ਕੌਰ ਦਾ ਸਮਾਜ ਸ਼ਾਸ਼ਤਰ ਵਿਭਾਗ ਲਈ ਪ੍ਰਸਤੁਤ ਖੋਜ ਕਾਰਜ: "**Socio cultural factors related to environmental degradation: a study of Patiala district of**

**Punjab**" ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012. ਇਸ ਖੋਜ ਪ੍ਰਬੰਧ ਵਿੱਚ ਵਾਤਾਵਰਨ ਦਾ ਪ੍ਰਾਣੀ ਜਗਤ ਦੇ ਵਿਕਾਸ, ਸਿਹਤ ਤੇ ਖੁਸ਼ਹਾਲ ਜੀਵਨ ਲਈ ਅੰਤਰ-ਸੰਬੰਧਾਂ ਦਾ ਨਿਰੀਖਣ ਕੀਤਾ ਗਿਆ ਹੈ। ਕਿਸੇ ਵਿਸ਼ੇਸ਼ ਸਮਾਜਿਕ ਇਕਾਈ ਵਿੱਚ ਵਾਤਾਵਰਨ ਦੀ ਸਥਿਤੀ, ਉਸਦੇ ਪਿਛੋਕੜ ਕਾਰਨਾਂ ਤੇ ਪ੍ਰਭਾਵ ਲਈ ਉਸ ਸਮਾਜਿਕ ਇਕਾਈ ਦੇ ਸੱਭਿਆਚਾਰਕ ਅਤੇ ਸਮਾਜਿਕ ਵਰਤਾਰੇ ਵੀ ਜ਼ਿੰਮੇਵਾਰ ਹੁੰਦੇ ਹਨ, ਇਸੇ ਸੰਬੰਧ ਦਾ ਮੁਲਾਂਕਣ ਉਪਰੋਕਤ ਖੋਜ ਵਿੱਚ ਕੀਤਾ ਗਿਆ ਹੈ।

- ਅੰਗਰੇਜ਼ ਸਿੰਘ ਵਿਰਕ ਦਾ ਪੰਜਾਬੀ ਵਿਭਾਗ ਵਿੱਚ ਪ੍ਰਸਤੁਤ ਖੋਜ ਪ੍ਰਬੰਧ: "**ਪੰਜਾਬੀ ਸਾਹਿਤ ਅਤੇ ਸੱਭਿਆਚਾਰ ਵਿੱਚ ਵਾਤਾਵਰਨ ਚੇਤਨਾ ਦਾ ਅਧਿਐਨ**" ਪੰਜਾਬੀ ਯੂਨੀਵਰਸਿਟੀ, ਪਟਿਆਲਾ, 2012. ਇਸ ਖੋਜ ਕਾਰਜ ਵਿੱਚ ਵਿਰਕ ਨੇ ਪੰਜਾਬ ਦੇ ਸੱਭਿਆਚਾਰ ਤੇ ਸਾਹਿਤ ਵਿੱਚ ਵਾਤਾਵਰਨਿਕ ਚੇਤੰਨਤਾ ਨੂੰ ਦ੍ਰਿਸ਼ਟਾਇਆ ਹੈ। ਆਧੁਨਿਕ ਪੰਜਾਬ ਸਾਹਿਤ ਅਤੇ ਵਾਤਾਵਰਨ ਚੇਤਨਾ (ਅਧਿਆਇ ਚੌਥੇ) ਵਿੱਚ ਵਿਰਕ ਨੇ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ, ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪਿਆਰਾ ਸਿੰਘ ਸਹਿਰਾਈ, ਸ਼ਿਵ ਕੁਮਾਰ ਬਟਾਲਵੀ, ਹਰਿਭਜਨ ਸਿੰਘ, ਸੁਰਜੀਤ ਪਾਤਰ, ਜਗਤਾਰ, ਜਸਵੰਤ ਜ਼ਫ਼ਰ, ਪਿਆਰਾ ਸਿੰਘ ਕਮਲ ਵਰਗੇ ਕਵੀਆਂ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਖੋਜ ਕੀਤੀ ਹੈ। ਉਪਰੋਕਤ ਕਵੀਆਂ ਦੀਆਂ ਬਹੁਤੀਆਂ ਰਚਨਾਵਾਂ ਪ੍ਰਕ੍ਰਿਤੀ ਪ੍ਰੇਮ, ਸੁਆਦਲੇ ਵਾਤਾਵਰਨ ਅਤੇ ਮਨੁੱਖ ਤੇ ਕੁਦਰਤ ਦੇ ਅੰਤਰ-ਸੰਬੰਧਾਂ ਬਾਬਤ ਸੋਹਿਲੇ ਗਾਉਂਦੀਆਂ ਹਨ। ਪਰ ਅੱਜ ਪ੍ਰਕ੍ਰਿਤੀ ਦੇ ਨੈਣ-ਨਕਸ਼ ਓਨੇ ਉੱਜਲੇ ਨਹੀਂ ਰਹੇ, ਜਿੰਨੇ ਕਦੇ ਹੋਇਆ ਕਰਦੇ ਸਨ। ਅੱਜ ਲਗਾਤਾਰ ਕਰੂਪ ਕੀਤੀ ਜਾ ਰਹੀ ਸਥਿਤੀ ਦੀ ਗੱਲ ਕਰਨ ਦੀ ਭਰਪੂਰ ਲੋੜ ਮਹਿਸੂਸ ਕੀਤੀ ਜਾ ਰਹੀ ਹੈ।
- ਚੇਤਨ ਸ਼ਰਮਾ ਦਾ ਜੀਵ-ਵਿਗਿਆਨ ਅਧਿਐਨ ਸਕੂਲ ਲਈ ਪੇਸ਼ ਕੀਤਾ ਖੋਜ-ਪ੍ਰਬੰਧ: "**Ecological Surveillance and Pollution Status of river Satluj from Ropar to Harike, Punjab**" ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, 2012. ਇਸ ਖੋਜ ਅਧੀਨ ਰੋਪੜ ਤੋਂ ਲੈ ਕੇ ਹਰੀਕੇ

ਪੱਤਣ ਤੱਕ ਸਤਲੁਜ ਦਰਿਆ ਦਾ ਜੀਵ-ਵਿਗਿਆਨਕ ਅਧਿਐਨ ਪ੍ਰਦੂਸ਼ਣ ਦੇ ਪ੍ਰਸੰਗ ਵਿੱਚ ਕੀਤਾ ਗਿਆ ਹੈ।

- ਗੀਤ ਲਾਂਬਾ ਦਾ ਸਮਾਜ ਸ਼ਾਸ਼ਤਰ ਵਿਭਾਗ ਵਿੱਚ ਪੇਸ਼ ਕੀਤਾ ਖੋਜ ਪ੍ਰਬੰਧ: "**Developments in water technology and changing social relations in rural Punjab**" ਪੰਜਾਬੀ ਯੂਨੀਵਰਸਿਟੀ, ਪਟਿਆਲਾ 2011. ਉਪਰੋਕਤ ਖੋਜ ਵਿੱਚ ਇਹ ਦੱਸਿਆ ਗਿਆ ਹੈ ਕਿ ਪੰਜ ਦਰਿਆਵਾਂ ਦੀ ਧਰਤੀ ਅੱਜ ਆਪ ਪਾਣੀ ਨੂੰ ਤਰਸੀ ਪਈ ਹੈ। ਤਕਨੀਕੀ ਵਿਕਾਸ ਨੇ ਸਗੋਂ ਦਿਲੋਂ-ਦਿਮਾਗਾਂ ਵਿੱਚ ਵਿੱਥ ਵਧਾ ਦਿੱਤੀ ਹੈ। ਪਾਣੀ ਦੀ ਪੂਰਤੀ ਵੀ ਨਹੀਂ ਹੋ ਰਹੀ। ਪੇਂਡੂ ਪੰਜਾਬ ਦਾ ਕਿਸਾਨ ਸਮੇਂ ਦੇ ਇਸੇ ਸੰਕਟ ਦਾ ਸ਼ਿਕਾਰ ਹੋ ਰਿਹਾ ਹੈ।
- ਰਾਜਿੰਦਰ ਸਿੰਘ ਕੰਬੋਜ ਦਾ ਪੰਜਾਬੀ ਵਿਭਾਗ ਲਈ ਪ੍ਰਸਤੁਤ ਖੋਜ ਪ੍ਰਬੰਧ: **"ਹਰੇ ਇਨਕਲਾਬ ਦੀ ਖੜ੍ਹੋਤ ਅਤੇ ਪੰਜਾਬੀ ਕਹਾਣੀ" (ਵਰਿਆਮ ਸਿੰਘ ਸੰਧੂ, ਸੁਖਵੰਤ ਕੌਰ ਮਾਨ, ਗੁਰਮੇਲ ਮਡਾਹੜ, ਗੁਰਪਾਲ ਸਿੰਘ ਅਤੇ ਮੁਖ਼ਤਿਆਰ ਸਿੰਘ ਦੇ ਪ੍ਰਸੰਗ ਵਿੱਚ)** ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ 2005. ਉਪਰੋਕਤ ਖੋਜ ਪ੍ਰਬੰਧ ਅਧੀਨ ਪੰਜਾਬ ਵਿੱਚ ਹਰੇ ਇਨਕਲਾਬ ਦੀ ਬੇਹਿਸਾਬੀ ਵਰਤੋਂ ਦਾ ਅਧਿਐਨ ਪੇਸ਼ ਕੀਤਾ ਗਿਆ ਹੈ। ਇਸ ਸੰਦਰਭ ਵਿੱਚ ਚੋਣਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਦੀ ਪੜਚੋਲ ਹਰੀ ਕ੍ਰਾਂਤੀ ਦੀ ਖੜ੍ਹੋਤ ਵਾਲੀ ਸਥਿਤੀ ਵਿੱਚ ਕੀਤੀ ਗਈ ਮਿਲਦੀ ਹੈ।

**ਪੱਤ੍ਰਿਕਾਵਾਂ**

- ਮੱਲ੍ਹੀ, ਅਮਰੀਕ ਸਿੰਘ ਅਤੇ ਲਖਵੀਰ ਸਿੰਘ ਲੱਖੀ, "**ਦੂਜੇ ਸੂਬਿਆਂ ਲਈ ਮਿਸਾਲ ਬਣਿਆ: ਸੀਂਚੇਵਾਲ ਮਾਡਲ**", ਪੰਜਾਬੀ ਜਾਗਰਣ, 21 ਫਰਵਰੀ 2017, ਇਸ ਪਰਚੇ ਵਿੱਚ ਉਪਰੋਕਤ ਲੇਖਕਾਂ ਨੇ ਸੰਤ ਬਲਬੀਰ ਸਿੰਘ ਸੀਂਚੇਵਾਲ ਵੱਲੋਂ ਵਾਤਾਵਰਨ ਸੰਬੰਧੀ ਕੀਤੇ ਗਏ ਵਿਸ਼ੇਸ਼ ਉਪਰਾਲਿਆਂ ਸੰਬੰਧੀ ਵਿਸਤਾਰ ਸਹਿਤ ਜਾਣਕਾਰੀ ਦਿੱਤੀ ਹੈ।

- ਬਿਕਰਮਜੀਤ ਸਿੰਘ ਦੇ ਲੇਖ "**ਫਲਦਾਰ ਬੂਟਿਆਂ ਦੀ ਘਰੇਲੂ ਬਗ਼ੀਚੀ ਵਿੱਚ ਕਾਸ਼ਤ ਕਿਵੇਂ ਕਰੀਏ**", ਅਜੀਤ 24 ਜਨਵਰੀ 2017, ਵਿੱਚ ਲੇਖਕ ਨੇ ਫਲਦਾਰ ਬੂਟਿਆਂ ਦੀ ਬਾਗਬਾਨੀ ਸੰਬੰਧੀ ਵਿਹਾਰਕ ਨੁਕਤੇ ਸਾਂਝੇ ਕੀਤੇ ਹਨ।
- ਰਣਜੀਤ ਸਿੰਘ ਦੇ ਲੇਖ "**ਵਣ ਖੇਤੀ ਅਪਣਾਓ-ਵਾਤਾਵਰਨ ਬਚਾਓ**", ਅਜੀਤ, 24 ਜਨਵਰੀ 2017, ਵਿੱਚ ਰੁੱਖਾਂ ਦੀ ਮਹੱਤਤਾ ਦੱਸਦੇ ਹੋਏ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੁਨੇਹਾ ਦਿੱਤਾ ਗਿਆ ਹੈ।
- ਡਢਵਾਲ, ਸੰਜੀਵਨ ਸਿੰਘ ਦੇ ਲੇਖ "**ਖ਼ਤਰੇ ਵਿੱਚ ਹਨ ਪ੍ਰਵਾਸੀ ਪੰਛੀ**". ਅਜੀਤ ਮੈਗਜ਼ੀਨ, 22 ਜਨਵਰੀ 2017, ਵਿੱਚ ਪ੍ਰਵਾਸੀ ਪੰਛੀਆਂ, ਉਹਨਾਂ ਦੀ ਈਕੋਲੋਜੀ ਵਿਵਸਥਾ ਤੇ ਉਹਨਾਂ ਦੀ ਵਰਤਮਾਨ ਦਸ਼ਾ ਬਾਰੇ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਹੈ।
- ਮਾਇਰ, ਹਰੀ ਕ੍ਰਿਸ਼ਨ ਦੇ ਲੇਖ "**ਪਤਲੀ ਪੈ ਰਹੀ ਹੈ ਓਜ਼ੋਨ ਦੀ ਪਰਤ**", ਅਜੀਤ ਮੈਗਜ਼ੀਨ, 22 ਜਨਵਰੀ 2017, ਵਿੱਚ ਵਾਤਾਵਰਨ ਦੀ ਗੰਬੀਰ ਚੁਣੌਤੀ ਓਜ਼ੋਨ ਪਰਤ ਨਾਲ ਸੰਬੰਧਿਤ ਤੱਥ ਅਤੇ ਉਪਰਾਲੇ ਪੇਸ਼ ਕੀਤੇ ਹਨ।
- ਲੱਖੇਵਾਲੀ, ਬਲਵਿੰਦਰ ਸਿੰਘ ਦੇ ਲੇਖ "**ਫੁੱਲਾਂ ਦੀ ਫੁੱਲਕਾਰੀ**", ਅਜੀਤ ਮੈਗਜ਼ੀਨ, 1 ਜਨਵਰੀ 2017 ਅਧੀਨ ਲੇਖਕ ਨੇ ਕੰਕਰੀਟ ਜੰਗਲਾਂ ਦੇ ਯੁੱਗ ਵਿੱਚ ਹਰਾ-ਭਰਾ ਚੁਗਿਰਦਾ ਵਿਗਸਾਉਣ ਦੀਆਂ ਜੁਗਤਾਂ ਬਾਰੇ ਚਰਚਾ ਕੀਤੀ ਹੈ।
- ਜੌਹਲ, ਜਨਮੇਜਾ ਸਿੰਘ ਦੇ ਲੇਖ "**ਸੁਆਣੀ ਦੀ ਬਗ਼ੀਚੀ**", ਅਜੀਤ, 27 ਦਸੰਬਰ 2016, ਵਿੱਚ ਸੁਖਾਲੇ ਢੰਗ ਨਾਲ ਤਾਜ਼ੀਆਂ ਪੱਤੇਦਾਰ ਸਬਜ਼ੀਆਂ ਨੂੰ ਲਗਾਉਣ ਦਾ ਸੁਝਾਅ ਦਿੱਤਾ ਗਿਆ ਹੈ।
- ਦੋਸਾਂਝ, ਸੁਰਿੰਦਰਪਾਲ ਸਿੰਘ ਦੇ ਲੇਖ "**ਸਰਫ਼ੇ ਨਾਲ ਸਿਰਜਿਆ ਹੁਸਨ**", ਅਜੀਤ ਮੈਗਜ਼ੀਨ, 25 ਦਸੰਬਰ 2016 ਅੰਦਰ ਸਰਫ਼ੇ-ਹੱਥੀ ਜਗ੍ਹਾ ਤੇ ਘੱਟ ਸਮੇਂ ਵਿੱਚ ਹਰੀ-ਭਰੀ ਬਗ਼ੀਚੀ ਬਣਾਉਣ ਲਈ ਬੜੇ ਕਾਰਗਾਰ ਨੁਕਤੇ ਦੱਸੇ ਹਨ।

- ਰਮਨਪ੍ਰੀਤ ਕੌਰ ਦੀ ਕਵਿਤਾ "**ਐਸਾ ਰੁੱਖ ਬਣੋ ਬੱਚਿਓ**", ਅਜੀਤ ਮੈਗਜ਼ੀਨ, 16 ਦਸੰਬਰ 2016, ਵਿੱਚ ਰੁੱਖਾਂ ਦੀ ਵਡਿਆਈ ਕਰਦੇ ਹੋਏ ਬੱਚਿਆਂ ਨੂੰ ਸੁਖਾਵਾਂ ਸੁਨੇਹਾ ਦਿੱਤਾ ਹੈ।
- ਸੁਲਭ, ਰਿਸ਼ੀਕੇਸ਼ ਦੀ ਲਿਖੀ ਅਤੇ ਮੁਖਤਾਰ ਗਿੱਲ ਦੁਆਰਾ ਅਨੁਵਾਦਿਤ ਕਹਾਣੀ "**ਨਦੀ**" ਜਗਬਾਣੀ, 8 ਦਸੰਬਰ 2016 ਵਿੱਚ ਨਦੀ ਅਤੇ ਮਨੁੱਖ ਦੀ ਚਿਰੋਕੀ ਸਾਂਝ ਦਾ ਅਤੇ ਨਦੀ ਦੇ ਸੰਤਾਪ ਦਾ ਭਾਵਪੂਰਨ ਵਰਨਣ ਕੀਤਾ ਗਿਆ ਹੈ।
- ਕੁਲਬੀਰ ਰਾਹੀ ਦੇ ਲੇਖ "**ਸੁਰੰਗਾਂ ਵਿੱਚ ਸਬਜ਼ੀਆਂ ਦੀ ਕਾਸ਼ਤ**", ਅਜੀਤ, 29 ਨਵੰਬਰ 2016, ਵਿੱਚ ਮੌਸਮ ਨੂੰ ਸੁਰੰਗਾਂ ਰਾਹੀਂ ਆਰਜ਼ੀ ਤੌਰ 'ਤੇ ਨਿਯੰਤਰਿਤ ਕਰਕੇ ਖੇਤੀ ਕਰਨ ਦਾ ਲਾਭ ਦੱਸਿਆ ਗਿਆ ਹੈ।
- ਮੁਹੰਮਦ ਅਕਬਰ ਦੀ ਕਹਾਣੀ "**ਅੱਜਕਲ੍ਹ ਬਿਮਾਰ ਹੈ ਮੇਰਾ ਸੋਹਣਾ ਪੰਜਾਬ**", ਅਜੀਤ ਮੈਗਜ਼ੀਨ, 16 ਨਵੰਬਰ 2016, ਵਿੱਚ ਖੇਤਾਂ ਤੇ ਫੈਕਟਰੀਆਂ ਦੇ ਧੂੰਏ ਰੂਪੀ ਰਾਕਸ਼ ਦੁਆਰਾ ਬਿਮਾਰ ਪਏ ਪੰਜਾਬ ਰੂਪੀ ਮਨੁੱਖ ਦਾ ਸਾਹ ਘੁੱਟਣ ਦਾ ਪ੍ਰਤੀਕਾਤਮਕ ਵਰਨਣ ਕੀਤਾ ਗਿਆ ਹੈ।
- ਅਮਨਜੀਤ ਕੌਰ ਦੀ ਕਹਾਣੀ "**ਕਿੱਕਰਾਂ ਦੇ ਫੁੱਲ**", ਅਜੀਤ ਮੈਗਜ਼ੀਨ, 13 ਨਵੰਬਰ 2016 ਵਿੱਚ ਰੁੱਖਾਂ, ਫੁੱਲਾਂ, ਪਿੜਾਂ ਤੇ ਛੱਪੜਾਂ ਨਾਲ ਜੁੜੇ ਹੋਏ ਰੂਹ ਦੇ ਰਿਸ਼ਤੇ ਨੂੰ ਖ਼ੂਬਸੂਰਤੀ ਨਾਲ ਬਿਆਨ ਕੀਤਾ ਗਿਆ ਹੈ।
- ਪੰਛੀ, ਭੁਪਿੰਦਰ ਸਿੰਘ ਦੀ ਕਹਾਣੀ "**ਦੀਵਾਲੀ**", ਅਜੀਤ ਮੈਗਜ਼ੀਨ, 30 ਅਕਤੂਬਰ 2016, ਵਿੱਚ ਕਬੂਤਰਾਂ ਦਾ ਮਾਨਵੀਕਰਨ ਕਰਕੇ ਦੀਵਾਲੀ ਦੇ ਮੌਕੇ 'ਤੇ ਮਨੁੱਖਾਂ ਦੁਆਰਾ ਫੈਲਾਏ ਜਾਂਦੇ ਪ੍ਰਦੂਸ਼ਣ ਦਾ ਪੰਛੀਆਂ ਤੇ ਪਏ ਮਾੜੇ ਪ੍ਰਭਾਵ ਬਾਰੇ ਸੰਤਾਪ ਕੀਤਾ ਗਿਆ ਹੈ।
- ਲੱਡਾ, ਜਗਜੀਤ ਸਿੰਘ ਦੀ ਕਵਿਤਾ "**ਪੰਛੀ**", ਅਜੀਤ ਮੈਗਜ਼ੀਨ, 9 ਅਕਤੂਬਰ 2016, ਵਿੱਚ ਪੰਛੀਆਂ ਦੀ ਨਿਮਰਤਾ ਅਤੇ ਪਰਉਪਕਾਰੀ ਗੁਣਾਂ ਦੀ ਸ਼ਲਾਘਾ ਕੀਤੀ ਗਈ ਹੈ ਤੇ ਸੰਕੇਤ ਦਿੱਤਾ ਗਿਆ ਹੈ ਕਿ ਮਨੁੱਖਾਂ ਨੂੰ ਪੰਛੀਆਂ ਕੋਲੋਂ ਇਸ ਸੰਬੰਧੀ ਪ੍ਰੇਰਨਾ ਲੈਣੀ ਚਾਹੀਦੀ ਹੈ।

- ਮੌੜ, ਪੰਕਜ ਦੀ ਕਵਿਤਾ "**ਮਨੁੱਖ ਤੇ ਰੁੱਖ**", ਅਜੀਤ ਮੈਗਜ਼ੀਨ, 9 ਅਕਤੂਬਰ 2016, ਵਿੱਚ ਰੁੱਖਾਂ ਦੇ ਅਨੇਕ ਲਾਭ ਦੱਸਦੇ ਹੋਏ ਮਨੁੱਖਾਂ ਤੇ ਰੁੱਖਾਂ ਦੇ ਅੰਤਰ ਸੰਬੰਧ ਸਥਾਪਿਤ ਕੀਤੇ ਹਨ ਤੇ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੰਦੇਸ਼ ਦਿੱਤਾ ਹੈ।
- ਬਾਗੀ, ਗੁਰਬਿੰਦਰ ਸਿੰਘ ਦੀ ਕਹਾਣੀ, "**ਰੁੱਖ**", ਅਜੀਤ ਮੈਗਜ਼ੀਨ, 2 ਅਕਤੂਬਰ 2016 ਵਿੱਚ ਵਿਦਿਆਰਥੀ ਵਰਗ ਦੀ ਵਾਤਾਵਰਨਿਕ ਜਾਗਰੂਕਤਾ ਵਿਖਾ ਕੇ ਸੁਖਾਵੇਂ ਭਵਿੱਖ ਦੀ ਅਲਖ ਜਗਾਈ ਗਈ ਹੈ।
- ਢਿੱਲੋਂ, ਬਲਜੀਤ ਸਿੰਘ ਦੀ ਕਹਾਣੀ "**ਬਾਪੂ ਤੇ ਬੁੱਢਾ ਬਲਦ**" ਅਜੀਤ ਮੈਗਜ਼ੀਨ, 2 ਅਕਤੂਬਰ 2016, ਵਿੱਚ ਕਹਾਣੀਕਾਰ ਨੇ ਬਜ਼ੁਰਗ ਕਿਸਾਨ ਅਤੇ ਬੁੱਢੇ ਬਲਦ ਦੀ ਸਮਾਜਿਕ ਅਤੇ ਮਾਨਸਿਕ ਸਾਂਝ ਦਾ ਸੰਵੇਦਨਸ਼ੀਲ ਚਿੱਤਰ ਪੇਸ਼ ਕੀਤਾ ਹੈ।
- ਲੱਖੇਵਾਲੀ, ਬਲਵਿੰਦਰ ਸਿੰਘ ਦੇ ਪ੍ਰੇਰਨਾਤਮਕ ਲੇਖ "**ਆਓ! ਪਿੰਡ-ਪਿੰਡ ਰੁੱਖ ਲਾਈਏ**", ਅਜੀਤ ਮੈਗਜ਼ੀਨ, 25 ਸਤੰਬਰ 2016, ਅਧੀਨ ਯੋਗ ਸਥਾਨਾਂ ਤੇ ਰੁੱਖ ਲਾਉਣ ਲਈ ਵਿਹਾਰਕ ਜਾਣਕਾਰੀ ਦਿੱਤੀ ਗਈ ਹੈ।
- ਸਿੱਧੂ, ਦਲਜੀਤ ਕੌਰ ਦੇ ਲੇਖ "**ਬੈਂਡ ਬਾਜਾ ਤੇ ਸ਼ੋਰ ਸ਼ਰਾਬਾ**", ਅਜੀਤ ਮੈਗਜ਼ੀਨ, 25 ਸਤੰਬਰ 2016, ਵਿੱਚ ਸ਼ੋਰ ਪ੍ਰਦੂਸ਼ਨ ਦੇ ਮਾਰੂ ਪ੍ਰਭਾਵਾਂ ਬਾਰੇ ਨਿੱਠ ਕੇ ਚਰਚਾ ਕੀਤੀ ਹੈ।
- ਪੰਧੇਰ, ਨਵਿੰਦਰ ਸਿੰਘ ਦੇ ਲੇਖ "**ਪਾਣੀ ਬਚਾਓ ਪੰਜਾਬ ਬਚਾਓ**", ਪੰਜਾਬੀ ਟ੍ਰਿਬਿਊਨ, 19 ਜੂਨ 2016 ਅੰਦਰ ਬੜੀ ਬੇਬਾਕੀ ਨਾਲ ਧਰਤੀ ਚੋਂ ਮੁੱਕਦੇ ਜਾ ਰਹੇ ਜਲ ਸਰੋਤਾਂ ਵੱਲ ਧਿਆਨ ਦਵਾਇਆ ਗਿਆ ਹੈ। ਇਸ ਪ੍ਰਤੀ ਕਾਰਨਾਂ, ਪ੍ਰਭਾਵਾਂ ਅਤੇ ਸੰਭਾਵਨਾਵਾਂ ਵੱਲ ਵਿਸ਼ੇਸ਼ ਚਾਨਣਾ ਪਾਇਆ ਗਿਆ ਹੈ।

ਖੋਜ ਕਾਰਜ ਦਾ ਸਰਵੇਖਣ ਕਰਨ ਹਿੱਤ ਵੱਖ-ਵੱਖ ਯੂਨੀਵਰਸਿਟੀਆਂ ਅਤੇ ਸੰਸਥਾਵਾਂ ਵਿੱਚ ਜਾ ਕੇ ਪੜਚੋਲ ਕੀਤੀ ਗਈ। ਵਾਤਾਵਰਨ ਸੰਬੰਧੀ ਖੋਜ ਹੋਈ ਹੈ ਪਰ ਪੰਜਾਬੀ ਭਾਸ਼ਾ ਨੂੰ ਆਧਾਰ ਬਣਾ ਕੇ ਇਸ ਵਿਸ਼ੇ 'ਤੇ ਖੋਜ ਨਹੀਂ ਹੋਈ। ਪੰਜਾਬੀ ਤੋਂ ਬਿਨਾਂ ਹੋਰ ਅਨੁਸਾਸ਼ਨਾਂ ਜਿਵੇਂ ਜੀਵ-ਵਿਗਿਆਨ, ਸਮਾਜ-ਸ਼ਾਸਤਰ, ਭੂਗੋਲ,

ਸਮਾਜ ਕਲਿਆਣ ਆਦਿ ਵਿਭਾਗਾਂ ਵੱਲੋਂ ਜਿੰਨ੍ਹਾਂ ਵੀ ਖੋਜ ਕਾਰਜ ਹਥਲੇ ਵਿਸ਼ੇ ਦੇ ਸੰਬੰਧ ਵਿੱਚ ਹੋਇਆ ਹੈ, ਉਹ ਇਸ ਵਿਸ਼ੇ ਲਈ ਪਿੱਠ ਭੂਮੀ ਦਾ ਕੰਮ ਕਰ ਰਿਹਾ ਹੈ। ਇਹਨਾਂ ਖੋਜਾਂ ਵਿੱਚ ਪੰਜਾਬ ਦੇ ਵਿਭਿੰਨ ਖੇਤਰਾਂ, ਵਰਗਾਂ ਅਤੇ ਸ੍ਰੋਤਾਂ ਵਿੱਚ ਸਮੇਂ ਦਰ ਸਮੇਂ ਪੈ ਰਹੇ ਵਾਤਾਵਰਨਿਕ ਵਿਗਾੜਾਂ, ਉਹਨਾਂ ਪ੍ਰਤੀ ਜ਼ਿੰਮੇਵਾਰ ਕਾਰਨਾਂ, ਕਾਨੂੰਨਾਂ ਤੇ ਹੋਰ ਸਰੋਕਾਰਾਂ ਬਾਰੇ ਚਰਚਾ ਕੀਤੀ ਗਈ ਹੈ। ਪੰਜਾਬੀ ਸਾਹਿਤ ਨੂੰ ਨੀਂਹ ਬਣਾ ਕੇ ਵਾਤਾਵਰਨੀ ਮੁੱਦਿਆਂ ਬਾਰੇ ਸਮੀਖਿਅਕ ਦ੍ਰਿਸ਼ਟੀ ਤੋਂ ਕੁਝ ਇੱਕਾ-ਦੁੱਕਾ ਖੋਜਾਂ ਹੀ ਨੇਪਰੇ ਚੜ੍ਹੀਆਂ ਹਨ ਤੇ ਜਿੰਨੀ ਕੁ ਖੋਜ ਹੋਈ ਵੀ ਹੈ, ਉਹ ਪਿਛਲੇ ਦਹਾਕਿਆਂ ਦੇ ਸਰੋਕਾਰਾਂ ਅਤੇ ਰਚਨਾਵਾਂ ਨਾਲ ਸੰਬੰਧਤ ਹੈ। ਵਾਤਾਵਰਨਿਕ ਸੰਕਟ ਸਮੇਂ ਦਾ ਵਹਾਅ ਨਾਲ ਨਿਰੰਤਰ ਵੱਧਦੇ ਜਾ ਰਹੇ ਹਨ, ਸੋ ਇਸ ਪ੍ਰਤੀ ਚੇਤਨਾ ਦਾ ਪਸਾਰ ਕਰਨ ਲਈ ਅਤੇ ਸਮਾਧਾਨ ਲਈ ਖੋਜ ਕਾਰਜ ਹੋਣਾ ਸਮੇਂ ਦੀ ਮੰਗ ਵੀ ਹੈ ਅਤੇ ਮਨੁੱਖੀ ਹੋਂਦ ਲਈ ਲਾਜ਼ਮੀ ਵੀ ਹੈ। ਉਪਰੋਕਤ ਸਰਵੇਖਣ ਤੋਂ ਇਹ ਗੱਲ ਸਪਸ਼ਟ ਹੈ ਕਿ ਪੰਜਾਬੀ ਭਾਸ਼ਾ ਵਿੱਚ ਵਾਤਾਵਰਨਿਕ ਚੇਤਨਾ ਜਾਂ ਇਸਦੇ ਈਕੋ-ਸਮੀਖਿਅਕ ਅਧਿਐਨ ਬਾਰੇ ਭਾਵੇਂ ਕੁਝ ਲਿਖਤ ਸਾਹਿਤ ਉਪਲੱਬਧ ਹੈ ਪਰ ਖੋਜ ਕਾਰਜ ਨਾ ਦੇ ਬਰਾਬਰ ਹੀ ਹੋਇਆ ਹੈ। ਇਸ ਪ੍ਰਕਾਰ ਪੰਜਾਬੀ ਭਾਸ਼ਾ ਦੇ ਖੋਜ ਖੇਤਰ ਵਿੱਚ ਇਸ ਨਵੇਂ ਵਿਸ਼ੇ ਨੂੰ ਛੋਹਣ ਦੀ ਭਰਪੂਰ ਲੋੜ ਹੈ। ਸਾਹਿਤ ਸਮਾਜ ਲਈ ਅਤੇ ਸਮਾਜ ਸਾਹਿਤ ਲਈ ਹੈ। ਸਮਾਜਿਕ ਤਬਦੀਲੀ ਦਾ ਅਸਰ ਸਾਹਿਤ ‘ਤੇ ਆਉਣਾ ਲਾਜ਼ਮੀ ਹੈ। ਇਸ ਲਈ ਚੁਣੇ ਗਏ ਵਿਸ਼ੇ 'ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਸਮੀਖਿਆਤਮਕ ਅਧਿਐਨ' ਰਾਹੀਂ ਪੰਜਾਬੀ ਸਾਹਿਤ ਨੂੰ ਆਧਾਰ ਬਣਾ ਕੇ ਖੋਜ ਕਾਰਜ ਕਰਨਾ ਵਾਤਾਵਰਨ ਸੰਬੰਧੀ ਵਿਸ਼ੇਸ਼ ਉਪਰਾਲਾ ਹੋਵੇਗਾ।

### 1.3 ਖੋਜ ਦੇ ਉਦੇਸ਼

ਹਰੇਕ ਖੋਜ ਕਿਸੇ ਨਾ ਕਿਸੇ ਟੀਚੇ ਭਾਵ ਮੰਤਵ ਨੂੰ ਮੁੱਖ ਰੱਖ ਕੇ ਆਰੰਭੀ ਜਾਂਦੀ ਹੈ। ਸਾਹਿਤ ਮਨੁੱਖਤਾ ਦੀ ਭਲਾਈ ਦਾ ਕਾਰਜ ਕਰਦਾ ਹੈ, ਉਚੇਰੇ ਗੁਣਾਂ ਦਾ ਧਾਰਨੀ ਬਣਾਉਂਦਾ ਹੈ ਤੇ ਸਮੇਂ-ਸਮੇਂ 'ਤੇ ਮਾਰਗ ਦਰਸ਼ਨ ਕਰਦਾ ਹੈ। ਠੀਕ ਇਵੇਂ ਹੀ ਸਾਹਿਤਕ ਖੋਜ ਦਾ ਉਦੇਸ਼ ਪ੍ਰਾਪਤ ਸਾਹਿਤ ਦੀ ਸਮੀਖਿਆ ਕਰਕੇ ਇਹ ਪਤਾ ਲਗਾਉਣਾ ਹੁੰਦਾ ਹੈ ਕਿ ਖੋਜ ਅਧੀਨ ਵਰਤਮਾਨ ਸਮੱਸਿਆ ਬਾਰੇ ਸਾਹਿਤ ਦਾ ਕੀ ਸਰੋਕਾਰ ਹੈ? ਕੀ ਪ੍ਰਭਾਵ

ਹਨ ਅਤੇ ਕੀ ਸਮਾਧਾਨ ਹਨ? ਉਦੇਸ਼ਹੀਣ ਕੀਤੀ ਗਈ ਖੋਜ ਦਾ ਸਿੱਟਾ ਨਾ ਤਾਂ ਪ੍ਰਮਾਣਿਕ ਮੰਨਿਆ ਜਾਂਦਾ ਹੈ ਅਤੇ ਨਾ ਹੀ ਉਸ ਨੂੰ ਸਮਾਜ ਅਤੇ ਸਾਹਿਤ ਵਿੱਚ ਸਕਾਰਾਤਮਿਕ ਦਿਸ਼ਾ ਦੇਣ ਦਾ ਮਾਣ ਪ੍ਰਾਪਤ ਹੁੰਦਾ ਹੈ। ਮਨੁੱਖ ਹਰ ਇੱਕ ਨਿੱਕਾ-ਮੋਟਾ ਰੋਜ਼-ਮੱਰ੍ਹਾ ਦਾ ਕੰਮ ਵੀ ਕਿਸੇ ਨਾ ਕਿਸੇ ਉਦੇਸ਼ ਨੂੰ ਪ੍ਰਾਪਤ ਕਰਨ ਲਈ ਹੀ ਕਰਦਾ ਹੈ। ਹਥਲੀ ਖੋਜ ਦੇ ਪ੍ਰਸਤਾਵਿਤ ਉਦੇਸ਼ ਇਸ ਪ੍ਰਕਾਰ ਮਿੱਥੇ ਗਏ ਹਨ:

**1.ਵਾਤਾਵਰਨ ਨਾਲ ਸੰਬੰਧਿਤ ਸੰਕਟਾਂ ਦੀ ਪੰਜਾਬੀ ਸਾਹਿਤ ਵਿੱਚ ਪੇਸ਼ਕਾਰੀ ਦਾ ਅਧਿਐਨ ਕਰਨਾ:** ਵਰਤਮਾਨ ਸਦੀ ਦੇ ਆਰੰਭ ਤੋਂ ਹੀ ਵਾਤਾਵਰਨ ਨਾਲ ਸੰਬੰਧਿਤ ਸੰਕਟਾਂ ਨੂੰ ਰੇਖਾਂਕਿਤ ਕਰਨ ਦਾ ਜਿੰਮਾ ਪੰਜਾਬੀ ਸਾਹਿਤਕਾਰਾਂ ਨੇ ਚੁੱਕ ਲਿਆ ਸੀ। ਵੀਹਵੀਂ ਸਦੀ ਛੇਵੇਂ ਦਹਾਕੇ ਵਿੱਚ ਲਿਆਂਦੀ ਗਈ ਹਰੀ ਕ੍ਰਾਂਤੀ ਨੇ ਪੰਜਾਬੀ ਕਿਰਤੀਆਂ ਦੇ ਦਿਮਾਗਾਂ ਨੂੰ ਵੀ ਹਰੀਆਂ ਐਨਕਾਂ ਲਗਾ ਦਿੱਤੀਆ ਸਨ। ਅਧਿਕ ਮੁਨਾਫ਼ਾ ਕੇਂਦਰਤ ਸੋਚ, ਮੰਡੀਕਰਨ ਅਤੇ ਕਿਰਸਾਨੀ ਪਾਲਿਸੀਆਂ ਵਿੱਚ ਵਰਤੀ ਨਾ-ਬਰਾਬਰੀ ਨੇ ਪੰਜਾਬ ਦੀ ਕੁੱਖ 'ਚੋਂ ਪਾਣੀ ਘਟਾ ਕੇ ਰਸਾਇਣਾਂ ਦੀ ਜ਼ਹਿਰੀਲੀ ਮਿਕਦਾਰ ਵਧਾ ਦਿੱਤੀ। ਇਸ ਸੰਤਾਪ ਦਾ ਵਰਨਣ ਪੰਜਾਬੀ ਸਾਹਿਤ ਦੀਆਂ ਕਈ ਵਿਧਾਵਾਂ ਜਿਵੇਂ:- ਕਵਿਤਾ, ਕਹਾਣੀ, ਨਾਵਲ, ਅਤੇ ਨਿਬੰਧਾਂ ਵਿੱਚ ਕੀਤਾ ਗਿਆ ਹੈ।

**2. ਪੰਜਾਬੀ ਸਾਹਿਤ ਵਿੱਚ ਪੇਸ਼ ਵਾਤਾਵਰਨੀ ਸੰਕਟਾਂ ਨੂੰ ਉਜਾਗਰ ਕਰਨਾ:** ਵਾਤਾਵਰਨੀ ਸੰਕਟਾਂ ਵਿੱਚ ਵੱਖ-ਵੱਖ ਵਾਤਾਵਰਨੀ ਮਸਲੇ ਪੇਸ਼ ਕੀਤੇ ਗਏ ਹਨ ਜਿਵੇਂ; ਕਿਤੇ ਚੰਗੇ ਵਾਤਾਵਰਨ ਦੇ ਲਾਭ ਦੱਸੇ ਗਏ ਹਨ ਤੇ ਪ੍ਰਦੂਸ਼ਿਤ ਵਾਤਾਵਰਨ ਦੇ ਨੁਕਸਾਨ ਦੱਸੇ ਗਏ, ਕਿਸੇ ਰਚਨਾ ਅੰਦਰ ਵਾਤਾਵਰਨ ਪ੍ਰਦੂਸ਼ਣ ਕਰਨ ਵਾਲੇ ਨਿੱਜੀ ਅਤੇ ਸਮਾਜਿਕ ਕਾਰਨ ਦੱਸ ਕੇ ਇਸਨੂੰ ਬਚਾਉਣ ਹਿੱਤ ਸੰਕੇਤ ਦਿੱਤੇ ਗਏ ਹਨ ਅਤੇ ਕਿਧਰੇ ਵਾਤਾਵਰਨਿਕ ਗਿਰਾਵਟ ਦੀ ਵਰਤਮਾਨ ਸਥਿਤੀ ਨੂੰ ਵੇਖਦੇ ਹੋਏ ਭਵਿੱਖਤ ਮਹਾਂ-ਸੰਕਟ ਦੀ ਚੇਤਾਵਨੀ ਵੀ ਦਿੱਤੀ ਗਈ ਹੈ। ਇਸ ਤੋਂ ਇਲਾਵਾ ਵੱਖਰੇ-ਵੱਖਰੇ ਕਿਸਮ ਦੇ ਵਾਤਾਵਰਨਿਕ ਵਿਗਾੜਾਂ ਬਾਰੇ ਭਰਪੂਰ ਅਤੇ ਰੋਚਕ ਜਾਣਕਾਰੀ ਵੀ ਉਪਲਬਧ ਹੁੰਦੀ ਹੈ। ਇਹਨਾਂ ਸਭ ਸੰਕਟਾਂ ਨੂੰ ਬਾਰੀਕੀ ਨਾਲ ਉਜਾਗਰ ਕਰਨਾ ਵੀ ਖੋਜ ਦਾ ਮਹੱਤਵਪੂਰਨ ਉਦੇਸ਼ ਹੈ।

**3. ਵਾਤਾਵਰਨ ਨੂੰ ਸੰਭਾਲਣ ਦੀ ਜ਼ਰੂਰਤ ਅਤੇ ਮਹੱਤਤਾ ਨੂੰ ਉਲੀਕਣਾ**: ਵਾਤਾਵਰਨਿਕ ਮਸਲਿਆਂ ਦਾ ਅਧਿਐਨ ਹੋਣ ਉਪਰੰਤ ਇਹ ਲਾਜ਼ਮੀ ਹੈ ਕਿ ਇਸਨੂੰ ਬਚਾਉਣ ਅਤੇ ਮੁੜ-ਸੁਰਜੀਤ ਕਰਨ ਲਈ ਹਰ ਨਿੱਕੇ ਵੱਡੇ ਪੱਧਰ 'ਤੇ ਨਿਰੰਤਰ ਯਤਨ ਕੀਤੇ ਜਾਣ। ਇਸ ਮੰਤਵ ਲਈ ਇਹ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਵਿਭਿੰਨ ਸਮਾਰੋਹਾਂ, ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਦੁਆਰਾ ਵਾਤਾਵਰਨ ਨੂੰ ਬਚਾਉਣ ਦੀ ਲੋੜ ਅਤੇ ਮਹੱਤਤਾ ਨੂੰ ਦ੍ਰਿੜ ਕਰਵਾਇਆ ਜਾਵੇ। ਜਦੋਂ ਤੱਕ ਵਾਤਾਵਰਨ ਨਾਲ ਪ੍ਰੇਮ ਨਹੀਂ ਹੁੰਦਾ ਅਤੇ ਜਦੋਂ ਤੱਕ ਇਸਨੂੰ ਬਚਾਉਣ ਲਈ ਲੋੜ ਬਾਰੇ ਜਾਗ੍ਰਿਤੀ ਨਹੀਂ ਹੁੰਦੀ, ਤਦੋਂ ਤੱਕ ਇਸ ਦਿਸ਼ਾ ਵਿੱਚ ਸਵੈ ਇੱਛਤ ਅਤੇ ਵਿਵਹਾਰਕ ਉਪਰਾਲੇ ਨਹੀਂ ਹੋ ਸਕਦੇ।

**4. ਵਾਤਾਵਰਨ ਨੂੰ ਸੰਭਾਲਣ ਹਿਤ ਲੋੜੀਂਦੇ ਯਤਨਾਂ ਦੀ ਨਿਸ਼ਾਨਦੇਹੀ ਕਰਨੀ**: ਸੰਬੰਧਿਤ ਸਾਹਿਤਕ ਅਧਿਐਨ ਕਰਨ ਮਗਰੋਂ ਇਸ ਵਿਚਾਰ ਦੀ ਵਾਰੀ ਆਉਂਦੀ ਹੈ ਕਿ ਵਾਤਾਵਰਨ ਨੂੰ ਹੋਰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਕੀ ਕੁਝ ਕੀਤਾ ਜਾਵੇ। ਇਸ ਦਿਸ਼ਾ ਵਿੱਚ ਸੁਝਾਉ ਹੱਲਾਂ ਦੀ ਨਿਸ਼ਾਨਦੇਹੀ ਪਾਠ-ਅਧੀਨ ਸਾਹਿਤ ਵਿੱਚ ਕੀਤੀ ਜਾਵੇਗੀ ਅਤੇ ਇਸ ਤੋਂ ਇਲਾਵਾ ਹੋਰ ਨਵੀਨਤਾਕਾਰੀ, ਸੁਚਾਰੂ ਅਤੇ ਪੁਖਤਾ ਸੁਝਾਓ ਸਮੂਹ ਪਾਠਕਾਂ, ਚਿੰਤਕਾਂ ਅਤੇ ਖੋਜੀਆਂ ਨੂੰ ਸਮਾਧਾਨ ਦੇ ਮਾਰਗ ਵਲ ਪ੍ਰੇਰਿਤ ਕਰਨਗੇ।

### 1.4 ਖੋਜ ਵਿਧੀ

ਖੋਜ ਮਨੁੱਖ ਦੇ ਗਿਆਨ ਵਿੱਚ ਵਾਧਾ ਕਰਦੀ ਹੈ। ਉਸ ਦੀ ਸੋਚ ਨੂੰ ਨਵੀਂ ਦਿਸ਼ਾ ਪ੍ਰਦਾਨ ਕਰਦੀ ਹੈ। ਮਨੁੱਖੀ ਜੀਵਨ ਦੇ ਅਨੇਕ ਪੱਖ ਹਨ। ਉਹਨਾਂ ਪੱਖਾਂ ਨੂੰ ਸਮਝਣ ਲਈ ਅਨੇਕਾਂ ਹੀ ਤਰ੍ਹਾਂ ਦੇ ਅਨੁਸਾਸ਼ਨ ਵਿੱਦਿਅਕ ਵਿਵਸਥਾ ਵਿੱਚ ਅਪਣਾਏ ਗਏ ਹਨ ਤੇ ਹੋਰ ਵੀ ਅਪਣਾਏ ਜਾ ਰਹੇ ਹਨ ਕਿਉਂਕਿ ਹਰ ਅਨੁਸਾਸ਼ਨ ਭਾਵ-ਜਗਤ ਨਾਲ ਸੰਬੰਧਤ ਹੁੰਦਾ ਹੈ। ਇਸ ਲਈ ਉਹਨਾਂ ਨੂੰ ਸਮਝਣ ਦਾ ਤਰੀਕਾ, ਸੰਦ ਤੇ ਪ੍ਰਣਾਲੀ ਵੱਖਰੇ ਕਿਸਮ ਦੀ ਹੁੰਦੀ ਹੈ। ਭਾਵੇਂ ਬਹੁਤ ਸਾਰੇ ਪੱਖ ਤੇ ਅਨੁਸਾਸ਼ਨ ਆਪਸ ਵਿੱਚ ਅੰਤਰ-ਸੰਬੰਧਤ ਹੁੰਦੇ ਹਨ ਪਰ ਫਿਰ ਵੀ ਉਹ ਆਪਣੀ ਵੱਖਰੀ ਪਛਾਣ ਦੇ ਲਖਾਇਕ ਹਨ। ਉਦਾਹਰਨ ਵਜੋਂ ਜੇਕਰ ਮਰੀਜ਼ ਨੂੰ ਪੇਟ 'ਚ ਦਰਦ ਹੈ ਤਾਂ ਡਾਕਟਰ ਇਲਾਜ ਕਰਦੇ ਹੋਏ ਉਸਦੀ ਜਾਂਚ ਕਰੇਗਾ ਕਿ ਰੋਗੀ ਦੇ ਢਿੱਡ 'ਚ ਦਰਦ ਹੋਣ ਪਿੱਛੇ ਕੀ

ਕਾਰਨ ਹਨ ਤੇ ਇਹ ਵੀ ਜਾਂਚੇਗਾ ਕਿ ਇਸ ਦਰਦ ਨਾਲ ਰੋਗੀ ਨੂੰ ਪੇਚਿਸ ਹੈ ਜਾਂ ਅਫ਼ਾਰਾ? ਤਾਂ ਹੀ ਡਾਕਟਰ ਰੋਗੀ ਨੂੰ ਦਰਦ ਹਟਾਉਣ ਦੀ ਦਵਾਈ ਦੇਣ ਦੇ ਨਾਲੋਂ-ਨਾਲ ਹੀ ਹੋਰ ਸੰਭਾਵਿਤ ਰੋਗਾਂ ਦਵਾਈ ਵੀ ਦੇ ਦੇਵਗਾ। ਠੀਕ ਇਸੇ ਪ੍ਰਕਾਰ ਪਰੰਪਰਾਗਤ ਵਿਧੀਆਂ ਜਿਵੇਂ ਕਿ 'ਪ੍ਰਾਧਿਕਾਰਵਾਦੀ ਵਿਧੀ', 'ਫੁਰਨਾਵਾਦੀ ਵਿਧੀ', 'ਸੰਦੇਹਵਾਦੀ ਵਿਧੀ', 'ਤਰਕਵਾਦੀ ਵਿਧੀ', ਆਦਿ ਦੇ ਨਾਲ-ਨਾਲ ਚੋਣਵੇਂ ਸਾਹਿਤ ਦੀ ਖੋਜ ਲਈ ਨਵੀਆਂ ਵਿਧੀਆਂ ਅਤੇ ਪਹੁੰਚਾਂ ਦੀ ਲੋੜ ਸਮੇਂ ਸਮੇਂ ਸਿਰ ਪੈਂਦੀ ਰਹਿੰਦੀ ਹੈ। ਵਿਸ਼ੇ ਦੀ ਚੋਣ ਅਨੁਸਾਰ ਖੋਜਾਰਥੀ ਨੂੰ ਇੱਕ ਜਾਂ ਇੱਕ ਤੋਂ ਵੱਧ ਵਿਧੀਆਂ ਦਾ ਆਸਰਾ ਲੈਣਾ ਪੈ ਜਾਂਦਾ ਹੈ। ਖੋਜ ਵਿਸ਼ਾ ਇਹ ਨਿਰਣਾ ਵੀ ਕਰਦਾ ਹੈ ਕਿ ਖੋਜ ਗੁਣਾਤਮਿਕ ਹੈ ਜਾਂ ਗਿਣਾਤਮਿਕ। ਸਾਹਿਤਕ ਵਿਧਾਵਾਂ ਲਈ ਆਮ ਤੌਰ 'ਤੇ ਗੁਣਾਤਮਿਕ ਖੋਜ ਵਿਧੀ 'ਤੇ ਹੀ ਜ਼ੋਰ ਦਿੱਤਾ ਜਾਂਦਾ ਹੈ। ਉਂਝ ਕੁਝ ਕੁ ਵਿਸ਼ੇਸ਼ ਸਥਿਤੀਆਂ ਵਿੱਚ ਗੁਣਤਾਮਿਕ ਖੋਜ ਦੇ ਨਾਲੋਂ-ਨਾਲ ਗਿਣਤਾਮਿਕ ਖੋਜ ਨੂੰ ਵੀ ਸ਼ਾਮਿਲ ਕੀਤਾ ਜਾਂਦਾ ਹੈ। ਖੋਜ ਅਧੀਨ ਵਿਸ਼ੇ ਲਈ ਪਾਠ-ਗਤ ਅਧਿਐਨ (Content Analysis) ਬੁਨਿਆਦੀ ਲੋੜ ਹੈ।

ਖੋਜ ਵਿਧੀ-ਵਿਗਿਆਨ ਵਜੋਂ ਉਕਤ ਵਿਸ਼ੇ ਲਈ ਵਿਸ਼ਲੇਸ਼ਣਾਤਮਿਕ ਵਿਧੀ, ਅੰਤਰ-ਅਨੁਸਾਸ਼ਨੀ ਅਤੇ ਤੁਲਨਾਤਮਿਕ ਵਿਧੀ ਦਾ ਪ੍ਰਯੋਗ ਕੀਤਾ ਜਾਣਾ ਹੈ।

**ਅੰਤਰ-ਅਨੁਸਾਸ਼ਨੀ ਵਿਧੀ**: ਜਿਵੇਂ ਕਿ ਪਹਿਲਾਂ ਹੀ ਸਪੱਸ਼ਟ ਹੈ ਕਿ ਪੰਜਾਬੀ ਸਾਹਿਤ ਵਿੱਚ ਵਾਤਾਵਰਨ ਸੰਕਟ ਬਾਬਤ ਖੋਜ ਕਾਰਜ ਅਜੇ ਬਹੁਤ ਜ਼ਿਆਦਾ ਸਥਾਪਿਤ ਨਹੀਂ ਹੋ ਸਕਿਆ ਹੈ, ਪਰੰਤੂ ਹੋਰਨਾਂ ਅਨੁਸਾਸ਼ਨਾਂ ਜਿਵੇਂ ਕਿ ਭੂਗੋਲ, ਵਾਤਾਵਰਨ-ਸਿੱਖਿਆ, ਸਮਾਜ-ਵਿਗਿਆਨ, ਜੀਵ-ਵਿਗਿਆਨ ਆਦਿ ਵਿੱਚ ਇਸ ਪ੍ਰਸੰਗ ਵਿੱਚ ਹੁਣ ਤੱਕ ਭਰਪੂਰ ਖੋਜ ਹੋ ਚੁੱਕੀ ਹੈ ਅਤੇ ਬਾ-ਦਸਤੂਰ ਜਾਰੀ ਹੈ। ਵਾਤਾਵਰਨ ਦੀ ਚਿੰਤਾਜਨਕ ਸਥਿਤੀ ਤੋਂ ਜਾਣੂ ਹੋਣ ਲਈ ਸੰਬੰਧਿਤ ਰਿਪੋਰਟਾਂ, ਅੰਕੜਿਆਂ ਆਦਿ ਦਾ ਪੁਖਤਾ ਸਮਰਥਨ ਹੋਰਨਾਂ ਅਨੁਸਾਸ਼ਨਾਂ ਵਿੱਚੋਂ ਪ੍ਰਾਪਤ ਕਰਨਾ ਪੈਂਦਾ ਹੈ। ਜੇਕਰ ਮਾਲੂਮ ਹੋਵੇ ਕਿ ਵਾਤਾਵਰਨ ਵਿੱਚ ਕੀ-ਕੀ ਅਤੇ ਕਿਵੇਂ-ਕਿਵੇਂ ਖ਼ਰਾਬ ਹੋ ਰਿਹਾ ਹੈ ਅਤੇ ਕਿਵੇਂ ਇਸਨੂੰ ਕਾਬੂ ਕੀਤਾ ਜਾ ਸਕਦਾ ਹੈ, ਤਾਂ ਹੀ ਤਾਂ ਪੰਜਾਬੀ ਸਾਹਿਤ ਵਿੱਚ ਇਸਦਾ ਅਧਿਐਨ ਸੰਭਵ ਹੋ ਸਕੇਗਾ। ਕੇਵਲ ਪੰਜਾਬੀ ਸਾਹਿਤ ਵਿੱਚੋਂ ਉਲੇਖ ਇੱਕਤ੍ਰਿਤ ਹੋ ਜਾਣ 'ਤੇ ਖੋਜ ਵਿਸ਼ੇ ਨਾਲ ਨਿਆਂ ਦੀ ਉਮੀਦ

ਨਹੀਂ ਕੀਤੀ ਜਾ ਸਕਦੀ। ਹੋਰਨਾਂ ਅਨੁਸਾਸ਼ਨਾਂ ਤੋਂ ਸਮਰਥਨ ਪ੍ਰਾਪਤ ਕਰਨ ਕਰਕੇ ਇਸ ਖੋਜ ਵਿੱਚ ਅੰਤਰ-ਅਨੁਸਾਸ਼ਨੀ ਵਿਧੀ ਲਾਗੂ ਹੋਵੇਗੀ।

**ਵਿਸ਼ਲੇਸ਼ਣਾਤਮਕ ਵਿਧੀ:** ਵਿਸ਼ਲੇਸ਼ਣ ਨੂੰ ਸਧਾਰਨ ਵਿਗਿਆਨ ਵਿੱਚ ਸੰਸਲੇਸ਼ਣ ਦੀ ਵਿਰੋਧੀ ਕਿਰਿਆ ਵਜੋਂ ਸਮਝਿਆ ਜਾਂਦਾ ਹੈ। ਜਿਵੇਂ ਬੂਟਿਆਂ ਦਾ ਭੋਜਨ ਉਤਪੰਨ ਕਰਨ ਲਈ ਸੂਰਜ ਦੀ ਰੋਸ਼ਨੀ, ਕਾਰਬਨ, ਡਾਈਆਕਸਾਈਡ ਗੈਸ ਅਤੇ ਪਾਣੀ ਮਿਲ ਕੇ ਊਰਜਾ ਅਤੇ ਆਕਸੀਜਨ ਸੰਸਲੇਸ਼ਣ ਦੀ ਪ੍ਰਕਿਰਿਆ ਅਨੁਸਾਰ ਪੈਦਾ ਹੁੰਦੇ ਹਨ ਠੀਕ ਉਵੇਂ ਹੀ ਵਿਸ਼ਲੇਸ਼ਣ (ਸਾਹਿਤ ਵਿਸ਼ਲੇਸ਼ਣ) ਵਿੱਚ ਕਿਸੇ ਸਾਹਿਤ ਰਚਨਾ ਵਿੱਚੋਂ ਉਸਦੇ ਅੰਦਰ ਇਕਮਿਕ ਹੋਏ ਤੱਤਾਂ, ਘਟਕਾਂ, ਗੁਣਕਾਂ ਅਤੇ ਪ੍ਰਭਾਵਾਂ ਦਾ ਅੱਡ-ਅੱਡ ਕਰਕੇ ਅਧਿਐਨ ਕਰਨਾ ਹੁੰਦਾ ਹੈ। ਗਣਿਤ ਦੇ ਔਖੇ ਪ੍ਰਸ਼ਨ ਨੂੰ ਜੇਕਰ ਪੂਰੀ ਰਕਮ ਦੇ ਛੋਟੇ-ਛੋਟੇ ਹਿੱਸਿਆ ਵਿੱਚ ਵੰਡ ਕੇ ਹੱਲ ਕੀਤਾ ਜਾਵੇ ਤਾਂ ਇਸਦਾ ਉੱਤਰ ਆਸਾਨੀ ਨਾਲ ਅਤੇ ਬਿਲਕੁਲ ਸਹੀ ਮਿਲ ਜਾਂਦਾ ਹੈ। ਅੰਗਰੇਜ਼ੀ ਭਾਸ਼ਾ ਦੇ ਕਿਸੇ ਔਖੇ ਸ਼ਬਦ ਨੂੰ ਯਾਦ ਕਰਨ ਲਈ ਜਿਵੇਂ ਨਿੱਕੇ ਬਾਲਕਾਂ ਨੂੰ ਛੋਟੇ-ਛੋਟੇ ਭਾਗਾਂ ਵਿੱਚ ਵੰਡ ਕੇ ਯਾਦ ਕਰਵਾਇਆ ਜਾਵੇ ਤਾਂ ਪਾਠ ਸੁਖਾਲੀ ਤਰ੍ਹਾਂ ਨਾਲ ਯਾਦ ਹੋ ਜਾਂਦਾ ਹੈ। (ਇਹ ਮਿਸਾਲ ਕੇਵਲ ਵਿਸ਼ਲੇਸ਼ਣ ਦੀ ਪ੍ਰਕਿਰਿਆ ਨੂੰ ਸਮਝਣ ਲਈ ਹੀ ਪ੍ਰਸਤੁਤ ਕੀਤੀ ਗਈ ਹੈ।) ਖੋਜ ਦੇ ਪਿੜ ਵਿੱਚ ਵਿਸ਼ਲੇਸ਼ਣਾਤਮਕ ਅਧਿਐਨ ਦਾ ਕੰਮ ਇਸ ਤੋਂ ਕਿਤੇ ਵੱਧ ਪੀਡਾ, ਗੁੰਝਲਦਾਰ ਅਤੇ ਬਹੁ-ਪਰਤੀ ਹੁੰਦਾ ਹੈ। ਮੁੱਖ ਸਮੱਸਿਆ ਨੂੰ ਅੱਗੋਂ ਨਿੱਕੀਆਂ-ਨਿੱਕੀਆਂ ਉਪ ਸਮੱਸਿਆਵਾਂ ਵਿੱਚ ਵੰਡਿਆ ਜਾਂਦਾ ਹੈ। ਇਹ ਨਿੱਕੀਆਂ-ਨਿੱਕੀਆਂ ਸਮੱਸਿਆਵਾਂ ਆਪ ਸੁਤੰਤਰ ਹੁੰਦੀਆਂ ਹੋਈਆਂ ਵੀ ਮੁੱਖ ਸਮੱਸਿਆ ਨਾਲ ਅੰਤਰ-ਸੰਬੰਧਿਤ ਹੁੰਦੀਆਂ ਹਨ। ਹਰ ਨਿੱਕੇ ਭਾਗ ਦਾ ਵੱਖਰਾ ਅਧਿਐਨ ਕੀਤਾ ਜਾਂਦਾ ਹੈ। ਵੱਖ-ਵੱਖ ਵਿਸ਼ਿਆਂ ਦੀ ਖੋਜ ਅੰਦਰ ਵਿਸ਼ਲੇਸ਼ਣ ਦਾ ਤਰੀਕਾ ਭਿੰਨ-ਭਿੰਨ ਹੋ ਸਕਦਾ ਹੈ।

**ਤੁਲਨਾਤਮਕ ਵਿਧੀ:-** ਤੁਲਨਾਤਮਕ ਵਿਧੀ ਤੋਂ ਭਾਵ ਵੱਖ-ਵੱਖ ਪੱਖਾਂ ਦੀ ਤੁਲਨਾ ਕਰਕੇ ਉਹਨਾਂ ਦੀਆਂ ਭਿੰਨਤਾਵਾਂ ਅਤੇ ਸਮਾਨਤਾਵਾਂ ਦੀ ਸੂਖ਼ਮ ਪਰਖ਼ ਕਰਨ ਤੋਂ ਹੈ। ਤੁਲਨਾਤਮਕ ਸਾਹਿਤ, ਸਾਹਿਤ ਦਾ ਅਜਿਹਾ ਅਧਿਐਨ ਹੈ ਜਿਸ ਵਿੱਚ ਇਕ ਤੋਂ ਵਧੇਰੇ ਸਾਹਿਤ-ਪਾਠਾਂ/ਧਾਰਾਵਾਂ/ਪ੍ਰਵਿਰਤੀਆਂ ਦਾ ਅਧਿਐਨ ਤੁਲਨਾ ਨੂੰ ਮੁੱਖ ਰੱਖ ਕੇ ਕੀਤਾ ਜਾਂਦਾ ਹੈ ਅਤੇ ਇਹਨਾਂ ਵਿਚਲੀਆਂ ਸਮਾਨਤਾਵਾਂ/ਅਸਮਾਨਤਾਵਾਂ/ਪ੍ਰਭਾਵਾਂ/ਵਿਰੋਧਾਂ ਦੀ

ਸ਼ਨਾਖਤ ਕਰਕੇ ਵਿਸ਼ਾਲ ਦ੍ਰਿਸ਼ਟੀਕੋਣ/ਵਡੇਰੀ ਸਮਝ ਬਣਾਈ ਜਾ ਸਕਦੀ ਹੈ। ਸਾਹਿਤ ਅਤੇ ਜੀਵਨ ਦੇ ਅੰਤਰ-ਸੰਬੰਧਾਂ ਦੀ ਪਛਾਣ ਕਰਕੇ ਸਾਹਿਤ-ਇਤਿਹਾਸ ਦੇ ਕਿਸੇ ਬਿੰਦੂ ਦੀ ਇਤਿਹਾਸਿਕ ਸਾਪੇਖਤਾ ਬਾਰੇ ਠੋਸ ਸਿੱਟੇ ਕੱਢੇ ਜਾ ਸਕਦੇ ਹਨ। ਇਸ ਖੋਜ ਦੇ ਸੰਦਰਭ ਵਿੱਚ ਹਰੇਕ ਰਚਨਾ ਦੇ ਵੱਖ-ਵੱਖ ਵਿਸ਼ਿਆਂ ਵਿੱਚ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਦਾ ਪਤਾ ਇਸ ਖੋਜ ਵਿਧੀ ਦੁਆਰਾ ਕੀਤਾ ਜਾ ਸਕਦਾ ਹੈ। ਜਦੋਂ ਤੁਲਨਾਤਮਿਕ ਸਾਹਿਤ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਵਿੱਚ ਵਿਸ਼ੇਸ਼ਤਾਵਾਂ, ਵਿਲੱਖਣਤਾਵਾਂ, ਸਮਾਨਤਾਵਾਂ, ਵੱਖਰਤਾਵਾਂ ਕੀ ਹਨ ਆਦਿ ਦੀ ਤੁਲਨਾ ਕੀਤੀ ਜਾਂਦੀ ਹੈ।

### 1.5 ਸਮਾਜਿਕ ਅਤੇ ਸਾਹਿਤਕ ਸਾਰਥਿਕਤਾ

ਪ੍ਰਸਤਾਵਿਤ ਵਿਸ਼ਾ ਮੂਲ ਰੂਪ ਵਿੱਚ ਸਮਾਜ ਨਾਲ ਸੰਬੰਧਤ ਹੈ ਕਿਉਂਕਿ ਖੋਜ ਸਿੱਟਿਆਂ ਸਦਕਾ ਸਮਾਜਿਕ ਚੇਤਨਾ ਦੇ ਪ੍ਰਸਾਰਿਤ ਹੋਣ ਦਾ ਉਦੇਸ਼ ਹੈ। ਇਸ ਲਈ ਸਮਾਜ ਵਿੱਚੋਂ ਉਤਪੰਨ ਹੋਈਆਂ ਸਮੱਸਿਆਵਾਂ ਦੇ ਸਮਾਧਾਨ ਵੀ ਸਮਾਜ ‘ਤੇ ਹੀ ਲਾਗੂ ਹੋਣ ਯੋਗ ਹੁੰਦੇ ਹਨ। ਵਾਤਾਵਰਨ ਦਾ ਵਿਗਾੜ ਮਨੁੱਖ ਦੀਆਂ ਲਾਪ੍ਰਵਾਹੀਆਂ ਕਰਕੇ ਹੀ ਵੱਧ ਰਿਹਾ ਹੈ। ਨਾ ਕੇਵਲ ਪੰਜਾਬ ਅਤੇ ਭਾਰਤ; ਸਗੋਂ ਇਹ ਤਾਂ ਵਿਸ਼ਵ ਵਿਆਪੀ ਸਮੱਸਿਆ ਬਣ ਚੁੱਕਾ ਹੈ। ਪ੍ਰਸਤਾਵਿਤ ਖੋਜ ਵਿਸ਼ਵ ਪੱਧਰ ਉੱਤੇ ਮਾਨਵਤਾ ਨੂੰ ਸੰਬੋਧਨ ਕਰ ਰਹੀ ਹੈ ਅਤੇ ਅਜਿਹੀ ਸਮੱਸਿਆ ਦਾ ਸਮਾਧਾਨ ਵੀ ਵਿਸ਼ਵ ਵਿਆਪੀ ਹੁੰਦਾ ਹੈ। ਖੋਜ ਵਿੱਚ ਵਰਤਮਾਨ ਵਾਤਾਵਰਨਿਕ ਪ੍ਰਸਥਿਤੀਆਂ ਨਾਲ ਉਤਪੰਨ ਹੋਏ ਸੰਕਟ, ਉਹਨਾਂ ਦੇ ਪਿਛੋਕੜ ਕਾਰਨ, ਸਮਾਜ ਉੱਤੇ ਪੈ ਰਹੇ ਪ੍ਰਭਾਵ ਅਤੇ ਸੁਝਾਓ ਲੱਭਣਾ ਹੀ ਖੋਜ ਦਾ ਮੂਲ ਉਦੇਸ਼ ਹੈ। ਇਸ ਉਦੇਸ਼ ਦੀ ਪ੍ਰਾਪਤੀ ਨਾਲ ਇਸ ਦੀ ਸਾਹਿਤਕ ਅਤੇ ਸਮਾਜਿਕ ਸਾਰਥਿਕਤਾ ਸਪੱਸ਼ਟ ਹੋ ਜਾਂਦੀ ਹੈ। ਦੂਸ਼ਿਤ ਹੋ ਰਿਹਾ ਵਾਤਾਵਰਨ ਅੱਜ ਮਾਨਵਤਾ ਲਈ ਸਭ ਤੋਂ ਵੱਡੀ ਚੁਣੌਤੀ ਬਣ ਚੁੱਕਾ ਹੈ ਅਤੇ ਇਸ ਸੰਦਰਭ ਵਿੱਚ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਬਣਦੇ ਹਨ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਆਧੁਨਿਕ ਪੰਜਾਬੀ ਸਾਹਿਤ ਦੀ ਸਮਾਜਿਕ ਉਪਯੋਗਤਾ ਬਾਰੇ ਆਪਣੇ ਵਿਚਾਰ ਪੁਸਤਕ ‘ਪੰਜਾਬੀ ਸਾਹਿਤ ਅਤੇ ਸਾਹਿਤ ਆਲੋਚਨਾ’ ਵਿੱਚ ਇਸ ਪ੍ਰਕਾਰ ਪੇਸ਼ ਕਰ ਰਹੇ ਹਨ:

ਆਧੁਨਿਕ ਪੰਜਾਬੀ ਸਾਹਿਤ ਦੀ ਸਮਾਜਿਕ ਸਾਰਥਿਕਤਾ ਇਸ ਤੱਥ ਤੋਂ ਹੀ ਦ੍ਰਿਸ਼ਟੀਗੋਚਰ ਹੋ ਜਾਂਦੀ ਹੈ ਕਿ ਸਾਹਿਤ ਅਤੇ ਸਮਾਜ ਇੱਕ ਦੂਜੇ ਦੇ ਪੂਰਕ ਵੀ ਹਨ ਅਤੇ ਅੰਤਰ-ਸੰਬੰਧਿਤ ਵੀ ਹਨ। ਸਾਹਿਤ ਆਪਣੀ ਕੱਚੀ ਸਮੱਗਰੀ ਸਮਾਜ ਵਿੱਚੋਂ ਹੀ ਪ੍ਰਾਪਤ ਕਰਦਾ ਹੈ ਅਤੇ ਮੋੜਵੇਂ ਰੂਪ ਵਿੱਚ ਇਹੀ ਸਾਹਿਤ ਸਮਕਾਲੀ ਸਮਾਜ ਦੇ ਚੇਤਨਾ-ਵਿਕਾਸ ਅਤੇ ਯੋਗ ਸਮਾਜਿਕ ਤਬਦੀਲੀ ਵਿੱਚ ਆਪਣਾ ਯੋਗਦਾਨ ਵੀ ਪਾਉਂਦਾ ਹੈ।(23)

ਵਿਸ਼ਵੀਕਰਨ, ਪੂੰਜੀਵਾਦੀ ਪਕੜ ਅਤੇ ਵਿਕਾਸ ਦੇ ਭਰਮ ਸਿਰਜ ਰਹੇ ਮਾਡਲ ਨੇ ਛੋਟੇ ਕਾਰੀਗਰਾਂ, ਛੋਟੇ ਕਿਸਾਨਾਂ ਤੇ ਦੁਕਾਨਦਾਰਾਂ ਨੂੰ ਬਹੁਤ ਪਿੱਛੇ ਸੁੱਟ ਦਿੱਤਾ ਹੈ। ਵੱਡੇ-ਵੱਡੇ ਬ੍ਰਾਂਡਾਂ ਵਾਲੇ ਕਈ ਮੰਜ਼ਿਲਾਂ ਵਿੱਚ ਫੈਲੇ ਹੋਏ ਸ਼ਾਪਿੰਗ ਮਾਲਾਂ ਨੇ ਰੇੜ੍ਹੀ ਵਾਲਿਆਂ ਦੀ ਸ਼ਬਜ਼ੀ ਖ਼ਰਾਬ ਕਰ ਦਿੱਤੀ ਹੈ। ਆਨਲਾਈਨ ਰਾਸ਼ਨ ਵਿੱਕਰੀ ਦੀਆਂ ਦੁਕਾਨਾਂ 'ਤੇ ਲੁਭਾਵਣੇ ਤੋਹਫ਼ੇ ਦੇ ਲਾਲਚ ਹੇਠ ਵਸਤਾਂ ਵੇਚ ਰਹੀਆਂ ਵੱਡੀਆਂ ਮੰਡੀਆਂ ਨੇ ਨਿੱਕੇ-ਮੋਟੇ ਕੰਮੀਆਂ ਨੂੰ ਅਸਲੋਂ ਵਿਹਲੇ ਕਰ ਛੱਡਿਆ ਹੈ। ਇਸੇ ਤੱਥ ਨੂੰ ਵਿਸਥਾਰ ਵਿੱਚ ਡਾ. ਦਵੇਸ਼ਵਰ ਇਸ ਪ੍ਰਕਾਰ ਬਿਆਨ ਕਰਦੇ ਹਨ:

ਵੀਹਵੀਂ ਸਦੀ ਵਿਸ਼ਵ ਪੱਧਰ 'ਤੇ ਇਤਿਹਾਸਿਕ ਘਟਨਾਵਾਂ, ਵਿਨਾਸ਼ਕਾਰੀ ਯੁੱਧਾਂ, ਆਰਥਿਕ ਸੰਕਟਾਂ, ਸਮਾਜਿਕ ਇਨਕਲਾਬਾਂ, ਸਭਿਆਚਾਰਕ ਤਬਦੀਲੀਆਂ, ਵਿਚਾਰਧਾਰਕ ਤੇ ਨਸਲੀ ਭੇੜਾਂ, ਹਥਿਆਰਾਂ ਦੀ ਦੌੜ, ਸੀਤ ਯੁੱਧ ਦੇ ਖ਼ਤਰਿਆਂ, ਲੋਕਮੁਕਤੀ ਦੇ ਸੰਘਰਸ਼ਾਂ, ਸੱਤਾਂ ਦੇ ਬਦਲੇ ਕੇਂਦਰਾਂ, ਪੂੰਜੀਵਾਦ ਦੇ ਹੱਥਾਂ ਵਿੱਚ ਸਾਮਰਾਜ ਦੇ ਵਿਸ਼ਵੀਕਰਨ ਦੇ ਏਜੰਡੇ ਦੀ ਚੜ੍ਹਤ, ਗਿਆਨ ਵਿਗਿਆਨ ਦੇ ਵਿਸਫੋਟ, ਸੂਚਨਾ ਤੇ ਸੰਚਾਰ ਵਿੱਚ ਆਸਾਧਾਰਨ ਤੇ ਬੇਮਿਸਾਲ ਕ੍ਰਾਂਤੀ ਦੀ ਸਦੀ ਹੈ। ਇਸੇ ਕਰਕੇ ਪ੍ਰਸਿੱਧ ਵਿਦਵਾਨ ਏਰਿਕ ਹੋਬਸਨ ਨੇ ਇਸ ਸਦੀ ਨੂੰ ਇੰਤਾਹਾਵਾਂ ਦੀ ਸਦੀ ਕਿਹਾ ਹੈ। ਜਿਸ ਦੀ ਲਪੇਟ ਵਿੱਚ ਮਨੁੱਖੀ ਸਮਾਜ, ਸਭਿਆਚਾਰ ਤੇ ਇਤਿਹਾਸ ਹੀ ਨਹੀਂ ਸਗੋਂ ਪ੍ਰਕਿਰਤੀ ਤੇ ਵਾਤਾਵਰਨ ਵੀ ਆਏ ਹਨ। (24)

## 1.6 ਸੰਭਾਵਿਤ ਨਤੀਜੇ

1. ਪੰਜਾਬੀ ਸਾਹਿਤ ਵਿੱਚ ਵਾਤਾਵਰਨ ਸੰਬੰਧੀ ਸਰੋਕਾਰਾਂ ਦਾ ਵਿਸ਼ਲੇਸ਼ਣਾਤਮਕ ਅਧਿਐਨ ਹੋਵੇਗਾ।
2. ਵਾਤਾਵਰਨ ਦੇ ਵਿਭਿੰਨ ਸੰਕਟ ਉਜਾਗਰ ਹੋਣਗੇ।
3. ਵਾਤਾਵਰਨ ਸੰਕਟ ਤੋਂ ਉਭਰਨ ਲਈ ਜਾਗਰੂਕਤਾ ਉਤਪੰਨ ਹੋ ਸਕੇਗੀ।
4. ਸੁਹਿਰਦ ਤੇ ਵਿਵਹਾਰਕ ਉਪਰਾਲੇ ਹੋਣ ਲੱਗਣਗੇ ।

## 1.7 ਸਿਧਾਂਤਕ ਪਰਿਪੇਖ

ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਮੁੱਢ ਗੁਰੂ ਨਾਨਕ ਕਾਲ ਤੋਂ ਹੀ ਬੱਝਿਆ ਮਿਲਦਾ ਹੈ।'ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ' ਦੇ ਵਾਕ ਅਨੁਸਾਰ ਕੁਦਰਤ ਦੇ ਸਾਰੇ ਅੰਗ ਸਿਰਜਨਹਾਰ ਨੇ ਮਾਨਵਤਾ ਦੀ ਪਾਲਣਾ ਲਈ ਉਤਪੰਨ ਕੀਤੇ ਹਨ। ਪ੍ਰਕਿਰਤੀ ਪ੍ਰੇਮੀ ਸਾਹਿਤਕਾਰਾਂ ਨੇ ਪ੍ਰਕਿਰਤੀ ਨੂੰ ਮਾਂ ਦਾ ਦਰਜਾ ਦੇ ਕੇ ਇਸਦਾ ਗੁਣਗਾਨ ਕੀਤਾ ਪਰ ਉਹਨਾਂ ਤੋਂ ਬਾਅਦ ਹੌਲੀ-ਹੌਲੀ ਹੁੰਦੇ ਗਏ ਮਨੁੱਖੀ ਕਾਰਿਆਂ ਸਦਕਾ ਵਾਤਾਵਰਨ ਦਾ ਸੰਤੁਲਨ ਵਿਗੜਨਾ ਸ਼ੁਰੂ ਹੋ ਗਿਆ। ਉਦਯੋਗੀਕਰਨ, ਸ਼ਹਿਰੀਕਰਨ ਤੇ ਪੱਛਮੀਕਰਨ ਦੇ ਪ੍ਰਭਾਵ ਹੇਠ ਕੁਦਰਤ ਦੇ ਨਿਰੋਲ ਸੁਹੱਪਣ ਉੱਪਰ ਬਨਾਉਟੀ ਲੇਫ਼ ਪਾਏ ਜਾਣ ਲੱਗ ਪਏ। ਸਮੇਂ ਦੀ ਇਕਾਈ ਵਿੱਚ ਸਮਾਜਿਕ, ਰਾਜਨੀਤਕ, ਆਰਥਿਕ ਭੂਗੋਲਿਕ ਅਤੇ ਵਾਤਾਵਰਨਿਕ ਤਬਦੀਲੀਆਂ ਦਾ ਪ੍ਰਭਾਵ ਵਕਤੀ ਸਾਹਿਤ ਉੱਤੇ ਪੈਣਾ ਸੁਭਾਵਿਕ ਹੈ। ਵਾਤਾਵਰਨ ਦਾ ਵਿਗਾੜ ਅੱਜ ਦੇ ਵਿਗਾੜ ਦੀ ਸਭ ਤੋਂ ਵੱਡੀ ਚੁਣੌਤੀ ਹੈ। ਸਾਹਿਤ ਦਾ ਸਹਿਯੋਗ ਗਿਆਨ ਵਿੱਚ ਵਾਧਾ ਕਰਨ ਦੇ ਨਾਲ-ਨਾਲ ਸਮਕਾਲੀ ਸਮਾਜ ਦੀਆਂ ਲੋੜਾਂ, ਸਮੱਸਿਆਵਾਂ ਤੇ ਖ਼ਤਰਿਆਂ ਨੂੰ ਉਜਾਗਰ ਕਰਨਾ ਅਤੇ ਸਮਾਜ ਨੂੰ ਇਹਨਾਂ ਪ੍ਰਤੀ ਸੁਚੇਤ ਕਰਨਾ ਵੀ ਹੁੰਦਾ ਹੈ। ਸਾਹਿਤ ਹੀ ਸਮੇਂ-ਸਮੇਂ ਉੱਤੇ ਲੋਕਾਂ ਨੂੰ ਬਿਪਤਾਵਾਂ ਦੇ ਖ਼ਿਲਾਫ਼ ਲੜਣ ਦੇ ਸਮੱਰਥ ਬਣਾਉਂਦਾ ਹੈ। ਹਰ ਸਮਾਜਿਕ ਇਕਾਈ ਦੇ ਭੂਗੋਲਿਕ, ਸਮਾਜਿਕ ਅਤੇ ਵਾਤਾਵਰਨਿਕ ਮਸਲਿਆਂ ਦਾ ਸਿੱਧਾ ਪ੍ਰਭਾਵ ਕਲਮ ਉੱਤੇ ਵੀ ਪਿਆ ਹੈ ਅਤੇ ਕਲਮ ਦੀ ਤਾਕਤ ਨੇ ਪ੍ਰਦੂਸ਼ਣ ਦੀ ਵੰਗਾਰ ਨੂੰ ਵੰਗਾਰਨ ਦਾ ਹੌਂਸਲਾ ਪ੍ਰਦਾਨ ਕੀਤਾ ਹੈ।

ਪ੍ਰਕਿਰਤੀ ਦੇ ਉਪਾਸਕ ਭਾਈ ਵੀਰ ਸਿੰਘ ਨੂੰ ਕੁਦਰਤ ਵਿੱਚੋਂ ਰੱਬ ਦਿਖਦਾ ਹੈ। ਪ੍ਰੋ. ਪੂਰਨ ਸਿੰਘ ਦਰਿਆਵਾਂ, ਖੇਤਾਂ ਤੇ ਮੈਦਾਨਾਂ ਵਿੱਚ ਪ੍ਰਕਿਰਤਕ ਆਨੰਦ ਨੂੰ ਮਾਣਦਾ ਹੈ। ਚਾਤ੍ਰਿਕ ਵੀ ਰੁੱਤਾਂ-ਫੁੱਲਾਂ ਦੇ ਸੋਹਿਲੇ ਗਾਉਂਦਾ ਹੈ। ਪ੍ਰੋ. ਮੋਹਨ ਸਿੰਘ ਅਤੇ ਸ਼ਿਵ ਕੁਮਾਰ ਬਟਾਲਵੀ ਨੂੰ ਰੁੱਖ-ਬੂਟੇ ਤੇ ਰੁੱਤਾਂ ਨਾਲ ਰਿਸ਼ਤੇਦਾਰੀ ਪ੍ਰਾਪਤ ਹੁੰਦੀ ਹੈ। ਇਹਨਾਂ ਸਾਹਿਤਕਾਰਾਂ ਨੇ ਉਸ ਸਮੇਂ ਦੀ ਵਾਤਾਵਰਨਿਕ ਸੁੰਦਰਤਾ ਨੂੰ ਸਲਾਹਿਆ ਹੈ ਕਿਉਂਕਿ ਉਸ ਵੇਲੇ ਵਾਤਾਵਰਨ ਸ਼ੁੱਧ ਸੀ ਤੇ ਉਦੋਂ ਤੱਕ ਪ੍ਰਦੂਸ਼ਣ ਦੀ ਢਾਹ ਨਹੀਂ ਸੀ ਲੱਗੀ। ਉਪਰੋਕਤ ਵਿਦਵਾਨ ਵਿਸ਼ੇ ਦੀ ਇਸ ਪੱਖ ਤੋਂ ਅਣਛੋਹੇ ਰਹੇ ਪਰ ਅੱਜ ਸਥਿਤੀ ਬਿਲਕੁਲ ਉਲਟ ਹੈ। ਅੱਜ ਪ੍ਰਦੂਸ਼ਣ ਦਾ ਦੈਂਤ ਸਾਰੀ ਸਿਸ਼੍ਰਟੀ ਨੂੰ ਖਾ ਜਾਣ ਲਈ ਉਸਾਰੂ ਹੈ। ਅੱਜ ਪੂਰਾ ਵਿਸ਼ਵ ਵਾਤਾਵਰਨਿਕ ਮੰਦਹਾਲੀ ਦੇ ਦੌਰ ਵਿੱਚੋਂ ਗੁਜ਼ਰ ਰਿਹਾ ਹੈ। ਮਾਹਿਰਾਂ ਦੇ ਤੱਥਾਂ ਅਨੁਸਾਰ ਜੇ ਸੰਭਲਿਆ ਨਾ ਗਿਆ ਤਾਂ ਅੱਜ ਦੀ ਪੀੜ੍ਹੀ ਆਉਣ ਵਾਲੀ ਪੀੜ੍ਹੀ ਦੀ ਦੋਖੀ ਹੋਵੇਗੀ। ਪੀਣ ਨੂੰ ਪਾਣੀ ਨਹੀਂ ਲੱਭਣਾ ਅਤੇ ਖਾਣ ਨੂੰ ਅੰਨ੍ਹ। ਸਾਹ ਲੈਣ ਨੂੰ ਹਵਾ ਦੀ ਥਾਂ ਜ਼ਹਿਰ ਮਿਲੇਗੀ, ਸਭ ਕੁਦਰਤੀ ਸ੍ਰੋਤ ਹੌਲੀ-ਹੌਲੀ ਮੁੱਕ ਜਾਣਗੇ ਤੇ ਸਿਸ਼੍ਰਟੀ ਦੀ ਹੋਂਦ ਤੇ ਪ੍ਰਸ਼ਨਚਿੰਨ੍ਹ ਲੱਗ ਜਾਵੇਗਾ। ਵਾਤਾਵਰਨ ਨਾਲ ਸੰਬੰਧਤ ਪੰਜਾਬੀ ਸਾਹਿਤ ਨੂੰ ਆਧਾਰ ਬਣਾ ਕੇ ਖੋਜ ਆਰੰਭ ਕਰਨ ਤੋਂ ਪਹਿਲਾਂ ਵਾਤਾਵਰਨ ਦੇ ਸਿਧਾਂਤਕ ਸਰੂਪ ਨੂੰ ਸਮਝਣਾ ਬੇਹੱਦ ਜ਼ਰੂਰੀ ਹੈ। ਜਿਵੇਂ ਪੱਕੀ ਨੀਂਹ ‘ਤੇ ਹੀ ਮਕਾਨ ਦੀ ਉਸਾਰੀ ਸੰਭਵ ਹੋ ਸਕਦੀ ਹੈ, ਠੀਕ ਉਵੇਂ ਹੀ ਵਾਤਾਵਰਨ ਦੇ ਸਿਧਾਂਤਕ ਸੰਕਲਪ ਨੂੰ ਸਮਝਣ ਉਪਰੰਤ ਹੀ ਹਾਂ-ਪੱਖੀ ਖੋਜ ਦੀ ਆਸ ਕੀਤੀ ਜਾ ਸਕਦੀ ਹੈ। ਹਥਲੇ ਵਿਸ਼ੇ ਦਾ ਸਿਧਾਂਤਕ ਪਰਿਪੇਖ ਸਾਹਿਤ ਆਧਾਰਿਤ ਖੋਜ ਲਈ ਮਜ਼ਬੂਤ ਆਧਾਰ ਦਾ ਕੰਮ ਕਰੇਗਾ।

### 1.8.1 ਵਾਤਾਵਰਨ : ਪਰਿਭਾਸ਼ਾ ਤੇ ਸਰੂਪ

ਡਾ. ਬਲਦੇਵ ਸਿੰਘ ਚੀਮਾ ਅਤੇ ਡਾ. ਡੀ.ਪੀ.ਸਿੰਘ (ਡਾ. ਦੇਵਿੰਦਰ ਪਾਲ ਸਿੰਘ) ਆਪਣੀ ਸੰਪਾਦਿਤ ਪੁਸਤਕ ‘ਵਾਤਾਵਰਣੀ ਮਸਲੇ ਤੇ ਸਮਾਧਾਨ’ ਵਿੱਚ ਵਾਤਾਵਰਨ ਨੂੰ ਕੁਦਰਤ ਵਲੋਂ ਮਿਲਿਆ ਹੋਇਆ ਵੱਡਮੁੱਲਾ ਤੋਹਫ਼ਾ ਮੰਨਦੇ ਹਨ। ਸੰਪਾਦਕ ਦੱਸਦੇ ਹਨ ਕਿ:

> ਵਾਤਾਵਰਣ ਦਾ ਸ਼ਬਦੀ ਅਰਥ ਹੈ- ‘ਆਲਾ-ਦੁਆਲਾ’ ਹੈ। ਜਿਸ ਨੂੰ ਭੂ-ਮੰਡਲ ਦੇ ਜੀਵਾਂ ਲਈ ਕਾਦਰ ਨੇ ਕੁਦਰਤੀ ਰੂਪ ਵਿੱਚ ਸਿਰਜਿਆ ਹੈ ਅਤੇ ਜੋ ਜੀਵਾਂ ਦੀਆਂ ਕਿਰਿਆਵਾਂ ਨੂੰ ਪ੍ਰਭਾਵਿਤ ਕਰਦਾ ਹੈ। ਵਾਤਾਵਰਨ ਸਾਰੀਆਂ ਭੌਤਿਕ ਅਤੇ ਜੈਵਿਕ ਪਰਸਥਿਤੀਆਂ ਦਾ ਜੋੜ ਹੁੰਦਾ ਹੈ। ਹਿੰਦੀ ਵਿੱਚ ਇਸਦਾ ਸਮਾਨਰਥਕੀ ਸ਼ਬਦ 'ਪਰਿਆਵਰਣ' ਅਤੇ ਅੰਗਰੇਜ਼ੀ ਵਿੱਚ 'ਐਨਵਾਇਰਮੈਂਟ' (Environment) ਹੈ। ਪਰਿਆਵਰਣ ਸ਼ਬਦ ਪਰਿ+ਆਵਰਣ ਦੇ ਮੇਲ ਤੋਂ ਬਣਿਆ ਹੈ। ਜਿਸ ਦਾ ਅਰਥ 'ਪਰਿਵ੍ਰਿਤੀ' (surrounding) ਹੈ। ਅੰਗਰੇਜ਼ੀ ਸ਼ਬਦ ਐਨਵਾਇਰ (Environ) ਅਰਥ ਹੈ ਘੇਰਨਾ ਜਾਂ ਵਲੇਟਣਾ ਅਤੇ ਮੈਂਟ (ment) ਦਾ ਅਰਥ ਹੈ- 'ਚਾਰ ਚਫੇਰਿਉਂ ਘੇਰਿਆ ਹੋਇਆ, ਉਹ ਆਲ਼ਾ-ਦੁਆਲ਼ਾ ਜਿਸ ਨੇ ਪ੍ਰਾਣੀ ਮੰਡਲ ਨੂੰ ਚਾਰ ਚੁਫੇਰਿਉਂ ਘੇਰਿਆ ਹੋਇਆ ਹੈ ਅਤੇ ਇਸਨੂੰ ਸਿੱਧੇ ਤੇ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ ਵਾਤਾਵਰਣ ਕਹਾਉਂਦਾ ਹੈ।(2)

ਵਾਤਾਵਰਨ ਦੇ ਅੰਗਾਂ ਦਾ ਵਰਨਣ ਕਰਦੇ ਹੋਏ ਡਾ. ਡੀ.ਪੀ. ਸਿੰਘ ਆਪਣੀ ਪੁਤਸਕ ‘ਵਾਤਾਵਰਣੀ ਪ੍ਰਦੂਸ਼ਣ’ ਵਿੱਚ ਸਾਰੀਆਂ ਸਜੀਵ ਅਤੇ ਨਿਰਜੀਵ ਵਸਤੂਆਂ ਨੂੰ ਵਾਤਾਵਰਨ ਦੇ ਮਹੱਤਵਪੂਰਨ ਅੰਗਾਂ ਵਜੋਂ ਸਥਾਪਿਤ ਕਰਦੇ ਹੋਏ ਬਿਆਨ ਕਰਦੇ ਹਨ ਕਿ :

> ਸਾਡੇ ਚੌਗਿਰਦੇ ਦੀਆਂ ਸਾਰੀਆਂ ਨਿਰਜੀਵ ਅਤੇ ਸਜੀਵ ਵਸਤੂਆਂ ਸਾਡੇ ਵਾਤਾਵਰਨ ਦੀਆਂ ਅਤਿ ਅਹਿਮ ਵਸਤੂਆਂ ਹਨ ਜੋ ਪਰਸਪਰ ਕਿਰਿਆਵਾਂ ਰਾਹੀਂ ਵਾਤਾਵਰਣੀ ਪ੍ਰਣਾਲੀ ਵਿੱਚ ਵਿਸ਼ੇਸ਼ ਆਦਾਨ-ਪ੍ਰਦਾਨ ਕਰਦੀਆਂ ਰਹਿੰਦੀਆਂ ਹਨ। ਧਰਤੀ ਦੀਆਂ ਸਾਰੀਆਂ ਵਸਤੂਆਂ ਇੱਕ ਵਾਤਾਵਰਨੀ ਪ੍ਰਣਾਲੀ ਦਾ ਅੰਗ ਹਨ, ਜਿਸ ਦੇ ਫਲਸਰੂਪ ਨਿਰਜੀਵ ਵਸਤੂਆਂ ਸੰਜੀਵ ਵਸਤੂਆਂ ਵਿੱਚ ਤਬਦੀਲ ਹੁੰਦੀਆਂ ਰਹਿੰਦੀਆਂ ਹਨ ਜਾਂ ਫਿਰ ਇਸ ਦੇ ਉਲਟ ਵਾਪਰਦਾ ਰਹਿੰਦਾ ਹੈ। ਇਹ ਕਿਰਿਆ ਲਗਾਤਾਰ ਬਣੀ ਰਹਿੰਦੀ ਹੈ।(19)

ਵਾਤਾਵਰਨ ਨੂੰ ਪ੍ਰਭਾਸ਼ਿਤ ਕਰਦੇ ਹੋਏ ਡਾ. ਤ੍ਰਿਲੋਚਨ ਸਿੰਘ ਆਪਣੀ ਪੁਸਤਕ ‘ਵਾਤਾਵਰਣ :ਦਰਪੇਸ਼ ਸਮੱਸਿਆਵਾਂ’ ਵਿੱਚ ਬਿਆਨ ਕਰਦੇ ਹਨ ਕਿ:

ਵਾਤਾਵਰਨ ਇੱਕ ਅਜਿਹਾ ਸੰਕੁਚਿਤ ਸ਼ਬਦ ਹੈ ਜਿਸ ਦਾ ਵਿਸ਼ਾਲ ਘੇਰਾ ਤਿੰਨਾਂ ਮੰਡਲਾਂ ਤੋਂ ਵੀ ਪਰ੍ਹੇ ਤਕ ਪੱਸਰਿਆ ਹੋਇਆ ਹੈ। ਕੇਵਲ ਥਲ ਹੀ ਨਹੀਂ ਸਗੋਂ ਜਲ ਮੰਡਲ ਅਤੇ ਵਾਯੂ ਮੰਡਲ ਦੀ ਅਸਗਾਹ ਵਿਸ਼ਾਲਤਾ ਤੇ ਅਥਾਹ ਗਹਿਰਾਈ ਵੀ ਇਸ ਪੰਜ ਅੱਖਰੀ ਸ਼ਬਦ ਦੇ ਅੰਦਰ ਸਮੋਈ ਹੋਈ ਹੈ। ਇਨ੍ਹਾਂ ਤਿੰਨਾਂ ਮੰਡਲਾਂ ਦੇ ਅੰਦਰ ਜੋ ਕੁਝ ਦਿਸਦਾ ਹੈ ਅਤੇ ਜੋ ਕੁਝ ਵਾਪਰਦਾ ਹੈ ਉਹ ਸਭ ਕੁਝ ਸਾਡੇ ਵਾਤਾਵਰਨ ਦਾ ਹਿੱਸਾ ਹੈ।(1)

ਵਾਤਾਵਰਨ ਇੱਕ ਵਿਚਾਰਧਾਰਾ ਹੈ ਜੋ ਪੂਰੇ ਵਿਸ਼ਵ ਦੇ ਵਾਤਾਵਰਨੀ ਚਿੰਤਕਾਂ ਅਤੇ ਉੱਦਮੀਆਂ ਨੂੰ ਵਾਤਾਵਰਨ ਬਚਾਉਣ ਲਈ ਪ੍ਰੇਰਨਾ ਕਰਦੀ ਹੈ। ਵਾਤਾਵਰਨਵਾਦ ਦੇ ਪਰਚਮ ਹੇਠ ਵਿਹਾਰਕ ਸਮੱਸਿਆ ਇਹ ਹੈ ਕਿ ਅਜੋਕੇ ਮਨੁੱਖਾਂ ਨੇ ਕੁਦਰਤੀ ਰਹਿਣ-ਸਹਿਣ ਨੂੰ ਆਪਣੇ ਸੱਭਿਆਚਾਰ ਵਿੱਚ ਸ਼ਾਮਲ ਨਹੀਂ ਕੀਤਾ ਹੈ ਜਾਂ ਫਿਰ ਇਹ ਕਹਿਣਾ ਠੀਕ ਹੈ ਕਿ ਵਾਤਾਵਰਨ ਦੀ ਸ਼ੁੱਧਤਾ ਉੱਪਰ ਪੂੰਜੀਵਾਦ ਭਾਰੂ ਹੋ ਗਿਆ ਹੈ।

ਵਾਤਾਵਰਨ ਵਿੱਚ ਸਭ ਤੋਂ ਵੱਡੀ ਚੁਣੌਤੀ ਉਸ ਸੀਮਾ-ਰੇਖਾ ਦੀ ਨਿਸ਼ਾਨਦੇਹੀ ਕਰਨੀ ਹੈ, ਜਿਸ 'ਤੇ ਪੁੱਜ ਕੇ ਵਾਤਾਵਰਨਵਾਦੀ ਇੱਕ ਸੁਖਾਵਾਂ ਪਰਿਵਰਤਨ ਲਿਆਉਣਾ ਚਾਹੁੰਦੇ ਹਨ। ਵਾਤਾਵਰਨਵਾਦ ਸਮਾਜ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਦਰਸ਼ਨ ਸ਼ਾਸ਼ਤਰ ਨਾਲ ਜਾ ਜੁੜਦਾ ਹੈ, ਪਰ ਇਸ ਔਕੜ ਨੂੰ ਹੱਲ ਕਰਨ ਲਈ ਵਾਤਾਵਰਨਿਕ ਸੱਭਿਆਚਾਰ ਨੂੰ ਰੋਜ਼-ਮੱਰ੍ਹਾ ਦਾ ਲਾਜ਼ਮੀ ਅੰਗ ਬਣਾਉਣਾ ਪਵੇਗਾ।

**1.8.2 ਵਾਤਾਵਰਨ ਚੇਤਨਾ**

ਵਾਤਾਵਰਨ ਦੇ ਸੰਕਲਪ ਨੂੰ ਸਮਝਣ ਤੋਂ ਬਾਅਦ ਇਹ ਵਿਚਾਰਨ ਯੋਗ ਮੁੱਦਾ ਹੈ ਕਿ ਵਾਤਾਵਰਨ ਚੇਤਨਾ ਦੀ ਲੋੜ ਕਿਉਂ ਹੈ? ਕਿਸੇ ਡਾਕਟਰ ਦੁਆਰਾ ਨਿਰੀਖਣ ਤੇ ਪ੍ਰੀਖਣ ਕਰਨ ਮਗਰੋਂ ਜਦੋਂ ਰੋਗੀ ਦੇ ਕਿਸੇ ਰੋਗ ਦੀ ਨਿਸ਼ਾਨਦੇਹੀ ਅਤੇ ਪਛਾਣਦੇਹੀ (diagnosis) ਹੋ ਜਾਏ ਤਾਂ ਇਲਾਜ ਦੇ ਹਰ ਨੁਕਤੇ ਬਾਰੇ ਤੇ ਇਲਾਜ ਦੌਰਾਨ ਅਣਗਿਹਲੀ ਬਾਰੇ ਡਾਕਟਰ ਰੋਗੀ ਨੂੰ ਚੇਤੰਨ ਕਰ ਦਿੰਦਾ ਹੈ। ਕਈ ਰੋਗਾਂ ਵਿੱਚ ਚੇਤਨਾ ਸਦਕਾ ਸਾਵਧਾਨੀ ਤੇ ਪਰਹੇਜ਼ ਕਰਕੇ ਰੋਗ ਤੋਂ ਬਚਿਆ ਜਾ ਸਕਦਾ ਹੈ। ਕਈ ਵਾਰ ਸੁਣੀਂਦਾ ਹੈ ਕਿ ਇਲਾਜ ਤੋਂ ਵੱਧ ਜ਼ਰੂਰੀ ਪਰਹੇਜ਼ ਹੈ। ਪਰਹੇਜ਼ ਤਾਂ ਹੀ ਕੀਤਾ ਜਾਵੇਗਾ ਜੇਕਰ ਰੋਗੀ ਰੋਗ ਦੇ ਕਾਰਨਾਂ ਅਤੇ ਪਰਹੇਜ਼ ਦੇ ਕਾਰਨਾਂ, ਰੋਗ ਦੇ ਸਿੱਟਿਆਂ

ਅਤੇ ਸਾਵਧਾਨੀਆਂ ਬਾਰੇ ਸੁਚੇਤ ਹੋਵੇਗਾ। ਠੀਕ ਇਹੀ ਸਿਧਾਂਤ ਵਾਤਾਵਰਨ 'ਤੇ ਵੀ ਲਾਗੂ ਹੁੰਦਾ ਹੈ। ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਵਾਲੀਆਂ ਕ੍ਰਿਆਵਾਂ 'ਤੇ ਜੇਕਰ ਨਕੇਲ ਕੱਸੀ ਜਾਵੇ ਤਾਂ ਭਵਿੱਖਤ ਪੰਧ ਨੂੰ ਸੁਰੱਖਿਅਤ ਕੀਤਾ ਜਾ ਸਕਦਾ ਹੈ। ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਹਰ ਨਿੱਕੀ ਤੋਂ ਨਿੱਕੀ ਕੋਸ਼ਿਸ਼ ਵੀ ਮਹੱਤਵਪੂਰਨ ਹੈ। ਅਜਿਹੀ ਸੋਚ ਵੱਡੇ ਪੈਮਾਨੇ 'ਤੇ ਤਾਂ ਹੀ ਉਪਜੇਗੀ ਜੇ ਵਾਤਾਵਰਨ ਪ੍ਰਤੀ ਚੇਤਨਾ ਦਾ ਸੰਚਾਰ ਅਤੇ ਪ੍ਰਸਾਰ ਹੋਵੇਗਾ। ਇਸ ਪ੍ਰਕਾਰ ਵਾਤਾਵਰਨ ਚੇਤਨਾ ਨੂੰ ਜਨ-ਮਾਨਸ ਤੱਕ ਪਹੁੰਚਾਉਣ ਦਾ ਜ਼ਿੰਮਾ ਸਰਕਾਰੀ ਤੇ ਗ਼ੈਰ-ਸਰਕਾਰੀ ਸੰਸਥਾਵਾਂ, ਵਾਤਾਵਰਨੀ ਸੁਸਾਇਟੀਆਂ, ਸਿੱਖਿਅਕ ਅਦਾਰਿਆਂ, ਸਵੈ-ਸੇਵੀ ਅਦਾਰਿਆਂ, ਵਣ ਤੇ ਸਿਹਤ ਵਿਭਾਗ ਦੇ ਨਾਲੋਂ-ਨਾਲ ਹਰ ਖ਼ਾਸੋ-ਆਮ ਸ਼ਖਸ ਦਾ ਹੈ, ਜੋ ਸ਼ੁੱਧ ਹਵਾ ਤੇ ਸ਼ੁੱਧ ਜਲ ਗ੍ਰਹਿਣ ਕਰਨ ਲਈ ਅਪਣਾ ਹੱਕ ਸਮਝਦਾ ਹੈ। ਜੇਕਰ ਇੱਕ ਚੇਤੰਨ ਵਿਅਕਤੀ ਅੱਗੇ ਦੋ-ਚਾਰਾਂ ਨੂੰ ਵੀ ਜਾਗ੍ਰਿਤ ਕਰ ਸਕੇ ਤਾਂ ਇਹ ਲੜੀਵਾਰ ਕ੍ਰਮ ਨਿਸ਼ਚਿਤ ਹੀ ਹਾਂ-ਪੱਖੀ ਨਤੀਜੇ ਲੈ ਕੇ ਆ ਸਕਦਾ ਹੈ। ਲਿਖਤੀ ਰੂਪ ਵਿੱਚ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਦੁਆਰਾ ਵਾਤਾਵਰਨ ਪ੍ਰਤੀ ਚੇਤਨਾ ਦਾ ਅੰਸ਼ ਪ੍ਰਾਪਤ ਹੁੰਦਾ ਹੈ। ਪਿਛਲੀ ਸਦੀ ਦੇ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਮੂਲ ਪ੍ਰਕਿਰਤੀ ਪ੍ਰੇਮ, ਪ੍ਰਕਿਰਤੀ ਸੁੰਦਰਤਾ ਅਤੇ ਉਸਦੀ ਪ੍ਰਸ਼ੰਸ਼ਾ ਵਿੱਚ ਸੀਮਤ ਸੀ। ਵਕਤ ਗੁਜ਼ਰਦਾ ਗਿਆ, ਪਾਣੀ ਗੰਧਲੇ ਹੁੰਦੇ ਗਏ, ਦਰਿਆ ਸੁੱਕਦੇ ਗਏ, ਹਵਾ ਜ਼ਹਿਰੀਲੀ ਹੁੰਦੀ ਗਈ। ਫ਼ਸਲਾਂ ਅਪ੍ਰਕਿਰਤਿਕ ਹੁੰਦੀਆਂ ਗਈਆਂ, ਮਨੁੱਖ ਦੀ ਹਵਸ ਨੇ ਜੰਗਲ ਵੀਰਾਨ ਕਰ ਦਿੱਤੇ, ਜੰਗਲੀ ਜੀਵਾਂ ਦੇ ਘਰ ਖੁੱਸ ਗਏ। ਨਦੀਆਂ ਦੇ ਕਿਨਾਰਿਆਂ 'ਤੇ ਪਿਕਨਿਕ ਲਈ ਹੋਟਲ ਉੱਸਰ ਗਏ, ਧੂੰਏਂ ਦੇ ਰਾਕਸ਼ ਸਾਹ ਘੁੱਟਣ ਲੱਗ ਪਏ ਅਤੇ ਵਿਕਾਸ ਤੇ ਅੰਨ੍ਹੇ ਘੋੜੇ ਨੇ ਅਜੋਕੀ ਸਦੀ ਦੇ ਆਧੁਨਿਕ ਮਨੁੱਖ ਨੂੰ ਪਸਤ ਕਰ ਛੱਡਿਆ। ਵਾਤਾਵਰਨ ਸੰਬੰਧੀ ਜਿੰਨੀ ਕੁ ਚੇਤਨਾ ਆਮ ਵਿਅਕਤੀ ਨੂੰ ਹੈ; ਉਹ ਏਨੀ ਅਪਰਪੱਕ ਹੈ ਕਿ ਲਾਲਚ ਦਾ ਪਾਸਾ ਅਜੇ ਵੀ ਉਸ ਉੱਪਰ ਭਾਰੂ ਹੈ।

ਚੇਤਨਾ ਦੇ ਸ਼ਾਬਦਿਕ ਅਰਥ ਹਨ: 'ਬੁੱਧੀ, ਸਮਝ, ਚੇਤਨਤਾ'। ਪੰਜਾਬੀ ਵਿੱਚ ਈਕੋ-ਕ੍ਰਿਟਿਸਿਜ਼ਮ ਨੂੰ ਅਸੀਂ ਵਾਤਾਵਰਨ ਚੇਤਨਾ ਨਾਲ ਸੰਬੰਧਤ ਹੋਣ ਕਰਕੇ ਵਾਤਾਵਰਨ-ਚੇਤਨ ਆਲੋਚਨਾ ਵੀ ਆਖ ਸਕਦੇ ਹਾਂ, ਪੰਜਾਬੀ ਵਿੱਚ ਵਾਤਾਵਰਨ ਪ੍ਰਤੀ ਚੇਤਨਾ ਬਹੁਤ ਘੱਟ ਹੈ। ਇਸ ਸਮੇਂ ਜੋ ਚੇਤਨਾ ਪੈਦਾ ਹੋਈ ਹੈ, ਉਹ ਇੱਕ

ਪਾਸੇ ਤਾਂ ਠੋਸ ਜੀਵਨ ਹਾਲਤਾਂ ਦੇ ਪ੍ਰਦੂਸ਼ਤ ਹੋ ਜਾਣ ਨਾਲ ਆਈ ਹੈ, ਖ਼ਾਸ ਕਰਕੇ ਧਰਤੀ ਹੇਠਲੇ ਪਾਣੀ ਦੇ ਘਟਣ ਨਾਲ, ਪੀਣ ਵਾਲੇ ਪਾਣੀ ਦੇ ਦੂਸ਼ਿਤ ਹੋ ਜਾਣ ਨਾਲ, ਹਵਾ ਵਿੱਚ ਅਣ-ਲੋੜੀਂਦੇ ਕਣਾਂ ਅਤੇ ਗੈਸ ਦੀ ਮਾਤਰਾ ਵਧ ਜਾਣ ਨਾਲ ਅਤੇ ਅਜਿਹੇ ਹੀ ਹੋਰ ਦਿਸਦੇ ਪ੍ਰਦੂਸ਼ਣ ਕਾਰਨ ਚੇਤਨਾ ਵਧੀ ਹੈ ਪਰ ਅਸਲ ਚੇਤਨਾ ਇਸ ਵਾਤਾਵਰਨ ਪ੍ਰਦੂਸ਼ਣ ਨਾਲ ਮਨੁੱਖੀ ਸਿਹਤ ਅਤੇ ਰਹਿਣ ਸਹਿਣ 'ਤੇ ਪਏ ਪ੍ਰਭਾਵਾਂ ਦਾ ਪ੍ਰਤੀਫਲ ਹੈ ਜਿਸ ਵਿੱਚੋਂ ਪ੍ਰਮੁੱਖ ਕਪਾਹ-ਪੱਟੀ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਕਾਰਨ ਪੈਦਾ ਹੋਇਆ ਕੈਂਸਰ ਅਤੇ ਸ਼ਹਿਰੀ ਅਬਾਦੀ ਵਿੱਚ ਵੱਡੀ ਪੱਧਰ 'ਤੇ ਪੈਦਾ ਹੋਈਆਂ ਸਾਹ ਦੀਆਂ ਬੀਮਾਰੀਆਂ ਹਨ। ਇਸੇ ਵਾਤਾਵਰਨ ਸੰਬੰਧੀ ਪੈਦਾ ਹੋਈ ਚੇਤਨਾ ਦੇ ਨਾਲੋਂ ਨਾਲ ਸੰਸਾਰ ਪੱਧਰ ਉੱਪਰ ਨਵੀਂ ਪੈਦਾ ਹੋਈ ਚੇਤਨਾ ਤੇ ਉਸਦੇ ਸਿੱਟੇ ਵਜੋਂ ਪੈਦਾ ਹੋਏ ਸਰਕਾਰੀ ਅਤੇ ਗੈਰ ਸਰਕਾਰੀ ਯਤਨ ਹੋ ਰਹੇ ਹਨ।

ਇੱਕੀਵੀਂ ਸਦੀ ਦੇ ਵਾਤਾਵਰਨ ਚੇਤਨਾ ਦਾ ਪ੍ਰਤੱਖ ਸੰਬੰਧ ਵਾਤਾਵਰਨੀ ਸੰਕਟ ਅਤੇ ਇਸ ਵਿੱਚੋਂ ਉਪਜੀਆਂ ਅਨੇਕਾਂ ਸਿਹਤ ਸਮੱਸਿਆਵਾਂ ਨਾਲ ਹੈ। ਆਧੁਨਿਕ ਵਿਚਾਰਧਾਰਾ ਕੁਦਰਤ-ਵਿਰੋਧੀ ਕਾਰੇ ਕਰਦੀ ਰਹਿੰਦੀ ਹੈ। ਸ਼ਹਿਰੀਕਰਨ ਖੁੱਲ੍ਹੇ ਆਮ ਪ੍ਰਕਿਰਤੀ ਦੀ ਲੁੱਟ-ਖੋਹ ਕਰਦਾ ਹੈ। ਕਾਨੂੰਨ ਕਿਤਾਬਾਂ ਅਤੇ ਫਾਈਲਾਂ ਵਿੱਚ ਬੰਨ੍ਹੇ ਪਏ ਹਨ ਤੇ ਅਕਲ ਦੇ ਘੋੜੇ ਜੀਵਨ ਦਾ ਹਰਿਆ ਭਰਿਆ ਖੇਤ ਉਜਾੜ ਰਹੇ ਹਨ। ਮੌਜੂਦਾ ਵਾਤਾਵਰਨ ਚੇਤਨਾ ਦਾ ਆਰੰਭ ਤਾਂ ਹਰੇ ਇਨਕਲਾਬ ਦੇ ਪੀਲੇ ਪੈ ਜਾਣ ਤੋਂ ਬਾਅਦ ਦਾ ਵਰਤਾਰਾ ਹੈ। ਪੰਜਾਬ ਵਿੱਚ ਘਣੀ ਖੇਤੀ ਪ੍ਰੋਗਰਾਮ ਅਧੀਨ ਟਿਊਬਵੈਲ ਲੱਗੇ। ਕੀਟਨਾਸ਼ਕਾਂ ਤੇ ਨਦੀਨ-ਨਾਸ਼ਕਾਂ ਦਾ ਜੰਗੀ ਪੱਧਰ ਤੇ ਪ੍ਰਯੋਗ ਹੋਇਆ ਇਸਦੇ ਨਾਲ ਹੀ ਉਦਯੋਗੀਕਰਨ ਹੋਇਆ ਅਤੇ ਇਸ ਦੇ ਸਿੱਟੇ ਵਜੋਂ ਪੰਜਾਬ ਦੀ ਹਵਾ, ਧਰਤੀ ਤੇ ਪਾਣੀ ਤਿੰਨੋਂ ਹੀ ਪ੍ਰਦੂਸ਼ਿਤ ਹੁੰਦੇ ਗਏ। ਇਸ ਸਬੰਧੀ ਚੇਤਨਾ ਸਾਡੇ ਕਵੀਆਂ ਵਿੱਚ ਆਈ ਜਿਸ ਦਾ ਪ੍ਰਗਟਾਵਾ ਪਿਛਲੀ ਸਦੀ ਦੇ ਆਖ਼ਰੀ ਦਹਾਕੇ ਵਿੱਚ ਹੋਣ ਲੱਗ ਪਿਆ ਸੀ।

ਪੰਜਾਬ ਦੀ ਚੇਤਨਾ ਵਿੱਚ ਧਰਤੀ ਨੂੰ ਮਾਂ ਵਾਂਗਰ ਸਤਿਕਾਰਨ ਦੀ ਰੀਤ ਹੈ। ਰੁੱਖਾਂ ਨੂੰ ਪਿਓ ਵਰਗੇ ਪਰ-ਉਪਕਾਰੀ ਤੇ ਦਾਨੇ ਮੰਨਿਆ ਜਾਂਦਾ ਹੈ। ਵਰਤਮਾਨ ਪੰਜਾਬੀ ਵਾਤਾਵਰਨ ਚੇਤਨਾ ਦੀ ਉਸਾਰੀ ਤਿੰਨ ਪੱਖੀ ਹੋ ਰਹੀ ਹੈ। ਇਸ ਵਿੱਚ ਪ੍ਰਕਿਰਤੀ ਦਾ ਵਰਨਣ ਹੈ,ਉਸ ਦੇ ਦੂਸ਼ਿਤ ਹੋ ਜਾਣ ਦਾ ਸੰਤਾਪ ਵੀ ਹੈ ਤੇ ਉਸ ਨੂੰ ਮੁੜ-

ਸੁਰਜੀਤ ਕਰਨ ਦਾ ਪੈਗਾਮ ਵੀ ਹੈ। ਵਾਤਾਵਰਨਿਕ ਚੇਤਨਾ ਦੀ ਇਹ ਵੇਲ ਜਿਉਂ-ਜਿਉਂ ਵਿਕਸਿਤ ਹੁੰਦੀ ਜਾਵੇਗੀ ਤਿਉਂ-ਤਿਉਂ ਹਰ ਵਿਅਕਤੀ ਵਾਤਾਵਰਨ ਪ੍ਰਤੀ ਮਜ਼ਬੂਰੀ ਵੱਸ ਨਾ ਹੋ ਕੇ ਸਗੋਂ ਕਰੱਤਵ ਪੂਰਤੀ ਲਈ ਹੰਭਲੇ ਮਾਰੇਗਾ।

**1.8.3 ਸਮੀਖਿਆ**

ਸਮੀਖਿਆ ਸ਼ਬਦ ਹਿੰਦੀ ਜਗਤ ਵਿੱਚੋਂ ਲਿਆ ਗਿਆ ਹੈ। ਸਮੀਖਿਆ ਭਾਵ ਸ਼ਬਦ ਮੂਲ ਧਾਤੂ 'ਈਕਸ਼ਾ' ਤੋਂ ਲਿਆ ਗਿਆ ਹੈ। 'ਈਕਸ਼ਾ' ਭਾਵ ਦ੍ਰਿਸ਼ਟੀ 'ਸਮ' ਭਾਵ ਸਾਰੇ ਪੱਖਾਂ ਨੂੰ ਸਮਾਨ (ਨਿਰਪੱਖ) ਭਾਵ ਨਾਲ ਵਿਚਾਰਨਾ। ਭਾਵੇਂ 'ਆਲੋਚਨਾ ਅਤੇ ਸਮੀਖਿਆ' ਦੇ ਸ਼ਾਬਦਿਕ ਅਰਥ ਲਗਭਗ ਮਿਲਦੇ-ਜੁਲਦੇ ਹਨ ਪਰ ਫਿਰ ਵੀ ਇਹਨਾਂ ਵਿੱਚ ਕੁਝ ਅੰਤਰ ਹਨ। ਕੁਝ ਵਿਦਵਾਨ ਸਮੀਖਿਆ ਨੂੰ ਵੱਧ ਵਿਆਪਕ ਰੂਪ ਪ੍ਰਵਾਨ ਕਰਦੇ ਹਨ ਪਰ ਵਿਵਹਾਰਿਕ ਰੂਪ ਵਿੱਚ ਆਲੋਚਨਾ ਅਤੇ ਸਮੀਖਿਆ ਦਾ ਪ੍ਰਯੋਗ ਲਗਭੱਗ ਇੱਕੋ ਜਿਹਾ ਹੀ ਹੁੰਦਾ ਹੈ।

ਡਾ. ਹਰਿਭਜਨ ਨੇ ਆਪਣੀ ਪੁਸਤਕ 'ਸਿਸਟਮੀ' ਵਿਚਲੇ ਮਜ਼ਮੂਨ 'ਆਲੋਚਨਾ ਤੇ ਸਮੀਖਿਆ ਨੂੰ ਸੰਕਲਪ ਵਜੋਂ ਵਰਤਣ ਦਾ ਸੁਝਾਓ ਦਿੱਤਾ ਸੀ। ਉਸ ਅਨੁਸਾਰ ਆਲੋਚਨਾ ਸਾਹਿਤ ਦਾ ਅਧਿਐਨ ਆਪਣੀਆਂ ਸ਼ਰਤਾਂ ਉੱਪਰ ਕਰਦੀ ਹੈ; ਸਾਹਿਤ ਦੀਆਂ ਸ਼ਰਤਾਂ ਉੱਪਰ ਨਹੀਂ, ਅਰਥਾਤ ਸਾਹਿਤ ਦਾ ਅਧਿਐਨ ਸਾਹਿਤ ਸ਼ਰਤਾਂ ਉੱਪਰ ਕਰਨਾ ਸਮੀਖਿਆ ਹੈ। ਉਸ ਨੇ ਕੇਵਲ ਸਾਹਿਤ-ਕੇਂਦਰਿਤ ਜਾਂ ਸਾਹਿਤਕਤਾ ਅਧਾਰਿਤ ਕਾਰਜ ਨੂੰ ਹੀ ਸਮੀਖਿਆ ਮੰਨ੍ਹਿਆ ਹੈ। ਕੁਝ ਚਿੰਤਕ ਆਲੋਚਨਾ ਨੂੰ ਕ੍ਰਿਟਿਸਿਜ਼ਮ (ਸਿਧਾਂਤਕ) ਅਤੇ ਸਮੀਖਿਆ ਨੂੰ ਵਿਹਾਰਕ ਜਾਂ ਪਾਠਗਤ ਅਧਿਐਨ ਨਾਲ ਜੋੜ ਕੇ ਵੇਖਦੇ ਹਨ।

**1.8.4 ਵਾਤਾਵਰਨ ਸੰਕਟ**

ਵਾਤਾਵਰਨ ਇੱਕ ਵਿਚਾਰਧਾਰਾ ਹੈ ਜੋ ਪੂਰੇ ਵਿਸ਼ਵ ਦੇ ਵਾਤਾਵਰਨੀ ਚਿੰਤਕਾਂ ਅਤੇ ਉੱਦਮੀਆਂ ਨੂੰ ਵਾਤਾਵਰਨ ਬਚਾਉਣ ਲਈ ਪ੍ਰੇਰਨਾ ਕਰਦੀ ਹੈ। ਵਾਤਾਵਰਨਵਾਦ ਦੇ ਪਰਚਮ ਹੇਠ ਵਿਵਹਾਰਕ ਸਮੱਸਿਆ ਇਹ ਹੈ ਕਿ ਅਜੋਕੇ ਮਨੁੱਖਾਂ ਨੇ ਕੁਦਰਤੀ ਰਹਿਣ-ਸਹਿਣ ਨੂੰ ਆਪਣੇ ਸੱਭਿਆਚਾਰ ਵਿੱਚ ਸ਼ਾਮਲ ਨਹੀਂ ਕੀਤਾ gngcfcxਹੈ ਜਾਂ ਫਿਰ ਇਹ ਕਹਿਣਾ ਠੀਕ ਹੈ ਕਿ ਵਾਤਾਵਰਨ ਦੀ ਸ਼ੁੱਧਤਾ ਉੱਪਰ ਪੂੰਜੀਵਾਦ ਭਾਰੂ ਹੋ ਗਿਆ ਹੈ। ਯੁਨਾਈਟਿਡ

ਨੇਸ਼ਨਜ਼ ਐਨਵਾਇਰਮੈਂਟ ਪ੍ਰੋਗਰਾਮ ਦੀ 2019 ਦੀ ਇੱਕਤਰਤਾ ਦੇ ਮੌਕੇ 'ਤੇ ਜਨਰਲ ਸੈਕੇਟਰੀ ਐਨਟੋਨੀਓਂ ਗੁਟਰੈਸ ਨੇ ਸਪੱਸ਼ਟ ਸ਼ਬਦਾਂ ਵਿੱਚ ਕੀਤਾ ਹੈ ਕਿ ਕਾਰਬਨ ਦੀ ਅਧਿਕਤਾ ਨੂੰ ਜੇਕਰ ਕਾਬੂ ਨਾ ਕੀਤਾ ਜਾਵੇ ਤਾਂ ਸਮੂਹ ਨਾਗਰਿਕਾਂ ਦੀ ਸਿਹਤ ਅਤੇ ਜੈਵਿਕ-ਵਿਭਿੰਨਤਾ 'ਤੇ ਖ਼ਤਰਾ ਆਉਣਾ ਸੁਭਾਵਿਕ ਹੀ ਹੋਵੇਗਾ। ਐਨਟੋਨੀਓਂ ਦਾ ਕਥਨ ਹੈ :

> ਅਸੀਂ ਮੁਲਕਾਂ ਨੂੰ ਦੱਸ ਰਹੇ ਹਾਂ ਕਿ ਜੇਕਰ ਉਹ ਗ੍ਰੇ ਇਕਾਨਮੀ ਪਿੱਛੇ ਭੱਜਣਗੇ ਤਾਂ ਉਹਨਾਂ ਦਾ ਭਵਿੱਖ ਵੀ ਗ੍ਰੇ ਹੋ ਜਾਵੇਗਾ। ਜ਼ੀਰੋ ਕਾਰਬਨ ਜਾਂ ਮਨਫ਼ੀ ਕਾਰਬਨ ਸਥਿਤੀ ਤੋਂ ਬਿਨਾਂ ਦੇਸ਼ ਨੂੰ ਵਧੇਰੇ ਕੁਦਰਤੀ ਆਫ਼ਤਾਂ, ਲੋਕਾਂ ਦੀ ਸਿਹਤ ਨੂੰ ਖ਼ਤਰਾ ਅਤੇ ਜੀਵ-ਵਿਭਿੰਨਤਾ ਨੂੰ ਭਾਰੀ ਨੁਕਸਾਨ ਦਾ ਸਾਹਮਣਾ ਕਰਨਾ ਪਵੇਗਾ। ਅਸੀਂ ਸਾਰੇ ਉਸ ਪੇਚੀਦੇ ਮੋੜ 'ਤੇ ਖੜ੍ਹੇ ਹਾਂ ਜਿੱਥੇ ਸਾਨੂੰ ਸਾਂਝੇ ਉਪਰਾਲਿਆਂ ਸਦਕਾ ਵਾਤਾਵਰਨ ਬਾਰੇ ਕੰਮ ਕਰਨਾ ਚਾਹੀਦਾ ਹੈ। ਕੁਦਰਤ ਵਿਰੁੱਧ ਜੰਗ ਨੂੰ ਬੰਦ ਕਰਨਾ ਚਾਹੀਦਾ ਹੈ।(ਯੂ. ਐਨ. ਓ. ਰਿਪੋਰਟ, 2019)

ਵਾਤਾਵਰਨ ਪ੍ਰਦੂਸ਼ਣ ਨੂੰ ਕਾਬੂ ਕਰਨ ਲਈ ਸਮੇਂ-ਦਰ-ਸਮੇਂ ਯੂ.ਐਨ. ਵਰਗੀਆਂ ਗਲੋਬਲ ਸੰਸਥਾਵਾਂ ਵਲੋਂ ਨਿਰੰਤਰ ਮੁਹਿੰਮਾਂ ਆਰੰਭੀਆਂ ਜਾਂਦੀਆਂ ਹਨ। ਵਿਸ਼ਵ-ਪੱਧਰ ਤੋਂ ਵੱਖ-ਵੱਖ ਦੇਸ਼ਾਂ ਦੀ ਸ਼ਹਿਰਾਂ ਅਤੇ ਪਿੰਡਾਂ ਵਿੱਚ ਉਹਨਾਂ ਜ਼ਰੂਰੀ ਅਮਲਾਂ ਦੀ ਪੂਰਤੀ ਹੋਣ ਦੀ ਲੋੜ ਹੁੰਦੀ ਹੈ। ਇੰਝ ਇਸ ਕੜੀ ਵਿੱਚ ਸਰਕਾਰਾਂ ਦੇ ਪ੍ਰਬੰਧਨ ਦੇ ਨਾਲ-ਨਾਲ ਨਿੱਜੀ ਸਵੀਕ੍ਰਿਤੀ ਦੀ ਵੀ ਬੇਹੱਦ ਜਰੂਰਤ ਹੁੰਦੀ ਹੈ। ਨੈਰੋਬੀ ਵਿਖੇ ਯੁਨਾਇਟਿਡ ਨੇਸ਼ਨਜ਼ ਐਨਵਾਇਰਨਮੈਂਟ ਅਸੈਂਬਲੀ 2019 ਦੇ ਚੌਥੇ ਸੈਸ਼ਨ ਦੌਰਾਨ ਫ਼ਰਾਂਸ ਦੇ ਪ੍ਰੈਸੀਡੈਂਟ ਇਮਾਨੁਅਲ ਮਾਕਰਨ ਨੇ ਸਭਾ ਨੂੰ ਸੰਬੋਧਿਤ ਕਰਦੇ ਹੋਏ ਆਖਿਆ ਸੀ ਕਿ ਅਸੀ ਆਉਣ ਵਾਲੀਆਂ ਭਵਿੱਖਤ ਪੀੜ੍ਹੀਆਂ ਦੇ ਦੋਖੀ ਨਾ ਬਣੀਏ ਅਤੇ ਸਮੇਂ ਸਿਰ ਸੰਭਲ ਕੇ ਵਾਤਾਵਰਨ ਸੰਭਾਲ ਲਈਏ। ਇਸ ਪ੍ਰਥਾਇ ਮਾਕਰਨ ਨੇ ਬਿਆਨ ਕੀਤਾ ਹੈ:

> ਅਸੀ ਇਹ ਗਲਤ-ਬਿਆਨੀ ਨਹੀਂ ਕਰ ਸਕਦੇ ਕਿ ਸਾਡੀ ਪੀੜ੍ਹੀ ਨੂੰ ਪ੍ਰਕਿਰਤੀ ਦੀ ਤਬਾਹੀ, ਜੀਵ-ਵਿਭਿੰਨਤਾ ਅਤੇ ਪ੍ਰਸਥਿਤੀ ਵਿਵਸਥਾ (ਈਕੋ ਸਿਸਟਮ) ਨੂੰ ਨਸ਼ਟ ਕਰਨ ਦੇ ਨਤੀਜੇ ਨਹੀਂ ਪਤਾ। (ਯੂ.ਐਨ. ਰਿਪੋਰਟ, 2019)

ਆਕਸਫੋਰਡ ਡਿਕਸ਼ਨਰੀ ਦੇ ਵਾਲਿਊਮ 12 ਅਨੁਸਾਰ:

> ਵਾਤਾਵਰਨ ਵਿੱਚ ਕੁਝ ਅਜਿਹੇ ਉਤਪਾਦਾਂ ਦਾ ਮਿਲਾਏ ਜਾਣਾ ਜਾਂ ਮੌਜੂਦ ਹੋਣਾ, ਜਿਹੜੇ ਵਾਤਾਵਰਨ ਉੱਤੇ ਅਣਉਚਿਤ ਅਤੇ ਨੁਕਸਾਨਦਾਇਕ ਪ੍ਰਭਾਵ ਪਾਉਂਦੇ ਹਨ, ਨੂੰ ਪ੍ਰਦੂਸ਼ਣ ਕਹਿੰਦੇ ਹਨ।(43)

ਡਾ. ਸੁਰਜੀਤ ਸਿੰਘ ਢਿੱਲੋਂ ਅਤੇ ਡਾ. ਬਲਜੀਤ ਕੌਰ ਹੋਰਾਂ ਨੇ 'ਵਾਤਾਵਰਨ ਵਿਸ਼ਾ-ਕੋਸ਼' ਵਿੱਚ ਵਾਤਾਵਰਨ ਪ੍ਰਦੂਸ਼ਣ ਬਾਰੇ ਇਸ ਪ੍ਰਕਾਰ ਖੋਲ ਕੇ ਸਮਝਾਇਆ ਹੈ :

> ਜੇਕਰ ਕਿਸੇ ਪ੍ਰਕਾਰ ਦੇ ਜੈਵਿਕ ਰਸਾਇਣਿਕ ਜਾਂ ਵਿਕਰਨੀ ਤੱਤ ਤੇ ਵਾਤਾਵਰਨ 'ਚ ਸਮਾਉਣ ਨਾਲ ਇਸ ਦੇ ਸੁਭਾਅ ਵਿੱਚ ਇਸ ਹੱਦ ਤੱਕ ਅੰਤਰ ਆ ਜਾਵੇ ਕਿ ਇਸ ਅੰਦਰ ਵਿਚਰ ਰਹੇ ਜੀਵ ਨੂੰ ਹਾਨੀ ਪੁੱਜਣ ਲੱਗੇ ਤਦ ਇਸ ਪ੍ਰਕਾਰ ਦੀ ਸਥਿਤੀ ਨੂੰ ਦਰਸਾਉਣ ਲਈ ਉਪਰੋਕਤ ਸ਼ਬਦ ਵਰਤਿਆ ਜਾਂਦਾ ਹੈ। ਜਿਸ ਦੇ ਸ਼ਾਬਦਿਕ ਅਰਥ ਮਲੀਨਤਾ ਅਤੇ ਗੰਦਗੀ ਲਏ ਜਾਂਦੇ ਹਨ।(259)

ਲੋੜ ਤੋਂ ਵੱਧ ਮਿਕਦਾਰ ਅਤੇ ਰਫ਼ਤਾਰ ਵਾਲਾ ਤਕਨੀਕੀ ਵਿਕਾਸ ਹੌਲੀ-ਹੌਲੀ ਵਾਤਾਵਰਨ ਸੰਤੁਲਨ ਨੂੰ ਖੋਖਲਾ ਕਰ ਛੱਡਦਾ ਹੈ। ਵਿਕਾਸ ਦੇ ਪਰਚਮ ਹੇਠ ਗ੍ਰੇ-ਇਕਾਨਮੀ ਅਤੇ ਸ਼ੈਡੋਅ-ਇਕਾਨਮੀ ਵਰਗੀਆਂ ਭਾਗਦਾਰੀਆਂ ਕਰਕੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੀ ਦਰ ਵਿੱਚ ਵਾਧਾ ਹੁੰਦਾ ਹੈ। ਅਬਦੁੱਲਾ ਬਲੋਚ ਅਤੇ ਹੋਰਾਂ ਵਲੋਂ ਖੋਜ ਪੱਤਰ ਵਿੱਚ ਇਹ ਸਪੱਸ਼ਟ ਕੀਤਾ ਗਿਆ ਹੈ ਕਿ ਉਕਤ ਕਾਰਵਾਈਆਂ ਕਰਕੇ ਵਾਤਾਵਰਨ ਨੂੰ ਬਹੁਤ ਨੁਕਸਾਨ ਝੱਲਣਾ ਪੈਂਦਾ ਹੈ।

ਵਾਤਾਵਰਨ ਵਿੱਚ ਸਭ ਤੋਂ ਵੱਡੀ ਚੁਣੌਤੀ ਉਸ ਸੀਮਾ-ਰੇਖਾ ਦੀ ਨਿਸ਼ਾਨਦੇਹੀ ਕਰਨੀ ਹੈ, ਜਿਸ 'ਤੇ ਪੁੱਜ ਕੇ ਵਾਤਾਵਰਨਵਾਦੀ ਇੱਕ ਸੁਖਾਵਾਂ ਪਰਿਵਰਤਨ ਲਿਆਉਣਾ ਚਾਹੁੰਦੇ ਹਨ। ਵਾਤਾਵਰਨਵਾਦ ਸਮਾਜ ਨਾਲ ਸੰਬੰਧਿਤ ਹੁੰਦਾ ਹੋਇਆ ਵੀ ਦਰਸ਼ਨ ਸ਼ਾਸ਼ਤਰ ਨਾਲ ਜਾ ਜੁੜਦਾ ਹੈ। ਪਰ ਇਸ ਔਕੜ ਨੂੰ ਹੱਲ ਕਰਨ ਲਈ ਵਾਤਾਵਰਨਿਕ ਸੱਭਿਆਚਾਰ ਨੂੰ ਰੋਜ਼-ਮੱਰ੍ਹਾ ਦਾ ਲਾਜ਼ਮੀ ਅੰਗ ਬਣਾਉਣਾ ਪਵੇਗਾ। ਵਾਤਾਵਰਨ ਪ੍ਰਦੂਸ਼ਣ ਨੂੰ ਸਮਝਣ ਲਈ ਵੱਖ-ਵੱਖ ਵਿਦਵਾਨਾਂ ਅਤੇ ਚਿੰਤਕਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਹਨ। ਡਾ. ਅੰਗਰੇਜ ਸਿੰਘ

ਵਿਰਕ ਨੇ ਆਪਣੇ ਖੋਜ ਪ੍ਰਬੰਧ 'ਸਾਹਿਤ ਅਤੇ ਸੱਭਿਆਚਾਰ ਵਿੱਚ ਵਾਤਵਰਨ ਚੇਤਨਾ' ਅਧੀਨ ਪ੍ਰਦੂਸ਼ਣ ਬਾਬਤ ਬਿਆਨ ਕੀਤਾ ਹੈ :

> ਵਾਤਾਵਰਨ ਪ੍ਰਦੂਸ਼ਣ ਦਾ ਸਰਲ ਜਿਹਾ ਅਰਥ ਹੈ ਵਾਤਾਵਰਨ ਦਾ ਦੂਸ਼ਿਤ ਹੋਣਾ ਜਾਂ ਗੰਧਲਾ ਹੋਣਾ। ਜਦੋਂ ਚੁਗਿਰਦੇ ਵਿੱਚ ਅਣਚਾਹੀਆਂ ਅਤੇ ਨਾ-ਮੁਨਾਸਿਬ ਤਬਦੀਲੀਆਂ ਵਾਪਰਦੀਆਂ ਹਨ ਤਾਂ ਵਾਤਾਵਰਨ ਸੰਤੁਲਨ ਵਿਗੜ ਜਾਂਦਾ ਹੈ ਅਤੇ ਇਹ ਬ੍ਰਹਿਮੰਡ ਦੇ ਜੈਵਿਕ ਅਤੇ ਅਜੈਵਿਕ ਪ੍ਰਬੰਧਨ ਨੂੰ ਪ੍ਰਭਾਵਿਤ ਕਰਦਾ ਹੈ। ਪ੍ਰਦੂਸ਼ਣ ਸ਼ਬਦ ਲਾਤੀਨੀ ਭਾਸ਼ਾ ਦੇ ਸ਼ਬਦ ਪਲਿਊਟੈਨਮ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ 'ਗੰਦਾ ਕਰ ਦੇਣਾ।' ਪ੍ਰਦੂਸ਼ਣ ਸ਼ਬਦ ਹਿੰਦੀ ਦੇ ਮੂਲ ਧਾਤੂ (ਪਰਾ) ਭਾਵ ਪੂਰੀ ਤਰ੍ਹਾਂ ਦੇ ਅੱਗੇ (ਦੋਸ਼) ਅਗੇਤਰ ਲਗਾ ਕੇ ਬਣਿਆ ਹੈ। ਦੋਸ਼ ਭਾਵ ਦੂਸ਼ਿਤ ਤੇ ਦੋਸ਼-ਯੁਕਤ ਅਤੇ ਪਰਾ ਭਾਵ ਮੁਕੰਮਲ ਤੌਰ 'ਤੇ – ਇਸ ਪ੍ਰਕਾਰ ਪ੍ਰਦੂਸ਼ਣ ਤੋਂ ਭਾਵ ਹੈ ਕਿ ਕਿਸੇ ਚੀਜ਼ ਨੂੰ ਬਿਲਕੁਲ ਹੀ ਗੰਦਾ/ਮੈਲਾ ਕਰ ਦੇਣਾ ਜੋ ਕਿ ਵਰਤੋਂ ਦੇ ਯੋਗ ਨਾ ਰਹੇ ਅਤੇ ਬਹੁਤ ਜ਼ਿਆਦਾ ਖ਼ਰਾਬ ਹੋ ਜਾਵੇ। (19)

ਵਾਤਾਵਰਨ ਸਮੱਸਿਆਵਾਂ ਦੇ ਸੰਦਰਭ ਵਿੱਚ ਰਚੇ ਗਏ ਲੇਖਾਂ ਦਾ ਸੰਪਾਦਨ ਕਰਦੇ ਹੋਏ ਡਾ. ਸਤੀਸ਼ ਕੁਮਾਰ ਵਰਮਾ ਨੇ ਪੁਸਤਕ 'ਵਾਤਾਵਰਣ ਚੇਤਨਾ' ਵਿੱਚ ਪ੍ਰਦੂਸ਼ਣ ਨੂੰ ਵਿਆਪਕ ਰੂਪ ਵਿੱਚ ਇਸ ਪ੍ਰਕਾਰ ਸੰਕਲਪਿਤ ਕੀਤਾ ਹੈ:

> ਮਨੁੱਖ ਦੁਆਰਾ ਕੀਤੀਆਂ ਉਹ ਸਾਰੀਆਂ ਕਾਰਵਾਈਆਂ ਦੇ ਸਿੱਟੇ ਜਿਨ੍ਹਾਂ ਨਾਲ ਕੁਦਰਤੀ ਸਮਤੋਲ ਉੱਪਰ ਅਜਿਹਾ ਪ੍ਰਭਾਵ ਪੈਂਦਾ ਹੈ ਜੋ ਮੋੜਵੇਂ ਰੂਪ ਵਿੱਚ ਮਨੁੱਖ ਦੇ ਜੀਵਨ ਪੱਧਰ ਉੱਪਰ ਮਾਰੂ ਅਸਰ ਪਾਉਂਦਾ ਹੈ; ਨੂੰ ਪ੍ਰਦੂਸ਼ਣ ਸਮਝਿਆ ਜਾ ਸਕਦਾ ਹੈ।(9)

ਡਾ. ਡੀ.ਪੀ. ਸਿੰਘ ਆਪਣੀ ਪੁਸਤਕ 'ਵਾਤਾਵਰਣ ਪ੍ਰਦੂਸ਼ਣ' ਅਧੀਨ ਪ੍ਰਦੂਸ਼ਣ ਪੈਦਾ ਕਰਨ ਵਾਲੇ ਕਾਰਕਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਪ੍ਰਦਾਨ ਕਰਦੇ ਹਨ। ਡਾ. ਡੀ.ਪੀ. ਸਿੰਘ ਅਨੁਸਾਰ:

> ਉਹ ਸਾਰੇ ਪਦਾਰਥ, ਜੋ ਹਵਾ, ਪਾਣੀ ਅਤੇ ਮਿੱਟੀ ਦੇ ਕੁਦਰਤੀ ਗੁਣਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ ਜਾਂ ਜ਼ਹਿਰੀਲੇ ਮਾਦੇ ਦਾ ਨਿਕਾਸ ਕਰਦੇ ਹਨ, ਜੋ ਮਨੁੱਖ, ਪੌਦੇ ਤੇ ਪੰਛੀਆਂ ਨੂੰ ਨੁਕਸਾਨ ਪਹੁੰਚਾਉਣ ਦਾ ਕਾਰਨ ਬਣਦੇ ਹਨ ਨੂੰ 'ਪ੍ਰਦੂਸ਼ਣ ਕਰਤਾ' ਕਿਹਾ ਜਾਂਦਾ ਹੈ(23)

ਵਾਤਾਵਰਨ ਪ੍ਰਦੂਸ਼ਣ ਨੂੰ ਜੇ ਸੌਖੇ ਰੂਪ ਵਿੱਚ ਪਰਿਭਾਸ਼ਿਤ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਮਨੁੱਖ ਦੁਆਰਾ ਕੀਤੀਆਂ ਉਹ ਸਾਰੀਆਂ ਕਾਰਵਾਈਆਂ ਦੇ ਸਿੱਟੇ ਜਿਨ੍ਹਾਂ ਨਾਲ ਕੁਦਰਤੀ ਸਮਤੋਲ ਉੱਪਰ ਅਜਿਹਾ ਪ੍ਰਭਾਵ ਪੈਂਦਾ ਹੈ ਜੋ ਮੋੜਵੇਂ ਰੂਪ ਵਿੱਚ ਮਨੁੱਖ ਦੇ ਜੀਵਨ ਪੱਧਰ ਉੱਪਰ ਮਾਰੂ ਅਸਰ ਪਾਉਂਦਾ ਹੈ, ਨੂੰ ਪ੍ਰਦੂਸ਼ਣ ਸਮਝਿਆ ਜਾ ਸਕਦਾ ਹੈ। ਉਦਾਹਰਨ ਵਜੋਂ ਅੱਗ ਜਲਾਉਣਾ ਤਾਂ ਮਾਨਵੀ ਸੱਭਿਅਤਾ ਦਾ ਆਦਿ ਕਾਲੀਨ ਵਰਤਾਰਾ ਹੈ ਪਰੰਤੂ ਹੁਣ ਆਧੁਨਿਕ ਯੁੱਗ ਵਿੱਚ ਤਾਪ ਘਰਾਂ, ਪ੍ਰਮਾਣੂ ਧਮਾਕਿਆਂ, ਇੰਜਣਾਂ, ਮੋਟਰਕਾਰਾਂ ਵਿੱਚ ਜੋ ਬਾਲਣ ਬਲ ਰਿਹਾ ਹੈ, ਇਸ ਦੇ ਸਿੱਟੇ ਵਜੋਂ ਪੈਦਾ ਹੋਇਆ ਗੈਸਾਂ ਨੂੰ ਕੁਦਰਤ ਤਾਂ ਝੱਲ ਰਹੀ ਹੀ ਹੈ ਅਤੇ ਝੱਲ ਲਵੇਗੀ ਪਰ ਖ਼ੁਦ ਮਨੁੱਖ ਝੱਲਣ ਤੋਂ ਅਸਮਰੱਥ ਹੈ। ਆਧੁਨਿਕ ਸਭਿੱਅਤਾ ਦਾ ਪੈਦਾ ਕੀਤਾ ਵਾਤਾਵਰਨ ਪ੍ਰਦੂਸ਼ਣ ਮਨੁੱਖੀ ਨਸਲ ਲਈ ਹੀ ਨਹੀਂ ਸਗੋਂ ਸਮੁੱਚੇ ਜੀਵਾਂ ਲਈ ਮਾਰੂ ਹੋਈ ਜਾ ਰਿਹਾ ਹੈ।

ਡਾ. ਸਤੀਸ਼ ਕੁਮਾਰ ਵਰਮਾ ਹੋਰਾਂ ਨੇ ਆਪਣੀ ਸੰਪਾਦਿਤ ਪੁਸਤਕ 'ਵਾਤਾਵਰਣੀ ਚੇਤਨਾ' ਅਧੀਨ ਇਹ ਦ੍ਰਿੜ ਕਰਵਾਇਆ ਹੈ ਕਿ ਮਨੁੱਖੀ ਅਸਾਵੀਆਂ ਕਾਰਵਾਈਆਂ,ਵੱਧਦੀ ਅਬਾਦੀ ਅਤੇ ਸ਼ਹਿਰੀਕਰਨ ਸਦਕਾ ਪ੍ਰਦੂਸ਼ਣ ਕਈ ਗੁਣਾ ਵੱਧ ਰਿਹਾ ਹੈ। ਇਸ ਸੰਦਰਭ ਵਿੱਚ ਡਾ. ਵਰਮਾ ਦਾ ਕਥਨ ਹੈ ਕਿ:

> ਵਾਤਾਵਰਨੀ ਪ੍ਰਦੂਸ਼ਣ ਦਾ ਅਰਥ ਸਿੱਧੇ ਜਾਂ ਅਸਿੱਧੇ ਤਰੀਕੇ ਨਾਲ ਮਨੁੱਖ ਵਲੋਂ ਫਾਲਤੂ ਵਸਤਾਂ ਜਾਂ ਊਰਜਾ ਨੂੰ ਵਾਤਾਵਰਨ ਵਿੱਚ ਮਿਲਾਉਣਾ ਜਾਂ ਸੁੱਟਣਾ ਹੈ। ਜਿਹੜੀਆਂ ਮਨੁੱਖ ਅਤੇ ਦੂਸਰੇ ਜੀਵਾਂ ਲਈ ਹਾਨੀਕਾਰਕ ਹੁੰਦੀਆਂ ਹਨ। ਵਾਤਾਵਰਨ ਪ੍ਰਦੂਸ਼ਣ ਦੇ ਕਈ ਸਰੋਤ ਹਨ। ਜਿਹਨਾਂ ਵਿੱਚੋਂ ਸਮਾਜਿਕ, ਆਰਥਿਕ ਅਤੇ ਤਕਨੀਕੀ ਸਰੋਤ ਪ੍ਰਮੁੱਖ ਹਨ। ਵਧਦੀ ਵਸੋਂ, ਸ਼ਹਿਰੀਕਰਨ, ਮਸ਼ੀਨੀਕਰਨ ਅਤੇ ਸਨਅਤੀਕਰਨ ਨੇ ਰਲ਼ ਕੇ ਵਾਤਾਵਰਨ ਨੂੰ ਪ੍ਰਦੂਸ਼ਿਤ ਕੀਤਾ ਹੈ ਅਤੇ ਕਰ ਰਹੇ ਹਨ(9)

ਡਾ. ਬਲਦੇਵ ਸਿੰਘ ਚੀਮਾ ਅਤੇ ਡਾ. ਡੀ.ਪੀ. ਸਿੰਘ ਦੁਆਰਾ ਵਾਤਾਵਰਨ ਦੇ ਪ੍ਰਸੰਗ ਵਿੱਚ ਸੰਪਾਦਿਤ ਪੁਸਤਕ 'ਵਾਤਾਵਰਣੀ ਮਸਲੇ ਤੇ ਸਮਾਧਾਨ' ਅਧੀਨ ਡਾ. ਭੁਪਿੰਦਰ ਸਿੰਘ ਵਿਰਕ ਦੁਆਰਾ ਰਚਿਤ ਨਿਬੰਧ 'ਵਾਤਾਵਰਨ ਪ੍ਰਦੂਸ਼ਣ ਅਤੇ ਕਾਨੂੰਨ' ਵਿੱਚ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ। ਵਾਤਾਵਰਨ (ਬਚਾਓ) ਅਧਿਨਿਯਮ, 1986, ਤਹਿਤ ਧਾਰਾ 2 (ਏ) ਅਨੁਸਾਰ ਵਾਤਾਵਰਨ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ:

> ਵਾਤਾਵਰਨ ਸ਼ਬਦ ਵਿੱਚ ਪਾਣੀ, ਹਵਾ ਤੇ ਧਰਤੀ ਦੇ ਇਹਨਾਂ ਦੇ ਆਪਸੀ ਸੰਬੰਧ ਅਤੇ ਪਾਣੀ, ਹਵਾ, ਧਰਤੀ,ਮਨੁੱਖੀ ਜ਼ਿੰਦਗੀ, ਜੀਵ-ਜੰਤੂ, ਰੁੱਖ, ਪੌਦੇ ਅਤੇ ਸੂਖਮ-ਪ੍ਰਾਣੀਆਂ ਦੇ ਆਪਸੀ ਸੰਬੰਧ ਆਉਂਦੇ ਹਨ।(94)

**ਵਧ ਰਹੇ ਪ੍ਰਦੂਸ਼ਣ ਦੇ ਮੁੱਖ ਕਾਰਨ:**

ਤੇਜ਼ੀ ਨਾਲ ਵਧ ਰਹੀ ਆਬਾਦੀ : 1.324 ਬਿਲੀਅਨ (billion)ਭਾਰਤ ਕੋਲ ਕੁਲ ਧਰਤੀ ਦਾ 2.4% ਹਿੱਸਾ ਤੇ ਵਿਸ਼ਵ ਦੀ ਕੁੱਲ ਆਬਾਦੀ ਦਾ ਇਹ 18% ਹਿੱਸਾ ਏਨੇ ਕੁ ਧਰਤੀ ਦੇ ਟੁਕੜੇ 'ਤੇ ਹੀ ਸਾਂਭੀ ਬੈਠਾ ਹੈ। ਵਧਦੀ ਆਬਾਦੀ ਦੀ ਸਮੱਸਿਆ ਦਾ ਸਰਕਾਰ ਕੋਲ ਨਾ ਕੋਈ ਹੱਲ ਹੈ ਤੇ ਨਾ ਹੀ ਇਸ ਪ੍ਰਤੀ ਹੱਲ ਕੱਢਣ ਲਈ ਦਿਲਚਸਪੀ ਹੈ। ਵਧਦੀ ਆਬਾਦੀ ਦੀਆਂ ਵਧਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਮੂਲ ਸੁਵਿਧਾਵਾਂ ਵੀ ਵਧੇਰੇ ਚਾਹੀਦੀਆਂ ਹਨ। ਜੰਗਲਾਂ ਦਾ ਸਫਾਇਆ ਕਰਕੇ ਕੰਕਰੀਟ ਦੇ ਜੰਗਲ ਉੱਸਰ ਰਹੇ ਹਨ। ਪ੍ਰਕ੍ਰਿਤਿਕ ਚੁਗਿਰਦੇ ਨੂੰ ਉਜਾੜ ਕੇ ਬਨਾਉਟੀ ਬੂਟਿਆਂ ਨਾਲ ਸੁੰਦਰਤਾ ਦਾ ਭਰਮ ਸਿਰਜਿਆ ਜਾ ਰਿਹਾ ਹੈ। ਵਧਦੀ ਆਬਾਦੀ ਸਦਕਾ ਪੀਣਯੋਗ ਪਾਣੀ, ਰਹਿਣ ਲਈ ਘਰ ਤੇ ਖਾਣ ਲਈ ਭੋਜਨ ਦੀ ਖਪਤ ਵੀ ਵੱਧਦੀ ਹੈ। ਕੂੜੇ-ਕਰਕਟ ਵਿੱਚ ਵੀ ਵਾਧਾ ਹੁੰਦਾ ਹੈ। ਕੁਦਰਤੀ ਸ੍ਰੋਤਾਂ ਦੀ ਲੁੱਟ-ਖਸੁੱਟ ਵਧਦੀ ਹੈ। ਹਰ ਤਰਾਂ ਦੇ ਵਾਤਾਵਰਨ ਪ੍ਰਦੂਸ਼ਣ ਵੱਧਣ ਦੇ ਕਾਰਨ ਮਨੁੱਖੀ ਕਾਰਵਾਈਆਂ ਦਾ ਨਤੀਜਾ ਹਨ। ਇਸ ਦੇ ਨਾਲ ਹੀ ਲਗਾਤਾਰ ਵੱਧ ਰਹੀ ਅਬਾਦੀ, ਅਨਪੜ੍ਹਤਾ, ਗਰੀਬੀ ਅਤੇ ਜਾਗਰੂਕਤਾ ਦੀ ਕਮੀ ਕਰਕੇ ਵੀ ਵਾਤਾਵਰਨ ਪ੍ਰਦੂਸ਼ਣ ਵੱਧ ਰਿਹਾ ਹੈ। ਕੁੱਝ ਪ੍ਰਮੁੱਖ ਕਿਸਮ ਦੇ ਵਾਤਾਵਰਨ ਸੰਬੰਧੀ ਮੁੱਢਲੀ ਜਾਣਕਾਰੀ ਹੇਠ ਲਿਖੇ ਅਨੁਸਾਰ ਪ੍ਰਸਤੁਤ ਕੀਤੀ ਗਈ ਹੈ:

**ਪਾਣੀ ਪ੍ਰਦੂਸ਼ਣ:** ਸਾਫ ਪਾਣੀ ਬਨਸਪਤੀ ਅਤੇ ਜੀਵ ਜਗਤ ਦੀਆਂ ਮੁੱਢਲੀਆਂ ਲੋੜਾਂ ਵਿੱਚੋਂ ਇੱਕ ਵਿਸ਼ੇਸ਼ ਲੋੜ ਹੈ। ਪਾਣੀ ਵਿੱਚ ਅਜਿਹੀਆਂ ਗੰਦਗੀਆਂ ਦਾ ਘੁਲ ਜਾਣਾ ਪੀਣ ਯੋਗ ਪਾਣੀ ਨੂੰ ਪ੍ਰਦੂਸ਼ਿਤ ਕਰ ਦਿੰਦਾ ਹੈ। ਪੰਜਾਬ ਦੇ ਬਹੁਤ ਸਾਰੇ ਤਲਾਬ, ਦਰਿਆ ਅਤੇ ਜਲਗਾਹਾਂ ਗੰਦੇ ਨਾਲੇ ਬਣ ਕੇ ਰਹਿ ਗਏ ਹਨ। ਮਨੁੱਖੀ ਕਾਰਿਆਂ ਨੇ ਤਾਂ ਗੰਗਾ ਨਦੀ ਨੂੰ ਸਾਫ਼ ਨਹੀਂ ਰਹਿਣ ਦਿੱਤਾ, ਜਿਸ ਦੀ ਸਫ਼ਾਈ ਮੁਹਿੰਮ ਸਰਕਾਰੀ ਅਮਲੇ ਦੀ ਦੇਖ-ਰੇਖ ਅੰਦਰ ਹੁੰਦੀ ਆਈ ਹੈ ਤਾਂ ਫਿਰ ਸਧਾਰਨ ਦਰਿਆਵਾਂ, ਨਹਿਰਾਂ ਦੀ ਕੀ ਪੁੱਛ ਹੋਣੀ ਹੈ? ਜਲ-ਸ੍ਰੋਤਾਂ ਦੇ ਨੇੜੇ ਵਸਦੇ ਮਨੁੱਖਾਂ, ਉਦਯੋਗਾਂ ਦੇ ਜ਼ਹਿਰੀਲੇ ਰਸਾਇਣ (ਠੋਸ ਅਤੇ ਤਰਲ) ਜਲ- ਸ੍ਰੋਤਾਂ ਵਿੱਚ ਨਿਕਾਸੇ ਜਾਂਦੇ ਹਨ। ਹਸਪਤਾਲਾਂ ਦਾ ਕੂੜਾ, ਕੱਚ, ਸਰਿੰਜਾਂ ਅਤੇ ਹੋਰ ਨਾ-ਗਲਣਸ਼ੀਲ ਪਦਾਰਥ ਨਦੀਆਂ ਵਿੱਚ ਸਰਕਾ ਦਿੱਤਾ ਜਾਂਦੇ ਹਨ। ਧਾਰਮਿਕ ਭਾਵਨਾਵਾਂ ਤਹਿਤ ਪੂਜਾ-ਅਨੁਸ਼ਠਾਨਾਂ ਦੀ ਰਹਿੰਦ-ਖੂੰਦ, ਕੱਪੜੇ ਤੇ ਫੁੱਲ ਆਦਿ ਬੜੇ ਧੜੱਲੇ ਨਾਲ ਹਰ ਛੋਟੇ-ਵੱਡੇ ਨਦੀ-ਨਾਲੇ ਅੰਦਰ ਪਾ ਦਿੱਤੇ ਜਾਂਦੇ ਹਨ। ਰਸੋਈ ਦਾ ਕੂੜਾ, ਮਨੁੱਖੀ ਮਲ, ਧਾਤਾਂ, ਤੇਜ਼ਾਬੀ ਮਾਦੇ, ਟੁੱਟੇ-ਭੱਜੇ ਵਾਹਨ, ਕੀਟ-ਨਾਸ਼ਕ ਖਰਾਬ ਹੋਈਆਂ ਮਸ਼ੀਨਾਂ ਆਦਿ ਨਦੀਆਂ ਨੂੰ ਪਲੀਤ ਕਰ ਰਹੇ ਹਨ। ਪਿੰਡਾਂ ਦੇ ਛੱਪੜ-ਟੋਭੇ ਪ੍ਰਦੂਸ਼ਿਤ ਹੋਣ ਕਰਕੇ ਨਾ-ਵਰਤਣਯੋਗ ਹੋ ਗਏ ਹਨ। ਕਚਰਾ ਅਤੇ ਗੰਦਗੀ ਕਰਕੇ ਲੋਕ ਛੱਪੜਾਂ ਤੋਂ ਦੂਰੀ ਬਣਾ ਗਏ ਤੇ ਲਗਭਗ ਸਾਰੇ ਛੱਪੜਾਂ ਨੂੰ ਪੂਰ ਕੇ ਥਾਂ ਪੱਕੇ ਕਰ ਲਏ ਗਏ ਹਨ। ਪਾਣੀ ਸ੍ਰੋਤਾਂ ਦੇ ਮਲੀਨ ਹੋਣ ਕਰਕੇ ਇਹ ਪਾਣੀ ਜਿਸ ਕੰਮ ਲਈ ਵੀ ਵਰਤਿਆ ਜਾਂਦਾ ਹੈ, ਹਾਨੀਕਾਰਕ ਸਾਬਿਤ ਹੁੰਦਾ ਹੈ। ਅਜਿਹੇ ਜ਼ਹਿਰੀਲੇ ਪ੍ਰਦੂਸ਼ਕਾਂ ਕਰਕੇ ਪਾਣੀ ਹੇਠਲੀ ਭੂਮੀ ਵੀ ਜ਼ਹਿਰੀਲੀ ਹੋ ਜਾਂਦੀ ਹੈ ਤੇ ਅਜਿਹੀ ਭੂਮੀ ਵਿੱਚ ਉੱਗਿਆ ਅਨਾਜ ਵੀ ਸਿਹਤ ਲਈ ਹਾਨੀਕਾਰਕ ਹੁੰਦਾ ਹੈ। ਮਿਸਾਲ ਵਜੋਂ ਗੰਦੇ ਨਾਲਿਆਂ ਵਿੱਚ ਉਗਾਈਆਂ ਗਈਆਂ ਮੂਲੀਆਂ ਆਦਿ ਦਿਖਣ 'ਚ ਵਧੀਆ ਤੇ ਚਿੱਟੀਆਂ ਹੁੰਦੀਆਂ ਹਨ ਪਰ ਉਹਨਾਂ ਵਿੱਚ ਸਿਹਤ ਪੱਖੋਂ ਕੁਝ ਵੀ ਵਧੀਆ ਨਹੀਂ ਹੁੰਦਾ; ਸਗੋਂ ਭਾਂਤ-ਭਾਂਤ ਦੇ ਅਣਲੋੜੀਂਦੇ ਤੱਤਾਂ ਦੇ ਮਾਦੇ ਇਸ ਵਿੱਚ ਆ ਜਾਂਦੇ ਹਨ। ਤੇਜ਼ਾਬੀ ਪ੍ਰਦੂਸ਼ਣ ਕਰਤਾ ਪਾਣੀ ਅਤੇ ਮਿੱਟੀ ਵਿੱਚ ਮੌਜੂਦ ਸੂਖ਼ਮ ਵਾਤਾਵਰਨ-ਹਿਤੈਸ਼ੀ ਜੀਵਾਣੂਆਂ ਨੂੰ ਖਤਮ ਕਰ ਦਿੰਦੇ ਹਨ। ਮੱਛੀਆਂ ਤੇ ਹੋਰ ਜਲ-ਜੀਵ ਇਹਨਾਂ ਤੇਜ਼ਾਬੀ ਪਦਾਰਥਾਂ ਦੇ ਜ਼ਹਿਰੀਲੇਪਣ ਕਰਕੇ ਨਸ਼ਟ ਹੋ ਜਾਂਦੇ ਹਨ। ਇਸ ਪ੍ਰਕਾਰ ਸੀਵਰੇਜ ਟੈਂਕਾਂ ਦਾ ਲੀਕ ਹੋਣਾ, ਸਾਗਰਾਂ ਵਿੱਚ ਪੈਟਰੋਲੀਅਮ ਦਾ ਰਿਸਣਾ, ਨਦੀਆਂ, ਨਹਿਰਾਂ,

ਦਰਿਆਵਾਂ, ਵਿੱਚ ਤੇਜ਼ਾਬੀ ਪਦਾਰਥ ਤੇ ਹੋਰ ਕੂੜੇ-ਕਰਕਟ ਦੇ ਮਿਲ ਜਾਣ ਕਰਕੇ ਪਾਣੀ ਪ੍ਰਦੂਸ਼ਿਤ ਹੋ ਰਿਹਾ ਹੈ। ਪ੍ਰਦੂਸ਼ਿਤ ਪਾਣੀ ਪੀਣ ਨਾਲ ਫੈਲ ਰਹੀਆਂ ਬਿਮਾਰੀਆਂ ਡੂੰਘੀ ਚਿੰਤਾ ਦਾ ਕਾਰਨ ਬਣ ਰਹੀਆਂ ਹਨ। ਭਾਰਤ ਵਿੱਚ ਹਰ ਸਾਲ 4 ਵਰ੍ਹੇ ਤੋਂ ਘੱਟ ਉਮਰ ਦੇ 3.7 ਕਰੋੜ ਬੱਚੇ ਪੇਚਸ ਨਾਲ ਪ੍ਰਭਾਵਿਤ ਹੋ ਰਹੇ ਹਨ ਅਤੇ ਇਹਨਾਂ ਵਿੱਚੋਂ ਲਗਭਗ 49000 ਦੇ ਕਰੀਬ ਮੌਤਾਂ ਹੋ ਰਹੀਆਂ ਹਨ। ਹੈਜ਼ਾ, ਦਸਤ, ਟਾਈਫਾਈਡ, ਹੈਪੀਟਾਈਟਸ ਵਰਗੇ ਰੋਗਾਂ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ। ਆਧੁਨਿਕ ਨੌਜਵਾਨ ਵਰਗ ਵੀ ਇਸ ਪ੍ਰਤੀ ਅਜੇ ਤੱਕ ਬਹੁਤਾ ਸੁਚੇਤ ਨਹੀਂ ਹੈ ਤੇ ਜਿਹੜੇ ਸੁਚੇਤ ਵੀ ਹਨ ਉਹਨਾਂ ਚੋਂ ਬਹੁਤੇ ਇਸ ਦਿਸ਼ਾ ਵਿਚ ਪਹਿਲ ਕਦਮੀ ਕਰਨ ਦੀ ਹਿੰਮਤ ਨਹੀਂ ਜੁਟਾ ਪਾਉਂਦੇ।

**ਭੂਮੀ ਪ੍ਰਦੂਸ਼ਣ**: ਭੂਮੀ ਦੇ ਰਸਾਇਣਿਕ, ਭੌਤਿਕ ਅਤੇ ਜੈਵਿਕ ਗੁਣਾਂ ਵਿੱਚ ਆਈ ਕੋਈ ਵੀ ਅਣਸੁਖਾਵੀਂ ਤਬਦੀਲੀ ਜਿਸ ਦਾ ਮਨੁੱਖਾਂ ਅਤੇ ਹੋਰ ਜੀਵਾਂ ਉੱਤੇ ਮਾੜਾ ਪ੍ਰਭਾਵ ਪੈਂਦਾ ਹੋਵੇ ਅਤੇ ਜਿਸ ਕਰਕੇ ਧਰਤੀ ਦੀ ਉਪਜਾਊ ਸਮਰੱਥਾ ਤੇ ਹੋਰ ਕੁਦਰਤੀ ਗੁਣ ਘੱਟ ਜਾਣ, ਉਸ ਨੂੰ ਭੂਮੀ ਪ੍ਰਦੂਸ਼ਣ ਕਿਹਾ ਜਾਂਦਾ ਹੈ। ਭੂਮੀ-ਪ੍ਰਦੂਸ਼ਣ ਨੂੰ ਖੇਤੀਬਾੜੀ ਕਾਰਜਾਂ, ਘਰੇਲੂ ਕਿਰਿਆਵਾਂ ਤੇ ਉਦਯੋਗਿਕ ਕਾਰਵਾਈਆਂ ਨਾਲ ਜੋੜ ਕੇ ਵਿਚਾਰ ਕੀਤਾ ਜਾਂਦਾ ਹੈ। ਭੂ-ਪ੍ਰਦੂਸ਼ਣ ਇੱਕ ਜਗ੍ਹਾ 'ਤੇ ਲੰਬੇ ਸਮੇਂ ਤੱਕ ਮੌਜੂਦ ਰਹਿੰਦਾ ਹੈ। ਭੂਮੀ ਪ੍ਰਦੂਸ਼ਣ ਦੇ ਮੁੱਖ ਸ੍ਰੋਤ ਹਨ: ਕੂੜਾ-ਕਰਕਟ, ਪਲਾਸਟਿਕ, ਰਬੜ, ਪਾਲੀਥੀਨ ਦੇ ਥੈਲੇ, ਧਾਤਾਂ ਦਾ ਕਚਰਾ, ਕੱਚ, ਮਲ-ਮੂਤਰ, ਉਦਯੋਗਿਕ ਕਚਰਾ, ਖੇਤੀਬਾੜੀ ਕਾਰਜਾਂ ਵਿੱਚ ਵਰਤੇ ਜਾਂਦੇ ਕੀਟਨਾਸ਼ਕ ਤੇ ਰਸਾਇਣਿਕ ਖਾਦਾਂ ਆਦਿ। ਇਸ ਤੋਂ ਇਲਾਵਾ ਪਰਮਾਣੂ ਪ੍ਰਯੋਗਾਂ ਕਰਕੇ ਵੀ ਖਤਰਨਾਕ ਪਦਾਰਥ ਜ਼ਮੀਨ ਵਿੱਚ ਰਲ ਜਾਂਦੇ ਹਨ ਤੇ ਪ੍ਰਦੂਸ਼ਣ ਵਧਾਉਂਦੇ ਹਨ। ਘਰੇਲੂ ਕੂੜੇ ਦਾ ਲਗਭਗ 90% ਹਿੱਸਾ ਬਿਨਾ ਨਿਪਟਾਰੇ ਹੀ ਭੂਮੀ 'ਤੇ ਖੁੱਲ੍ਹੇ 'ਚ ਸੁੱਟ ਦਿੱਤਾ ਜਾਂਦਾ ਹੈ। ਨਿਊਕਲੀ ਧਮਾਕਿਆਂ ਤੋਂ ਰੇਡਿਓ ਐਕਟਿਵ ਪ੍ਰਦੂਸ਼ਣ ਫੈਲਦਾ ਹੈ, ਜੋ ਕਿ ਭੂਮੀ ਵਿੱਚ ਰਲ ਕੇ ਭੂ–ਪ੍ਰਦੂਸ਼ਣ ਦਾ ਕਾਰਨ ਬਣਦਾ ਹੈ। ਪ੍ਰਦੂਸ਼ਿਤ ਭੂਮੀ ਵਿੱਚ ਵਿਚਰਨ ਕਰਕੇ ਮੱਖੀਆਂ ਅਤੇ ਖ਼ਤਰਨਾਕ ਬੈਕਟੀਰੀਆਂ ਦੀ ਗਿਣਤੀ 'ਚ ਵਾਧਾ ਹੁੰਦਾ ਹੈ ਤੇ ਅੱਗੋਂ ਦਸਤ, ਹੈਜ਼ਾ ਤੇ ਵਿਭਿੰਨ ਚਮੜੀ ਰੋਗਾਂ ਵਿੱਚ ਇਜ਼ਾਫ਼ਾ ਹੁੰਦਾ ਹੈ। ਜਦੋਂ ਮਿੱਟੀ ਆਪਣੇ ਕੁਦਰਤੀ ਸਰੂਪ ਵਿੱਚ ਸੀ ਤਾਂ ਨਿੱਕੇ-ਨਿੱਕੇ ਬੱਚੇ ਮਿੱਟੀ 'ਚ ਹੀ ਖੇਡ-ਕੁੱਦ ਕਰੀ ਜਾਂਦੇ ਸਨ ਤੇ ਕਈ

ਰੁੜ੍ਹਦੇ- ਰੁੜ੍ਹਦੇ ਮਿੱਟੀ ਖਾ ਵੀ ਜਾਂਦੇ ਸਨ, ਪਰ ਕੁਝ ਅਣਸੁਖਾਵਾਂ ਨਹੀਂ ਸੀ ਵਾਪਰਦਾ। ਖੇਤਾਂ 'ਚ ਕੰਮ ਕਰਦਿਆਂ ਚੋਟ-ਫੇਟ ਲੱਗ ਜਾਣੀ ਤਾਂ ਕਿਸਾਨ ਮਿੱਟੀ 'ਲਾ ਕੇ ਹੀ ਜ਼ਖਮ ਠੀਕ ਕਰ ਲਿਆ ਕਰਦੇ ਸਨ ਪਰ ਹੁਣ ਇਹ ਹਾਲਤ ਹੋ ਗਈ ਹੈ ਕਿ ਮਿੱਟੀ ਵਿੱਚ ਜ਼ਹਿਰੀਲੇ ਤੇ ਤੇਜ਼ਾਬੀ ਪਦਾਰਥ ਜਦੋਂ ਸਰੀਰ ਨੂੰ ਛੂਹ ਵੀ ਜਾਣ ਤਾਂ ਸਮੱਸਿਆ ਪੈਦਾ ਕਰ ਦਿੰਦੇ ਹਨ। ਅਜਿਹੀ ਮਿੱਟੀ ਵਿੱਚ ਉੱਗੇ ਅਨਾਜ ਖਾਣ ਨਾਲ ਕਈ ਤਰ੍ਹਾਂ ਦੇ ਸਿਹਤ ਸੰਕਟਾਂ ਨਾਲ ਜੂਝਣਾ ਪੈਂਦਾ ਹੈ। ਕੀਟ ਨਾਸ਼ਕਾਂ ਦੀ ਹੱਦੋਂ ਵੱਧ ਵਰਤੋਂ ਅਨਾਜ ਵਿੱਚ ਰਲ ਕੇ ਸਾਡੇ ਅੰਦਰ ਪ੍ਰਵੇਸ਼ ਕਰਦੀ ਹੈ। ਗਰਭਵਤੀ ਔਰਤਾਂ ਦੇ ਭਰੂਣ ਇਨ੍ਹਾਂ ਕਾਰਨਾਂ ਕਰਕੇ ਸਰੀਰਕ/ਮਾਨਸਿਕ ਤੌਰ 'ਤੇ ਅਵਿਕਸਿਤ ਰਹਿ ਜਾਂਦੇ ਹਨ। ਮਾਂ ਦੇ ਦੁੱਧ ਵਿੱਚ ਮੌਜੂਦ ਯੂਰੀਆ ਨਵ-ਜੰਮੇ ਬੱਚੇ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਭੂਮੀ ਪ੍ਰਦੂਸ਼ਣ ਦਾ ਦੂਜਾ ਵੱਡਾ ਪੱਖ ਲਾਲਚਵੱਸ ਹੋ ਕੇ ਰੁੱਖਾਂ ਤੇ ਜੰਗਲਾਂ ਦੀ ਕੀਤੀ ਜਾ ਰਹੀ ਕਟਾਈ ਹੈ। ਬਰਸਾਤਾਂ ਰੁੱਖਾਂ ਦੀ ਅਣਹੋਂਦ ਵਿੱਚ ਬਾਗੀ ਹੋ ਰਹੀਆਂ ਹਨ। ਕਿਤੇ-ਬੇ-ਮੌਸਮੀ ਬਰਖਾ ਹੜ੍ਹ ਲੈ ਆਉਂਦੀ ਹੈ ਤੇ ਕਿਤੇ ਧਰਤੀ ਸਾਉਣ-ਭਾਦੋਂ ਵਿੱਚ ਵੀ ਪਿਆਸੀ ਰਹਿ ਜਾਂਦੀ ਹੈ ਰੁੱਖਾਂ ਦੀ ਘਾਟ ਕਰਕੇ ਨਾ ਹਵਾ ਸ਼ੁੱਧ ਰਹੀ, ਨਾ ਪਾਣੀ ਦੀ ਪੂਰਤੀ ਹੋਈ ਤੇ ਨਾ ਹੀ ਭੂ-ਖੋਰ ਤੋਂ ਬਚਿਆ ਜਾ ਸਕਿਆ। ਰੁੱਖ ਬੇਜ਼ੁਬਾਨ ਜ਼ਰੂਰ ਹਨ ਪਰ ਬੇ-ਮੁੱਲ ਨਹੀਂ ਹਨ। ਇਹ ਸਾਡਾ ਹਰਾ-ਧਨ (Green Wealth) ਹਨ। ਰੁੱਖਾਂ ਦੀ ਅੰਨੇਵਾਹ ਕਟਾਈ ਨੇ ਭੂ-ਖੋਰ ਦੀ ਸਮੱਸਿਆ ਨੂੰ ਵਧਾਇਆ ਹੈ।

**ਸ਼ੋਰ-ਪ੍ਰਦੂਸ਼ਣ:** ਨਿੱਕੇ ਹੁੰਦਿਆ ਇਹ ਸਵਾਲ ਅਕਸਰ ਮਨ ਵਿੱਚ ਆਉਂਦਾ ਹੁੰਦਾ ਸੀ ਕਿ 'ਆਵਾਜ਼' ਤੇ 'ਸ਼ੋਰ' ਵਿੱਚ ਕੀ ਅੰਤਰ ਹੁੰਦਾ ਹੈ। ਜਦੋਂ ਕਿ ਦੋਵੇਂ ਹੀ ਧਵਨੀ ਦੀਆਂ ਹੀ ਕਿਸਮਾਂ ਹਨ। ਡਾ. ਚੀਮਾ ਤੇ ਡਾ. ਪੀ. ਸਿੰਘ ਦੁਆਰਾ ਸੰਪਾਦਿਤ ਨਿਬੰਧ ਸੰਗ੍ਰਹਿ 'ਵਾਤਾਵਰਣੀ ਮਸਲੇ ਤੇ ਸਮਾਧਾਨ' ਅਧੀਨ ਸ਼ੋਰ ਪ੍ਰਦੂਸ਼ਣ ਦੇ ਪ੍ਰਸੰਗ ਵਿੱਚ ਡਾ. ਡੀ. ਪੀ ਸਿੰਘ ਵਿਗਿਆਨਕ ਹਵਾਲੇ ਦਿੰਦੇ ਹੋਏ ਦੱਸਦੇ ਹਨ ਕਿ ਅੰਤਰ-ਰਾਸ਼ਟਰੀ ਵਿਗਿਆਨੀ ਵਿਕਟਰ ਗਰੁਐਨ ਦਾ ਕਹਿਣਾ ਹੈ ਕਿ ਸ਼ੋਰ ਮੌਤ ਦਾ ਇੱਕ ਮੱਧਮ ਏਜੰਟ ਹੈ। ਇਕ ਅਮਰੀਕੀ ਵਾਤਾਵਰਨੀ ਮਾਹਿਰ ਦਾ ਤਾਂ ਅੰਦਾਜ਼ਾ ਇਹ ਹੈ ਕਿ ਜੇ ਸ਼ੋਰ ਮਾਤਰਾ ਮੌਜੂਦ ਦਰ ਨਾਲ ਲਗਾਤਾਰ ਵਧਰੀ ਰਹੀ ਤਾਂ ਸੰਨ 2050 ਮਹਾਂਨਗਰਾਂ ਦੇ ਬਹੁਤੇ ਵਸਨੀਕ ਬੋਲੇ ਹੋ ਜਾਣਗੇ।

ਪੰਜਾਬੀ ਸਾਹਿਤ ਵਿੱਚ ਕਵੀਆਂ ਨੇ ਕੋਇਲ ਦੀ ਸੁਰੀਲੀ ਕੂਕ ਨੂੰ ਮਧੁਰ ਗੀਤ ਅਤੇ ਕਾਂ ਦੀ ਕਰਕਸ਼ ਧੁਨੀ ਨੂੰ ਸ਼ੋਰ ਦਾ ਨਾਮ ਦਿੱਤਾ ਹੈ। ਹਰ ਕੁਦਰਤੀ ਆਵਾਜ਼ ਜਿਵੇਂ ਦਰਿਆ ਦਾ ਕਲ-ਕਲ ਕਰਦਾ ਪਾਣੀ, ਰੁੱਖਾਂ ਦੇ ਪੱਤਿਆਂ ਦੀ ਖੜ੍ਹ-ਖੜ੍ਹ, ਪੰਛੀਆਂ ਦੀ ਚਹਿਚਾਹਟ, ਚਰਖੇ ਦੀ ਘੂਕਰ, ਮੋਰ ਦੀ ਕੂਕ, ਹਵਾ ਦੀ ਸ਼ੂਕ, ਬੱਦਲਾਂ ਦੀ ਗਰਜ ਅਤੇ ਮੀਂਹ ਦੀ ਟਿੱਪ-ਟਿੱਪ ਆਦਿ ਸੁਭਾਵਿਕ ਅਤੇ ਸੁਖਾਵੀਂ ਹੈ। ਉਸ ਦੇ ਵਿਪਰੀਤ ਕਾਰਖਾਨਿਆਂ ਦੀ ਠੱਕ-ਠੱਕ, ਡੀ.ਜੇ ਦਾ ਰੌਲ-ਘਚੌਲ, ਪਟਾਖਿਆਂ ਤੇ ਬੰਬਾਂ ਦੀ ਠਾਹ-ਠਾਹ, ਚੋਣਾਂ, ਸਮਾਗਮਾਂ ਅਤੇ ਮਸ਼ਹੂਰੀਆਂ ਦੀ ਬੇਲੋੜੀ ਅਤੇ ਉੱਚੀ ਮੁਨਿਆਦੀ, ਧਾਰਮਿਕ ਅਦਾਰਿਆਂ ਦੇ ਸਪੀਕਰ, ਆਵਾਜਾਈ ਸਾਧਨਾਂ ਦਾ ਖੜਕਾ, ਪ੍ਰੈਸ਼ਰ ਹਾਰਨਾਂ ਦਾ ਦਿਲ ਕੰਬਾਉਣ ਵਾਲਾ ਖਤਰਨਾਕ ਬਿਗੁਲ ਅਤੇ ਤਥ-ਕਥਿਤ 'ਹਾਈ ਹੈਂਡ ਗੱਡੀਆਂ' 'ਚ ਵੱਜਦੇ ਉੱਚੀ ਆਵਾਜ਼ 'ਚ ਗੀਤ- ਇਹ ਸਾਰਾ ਕੁਝ ਹੀ ਸ਼ੋਰ ਪ੍ਰਦੂਸ਼ਣ ਹੈ। ਸ਼ੋਰ ਅੰਗਰੇਜ਼ੀ ਭਾਸ਼ਾ ਦੇ ਸ਼ਬਦ 'Noise' ਸਦਾ ਸਮਾਨ ਅਰਥੀ ਹੈ Noise 'Nausea' ਸ਼ਬਦ ਤੋਂ ਬਣਿਆ ਹੈ। ਜਿਸ ਦਾ ਭਾਵ ਹੈ- ਉਲਟੀ ਜਾਂ ਜੀਅ ਮਿਚਲਾਉਣਾ। ਸ਼ੋਰ ਉਹ ਰੌਲਾ-ਰੱਪਾ ਹੈ, ਜਿਸਦੇ ਸੰਪਰਕ ਵਿੱਚ ਆਉਣ ਨਾਲ ਮਨੁੱਖ ਅਸਹਿਜ ਹੋ ਜਾਂਦਾ ਹੈ ਤੇ ਉਸ ਦਾ ਜੀਅ ਕੱਚਾ ਹੋ ਜਾਂਦਾ ਹੈ। ਡੀ. ਜੇ. ਪਾਰਟੀਆਂ ਵਿੱਚ ਹਾਈ ਬਾਸ 'ਤੇ ਚਲਦੇ ਗੀਤਾਂ ਦੌਰਾਨ ਕਿਸੇ ਨੂੰ ਕੋਈ ਜ਼ਰੂਰੀ ਗੱਲ ਵੀ ਆਪਸ 'ਚ ਕਰਨੀ ਹੋਵੇ ਤਾਂ ਯੱਬ ਛਿੜ ਜਾਂਦਾ ਹੈ। ਡੀ.ਜੇ. ਹਾਲ ਵਿੱਚੋਂ ਬਾਹਰ ਜਾ ਕੇ ਹੀ ਗੱਲਬਾਤ ਕੀਤੀ ਜਾ ਸਕਦੀ ਹੈ। ਦਿਲ ਦੇ ਮਰੀਜ਼ਾਂ ਲਈ ਸ਼ੋਰ-ਪ੍ਰਦੂਸ਼ਣ ਡਰਾਉਣੇ ਜਿੰਨ੍ਹ ਦੇ ਸਮਾਨ ਹੈ। ਬੇਸ਼ੱਕ ਪ੍ਰੈਸ਼ਰ ਹਾਰਨ ਅਤੇ ਸਾਇਰਨ ਕਾਨੂੰਨੀ ਤੌਰ 'ਤੇ ਮਨ੍ਹਾ ਹਨ ਪਰ ਅਸਲ ਵਿੱਚ ਇਹ ਸਿਰਫ ਕਾਗਜ਼ਾਂ 'ਚ ਬੰਦ ਹਨ ਸੜਕਾਂ 'ਤੇ ਨਹੀਂ।

ਸ਼ੋਰ ਮਾਪਣ ਦਾ ਨਾਪ ਹੈ ਡੈਸੀਬਲ। ਇਸ ਪੈਮਾਨੇ ਦਾ ਮਾਪ ਲਾਗਰਿਥਮਕ ਹੈ। ਜਿਸ ਦਾ ਭਾਵ ਹੈ ਕਿ 10 ਆਵਾਜ਼ੀ ਪੱਧਰ ਦਾ ਮਤਲਬ ਹੈ ਕਿ 10 ਗੁਣਾ ਜ਼ਿਆਦਾ ਆਵਾਜ਼ ਆਦਿ। ਮਨੁੱਖੀ ਸਾਹ ਤੋਂ ਪੈਦਾ ਹੋਈ ਆਵਾਜ਼ ਦਾ ਪੱਧਰ 10 ਹੁੰਦਾ ਹੈ। ਦਰਖਤਾਂ ਦੀ ਹਵਾ ਦੀ ਸਰਸਰਾਹਟ 20 ਡੈਸੀਬਲ ਹੁੰਦੀ ਹੈ। ਘਰ ਵਿੱਚ ਲੱਗੀ ਕੰਧ ਦੀ ਘੜੀ ਦੀ ਟਿਕ ਟਿਕ 30 ਡੈਸੀਬਲ ਆਵਾਜ਼ੀ ਪੱਧਰ ਵਾਲੀ ਹੁੰਦੀ ਹੈ। ਆਮ ਮਨੁੱਖੀ ਗੱਲ ਬਾਤ ਦਾ ਪੱਧਰ ਵੀ 30 ਡੈਸੀਬਲ ਵਾਲਾ ਹੁੰਦਾ ਹੈ। ਜਦਕਿ ਰੇਡਿਓ ਤੋਂ ਪੈਦਾ ਹੋਇਆ ਗੀਤ ਸੰਗੀਤ 50 ਤੋਂ 60

ਡੈਸੀਬਲ ਤੱਕ ਹੁੰਦਾ ਹੈ। ਆਵਾਜਾਈ ਦੇ ਸਾਧਨਾਂ ਤੋਂ ਪੈਦਾ ਸ਼ੋਰ 60-90 ਤਕ ਹੁੰਦਾ ਹੈ ਜਦਕਿ ਲਾਊਡ ਸਪੀਕਰਾਂ ਦੇ ਰੌਲੇ-ਰੱਪੇ ਦਾ ਪੱਧਰ 120 ਹੁੰਦਾ ਹੈ। ਉਦਯੋਗਾਂ (ਲਕੜੀ, ਪੈਟਰੋਕੈਮੀਕਲ ਤੇ ਖਾਦ) ਦਾ ਪੱਧਰ 90-100 ਤੱਕ ਹੁੰਦਾ ਹੈ। ਵਿਸ਼ਵ ਸਿਹਤ ਸੰਸਥਾ ਦੁਆਰਾ ਨਿਰਧਾਰਿਤ, ਮਨੁੱਖੀ ਸਿਹਤ ਲਈ ਸਰੁੱਖਿਆ ਯੋਗ ਆਵਾਜ਼ੀ ਪੱਧਰ ਹੈ: 45 ਡੈਸੀਬਲ ਰਾਤ ਨੂੰ ਅਤੇ 55 ਡੈਸੀਬਲ ਦਿਨ ਵੇਲੇ। ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਵੱਲੋਂ ਸੰਨ 2000 ਵਿੱਚ ਇਸ ਪ੍ਰਤੀ ਜਾਰੀ ਹਦਾਇਤਾਂ ਅਨੁਸਾਰ ਉਦਯੋਗਿਕ ਖੇਤਰ ਵਿੱਚ ਦਿਨ ਵੇਲੇ 75 ਅਤੇ ਰਾਤ ਵੇਲੇ 70 ਤੱਕ ਦਾ ਆਵਾਜ਼ ਪੱਧਰ ਮੰਨਣਯੋਗ ਹੈ। ਆਬਾਦੀ ਵਾਲੇ ਖੇਤਰ ਵਿੱਚ ਦਿਨ ਵੇਲੇ 55 ਅਤੇ ਰਾਤ ਨੂੰ 45 ਤੱਕ ਦੀ ਸੀਮਾ ਨਿਯਤ ਹੈ। ਮੋਟਰਸਾਇਕਲ, ਸਕੂਟਰ ਅਤੇ ਤਿੰਨ ਪਹੀਆ ਵਾਹਨ ਲਈ ਇਹ ਸੀਮਾ 80 ਹੈ। ਕਾਰਾਂ ਲਈ 82, ਵਿੰਡੋ ਏ.ਸੀ. (ਇੱਕ ਟਨ ਤੇ ਡੇਢ ਟਨ) ਲਈ 68, ਕੂਲਰ ਲਈ 60, ਡੀਜ਼ਲ ਜੈਨਰੇਟਰਾਂ ਲਈ 85-90 ਪਟਾਕਿਆਂ ਤੋਂ 90 (ਪਟਾਕੇ ਚਲਾਉਣ ਦੇ 5 ਮੀਟਰ ਦੇ ਦਾਇਰੇ ਤੱਕ) ਆਦਿ।

ਮੈਲੇ ਅਤੇ ਬੇਸੁਆਦੇ ਪਾਣੀ ਨੂੰ ਪਛਾਣਨਾ ਸੌਖਾ ਹੈ। ਜ਼ਹਿਰੀਲੀ ਹਵਾ ਤੇ ਸੰਪਰਕ 'ਚ ਆਉਂਦੇ ਸਾਰ ਹੀ ਸਾਹ ਘੁੱਟ ਹੋਣ ਲੱਗਦਾ ਹੈ ਪਤਾ ਲੱਗ ਜਾਂਦਾ ਹੈ ਕਿ ਵਾਯੂ ਪ੍ਰਦੂਸ਼ਣ ਬਹੁਤ ਜ਼ਿਆਦਾ ਹੈ। ਰੱਕੜ ਮਿੱਟੀ ਨੂੰ ਵੇਖਦੇ ਸਾਰ ਹੀ ਭੂਮੀ ਪ੍ਰਦੂਸ਼ਣ ਦਾ ਅੰਦਾਜ਼ਾ ਲੱਗ ਜਾਂਦਾ ਹੈ ਪਰੰਤੂ ਸ਼ੋਰ-ਪ੍ਰਦੂਸ਼ਣ ਨੂੰ ਪਛਾਣਨਾ ਸੌਖਾ ਨਹੀਂ। ਸਿਗਰੇਟ ਦੇ ਧੂੰਏ ਵਾਂਗ ਇਹ ਸਿੱਧੇ ਅਤੇ ਅਸਿੱਧੇ ਰੂਪ ਵਿੱਚ ਸਾਡੇ ਸੰਪਰਕ ਵਿੱਚ ਬਿਰਾਜਮਾਨ ਰਹਿੰਦਾ ਹੈ। ਸ਼ੋਰ-ਪ੍ਰਦੂਸ਼ਣ ਨੂੰ ਯੰਤਰਾਂ ਤੋਂ ਬਿਨਾਂ ਨਾਪਿਆ ਵੀ ਨਹੀਂ ਜਾ ਸਕਦਾ। ਗੰਭੀਰ ਵਿਸ਼ਾ ਇਹ ਹੈ ਕਿ ਸ਼ੋਰ ਪ੍ਰਦੂਸ਼ਣ ਨਾਲ ਸੁਣਨ ਸਮਰੱਥਾ ਛੋਟੀ ਉਮਰੇ ਹੀ ਘਟਣੀ ਸ਼ੁਰੂ ਹੋ ਜਾਂਦੀ ਹੈ। ਨਾ ਕੇਵਲ ਇਨਸਾਨ ਸਗੋਂ ਇਸਦੇ ਮਾੜੇ ਪ੍ਰਭਾਵ ਪਸ਼ੂ-ਪੰਛੀਆਂ ਅਤੇ ਜੀਵਾਂ ਉੱਪਰ ਵੀ ਪੈਂਦੇ ਹਨ। ਸ਼ੋਰ ਪ੍ਰਦੂਸ਼ਣ ਦੀ ਇਕ ਨਿਯਮਤ ਮੱਧਮ ਮਿਕਦਾਰ ਵੀ ਧੀਮੇ ਜ਼ਹਿਰ ਵਾਂਗ ਇਨਸਾਨੀ ਇੰਦਰੀਆਂ ਨੂੰ ਨੁਕਸਾਨ ਪੁਚਾਉਂਦੀ ਹੈ। ਮਾਹਿਰਾਂ ਦਾ ਵਿਚਾਰ ਹੈ ਕਿ 90 ਡੈਸੀਬਲ ਤੋਂ ਵਧੇਰੇ ਸ਼ੋਰ ਵਿੱਚ ਲਗਾਤਾਰ 10 ਮਿੰਟ ਤੱਕ ਰਹਿਣ ਨਾਲ ਮਨੁੱਖ ਦੀ ਸੁਣਨ ਪ੍ਰਣਾਲੀ ਨੂੰ ਨੁਕਸਾਨਦੇਹ ਪ੍ਰਭਾਵ ਪੁੱਜਦਾ ਹੈ। 100 ਡੈਸੀਬਲ ਤੋਂ ਵਧੇਰੇ ਸ਼ੋਰ ਕੰਨਾਂ ਦੇ ਨੁਕਸਾਨ ਤੋਂ ਇਲਾਵਾ ਦਿਲ ਦੀ

ਧੜਕਣ ਨੂੰ ਤੇਜ਼ ਕਰਦਾ ਹੈ। ਖ਼ੂਨ ਦਾ ਦਬਾਓ ਵਧਾ ਦਿੰਦਾ ਹੈ ਤੇ ਕਈ ਤਰ੍ਹਾਂ ਦੇ ਦਿਮਾਗੀ ਵਿਕਾਰਾਂ ਨੂੰ ਵੀ ਉਤੇਜਿਤ ਕਰਦਾ ਹੈ। ਲਗਾਤਾਰ ਰਹਿ-ਰਹਿ ਕੇ ਤਿੱਖੀ, ਚੀਕਵੀਂ ਤੇ ਉੱਚੀ ਆਵਾਜ਼ ਨਾਲ ਪੈਪਟਿਕ ਅਲਸਰ, ਅੰਤੜੀਆਂ ਦੇ ਰੋਗ, ਅਲਰਜੀ ਅਤੇ ਚਿੜਚਿੜਾਹਟ ਵਰਗੇ ਰੋਗ ਉਪਜਦੇ ਹਨ। ਉੱਪਰ ਵਰਣਿਤ ਪ੍ਰਦੂਸ਼ਣਾਂ ਦੇ ਨਾਲ ਹੋਰ ਕਈ ਤਰ੍ਹਾਂ ਦੇ ਨਵ-ਪਰਭਾਸ਼ਿਤ ਪ੍ਰਦੂਸ਼ਣ ਵੀ ਸਾਹਿਤਕਾਰਾਂ, ਵਿਗਿਆਨੀਆਂ ਅਤੇ ਵਾਤਾਵਰਨਵਾਦੀਆਂ ਦੇ ਧਿਆਨ ਦਾ ਕੇਂਦਰ ਬਣੇ ਹੋਏ ਹਨ। ਇਹਨਾਂ ਵਿੱਚੋਂ ਵਿਸ਼ੇਸ਼ ਵਰਣਨਯੋਗ ਹਨ- ਬਿਜਲੀ ਚੁੰਬਕੀ ਪ੍ਰਦੂਸ਼ਣ, ਰੇਡਿਓ-ਐਕਟਿਵ ਪ੍ਰਦੂਸ਼ਣ-ਪੁਲਾੜੀ ਪ੍ਰਦੂਸ਼ਣ ਆਦਿ।

ਰਾਜਦੀਪ ਸਿੰਘ ਧਾਲੀਵਾਲ ਅਤੇ ਅੰਗਰੇਜ ਸਿੰਘ ਵਿਰਕ ਦੁਆਰਾ ਸੰਪਾਦਿਤ ਪੁਸਤਕ 'ਵਾਤਾਵਰਣ ਸਮੱਸਿਆਵਾਂ' ਵਿੱਚ ਵਾਤਾਵਰਨ ਪ੍ਰਦੂਸ਼ਣ ਦੇ ਪੁਰਾਣੇ ਅਤੇ ਨਵੀਨ ਨੂੰ ਉਜਾਗਰ ਕਰਦੇ ਹੋਏ ਦੱਸਿਆ ਗਿਆ ਹੈ ਕਿ:

> ਮਨੁੱਖ ਲਈ ਜੇ ਲੱਖਾਂ ਸਾਲ ਪਹਿਲਾਂ ਜੰਗਲੀ ਜਾਨਵਰ, ਝੱਖੜਾਂ, ਹਨੇਰੀਆਂ ਤੋਂ ਬਚਣ ਲਈ ਚੁਣੌਤੀਆਂ ਸਨ ਤਾਂ ਅੱਜ ਇਹ ਗਲੋਬਲ ਵਾਰਮਿੰਗ, ਤੇਜ਼ਾਬੀ ਵਰਖਾ, ਓਜ਼ੋਨ ਪਰਤ ਦਾ ਖ਼ਤਮ ਹੋਣਾ, ਕੁਦਰਤੀ ਸ੍ਰੋਤਾਂ ਦਾ ਲਗਾਤਾਰ ਘਟਦੇ ਜਾਣਾ, ਹਵਾ ਪ੍ਰਦੂਸ਼ਣ, ਪਾਣੀ ਪ੍ਰਦੂਸ਼ਣ ਤੇ ਮਿੱਟੀ ਪ੍ਰਦੂਸ਼ਣ ਦੇ ਰੂਪ ਵਿੱਚ ਨਵੀਆਂ ਚੁਣੌਤੀਆਂ ਹਨ(8)

ਅਮਰੀਕਾ ਵਿੱਚ ਵੀਹਵੀਂ ਸਦੀ ਦੇ ਛੇਵੇਂ ਅਤੇ ਸਤਵੇਂ ਦਹਾਕੇ ਵਿੱਚ ਵਾਤਾਵਰਨੀ ਅੰਦੋਲਨ ਹੋਏ, ਉਹਨਾਂ ਅੰਦੋਲਨਾਂ ਦੇ ਪ੍ਰਤੱਖ ਸਰੋਕਾਰਾਂ ਨਾਲ ਜੋੜ ਕੇ ਵੇਖਿਆ ਜਾ ਰਿਹਾ ਹੈ। ਵਾਤਾਵਰਨੀ ਸਰੋਕਾਰਾਂ ਨੂੰ ਮੁੱਖ ਰੂਪ ਵਿੱਚ ਤਿੰਨ ਭਾਗਾਂ ਵਿੱਚ ਵੰਡ ਕੇ ਸਮਝਿਆ ਜਾ ਸਕਦਾ ਹੈ। ਪਹਿਲਾ- ਪ੍ਰਕਿਰਤੀ ਜਿਸ ਵਿੱਚ ਪ੍ਰਕਿਰਤੀ ਦੇ ਸਮੇਂ ਦਰ ਸਮੇਂ ਬਦਲਦੇ ਸਰੂਪ ਅਤੇ ਇਨਸਾਨ ਦੇ ਪ੍ਰਕਿਰਤੀ ਨਾਲ ਅੰਤਰ ਸੰਬੰਧਾਂ ਦਾ ਵਿਚਾਰ ਧਰਤੀ, ਜਲ, ਜਲਵਾਯੂ, ਚੁਗਿਰਦਾ ਦੇ ਵਿਸ਼ੇਸ਼ ਪ੍ਰਸੰਗ ਵਿੱਚ ਅਧਿਐਨ ਕੀਤਾ ਜਾਂਦਾ ਹੈ। ਦੂਜੇ ਭਾਗ ਵਿੱਚ ਇਹ ਜਾਣਿਆ ਜਾਂਦਾ ਹੈ ਕਿ ਮਨੁੱਖ ਸ੍ਰੋਤਾਂ ਦੀ ਵਰਤੋਂ ਕਿਵੇਂ ਕਰ ਰਿਹਾ ਹੈ। ਵਧਦੀ ਆਬਾਦੀ ਦੇ ਕੀ ਨਤੀਜੇ ਨਿਕਲ ਰਹੇ ਹਨ ਜਾਂ ਨਿਕਲ ਸਕਦੇ ਹਨ, ਤਕਨੀਕੀ ਵਿਕਾਸ ਕਰਕੇ ਉਤਪਾਦਨ ਅਤੇ ਉਪਭੋਗਤਾ ਪ੍ਰਣਾਲੀ ਵਿੱਚ ਕੀ

ਪਰਿਵਰਤਨ ਆਏ ਹਨ। ਤੀਜੇ ਖੰਡ ਵਿੱਚ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਮਨੁੱਖ ਪ੍ਰਕਿਰਤੀ ਬਾਰੇ ਅਤੇ ਵਾਤਾਵਰਨ ਬਾਰੇ ਕੀ ਸੋਚ ਰੱਖਦੇ ਹਨ। ਉਹਨਾਂ ਦੇ ਪ੍ਰਕਿਰਤੀ ਪ੍ਰਤੀ ਕੀ ਵਰਤਾਰੇ ਹਨ, ਕੀ ਵਿਸ਼ਵਾਸ ਹਨ, ਭਾਵੇਂ ਉਹ ਵਿਸ਼ਵਾਸ ਵਿਗਿਆਨ-ਅਧਾਰਿਤ ਹੋਣ ਜਾਂ ਕੇਵਲ ਧਾਰਮਿਕ ਸ਼ਰਧਾ ਵਾਲੇ ਜਾਂ ਫਿਰ ਲੋਕ-ਵਿਸ਼ਵਾਸ ਹੀ ਹੋਣ। ਰਾਜਦੀਪ ਸਿੰਘ ਧਾਲੀਵਾਲ ਤੇ ਅੰਗਰੇਜ ਸਿੰਘ ਵਿਰਕ ਦੁਆਰਾ ਸੰਪਾਦਿਤ ਨਿਬੰਧ ਸੰਗ੍ਰਹਿ 'ਵਾਤਾਵਰਣ ਸਮੱਸਿਆਵਾਂ' ਵਿੱਚ ਡਾ. ਬਲਵਿੰਦਰ ਕੌਰ ਬਰਾੜ ਦੁਆਰਾ ਕਲਮਬੱਧ ਨਿਬੰਧ 'ਵਾਤਾਵਰਣ ਸਮੱਸਿਆ: ਇੱਕ ਵਿਰਲਾਪ' ਵਿੱਚ ਹਵਾ ਪ੍ਰਦੂਸ਼ਣ ਦੇ ਸਿਹਤ ਉੱਤੇ ਪੈਂਦੇ ਮਾੜੇ ਪ੍ਰਭਾਵਾਂ ਨੂੰ ਅੰਕਿਤ ਕਰਦੇ ਹੋਏ ਬਿਆਨ ਕੀਤਾ ਗਿਆ ਹੈ :

> ਸਾਇੰਟਫਿਕ ਰਿਵਿਊ ਪੈਨਲ ਆਫ਼ ਕੈਲੀਫੋਰਨੀਆ ਏਅਰ ਰਿਸਰਚ ਬੋਰਡ ਦੁਆਰਾ ਕੀਤੇ ਗਏ ਮਨੁੱਖੀ ਸਰਵੇਖਣ ਦੇ ਮੁਤਾਬਿਕ 1 ਮਾਈਕ੍ਰੋਗਰਾਮ ਕਿਊਬਿਕ ਮੀਟਰ ਡੀਜ਼ਲ ਦੇ ਜਲਣ ਨਾਲ 10 ਲੱਖ ਲੋਕਾਂ ਮਗਰ 300 ਦੇ ਕਰੀਬ ਮਨੁੱਖਾਂ ਫੇਫੜਿਆਂ ਦੇ ਕੈਂਸਰ ਵਿੱਚ ਵਾਧਾ ਹੁੰਦਾ ਹੈ ਤੇ ਇਸ ਅੰਕੜੇ ਨੂੰ ਦਿੱਲੀ ਸ਼ਹਿਰ ਦੀ ਇੱਕ ਕਰੋੜ ਅਬਾਦੀ ਪਿੱਛੇ ਦੇਖੀਏ ਤਾਂ ਇਸ ਸ਼ਹਿਰ ਦੀ ਵਸੋਂ ਵਿੱਚ 3000 ਦੇ ਕਰੀਬ ਹੋਰ ਫੇਫੜਿਆਂ ਦੇ ਕੈਂਸਰ ਕੇਸ(24)

ਅਤਿ ਵਿਕਸਤ ਦੇਸ਼ ਅਮਰੀਕਾ ਵਿੱਚ ਡਾਇਪਰ ਡੰਪ ਸਭ ਤੋਂ ਗੰਭੀਰ ਸਮੱਸਿਆ ਬਣਦੀ ਜਾ ਰਹੀ ਹੈ। ਭਾਰਤ ਵਿੱਚ ਆਸਥਾ ਦੇ ਨਾਂ 'ਤੇ ਨਦੀਆਂ, ਦਰਿਆਵਾਂ ਵਿੱਚ ਵੱਖ-ਵੱਖ ਵਸਤਾਂ ਨੂੰ ਪ੍ਰਵਾਹੁਣਾ, ਫੈਕਟਰੀਆਂ ਦਾ ਗੰਦਾ ਪਾਣੀ ਇਹਨਾਂ ਵਿੱਚ ਮਿਲਾਉਣਾ ਅਤੇ ਗਲਤ ਮਨੁੱਖੀ ਕਿਰਿਆਵਾਂ ਦੁਆਰਾ ਜਲ-ਸ੍ਰੋਤਾਂ ਨੂੰ ਦੂਸ਼ਿਤ ਕਰਨਾ ਸਭ ਤੋਂ ਉਲਝੀ ਹੋਈ ਸਮੱਸਿਆ ਹੈ।

### 1.8.4.1 ਵਾਤਾਵਰਨ ਸੰਕਟ : ਪੰਜਾਬ

ਪੰਜਾਬ ਦੇ ਸੱਭਿਆਚਾਰ ਹਰ ਦੁੱਖ-ਸੁੱਖ, ਹਰ ਸਮੱਸਿਆ ਅਤੇ ਹਰ ਜਿੱਤ ਨੂੰ ਗੀਤਾਂ ਤੇ ਰੀਤਾਂ ਵਿੱਚ ਸੰਜੋਅ ਕੇ ਰੱਖਦਾ ਆਇਆ ਹੈ। ਹਰ ਰਿਸ਼ਤੇ, ਹਰ ਮਨੋਭਾਵ ਅਤੇ ਸਰੋਕਾਰ ਨੂੰ ਗੀਤਾਂ ਵਿੱਚ ਸੰਚਾਰ ਕਰਨ ਦੀ ਪੰਜਾਬੀ ਪ੍ਰੰਪਰਾ ਮੁੱਢ ਤੋਂ ਹੀ ਰਹੀ ਹੈ। ਰਾਜਦੀਪ ਸਿੰਘ ਧਾਲੀਵਾਲ ਅਤੇ ਅੰਗਰੇਜ ਸਿੰਘ ਵਿਰਕ ਦੀ

ਸੰਪਾਦਿਤ ਪੁਸਤਕ 'ਵਾਤਾਰਣੀ ਸਮੱਸਿਆ' ਵਿੱਚ ਦਰਜ ਬਲਵਿੰਦਰ ਕੌਰ ਬਰਾੜ ਦੇ ਨਿਬੰਧ 'ਵਾਤਾਵਰਨ ਸਮੱਸਿਆ: ਇੱਕ ਵਿਰਲਾਪ' ਵਿੱਚ ਅਜਿਹੀ ਪ੍ਰੰਪਰਾ ਦਾ ਨਿਰਵਾਹ ਦੀ ਪੇਸ਼ਕਾਰੀ ਕੀਤੀ ਗਈ ਹੈ :

ਮੇਰੀ ਮਾਪਿਆਂ ਬਾਹਰੀ ਧੀਏ ਨੀ

ਜੇ ਮਰਗੀ ਤਾਂ ਕੌਣ ਤੈਨੂੰ ਰੋਊਗਾ?

ਅੱਕ, ਢੱਕ ਤੇ ਕਰੀਰ, ਜੰਡ, ਬੇਰੀਆਂ,

ਇਹ ਪੰਜੇ ਮੈਨੂੰ ਰੋ ਲੈਣਗੇ(23)

ਮਾਲਵੇ ਦਾ ਇਹ ਲੋਕਗੀਤ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਦੁੱਖ-ਸੁੱਖ ਅਤੇ ਇਕਲਾਪੇ ਵਿੱਚ ਕੁਦਰਤ ਨੇ ਹੀ ਮਨੁੱਖ ਨੂੰ ਧਰਵਾਸ ਦਿੱਤਾ ਹੈ। ਪਰ ਸ਼ਰਮਨਾਕ ਸਥਿਤੀ ਹੈ ਕਿ ਉਕਤ ਪੰਕਤੀਆਂ ਵਿੱਚ ਬਿਆਨੇ ਗਏ ਪੰਜੇ ਰੁੱਖ ਧਰਤੀ ਤੋਂ ਖ਼ਤਮ ਹੋਣ ਕਿਨਾਰੇ ਪੁੱਜ ਗਏ ਹਨ। ਕਿਸੇ ਰੁੱਖ 'ਤੇ ਲਿਖਿਆ ਸੀ:-"ਤੁਸੀਂ ਮੇਰੇ ਬਿਨਾਂ ਨਹੀਂ ਸਾਰ ਸਕੋਗੇ ਮੈ ਤੁਹਾਡੇ ਬਿਨਾਂ ਸਾਰ ਲਵਾਂਗਾ"

ਜੇਕਰ ਪ੍ਰਕਿਰਤੀ ਨੇ ਸੂਰਜ, ਹਵਾ ਤੇ ਪਾਣੀ ਨੂੰ ਦੇਸ਼ਾਂ ਦੀ ਹੱਦਬੰਦੀ ਵਿੱਚ ਕੈਦ ਨਹੀਂ ਕੀਤਾ ਤਾਂ ਪ੍ਰਕਿਰਤੀ ਦੀ ਸੁੰਦਰਤਾ, ਸ਼ੁੱਧਤਾ ਅਤੇ ਵਾਤਾਵਰਨਿਕ ਸੰਪੰਨਤਾ 'ਤੇ ਵੀ ਸਮੂਹ ਮਨੁੱਖਤਾ ਦਾ ਅਧਿਕਾਰ ਹੈ। ਪਰ ਮਨੁੱਖ ਦੀ ਜਬਰੀ ਅਤੇ ਲਾਲਚੀ ਪ੍ਰਵਿਰਤੀ ਨੇ ਪੋਸ਼ਣ ਕਰਨ ਵਾਲੀ ਪ੍ਰਕਿਰਤੀ ਦਾ ਵੀ ਨਾਸ ਮਾਰ ਛੱਡਿਆ ਹੈ। ਅਜੋਕੇ ਮਨੁੱਖ ਤੋਂ ਪ੍ਰਕਿਰਤੀ ਉੱਪਰ ਆਪਣਾ ਹੱਕ ਜਤਾਉਣ ਅਤੇ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਦਾ ਤਾਂ ਭਲੀ-ਭਾਂਤ ਪਤਾ ਹੈ ਪਰ ਇਹ ਨਹੀਂ ਪਤਾ ਕਿ ਅਧਿਕਾਰ ਅਤੇ ਫ਼ਰਜ਼ ਇੱਕੋ ਹੀ ਸਿੱਕੇ ਦੇ ਦੋ ਪਹਿਲੂ ਹਨ। ਚੁਗਿਰਦੇ ਵੱਲ ਕੋਈ-ਕੋਈ ਹੀ ਆਪਣੇ ਕਰਤੱਵ ਨਿਭਾਉਂਦਾ ਹੈ। ਰਾਜਦੀਪ ਸਿੰਘ ਧਾਲੀਵਾਲ ਅਤੇ ਅੰਗਰੇਜ ਸਿੰਘ ਵਿਰਕ ਦੁਆਰਾ ਸੰਪਾਦਿਤ ਪੁਸਤਕ 'ਵਾਤਾਵਰਨ ਸਮੱਸਿਆਵਾਂ' ਅਧੀਨ ਪਰਮਜੀਤ ਸਿੰਘ ਅਤੇ ਸੁਖਦੇਵ ਸਿੰਘ ਦੁਆਰਾ ਰਚਿਤ ਖੋਜ ਭਰਪੂਰ ਨਿਬੰਧ 'ਹਰਾ ਇਨਕਲਾਬ ਅਤੇ ਵਾਤਾਵਰਨ ਸੰਕਟ: ਪੰਜਾਬ ਇੱਕ ਅਧਿਐਨ' ਵਿੱਚ ਪਾਣੀ ਦੇ ਸੰਕਟ ਬਾਰੇ ਦੱਸਦੇ ਹੋਏ ਲਿਖਿਆ ਗਿਆ ਹੈ ਕਿ ਪੰਜਾਬ ਦਾ ਲਗਭਗ 77% ਰਕਬਾ ਧਰਤੀ ਹੇਠਲੇ ਪਾਣੀ ਦੇ ਘਟ ਰਹੇ ਪੱਧਰ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ(118)

ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ਵਿੱਚ ਚਿੰਤਾਜਨ ਢੰਗ ਨਾਲ ਪਾਣੀ ਦੀ ਥੁੜ੍ਹ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੈ। ਪਿਛਲੇ ਤਿੰਨ ਦਹਾਕਿਆਂ ਦੌਰਾਨ, ਇੱਥੋਂ ਦੀ ਜ਼ਮੀਨ ਦੇ ਪਾਣੀ ਦਾ ਸਤਰ 25-30 ਸੈਂਟੀਮੀਟਰ ਪ੍ਰਤੀ ਸਾਲ ਹੇਠਾਂ ਜਾ ਰਿਹਾ ਹੈ। ਵਾਸ਼ਿੰਗਟਨ ਵਿੱਚ ਸਥਿਤ ਵਰਲਡਵਾਚ ਇੰਸਟੀਚਿਊਟ ਦੀ 1998 ਈ. ਦੀ ਇੱਕ ਰਿਪੋਰਟ ਮੁਤਾਬਿਕ 2025 ਈ. ਤੱਕ ਪੰਜਾਬ ਤੇ ਖੇਤਰਾਂ ਵਿੱਚ ਪਾਣੀ ਦੀ ਗੰਭੀਰ ਸਮੱਸਿਆ ਪੈਦਾ ਹੋਣ ਦਾ ਖਦਸ਼ਾ ਜ਼ਾਹਿਰ ਕੀਤਾ ਗਿਆ ਹੈ। ਇਸ ਸਾਰੇ ਕੁਝ ਦਾ ਪ੍ਰਮੁੱਖ ਕਾਰਨ ਹੈ- ਪਾਣੀ ਦੀ ਜ਼ਿਆਦਾ ਮੰਗ ਰੱਖਣ ਵਾਲੀਆਂ ਫਸਲਾਂ ਦੀ ਕਾਸ਼ਤ। ਪੰਜਾਬ ਦੇ ਖੇਤਾਂ ਵਿੱਚ ਚਲਦੇ 9 ਲੱਖ ਟਿਊਬਵੈਲ ਅਤੇ ਨਲਕੇ ਇੱਥੋਂ ਦੀ 57% ਭੂਮੀ ਨੂੰ ਤਰ ਕਰ ਰਹੇ ਹਨ।

ਵੱਧ ਤੋਂ ਵੱਧ ਮੁਨਾਫਾ ਕਮਾਉਣ ਦੀ ਹੋੜ੍ਹ ਨੇ ਸਾਨੂੰ ਕੁਦਰਤ ਤੋਂ ਤੋੜ ਦਿੱਤਾ ਹੈ। ਪਾਲਣਹਾਰੀ ਪ੍ਰਕਿਰਤੀ ਮਾਂ ਨਾਲ ਹੁਣ ਸੋਤੇਲੀ ਮਾਂ ਵਰਗਾ ਮੰਦਾ ਵਿਵਹਾਰ ਉਸ ਦੇ ਆਪਣੇ ਹੀ ਧੀਆਂ-ਪੁੱਤਰ ਕਰ ਰਹੇ ਹਨ। ਰਸਾਇਣ ਖਾਦਾਂ ਜਿਵੇਂ ਯੂਰੀਆਂ, ਡੀ.ਏ.ਪੀ., ਐਨ.ਪੀ.ਕੇ. ਅਤੇ ਹੋਰ ਰਸਾਇਣਾਂ ਦੀ ਵਰਤੋਂ ਨਾਲ ਵੇਖਣ ਵਿੱਚ ਆਇਆ ਹੈ ਕਿ ਕਈ ਬੀਮਾਰੀਆਂ ਜਿਵੇਂ ਕੈਂਸਰ ਦਾ ਵੱਧਣਾ, ਕਿਡਨੀ ਦਾ ਫੇਲ ਹੋਣਾ, ਦਮਾ, ਚਮੜੀ ਦੇ ਰੋਗ ਅਤੇ ਆਂਤੜੀਆਂ ਦੇ ਰੋਗ ਪੰਜਾਬ ਵਿੱਚ ਵਧੇ ਹਨ।

ਵਾਤਾਵਰਨੀ ਸਰੋਕਾਰਾਂ ਨੂੰ ਮੁੱਖ ਰੂਪ ਵਿੱਚ ਤਿੰਨ ਭਾਗਾਂ ਵਿੱਚ ਵੰਡ ਕੇ ਸਮਝਿਆ ਜਾ ਸਕਦਾ ਹੈ। ਪਹਿਲਾ- ਪ੍ਰਕਿਰਤੀ ਜਿਸ ਵਿੱਚ ਪ੍ਰਕਿਰਤੀ ਦੇ ਸਮੇਂ ਦਰ ਸਮੇਂ ਬਦਲਦੇ ਸਰੂਪ ਅਤੇ ਇਨਸਾਨ ਦੇ ਪ੍ਰਕਿਰਤੀ ਨਾਲ ਅੰਤਰ ਸੰਬੰਧਾਂ ਦਾ ਵਿਚਾਰ ਧਰਤੀ, ਜਲ, ਜਲਵਾਯੂ, ਚੁਗਿਰਦਾ ਦੇ ਵਿਸ਼ੇਸ਼ ਪ੍ਰਸੰਗ ਵਿੱਚ ਅਧਿਐਨ ਕੀਤਾ ਜਾਂਦਾ ਹੈ। ਦੂਜੇ ਭਾਗ ਵਿੱਚ ਇਹ ਜਾਣਿਆ ਜਾਂਦਾ ਹੈ ਕਿ ਮਨੁੱਖ ਸ੍ਰੋਤਾਂ ਦੀ ਵਰਤੋਂ ਕਿਵੇਂ ਕਰ ਰਿਹਾ ਹੈ। ਵਧਦੀ ਆਬਾਦੀ ਦੇ ਕੀ ਨਤੀਜੇ ਨਿਕਲ ਰਹੇ ਹਨ ਜਾਂ ਨਿਕਲ ਸਕਦੇ ਹਨ, ਤਕਨੀਕੀ ਵਿਕਾਸ ਕਰਕੇ ਉਤਪਾਦਨ ਅਤੇ ਉਪਭੋਗਤਾ ਪ੍ਰਣਾਲੀ ਵਿੱਚ ਕੀ ਪਰਿਵਰਤਨ ਆਏ ਹਨ। ਤੀਜੇ ਖੰਡ ਵਿੱਚ ਇਹ ਵਿਚਾਰ ਕੀਤਾ ਜਾਂਦਾ ਹੈ ਕਿ ਮਨੁੱਖ ਪ੍ਰਕਿਰਤੀ ਬਾਰੇ ਅਤੇ ਵਾਤਾਵਰਨ ਬਾਰੇ ਕੀ ਸੋਚ ਰੱਖਦੇ ਹਨ। ਉਹਨਾਂ ਦੇ ਪ੍ਰਕਿਰਤੀ

ਪ੍ਰਤੀ ਕੀ ਵਰਤਾਰੇ ਹਨ, ਕੀ ਵਿਸ਼ਵਾਸ ਹਨ, ਭਾਵੇਂ ਉਹ ਵਿਸ਼ਵਾਸ ਵਿਗਿਆਨ-ਅਧਾਰਿਤ ਹੋਣ ਜਾਂ ਕੇਵਲ ਧਾਰਮਿਕ ਸ਼ਰਧਾ ਵਾਲੇ ਜਾਂ ਫਿਰ ਲੋਕ-ਵਿਸ਼ਵਾਸ ਹੀ ਹੋਣ।

ਭਾਰਤੀਆਂ ਨੇ ਵੀ ਪੱਛਮ ਦੀ ਨਕਲ ਕਰਦਿਆਂ ਆਪਣੀਆਂ ਸਭ ਧਾਰਨਾਵਾਂ ਬਦਲ ਲਈਆਂ। ਸੁਰਮਾਂ ਅੱਖਾਂ ਵਿੱਚ ਪਾ ਕੇ ਮਟਕਾਉਣ ਲਈ ਬਣਿਆ ਸੀ ਅਸੀਂ ਕੰਨ ਲਬੇੜ ਧਰੇ। ਵਿਸ਼ਵੀਕਰਨ ਨੇ ਸਾਡੀਆਂ ਸਭ ਸੋਚਾਂ ਤੇ ਹੂੰਝਾ ਮਾਰ ਦਿੱਤਾ। ਫੂਹੀ ਫੂਹੀ ਕਰਕੇ ਜੋੜੀਆਂ ਵਸਤਾਂ ਨਾਲ ਪਹਿਲਾਂ ਅਸੀਂ ਭਾਵੁਕ ਸਾਂਝ ਪਾਲਦੇ ਰਹੇ ਹਾਂ, ਲੋੜ ਤੋਂ ਵਧੇਰੇ ਇੱਕਠੀਆਂ ਕੀਤੀਆਂ ਵਸਤਾਂ ਦਾ ਨਿਪਟਾਰਾ ਕਰਨ ਨੂੰ ਜੀ ਨਹੀਂ ਕਰਦਾ। ਅੱਜਕੱਲ੍ਹ ਦੇ ਆਧੁਨਿਕ ਸੱਭਿਆਚਾਰ ਅਧੀਨ ਰੋਜ਼ਮਰਾ ਦੀਆਂ ਵਸਤਾਂ ਨੂੰ ਵਰਤੋ ਅਤੇ ਸੁੱਟੋ ਭਾਵ *use and throw* ਦੇ ਸੰਕਲਪ ਵਾਂਗ ਅਪਣਾਇਆ ਜਾ ਰਿਹਾ ਹੈ। ਵਸਤਾਂ, ਕੰਧਾਂ, ਜ਼ਮੀਨ, ਪਾਣੀ, ਖੂਹ, ਨਲਕੇ, ਰੁੱਖ, ਭੰਡਾਰ ਸਭ ਸਾਡੀਆਂ ਸਾਂਝਾਂ ਦਾ ਧੁਰਾ ਰਹੇ ਹਨ ਪਰ ਮੰਡੀਕਰਨ ਦੇ ਇਸ ਯੁੱਗ ਨੇ ਇਕੋ ਇਕ ਸੁਨੇਹਾ ਮੁੱਖ ਰੱਖਿਆ ਹੈ: 'ਖਪਤ ਖਪਤ ਬਸ ਖਪਤ'। ਖਪਤ ਦੀ ਵਿਚਾਰਧਾਰਾ ਵਿੱਚ ਖੁੱਭੇ ਮਨੁੱਖ ਨੂੰ ਪ੍ਰਕਿਰਤੀ ਨੂੰ ਵੀ ਵਸਤੂ ਸਮਝ ਕੇ ਖਪਤ ਕਰਨ ਦੀ ਗਲਤਫਹਿਮੀ ਪੈਂਦੀ ਜਾ ਰਹੀ ਹੈ। ਅਜਿਹੀ ਸੋਚ ਨੂੰ ਸੋਧ ਲੈਣ ਦੀ ਭਰਪੂਰ ਲੋੜ ਹੈ।

ਇਸ ਅਧਿਆਇ ਅਧੀਨ ਵਾਤਾਵਰਨ ਦਾ ਸਿਧਾਂਤਕ ਪਰਿਪੇਖ ਉਸਾਰਦੇ ਹੋਏ ਇਸ ਦੇ ਵਿਭਿੰਨ ਪਹਿਲੂਆਂ ਬਾਰੇ ਅਧਿਐਨ ਕੀਤਾ ਗਿਆ ਹੈ। ਪਾਠ ਸਮੱਗਰੀ ਦੇ ਅਧਿਐਨ ਤੋਂ ਪਹਿਲਾਂ ਹਥਲੇ ਵਿਸ਼ੇ ਦੇ ਸਿਧਾਂਤਕ ਮੁਹਾਵਰੇ ਨੂੰ ਇੱਕ ਮਜ਼ਬੂਤ ਆਧਾਰ ਵਾਂਗ ਵਿਚਾਰਿਆ ਜਾਂਦਾ ਹੈ। ਇਹ ਖੋਜ ਕਾਰਜ ਨੂੰ ਪਰਪੱਕਤਾ ਪ੍ਰਦਾਨ ਕਰਦਾ ਹੈ।

## ਅਧਿਆਇ ਦੂਜਾ : ਪੰਜਾਬੀ ਕਾਵਿ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ

ਭਾਸ਼ਕ ਕਲਾਵਾਂ ਵਿੱਚੋਂ ਕਾਵਿ-ਰਚਨਾ ਮਨੁੱਖ ਦੀ ਸਿਰਜਨਾ ਅਤੇ ਸੰਚਾਰ ਦਾ ਸਭ ਤੋਂ ਤੀਬਰ ਅਤੇ ਪ੍ਰਾਚੀਨ ਸਾਧਨ ਹੈ। ਕਾਵਿ ਦੀ ਇਹ ਵਿਸ਼ੇਸ਼ਤਾ ਹੈ ਕਿ ਇਸ ਵਿੱਚ ਸ਼ਬਦ-ਵਰਤੋਂ ਬੜੇ ਸੂਖਮ, ਅਮੀਰ ਤੇ ਸ਼ਕਤੀਸ਼ਾਲੀ ਰੂਪ ਵਿੱਚ ਕੀਤੀ ਜਾਂਦੀ ਹੈ। ਕਾਵਿ ਦਾ ਸੰਬੰਧੀ ਮੂਲ ਮਨੁੱਖੀ ਸਥਿਤੀ ਅਤੇ ਵਿਸ਼ਾਲ ਮਨੁੱਖੀ ਭਾਵਨਾਵਾਂ ਨਾਲ ਹੈ। ਕਾਵਿ ਦੀ ਵਿਸ਼ੇਸ਼ਤਾ ਦਾ ਵਰਣਨ ਕਰਦੇ ਹੋਏ ਡਾ.ਸਤਿੰਦਰ ਸਿੰਘ ਆਪਣੀ ਪੁਸਤਕ 'ਵਿਹਾਰਕ ਸਮੀਖਿਆ: ਕਵਿਤਾ ਅਤੇ ਵਾਰਤਕ' ਵਿੱਚ ਇਹ ਬਿਆਨ ਕਰਦੇ ਹਨ:

> ਇਹ ਵਧੇਰੇ ਵਿਆਪਕ ਰਚਨਾ ਹੈ ਜੋ ਵਰਤਮਾਨ ਨਾਲ ਵੀ ਸੰਬੰਧਿਤ ਰਹਿੰਦੀ ਹੈ ਅਤੇ ਮਨੁੱਖ ਦੇ ਸਰਬਕਾਲੀਨ ਚਰਿਤ੍ਰ ਨਾਲ ਵੀ। ਭਾਵਨਾ ਭਾਵੇਂ ਇਸਦਾ ਵਿਸ਼ੇਸ਼ ਖੇਤਰ ਹੈ ਪਰ ਇਹ ਵਿਚਾਰ ਤੇ ਬ੍ਰਿਤਾਂਤ ਨੂੰ ਵੀ ਪੂਰੇ ਗੌਰਵਮਈ ਰੂਪ ਵਿੱਚ ਪੇਸ਼ ਕਰਦੀ ਹੈ। ਅੱਜ ਦੇ ਵਿਗਿਆਨ ਦੇ ਯੁੱਗ ਵਿੱਚ ਭਾਵੇਂ ਵਾਰਤਕ ਦਾ ਬੋਲਬਾਲਾ ਹੈ ਪਰ ਕਾਵਿ ਰਚਨਾ ਵੱਡੀ ਮਾਤਰਾ ਵਿੱਚ ਸਦਾ ਵਾਂਗ ਪੂਰੀ ਸਮਰੱਥਾ ਨਾਲ ਹੋ ਰਹੀ ਹੈ। ਕਾਵਿ ਦੀ ਦ੍ਰਿੜ੍ਹਤਾ ਦਾ ਇੱਕ ਵੱਡਾ ਕਾਰਣ ਇਸ ਦੀ ਬਦਲਦੇ ਹੋਏ ਹਾਲਾਤ ਦੇ ਅਨੁਕੂਲ ਹੋ ਕੇ ਚਲ ਸਕਣ ਦੀ ਸਮਰੱਥਾ ਹੈ(10)

**ਪਰਿਭਾਸ਼ਾਵਾਂ:**

- ਪੱਛਮੀ ਸਾਹਿਤ ਦੇ ਵਿਖਿਆਤ ਵਿਦਵਾਨ ਐਂਡਰਿਉ ਸੈਸਿਲ ਬ੍ਰੈਡਲੇ ਨੇ ਕਵਿਤਾ ਬਾਰੇ ਆਕਸਫੋਰਡ ਲੈਕਚਰਾਂ (1909) ਅਧੀਨ ਇਹ ਬਿਆਨਿਆ ਹੈ ਕਿ ਕਾਵਿ ਦਾ ਸਰੂਪ ਨਾ ਤਾਂ ਯਥਾਰਥ ਸੰਸਾਰ ਦਾ ਹਿੱਸਾ ਹੈ ਅਤੇ ਨਾ ਹੀ ਇਹ ਉਸਦੀ ਕੋਈ ਨਕਲ ਹੈ। ਇਹ ਸਗੋਂ ਆਪਣੇ ਆਪ ਵਿੱਚ ਇੱਕ ਸੰਸਾਰ ਹੈ, ਜਿਹੜਾ ਖ਼ੁਦਮੁਖ਼ਤਿਆਰ, ਸੰਪੂਰਨ ਤੇ ਸੁਤੰਤਰ ਹੈ।
- ਪੱਛਮੀ ਚਿੰਤਕ ਟੀ. ਐਸ. ਈਲੀਅਟ ਅਨੁਸਾਰ ਕਾਵਿ ਜਜ਼ਬਿਆਂ ਦਾ ਹੜ੍ਹ ਨਹੀਂ ਸਗੋਂ ਜਜ਼ਬਿਆਂ ਨੂੰ ਨਿਕਾਸਿਤ ਕਰਨ ਦਾ ਜ਼ਰਿਆ ਹੁੰਦਾ ਹੈ। ਇਹ ਵਿਅਕਤੀਤੱਵ ਦਾ ਪ੍ਰਗਟਾਵਾ ਨਹੀਂ ਸਗੋਂ ਨਿਪਟਾਰਾ

ਹੁੰਦੀ ਹੈ। ਪਰ ਫਿਰ ਵੀ ਜਿਹਨਾ ਕੋਲ ਜਜ਼ਬਾਤ ਅਤੇ ਵਿਅਕਤੀਤੱਵ ਦੀ ਦੌਲਤ ਹੋਵੇ, ਕੇਵਲ ਓਹੀ ਜਾਣਦੇ ਹਨ ਕਿ ਇਹਨਾ ਨੂੰ ਸੰਜਮੀ ਢੰਗ ਨਾਲ ਜਜ਼ਬ ਕਰਨਾ ਕੀ ਹੁੰਦਾ।

- ਮੈਥਿਉ ਆਰਨਾਲਡ ਅਨੁਸਾਰ ਕਵਿਤਾ ਦਾ ਗੂੜ੍ਹ ਮੰਤਵ ਜੀਵਨ ਦੀ ਆਲੋਚਨਾ ਕਰਨਾ ਹੈ। ਕਵੀ ਦੀ ਮਹਾਨਤਾ ਇਹਨਾਂ ਗੁਣਾਂ ਵਿੱਚ ਹੀ ਨਿਹਿਤ ਹੈ ਕਿ ਉਹ ਕਿੰਨੀ ਸਮਰੱਥਾ ਅਤੇ ਖੂਬਸੂਰਤੀ ਨਾਲ ਇਸ ਵਿਚਾਰ ਨੂੰ ਜੀਵਨ ਵਿੱਚ ਢਾਲਦਾ ਹੈ। ਇਸ ਪ੍ਰਕਾਰ ਕਾਵਿ ਜੀਵਨ ਦੀ ਉਹ ਵਿਆਖਿਆ ਪੇਸ਼ ਕਰਦਾ ਹੈ ਕਿ ਇਸ ਨੂੰ ਕਿਵੇਂ ਜਿਓਂਇਆ ਜਾਵੇ।
- ਅੰਗਰੇਜ਼ੀ ਸਾਹਿਤ ਦੇ ਪ੍ਰਸਿੱਧ ਕਵੀ ਪੀ. ਬੀ. ਸ਼ੈਲੇ ਨੇ ਕਵਿਤਾ ਨੂੰ ਪਰਿਭਾਸ਼ਿਤ ਕਰਦੇ ਹੋਏ ਆਖਿਆ ਹੈ ਕਿ ਕਵਿਤਾ ਅਸਲ ਵਿੱਚ ਦੈਵੀ ਹੁੰਦੀ ਹੈ। ਇਹ ਇੱਕੋ ਗਿਆਨ ਦਾ ਕੇਂਦਰ ਅਤੇ ਘੇਰਾ ਵੀ ਹੁੰਦੀ ਹੈ। ਇਹ ਉਹ ਚੀਜ਼ ਹੈ, ਜਿਸ ਦੁਆਰਾ ਸਾਰਿਆਂ ਵਿਗਿਆਨਾਂ ਦੀ ਜਾਣਕਾਰੀ ਪ੍ਰਾਪਤ ਹੁੰਦੀ ਹੈ,ਜਿਨ੍ਹਾਂ ਵੱਲ ਹਰੇਕ ਵਿਗਿਆਨ ਨਿਰਦੇਸ਼ ਕਰਦਾ ਹੈ। ਕਵਿਤਾ ਬਾਕੀ ਸਾਰੀਆਂ ਵਿਚਾਰ ਪ੍ਰਣਾਲੀਆਂ ਦਾ ਸੋਮਾ ਵੀ ਹੈ ਅਤੇ ਵਿਕਾਸ ਵੀ।
- ਪ੍ਰੋ. ਪੂਰਨ ਸਿੰਘ ਅਨੁਸਾਰ ਪਿਆਰ ਵਿੱਚ ਮੋਏ ਬੰਦਿਆਂ ਦੇ ਬਚਨ ਕਵਿਤਾ ਹਨ।

ਸੁਰਿੰਦਰ ਕੁਮਾਰ ਦਵੇਸ਼ਵਰ ਕਵਿਤਾ ਵਿਚਲੀ ਸੰਵੇਦਨਾ ਦਾ ਮਨੁੱਖੀ ਮਨ ਨਾਲ ਸੰਬੰਧ ਸਮਝਾਉਂਦੇ ਹੋਏ ਆਪਣੀ ਪੁਸਤਕ 'ਪੰਜਾਬੀ ਸਾਹਿਤ ਦੇ ਸਾਹਿਤ ਆਲੋਚਨਾ' ਵਿੱਚ ਬਿਆਨ ਕਰਦੇ ਹਨ:

> ਕੋਈ ਵੀ ਸਿਰਜਣਾਤਮਕ ਪਾਠ (ਰਚਨਾ) ਅਸਲ ਵਿੱਚ ਆਪਣੇ ਜੁਗ ਦੀਆਂ ਸਥਿਤੀਆਂ ਪਰਿਸਥਿਤੀਆਂ ਪ੍ਰਤਿ ਲੇਖਕ ਦਾ ਆਪਣਾ ਅਤਿ ਵਿਕਸਤ ਪ੍ਰਤੱਖਣੀ, ਚਿੰਤਨੀ ਤੇ ਅਨੁਭੂਤੀਗਤ ਹੁੰਗਾਰਾ ਅਤੇ ਸੁਹਿਰਦ ਅਨੁਕ੍ਰਿਆ ਹੀ ਹੈ। ਇਹ ਭਾਵੇਂ ਸਤਹੀ ਪੱਧਰ 'ਤੇ ਨਿਜੀ ਪ੍ਰਤੀਤ ਹੁੰਦਾ ਹੈ ਪਰੰਤੂ ਇਸ ਵਿੱਚ ਸਮੂਹ ਵੀ ਸ਼ਾਮਲ ਹੁੰਦਾ ਹੈ। ਜਿਵੇਂ ਮਨੁੱਖ ਇੱਕੋ ਵੇਲੇ ਵਿਸ਼ੇਸ਼ ਪ੍ਰਾਣੀ ਹੁੰਦਾ ਹੋਇਆ ਵੀ ਉਹ ਆਪਣਾ ਸਮਾਜ ਦੇ ਲਘੂ-ਸੂਖ਼ਮ ਚਿੱਤਰ ਦੀ ਪ੍ਰਤਿਨਿਧਤਾ ਕਰਦਾ ਹੈ। ਸਪੱਸ਼ਟ ਹੈ ਕਿ ਕਿਸੇ ਸਾਹਿਤਕ ਰਚਨਾ ਵਿਚਲੀ ਸੰਵੇਦਨਾ ਉਸਦੇ ਬਾਹਰੀ ਵਰਤਾਰਿਆਂ ਨਾਲ ਵੀ ਅੰਤਰ ਸੰਬੰਧਿਤ ਅਤੇ

> ਅੰਤਰ-ਸੰਬਾਦ ਦੇ ਰਿਸ਼ਤੇ ਵਿੱਚ ਬੱਝੀ ਹੋਈ ਹੁੰਦੀ ਹੈ। ਇਹ ਇਸੇ ਪ੍ਰਸੰਗ ਵਿੱਚ ਹੈ ਕਿ ਸਮਕਾਲੀ ਸੰਵੇਦਨਾ ਦੇ ਅਸਲ ਸੁਭਾਅ ਨੂੰ ਸਮਝਣ ਲਈ ਸਾਨੂੰ ਵੀਹਵੀਂ ਆਧੁਨਿਕ ਸਦੀ ਦੇ ਉਸ ਇਤਿਹਾਸਕ, ਭੌਤਿਕ ਤੇ ਵਿਚਾਰਧਾਰਾਈ ਧਰਾਤਲਾਂ ਨੂੰ ਵੀ ਸਮਝਣਾ ਹੋਵੇਗਾ ਜਿਸ ਉੱਤੇ ਇੱਕੀਵੀਂ ਸਦੀ ਟਿਕੀ ਹੈ(23)

ਡਾ. ਸਤਿੰਦਰ ਸਿੰਘ ਕਵੀ ਮਨ ਦੀਆਂ ਸਥਿਤੀਆਂ ਦਾ ਸੰਬੰਧ ਸਮਾਜਿਕ ਸਥਿਤੀਆਂ ਨਾਲ ਸਥਾਪਿਤ ਕਰਦੇ ਹੋਏ ਆਪਣੀ ਪੁਸਤਕ 'ਵਿਹਾਰਕ ਸਮੀਖਿਆ: ਕਵਿਤਾ ਅਤੇ ਵਾਰਤਕ' ਇਹ ਵਿਚਾਰ ਪੇਸ਼ ਕਰਦੇ ਹਨ:

> ਉਚੇਰੀ ਕਵਿਤਾ ਦਾ ਕਵੀ ਨਾਲ ਵੀ ਓਨਾ ਹੀ ਸੰਬੰਧ ਹੈ, ਜਿੰਨਾ ਕਿ ਸਮੇਂ ਦੀਆਂ ਸਮਾਜਕ ਸਥਿਤੀਆਂ-ਪਰਿਸਥਿਤੀਆਂ ਨਾਲ। ਚੰਗੀ ਕਵਿਤਾ ਦਾ ਕਵੀ ਨਾਲ ਵੀ ਓਨਾ ਹੀ ਸੰਬੰਧ ਹੁੰਦਾ ਹੈ, ਜਿੰਨਾ ਕਿ ਇਸਦੇ ਯੁਗ ਨਾਲ। ਇਸ ਵਿੱਚ ਭਾਸ਼ਾ ਦੀ ਸਮਰੱਥਾ ਦਾ ਵੀ ਬਰਾਬਰ ਯੋਗਦਾਨ ਹੁੰਦਾ ਹੈ। ਉਚੇਰੀ ਕਵਿਤਾ ਦੇ ਸੰਬੰਧ ਸੱਭਿਅਤਾ ਦੀ ਪ੍ਰੌਢਤਾ ਨਾਲ, ਭਾਸ਼ਾ ਤੇ ਸਾਹਿਤ ਦੀ ਪ੍ਰੌਢਤਾ ਨਾ ਅਤੇ ਪ੍ਰੌਢ ਮਨ ਦੀ ਰਚਨਾਤਮਕਤਾ ਨਾਲ ਹੁੰਦਾ ਹੈ। ਇਸ ਤਰ੍ਹਾਂ ਕਾਵਿ ਸਾਹਿਤ ਦੀ ਪ੍ਰੌਢਤਾ ਉਸ ਸਮਾਜ ਦੀ ਪ੍ਰੌਢਤਾ ਦਾ ਚਿੱਤਰ ਹੁੰਦੀ ਹੈ, ਜਿਸ ਤੋਂ ਕਿ ਇਹ ਪੈਦਾ ਹੋਇਆ ਹੁੰਦਾ ਹੈ। ਕੋਈ ਲੇਖਕ ਭਾਸ਼ਾ ਸਾਹਿਤ ਵਿੱਚ ਵਿਕਾਸ ਲਿਆ ਸਕਦਾ ਹੈ ਪਰ ਉਸਨੂੰ ਉਤਨੀ ਦੇਰ ਪ੍ਰੌਢ ਨਹੀਂ ਬਣ ਸਕਦਾ ਜਿਤਨੀ ਦੇਰ ਤੱਕ ਉਸਦੀ ਪਰੰਪਰਾ ਤੇ ਵਿਰਸਾ ਬਲਵਾਨ ਨਾ ਹੋਵੇ। ਉਚੇਰੀ ਸਾਹਿਤ ਰਚਨਾ ਦੇ ਮਗਰ ਉਸਦਾ ਪੂਰਾ ਇਤਹਾਸ ਕੰਮ ਕਰ ਰਿਹਾ ਹੁੰਦਾ ਹੈ।(6)

ਉੱਪਰ ਦਿੱਤੀਆਂ ਪਰਿਭਾਸ਼ਾਵਾਂ ਤੋਂ ਕਵਿਤਾ ਬਾਰੇ ਕੁੱਝ ਗੱਲਾਂ ਸਪੱਸ਼ਟ ਰੂਪ ਵਿੱਚ ਹਾਸਿਲ ਹੁੰਦੀਆਂ ਹਨ, ਜਿਵੇਂ ਕਿ: ਕਵਿਤਾ ਮਨੁੱਖ ਦੀ ਅੰਤਰ-ਆਤਮਾ ਦੀ ਆਵਾਜ਼ ਹੁੰਦੀ ਹੈ। ਜੋ ਕੁੱਝ ਮਨੁੱਖ ਦੇ ਮਨ ਅੰਦਰ ਵੱਸਦਾ ਹੈ, ਉਹ ਆਪ-ਮੁਹਾਰਾ ਹੀ ਵਿਚਾਰਾਂ ਅਤੇ ਸ਼ਬਦਾਂ ਰਾਹੀਂ ਬਾਹਰ ਆ ਜਾਂਦਾ ਹੈ। ਕਵਿਤਾ ਜੀਵਨ ਦਾ ਸੱਚ ਅਤੇ ਪ੍ਰਮਾਤਮਾ ਤੱਕ ਪੁੱਜਣ ਦਾ ਸਾਧਨ ਵੀ ਸਮਝਿਆ ਜਾਂਦਾ ਹੈ ਕਵਿਤਾ ਵਿੱਚ ਬੇਸ਼ੱਕ ਸਮਕਾਲੀਨ ਅਨੁਭਵਾਂ ਸਮੱਸਿਆਵਾਂ ਅਤੇ ਵਲਵਲਿਆਂ ਦਾ ਪ੍ਰਗਟਾਵਾ ਹੁੰਦਾ ਹੈ ਪਰ ਇਸ ਦੀ ਭਾਸ਼ਾ ਕਹੀ ਜਾਣ ਵਾਲੀ ਕਵਿਤਾ ਅੰਦਰ

ਸੱਚ ਤੇ ਕਲਪਨਾ ਦਾ ਸੁਮੇਲ ਹੁੰਦਾ ਹੈ। ਲਿਖਣ ਵਿੱਚ ਨਿੱਕੀ ਅਤੇ ਪ੍ਰਭਾਵ ਵਿੱਚ ਤਿੱਖੀ ਹੋਣਾ ਕਵਿਤਾ ਦਾ ਵਿਸ਼ੇਸ਼ ਗੁਣ ਹੈ। ਕਵਿਤਾ ਨੂੰ ਪ੍ਰੇਰਣਾ ਦੀ ਬਾਣੀ ਵੀ ਮੰਨਿਆ ਗਿਆ ਹੈ। ਇਸਦੀ ਪ੍ਰਕਿਰਤੀ ਦੇ ਦੋ ਖਾਸ ਲੱਛਣ ਹਨ: ਸੱਚਾਈ (Sincerity) ਅਤੇ ਆਪ-ਮੁਹਾਰਤ (Spontaneity). ਆਦਿ ਕਾਲ ਤੋਂ ਹੀ ਮਾਨਵ ਨੇ ਰੁੱਖਾਂ ਦੇ ਲਾਭਾਂ ਨੂੰ ਪਛਾਣਿਆਂ ਅਤੇ ਮਾਣਿਆ। ਰੁੱਖਾਂ ਨੂੰ ਪੂਜਣ ਪਿੱਛੇ ਵੀ ਇਹੋ ਸੰਕਲਪ ਕੰਮ ਕਰਦਾ ਹੈ ਕਿ ਬਿਰਖਾਂ ਨਾਲ ਸਦਾ ਜੀਵਨ ਸਹਿਜ ਅਤੇ ਸੁਖਦ ਬਣਿਆ ਰਹਿੰਦਾ ਹੈ। ਸਾਧਕਾਂ, ਰਿਸ਼ੀਆਂ, ਮੁਨੀਆਂ ਨੇ ਜੰਗਲਾਂ, ਪਹਾੜਾਂ ਅਤੇ ਦਰਿਆਵਾਂ ਦੇ ਕੰਢਿਆਂ ਨੂੰ ਆਪਣੇ ਤਪ-ਅਸਥਾਨਾਂ ਵਜੋਂ ਚੁਣਿਆ। ਇਤਹਾਸ ਗਵਾਹ ਹੈ ਕਿ ਮਨੁੱਖੀ ਸੱਭਿਅਤਾ ਦੀ ਸੰਘਣੀ ਵੱਸੋਂ ਵੀ ਜਲ-ਸ੍ਰੋਤਾਂ ਦੇ ਨਾਲ-ਨਾਲ ਹੀ ਹੋਈ ਸੀ। ਪਾਣੀ ਦੀ ਉਪਲਬਧੀ ਹੋਣ ਕਰਕੇ ਖੇਤੀ, ਜੰਗਲੀ-ਜੀਵਨ ਅਤੇ ਪਸ਼ੂ-ਪਾਲਣ ਦਾ ਵਿਕਾਸ ਹੋਇਆ। ਆਧੁਨਿਕ ਦੌਰ ਦੀ ਪੜ੍ਹੀ-ਲਿਖੀ ਪੀੜ੍ਹੀ ਦੇ ਆਰਥਿਕ ਵਿਕਾਸ ਦੇ ਲੋਭ ਨੇ ਵਿਕਾਸ ਦੇ ਅਸਲੀ ਅਰਥਾਂ ਨੂੰ ਹੀ ਮਨਫ਼ੀ ਕਰ ਛੱਡਿਆ ਹੈ। ਵਧਦੀ ਆਬਾਦੀ, ਸ੍ਰੋਤਾਂ ਦੀ ਥੁੜ੍ਹ, ਬੀਮਾਰੀ, ਗਰੀਬੀ, ਭ੍ਰਿਸ਼ਟਾਚਾਰ, ਪ੍ਰਦੂਸ਼ਣ ਤੇ ਰੁੱਖਾਂ ਦੀ ਬੇਰੋਕ ਕਟਾਈ, ਸਭ ਨੇ ਮਿਲ ਕੇ ਹਰੀ-ਭਰੀ ਧਰਤੀ ਨੂੰ ਜਿਵੇਂ ਬਦਰੰਗ ਹੀ ਕਰ ਦਿੱਤਾ ਹੈ। ਰੁੱਖਾਂ ਨੂੰ ਪਿਆਰ ਕਰਨਾ, ਇਹਨਾਂ ਦੇ ਪਰਕਾਰੀ ਸੁਭਾਓ ਤੋਂ ਜੀਵਨ-ਜਾਚ ਸਿੱਖਣਾ ਤੇ ਵੱਧ ਤੋਂ ਵੱਧ ਰੁੱਖ ਲਗਾ ਕੇ ਧਰਤੀ ਨੂੰ ਮੁੜ-ਸੁਰਜੀਤ ਕਰਨਾ ਅਜੋਕੀ ਸਦੀ ਦੀ ਸਭ ਤੋਂ ਵੱਧ ਤਰਜੀਹ ਦੇਣ ਯੋਗ ਲੋੜ ਹੈ।

### 2.1 ਵਰਤਮਾਨ ਦਹਾਕੇ ਦੀ ਪੰਜਾਬੀ ਕਵਿਤਾ ਦੇ ਵਿਸ਼ੇਸ਼ ਝੁਕਾਅ:

ਇੱਕੀਵੀਂ ਸਦੀ ਤਕਨੀਕ ਦੇ ਬਿਹਤਰੀਨ ਵਿਕਾਸ ਦੀ ਸਦੀ ਹੈ। ਸੰਚਾਰ ਸਾਧਨਾਂ ਦਾ ਘੇਰਾ ਵਧ ਗਿਆ ਹੈ, ਇਸ ਨੇ ਸਾਰੇ ਸਮਾਜ ਵਿੱਚ ਬੜਾ ਪਰਿਵਰਤਨ ਲਿਆਂਦਾ ਹੈ। ਅੱਜ ਸਾਡੇ ਸਾਹਿਤ ਵਿੱਚ ਨਾਰੀ ਅਤੇ ਦਲਿਤ ਉੱਤੇ ਚਿੰਤਨ ਹੋ ਰਿਹਾ ਹੈ। ਸਮਾਜ ਨੂੰ ਭੇਦਭਾਵ ਤੋਂ ਮੁਕਤ ਕਰਨ ਦਾ ਯਤਨ ਹੋ ਰਿਹਾ ਹੈ। ਇੱਕੀਵੀਂ ਸਦੀ ਦੇ ਪੰਜਾਬੀ ਸਾਹਿਤ ਦੇ ਉਘਾੜਦੇ ਹੋਏ ਡਾ. ਦਰਸ਼ਨਦੀਪ ਅਰੋੜਾ ਆਪਣੀ ਸੰਪਾਦਿਤ ਪੁਸਤਕ 'ਇੱਕੀਵੀਂ ਸਦੀ ਦਾ ਪੰਜਾਬੀ ਸਾਹਿਤ: ਚੁਣੌਤੀਆਂ ਤੇ ਸੰਭਾਵਨਾਵਾਂ' ਵਿੱਚ ਇਹ ਵਿਚਾਰ ਪੇਸ਼ ਕਰਦੇ ਪੇਸ਼ ਕਰਦੇ ਹਨ:

> ਵਿਸ਼ਵੀਕਰਨ ਦੇ ਦੌਰ ਦਾ ਪ੍ਰਭਾਵੀ ਚਿੰਤਨ ਉੱਤਰ ਆਧੁਨਿਕਤਾਵਾਦ ਹੈ। ਇੱਕ ਪਾਸੇ ਇਸ ਦਾ ਨਾਅਰਾ ਮੁਕਤੀ ਦਾ ਹੈ, ਦੂਜੇ ਪਾਸੇ ਇਹ ਸਥਾਪਿਤ ਧਿਰਾਂ ਦੇ ਹੱਥਾਂ ਦੀ ਖੇਡ ਬਣ ਗਿਆ ਹੈ। ਨਤੀਜੇ ਵਜੋਂ ਜਮਾਤ ਦੀ ਥਾਂ ਪਛਾਣ ਦੀ ਰਾਜਨੀਤੀ ਵਿੱਚ ਵਾਧਾ ਹੋਇਆ ਹੈ। ਮਨੁੱਖ ਦੀ ਨਿੱਜਮੁਖੀ ਹੋਣ ਦੀ ਲਾਲਸਾ ਨੇ ਜ਼ਿੰਦਗੀ ਨੂੰ ਸੰਘਰਸ਼ ਦਾ ਅਖਾੜਾ ਬਣਾ ਦਿੱਤਾ ਹੈ। ਇਸ ਅਖਾੜੇ ਦਾ ਅਹਿਮ ਹਥਿਆਰ ਸਾਹਿਤ ਬਣਿਆ ਹੈ। ਇੱਕੀਵੀਂ ਸਦੀ ਦੇ ਇਸ ਡੇਢ ਦਹਾਕੇ ਵਿੱਚ ਇਹਨਾਂ ਧਾਰਨਾਵਾਂ ਦਾ ਸਿੱਧਾ ਅਸਰ ਪੰਜਾਬੀ ਸਾਹਿਤ ਨੇ ਕਬੂਲਿਆ ਹੈ। ਵਿਸ਼ਵੀਕਰਨ ਅਤੇ ਉੱਤਰ-ਆਧੁਨਿਕਤਾ ਦੋਵੇਂ ਪੰਜਾਬੀ ਸਾਹਿਤ ਦੇ ਸਨਮੁੱਖ ਪੈਦਾ ਹੋਈਆਂ ਮਹੱਤਵਪੂਰਨ ਚੁਣੌਤੀਆਂ ਹਨ। ਇੱਕੀਵੀਂ ਸਦੀ ਦੇ ਪੰਜਾਬੀ ਸਾਹਿਤ ਦਾ ਦੂਜਾ ਮਹੱਤਵਪੂਰਨ ਅੰਗ ਪਾਕਿਸਤਾਨੀ ਸਾਹਿਤ ਹੈ। ਪਾਕਿਸਤਾਨੀ ਸਾਹਿਤ ਵਿੱਚ ਸਾਮੰਤਵਾਦ ਦੇ ਕਠੋਰ ਖੋਲ ਨੂੰ ਤੋੜਨ ਦੀ ਵਿਚਾਰਧਾਰਕ ਇੱਛਾ ਹਿੱਤ ਪਾਕਿਸਤਾਨੀ ਪੰਜਾਬੀ ਸਾਹਿਤਕਾਰ ਆਪਣੀ ਪਛਾਣ ਪ੍ਰਤੀ ਚੇਤੰਨ ਹੁੰਦਾ ਹੈ।(ix)

ਕਵਿਤਾ ਆਪਣੇ ਨੈਣ-ਨਕਸ਼, ਆਪਣੇ ਖਿੱਤੇ ਜਾਂ ਆਪਣੇ ਵਰਤਮਾਨ ਵਿੱਚੋਂ ਹੀ ਨਹੀਂ ਘੜਦੀ, ਸਗੋਂ ਇਹ ਇਤਿਹਾਸ ਵਿੱਚ ਪਈਆਂ ਘਟਨਾਵਾਂ, ਤਬਦੀਲੀਆਂ, ਸੋਚਾਂ, ਸੁਪਨਿਆਂ ਵਿੱਚੋਂ ਵੀ ਅਤੇ ਖਿੱਤੇ ਤੋਂ ਪਾਰ ਦੇ ਸਮਕਾਲ ਵਿੱਚੋਂ ਵੀ ਘੜਦੀ ਹੈ। ਆਪਣੀ ਮਿੱਟੀ ਦੇ ਨਾਲ-ਨਾਲ ਇਹ ਸੰਸਾਰੀ ਮਿੱਟੀ ਨਾਲ ਵੀ ਆਪਣਾ ਰੰਗ-ਢੰਗ ਸਵਾਰਦੀ ਹੈ। ਡਾ. ਦਰਸ਼ਨਦੀਪ ਅਰੋੜਾ ਦੇ ਸੰਪਾਦਿਤ ਪੁਸਤਕ ਅਧੀਨ ਡਾ. ਆਤਮ ਸਿੰਘ ਰੰਧਾਵਾ ਦੁਆਰਾ ਰਚਿਤ ਖੋਜ ਨਿਬੰਧ '21ਵੀਂ ਸਦੀ ਵਿੱਚ ਪੰਜਾਬੀ ਕਵਿਤਾ ਦਾ ਮੁਹਾਂਦਰਾ' ਵਿੱਚ ਇੱਕੀਵੀਂ ਸਦੀ ਦੇ ਪੰਜਾਬੀ ਕਾਵਿ ਦੇ ਨੈਣ-ਨਕਸ਼ ਦਾ ਪ੍ਰਕਾਰ ਉਲੀਕੇ ਗਏ ਹਨ:

> ਕਾਵਿ-ਮਨ ਸਾਰੀ ਦੁਨੀਆਂ ਦੀ ਸਾਂਝੀ ਧਰਤੀ ਹੈ ਜਿਸ ਉੱਤੇ ਸ਼ਬਦੀ ਰੂਪ ਵਿੱਚ ਇੱਕੋ ਵੇਲੇ ਸਥਾਨਕ ਤੇ ਵਿਸ਼ਵੀ ਬੀਜ ਉੱਗਦੇ ਤੇ ਵਿਗਸਦੇ ਹਨ। ਇਸ ਸਾਂਝੀ ਧਰਤ ਉੱਤੇ ਹੀ ਅਤੀਤ ਦੀਆਂ ਖੁਸ਼ੀਆਂ-ਗ਼ਮੀਆਂ, ਵਰਤਮਾਨ ਦੇ ਖ਼ੌਫ਼-ਖ਼ਦਸ਼ੇ ਅਤੇ ਭਵਿੱਖ ਦੀਆਂ ਆਸਾ-ਉਮੀਦਾਂ ਅਵਚੇਤਨੀ ਸੰਵਾਦ ਕਰਦੀਆਂ ਹਨ। ਇੱਕੀਵੀਂ ਸਦੀ ਦੀ ਪੰਜਾਬੀ ਕਵਿਤਾ ਦਾ ਮੁਹਾਂਦਰਾ ਉਲੀਕਣ ਲਈ ਸਾਨੂੰ ਇੱਕੀਵੀਂ

ਸਦੀ ਦੇ ਪੰਜਾਬ ਅਤੇ ਇਸ ਸਦੀ ਦੇ ਆਰ-ਪਾਰ ਵੀ ਝਾਕਣਾ ਪਵੇਗਾ ਜਿਸ ਵਿੱਚੋਂ ਇਹੋ ਆਪਣੇ ਨੈਣ-ਨਕਸ਼ ਲੈਂਦੀ ਹੈ(80)

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਦੀ ਕਵਿਤਾ ਜਿਸ ਨੂੰ ਡਾ. ਸੁਤਿੰਦਰ ਸਿੰਘ ਨੂਰ, ਡਾ. ਸੁਖਦੇਵ ਸਿੰਘ ਅਤੇ ਡਾ. ਜਸਵਿੰਦਰ ਸਿੰਘ ਨੇ ਨਵੀਂ ਪੰਜਾਬੀ ਕਵਿਤਾ, ਅਮਰਜੀਤ ਗਰੇਵਾਲ ਨਵ-ਕਵਿਤਾ, ਡਾ. ਰਜਿੰਦਰ ਪਾਲ ਸਿੰਘ, ਡਾ. ਵਨੀਤਾ ਤੇ ਆਤਮ ਰੰਧਾਵਾ ਨੇ ਉੱਤਰ ਆਧੁਨਿਕ ਕਵਿਤਾ ਜਾਂ ਵਿਸ਼ਵੀਕਰਨ ਦੇ ਦੌਰ ਦੀ ਕਵਿਤਾ ਦੇ ਰੂਪ ਵਿੱਚ ਪਛਾਣਿਆ ਹੈ। ਇਹ ਕਵਿਤਾ ਹੀ ਇੱਕੀਵੀਂ ਸਦੀ ਦੀ ਪੰਜਾਬੀ ਕਵਿਤਾ ਦਾ ਮੂਲ ਬਣਦੀ ਹੈ। ਇਸੇ ਕਰਕੇ ਡਾ. ਯੋਗਰਾਜ ਨੇ 1990 ਤੋਂ 2012 ਤੱਕ ਦੀ ਪੰਜਾਬੀ ਕਵਿਤਾ ਨੂੰ ਇੱਕੋ ਪੜਾਅ ਉੱਤਰ-ਪੰਜਾਬ ਸੰਕਟ ਦੀ ਕਵਿਤਾ ਵਿੱਚ ਵੇਖਿਆ ਅਤੇ ਡਾ. ਸਰਬਜੀਤ ਸਿੰਘ ਨੇ 1990 ਤੋਂ ਬਾਅਦ ਬਦਲੇ ਯਥਾਰਥ ਸਾਹਮਣੇ ਬਦਲੀ ਪੰਜਾਬੀ ਕਵਿਤਾ ਨੂੰ ਨਵੀਂ ਪੰਜਾਬੀ ਕਵਿਤਾ ਦੇ ਤੌਰ ‘ਤੇ ਹੀ ਵਿਚਾਰਿਆ।

ਪੰਜਾਬ ਦੀ ਵਰਤਮਾਨ ਸਥਿਤੀ ਵਿੱਚ ਵਧ ਰਹੀ ਅਸਾਵੀਂ ਵਿਵਸਥਾ ਦੇ ਵਿਰੋਧ ਵਜੋਂ ਇਸ ਸਮੇਂ ਦਲਿਤ- ਕਾਵਿ ਦੇ ਵਿਲੱਖਣ ਪੈਰਾਡਾਈਮ ਨਾਲ ਸਿਰਜਣਾ ਦਾ ਆਰੰਭ ਹੁੰਦਾ ਹੈ ਜਿਸ ਵਿੱਚ ਮਨਮੋਹਨ, ਮਦਨ ਵੀਰਾ, ਮੋਹਨ ਤਿਆਗੀ ਅਤੇ ਸਤਪਾਲ ਭੀਖੀ ਆਦਿ ਵਰਗੇ ਕਵੀ ਆਪਣੇ ਆਪਣੇ ਦ੍ਰਿਸ਼ਟੀਕੋਣ ਅਤੇ ਵਿਧੀਆਂ ਤੋਂ ਆਪਣੀ ਹਾਸ਼ੀਆਗਤ ਦਸ਼ਾ ਨੂੰ ਘੋਖਦੇ ਤੇ ਆਪਣੀ ਹੋਂਦ ਲਈ ਜੂਝਦੇ ਪ੍ਰਤੀਤ ਹੁੰਦੇ ਹਨ। ਮਨਮੋਹਨ ਦੀਆਂ ਕਾਵਿ-ਪੁਸਤਕਾਂ ‘ਨੀਲਕੰਠ’ (2008) ਤੇ ‘ਦੂਜੇ ਸ਼ਬਦਾਂ ‘ਚੋਂ’ (2010) ਵਿਸ਼ੇਸ਼ ਧਿਆਨ ਖਿੱਚਦੀਆਂ ਹਨ। ਮਦਨ ਵੀਰਾ ਵਰਗੇ ਬਹੁਤ ਸਾਰੇ ਦਲਿਤ ਕਵੀ ਇਤਿਹਾਸਿਕ ਪਰਿਪੇਖ ਵਿੱਚ ਆਪਣੇ ਲੋਕਾਂ ਦੇ ਸਾਊ ਕਿਰਦਾਰ ਨੂੰ ਤਲਾਸ਼ ਕਰਕੇ ਉਹਨਾਂ ਦੀ ਪੁਨਰ-ਪੇਸ਼ਕਾਰੀ ਕਰਨ ਵੱਲ ਰੁਚਿਤ ਹਨ। ਮਨਮੋਹਨ ਤਿਆਗੀ ਦੀਆਂ ਕਾਵਿ ਪੁਸਤਕਾਂ ‘ਰੂਹ ਦਾ ਰੇਗਿਸਤਾਨ’, (2005) ਤੇ ‘ਲਹੂ ਦੀ ਵਿਰਾਸਤ’,(2010) ਰਾਹੀਂ ਦਲਿਤਾਂ ਨੂੰ ਮੁੱਖ ਧਾਰਾ ਵਿੱਚੋਂ ਦਖ਼ਲ ਅਤੇ ਮੌਨ ਕਰ ਦੇਣ ਵਾਲੀਆਂ ਪ੍ਰਸਥਿਤੀਆਂ ਦੀ ਨਿਸ਼ਾਨਦੇਹੀ ਕਰਦਾ, ਸਮਕਾਲੀ ਸਮਾਜ ਵਿੱਚ ਆਪਣੀ ਬਣਦੀ ਜਗ੍ਹਾਂ ਨੂੰ ਤਲਾਸ਼ ਕਰਨ ਵੱਲ ਰੁਚਿਤ ਹੁੰਦਾ ਹੈ।

ਇੱਕੀਵੀਂ ਸਦੀ ਦੇ ਨਾਰੀ-ਕਾਵਿ ਅਧੀਨ ਮਨਜੀਤ ਟਿਵਾਣਾ ਦਾ 'ਅੰਗ ਦੇ ਮੋਤੀ', (2002), ਮਨਜੀਤਪਾਲ ਕੌਰ ਦਾ 'ਆਸਾਵਰੀ', (2003), ਸੁਖਵਿੰਦਰ ਅਮ੍ਰਿਤ ਰਚਿਤ 'ਚਿੜੀਆਂ', (2014), ਮਨਜੀਤ ਇੰਦਰਾ ਦਾ 'ਅਲਖ਼', (2006) ਅਤੇ 'ਰੋਹ-ਵਿਦਰੋਹ', (2012), ਵਨੀਤਾ ਦਾ 'ਖਰਜ ਨਾਦ', (2002), ਤੇ 'ਕਾਲ ਪਹਿਲ ਘੜੀਆਂ', (2008), ਪਾਲ ਕੌਰ ਰਚਿਤ 'ਬਾਰਿਸ਼ ਅੰਦਰੇ ਅੰਦਰ', (2005) ਤੇ 'ਪੀਂਘ', (2007), ਅਮਰਜੀਤ ਘੁੰਮਣ ਦਾ 'ਕਤੰਬ' (2009), ਨੀਤੂ ਅਰੋੜਾ ਦਾ 'ਸਵਾਲਾਂ ਦੇ ਸਨਮੁੱਖ' (2008) ਤੇ 'ਮੈਂ ਇੱਥੇ ਕਿਤੇ' (2016) ਆਦਿ ਕਾਵਿ-ਸੰਗ੍ਰਹਿ ਚਰਚਾ ਵਿੱਚ ਆਉਂਦੇ ਹਨ। ਸਮਕਾਲੀ ਪੰਜਾਬੀ ਕਵਿਤਾ ਵਿੱਚ ਸੁਖਵਿੰਦਰ ਅੰਮ੍ਰਿਤ ਵਿਸ਼ੇਸ਼ ਹਸਤਾਖ਼ਰ ਹੈ। ਉਸਦੀ ਸ਼ਾਇਰੀ ਦੀ ਪਰਪੱਕਤਾ ਅਤੇ ਵਿਚਾਰਾਂ ਦੀ ਪੜ੍ਹੌਤਾ ਕਰਕੇ ਉਹ ਵਿਸ਼ੇਸ਼ ਰੁਤਬਾ ਹਾਸਲ ਕਰ ਚੁੱਕੀ ਹੈ। ਨਾਰੀ ਦੀ ਸਵੈ ਹੋਂਦ ਦਾ ਸੰਘਰਸ਼, ਪਿਆਰ ਦੀ ਤੜਫ, ਪੁਰਸ਼ ਦੇ ਦੰਭੀ ਕਿਰਦਾਰ ਤੋਂ ਲੈ ਕੇ ਅਜੋਕੀ ਨਾਰੀ ਦੀ ਸਮਕਾਲੀ ਸਥਿਤੀ, ਆਰਥਿਕ, ਰਾਜਨੀਤਿਕ ਪਰਿਪੇਖ ਵਿੱਚ ਹੋਂਦ ਗ੍ਰਹਿਣ ਕਰਦੀ ਉੱਤਰ-ਨਾਰੀਵਾਦੀ ਸਥਿਤੀਆਂ ਅਤੇ ਚਿੰਤਨ ਨਾਲ ਭਰਪੂਰ ਪ੍ਰੌੜ ਅਨੁਭਵ ਵਾਲੀ ਕਵਿਤਾ ਨਿਰਸੰਦੇਹ ਸਮੁੱਚੀ ਪੰਜਾਬੀ ਕਵਿਤਾ ਵਿੱਚ ਗੌਰਵਮਈ ਪ੍ਰਾਪਤੀ ਕਹੀ ਜਾ ਸਕਦੀ ਹੈ। ਸੁਖਵਿੰਦਰ ਅਮ੍ਰਿਤ ਦਾ ਕਾਵਿ ਉੱਤਰ-ਨਾਰੀਵਾਦੀ ਸੰਕਲਪਾਂ ਵਿੱਚ ਭਾਰਤੀ ਨਾਰੀ ਦੀ ਨਿਰੰਤਰ ਬਦਲ ਰਹੀ ਸਥਿਤੀ ਨੂੰ ਉਸਦੇ ਸੰਘਰਸ਼ਸ਼ੀਲ ਬਿੰਬਾਂ ਰਾਹੀਂ ਉਜਾਗਰ ਕਰਦਾ ਹੈ। ਸਮਕਾਲੀ ਪੰਜਾਬੀ ਕਵਿਤਾ ਵਿੱਚ ਅਮਰ ਜਿਉਤੀ ਦਾ ਕਾਵਿ-ਸੰਸਾਰ ਬਹੁ-ਪਰਤੀ, ਬਹੁ-ਦਿਸ਼ਾਵੀ, ਨਾਰੀ ਚੇਤਨਾ ਤੋਂ ਲੈ ਕੇ ਵਿਸ਼ਵ-ਵਿਆਪੀ ਚਿੰਤਨ ਭਰਪੂਰ ਵਿਸ਼ਿਆਂ ਦੀ ਪੇਸ਼ਕਾਰੀ ਕਰਦਾ ਹੈ। ਜਿਸ ਦੀ ਰਚਨਾਤਮਕ ਕਾਰਜਸ਼ੀਲਤਾ ਦਾ ਬਹੁ-ਪਰਤੀ, ਵਸਤੂ ਯਥਾਰਥ ਆਂਤਰਿਕ ਮਨੁੱਖੀ ਸੰਵੇਦਨਾ, ਨਾਰੀ ਦੀ ਸਵੈ-ਹੋਂਦ ਤੋਂ ਲੈ ਕੇ ਵਿਸ਼ਵ ਪੱਧਰੀ ਨਾਰੀ ਚਿੰਤਨ, ਸਮਕਾਲੀ ਖਪਤ ਸੱਭਿਆਚਾਰ ਵਿੱਚ ਰਿਸ਼ਤਿਆਂ ਦੇ ਬਦਲਦੇ ਪਰਿਪੇਖ ਵਿੱਚ ਮਨੁੱਖੀ ਅਸਤਿਤਵ ਦਾ ਸੰਕਟ, ਪੁਰਸ਼ ਦਾ ਦੰਭੀ ਕਿਰਦਾਰ, ਸਮਾਜਿਕ ਜਟਿਲਤਾ ਅੰਦਰ ਨਾਰੀ ਦੀ ਮਾਨਵੀ ਸ਼ਨਾਖ਼ਤ, ਸਰੀਰਕ ਅਤੇ ਮਾਨਸਿਕ ਸ਼ੋਸ਼ਣ, ਤਾਨਾਸ਼ਾਹੀ, ਪੂੰਜੀਵਾਦ, ਕਮਿਊਨਿਜ਼ਮ, ਉਦਾਰਵਾਦੀ ਲੋਕਤੰਤਰ, ਮਾਰੂ-ਹਥਿਆਰਾਂ ਦਾ ਵਿਉਪਾਰ ਤੇ ਵਰਤੋਂ, ਕਾਮ ਵਰਗੇ ਪ੍ਰਕਿਰਤੀ ਅਧਾਰਿਤ ਮਨੁੱਖੀ ਰਿਸ਼ਤਿਆਂ ਦਾ ਬਾਜ਼ਾਰੀਕਰਨ ਅਤੇ ਕਾਮ-ਉਤੇਜਕ ਸਮੱਗਰੀ

ਰਾਹੀਂ ਇਸ ਦਾ ਮਕਾਨਕੀ ਰੂਪ ਅਤੇ ਯੂਰਪੀ ਦੇਸ਼ਾਂ ਵਿੱਚ ਮਾਂ ਦੀ ਕੁੱਖ ਉਧਾਰੀ ਲੈਣ ਦਾ ਪ੍ਰਚੱਲਣ, ਮਜ਼ਦੂਰਾਂ ਨਾਲ ਪੂੰਜੀਵਾਦੀ ਸਿਸਟਮ ਦਾ ਆਮਾਨਵੀ ਵਰਤਾਰਾ ਆਦਿ ਵਿਸ਼ਵ-ਵਿਆਪੀ ਮਸਲਿਆਂ ਤੱਕ ਫੈਲਿਆ ਹੋਇਆ ਹੈ। ਅਮਰ ਜਿਉਤੀ ਦੀਆਂ ਮੁੱਖ ਰਚਨਾਵਾਂ- 'ਮਾਰੂਥਲ ਵਿੱਚ ਤੁਰਦੇ ਪੈਰ', 'ਮੈਨੂੰ ਸੀਤਾ ਨਾ ਕਹੋ', 'ਦਰੋਪਤੀ ਤੋਂ ਦੁਰਗਾ', 'ਖਾਮੋਸ਼ੀ ਦੀ ਆਵਾਜ਼', 'ਵਕਤ ਮੌਸਮ ਨਜ਼ਮ' (2015)। ਅਜੋਕੀ ਕਵਿਤਾ ਕਿਸੇ ਨਾ ਕਿਸੇ ਕਾਰਨ ਅਣਗੌਲੇ, ਹਾਸ਼ੀਏ 'ਤੇ ਰੱਖ ਦਿੱਤੇ ਜਾਂ ਮਹੱਤਵਹੀਣ ਸਮਝੇ ਜਾਂਦੇ ਸਰੋਕਾਰਾਂ ਨੂੰ ਪੂਰੀ ਸ਼ਿੱਦਤ ਅਤੇ ਖੁੱਲ੍ਹ ਨਾਲ ਪੇਸ਼ ਕਰਨ ਦੀ ਤਾਕਤ ਰੱਖਦੀ ਹੈ। ਇਸ ਵੇਲੇ ਦੇ ਕਵੀ ਅਜੋਕੇ ਸਮੇਂ ਵਿੱਚ ਜੀਅ ਰਹੇ ਬੰਦੇ ਦੀ ਉਦਾਸੀ, ਖ਼ੌਫ਼, ਖ਼ੁਸ਼ੀ, ਗ਼ਮੀ, ਇੱਛਾ, ਸੁਪਨੇ, ਆਸ ਤੇ ਹੁਲਾਸ ਨੂੰ ਹੀ ਬਿੰਬਤ ਕਰ ਰਹੇ ਹਨ ਅਤੇ ਹਰ ਕਵੀ ਦੀ ਸੰਚਾਰ ਵਿਧੀ, ਕਾਵਿ-ਜੁਗਤਾਂ ਤੇ ਕਾਵਿ ਭਾਸ਼ਾ ਨਿਵੇਕਲੀ ਹੈ। ਅਜਿਹੀ ਵਿਭਿੰਨ ਕਿਸਮ ਦੀ ਬਿੰਬਕਾਰੀ ਦਾ ਭਰਪੂਰ ਪ੍ਰਗਟਾਵਾ ਸਵਰਨਜੀਤ ਸਵੀ ਦੇ 'ਕਾਮੇਸ਼ਵਰੀ' (1999), 'ਆਸ਼ਰਮ' ਤੇ 'ਮੈਂ ਆਇਆ ਬੱਸ' (2005), ਜਸਵੰਤ ਦੀਦ ਦਾ 'ਘੁੰਡੀ' (2001), ਤੇ 'ਕਮੰਡਲ' (2003), ਅਮਰਜੀਤ ਕੌਂਕੇ ਦੇ 'ਸਿਮਰਤੀਆਂ ਦੀ ਲਾਲਟੈਨ' (2002) ਤੇ 'ਪਿਆਸ' (2013), ਦਰਸ਼ਨ ਬੁੱਟਰ ਦਾ 'ਖੜਾਵਾਂ' (2001), 'ਦਰਦ ਮਜੀਠੀ' (2006) ਤੇ 'ਮਹਾਂ ਕੰਬਣੀ' (2009), ਪਰਮਿੰਦਰਜੀਤ ਦਾ 'ਬਚਪਨ ਘਰ ਤੇ ਮੈਂ' (2005), 'ਤਨ ਤਕੀਆ' (2010) ਤੇ 'ਸੁਪਨੀਂਦੇ' (2014) ਜਸਵੰਤ ਜ਼ਫ਼ਰ ਦਾ 'ਤੇ ਇਹ ਬੰਦਾ ਕੀ ਹੁੰਦਾ' (2010), ਭੁਪਿੰਦਰ ਪ੍ਰੀਤ ਦਾ 'ਗੂੰਜ' (2010) ਤੇ 'ਮੈਂ ਰੇਸ਼ਮ ਬੁਣਦਾਂ' (2014), ਹਰਮੀਤ ਵਿਦਿਆਰਥੀ ਦਾ 'ਸਮੁੰਦਰ ਬੁਲਾਉਂਦਾ ਹੈ' (2002) ਤੇ 'ਉੱਧੜੀ ਹੋਈ ਮੈਂ' (2014), ਬਲਵਿੰਦਰ ਸੰਧੂ ਦਾ 'ਕੋਮਲ ਸਿੰਘ ਆਖਦਾ ਹੈ' (2002), 'ਮੈਂ ਵੀ ਆਦਿ-ਜੁਗਾਦ' (2013), ਦੇਵਨੀਤ ਦਾ 'ਯਾਤਰੀ ਧਿਆਨ ਦੇਣ' (2003), ਲਖਵਿੰਦਰ ਜੌਹਲ ਦਾ 'ਬਲੈਕ ਹੋਲ' (2009), 'ਸ਼ਬਦਾਂ ਦੀ ਸੰਸਦ' (2014) ਤੇ 'ਬਹਿਸ ਤੋਂ ਬੇਖ਼ਬਰ' (2017), ਗੁਰਪ੍ਰੀਤ ਦਾ 'ਸ਼ਿਆਹੀ ਘੁਲੀ ਹੈ' (2011) ਤੇ 'ਓਕ' (2016), ਡਾ. ਰਵਿੰਦਰ ਦਾ 'ਭਰਿਆ ਹੈ ਅਸਮਾਨ' (2015), ਅਬਰੀਸ਼ ਦਾ 'ਰੰਗ ਤੇ ਰੇਤ ਘੜੀ' (2001) ਤੇ 'ਬ੍ਰਹਮ ਕਮਲ' (2007) ਅਤੇ ਤਨਵੀਰ ਦਾ 'ਕੋਈ ਸੁਣਦਾ ਹੈ' (2016) ਨੇ ਆਪਣੀ ਸ਼ਾਇਰੀ ਵਿੱਚ ਕੀਤਾ ਹੈ। (ਸਿਮਰਤੀਆਂ ਦੀ ਲਾਲਟੈਨ 2002)

ਅਮਰਜੀਤ ਕੌਂਕੇ ਦਾ ਅਹਿਮ ਕਾਵਿ-ਸੰਗ੍ਰਹਿ ਹੈ। ਉਸ ਦੇ ਹੋਰ ਕਾਵਿ ਸੰਗ੍ਰਹਿ ਇਸ ਪ੍ਰਕਾਰ ਹਨ- 'ਦਾਇਰਿਆਂ ਦੀ ਕਬਰ ਚੋਂ', 'ਨਿਰਵਾਣ ਦੀ ਤਲਾਸ਼ 'ਚ', 'ਦਵੰਦ ਕਥਾ', 'ਯਕੀਨ', 'ਸ਼ਬਦ ਰਹਿਣਗੇ ਕੋਲ', ਅਤੇ 'ਪਿਆਸ' ਪੰਜਾਬੀ ਸਾਹਿਤ ਜਗਤ ਵਿੱਚ ਵਿਸ਼ੇਸ਼ ਸਥਾਨ ਰੱਖਦੇ ਹਨ। 'ਸਿਮਰਤੀਆਂ ਦੀ ਲਾਲਟੈਨ' ਅਧੀਨ ਕਾਵਿ ਵਿੱਚ ਵਿਸ਼ਵੀਕਰਨ ਦੇ ਦੌਰ ਵਿੱਚ ਹਾਸ਼ੀਏ 'ਤੇ ਵਿਚਰਨ ਲਈ ਮਜ਼ਬੂਰ ਵਿਅਕਤੀ ਦੀ ਹੋਂਦ ਅਤੇ ਹੋਣੀ ਦਾ ਦੁਖਾਂਤ ਬਿਆਨ ਕੀਤਾ ਗਿਆ ਹੈ। ਇਸ ਵਿੱਚ ਚੇਤੰਨ ਵਿਅਕਤੀ ਨਾ ਟਲ ਸਕਣ ਵਾਲੇ ਮਾਰੂ ਹਲਾਤ ਵਿੱਚ ਘਿਰਿਆ ਆਪਣੀ ਸਨਮਾਨ ਯੋਗ ਮਾਨਵੀ ਸ਼ਨਾਖ਼ਤ ਦੀ ਬਹਾਲੀ ਲਈ ਜੱਦੋ-ਜਹਿਦ ਕਰਦਾ ਹੈ। ਤਰਸੇਮ ਦਾ ਕਾਵਿ ਸੰਗ੍ਰਹਿ 'ਅਵਾਜ਼ਾਂ ਗੁਫ਼ਤਗੂ' 'ਚ ਨੇ... 2017 ਵਿੱਚ ਪ੍ਰਕਾਸ਼ਿਤ ਹੋਇਆ ਹੈ। ਉਸ ਦੀਆਂ ਕਵਿਤਾਵਾਂ ਚਿੰਤਨਸ਼ੀਲ ਮਾਨਵ ਦੀ ਖੰਡਤ ਮਾਨਸਿਕਤਾ ਅਤੇ ਭਟਕਣਾ ਨੂੰ ਬਿਆਨ ਕਰਦੀਆਂ ਹਨ। ਇਸ ਵਿਚਲਾ ਸੰਵੇਦਨਸ਼ੀਲ ਮਨੁੱਖ ਵੱਖ-ਵੱਖ ਸਥਿਤੀਆਂ ਵਿੱਚੋਂ ਹੀ ਜੀਵਨ ਦੇ ਅਰਥਾਂ ਅਤੇ ਮਨੁੱਖਤਾ ਦੀਆਂ ਸਦੀਵੀ ਕਦਰਾਂ-ਕੀਮਤਾਂ ਦੀ ਤਲਾਸ਼ ਕਰਦਾ ਹੈ। ਸੁਰਜੀਤ ਪਾਤਰ ਨੇ ਤਰਸੇਮ ਦੀ ਕਵਿਤਾ ਨੂੰ ਮਾਨਵਤਾ ਦਾ ਬਾਗ ਹਰਿਆ-ਭਰਿਆ ਰੱਖਣ ਵਾਲੀ ਕਵਿਤਾ ਕਿਹਾ ਹੈ। ਉਹਨਾਂ ਦਾ ਕਹਿਣਾ ਹੈ ਕਿ ਤਰਸੇਮ ਸਾਡੇ ਸਮਿਆਂ ਦਾ ਕਵੀ ਹੈ। ਹੱਟਿਆਂ ਨੂੰ ਖਾ ਰਹੇ ਮਾਲ, ਘਰਾਂ ਨੂੰ ਖਾ ਰਹੇ ਕਮਰੇ, ਸਾਡੇ ਜਾਣੇ ਪਛਾਣੇ ਸਿਨਮਾ ਘਰਾਂ ਨੂੰ ਖਾ ਰਹੇ ਪਲਟੀਪਲੈਕਸ, ਰਿਸ਼ਤਿਆਂ ਨੂੰ ਖਾ ਰਹੀ ਉਪਭੋਗਤਾ ਇਹ ਉਸ ਦੀ ਕਵਿਤਾ ਦੇ ਦਰਦ ਹਨ। 'ਘਰ ਵਾਪਸੀ' 2017 ਹਰਭਜਨ ਸਿੰਘ ਉਪਾਸਕ ਦਾ ਨਵਾ ਕਾਵਿ-ਸੰਗ੍ਰਹਿ ਹੈ। ਇਸ ਪੁਸਤਕ ਰਾਹੀਂ ਉਹਨਾਂ ਨੇ ਆਪਣੇ ਵਿਲੱਖਣ ਅਨੁਭਵ ਅਤੇ ਦਿਲ ਦੀ ਗੱਲ ਸਾਂਝੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕਾਵਿ ਦੇ ਮੁੱਖ ਵਿਸ਼ੇ ਕੁਦਰਤ ਦੀਆਂ ਅਨਮੋਲ ਦਾਤਾਂ ਨੂੰ ਸਿਜਦਾ ਕਰਨਾ, ਗੁਰੂ ਸਾਹਿਬਾਨਾਂ ਦੀ ਆਤਮਿਕ ਉੱਚਤਾ ਦਾ ਚਿਤਰਣ, ਮਾਨਵੀ ਰਿਸ਼ਤਿਆਂ ਦੀ ਅਹਿਮ ਲੋੜ, ਵਿਰਾਸਤੀ ਮੁੱਲਾਂ ਦੇ ਵਿਗਠਨ, ਨਵੇਂ ਰੁਝਾਨਾਂ ਦੇ ਬੁਰੇ ਪ੍ਰਭਾਵ ਅਤੇ ਪਰੰਪਰਕ ਕਦਰਾਂ-ਕੀਮਤਾਂ ਦੀ ਸਰਵ-ਵਿਆਪੀ ਮਹੱਤਤਾ ਆਦਿ ਹਨ।

ਇੱਕੀਵੀਂ ਸਦੀ ਦਾ ਇਹ ਡੇਢ ਦਹਾਕਾ ਆਪਣੇ ਅੰਦਰ ਪੰਜਾਬੀ ਕਵਿਤਾ ਲਈ ਅਸੀਮ ਸੰਭਾਵਨਾਵਾਂ ਸਮੇਟੀ ਬੈਠਾ ਹੈ। ਇਕ ਵਾਰ ਫਿਰ ਪੰਜਾਬੀ ਕਵਿਤਾ ਸਾਹਮਣੇ ਗੰਭੀਰ ਚੁਣੌਤੀਆਂ ਦਰਪੇਸ਼ ਹਨ। ਭਾਰਤ ਤੇ

ਵਿਸ਼ਵ ਪੱਧਰ ‘ਤੇ ਵੱਧ ਰਹੇ ਅਤਿਵਾਦੀ ਰੁਝਾਣ ਤੇ ਫਿਰਕਾਪ੍ਰਸਤੀ ਦੀ ਭਿਆਨਕ ਚੁਣੌਤੀ ਪੰਜਾਬੀ ਕਵੀਆਂ ਲਈ ਇੱਕ ਵੱਡੀ ਵੰਗਾਰ ਸਾਬਤ ਹੋਵੇਗੀ। ਇਹਨਾਂ ਚੁਣੌਤੀਆਂ ਨੂੰ ਸੰਬੋਧਨ ਹੋਣ ਲਈ ਸਾਡੇ ਕੋਲ ਵੀਹਵੀਂ ਸਦੀ ਦੀ ਪ੍ਰਗਤੀਵਾਦੀ ਕਵਿਤਾ ਦੀ ਅਮੀਰ ਵਿਰਾਸਤ ਪ੍ਰਾਪਤ ਹੈ। ਇਕ ਵਾਰ ਫਿਰ ਸਾਨੂੰ ਉਸ ਵਿਰਾਸਤ ਨੂੰ ਬਾਹਰ-ਮੁੱਖੀ ਢੰਗ ਨਾਲ ਨਿਰੀਖਣ ਕਰਦਿਆਂ ਬਹੁਤ ਕੁਝ ਅਜਿਹਾ ਪ੍ਰਾਪਤ ਹੋਵੇਗਾ ਜਿਸ ਸਦਕਾ ਪੰਜਾਬੀ ਕਵੀ ਸਿਰ ਉੱਤੇ ਪਈਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਦੇ ਕਾਬਲ ਹੋਣਗੇ। ਡਾ.ਬਲਦੇਵ ਸਿੰਘ ਧਾਲੀਵਾਲ ਨੇ ਆਪਣੀ ਪੁਸਤਕ ‘ਆਧੁਨਿਕ ਪੰਜਾਬੀ ਕਾਵਿ’ ਵਿੱਚ ਕਵਿਤਾ ਦੇ ਉਤਭਵ ਬਾਰੇ ਵਿਚਾਰਾਂ ਦੀ ਪੇਸ਼ਕਾਰੀ ਇਸ ਪ੍ਰਕਾਰ ਕੀਤੀ ਹੈ :

> ਵਿਗਿਆਨਕ ਚੇਤਨਾ ਵਿਗਿਆਨ ਦੀਆਂ ਲੱਭਤਾਂ ਤੋਂ ਪੈਦਾ ਹੋਈ ਉਸ ਸੂਝ-ਬੂਝ ਸੀ ਜਿਸ ਰਾਹੀਂ ਮਨੁੱਖ ਨੇ ਪ੍ਰਕਿਰਤੀ ਦੇ ਰਹੱਸਾਂ ਨੂੰ ਖੋਜਣਾ ਸ਼ੁਰੂ ਕੀਤਾ ਅਤੇ ਪ੍ਰਕਿਰਤੀ ਨੂੰ ਆਪਣੇ ਵਸ ਵਿੱਚ ਕਰਕੇ ਆਪਣੇ ਫਾਇਦੇ ਲਈ ਵਰਤਣ ਦੀ ਕੋਸ਼ਿਸ਼ ਕੀਤੀ। ਅਜਿਹੀ ਚੇਤਨਾ ਪੈਦਾ ਹੋਣ ਤੋਂ ਪਹਿਲਾਂ, ਭਾਵ ਮੱਧਕਾਲ ਵਿੱਚ, ਮਨੁੱਖ ਪ੍ਰਕਿਰਤਿਕ ਵਰਤਾਰਿਆਂ ਨੂੰ ਪਰਾਭੌਤਿਕ ਦ੍ਰਿਸ਼ਟੀ ਰਾਹੀਂ ਸਮਝਣ ਦਾ ਯਤਨ ਕਰਦਾ ਸੀ। ਇਸ ਦ੍ਰਿਸ਼ਟੀ ਨੂੰ ਹੀ ਕਰਮਜੀਤ ਸਿੰਘ ਨੇ ਅਟਲ ਭਾਵੀ ਅੱਗੇ ਸਿਰ ਸੁੱਟ ਕੇ ਭਾਣਾ ਮੰਨਣ ਦੀ ਸੋਚ ਕਿਹਾ ਹੈ। ਵਿਗਿਆਨਕ ਅਤੇ ਪਦਾਰਥਵਾਦੀ ਦ੍ਰਿਸ਼ਟੀ ਮਨੁੱਖ ਨੂੰ ਇਹ ਲੋਕ ਨਾਲ ਜੋੜਦੀ ਹੈ ਅਤੇ ਪਰਲੋਕ ਦਾ ਭਰਮ ਤੋੜਦੀ ਹੈ(60)

ਪੰਜਾਬੀ ਕਵਿਤਾ ਨੇ ਮਾਨਵੀ ਰਿਸ਼ਤਿਆਂ ਦੇ ਵਿਗਠਨ ਅਤੇ ਪ੍ਰਚਲਿਤ ਪੰਰਪਰਾਗਤ ਪ੍ਰਤੀਮਾਨਾਂ ਨੂੰ ਪੂੰਜੀਵਾਦੀ ਮਾਨਸਿਕਤਾ ਤਹਿਤ ਦਿੱਤੀ ਜਾ ਰਹੀ ਤਿਲਾਂਜਲੀ ਨੂੰ ਅਨੇਕ ਪਾਸਾਰਾਂ ਅਤੇ ਬਹੁ-ਆਯਾਮਾਂ ਤੋਂ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਸ ਨੇ ਪੇਂਡੂ ਅਤੇ ਸ਼ਹਿਰੀ, ਨਿਮਨ ਅਤੇ ਮੱਧਵਰਗੀ ਵਿਅਕਤੀ ਦੀ ਵਿਸ਼ਵੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਮਾਰੂ ਨੀਤੀਆਂ ਤਹਿਤ ਹੋ ਰਹੀ ਅੰਦਰੂਨੀ ਟੁੱਟ-ਭੱਜ ਅਤੇ ਅਣਚਾਹੇ ਹਲਾਤਾਂ ਸਾਹਮਣੇ ਬੇਵਸੀ ਨੂੰ ਚਿਤਰਿਆ ਹੈ। ਪੰਜਾਬੀ ਕਵਿਤਾ ਕਿਸੇ ਵਿਸ਼ੇਸ਼ ਸੱਭਿਆਚਾਰ ਦੀ ਸੀਮਾ ਵਿੱਚੋਂ ਨਿਕਲ ਕੇ ਮਾਨਵਤਾ ਦੇ ਸਾਂਝੇ ਦਰਦਾਂ ਦੀ ਗੱਲ ਕਰਦੀ ਹੈ। ਇਸ ਨੇ ਅੰਤਰਰਾਸ਼ਟਰੀ ਵਰਤਾਰਿਆਂ, ਬਾਜ਼ਾਰ

ਦੀ ਸਿਆਸਤ ਅਤੇ ਵਿਸ਼ਵੀਕਰਨ ਦੇ ਰਾਜਸੀ ਪ੍ਰਵਚਨ ਤਹਿਤ ਪੱਛਮੀ ਕਦਰਾਂ ਕੀਮਤਾਂ ਰਾਹੀਂ ਲੋਕ ਮਾਨਸਿਕਤਾ ਉੱਤੇ ਆਪਣੀ ਪਕੜ ਬਣਾਉਣ ਦੀਆਂ ਸੁਆਰਥੀ ਨੀਤੀਆਂ ਦੀ ਚਰਚਾ ਕੀਤੀ ਹੈ।

ਪੰਜਾਬੀ ਕਵਿਤਾ ਨੇ ਜ਼ਿੰਦਗੀ ਦੀਆਂ ਅਲਾਮਤਾਂ, ਲੋਕ ਸਮੱਸਿਆਵਾਂ, ਰਾਜਸੀ ਭ੍ਰਿਸ਼ਟਤਾ ਅਤੇ ਸਮਾਜਿਕ ਨਿਘਾਰ ਲਈ ਜ਼ਿੰਮੇਵਾਰ ਅਨਸਰਾਂ ਦੀਆਂ ਕੋਹਜੀਆਂ ਚਾਲਾਂ ਦੀ ਗੱਲ ਪੂਰੀ ਦ੍ਰਿੜ੍ਹਤਾ ਨਾਲ ਕੀਤੀ ਹੈ। ਵਰਤਮਾਨ ਦੌਰ ਦੇ ਸਾਹਿਤਕ ਸਰੋਕਾਰ ਬਹੁਪਰਤੀ ਅਤੇ ਗੁੰਝਲਦਾਰ ਹਨ। ਇਹਨਾਂ ਵਿੱਚੋਂ ਪੰਜਾਬ ਸੰਕਟ, ਹਰਾ ਇਨਕਲਾਬ ਅਤੇ ਇਸ ਦੀ ਖੜੋਤ, ਖੇਤੀ ਦਾ ਘਾਟੇਵੰਦਾ ਸੌਦਾ ਬਣਨਾ, ਕਿਸਾਨੀ ਸਿਰ ਕਰਜ਼ਾ ਅਤੇ ਖੇਤੀਬਾੜੀ ਦਾ ਸਮੱਸਿਆ ਦਾ ਉਲਝਣਾ, ਆਰਥਿਕ ਤੰਗੀ ਕਾਰਨ ਪੰਜਾਬੀਆਂ ਦਾ ਵਹੀਰਾਂ ਘੱਤ ਵਿਦੇਸ਼ਾਂ ਵਿੱਚ ਜਾਣਾ, ਬਾਹਰਲੇ ਸੂਬਿਆਂ ਦੇ ਮਜ਼ਦੂਰਾਂ ਦਾ ਪੰਜਾਬ ਵਿੱਚ ਆਉਣਾ, ਭ੍ਰਿਸ਼ਟਾਚਾਰ, ਰਿਸ਼ਵਤਖੋਰੀ, ਭ੍ਰਿਸ਼ਟ ਰਾਜਨੀਤੀ ਕਾਰਨ ਜਨਤਾ ਦਾ ਲੋਕਤੰਤਰੀ-ਸੰਵਿਧਾਨਿਕ ਪ੍ਰਬੰਧ ਪ੍ਰਤੀ ਟੁੱਟ ਰਿਹਾ ਵਿਸ਼ਵਾਸ਼, ਬੇਰੁਜ਼ਗਾਰੀ, ਮਹਿੰਗਾਈ, ਨਸ਼ਾਖੋਰੀ ਅਤੇ ਭਰੂਣ ਹੱਤਿਆ ਕਾਰਨ ਲੜਕੀਆਂ ਦੀ ਘੱਟ ਰਹੀ ਗਿਣਤੀ ਤੋਂ ਬਿਨਾਂ ਹੋਰ ਵੀ ਅਨੇਕ ਅਜਿਹੇ ਦੁਖਾਂਤਕ ਸੰਕਟ ਹਨ ਜਿਨ੍ਹਾਂ ਦੇ ਵਿਸ਼ਲੇਸ਼ਣ ਤੋਂ ਬਗੈਰ ਸਮਕਾਲੀ ਯਥਾਰਥ ਦਾ ਨਿਰਣਾ ਨਹੀਂ ਹੋ ਸਕਦਾ।

ਸਮਕਾਲੀ ਸਥਿਤੀਆਂ ਵਿੱਚ ਭਾਰਤੀ ਰਾਸ਼ਟਰ, ਪੰਜਾਬੀ ਰਾਜ ਦੀ ਉਦਾਰੀਕਰਨ, ਨਿੱਜੀਕਰਨ ਤੇ ਵਿਸ਼ਵੀਕਰਨ ਪਾਲਸੀਆਂ ਅੱਗੇ ਬਹੁ-ਰਾਸ਼ਟਰੀ ਕੰਪਨੀਆਂ ਨੂੰ ਪੈਸੇ ਇਨਵੈਸਟ ਕਰਨ ਦੀਆਂ ਜੁਗਤਾਂ ਸਦਕਾ ਖੇਤੀ ਦਾ ਕਿੱਤਾ ਹੋਰ ਵੀ ਨਿੱਘਰ ਗਿਆ ਹੈ। ਖੇਤੀ ਹੁਣ ਇੱਕ ਸਾਮਰਾਜੀ ਪੂੰਜੀਵਾਦੀ ਉਦਯੋਗਿਕ ਖੇਤਰ ਵਿੱਚ ਚਲੀ ਗਈ ਹੈ। ਜਿਸ ਦਾ ਫ਼ਾਇਦਾ ਪੈਟਰੋਕੈਮੀਕਲ ਕਾਰਪੋਰੇਸ਼ਨਾਂ ਨੂੰ ਹੋ ਰਿਹਾ ਹੈ, ਜੋ ਮੁਨਾਫ਼ੇ ਲਈ ਪੰਜਾਬ ਧਰਤੀ, ਵਾਤਾਵਰਨ ਤੇ ਪਾਣੀ ਰੱਜ ਕੇ ਲੁੱਟਦੇ ਰਹੇ ਹਨ, ਗਹਿਰੇ ਵਾਤਾਵਰਨ ਸੰਕਟਾਂ ਨੂੰ ਉਤਪੰਨ ਕਰ ਰਹੇ ਹਨ। ਦਿਨੋ-ਦਿਨ ਦੂਸ਼ਿਤ ਹੋ ਰਿਹਾ ਵਾਤਾਵਰਨ, ਕੀੜੇਮਾਰ ਦਵਾਈਆਂ ਅਤੇ ਰਸਾਇਣਿਕ ਖਾਦਾਂ ਕਰਕੇ ਮਿੱਟੀ, ਪਾਣੀ, ਹਵਾ ਦਾ ਪ੍ਰਦੂਸ਼ਣ ਅਤੇ ਜ਼ਹਿਰੀਲੇ ਖਾਧ ਉਤਪਾਦ ਸਿਹਤ ਲਈ ਭਿਆਨਕ ਜਾਨਲੇਵਾ ਬਿਮਾਰੀਆਂ ਦਾ ਕਾਰਨ ਬਣ ਰਹੇ ਹਨ। ਇਸ ਵਿੱਚ ਨੂੰ ਦੀਦਾਰ ਕਰਦੇ ਹੋਏ ਡਾ. ਸਵਰਨਜੀਤ ਕੌਰ ਨੂੰ ਆਪਣੀ ਪੁਸਤਕ

'ਸਮਕਾਲੀ ਯਥਾਰਥ ਅਤੇ ਪੰਜਾਬੀ ਕਵਿਤਾ' ਇਸ ਗੱਲ ਨੂੰ ਸਥਾਪਿਤ ਕੀਤਾ ਹੈ ਕਿ ਵਾਤਾਵਰਨ ਪ੍ਰਦੂਸ਼ਣ ਦੇ ਵਿਧਾਨ ਦੀ ਸਭ ਤੋਂ ਵੱਡੀ ਵਜ੍ਹਾ ਰਸਾਇਇਕ ਪਦਾਰਥਾਂ ਦੀ ਲੋੜ ਤੋਂ ਵੱਧ ਵਰਤੋਂ ਹੈ। ਡਾ. ਸਵਰਨਜੀਤ ਕੌਰ ਦਾ ਕਥਨ ਹੈ:

> ਹਰੀ ਕ੍ਰਾਂਤੀ ਅਤੇ ਖੇਤੀ ਦੇ ਮਸ਼ੀਨੀਕਰਨ ਕਰਕੇ ਜਿੱਥੇ ਉਤਪਾਦਨ ਵਧਿਆ ਹੈ, ਉੱਥੇ ਜ਼ਮੀਨ ਦੀ ਉਪਜਾਉ ਸ਼ਕਤੀ ਵੀ ਘਟੀ ਹੈ। ਜ਼ਮੀਨੀ ਉਪਜਾਊਪਣ ਨੂੰ ਕਾਇਮ ਰੱਖਣ ਲਈ ਰਸਾਇਣਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ, ਵਾਤਾਵਰਨ ਨੂੰ ਜ਼ਹਿਰੀਲਾ ਬਣਾ ਰਹੀ ਹੈ। ਉਦਯੋਗਿਕ ਵਿਕਾਸ ਅਤੇ ਮਸ਼ੀਨੀਕਰਨ ਨੇ ਇਸ ਪ੍ਰਦੂਸ਼ਣ ਵਿੱਚ ਸਭ ਤੋਂ ਵੱਧ ਹਿੱਸਾ ਪਾਇਆ ਹੈ(31)

**2.2 ਵਰਤਮਾਨ ਦਹਾਕੇ ਦੀ ਪੰਜਾਬੀ ਕਵਿਤਾ ਵਿੱਚ ਪੇਸ਼ ਵਾਤਾਵਰਨਿਕ ਸੰਕਟ**:

ਹਥਲੀ ਖੋਜ ਲਈ ਵਰਿੰਦਰ ਪਰਿਹਾਰ ਦਾ ਕਾਵਿ ਸੰਗ੍ਰਹਿ 'ਕਣ ਕਾਇਨਾਤ' ਅਤੇ ਮਨਮੋਹਨ ਸਿੰਘ ਦਾਊਂ ਦਾ ਕਾਵਿ-ਸੰਗ੍ਰਹਿ 'ਪੰਛੀ ਬਿਰਖ ਸੁਹਾਵੜਾ' ਨੂੰ ਅਧਿਐਨ ਵਿੱਚ ਸ਼ਾਮਿਲ ਕੀਤਾ ਗਿਆ ਹੈ। ਪਹਿਲੇ ਭਾਗ ਵਿੱਚ ਕਣ-ਕਾਇਨਾਤ ਦਾ ਅਧਿਐਨ ਸ਼ਾਮਲ ਹੈ। ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ ਵੱਲੋਂ 2013 ਵਿੱਚ ਛਾਪਿਆ ਗਿਆ ਇਹ ਕਾਵਿ ਸੰਗ੍ਰਹਿ ਵਾਤਾਵਰਨ ਦੇ ਵਿਭਿੰਨ ਸਰੋਕਾਰਾਂ ਦਾ ਵਿਲੱਖਣ ਕਾਵਿਕ ਪ੍ਰਗਟਾਵਾ ਹੈ। ਵਰਿੰਦਰ ਪਰਿਹਾਰ ਮੂਲ ਰੂਪ ਵਿੱਚ ਲੁਧਿਆਣੇ ਦਾ ਵਸਨੀਕ ਹੈ ਪਰ ਪਿਛਲੇ ਕਈ ਦਹਾਕਿਆਂ ਤੋਂ ਉਹ ਇੰਗਲੈਂਡ ਵਿੱਚ ਪਰਿਵਾਰ ਸਮੇਤ ਵਸਿਆ ਹੋਇਆ ਹੈ। ਪਰਵਾਸੀ ਹੋਣ ਦੇ ਬਾਵਜੂਦ ਉਹ ਪੰਜਾਬ ਲਈ, ਪੰਜਾਬੀਅਤ ਲਈ, ਅਤੇ ਵਾਤਾਵਰਨ ਲਈ ਇਉਂ ਤੜਫਦਾ ਹੈ ਜਿਵੇਂ ਪਾਣੀ ਵਿੱਚੋਂ ਕੱਢ ਕੇ ਰੇਤ 'ਤੇ ਰੱਖ ਦਿੱਤੀ ਗਈ ਮੱਛੀ ਤੜਫਦੀ ਹੋਵੇ। ਪੰਜਾਬ ਨਾਲੋਂ ਮੁਕਾਬਲਣ ਚੰਗੇ ਭੌਤਿਕ ਚੁਗਿਰਦੇ ਵਿੱਚ ਵਿਚਰਦਾ ਹੋਇਆ ਵੀ ਉਹ ਆਪਣੇ ਦੇਸ਼ ਅਤੇ ਆਪਣੇ ਪੰਜਾਬ ਦੇ ਕਰੂਪ ਹੋ ਰਹੇ ਵਾਤਾਵਰਨ ਲਈ ਬੇਹੱਦ ਚਿੰਤਤ ਹੈ। ਉਹ ਵੱਢ ਹੋ ਰਹੇ ਰੁੱਖਾਂ ਦਾ ਦਰਦ ਆਪਣੇ ਹੱਡੀਂ ਹੰਢਾਉਂਦਾ ਪ੍ਰਤੀਤ ਹੁੰਦਾ ਹੈ। ਉਹ ਰਮਤਾ ਜੋਗੀ ਬਣ ਕੇ ਆਪਣੀ ਸਾਰੀ ਪਦਾਰਥਕ ਤਰੱਕੀ ਨੂੰ ਛਿੱਕੂ 'ਤੇ ਟੰਗ ਕੇ ਕੁਦਰਤ ਦੇ ਕਣ-ਕਣ ਵਿੱਚ ਜਿਉਣਾ ਪਸੰਦ ਕਰਦਾ ਹੈ। ਉਹ ਜਦ-ਜਦ ਵੀ ਭਾਰਤ ਫੇਰੀ ਤੇ ਆਉਂਦਾ ਹੈ ਤਾਂ ਪਹਾੜਾਂ ਅਤੇ ਦੂਰਗਾਮੀ ਸਥਾਨਾਂ 'ਤੇ ਘੁੰਮਣਾ ਬਹੁਤ ਪਸੰਦ ਕਰਦਾ ਹੈ। ਉਸ ਦੀ ਕਵਿਤਾ

ਦੇ ਸੰਕਲਪ ਪਾਠਕ ਨੂੰ ਕਦੇ-ਕਦੇ ਵਰਤਮਾਨ ਤੋਂ ਚੁੱਕ ਕੇ ਕਈ ਯੁੱਗ ਪਿਛਾਂਹ ਪੱਥਰ ਯੁੱਗ ਵਿੱਚ ਲੈ ਜਾਂਦੇ ਹਨ ਅਤੇ ਕਦੇ ਭਵਿੱਖਤ ਸਦੀਆਂ ਵੱਲ ਲੈ ਤੁਰਦੇ ਹਨ। ਉਹ ਕਾਇਨਾਤ ਤੇ ਸਮੁੱਚੇ ਪ੍ਰਬੰਧ ਤੋਂ ਵੱਖਰਾ ਖਲੋ ਕੇ ਕਾਇਨਾਤ ਦੇ ਸਾਰੇ ਲੇਖੇ-ਜੋਖੇ ਦੀ ਵਿਵਸਥਾ ਨੂੰ ਵਾਚਦਾ ਹੈ। ਇਸ ਵਿਵਸਥਾ ਦੇ ਕੁਦਰਤੀ ਪ੍ਰਬੰਧ ਵਿੱਚ ਜਦੋਂ ਮਨੁੱਖੀ ਦਖ਼ਲ ਕਰਕੇ ਵਿਘਨ ਪੈਂਦਾ ਹੈ ਤਾਂ ਪ੍ਰਕਿਰਤੀ ਦਾ ਦੁੱਖ ਉਸ ਦੇ ਦਿਲ ਵਿੱਚ ਚੀਸ ਪੈਦਾ ਕਰਦਾ ਹੈ। ਇਹੀ ਚੀਸ ਉਸ ਦੇ ਜਹਿਨ ਅੰਦਰ ਏਨਾ ਦਰਦ ਪੈਦਾ ਕਰਦੀ ਹੈ ਕਿ ਉਹ ਕਲਮ ਚੁੱਕੇ ਬਿਨਾਂ ਰਹਿ ਹੀ ਨਹੀਂ ਸਕਦਾ। ਵਰਿੰਦਰ ਪਰਿਹਾਰ ਦੀਆਂ ਹੋਰ ਕਾਵਿ ਪੁਸਤਕਾਂ ਹਨ:-'ਮੈਂ ਕਿਤੇ ਹੋਰ ਸੀ' (1997), 'ਕੁਦਰਤ' (2002), 'ਬੀਓਂਅਡ ਵਾਟਰਜ਼' (2004),(ਸੰਪਾ.), 'ਖੰਭਾਂ ਵਾਲਾ ਘੋੜਾ' (2005)। ਪੈਨਲ ਵੱਲੋਂ ਦਿੱਤੇ ਗਏ ਸੁਝਾਵਾਂ ਅਨੁਸਾਰ ਅਧਿਐਨ ਅਧੀਨ ਸਾਹਿਤ ਦੀ ਪ੍ਰਕਾਸ਼ਨਾ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਹੀ ਹੋਣੀ ਚਾਹੀਦੀ ਹੈ। ਇਸ ਕਰਕੇ ਵਰਿੰਦਰ ਪਰਿਹਾਰ ਦੇ ਇੱਕੋ ਕਾਵਿ ਸੰਗ੍ਰਹਿ 'ਕਣ ਕਾਇਨਾਤ' ਨੂੰ ਅਧਿਐਨ ਹਿੱਤ ਚੁਣਿਆ ਗਿਆ ਹੈ। ਵਾਤਾਵਰਨ ਦੇ ਸੰਕਟ ਦੀ ਚਰਮਸੀਮਾ ਨੂੰ ਮਹਿਸੂਸ ਕਰਦਾ ਹੋਇਆ ਖੁਦ ਕਵੀ ਇਹ ਮੰਗ ਰੱਖਦਾ ਹੈ ਕਿ ਤਪਸ਼ ਵਿੱਚ ਝੁਲਸਣ ਨਾਲੋਂ ਚੰਗਾ ਹੋਵੇ ਕਿ ਆਦਮੀ ਬਰਫ਼ ਵਿੱਚ ਦਫ਼ਨ ਹੋ ਕੇ ਮੁੱਕ ਜਾਵੇ ਤਾਂ ਕਿ ਅਗਲੀ ਜੀਵਤ ਸੱਭਿਅਤਾ ਜਦੋਂ ਵੀ ਪੈਦਾ ਹੋਵੇ ਤਾਂ ਉਸ ਦੇ ਖੋਜੀਆਂ ਨੂੰ ਗੁਜ਼ਰ ਚੁੱਕੀ ਹਯਾਤੀ ਦੇ ਕੁੱਝ ਅਵਸ਼ੇਸ਼ ਬਰਫ਼ ਹੇਠਾਂ ਦੱਬੇ ਮਿਲ ਜਾਵਣ। ਇਸ ਵਿਚਾਰ ਲਈ 'ਕੁਦਰਤ' ਦੇ ਜਿਲਦੀ ਪੰਨੇ ਉੱਤੇ ਕਵੀ ਕਥਨ ਕਰਦਾ ਹੈ :

ਮੁਕਣਾ ਹੈ ਤਾਂ ਮੁੱਕ ਜਾਈਏ ਹੁਣ
ਰੁਕਣਾ ਹੈ ਸਿਲਸਿਲਾ ਤਾਂ ਰੁਕ ਜਾਵੇ ਹੁਣ
ਅੱਗ ਵਿੱਚ ਨਹੀਂ
ਇਹੀ ਬੱਸ ਚਾਹੁੰਦਾ ਹਾਂ ਮੈਂ
ਬੰਦਾ ਆਖ਼ਰੀ
ਬਰਫ਼ ਵਿੱਚ ਮਰੇ

ਚਿੰਨ੍ਹ ਜੀਵਨ ਦੇ

ਤਾਂ ਬਚੇ ਰਹਿ ਜਾਵਣ ਦੋ ਚਾਰ

ਥੱਲੇ ਕੁਝ ਦੱਬੇ ਲੁਕੇ

ਡਾ. ਹਰਭਜਨ ਸਿੰਘ ਭਾਟੀਆ ਵਰਿੰਦਰ ਪਰਿਹਾਰ ਦੇ ਕਾਵਿ ਦੀ ਵਿੱਲਖਣਤਾ ਦਾ ਵਿਸਤਾਰ ਪੂਰਵਕ ਬਿਆਨ ਕਰਦੇ ਹੋਏ 'ਕੁਦਰਤ' ਦੇ ਜਿਲਦੀ ਪੰਨੇ ਉੱਤੇ ਆਖਦੇ ਹਨ ਕਿ ਕੁਦਰਤ ਨਾਲ ਮੁਹੱਬਤ ਤੇ ਦੂਜੇ ਪਾਸੇ ਕੁਦਰਤ ਨਾਲ ਹੋ ਰਹੇ ਬੰਦੇ ਦੇ ਅੱਤਿਆਚਾਰਾਂ ਪ੍ਰਤੀ ਪਰਿਹਾਰ ਦੀ ਪ੍ਰਤੀਕ੍ਰਿਆ ਜਿੱਥੇ ਬਿਲਕੁਲ ਨਵੇਂ ਕਾਵਿਕ ਪ੍ਰਤੀਮਾਨ ਸਿਰਜ ਰਹੀ ਏ, ਉੱਥੇ ਇਸ ਸ਼ਾਇਰੀ ਦੇ ਪੁਰਾਣਾ ਕੁਝ ਵੀ ਮੇਚ ਨਹੀਂ ਆ ਰਿਹਾ ਦਿਸਦਾ। ਚਾਹੇ ਉਹ ਪੁਰਾਣਾ ਢੰਗ ਤਰੀਕਾ ਜਾਂ ਅੰਦਾਜ਼-ਏ-ਸ਼ਾਇਰੀ ਨੂੰ ਕਹਿਣ ਦਾ ਚਾਹੇ ਉਹ ਪੁਰਾਣੇ ਥੀਮ ਨੇ। ਇਹ ਕਵਿਤਾ ਸਾਡੇ ਬਣੇ ਬਣਾਏ ਖਾਨਿਆਂ ਵਿੱਚ ਫਿਟ ਹੋਣ ਵਾਲੀ ਕਵਿਤਾ ਕਦਾਚਿਤ ਨਹੀਂ। ਪਰਿਹਾਰ ਦੀ ਕਵਿਤਾ ਪਾਠਕ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਵਖ਼ਤ ਪਾਉਂਦੀ ਹੈ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਹਿਤ ਮਾਹਿਰ ਪ੍ਰੋਫੈਸਰ ਜਸਵਿੰਦਰ ਸਿੰਘ ਪਰਿਹਾਰ ਦੀ ਕਾਵਿਕ ਵਿਸ਼ੇਸ਼ਤਾ ਨੂੰ ਉਘਾੜਦੇ ਹੋਏ 'ਕੁਦਰਤ' ਦੇ ਜਿਲਦੀ ਪੰਨੇ ਉੱਤੇ ਦੱਸਦੇ ਹਨ ਕਿ ਵਰਿੰਦਰ ਇੱਕੋ ਸਮੇਂ ਬਹੁਤ ਕੁਝ ਸੰਚਾਰਿਤ ਕਰਨ ਦੀ ਸਮਰੱਥਾ ਰੱਖਦਾ ਹੈ। ਥੋੜੇ ਸ਼ਬਦਾਂ ਵਿੱਚ ਬਹੁਤ ਕੁਝ ਕਹਿ ਜਾਣਾ ਅਤੇ ਕੁਝ ਅਣਕਿਹਾ ਵੀ ਕਹਿ ਜਾਣਾ ਉਸ ਦੀ ਕਵਿਤਾ ਦਾ ਵਿਲੱਖਣ ਗੁਣ ਹੈ। ਪ੍ਰੋਫੈਸਰ ਸਾਹਿਬ ਦੇ ਸ਼ਬਦਾਂ ਅਨੁਸਾਰ:

> ਪਰਿਹਾਰ ਨੇ ਆਧੁਨਿਕ ਯੁਗ ਦੇ ਉਨ੍ਹਾਂ ਫ਼ੈਸਲਾਕੁਨ ਸਰੋਕਾਰਾਂ ਨਾਲ ਦਸਤਪੰਜਾ ਲਿਆ ਹੈ ਜੋ ਅਜੋਕੇ ਮਨੁੱਖ ਦੀ ਹੋਂਦ ਲਈ ਵਿਨਾਸ਼ਕ ਵੰਗਾਰਾਂ ਅਤੇ ਸੰਭਾਵਨਾਵਾਂ ਸਮੇਟੀ, ਅਜੀਬ ਵਿਰੋਧਾਭਾਸਕ ਸੱਚ ਨਾਲ ਓਤ ਪੋਤ ਹਨ। ਉਸਦੀ ਸ਼ਾਇਰੀ ਇੱਕ ਅਜਿਹੀ ਸਿਰਜਣਾਤਮਿਕ ਬੇਚੈਨੀ ਵਿੱਚੋਂ ਪੈਦਾ ਹੁੰਦੀ ਹੈ, ਜੋ ਅਜੋਕੇ ਮਨੁੱਖ ਦੀ ਨਾ ਸ੍ਵੈ ਚੋਣ ਹੈ ਅਤੇ ਨਾ ਹੀ ਚਾਹਤ। ਕੰਪਿਊਟਰ ਤਕਨਾਲੋਜੀ ਅਤੇ ਇਸ ਤੋਂ ਵਿਕਸਿਤ ਹੋ ਰਹੀ ਮਕਾਨਕੀ ਜੀਵਨ ਜਾਚ ਵਿੱਚੋਂ ਅਲੋਪ ਹੋ ਰਹੀ ਮਨੁੱਖੀ ਜੀਵਨ ਦੀ ਰਿਦਮ,

ਵੇਦਨਾ ਤੇ ਆਵੇਗ ਨੂੰ ਪਰਿਹਾਰ ਡੂੰਘੇ ਮਾਨਵੀ ਤਨਾਓ ਅਤੇ ਤਿੱਖੇ ਸੰਵਾਦਕ ਸੁਰ ਵਿੱਚ ਪੇਸ਼ ਕਰਨ ਦਾ ਮਾਹਿਰ ਹੈ।

ਖ਼ੁਦ ਪਰਿਹਾਰ ਦੀ ਜੁਬਾਨੀ ਉਹ ਕਵਿਤਾ ਲਿਖਣ ਲਈ ਕੋਈ ਉਚੇਚ ਨਹੀਂ ਕਰਦਾ, ਕੋਈ ਤਿਆਰੀ ਨਹੀਂ ਕਰਦਾ, ਸਗੋਂ ਕਵਿਤਾ ਤਾਂ ਆਪ ਮੁਹਾਰੀ ਉਹਦੇ ਜਹਿਨ ਵਿੱਚ ਖੌਰੂ ਪਾਉਂਦੀ ਹੈ। ਜਦ ਤੱਕ ਉਹ ਕਵਿਤਾ ਦੇ ਵਲਵਲੇ ਨੂੰ ਕਲਮਬੱਧ ਨਹੀਂ ਕਰ ਲੈਂਦਾ ਤਦੋਂ ਤੱਕ ਉਸ ਦੀ ਮਾਨਸਿਕ ਉਥਲ-ਪੁਥਲ ਨੂੰ ਸ਼ਾਂਤੀ ਨਹੀਂ ਮਿਲਦੀ। ਆਪਣੀ ਕਵਿਤਾ ਬਾਰੇ ਉਸ ਦੇ ਨਿੱਜੀ ਵਿਚਾਰ 'ਕੁਦਰਤ' ਵਿੱਚ ਇਸ ਪ੍ਰਕਾਰ ਪੇਸ਼ ਕੀਤੇ ਗਏ ਹਨ:

> (ਇਨ੍ਹਾਂ ਨਜ਼ਮਾਂ 'ਚ) ਆਪਣੀ ਬੇਸਰੁਤੀ 'ਚ ਮੈਂ, ਇਸ ਦੁਨਿਆਵੀ, ਦਿਨਚਰਯ, ਇੱਕ ਤਾਨ, ਬੇਰਸੇ ਤੇ ਅਕਾਊ ਜੀਵਨ 'ਚੋਂ ਛੜੱਪਾ ਮਾਰਕੇ, ਏਸੇ ਹੀ ਗ੍ਰਹਿ ਨੂੰ ਉਪਰੋਂ, ਇੱਕ ਵੱਖਰੇ, ਨਵੇਂ ਅੰਦਾਜ਼ ਤੇ ਅਪਰਿਚਿਤ ਅੱਖ ਨਾਲ ਵੇਖਣ ਦੀ ਜੁਅੱਰਤ ਕੀਤੀ ਹੈ। ਪਰ ਇਹ ਕਿਰਿਆ ਜਾਂ ਪ੍ਰਤੀਕਿਰਿਆ ਕਦਾਚਿਤ ਵਿਉਂਤਬੱਧ ਨਹੀਂ ਸੀ। ਇਹ ਸ਼ਾਇਦ ਆਕਸਮਿਕ, ਅਚੇਤ ਜਾਂ ਨੀਮ ਬੇਹੋਸ਼ੀ ਦੀ ਗੌਣ-ਉਪਜ ਹੈ। ਇਹਨਾਂ ਕਵਿਤਾਵਾਂ ਵਿੱਚ ਮੈਂ ਸ੍ਵੈ ਨੂੰ ਇੱਕ ਰਚੇਤਾ ਵੇਖਣ ਦੀ ਬਜਾਏ ਇੱਕ ਪ੍ਰਾਕ੍ਰਿਤਕ ਆਬਜੈਕਟ ਵਾਂਗ ਵੇਖਦਾ ਤੇ ਮਹਿਸੂਸਦਾ ਰਿਹਾ ਹਾਂ(22)

ਸਾਰੇ ਜਾਣਦੇ ਹਾਂ ਕਿ ਵਾਤਾਵਰਨੀ ਵਿਗਾੜ ਕਰਕੇ ਧਰਤੀ ਬੰਬ ਬਣ ਚੁੱਕੀ ਹੈ। ਵਿਦੇਸ਼ੀ ਧਰਤੀ ਤੇ ਵਸਦਿਆਂ ਵੀ ਦੇਸ਼ ਦੀ ਮਿੱਟੀ ਨੂੰ ਪਿਆਰਨ ਵਾਲੇ ਲੇਖਕ ਆਮ ਤੌਰ 'ਤੇ ਪ੍ਰਕਿਰਤੀ ਚਿਤਰਨ, ਕੁਦਰਤ-ਪ੍ਰੇਮ ਤੇ ਸੁੰਦਰਤਾ ਦੀ ਬਾਤ ਪਾਉਂਦੇ ਹਨ। ਪ੍ਰਦੂਸ਼ਨ, ਜੰਗਲ-ਵਿਨਾਸ਼, ਕੁਦਰਤੀ-ਕਹਿਰ ਤੇ ਕੁਦਰਤ ਪ੍ਰਤੀ ਉਦਾਸੀਨਤਾ ਦੀ ਗੱਲ ਕਰਨ ਵਾਲੇ ਵਰਤਮਾਨ ਦਹਾਕੇ ਦੇ ਪਰਵਾਸੀ ਪੰਜਾਬੀ ਲੇਖਕ ਵਿਰਲੇ ਹੀ ਹਨ। ਬੇਸ਼ੱਕ ਪੰਜਾਬੀ ਸਾਹਿਤ ਦੀ ਵਿਸ਼ਾਲ ਦੌਲਤ ਅੰਦਰ ਬੇਸ਼ੁਮਾਰ ਸਾਹਿਤਕਾਰਾਂ ਨੇ ਵਰਤਮਾਨ ਸਦੀ ਦੇ ਖ਼ਤਰਨਾਕ ਸੰਕਟ ਬਾਰੇ ਪਾਠਕਾਂ ਨੂੰ ਚਿਤਾਇਆ ਹੈ। ਇਹਨਾਂ ਵਿੱਚ ਜਸਵੀਰ ਰਾਣਾ (ਕਹਾਣੀਕਾਰ ਅਤੇ ਨਾਵਲਕਾਰ), ਨਛੱਤਰ (ਨਾਵਲਕਾਰ), ਕਰਮ ਚੰਦ, ਜਸਬੀਰ ਘੁਲਾਲ, ਮਨਮੋਹਨ ਦਾਉਂ (ਕਵੀ), ਜਤਿੰਦਰਪਾਲ ਸਿੰਘ, ਬਲਦੇਵ ਸਿੰਘ ਚੀਮਾ, ਤ੍ਰਿਲੋਚਨ ਸਿੰਘ, ਜਤਿੰਦਰਪਾਲ ਸਿੰਘ (ਵਾਰਤਕਕਾਰ) ਆਦਿ ਦੇ ਨਾਮ ਵਿਸ਼ੇਸ਼ ਰੂਪ

ਵਿੱਚ ਵਰਨਣਯੋਗ ਹਨ। ਉਪਰੋਕਤ ਵਿਚਾਰੇ ਗਏ ਨਾਮ ਸਾਰੇ ਹੀ ਭਾਰਤੀ ਪੰਜਾਬੀ ਸਾਹਿਤਕਾਰ ਹਨ, ਜਿਨ੍ਹਾਂ ਨੇ ਵਾਤਾਵਰਨ ਨੂੰ ਬਚਾਉਣ ਲਈ ਹੰਭਲੇ ਮਾਰੇ ਹਨ। ਪਰਵਾਸੀ ਪੰਜਾਬੀ ਸਾਹਿਤ ਦਾ ਵਰਤਮਾਨ ਦਹਾਕੇ ਦਾ ਕਵੀ 'ਵਰਿੰਦਰ ਪਰਿਹਾਰ' ਉਹ ਸਾਹਿਤਕਾਰ ਹੈ, ਜਿਸ ਨੇ ਇੰਗਲੈਂਡ ਜਾ ਕੇ ਵੀ ਹਰ ਸਾਹ ਨਾਲ ਪੰਜਾਬ ਦੀ ਮਿੱਟੀ ਨੂੰ ਮਹਿਸੂਸਿਆ ਹੈ, ਜਿਸ ਨੂੰ ਵਿਦੇਸ਼ ਦੀਆਂ ਨਦੀਆਂ ਦੇ ਪਹਾੜਾਂ ਵਿੱਚੋਂ ਵੀ ਆਪਣੇ ਪਿੰਡ ਦੇ ਟੋਭੇ, ਘੋੜੇ, ਚਿੜੀਆਂ, ਮੱਛੀਆਂ, ਫੁੱਲਾਂ, ਰੁੱਖਾਂ ਬੂਟਿਆਂ ਤੇ ਬੁੱਢੇ-ਬਾਬੇ ਨਜ਼ਰ ਆਉਂਦੇ ਹਨ। ਪਰਿਹਾਰ ਨੇ ਪੰਜਾਬੀ ਸਾਹਿਤ ਦੀ ਸਿਧਾਂਤਕ ਪਰੰਪਰਾ ਤੋਂ ਅਗਾਂਹ ਵਧ ਕੇ ਨਵੀਂ ਕਾਵਿ-ਲਹਿਰ ਭਾਵ 'ਈਕੋ-ਕਵਿਤਾ' ਦੀ ਪਿਰਤ ਪਾਈ। ਇਸ ਤੋਂ ਪਹਿਲਾਂ ਕਿਸੇ ਵੀ ਪ੍ਰਵਾਸੀ ਕਵੀ ਨੇ ਈਕੋ ਪ੍ਰਣਾਲੀ ਦੀ ਕਵਿਤਾ ਨਹੀਂ ਲਿਖੀ ਸੀ। ਇਸ ਨਿਵੇਕਲੀ ਪਹਿਲ ਕਰਕੇ ਇਸ ਨੂੰ 'ਈਕੋ-ਕਵੀ' ਦਾ ਦਰਜਾ ਦਿੱਤਾ ਜਾਂਦਾ ਹੈ। ਡਾ. ਅੰਬਰੀਸ਼, 'ਕਣ ਕਾਇਨਾਤ' ਦੇ ਜਿਲਦੀ ਪੰਨੇ 'ਤੇ ਪਰਿਹਾਰ ਕਾਵਿ ਨੂੰ 'ਈਕੋ-ਕਾਵਿ 'ਦਾ ਦਰਜਾ ਦਿੰਦੇ ਹੋਏ ਬਿਆਨ ਕਰਦੇ ਹਨ:

> ਪੰਜਾਬੀ ਕਵਿਤਾ ਵਿੱਚ ਨਵੀਂ ਲਹਿਰ ਦਾ ਨਾਂਅ ਹੈ- ਈਕੋ ਕਵਿਤਾ (Eco-Poetry), ਤੇ ਉਸਦਾ ਆਰੰਭ ਹੈ- ਵਰਿੰਦਰ ਪਰਿਹਾਰ ਦੀ ਕਵਿਤਾ।

ਆਪਣੀ ਪੁਸਤਕ 'ਕੁਦਰਤ' ਦੀ ਭੂਮਿਕਾ ਵਾਲੇ ਪੰਨੇ 'ਤੇ ਪਰਿਹਾਰ ਆਪਣੇ ਕਾਵਿ-ਅੱਖਰਾਂ ਦੀ ਤੁਲਨਾ ਬਸੰਤ-ਰੁੱਤੇ ਫੁੱਟਦੀਆਂ ਰੁੱਖ ਦੀਆਂ ਕੋਮਲ ਕਰੂੰਬਲਾਂ ਨਾਲ ਕਰਦਾ ਹੈ। ਬਤੌਰ ਕਵੀ ਉਸਦੀ ਰੂਹ ਦੀ ਤਾਰ ਕੁਦਰਤ ਦੇ ਨਾਦ ਨਾਲ ਖੜਕਦੀ ਹੈ। ਕੁਦਰਤ ਦਾ ਜ਼ੱਰ੍ਹਾ-ਜ਼ੱਰ੍ਹਾ ਉਸਦੇ ਤਨ-ਮਨ ਅੰਦਰ ਧੜਕਦਾ ਹੈ। ਦੇਸ਼ ਤੇ ਵਿਦੇਸ਼ ਦੋਹਾਂ ਵਿੱਚ ਸਮਾਈ ਕੁਦਰਤ ਉਸਦੀ ਮਾਂ ਹੈ, ਉਸਦੇ ਜੀਵਨ ਦੀ ਕਰਤਾ ਹੈ ਤੇ ਉਸਦੀ ਹੋਂਦ ਰੂਪੀ ਰੁੱਖ ਦੀ ਜੜ੍ਹ ਹੈ। ਪਰਿਹਾਰ ਦੇ ਬਿਆਨ ਅਨੁਸਾਰ ਕਵਿਤਾ ਹੋਂਦ ਉਸਦੀ ਰੂਹ ਵਿੱਚ ਵਸਦੀ ਰਸਦੀ ਹੈ। ਉਸਦੀ ਕਵਿਤਾ ਆਪ-ਮੁਹਾਰੀ ਅਤੇ ਸਵੈ-ਯੰਤਤ੍ਰਿਤ ਹੈ। ਇਸ ਪ੍ਰਥਾਇ ਉਸ ਨੇ ਕਾਵਿ-ਸੰਗ੍ਰਹਿ ਕੁਦਰਤ ਵਿੱਚ ਅੰਕਿਤ ਕੀਤਾ ਹੈ:

> ਮੇਰੀ ਕਵਿਤਾ ਦੇ ਲਫ਼ਜ਼ ਉਹ ਜੰਗਲੀ ਬੀਜ ਹਨ, ਜੋ ਹਰ ਜਿਉਂਦੇ ਪ੍ਰਾਣੀ ਦੇ ਦਿਲ-ਦਿਮਾਗ ਵਿੱਚ ਕਿਤੇ ਨਾ ਕਿਤੇ ਖਿੱਲਰੇ ਪਏ ਹੁੰਦੇ ਹਨ; ਕਿਤੇ ਥੋੜ੍ਹੇ ਤੇ ਕਿਤੇ ਬਹੁਤੇ। ਮੈਂ ਉਹਨਾਂ ਬੀਜਾਂ ਦੀ ਬੜੇ

ਪਿਆਰ ਨਾਲ ਤੇ ਬੜੇ ਧਿਆਨ ਨਾਲ ਉਪਜਾਣ ਵਿੱਚ ਮਦਦ ਕੀਤੀ ਹੈ ਮਹਿਜ਼। ਅਤੀਤ ਅਤੇ ਵਰਤਮਾਨ ਨੂੰ ਬੰਜਰ ਧਰਤੀ ਵਾਂਗ ਥੋੜ੍ਹਾ-ਥੋੜ੍ਹਾ ਪੁੱਟਦਿਆਂ, ਗੁੱਡਦਿਆਂ ਤੇ ਫਰੋਲਦਿਆਂ ਹਰਿਆਵਲ ਨੇ ਰੰਗ ਲਾ ਦਿੱਤਾ। ਦੂਰ ਤੱਕ ਫੈਲੇ ਹਰਿਆਉਲੇ 'ਤੇ ਸਉਲਾ ਜਿਹਾ ਖਿਤਿਜ ਉਭਰਿਆ, ਸਾਰੀ ਕੁਦਰਤ ਫਿਰ ਕਵਿਤਾ ਤੇ ਕਵਿਤਾ ਫਿਰ ਕੁਦਰਤ ਹੋ ਗਈ(18)

ਅਧਿਐਨ ਅਤੇ ਰਚਨਾ ਦੀਆਂ ਪੁਰਾਣੀਆਂ ਪਧੱਤੀਆਂ ਵਿੱਚ ਜਮਾਤ, ਨਸਲ ਤੇ ਲਿੰਗ ਭੇਦ ਆਦਿ ਮਹੱਤਵਪੂਰਨ ਪਹਿਲੂ ਹੋਇਆ ਕਰਦੇ ਸਨ, ਪਰ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਇੱਕ ਨਵਾਂ ਸੰਕਟ ਵਾਤਾਵਰਨਿਕ ਪ੍ਰਕੋਪ ਦੇ ਰੂਪ ਵਿੱਚ ਸਾਹਮਣੇ ਆਇਆ ਹੈ। ਇਸੇ ਸੰਦਰਭ ਵਿੱਚ ਚੇਤੰਨਤਾ ਦੇ ਫਲਸਰੂਪ ਈਕੋ ਪ੍ਰਣਾਲੀ ਹੋਂਦ ਵਿੱਚ ਆਈ। ਇਸੇ ਜਾਗ੍ਰਿਤੀ ਅਨੁਸਾਰ ਇਹ ਮੰਨਿਆ ਗਿਆ ਹੈ ਕਿ ਵਾਤਾਵਰਨਿਕ ਵਿਗਾੜਾਂ ਕਰਕੇ ਕੁਦਰਤੀ ਸਹੁੱਪਣ ਨੂੰ ਮਾਣਿਆ ਨਹੀਂ ਜਾ ਸਕਦਾ। ਗੋਸ਼ਟੀਆਂ, ਵਿਚਾਰ ਜਾਂ ਭਾਸ਼ਣ ਨਿਰੇ ਵਾਦ-ਵਿਵਾਦ ਹੀ ਹਨ; ਜੇਕਰ ਚੇਤੰਨ ਹੋ ਕੇ ਵਾਤਾਵਰਨ ਦੀ ਸੰਭਾਲ ਨਾ ਕੀਤੀ ਜਾਵੇ। ਵਾਤਾਵਰਨ ਦੇ ਸੰਦਰਭ ਵਿੱਚ ਸਾਹਿਤ ਦੀ ਰਚਨਾ ਈਕੋ ਪ੍ਰਣਾਲੀ ਦਾ ਅਨਿੱਖੜਵਾਂ ਅੰਗ ਹੈ ਤੇ ਅਜਿਹੇ ਸਾਹਿਤ ਦੀ ਸਮੀਖਿਆ ਕਰਨ ਦੀ ਵਿਧੀ ਨੂੰ ਈਕੋ-ਸਮੀਖਿਆ ਪ੍ਰਣਾਲੀ ਕਿਹਾ ਜਾਂਦਾ ਹੈ। ਇਸੇ ਵਿਚਾਰ ਨੂੰ ਪੁਖ਼ਤਾ ਕਰਨ ਲਈ 'ਕਣ-ਕਇਨਾਤ' ਦੇ  ਜਿਲਦੀ ਪੰਨੇ 'ਤੇ 'ਤੇ ਸੁਰਜੀਤ ਪਾਤਰ ਦੇ ਸ਼ਬਦ ਹਨ:

ਪਰਿਹਾਰ ਦੀ ਕਵਿਤਾ ਪੁਰਾਣੀਆਂ ਪਰੰਪਰਿਕ ਕੰਡੀਸ਼ਨਾਂ ਨੂੰ ਤੋੜਦੀ ਹੈ। ਇਸ ਮਹੱਤਵਪੂਰਨ ਕਵਿਤਾ ਨੇ ਸਾਡੀ ਪੜ੍ਹਨ, ਸੋਚਣ, ਆਲੋਚਨਾ ਦੀ ਆਦਤ ਤੇ ਹੋਰ ਕਈ ਕੰਡੀਸ਼ਨਾਂ ਨੂੰ ਤੋੜਿਆ ਹੈ। ਵਰਿੰਦਰ ਪਰਿਹਾਰ ਆਪਣੀ ਕਵਿਤਾ ਨਾਲ ਕੁਦਰਤ ਦੀ ਵਿਸ਼ਾਲ ਪਰੰਪਰਾ ਨਾਲ ਆ ਜੁੜਿਆ ਹੈ। ਜਿਸ ਪਰੰਪਰਾ ਦੇ ਅੰਗ-ਸੰਗ ਬਾਬਾ ਫ਼ਰੀਦ ਖੜ੍ਹੇ ਨੇ।

ਪਰਿਹਾਰ ਦੇ ਕਾਵਿ ਦੀ ਵਿਸ਼ੇਸ਼ਤਾ ਹੈ ਕਿ ਉਹਦੇ ਸੰਪੂਰਨ ਕਾਵਿ ਵਿੱਚ ਬਿਰਖ ਤੇ ਬੰਦਾ ਸਮਾਨਾਂਤਰ ਟੁਰਦੇ ਹਨ; ਜੜ੍ਹਾਂ/ਪੈਰ, ਤਣਾ/ਦੇਹ, ਟਾਹਣੀਆਂ / ਹੱਥ ਤੇ ਬਾਹਵਾਂ, ਪੱਤੇ/ਸੋਚ ਦਾ ਫੈਲਾਓ। ਕਾਵਿ-ਸੰਗ੍ਰਹਿ 'ਕੁਦਰਤ' ਦੇ ਤਿੰਨ ਸੌ ਚੌਦਾਂ ਅਤੇ 'ਕਣ-ਕਾਇਨਾਤ' ਦੇ ਦੋ ਸੌ ਚਾਲੀ ਪੰਨਿਆਂ 'ਤੇ ਕੁਦਰਤ ਦਾ ਹੀ ਪਸਾਰਾ

ਹੈ। ਹਰ ਇਕ ਹਰਫ਼, ਹਰ ਇੱਕ ਵਾਕ ਤੇ ਹਰ ਇੱਕ ਲੈਅ ਵਿੱਚ ਕੁਦਰਤ ਜਿਉਂਦੀ ਹੈ, ਕੁਦਰਤ ਕਵੀ ਦੀ ਕਲਮ ਥਾਣੀਂ ਆਪਣੇ ਦੁੱਖ-ਸੁੱਖ ਫੋਲਦੀ ਹੈ, ਆਪਣੇ ਨਾਲ ਹੋਈਆਂ ਬਦਸਲੂਕੀਆਂ ਦਾ ਕੇਸ ਖੋਲ੍ਹਦੀ ਹੈ, ਆਪਣੀ ਬੇ-ਗੁਨਾਹੀ ਦੇ ਸਬੂਤ ਪੇਸ਼ ਕਰਦੀ ਹੈ ਤੇ ਅੰਤ ਨੂੰ ਮਨੁੱਖਾਂ ਨੂੰ ਮਾਂ-ਜਾਏ ਜਾਣ ਕੇ ਉਹਨਾਂ ਤੋਂ ਪਿਆਰ, ਸਤਿਕਾਰ ਅਤੇ ਦੇਖਭਾਲ ਦੀ ਆਸ ਕਰਦੀ ਹੈ। ਇਹੀ ਆਸ ਜੀਵਨ ਦੀ ਨਵੀਂ ਉਮੀਦ ਦੀ ਸਿਰਜਨਾ ਕਰਦੀ ਹੈ।

ਪੰਜਾਬ ਕੇਂਦਰੀ ਯੂਨੀਵਰਸਿਟੀ ਬਠਿੰਡਾ ਵਿਖੇ ਪੰਜਾਬੀ ਵਿਭਾਗ ਦੇ ਮੁਖੀ ਡਾ. ਜ਼ਮੀਰਪਾਲ ਕੌਰ ਦੇ ਮਤ ਅਨੁਸਾਰ ਪੰਜਾਬੀ ਵਾਤਾਵਰਨਿਕ ਸਾਹਿਤ ਦਾ ਮੂਲ ਮਨੋਰਥ ਵਾਤਾਵਰਨਿਕ ਸੰਕਟਾਂ ਨੂੰ ਰੇਖਾਂਕਿਤ ਕਰਦੇ ਹੋਏ ਵਾਤਾਵਰਨ ਦੀ ਸੁਰੱਖਿਆ ਕਰਨਾ ਹੈ। ਹੌਲੀ-ਹੌਲੀ ਪੰਜਾਬੀ ਅਦਬ ਦੇ ਚਿੰਤਕਾਂ ਅਤੇ ਅਲੋਚਕਾਂ ਨੇ ਇਹ ਪ੍ਰਵਾਨ ਕਰਨ ਦੀ ਰੀਤ ਤੋਰ ਲਈ ਹੈ ਕਿ ਈਕੋਕ੍ਰਿਟੀਸਿਜ਼ਮ ਵਾਤਾਵਰਨ ਸਰੋਕਾਰਾਂ ਦੀ ਸਾਹਿਤ ਵਿਚਲੀ ਪੇਸ਼ਕਾਰੀ ਨਾਲ ਸੰਬੰਧਿਤ ਹੁੰਦਾ ਆਇਆ ਹੈ। ਡਾ. ਜ਼ਮੀਰਪਾਲ ਕੌਰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਲੋਂ ਪ੍ਰਕਾਸ਼ਿਤ ਖੋਜ ਪਤ੍ਰਿਕਾ 'ਪਰਖ' (ਚਿੰਤਨ ਵਿਸ਼ੇਸ਼ ਅੰਕ-1,2020) ਅਧੀਨ ਆਪਣੇ ਖੋਜ ਨਿਬੰਧ 'ਈਕੋਕ੍ਰਿਟੀਸਿਜ਼ਮ : ਸਿਧਾਂਤ ਅਤੇ ਵਿਚਾਰਧਾਰਾਈ ਆਧਾਰ' ਵਿੱਚ ਇਸ ਪ੍ਰਕਾਰ ਬਿਆਨ ਕਰਦੇ ਹਨ:

> ਦੂਸਰੀਆਂ ਸਾਹਿਤ ਅਧਿਐਨ ਵਿਧੀਆਂ ਦੇ ਮੁਕਾਬਲੇ ਈਕੋਕ੍ਰਿਟੀਸਿਜ਼ਮ ਦੀ ਧਾਰਨਾ ਦਾ ਮੂਲ ਆਧਾਰ ਵਾਤਾਵਰਨ ਦੀ ਸੁੱਰਖਿਆ ਹੈ । ਇੱਕ ਅਧਿਐਨ ਵਿਧੀ ਵਜੋਂ ਇਹ ਪ੍ਰਣਾਲੀ, ਵਾਤਾਵਰਨ ਦੀ ਅਸੁਰੱਖਿਆ ਨਾਲ ਸੰਬੰਧਿਤ ਮਨੁੱਖੀ ਸਭਿਅਤਾ ਦੇ ਸਭ ਤੋਂ ਗੰਭੀਰ ਮਸਲੇ ਨਾਲ ਸੰਵਾਦ ਰਚਾਉਂਦੇ ਹੋਏ, ਧਰਤੀ ਉੱਪਰ ਮਨੁੱਖੀ ਜੀਵਨ ਦੀ ਸਥਿਰਤਾ ਬਣਾਏ ਰੱਖਣ ਪ੍ਰਤੀ ਆਪਣੀ ਵਿਸ਼ਵ-ਵਿਆਪੀ ਭੂਮਿਕਾ ਅਤੇ ਸਾਰਥਿਕਤਾ ਦਾ ਮੁੱਢਲਾ ਹਰਫ਼ ਅੰਕਿਤ ਕਰਦੀ ਹੈ। ਇਸ ਤਰ੍ਹਾਂ ਦੀ ਈਕੋਕ੍ਰਿਟੀਸਿਜ਼ਮ ਦੇ ਸਿਧਾਂਤ ਦੀ ਮੂਲ ਪ੍ਰੇਰਨਾ, ਵਾਤਾਵਰਨ ਦੇ ਵਿਸ਼ਵ-ਵਿਆਪੀ , ਵਰਤਮਾਨ ਅਤੇ ਭਵਿੱਖਮੁਖੀ ਮਸਲਿਆਂ ਨੂੰ ਲੈ ਕੇ ਪੈਦਾ ਹੁੰਦੀ ਹੈ, ਕਿਉਂਕਿ ਵਰਤਮਾਨ ਸਮੇਂ ਵਿੱਚ ਮਨੁੱਖ ਦਾ ਨਿੱਤ-ਪ੍ਰਤੀ ਵਰਤਾਰਾ ਵਾਤਾਵਰਨ ਦੇ ਸਮੁੱਚੇ ਕੁਦਰਤੀ ਸੁਰੱਖਿਆ ਕਵਚ ਨੂੰ ਲੀਰੋ-ਲੀਰ ਕਰਦੇ ਹੋਏ, ਇਸ ਨੂੰ ਡਰਾਵਣੇ ਪੱਧਰ ਤੱਕ ਤਬਾਹ ਕਰ ਚੁੱਕਾ ਹੈ(75)

ਅਜੋਕੀ ਵਾਤਾਵਰਨਿਕ ਸਥਿਤੀ ਇਹ ਦੁਖਾਂਤ ਹੈ ਕਿ ਸੂਝਵਾਨ ਤੇ ਆਧੁਨਿਕ ਵਰਗ ਆਪਣੇ ਹੱਥੀਂ ਆਪਣੀ ਹੋਂਦ ਨੂੰ ਖ਼ਤਰੇ ਵਿੱਚ ਪਾ ਰਿਹਾ ਹੈ। ਕਵੀ ਦੇ ਮਤ ਅਨੁਸਾਰ ਬਿਰਖ ਦੀ ਗ਼ੈਰ-ਹਾਜ਼ਿਰੀ ਵਿੱਚ ਮਨ-ਪਟਲ 'ਤੇ ਉੱਕਰੀ ਕਵਿਤਾ ਸਮੁੰਦਰ ਦੀਆਂ ਲਹਿਰਾਂ ਵਾਂਗ ਮਨ ਅੰਦਰ ਹੀ ਵਿਲੋਪ ਹੋ ਜਾਵੇਗੀ। ਕਵਿਤਾ ਦੀ ਸੰਰਚਨਾ ਅਤੇ ਸੰਚਾਰ ਲਈ ਮਾਧਿਅਮ ਦੀ ਲਾਜ਼ਮੀ ਲੋੜ ਹੈ। ਇਸ ਲੋੜ ਦੀ ਪੂਰਤੀ ਕਾਗਜ਼ ਕਰਦਾ ਹੈ। ਕਾਗਜ਼ ਲਈ ਬਿਰਖ਼ ਲੋੜੀਂਦੇ ਹਨ ਪਰ ਬਿਰਖ਼ ਨਾਲ ਤਾਂ ਇੱਕੀਵੀਂ ਸਦੀ ਦੇ ਬਹੁਤੇ ਬੰਦੇ ਹਿਰਖਦੇ ਹਨ। ਪਰਿਹਾਰ ਦੀ ਕਵਿਤਾ ਦੇ ਬਿਰਛ-ਬੂਟੇ ਪਾਠਕਾਂ ਅੱਗੇ ਕੇਵਲ ਰੁਦਨ ਹੀ ਨਹੀਂ ਕਰਦੇ ਸਗੋਂ ਨਿਡਰ ਹੋ ਕੇ ਇਨਸਾਨ ਨੂੰ ਉਸਦੀਆਂ ਕਰਤੂਤਾਂ ਦਾ ਸ਼ੀਸ਼ਾ ਵੀ ਵਿਖਾ ਛੱਡਦੇ ਹਨ। ਇੰਝ ਕਾਇਨਾਤ ਦੀ ਸਮੂਹ ਬਨਸਪਤੀ ਇੱਕ-ਜੁੱਟ ਹੋ ਕੇ ਮਨੁੱਖ ਦੀਆਂ ਜ਼ਾਲਮ ਪ੍ਰਵਿਰਤੀਆਂ ਵਿਰੁੱਧ ਵਿਦਰੋਹ ਕਰਦੀ ਪ੍ਰਤੀਤ ਹੁੰਦੀ ਹੈ।

ਓਜ਼ੋਨ ਮੋਘਰੇ ਬਾਰੇ ਚਿੰਤਾਜਨਕ ਸਥਿਤੀ ਬਾਰੇ ਜਾਣੂ ਕਰਵਾਉਂਦੀ ਕਵਿਤਾ 'ਸੁਰਾਖ਼' ਵਿਚ ਕਵੀ ਵਰਿੰਦਰ ਪਰਿਹਾਰ ਨੇ ਨਾ ਕੇਵਲ ਵਰਤਮਾਨ ਹਾਲਤਾਂ ਦਾ ਚਿਤਰਨ ਕੀਤਾ ਹੈ, ਸਗੋਂ ਭਵਿੱਖਤ ਸੰਕਟ ਬਾਬਤ ਵੀ ਚਿਤਾਇਆ ਹੈ। ਕਵੀ ਦੇ ਕਾਵਿ ਦੀ ਵਿੱਲਖਣ ਕਲਾ ਇਹ ਵੀ ਹੈ ਕਿ ਉਸਦੀ ਕਵਿਤਾ ਪਾਠਕ ਦਾ ਹੱਥ ਫੜ ਕੇ 'ਮੌਕਾ-ਏ-ਵਾਰਦਾਤ' ਭਾਵ ਵਾਤਾਵਰਨਿਕ ਵਿਗਾੜ ਵਾਲੀ ਉਸ ਜਗ੍ਹਾ 'ਤੇ ਲੈ ਜਾਂਦੀ ਹੈ, ਜਿਸ ਜਗ੍ਹਾ ‘ਤੇ ਖਲੋ ਕੇ ਕਵੀ ਨੇ ਉਸ ਕਵਿਤਾ ਦੀ ਸਿਰਜਨਾ ਦਾ ਆਧਾਰ ਗ੍ਰਹਿਣ ਕੀਤਾ ਹੁੰਦਾ ਹੈ। ਕਵਿਤਾ 'ਸੁਰਾਖ਼' ਵਿੱਚ ਪ੍ਰਸਤੁਤ ਵਿਚਾਰ ਇਸ ਪ੍ਰਕਾਰ ਪੇਸ਼ ਹੋਏ ਹਨ:

ਅਸਮਾਨ ਵਿੱਚ ਸੁਰਾਖ਼ ਹੋ ਗਿਆ'
ਕਿਸੇ ਕਿਹਾ ਤੇ ਘਰ ਚਲਿਆ ਗਿਆ
ਭੀੜ ‘ਕੱਠੀ ਹੋਈ
ਸੁਰਾਖ਼ ਆਸਮਾਨ ਤੋਂ ਵੱਡਾ ਹੁੰਦਾ ਗਿਆ
ਨ੍ਹੇਰਾ ਹੋਣ ਲੱਗਾ
ਖਿੰਡ ਗਈ ਭੀੜ ਹੌਲੇ-ਹੋਲੇ

ਘਰੀਂ ਮੁੜੇ ਲੋਕੀਂ ਟੋਲ੍ਹਦੇ-ਟਟੋਲਦੇ

ਕੁਝ ਵੀ ਫ਼ਿਰ ਆਸਾਨ ਨਹੀਂ ਸੀ

ਸਿਰ 'ਤੇ ਹੁਣ ਆਸਮਾਨ ਨਹੀਂ ਸੀ(11)

ਓਜ਼ੋਨ ਸੁਰਾਖ਼ ਦੇ ਬਣਨ ਅਤੇ ਵਧਣ ਦਾ ਕੁਝ ਕੁ ਚਿੰਤਕਾਂ ਤੇ ਵਿਗਿਆਨੀਆਂ ਨੂੰ ਹੀ ਫ਼ਿਕਰ ਹੈ ਪਰ ਕੌੜਾ ਸੱਚ ਹੈ ਕਿ ਉਹਨਾਂ ਦਾ ਚਿੰਤਨ ਵੀ ਕੇਵਲ ਚਰਚਾ ਅਤੇ ਪਰਚਾ ਆਦਿ ਦੇ ਪੱਧਰ ਤੀਕਰ ਹੀ ਸੀਮਤ ਹੁੰਦਾ ਹੈ। ਵਾਤਾਵਰਨ ਦੇ ਵਿਗਾੜ ਦੀ ਚਰਚਾ ਬੇਸ਼ੱਕ ਨਿੱਕੇ-ਵੱਡੇ ਪੱਧਰ 'ਤੇ ਜ਼ਰੂਰ ਹੁੰਦੀ ਹੈ ਪਰ ਬਚਾਓ ਲਈ ਕਾਗਜ਼ੀ ਪੱਧਰ ਦੇ ਨਾਲ-ਨਾਲ ਵਿਹਾਰਕ ਖੇਤਰ ਵਿੱਚ ਜੋ ਕੁਝ ਹੋਣਾ ਚਾਹੀਦਾ ਹੈ ਉਹ ਵਿੱਥ-ਭਰਪੂਰ ਹੈ। ਜਦੋਂ ਵਾਤਾਵਰਨ ਸੰਕਟ ਦੇ ਭਿਆਨਕ ਨਤੀਜੇ ਸਾਹਮਣੇ ਆਉਣ ਲੱਗ ਜਾਂਦੇ ਹਨ, ਤਦੋਂ ਆਮੋ-ਖ਼ਾਸ ਵਿੱਚ ਥੋੜ੍ਹੀ-ਥੋੜ੍ਹੀ ਚੁੰਝ-ਚਰਚਾ ਜਿਹੀ ਹੁੰਦੀ ਹੈ ਤੇ ਫਿਰ ਗੱਲ ਉਰ੍ਹਾਂ-ਪਰ੍ਹਾਂ ਹੋ ਜਾਂਦੀ ਹੈ। ਨਿਰੰਤਰ ਲਾਪਰਵਾਹੀ ਅਤੇ ਗ਼ੈਰ-ਜ਼ਿੰਮੇਦਾਰੀ ਵਾਲੇ ਰਵੱਈਏ ਦੇ ਫਲਸਰੂਪ ਅੱਜ ਜੀਵਨ ਦੀਆਂ ਮੂਲ ਜ਼ਰੂਰਤਾਂ ਦੇ ਖੁੱਸ ਜਾਣ ਦੀ ਸਥਿਤੀ ਪੈਦਾ ਹੁੰਦੀ ਜਾ ਰਹੀ ਹੈ। ਅਕਸਰ ਪਾਣੀ ਨੂੰ ਵਿਅਰਥ ਡੋਲ੍ਹਣ ਸਮੇਂ ਉਸਦੀ ਮਹੱਤਤਾ ਦਾ ਜ਼ਰ੍ਹਾ ਜਿੰਨਾ ਵੀ ਅਹਿਸਾਸ ਨਹੀਂ ਹੁੰਦਾ, ਪਰ ਜਦੋਂ ਕੁਝ ਕੁ ਦਿਨ ਜਾਂ ਕੁਝ ਕੁ ਘੰਟੇ ਵੀ ਪਾਣੀ ਬਿਨਾਂ ਜਿਉਣਾ ਪੈ ਜਾਵੇ ਤਾਂ ਫਿਰ ਉਸੇ ਪਾਣੀ ਦੀ ਹਰ ਇੱਕ ਬੂੰਦ ਬੇਹਦ ਕੀਮਤੀ ਜਾਪਦੀ ਹੈ। ਸੁਰੱਖਿਅਤ ਜੀਵਨ ਦੀਆਂ ਹਾਲਤਾਂ ਉੱਤੇ ਵੱਡਾ ਪ੍ਰਸ਼ਨ ਚਿੰਨ੍ਹ ਖੜ੍ਹਾ ਕਰਦੀਆਂ ਚਿਤਾਵਨੀਆਂ ਨੂੰ ਨਜ਼ਰ-ਅੰਦਾਜ਼ ਕਰਨ ਨਾਲ ਸੰਕਟ ਘਟਣਾ ਨਹੀਂ ਸਗੋਂ ਖ਼ਤਰਨਾਕ ਗਤੀ ਨਾਲ ਵਧਦਾ ਹੀ ਜਾਣਾ ਹੈ। ਪ੍ਰਸ਼ਨ ਭਾਵੇਂ ਓਜ਼ੋਨ ਸੁਰਾਖ਼ ਹੋਵੇ, ਸ਼ੁੱਧ ਪੌਣ-ਪਾਣੀ ਦਾ, ਸੁਰੱਖਿਤ ਭੋਜਨ ਦਾ ਜਾਂ ਫਿਰ ਸੁਖਾਂਵੀ ਧਰਤੀ ਦਾ-ਵਿਵਸਥਾ ਨੂੰ ਸਹੀ ਕਰਨ ਹਿੱਤ ਵਿਚਾਰ ਮਸ਼ਵਰੇ ਤੋਂ ਕਈ ਗੁਣਾਂ ਵੱਧ ਖੇਤਰੀ ਪੱਧਰ ਉੱਤੇ ਘਾਲਣਾ ਤੇ ਉਪਰਾਲਿਆਂ ਦੀ ਲੋੜ ਹੈ। ਡਾ. ਸੁਰਿੰਦਰ ਕੁਮਾਰ ਦਰਵੇਸ਼ਵਰ ਨੇ ਆਪਣੀ ਪੁਸਤਕ 'ਪੰਜਾਬੀ ਸਾਹਿਤ ਤੇ ਸਾਹਿਤ ਆਲੋਚਨਾ' ਵਿੱਚ ਮਨੁੱਖੀ ਜੀਵਨ ਵਿੱਚ ਆ ਰਹੇ ਅਣਸੁਖਾਵੇ ਬਦਲਾਵਾਂ ਦੀ ਗੱਲ ਇਤਿਹਾਸ ਦੇ ਹਵਾਲੇ ਨਾਲ ਇਸ ਪ੍ਰਕਾਰ ਪੇਸ਼ ਕੀਤੀ ਹੈ :

ਇਤਿਹਾਸ ਦਾ ਪ੍ਰਸਿੱਧ ਵਿਦਵਾਨ ਏਰਿਕ ਹੋਬਸਬਾਨ (Eric Hobsbawm) ਆਪਣੀ ਪੁਸਤਕ 'The Age of Extremes: A History of the world 1914-1991' ਵਿੱਚ ਇਸ ਸਦੀ ਨੂੰ ਇੰਤਹਾਵਾਂ ਦੀ ਸਦੀ ਕਹਿੰਦਾ ਹੈ। ਜਿਸ ਦੀ ਲਪੇਟ ਵਿੱਚ ਮਨੁੱਖੀ ਸਮਾਜ, ਸੱਭਿਆਚਾਰ ਅਤੇ ਇਤਹਾਸ ਹੀ ਨਹੀਂ, ਸਗੋਂ ਪ੍ਰਕਿਰਤੀ ਤੇ ਵਾਤਾਵਰਣ ਵੀ ਆਏ ਹਨ(ਉਧਰਿਤ, 24)

ਕੰਨਾਂ ਵਿੱਚ ਤੇਲ ਪਾਈ ਬੈਠੇ ਆਧੁਨਿਕ ਸਦੀ ਦੇ ਮਨੁੱਖ ਨੂੰ ਕਵੀ ਤਕੜੀ ਚਿਤਾਵਨੀ ਦਿੰਦਾ ਹੋਇਆ ਆਪਣੀ ਜੀਵਨ-ਜਾਚ ਨੂੰ ਵਾਤਾਵਰਨ-ਹਿਤੈਸ਼ੀ ਬਣਾ ਲੈਣ ਲਈ ਪ੍ਰੇਰਦਾ ਹੈ। ਬੀਜ ਤੋਂ ਆਰੰਭ ਹੋਇਆ ਰੁੱਖ ਦਾ ਜੀਵਨ ਚੱਕਰ ਫਿਰ ਬੀਜ 'ਤੇ ਹੀ ਆਣ ਰੁੱਕਦਾ ਹੈ। ਰੁੱਖ ਬਣਨ ਲਈ ਬੀਜ ਬਣਨਾ ਪੈਂਦਾ ਹੈ। ਮਨੁੱਖ ਬਣਨ ਲਈ ਮਨੁੱਖਤਾ ਦਾ ਨਿਰਬਾਹ ਜ਼ਰੂਰੀ ਹੈ, ਪਰ ਅਜੋਕਾ ਮਨੁੱਖ ਮਾਨਵਤਾ ਤੋਂ ਵੱਧ ਮਸ਼ੀਨੀਕਰਨ ਨੂੰ ਆਪਣੀ ਹੋਂਦ ਲਈ ਜ਼ਰੂਰੀ ਸਮਝਦਾ ਹੈ। ਮਾਰੂ ਨਤੀਜੇ ਦਾ ਦ੍ਰਿਸ਼ਟਾਂਤ ਪੇਸ਼ ਕਰਦੀ ਕਵਿਤਾ 'ਜੇ' ਵਿੱਚ ਅਜਿਹੀ ਹੀ ਸਥਿਤੀ ਨੂੰ ਪੇਸ਼ ਕੀਤਾ ਗਿਆ ਹੈ:

ਜੇ

ਰੁੱਖ 'ਚ ਬੋਲ ਗੂੰਜ ਪੈਣ

ਧਰਤੀ ਸਮਤਲ

ਪਹਾੜ ਢਹਿ ਜਾਣ

ਪਸ਼ੂ ਹੋ ਜਾਵਣ ਇਨਸਾਨ

ਪੈ ਜਾਵੇ ਸੜਕ ਵਿੱਚ ਜਾਨ

ਸ਼ਹਿਰ ਬੀਆਬਾਨ

ਬੰਦਾ ਹੋ ਜਾਵੇ ਬੇਜ਼ਬਾਨ

ਸ਼ਾਂਤ.....ਸ਼ਾਂਤ.....ਸ਼ਾਂਤ.....(14)

ਹੁਣ ਤੱਕ ਤਾਂ ਆਦਮੀ ਆਪਣੇ ਆਪ ਨੂੰ ਸ੍ਰਿਸ਼ਟੀ ਦੀ ਉਚਤੱਮ ਰਚਨਾ ਮੰਨ ਕੇ ਸ੍ਰਿਸ਼ਟੀ ਦੇ ਬਾਕੀ ਅੰਗਾਂ ਉੱਤੇ ਕਾਬਿਜ਼ ਹੁੰਦਾ ਆਇਆ ਹੈ। ਨਦੀਆਂ ਦੇ ਕੰਡੇ ਖੋਰ੍ਹ ਕੇ ਸੈਰ-ਸਪਾਟੇ ਵਿਕਸਤ ਕਰ ਲਏ, ਹਰੇ ਜੰਗਲ ਵੱਢ ਕੇ ਕੰਕਰੀਟ-ਜੰਗਲ ਉਸਾਰ ਲਏ, ਪਹਾੜ ਉੱਡਾ ਕੇ ਉਦਯੋਗ ਬਣਾ ਲਏ ਪਰੰਤੂ ਜਦੋਂ ਪ੍ਰਕਿਰਤੀ ਦਾ ਪ੍ਰਤੀਕਰਮ ਹੁੰਦਾ ਹੈ ਤਾਂ ਫਿਰ ਬੰਦੇ ਨੂੰ ਸੰਭਲਣ ਦਾ ਵਕਤ ਵੀ ਨਹੀਂ ਮਿਲਦਾ। ਪੱਥਰ ਜੁਗ ਤੋਂ ਵਿਕਸਤ ਹੋ ਕੇ ਆਧੁਨਿਕ ਸੱਭਿਅਤਾ ਤੱਕ ਪੁੱਜਿਆ ਇਨਸਾਨ ਜੇਕਰ ਇਨਸਾਨੀਅਤ ਤੋਂ ਕੋਰਾ ਹੋ ਗਿਆ ਤਾਂ ਕੋਈ ਦੇਰ ਨਹੀਂ ਲੱਗਣੀ ਕਿ ਕੁਦਰਤ ਨੇ ਸਭ ਕੁਝ ਤਹਿਸ-ਨਹਿਸ ਕਰਕੇ ਉੱਪਰ-ਹੇਠ ਕਰ ਛੱਡਣਾ ਹੈ। ਕੁਦਰਤ ਦੇ ਵਿਗੜੇ ਹੋਏ ਸੰਤੁਲਨ ਕਰਕੇ ਕੁਝ ਵੀ ਸੁਰੱਖਿਅਤ ਨਹੀਂ ਰਹਿ ਸਕਦਾ। ਇਸ ਕਵਿਤਾ ਵਿੱਚ ਵਾਤਾਵਰਨ ਸੰਕਟ ਦੀ ਚਰਮ-ਸੀਮਾ ਨੂੰ ਉਲੀਕਦਾ ਦ੍ਰਿਸ਼ ਪੇਸ਼ ਕੀਤਾ ਗਿਆ ਹੈ। ਕਲਪਨਾ ਕੀਤੀ ਗਈ ਹੈ ਕਿ ਜੇ ਇਨਸਾਨ ਪੱਥਰਾਂ ਵਾਂਗ ਹੋ ਜਾਵੇ ਤੇ ਰੁੱਖਾਂ ਨੂੰ ਬੋਲ ਮਿਲ ਜਾਵਣ ਤਾਂ ਫਿਰ ਬੰਦੇ ਦੀ ਹਸਤੀ ਹੀ ਮਿਟ ਜਾਵੇਗੀ। ਮੈਂ-ਮੈਂ ਕਰਕੇ ਹਉਮੈ ਨਾਲ ਭਰਿਆ ਮਨੁੱਖ ਵਾਤਾਵਰਨ ਪ੍ਰਤੀ ਜੋ ਗ਼ੈਰ-ਜਿੰਮੇਵਾਰ ਵਰਤਾਰੇ ਵਰਤਾ ਰਿਹਾ ਹੈ, ਉਹਨਾਂ ਦੇ ਫ਼ਲਸਰੂਪ ਕੁਦਰਤੀ ਸਮਤੋਲ ਦਾ ਢਹਿ ਜਾਣਾ ਲਗਭਗ ਨਿਸ਼ਚਿਤ ਹੈ। ਜਿਵੇਂ ਬੀਜ ਤੋਂ ਰੁੱਖ ਵਿਗਸਦਾ ਹੈ ਅਤੇ ਉਸਦੇ ਬੀਜ ਫਿਰ ਹੋਰ ਰੁੱਖਾਂ ਦੇ ਜਨਮ ਦਾਤੇ ਬਣਦੇ ਹਨ, ਇਹੀ ਮਨੁੱਖੀ ਜੀਵਨ ਚੱਕਰ ਦਾ ਵੀ ਪ੍ਰਤੀਕ ਹੈ। ਸ੍ਰਿਸ਼ਟੀ ਦੇ ਬਣਾਏ ਜੀਵਨ ਚੱਕਰ ਵਿੱਚ ਉਲੰਘਣਾ ਕਰਨ ਵਾਲਾ ਕੇਵਲ ਮਨੁੱਖ ਹੈ।

ਅਜਮੇਰ ਰੋਡੇ ਪਰਿਹਾਰ ਕਾਵਿ ਦਾ ਹਾਸਲ ਉਸ ਦੀ ਵਿਲੱਖਣ ਸ਼ੈਲੀ ਨੂੰ ਮੰਨਦਾ ਹੈ। ਉਹ ਐਲਾਨਦਾ ਹੈ ਕਿ ਪਰਿਹਾਰ ਦੀ ਕਵਿਤਾ ਸੂਖ਼ਮ ਭਾਵ ਤੋਂ ਲੈ ਕੇ ਆਨੰਤ ਡੂੰਘੇ ਦਰਸ਼ਨ ਨੂੰ ਬਿਆਨ ਕਰਨ ਦੇ ਸਮਰੱਥ ਹੈ। ਰੋਡੇ ਅਨੁਸਾਰ ਪਰਿਹਾਰ ਦੀਆਂ ਕਵਿਤਾਵਾਂ ਸਹਿਜ-ਸੁਭਾਅ ਹੀ ਵਾਰ-ਵਾਰ ਪੜ੍ਹੇ ਜਾਣਯੋਗ ਹਨ। ਕਾਵਿ-ਸੰਗ੍ਰਹਿ 'ਕੁਦਰਤ' ਦੇ ਸਰਵਰਕ ਉੱਤੇ ਰੋਡੇ ਦੇ ਵਿਚਾਰ ਇਸ ਪ੍ਰਕਾਰ ਅੰਕਿਤ ਹਨ:

> ਵਰਿੰਦਰ ਦੀਆਂ ਨਜ਼ਮਾਂ ਬਹੁਤ ਚੰਗੀਆਂ ਲਗਦੀਆਂ ਹਨ। ਵੱਖਰੀ ਕਿਸਮ ਦੀਆਂ। ਇਹਨਾਂ ਵਿੱਚ ਸਰਲਤਾ ਵੀ ਹੈ ਤੇ ਡੂੰਘਾਈ ਵੀ। ਹੁਣ ਉਹ ਕਵਿਤਾਵਾਂ ਘੱਟ ਅਪੀਲ ਕਰਦੀਆਂ ਹਨ, ਜਿਨ੍ਹਾਂ ਵਿੱਚੋਂ ਇਨਟੈਲੀਜੈਂਸ ਨਾ ਝਲਕਦਾ ਹੋਵੇ। ਵਰਿੰਦਰ ਦੀ ਅੱਖ ਵਿੱਚ ਸਧਾਰਣ 'ਚੋਂ ਅਸਧਾਰਣ ਵੇਖ ਸਕਣ ਦੀ

ਸਮਰੱਥਾ ਹੈ ਤੇ ਸ਼ੈਲੀ ਵਿੱਚ ਸੂਖ਼ਮ ਭਾਵ ਤੋਂ ਲੈ ਕੇ ਡੂੰਘੇ ਫ਼ਲਸਫ਼ੇ ਨੂੰ ਰੂਪਮਾਨ ਕਰਨ ਦੀ ਸ਼ਕਤੀ ਹੈ। ਸ਼ਾਇਦ ਇਸੇ ਲਈ ਉਹ ਇੱਕ ਨਿਵੇਕਲੀ ਕਿਸਮ ਦਾ ਪੰਜਾਬੀ ਕਵੀ ਹੈ।

ਪਰਿਹਾਰ ਦੀਆਂ ਦੋ ਵਰਟੀਕਲ (ਲੰਬਾਤਮਿਕ) ਕਵਿਤਾਵਾਂ ਕਾਵਿ-ਸੰਗ੍ਰਹਿ 'ਕਣ ਕਾਇਨਾਤ' ਵਿੱਚ ਦਰਜ ਹਨ। ਵਾਤਾਵਰਣਿਕ ਲਿਖਤਾਂ, ਖ਼ਾਸ ਕਰਕੇ ਕਵਿਤਾਵਾਂ ਦਾ ਪਸਾਰਾ ਅਕਸਰ ਵਾਯੂਮੰਡਲ ਦੇ ਘੇਰੇ ਵਿੱਚ ਹੀ ਸੀਮਿਤ ਹੁੰਦਾ ਹੈ। ਧਰਤੀ, ਗਗਨ ਤੇ ਵਾਯੂਮੰਡਲ ਦੇ ਦਾਇਰੇ ਅੰਦਰਲੇ ਵਾਤਾਵਰਨਿਕ ਗੁਣ-ਦੋਸ਼, ਭਿਆਨਕ ਸੱਚ, ਡਰਾਉਣੇ ਨਤੀਜੇ, ਕਾਰਨ ਅਤੇ ਸਮਾਧਾਨ; ਸਭ ਕੁਝ ਹੀ ਇਸ ਦਾਇਰੇ ਵਿਚਕਾਰ ਇਸ ਤਰ੍ਹਾਂ ਘੁੰਮਦਾ ਪ੍ਰਤੀਤ ਹੁੰਦਾ ਹੈ ਜਿਵੇਂ ਕਿਸੇ ਅਣੂ ਦਾ ਗੋਲਾਕਾਰ ਅਟੌਮਿਕ ਚਿੱਤਰ ਹੋਵੇ। ਪਰ ਪਰਿਹਾਰ ਨੇ ਕਲਾਸੀਕਲ ਲਿਖਤ ਦੀ ਜਕੜ੍ਹ ਤੋ ਜ਼ਰਾ ਅਗਾਂਹ ਵਧ ਕੇ ਦੋ ਕਵਿਤਾਵਾਂ ਅਜਿਹੀਆਂ ਲਿਖੀਆਂ ਹਨ ਜਿਨ੍ਹਾਂ ਅੰਦਰ ਵਾਤਾਵਰਨ ਦਾ ਸੰਤਾਪ ਤਾਂ ਹੈ ਹੀ ਤੇ ਨਾਲ ਹੀ ਸ੍ਰਿਸ਼ਟੀ ਦੇ ਸਿਰਜਨਹਾਰ ਨਾਲ ਸੰਵਾਦ ਵੀ ਹੈ। ਭੌਤਿਕ ਵਾਤਾਵਰਨ ਤੋਂ ਆਰੰਭ ਹੋ ਕੇ ਇਹ ਕਵਿਤਾਵਾਂ ਪਰਾ-ਭੌਤਿਕ ਨੂੰ ਸੰਬੋਧਿਤ ਹੁੰਦੀਆਂ ਹਨ, ਵਿਗਿਆਨਕ ਹੋਣ ਦੇ ਨਾਲ ਨਾਲ ਅਧਿਆਤਮਕ ਰੁਖ਼ ਧਾਰਨ ਕਰਨ ਦਾ ਗੁਣ ਸਾਂਭੀ ਬੈਠੀਆਂ ਹਨ। ਸ਼ਾਇਦ ਏਸੇ ਕਰਕੇ ਕਵੀ ਨੇ ਇਹਨਾਂ ਦੋਨਾਂ ਕਵਿਤਾਵਾਂ, 'ਏਥੇ ਉੱਥੇ' (ਵਰਟੀਕਲ ਕਵਿਤਾ: ਇਕ) ਤੇ 'ਸ਼ਬਦ 'ਚ ਅਟਕੀ ਕਾਇਨਾਤ' (ਵਰਟੀਕਲ ਕਵਿਤਾ: ਦੋ) ਨੂੰ ਵਰਟੀਕਲ ਕਵਿਤਾਵਾਂ ਦਾ ਨਾਮ ਦਿੱਤਾ ਹੈ ਕਿ ਇਹ ਜ਼ਮੀਨ ਤੋਂ ਉੱਚੇ ਮੰਡਲਾਂ ਨੂੰ ਸੰਬੋਧਿਤ ਹਨ। ਇਹ ਕਵਿਤਾਵਾਂ ਆਤਮਾ ਵੱਲੋਂ ਪ੍ਰਮਾਤਮਾ ਨੂੰ ਲੋਚਣ ਲਈ ਲੰਬਕਾਰੀ ਸੋਚ ਦਾ ਪ੍ਰਤੀਨਿਧ ਕਰਦੀਆਂ ਹਨ ਤੇ ਦੁਨੀਆਂ ਦੇ ਫੈਲਾਅ 'ਚ ਨਹੀਂ ਉਲਝਾਉਂਦੀਆਂ। ਪਹਿਲੀ ਕਵਿਤਾ 'ਏਥੇ ਉੱਥੇ' ਅੰਦਰ 'ਏਥੇ' ਧਰਤੀ ਨੂੰ ਅਤੇ 'ਉੱਥੇ' ਪਰਮਾਤਮਾ ਦੇ ਦਰਬਾਰ ਨੂੰ ਮੰਨਿਆ ਗਿਆ ਹੈ। ਇਸ ਕਵਿਤਾ ਅਧੀਨ ਕੁਦਰਤ ਥਾਣੀਂ ਕਾਦਰ ਦੀ ਸ਼ਕਤੀ ਨੂੰ ਮਾਣਨ ਦੀ ਚੇਤਨਾ ਪ੍ਰਸਾਰਿਤ ਹੁੰਦੀ ਹੈ:

ਏਥੇ ਗੱਲਾਂ ਮੇਰੀਆਂ ਗੂੰਜਦੀਆਂ

ਦੂਰ...ਹਾਂ ਜਿੱਥੇ

ਲਫ਼ਜ਼-ਦਰ-ਲਫ਼ਜ਼ ਸਾਫ਼ ਉੱਥੇ

ਟੁਣਕਾਰਾਂ ਵਾਂਗ ਸੁਣਦੀਆਂ

ਬਹੁਤ ਥਾਵੀਂ ਪਰ

ਹਾਲੀਂ ਹੋਣਾ ਮੈਂ

ਲੱਖਾ ਨੇ ਕਹਿੰਦੇ ਹੋਰ ਗ੍ਰਹਿ ਗਲੈਕਸੀਆਂ

ਏਥੇ ਹੁੰਦੇ ਸੁੰਦੇ

ਨਾ ਹੋਣਾ ਪਰ-

ਸੱਚ ਸਹਜ ਅਚਲ(20)

ਵਰਟੀਕਲ ਕਵਿਤਾ ਅਧੀਨ ਦੂਜੀ ਕਵਿਤਾ 'ਸ਼ਬਦ ਚ ਅਟਕੀ ਕਾਇਨਾਤ' ਵਿੱਚ ਕਾਇਨਾਤ ਅਤੇ ਕਰਤਾਰੀ ਸ਼ਕਤੀ ਵਿਚਕਾਰ ਮੌਜੂਦ ਸਾਂਝ ਦੀ ਸੰਕੇਤਕ ਪੇਸ਼ਕਾਰੀ ਕੀਤੀ ਗਈ ਹੈ। ਕੁਦਰਤ ਦੇ ਹਰ ਇੱਕ ਅੰਗ ਵਿੱਚ ਵਿੱਲਖਣ ਆਵਾਜ਼/ਧੁਨ/ਸ਼ਬਦ ਹੈ ਜੋ ਕੁਦਰਤ ਦੇ ਕਰਤੇ ਵੱਲੋਂ ਤੋਹਫ਼ੇ ਵਜੋਂ ਮਿਲਿਆ ਹੈ। ਇਸ ਕਵਿਤਾ ਅੰਦਰ ਉਸ ਸ਼ਬਦ ਦਾ ਜ਼ਿਕਰ ਹੈ ਜੋ ਕੁਦਰਤ ਤੋਂ ਆਰੰਭ ਹੋ ਕੇ ਕਾਦਰ ਨਾਲ ਗੱਲ ਕਰਦਾ ਹੈ। ਜੋ ਸ੍ਵੈ ਤੋਂ ਸ਼ੁਰੂ ਹੋ ਕੇ ਸੈਭੰਗ ਤੱਕ ਜਾਂਦਾ ਹੈ, ਜੋ ਆਦਿ ਤੋਂ ਚਲਦਾ-ਚਲਦਾ ਅਨਾਦੀ ਤੱਕ ਅੱਪੜਦਾ ਹੈ। ਜੋ ਨਿੱਜ ਤੋਂ ਪਰ ਤੱਕ ਦੀ ਯਾਤਰਾ ਕਰਦਾ ਹੈ, ਜੋ ਸ਼ਬਦਾਂ ਦੀ ਪੈੜ ਵਾਚ ਕੇ ਸ਼ਬਦ-ਧੁਨਕਾਰ ਦੀ ਤਲਾਸ਼ ਕਰਦਾ ਹੈ ਤੇ ਜੋ ਰੂਹ ਤੋਂ ਰੂਹਾਨੀ ਦੀ ਰਮਜ਼ ਨੂੰ ਟੋਂਹਦਾ ਹੈ। ਇਹ ਲੰਬਕਾਰ ਪਹੁੰਚ ਹੀ ਉਪਰੋਕਤ ਕਵਿਤਾਵਾਂ ਨੂੰ ਫਿਲਾਸਫੀ ਵਾਲੀ ਦਿੱਖ ਪ੍ਰਦਾਨ ਕਰਦੀ ਹੈ:

ਸ਼ਬਦ ਵਿੱਚ ਕਾਇਨਾਤ

ਕਿਵੇਂ ਸਮਾਈ

ਕਾਇਨਾਤ ਵਿੱਚ ਸ਼ਬਦ

ਕਾਇਮ ਕਿਵੇਂ

ਸ਼ਬਦ 'ਚ ਕਾਇਨਾਤ ਨੂੰ

ਦਰਜ ਕਰੇ ਕਿਵੇਂ ਕੋਈ

ਸ਼ਬਦ 'ਚ ਅਟਕੀ ਕਾਇਨਾਤ ਨੂੰ ਰਿਹਾਅ ਕਰੇ ਕਿਵੇਂ ਕੋਈ(21)

'ਮੈਂ' ਕਵਿਤਾ ਵਿੱਚ ਕਵੀ ਨੇ ਸਮੁੱਚੀ ਪ੍ਰਕਿਰਤੀ ਦਾ ਇਕਹਿਰਾ ਮਾਨਵੀਕਰਨ ਕੀਤਾ ਹੈ। ਮਨੁੱਖ ਦੇ ਲਾਲਚੀ ਵਤੀਰਿਆਂ ਅਤੇ ਮੁਨਾਫ਼ਾ-ਕੇਂਦਰਿਤ ਸੋਚ ਨੇ ਸਹਿਜ ਸ਼ਾਂਤ ਅਤੇ ਪਰਉਪਕਾਰੀ ਪ੍ਰਕਿਰਤੀ ਨੂੰ ਕਿਤੇ ਕਿਤੇ ਬਦਲੇਖੋਰ ਵੀ ਬਣਾ ਦਿੱਤਾ ਹੈ। ਕੁਦਰਤ ਵੱਲੋਂ ਭਿਆਨਕ ਰੂਪ ਵਿੱਚ ਦਿੱਤੀ ਗਈ ਮੋੜਵੀਂ ਭਾਜੀ ਤੋਂ ਪਹਿਲਾਂ ਮਨੁੱਖ ਕੁਝ ਵੀ ਸਮਝਣ ਲਈ ਤਿਆਰ ਨਹੀਂ ਹੁੰਦਾ। ਅਜਿਹੇ ਮਨ-ਮੱਤੇ ਮਨੁੱਖ ਨੂੰ ਚਿਤਾਵਨੀ ਦਿੰਦੀ ਹੋਈ ਪ੍ਰਕਿਰਤੀ ਇਸ ਪ੍ਰਕਾਰ ਵਰਜਦੀ ਹੈ:

ਬਾਹਾਂ ਨੇ ਨਦੀਆਂ

ਦਰੱਖ਼ਤ ਨੇਜ਼ੇ

ਪਹਾੜ ਢਾਲਾਂ

ਆਸਮਾਨ ਇਸਪਾਤ-ਜਾਲ਼

ਕਿੱਧਰ ਜਾਵੋਗੇ

ਚੁੱਕੀ ਹਥਿਆਰ

ਖੇਡ ਲਵੋ

ਹੋਰ ਥੋੜ੍ਹਾ

ਤੁਹਾਡੇ ਪੈਰਾਂ ਥੱਲੇ ਮੈਂ

ਮੇਰੇ ਉਦਾਲ਼ੇ ਖ਼ਲਾਅ(22)

ਪ੍ਰਕਿਰਤੀ ਐਲਾਨ ਕਰਦੀ ਹੈ ਕਿ ਨਦੀਆਂ ਉਸਦੀਆਂ ਬਾਹਵਾਂ ਹਨ, ਦਰੱਖਤ ਉਸਦੇ ਨੇਜ਼ੇ ਹਨ, ਪਹਾੜ ਢਾਲ ਬਣਕੇ ਉਸਦੀ ਰੱਖਿਆ ਕਰ ਰਹੇ ਹਨ, ਸਾਰਾ ਆਸਮਾਨ ਪ੍ਰਕਿਰਤੀ ਦਾ ਉਹ ਲੋਹ-ਜਾਲ ਭਾਵ ਪਿੰਜਰਾ ਹੈ, ਜਿਸ ਵਿੱਚ ਉਸਨੇ ਕੁਦਰਤ ਵਿਰੋਧੀ ਮਨੁੱਖਾਂ ਨੂੰ ਕੈਦ ਕਰਕੇ ਲੈ ਜਾਣਾ ਹੈ। ਫਿਰ ਕੁਦਰਤ ਰੋਸ ਪੂਰਨ ਲਹਿਜ਼ੇ

ਵਿੱਚ ਮਨੁੱਖ ਨੂੰ ਵੰਗਾਰਦੀ ਹੋਈ ਆਖਦੀ ਹੈ ਕਿ ਉਸ ਤਹਿਸ ਨਹਿਸ ਕਰਨ ਲਈ ਜਿੰਨੇ ਵੀ ਹਥਿਆਰ ਪ੍ਰਯੋਗ ਕਰਨੇ ਹੋਣ ਬੜੇ ਸ਼ੌਕ ਨਾਲ ਕਰੇ ਕਿਉਂਕਿ ਆਦਮੀ ਦੀ ਖ਼ੁਸ਼-ਫਹਿਮੀ ਹੀ ਹੈ ਕਿ ਉਹ ਕਾਇਨਾਤ ਦਾ ਸਭ ਤੋਂ ਤਾਕਤਵਰ ਜੀਵ ਹੈ, ਜਦ ਕਿ ਇਹ ਸਭ ਕੁਝ ਇੱਕ ਖੇਡ ਤੋਂ ਵਧ ਕੇ ਕੁਝ ਵੀ ਨਹੀਂ ਹੈ। ਅੱਜ ਜਿਹੜਾ ਮਨੁੱਖ ਕੁਦਰਤ ਨੂੰ ਆਪਣੇ ਅਧੀਨ ਸਮਝ ਕੇ ਪੈਰਾਂ ਹੇਠ ਰੋਲ ਰਿਹਾ ਹੈ, ਉਹ ਭੁੱਲ ਜਾਂਦਾ ਹੈ ਕਿ ਪ੍ਰਕਿਰਤੀ ਦੇ ਪਲਟਾ ਮਾਰਨ ਦੀ ਦੇਰ ਹੈ ਤੇ ਮਨੁੱਖਤਾ ਦੀ ਹਸਤੀ ਦਾ ਇਤਿਹਾਸ ਲਿਖਣ ਵਾਲਾ ਸ਼ਾਇਦ ਹੀ ਕੋਈ ਬਚੇ। ਉਤਾਰਖੰਡ ਦੀ ਤ੍ਰਾਸਦੀ, ਭੂਟਾਨ ਵਿਖੇ ਬੱਦਲਾਂ ਦਾ ਫਟਣਾ, ਸੁਨਾਮੀ ਅਤੇ ਗੁਜਰਾਤ ਵਿਖੇ ਭੂਚਾਲ ਆਦਿ ਤਾ ਕੇਵਲ ਸੰਕੇਤ ਮਾਤਰ ਹਨ, ਜੇਕਰ ਅਸਲ ਵਿੱਚ ਕੁਦਰਤ ਪ੍ਰਤੀਕਰਮ ਤੇ ਉੱਤਰ ਆਈ ਤਾਂ ਅੱਖ ਦੇ ਫੋਰੇ ਵਿੱਚ ਸਭ ਹੇਠਲਾ ਉੱਤੇ ਹੋ ਸਕਦਾ ਹੈ। ਇਸ ਤਰ੍ਹਾਂ ਦੀ ਅੰਨ੍ਹੀ-ਦੌੜ ਅਤੇ ਹੋੜ੍ਹ ਦੇ ਵਾਤਾਵਰਨ ਉੱਤੇ ਪੈਂਦੇ ਮਨਫੀ ਪ੍ਰਭਾਵਾਂ ਬਾਰੇ ਚਰਚਾ ਕਰਦੇ ਹੋਏ ਡਾ. ਦਰਵੇਸ਼ਵਰ ਨੇ ਲਿਖਿਆ ਹੈ:

> ਵਿਗਿਆਨ ਦੀ ਸਿਖਰ- ਆਰਥਿਕਤਾ ਦੀ ਦੌੜ ਨੇ ਹਰ ਪਾਸੇ ਆਪਣਾ ਦਬਦਬਾ ਬਣਾ ਕੇ ਰੱਖਿਆ ਹੈ। ਇਹ ਵਰਤਾਰਾ ਨਿਰਾ ਮਾਨਵੀ-ਸਰੋਤਾਂ ਨੂੰ ਹੀ ਖ਼ਤਮ ਨਹੀਂ ਕਰ ਰਿਹਾ ਸਗੋਂ ਪ੍ਰਕਿਰਤੀ ਅਤੇ ਵਾਤਾਵਰਣ ਨੂੰ ਵੀ ਤਬਾਹ ਕਰ ਰਿਹਾ ਹੈ। ਵੱਧ ਤੋਂ ਵੱਧ ਉਤਪਾਦਨ ਦੀ ਹੋੜ ਨੇ ਪ੍ਰਦੂਸ਼ਨ ਦੀ ਦਰ ਨੂੰ ਇਸ ਹੱਦ ਤੱਕ ਵਧਾਇਆ ਹੈ ਕਿ ਜੇ ਆਉਣ ਵਾਲੇ ਸਮੇਂ ਵਿੱਚ ਇਹ ਇਸੇ ਤਰ੍ਹਾਂ ਜਾਰੀ ਰਿਹਾ ਤਾਂ ਸੰਸਾਰ ਨੂੰ ਤਬਾਹ ਕਰਨ ਲਈ ਕਿਸੇ ਹੋਰ ਤਬਾਹੀ-ਕੁੰਨ ਪਦਾਰਥ ਦੀ ਲੋੜ ਨਹੀਂ ਪਵੇਗੀ। ਪ੍ਰਦੂਸ਼ਨ ਤੇ ਪੂੰਜੀਵਾਦੀ ਆਰਥਿਕਤਾ ਦਾ ਇਹੀ ਵਰਤਾਰਾ ਇਸ ਦਾ ਸਰਬਨਾਸ਼ ਕਰ ਦੇਵੇਗਾ ਜਿਸ ਦੀ ਲਪੇਟ ਵਿੱਚ ਵਿਸ਼ਵ ਦਾ ਹਰ ਵਿਅਕਤੀ, ਜੀਵ-ਜੰਤੂ, ਇੱਥੋਂ ਤੱਕ ਕਿ ਬਨਸਪਤੀ ਤੱਕ ਸਭ ਕੁਝ ਸਵਾਹ ਬਣ ਜਾਵੇਗਾ(25)

ਕਵੀ ਦਾ ਸੂਖ਼ਮ ਅਤੇ ਸੰਵੇਦਨਸ਼ੀਲ ਹਿਰਦਾ ਭਾਵ ਅਤੇ ਭਾਵਨਾਵਾਂ ਨਾਲ ਓਤ-ਪ੍ਰੋਤ ਹੁੰਦਾ ਹੈ। ਨਿੱਕੀ ਤੋਂ ਨਿੱਕੀ ਘਟਨਾ ਅਤੇ ਕਿਰਿਆ ਨੂੰ ਉਸਦੀ ਦਿੱਬ-ਦ੍ਰਿਸ਼ਟੀ ਮਹਿਸੂਸਦੀ ਅਤੇ ਮਾਣਦੀ ਹੈ। ਪੱਤੇ ਉੱਤੇ ਤ੍ਰੇਲ ਬੂੰਦ ਦੇ ਡਿੱਗਣ ਦੇ ਕੁਦਰਤੀ ਵਰਤਾਰੇ ਦਾ ਕਵੀ ਨੇ ਪ੍ਰਸਿੱਧ ਤਬਲਾ ਵਾਦਕ ਅਤੇ ਸੰਤੂਰ ਨਵਾਜ ਦੁਆਰਾ ਪੇਸ਼

ਦਿਲ-ਖਿੱਚਵੀਂ ਸੰਗੀਤਕ ਪੇਸ਼ਕਾਰੀ ਨਾਲ ਸਮੀਕਰਨ ਕੀਤਾ ਹੈ। 7ਜੂਨ 2003 ਨੂੰ ਕਵੀ ਕਿਸੇ ਸੰਗੀਤਕ ਕਨਸਰਟ ਜ਼ਾਕਿਰ ਹੁਸੈਨ ਅਤੇ ਸੰਤੂਰ ਵਾਦਕ ਸ਼ਿਵ ਕੁਮਾਰ ਦੀਆਂ ਮਨ-ਮੋਹਕ ਧੁਨੀਆਂ ਨੂੰ ਸੁਣਦਾ ਹੈ। ਸੰਗੀਤਕ ਹਾਲ ਵਿੱਚ ਗੂੰਜ ਰਹੀਆਂ ਤਰੰਗਾਂ ਨੂੰ ਉਸਦਾ ਪ੍ਰਕਿਰਤੀ-ਪ੍ਰੇਮੀ ਹਿਰਦਾ ਪੱਤੇ ਤੋਂ ਤਿਲਕ ਕੇ ਹੇਠਾਂ ਡਿੱਗ ਰਹੀਆਂ ਤ੍ਰੇਲ-ਬੂੰਦਾਂ ਦੀ ਤਰ੍ਹਾਂ ਮਹਿਸੂਸ ਕਰਵਾ ਦਿੰਦਾ ਹੈ। ਕਵਿਤਾ '7 ਜੂਨ 2003 ਕਨਸਟਰ ਵੇਖਦਿਆ' ਅਧੀਨ ਕਵੀ ਆਪਣੇ ਮਨੋਭਾਵ ਇਸ ਪ੍ਰਕਾਰ ਪੇਸ਼ ਕਰਦਾ ਹੈ:

ਪੱਤੇ ਤੋਂ ਡਿਗਦੀ

ਤ੍ਰੇਲ-ਬੂੰਦ ਮੈਂ ਵੇਖਾਂ

ਦਿਲ ਸਾਂਭੀ

ਕੰਨ ਲਾ ਕੋਲ ਖੜ੍ਹਿਆ

ਤਾਲ ਨ ਧਮਕ ਪਰ ਸੁਣੀ

ਦੂਰੋਂ ਜ਼ਾਕਿਰ ਨੇ ਤਰੰਗ ਓਹਦੀ ਫੜੀ

ਸ਼ਿਵ ਕੁਮਾਰ ਨੇ ਧੁਨੀ ਧਮਕ ਸਾਧੀ(25)

ਕਵੀ ਅਨੁਸਾਰ ਕਾਦਰ ਦੀ ਕੁਦਰਤ ਵਿੱਚ ਵਾਪਰਦੀ ਹਰ ਇੱਕ ਘਟਨਾ ਆਲੌਕਿਕ ਅਤੇ ਨਿਵੇਕਲੀ ਹੈ। ਉਸਦੀ ਵਿਲੱਖਣਤਾ ਨੂੰ ਜਾਣਨ ਅਤੇ ਮਾਣਨ ਦਾ ਸੁਭਾਗ ਕੇਵਲ ਰੱਬ ਦੀ ਬਖ਼ਸ਼ੀ ਦ੍ਰਿਸ਼ਟੀ ਅਨੁਸਾਰ ਹੀ ਪ੍ਰਾਪਤ ਹੋ ਸਕਦਾ ਹੈ। ਤ੍ਰੇਲ-ਬੂੰਦ ਪੱਤੇ ਤੋਂ ਤਿਲਕ ਕੇ ਜਦੋਂ ਮਿੱਟੀ 'ਚ ਸਮਾਅ ਜਾਂਦੀ ਹੈ ਤਾਂ ਆਮ ਤੌਰ 'ਤੇ ਇਸ ਨਿੱਕੀ ਜਿਹੀ ਘਟਨਾ ਨੂੰ ਕੋਈ ਮਹੱਤਵ ਨਹੀਂ ਦਿੱਤਾ ਜਾਂਦਾ, ਪਰੰਤੂ ਚੇਤੰਨ ਜੀਵਾਂ ਦੀ ਧਾਰਨਾ ਵਿੱਚ ਤ੍ਰੇਲ-ਬੂੰਦ ਦਾ ਪਾਣੀ ਤੋਂ ਪੱਤੇ ਤੱਕ ਦਾ ਸਫ਼ਰ ਤੇ ਮੁੜ ਮਿੱਟੀ 'ਚ ਸਮਾਅ ਕੇ ਪਾਣੀ ਤੱਕ ਪੁੱਜਣ ਦੀ ਯਾਤਰਾ ਕਿਸੇ ਸੁਰੀਲੀ ਤਾਲ, ਤਰੰਗ, ਧੁਨੀ ਅਤੇ ਧਮਕ ਤੋਂ ਘੱਟ ਦਿਲਚਸਪ ਨਹੀਂ ਹੁੰਦੀ। ਸੰਗੀਤਕ ਤਾਲ ਤੇ ਤਰੰਗ ਮਨ ਨੂੰ ਸਹਿਜ ਤੇ ਸੁਹਜ ਪ੍ਰਦਾਨ ਕਰਦੀਆਂ ਹਨ ਅਤੇ ਸੁੱਤੇ ਹੋਏ ਮਨ ਨੂੰ ਸੁਚੇਤ ਵੀ ਕਰਦੀਆਂ ਹਨ, ਠੀਕ ਇਸੇ ਪ੍ਰਕਾਰ

ਪ੍ਰਕਿਰਤੀ ਦੇ ਹਰ ਲਘੂਤਮ ਅੰਸ਼ ਦੀ ਕਿਰਿਆ ਅਤੇ ਪ੍ਰਕਿਰਿਆ ਦਾ ਅਹਿਸਾਸ ਮਨ ਨੂੰ ਤਾਜ਼ਗੀ ਅਤੇ ਇਕਾਗਰਤਾ ਪ੍ਰਦਾਨ ਕਰਦਾ ਹੈ।

ਕਲੀ ਤੋਂ ਫੁੱਲ ਦੇ ਸਫ਼ਰ ਨੂੰ ਵੇਖਣ ਲਈ ਠਰ੍ਹੰਮੇ ਨਾਲ ਫੁੱਲ ਦੀ ਇੱਕ-ਇੱਕ ਪੱਤੀ ਦੇ ਖਿੜ੍ਹਣ ਦੀ ਉਡੀਕ ਕਰਨੀ ਪੈਂਦੀ ਹੈ। ਪਹੁ-ਫੁਟਾਲਾ ਨਵੀਂ ਸੱਜਰੀ ਤੇ ਆਸਾਂ ਭਰੀ ਸ਼ੁਰੂਆਤ ਦਾ ਸੁਨੇਹਾ ਦਿੰਦਾ ਹੈ। ਸੰਵੇਦਨਸ਼ੀਲ ਸੋਚ ਵਾਲੇ ਸੁਹਿਰਦ ਮਨੁੱਖ ਹੀ ਅਜਿਹੀ ਕੁਦਰਤੀ ਰਮਜ਼ ਨੂੰ ਦਿਲ ਤੋਂ ਅਪਣਾ ਸਕਦੇ ਹਨ। ਜਦੋਂ ਮਨੁੱਖ ਲਾਲਚਵੱਸ ਹੋ ਕੇ ਵਾਤਾਵਰਨ ਨੂੰ ਵਿਗਾੜਨ ਲੱਗ ਜਾਂਦਾ ਹੈ ਤੇ ਸਾਰੇ ਕੁਦਰਤੀ ਸ੍ਰੋਤਾਂ ਨੂੰ ਆਪਣੇ ਕਾਬੂ ਹੇਠ ਕਰਨਾ ਚਾਹੁੰਦਾ ਹੈ, ਭਾਵੇਂ ਦੇਰ ਬਾਅਦ ਹੀ ਸਹੀ, ਪ੍ਰਕਿਰਤੀ ਮਸ਼ੀਨ ਬਣ ਚੁੱਕੇ ਬੰਦੇ ਦਾ ਤਖ਼ਤਾ ਪਲਟਣ ਲਈ ਮਜ਼ਬੂਰ ਹੋ ਜਾਂਦੀ ਹੈ। ਕਵਿਤਾ 'ਕੋਈ ਨਹੀਂ ਵੇਖਦਾ' ਵਿੱਚ ਇਹ ਦੱਸਿਆ ਗਿਆ ਹੈ ਕਿ ਵੰਸ਼ਾਵਲੀ ਦੇ ਲੰਮੇ ਕਾਲ ਵਾਂਗਰ ਡੈਮ ਦੀ ਕੰਧ ਪਿੱਛੇ ਰੋਕਿਆ ਗਿਆ ਜਲ-ਸ੍ਰੋਤ ਅਸ਼ਾਂਤ ਹੈ, ਨਾਰਾਜ਼ ਹੈ ਪਰ ਚੁੱਪ ਹੈ। ਕੈਦ ਕੀਤੇ ਪਾਣੀ ਦੀ ਚੁੱਪ ਨੂੰ ਕਵੀ ਨੇ ਵੱਖੋ-ਵੱਖਰੇ ਨਜ਼ਰੀਏ ਦੁਆਰਾ ਪ੍ਰਸਤੁਤ ਕੀਤਾ ਹੈ। ਪਾਣੀ ਦੇ ਕੁਦਰਤੀ ਪ੍ਰਵਾਹ ਨੂੰ ਜਦੋਂ ਗ਼ੈਰ-ਕੁਦਰਤੀ ਢੰਗ ਨਾਲ ਰੋਕ ਕੇ ਕਾਬੂ ਕੀਤਾ ਜਾਂਦਾ ਹੈ ਤਾਂ ਕਵੀ ਦੀ ਸੋਚ ਸ਼ਕਤੀ ਡੈਮ ਪਿੱਛੇ ਰੁਕੇ ਪਾਣੀ ਦਾ ਮਾਨਵੀਕਰਨ ਕਰਕੇ ਕਵਿਤਾ ਸਿਰਜਦੀ ਹੈ। ਨਾ ਕੇਵਲ ਪਾਣੀ ਨੂੰ ਆਪਣੀ ਭੜਾਸ ਕੱਢਣ ਲਈ ਜ਼ੁਬਾਨ ਦਿੰਦੀ ਹੈ, ਸਗੋਂ ਪਾਣੀ ਦੀ ਸਥਿਤੀ ਨੂੰ ਸਮਝਣ ਤੇ ਸਮਝਾਉਣ ਲਈ ਰੱਬ, ਦਰਸ਼ਨ-ਸ਼ਾਸਤਰੀ, ਵਿਗਿਆਨੀ, ਪੁਜਾਰੀ ਅਤੇ ਕਵੀ ਦੇ ਵਿਚਾਰ ਵੀ ਪੇਸ਼ ਕੀਤੇ ਗਏ ਹਨ। ਮਿਸਾਲ ਵਜੋਂ:

ਅਨੰਤ ਗੁੱਸਾ ਬੰਦ ਸ਼ਜਰ ਅੰਦਰ

ਡੈਮ ਕੰਧ ਪਿੱਛੇ ਰੁਕਿਆ ਪਾਣੀ ਅਥਾਹ ਜਿਉਂ

ਖ਼ੁਦਾ ਵੇਖਦਾ

'ਵਰ੍ਹਿਆਂ ਤੋਂ ਖੜ੍ਹਾ ਇਉਂ ਕੀ ਉਡੀਕਦਾ

ਕਿਉਂ ਨਹੀਂ ਫੱਟਦਾ? ਫ਼ਲਸਫ਼ੀ ਪੁੱਛਦਾ

ਸੰਘ ਵਿੱਚ ਘੁੱਟੀ ਲਲਕਾਰ ਆਪਣੀ

ਫਟਾਉਣ ਲਈ ਬਿਜਲੀ 'ਸਮਾਨੀ ਉਡੀਕਦਾ'

ਕਵੀ ਕਹਿੰਦਾ

ਪਤਰਾਲ ਹਿੱਲਦੀ ਹਾਂ ਵਿੱਚ

ਕੋਈ ਨਹੀਂ ਵੇਖਦਾ!(26)

ਪਾਣੀ ਕੁਦਰਤ ਦਾ ਤੇ ਜੀਵਨ ਦਾ ਅਭਿੰਨ ਅੰਗ ਹੈ, ਪਾਣੀ ਸਭ ਜੀਵਾਂ ਤੇ ਬਨਸਪਤੀ ਦਾ ਆਧਾਰ ਹੈ। ਕਵੀ ਦੀ ਵਿਚਾਰਧਾਰਾ ਅਨੁਸਾਰ ਕੈਦ ਕੀਤੇ ਪਾਣੀ ਦੀ ਤ੍ਰਾਸਦੀ ਦੇ ਪ੍ਰਤੀਕਰਮ ਅਤੇ ਕੁਦਰਤੀ ਆਫ਼ਤਾਂ ਦੇ ਆਉਣ ਦੇ ਸੰਕੇਤ ਵਜੋਂ ਫੱਟਣ ਲਈ ਤਿਆਰ ਹੈ ਤੇ ਕਵੀ ਦੀ ਇਸ ਸੋਚ ਦਾ ਹੁੰਘਾਰਾ ਰੁੱਖਾਂ ਦੀਆਂ ਸਾਵੀਆਂ ਟਾਹਣੀਆਂ ਹਿੱਲ-ਹਿੱਲ ਕੇ ਭਰਦੀਆਂ ਪ੍ਰਤੀਤ ਹੁੰਦੀਆਂ ਹਨ।

ਇੱਕ ਹੋਰ ਕਵਿਤਾ 'ਮੈਂ ਜੋ ਵੀ ਹਾਂ' ਅਧੀਨ ਕਵੀ ਆਪਣੀ ਕਾਵਿ ਸਿਰਜਨਾ ਦਾ ਪ੍ਰਯੋਜਨ ਸਾਂਝਾ ਕਰਦਾ ਹੋਇਆ ਆਖਦਾ ਹੈ ਕਿ ਵਿਪਰੀਤ ਵਾਤਾਵਰਨਿਕ ਸਥਿਤੀਆਂ ਵਿੱਚ ਕਵਿਤਾ ਲਿਖਣਾ ਡਾਹਢਾ ਔਖਾ ਤੇ ਦੁਖਦਾਈ ਕੰਮ ਬਣ ਜਾਂਦਾ ਹੈ। ਅਜਿਹੇ ਸੰਕਟਮਈ ਸਮੇਂ ਵਿੱਚ ਕਵਿਤਾ ਕਰਨਾ ਇਵੇਂ ਹੈ ਜਿਵੇਂ ਕਿਸੇ ਛੇਕ (ਮੋਰੀ) ਵਾਲੇ ਭਾਂਡੇ ਵਿੱਚ ਪਾਣੀ ਭਰ ਕੇ ਰੱਖਣਾ ਹੋਵੇ ਜਾਂ ਫਿਰ ਚਟਕੀਲੀ ਧੁੱਪ ਵਿੱਚ ਰਾਗ ਮਲ੍ਹਾਰ ਗਾਇਆ ਜਾਣਾ ਹੋਵੇ। ਬੇਮੇਚ ਵਕਤ ਵਿੱਚ ਮੇਚ ਆ ਸਕਣ ਵਾਲੀ ਰਚਨਾ ਦੀ ਸਫਲਤਾ ਇਹੋ ਹੁੰਦੀ ਹੈ ਕਿ ਕਿਸੇ ਨਾ ਕਿਸੇ ਉੱਤੇ ਸੁਖਾਵਾਂ ਪ੍ਰਭਾਵ ਛੱਡੇ, ਕਿਸੇ-ਕਿਸੇ ਨੂੰ ਹਲੂਣ ਕੇ ਜਗਾਵੇ ਤੇ ਵਾਤਾਵਰਨ ਨੂੰ ਬਚਾਉਣ ਦੀ ਲਗਨ ਲਾਵੇ ਅਤੇ ਬੇਸੁਰੇ ਮਾਹੌਲ ਨੂੰ ਪ੍ਰਕਿਰਤੀ ਪ੍ਰਤੀ ਇਕਸੁਰਤਾ ਵਿੱਚ ਪਿਰੋਵੇ। ਕੇਵਲ ਓਹੀ ਕਵਿਤਾ ਵਾਤਾਵਰਨ ਚੇਤਨਾ ਪੈਦਾ ਕਰ ਸਕਦੀ ਹੈ ਜਿਹੜੀ ਰਚੀ ਜਾਣ ਤੇ ਲੰਬੇ ਅਰਸੇ ਬਾਅਦ ਵੀ ਪਾਠਕ ਨੂੰ ਯਾਦ ਕਰਵਾਏ ਕਿ ਕਵੀ ਅਤੇ ਕਵਿਤਾ ਦੋਵੇਂ ਹੀ ਬ੍ਰਹਿਮੰਡ ਦੇ ਆਰ-ਪਾਰ ਵਿਚਰਨ ਵਾਲੇ ਪ੍ਰਕਿਰਤੀ ਦੇ ਲਚਕੀਲੇ ਅਤੇ ਅਵੱਸ਼ਕ ਅੰਸ਼ ਹਨ। ਵਾਤਾਵਰਨ ਸੰਤਾਪ ਤੋਂ ਅਗਾਂਹ ਚੱਲ ਕੇ ਕੁਝ ਮੁੜ-ਹਰਿਆਉਣ ਦੀ ਆਸ ਰੱਖਣ ਵਾਲੀ ਕਵਿਤਾ ਹੀ ਏਨੇ ਵਿਸ਼ਾਲ ਫੈਲਾਅ ਵਿੱਚ ਜਿਉਂਦੀ ਰਹਿ ਸਕਦੀ ਹੈ। ਕਵੀ ਦੇ ਜਜ਼ਬਾਤ ਇਸ ਤਰ੍ਹਾਂ ਪ੍ਰਗਟਾਏ ਗਏ ਹਨ:

ਉਵੇਂ ਕਹਿੰਦੇ ਇਨ੍ਹਾਂ ਸਮਿਆਂ 'ਚ ਕਵਿਤਾ!

ਮੋਰੀ ਵਾਲੇ ਭਾਂਡੇ 'ਚ ਜਲ ਪਾਉਣਾ

ਖਿੜੀ ਧੁੱਪ 'ਚ ਰਾਗ ਮਲ੍ਹਾਰ ਗਾਉਣਾ

ਇਤਿਹਾਸ! ਹਮਾਮ! ਸਮਾਂ-ਸ਼ਨਾਸ...

ਹਵਾ, ਪਾਣੀ, ਅਗਨ, ਮਿੱਟੀ ਆਤਮਾ

ਮੈਂ ਜੋ ਵੀ ਹਾਂ!(29)

ਉਪਰੋਕਤ ਖ਼ਿਆਲ ਇਹ ਪੈਗਾਮ ਦਿੰਦੇ ਹਨ ਕਿ ਸਾਹਿਤ ਤੇ ਸਮਾਜ ਦਾ ਨਾਤਾ ਪੀਡਾ ਤੇ ਦੁਵੱਲਾ ਹੁੰਦਾ ਹੈ। ਸਾਹਿਤ ਰਚਨਾ ਦਾ ਆਧਾਰ ਸਮਾਜਕ ਸਥਿਤੀਆਂ ਬਣਦੀਆਂ ਹਨ ਤੇ ਸਾਹਿਤ ਹੀ ਸਮਾਜ ਨੂੰ ਵਿਭਿੰਨ ਪ੍ਰਸਥਿਤੀਆਂ ਤੋਂ ਜਾਣੂ ਕਰਵਾਉਂਦਾ ਹੈ। ਵੱਖ-ਵੱਖ ਸਮੱਸਿਆਵਾਂ ਨੂੰ ਕਾਬੂ ਕਰਨ ਲਈ ਸਾਹਿਤ ਦਾ ਮਹੱਤਵਪੂਰਨ ਰੋਲ ਹੁੰਦਾ ਆਇਆ ਹੈ।

ਕਵਿਤਾ 'ਪਲੀਜ਼! ਮੇਰਾ ਖ਼ਿਆਲ ਰੱਖਣਾ' ਕੁਦਰਤ ਪ੍ਰੇਮੀ ਹਿਰਦੇ ਅਤੇ ਪੂੰਜੀਵਾਦੀ ਸੋਚ ਦੇ ਦਵੰਦ ਨੂੰ ਪੇਸ਼ ਕਰਨ ਹਿੱਤ ਸਿਰਜੀ ਗਈ ਹੈ। ਜਿੱਥੇ ਬਹੁ-ਗਿਣਤੀ ਲੋਕ ਘੱਟ ਸਮੇਂ ਵਿੱਚ ਵੱਧ ਤੋਂ ਵੱਧ ਮੁਨਾਫ਼ਾ ਕਮਾਉਣ ਲਈ ਕੁਦਰਤੀ ਸ੍ਰੋਤਾਂ ਦੀ ਲੁੱਟ ਖੋਹ ਕਰਦੇ ਹਨ, ਉੱਥੇ ਕੁਝ ਥੋੜ੍ਹੇ ਜਿਹੇ ਜੀਵ ਅਜਿਹੇ ਵੀ ਹਨ ਜਿਹੜੇ ਜੀਵਨ-ਗੁਜ਼ਾਰੇ ਲਈ ਭਾਵੇਂ ਪੂੰਜੀਵਾਦੀਆਂ ਉੱਤੇ ਨਿਰਭਰ ਹਨ ਪਰ ਫਿਰ ਵੀ ਵਾਤਾਵਰਨ ਪ੍ਰਤੀ ਹਮਦਰਦੀ, ਪਿਆਰ ਅਤੇ ਜਜ਼ਬਾਤਾਂ ਨੂੰ ਹਿਰਦੇ 'ਚੋਂ ਕੱਢ ਕੇ ਬਾਹਰ ਨਹੀਂ ਸੁੱਟ ਸਕਦੇ, ਉਹਨਾਂ ਦਾ ਦਿਲ ਅਜੇ ਵੀ ਮਹਿਸੂਸ ਕਰ ਸਕਣ ਵਾਲਾ ਤੇ ਧੜਕਣ ਵਾਲਾ 'ਦਿਲ' ਹੀ ਹੈ, ਜਿਹੜਾ ਅਜੇ ਤੱਕ ਮਸ਼ੀਨ ਬਣਨੋਂ ਬਚਿਆ ਹੋਇਆ ਹੈ। ਅਜਿਹੇ ਨਿਰੋਲ ਮਨੁੱਖਾਂ ਉੱਤੇ ਕਾਰਪੋਰੇਟ ਅਤੇ ਮਾਡਰਨ ਲਾਬੀ ਦੀ ਪੁੱਠ ਅਜੇ ਚੜ੍ਹੀ ਨਹੀਂ ਹੈ- ਅਜਿਹੇ ਬਚੇ ਹੋਏ ਵਰਗ ਨੂੰ ਕਵੀ ਆਪਣੀ ਕਵਿਤਾ ਲਈ ਸੰਚਾਰ ਮਾਧਿਅਮ ਬਣਾਉਂਦਾ ਹੈ। ਇਹੋ ਅਲਪ-ਸੰਖਿਅਕ ਸੁਹਿਰਦ ਜੀਵ ਕਾਰਪੋਰੇਟਾਂ ਦੇ ਡੂੰਘੇ ਹਨ੍ਹੇਰੇ ਖੂਹ ਵਿੱਚ ਜੁਗਨੂੰ ਬਣ ਕੇ ਚਾਣਨ ਦਾ ਸੁਨੇਹਾ ਪ੍ਰਸਾਰਿਤ ਕਰਨ ਦੀ ਜੁਰੱਰਤ ਕਰ ਰਹੇ ਹਨ। ਕਵਿਤਾ ਵਿੱਚ ਇਸ ਪ੍ਰਕਾਰ ਵਿਚਾਰ ਦਰਸਾਏ ਗਏ ਹਨ:

ਬੜੀ ਮੁਹੱਬਤ ਨਾਲ ਉਨ੍ਹਾ ਕਿਹਾ:

'ਆ ਚੂਹਾ ਦੌੜ, 'ਚ ਰਲ਼ ਜਾ

'ਕੱਲਾ ਰਹਿ ਜਾਏਂਗਾ ਅਜੇ ਵੀ ਵਕਤ ਆ'

'ਥੋੜ੍ਹੀ ਮੋਹਲਤ ਦਿਓ, ਉਸ ਕਿਹਾ...

'ਹਾਂ, ਮੈਂ ਹੁਣ ਤਿਆਰ ਹਾਂ, ਫ਼ੈਸਲਾ ਸੁਣਾ ਆਇਆ

'ਠੀਕ ਆ ਬਾਜ਼ਾਰ ਜਾ ਫਿਰ, ਉਹ ਕਹਿੰਦੇ

ਤੇ ਸਾਡੀਆਂ ਚੀਜ਼ਾਂ ਖ਼ਰੀਦ'...

ਨਹੀਂ ਹਜ਼ੂਰ, ਕੱਲ੍ਹ ਮੈਂ ਬਾਜ਼ਾਰ ਗਿਆ ਸੀ

ਸ਼ਹਿਦ ਖ਼ਰੀਦਿਆ ਸੀ ਬੰਦ ਡੱਬੀ 'ਚ

ਧੁੱਪ, ਮਧੂਮੱਖੀ, ਫੁੱਲ ਬੜੇ ਯਾਦ ਆਏ

ਪਰ ਇਹ ਵੀ ਖ਼ਿਆਲ ਆਇਆ ਕਿ-

ਤੁਸਾਂ ਸ਼ਹਿਦ ਨੂੰ ਸ਼ੀਸ਼ੀ 'ਚ ਬੰਦ ਕਰਵਾਇਆ

ਹਾਂ ਸੱਚ, ਇੱਕ ਦਰੀ ਵੀ ਖ਼ਰੀਦੀ ਸੀ

ਕਪਾਹ ਫੁੱਲ ਯਾਦ ਆਇਆ

ਨੰਗੇ ਸਿਰ ਪੈਰ ਬੱਚੇ ਤਿੱਖੀ ਧੁੱਪ 'ਚ

ਫੁੱਟੀਆਂ ਚੁਗਦੇ ਯਾਦ ਆਏ

ਘੱਟ ਮਜੂਰੀ, ਬੇਮੌਕਾ ਮੌਤ, ਬੀਮਾਰੀ ਵਗ਼ੈਰਾ....ਵਗ਼ੈਰਾ....(31)

ਪਰਵਾਸੀ ਪੰਜਾਬੀ ਕਵੀ ਵਰਿੰਦਰ ਪਰਿਹਾਰ ਕਵਿਤਾ ਦੀ ਸਮਕਾਲੀ ਸਥਿਤੀ ਦੀ ਵਿਹਾਰਕ ਤਸਵੀਰ ਖਿੱਚਦੇ ਹੋਏ ਦੱਸਦੇ ਹਨ ਕਿ ਪੂੰਜੀਵਾਦ ਨੇ ਨਾ ਸਿਰਫ਼ ਕੁਦਰਤੀ ਸ੍ਰੋਤਾਂ ਉੱਤੇ ਸਗੋਂ ਸਾਹਿਤ ਦੇ ਖ਼ਜ਼ਾਨੇ ਉੱਤੇ ਵੀ ਆਪਣਾ ਦਬਦਬਾ ਕਾਇਮ ਕਰਨ ਦੀ ਮੁਹਿੰਮ ਛੇੜੀ ਹੋਈ ਹੈ। ਡਾ. ਰਜਨੀਸ਼ ਬਹਾਦਰ ਸਿੰਘ ਦੀ ਸੰਪਾਦਨਾ ਅਧੀਨ 'ਪ੍ਰਵਚਨ ' ਪਤ੍ਰਿਕਾ ਦੇ ਸਮਕਾਲ ਅਤੇ ਸਾਹਿਤ ਸਿਰਜਣਕਾਰੀ ਵਿਸ਼ੇਸ਼ ਅੰਕ (ਅਕਤੂਬਰ-ਦਸੰਬਰ,

2020) ਵਿੱਚ ਦਰਜ ਖੋਜ ਨਿਬੰਧ ‘ਸਮਕਾਲ ਅਤੇ ਮੇਰੀ ਕਾਵਿਕਾਰੀ’ ਅਧੀਨ ਪਰਿਹਾਰ ਨੇ ਸਪੱਸ਼ਟ ਕੀਤਾ ਹੈ :

> ਪੱਛਮੀ ਦੇਸ਼ਾਂ ਵਿੱਚ ਵਿਸ਼ਵੀਕਰਨ ਦੇ ਸਾਜੇ ਕਾਰਪੋਰੇਟ ਵਰਗ, ਮੀਡੀਆ/ਪੱਤਰਕਾਰੀ, ਗੱਲ ਕੀ ਕੁੱਲ ਬੰਦੋ ਬਸਤ ਵਲੋਂ ਆਮ ਆਦਮੀ ਅਤੇ ਕਲਾ ਦੇ ਪ੍ਰਸ਼ੰਸਕਾਂ ਨੂੰ, ਰੋਜ਼ ਇਹ ਪਾਠ ਪੜ੍ਹਾਇਆ ਜਾਂਦਾ ਹੈ ਕਿ ਏਸ ਵੰਨ੍ਹੇ ‘ਕਵਿਤਾ ਦਾ ਅੰਤ’ ਚਿਰੋਕਾ ਹੋ ਚੁਕਿਆ ਹੈ। .. ਕਵਿਤਾ ਮੇਰੀ ਜਾਚੇ ਨਿਰੀ ਧਰਤੀ ਵਾਂਗ ਹੈ। ਜਿਵੇਂ ਧਰਤੀ ਨੇ ਅਨੇਕਾਂ ਪਰਲੋ, ਮਹਾਂ ਪਰਲੋ, ਜਲਜਲੇ, ਹੜ੍ਹ, ਤੂਫਾਨ, ਸੋਕੇ, ਮਹਾਂਤਰਥੱਲੀਆਂ, ਪੱਥਰ ਕਾਲ, ਬਰਫ਼, ਸੁੰਨ੍ਹ-ਹਨ੍ਹੇਰ, ਤੇ ਆਫ਼ਤਾਂ ‘ਤੇ ਜਰੀਆਂ ਹਨ ਪਰ ਫਿਰ ਵੀ ਜੀਊਂਦੀ ਰਹੀ, ਘੁੰਮਦੀ ਰਹੀ। ਕਵਿਤਾ ਉਹਨਾਂ ਸਾਹਵੇਂ ਡਟੀ ਰਹੇਗੀ(111)

ਕੁਦਰਤ ਦੀ ਸਹਿਜ ਵਿਵਸਥਾ ਸਮਸਤ ਜੀਵਾਂ ਦੀਆਂ ਆਪਸੀ ਕ੍ਰਿਆਵਾਂ ਤੇ ਤਾਣੇ-ਬਾਣੇ ਅਨੁਸਾਰ ਬੁਣੀ ਹੋਈ ਹੈ ਤੇ ਇਸੇ ਵਿਵਸਥਾ ਸਦਕਾ ਹੀ ਵਾਤਾਵਰਨ ਦਾ ਸੰਤੁਲਨ ਬਰਕਰਾਰ ਰਹਿੰਦਾ ਹੈ। ਅਖੌਤੀ ਸੱਭਿਅਕ ਤਹਿਜ਼ੀਬ ਗੀਤ ਗਾਉਂਦੇ ਪੰਛੀਆਂ ਦੀ ਆਵਾਜ਼ ਨੂੰ ਵੀ ਨਿੰਦਦੀ ਹੈ ਅਤੇ ਅਸੱਭਿਅਕ ਮੰਨ੍ਹਦੀ ਹੈ। ਵਾਤਾਵਰਨ ਦੇ ਵਿਭਿੰਨ ਤੇ ਅਨੋਖੇ ਰੰਗਾਂ-ਅੰਗਾਂ ਨੂੰ ਵੀ ਰਾਜਨੀਤਕ ਢੰਗ ਨਾਲ ਆਰੋਪਿਤ ਕੀਤਾ ਜਾ ਰਿਹਾ ਹੈ। ਅਜਿਹੇ ਵੇਦਨਾ ਭਰੇ ਭਾਵ ਹੀ ਕਵਿਤਾ 'ਗਾਉਂਦੀ ‘ਵਾਜ ਪਿੱਛੇ' ਅੰਦਰ ਇਸ ਪ੍ਰਕਾਰ ਪ੍ਰਸਤੁਤ ਕੀਤੇ ਗਏ ਹਨ:

> ਉਨ੍ਹਾਂ ਗਾਉਂਦੇ ਇਕ ਪਹਿੰਦੇ 'ਤੇ
> ਸਾਰਾ ਇਲਜ਼ਾਮ ਧਰ 'ਤਾ
> ਤੇ ਰੁੱਝ ਗਏ ਇਕ ਨਵੀਂ
> ਤਹਿਜ਼ੀਬ ਦੀ ਤਾਮੀਰ ਵਿੱਚ
> ਕਲਾ ਹਥਿਆਰਾਂ ਦੀ ਸ਼ਕਲ ਅਖ਼ਤਿਆਰ ਕਰਨ ਲੱਗੀ
> ਭੈਅ ਬੱਦਲਾਂ ਵਾਂਗ ਛਾਂ ਕਰਦਾ ਧਰਤੀ 'ਤੇ ਫੈਲਦਾ ਗਿਆ(33)

ਕਵੀ ਦੱਸਦਾ ਹੈ ਕਿ ਆਧੁਨਿਕ ਤਹਿਜ਼ੀਬ ਦੇ ਖੇਮੇ ਵਿੱਚ ਅਜਿਹੇ ਕੋਰੇ ਤੇ ਠੋਸ ਦਿਲ ਮਨੁੱਖ ਹਨ, ਜਿਨ੍ਹਾਂ ਨੂੰ ਕੋਇਲ ਦੀ ਕੂਕ ਵੀ ਸ਼ੋਰ ਜਾਪਦੀ ਹੈ। ਜਿਹਨਾਂ ਨੂੰ ਰੁੱਖ ਦੇ ਪੱਤਿਆਂ ਦਾ ਖਾੜਕ ਵੀ ਕਰਕਸ਼ ਭਾਸਦਾ ਹੈ। ਜਿਨ੍ਹਾਂ ਨੂੰ ਝਰਨੇ ਦਾ ਵਹਾਅ ਬੇਸੁਰਾ ਤੇ ਨੀਰਸ ਲੱਗਦਾ ਹੈ। ਉਹ ਅਸਲ 'ਚ ਬੰਦੇ ਨਹੀਂ ਰਹੇ- ਹੁਣ ਮਸ਼ੀਨਾਂ ਬਣ ਚੁੱਕੇ ਹਨ। ਮਸ਼ੀਨ ਮਿਆਦ ਪੂਰੀ ਹੋਣ ਤੱਕ ਨਿਰੰਤਰ ਕੰਮ ਕਰਦੀ ਹੈ, ਤੇ ਜਦੋਂ ਅਖ਼ੀਰ ਖ਼ਰਾਬ ਹੋਣ ਕੇ ਕਗਾਰ ਤੇ ਪੁੱਜ ਜਾਂਦੀ ਹੈ ਤਾਂ ਉਸਨੂੰ ਸਕੂਨ ਕੁਦਰਤੀ ਉਪਰਾਲਿਆਂ ਨਾਲ ਹੀ ਪ੍ਰਾਪਤ ਹੁੰਦਾ ਹੈ। ਕਾਦਰ ਦੀ ਥਾਪੀ ਸ੍ਰਿਸ਼ਟੀ ਨੂੰ ਮਾਣਨ ਦਾ ਆਨੰਦ ਸਾਰਾ ਥਕੇਵਾਂ ਤੇ ਅਕੇਂਵਾ ਦੂਰ ਕਰ ਛੱਡਦਾ ਹੈ। ਮਸ਼ੀਨਾਂ, ਪੱਥਰਾਂ, ਕੰਕਰੀਟਾਂ ਤੇ ਅਭਾਸੀ ਸਜਾਵਟ ਵਿੱਚ ਉਹ ਦਮ ਨਹੀਂ ਜਿਹੜਾ ਤਪਦੇ ਤਨ-ਮਨ ਨੂੰ ਸੀਤਲਤਾ ਪ੍ਰਦਾਨ ਕਰ ਸਕੇ। ਜਦੋਂ ਕੁਦਰਤ ਤੋਂ ਬੇਮੁਖ ਹੋਈ ਲੋਕਾਈ ਨੂੰ ਜੀਣ ਦੇ ਪੰਧ ਮੁਕਦੇ ਜਾਪਦੇ ਹਨ ਤਾਂ ਫਿਰ ਤੋਂ ਆਪਣੀ ਪ੍ਰਕਿਰਤੀ ਵੱਲ ਵਾਪਸੀ ਉਹਨਾਂ ਅੰਦਰ ਚੰਗੇਰਾ ਜੀਵਨ ਜਿਉਣ ਦੀ ਉਮੀਦ ਭਰ ਕੇ ਜਾਂਦੀ ਹੈ। ਫਿਰ ਤੋਂ ਪਰਿੰਦਿਆਂ ਦੀ ਚਹਿਕ ਤੇ ਬਨਸਪਤੀ ਦੀ ਟਹਿਕ ਨਾਲ ਭੁੱਲੇ-ਭਟਕੇ ਰਾਹਗੀਰ ਮੁੜ ਘਰਾਂ ਨੂੰ ਪਰਤ ਜਾਣ ਲਈ ਪ੍ਰੇਰਨਾ ਪ੍ਰਾਪਤ ਕਰਦੇ ਹਨ। ਉਪਰੋਕਤ ਕਵਿਤਾ ਵਿੱਚ ਵਿਗੜੇ ਹੋਏ ਵਾਤਾਵਰਨ ਪ੍ਰਤੀ ਹਾਂ-ਪੱਖੀ ਸੁਨੇਹਾ ਪ੍ਰਸਾਰਿਤ ਕੀਤਾ ਗਿਆ ਹੈ। ਜੇਕਰ ਘਰ ਇੱਟਾਂ-ਪੱਥਰਾਂ ਦਾ ਬਣਾਇਆ ਜਾਵੇ ਤਾਂ ਕੋਈ ਵਿਸ਼ੇਸ਼ ਨੁਕਸਾਨ ਨਹੀਂ ਹੁੰਦਾ ਪਰ ਜੇਕਰ ਦਿਲ ਹੀ ਪੱਥਰ ਦਾ ਬਣ ਜਾਵੇ ਜਾਂ ਫਿਰ ਦਿਮਾਗ਼ ਪਥਰਾਅ ਜਾਵੇ ਤਾਂ ਹਰੀ-ਭਰੀ ਪ੍ਰਕਿਰਤੀ ਵੀ ਬੇਜ਼ੁਬਾਨ ਹੋ ਜਾਂਦੀ ਹੈ। ਸਹਿਕਦੀ ਹਵਾ ਵੀ ਸੜ੍ਹਾਂਦ ਮਾਰਨ ਲੱਗ ਜਾਂਦੀ ਹੈ, ਰੁੱਤਾਂ ਦੇ ਰਾਗ ਵੀ ਫਿਰ ਉਦਾਸ ਤੇ ਬੇਸੁਰੇ ਜਾਪਦੇ ਹਨ, ਫੁੱਲਾਂ ਦੇ ਰੰਗ ਵੀ ਜੀਕਣ ਬੇਰੰਗ ਤੇ ਨਮੋਸ਼ੇ ਜਿਹੇ ਭਾਸਦੇ ਹਨ। ਇਕ ਹੋਰ ਕਵਿਤਾ 'ਨਾਮ' ਅੰਦਰ ਵਰਿੰਦਰ ਪਰਿਹਾਰ ਨੇ ਪ੍ਰਕਿਰਤੀ ਦੇ ਖ਼ੂਬਸੂਰਤ ਅੰਗ ਫੁੱਲਾਂ ਵਾਲੇ ਬੂਟੇ ਦਾ ਟਾਕਰਾ ਮਨੁੱਖੀ-ਮਨ ਦੇ ਹੰਕਾਰ ਨਾਲ ਕੀਤਾ ਹੈ। ਕਵੀ ਦੱਸਦਾ ਹੈ ਕਿ ਉਸਨੂੰ ਬਹੁਤੇ ਫੁੱਲਾਂ ਦੇ ਤਾਂ ਨਾਮ ਵੀ ਨਹੀਂ ਪਤਾ। ਕਵੀ ਦੇ ਇਸ ਕਥਨ ਪਿੱਛੇ ਜਾਂ ਤਾਂ ਫੁੱਲਾਂ ਦੀ ਅਨੇਕਤਾ ਭਾਵ ਵੰਨ-ਸੁਵੰਨਤਾ ਕਾਰਨ ਹੋ ਸਕਦੀ ਹੈ ਤੇ ਜਾਂ ਫਿਰ 'ਉੱਤਮ ਜੀਵ' ਭਾਵ ਮਨੁੱਖ ਦੀ ਹਉਮੈਂ ਵੀ ਹੋ ਸਕਦੀ ਹੈ। ਕਵੀ ਫੁੱਲ-ਬੂਟਿਆਂ ਨਾਲ ਪਿਆਰ ਦੀ ਸਾਂਝ ਪਾਈ ਰੱਖਦਾ ਹੈ। ਇਕ ਦਿਨ ਸਹਿਜ-ਸੁਭਾਅ ਹੀ ਉਹ ਇਕ ਫੁੱਲ (ਜਿਸਦਾ ਨਾਮ ਕਵੀ ਨੂੰ ਨਹੀਂ ਪਤਾ ਹੁੰਦਾ) ਦਾ ਨਾਮਕਰਨ ਕਰਦਾ ਹੋਇਆ

ਉਸਦਾ ਨਾਮ ਰੱਖ ਦਿੰਦਾ ਹੈ- 'ਮੈਂ ਕੌਣ'। ਕਵੀ ਦੁਆਰਾ ਫੁੱਲ ਨੂੰ ਦਿੱਤੇ ਗਏ ਬੇਨਾਮੀ, ਬੇਗਾਨਗੀ ਅਤੇ ਗੁੰਮਸ਼ੁਦਗੀ ਭਰੇ ਨਾਮ ਦੀ ਤਖ਼ਤੀ ਲੈ ਕੇ ਫੁੱਲ ਦਾ ਹਿਰਦਾ ਕੋਹਿਆ ਜਾਂਦਾ ਹੈ। ਅੱਗੋਂ ਬੇਜ਼ਬਾਨ ਫੁੱਲ ਦੀ ਦਰਦ ਗਾਥਾ ਇਸ ਪ੍ਰਕਾਰ ਬਿਆਨ ਕੀਤੀ ਗਈ ਹੈ:

ਬਹੁਤੇ ਫੁੱਲਾਂ ਦੇ ਨਾਮ ਨਹੀਂ ਆਉਂਦੇ ਮੈਨੂੰ

ਚੰਗੈ- ਤਕਲੀਫ਼ਨੁਮਾ ਹੋ ਜਾਂਦੇ ਨਾਮ ਕਈ ਵੇਰਾਂ

ਸਹਿ-ਸੁਭਾ ਐਵੇਂ ਐਸ ਫੁੱਲ ਨੂੰ ਦਿੰਦਾ ਹਾਂ ਨਾਮ-

'ਮੈਂ ਕੌਣ!'

ਹੋਵੇ ਨਾ ਹੋਵੇ ਇਸਨੇ ਸੁਣ ਲਿਆ ਹੋਵੇ

ਇਸਨੂੰ ਇਹਦਾ ਦੁੱਖ ਲੱਗਿਆ ਹੋਵੇ

ਖਿਣ-ਭੁੰਗਰ ਇਹ

ਪਰ ਮੇਰੇ ਕੋਲ ਵਹਿਮ ਤਗੜਾ

ਖਿਣ-ਭੁੰਗਰ ਨਾ ਹੋਣ ਦਾ(34)

ਕਵੀ ਦੁਆਰਾ ਦਿੱਤੇ ਮਨਫ਼ੀ ਨਾਮ ਮਿਲਣ ਕਰਕੇ ਫੁੱਲ ਡਾਹਢਾ ਦੁਖੀ ਹੋ ਗਿਆ ਤੇ ਇਸ ਦਰਦ ਦੇ ਬੋਝ ਨਾਲ ਫੁੱਲ ਦੀਆਂ ਨਰਮ ਪੱਤੀਆਂ ਹੋਰ ਵੀ ਗ਼ਮਗੀਨ ਹੋ ਗਈਆਂ। ਮਨੁੱਖ ਫੁੱਲਾਂ ਨੂੰ ਬੇਜਬਾਨੇ ਅਤੇ ਚਲ ਸਕਣ ਤੋਂ ਅਸਮਰੱਥ ਮੰਨ੍ਹਦਾ ਹੋਇਆ ਇਨ੍ਹਾਂ ਨੂੰ ਨਾਸ਼ਮਾਨ ਕਹਿੰਦਾ ਹੈ। ਮਨੁੱਖ ਆਪਣੇ-ਆਪ ਨੂੰ ਰੱਬ ਦੀ ਰਚੀ ਸਰਬੋਤਮ ਰਚਨਾ ਮੰਨ੍ਹਦਾ ਹੈ। ਪਰ ਸੱਚਾਈ ਇਹ ਹੈ ਕਿ ਵਾਤਾਵਰਨ ਦਾ ਵਿਨਾਸ਼ ਉਦੋਂ ਆਰੰਭ ਹੁੰਦਾ ਹੈ ਜਦੋਂ ਮਨੁੱਖੀ ਜ਼ਹਿਨ ਵਿੱਚ ਮਾਨਸਿਕ ਵਿਗਾੜ ਉਪਜਦੇ ਹਨ। ਜਦੋਂ ਤੱਕ ਦਿਲੋ-ਦਿਮਾਗ ਵਿੱਚ ਵਾਤਾਵਰਨ ਦੇ ਬਾਕੀ ਅੰਗਾਂ ਲਈ ਸਹਿਨਸ਼ੀਲਤਾ ਅਤੇ ਲਚਕ ਨਹੀਂ ਆ ਜਾਂਦੀ, ਤਦੋਂ ਤੱਕ ਵਾਤਾਵਰਨ ਨੂੰ ਮੁੜ ਸੁਰਜੀਤ ਕਰਨਾ ਲਗਭਗ ਅਸੰਭਵ ਹੈ।

ਬੀਜ ਤੋਂ ਜੀਵਨ ਦੇ ਆਰੰਭ ਹੋਣ ਦਾ ਫ਼ਲਸਫਾ ਕਵੀ ਨੇ 'ਅਸੀਂ ਬੀਜ ਹਾਂ' ਕਵਿਤਾ ਵਿਚ ਪੇਸ਼ ਕੀਤਾ ਹੈ। ਇਹ ਕਵਿਤਾ ਕਾਲ਼ੀ-ਬੋਲ਼ੀ ਰਾਤ ਵਿੱਚ, ਹਨ੍ਹੇਰੀ ਤੂਫ਼ਾਨ ਵਿਚ ਵੀ ਜਗ ਰਹੇ ਨਿੱਕੇ ਰਹੇ ਜੁਗਨੂੰ ਦੀ ਲੋਅ ਵਾਂਗਰਾਂ ਮਨੁੱਖ ਨੂੰ ਹਰ ਸਥਿਤੀ ਵਿੱਚ ਹਾਂ-ਪੱਖੀ ਰਹਿ ਕੇ ਸੰਘਰਸ਼ ਕਰਦੇ ਰਹਿਣ ਦੀ ਪ੍ਰੇਰਨਾ ਕਰਦੀ ਹੈ। ਕਾਲ਼ੀ-ਸਿਆਹ ਹੋ ਰਹੀ ਧਰਤੀ ਦੇ ਮੁੜ ਸਾਂਵੇ ਹੋਣ ਦੀ ਆਸ ਬੀਜਾਂ ਨੂੰ ਹੈ ਤੇ ਉਹ ਮਨੁੱਖ ਵੀ ਹੌਂਸਲਾ ਕਰ ਕੇ ਨਿਰੰਤਰ ਉਪਰਾਲਿਆਂ ਵਿੱਚ ਜੁਟ ਜਾਣ ਦਾ ਸੰਦੇਸ਼ ਦਿੰਦੇ ਹਨ। ਕਵਿਤਾ ਦੀਆਂ ਕੁਝ ਸਤਰਾਂ ਵਿੱਚ ਬੀਜ ਦਾ ਸੁਨੇਹਾ ਇਸ ਪ੍ਰਕਾਰ ਪ੍ਰਸੁਤੁਤ ਕੀਤਾ ਗਿਆ ਹੈ:

ਤੁਰਿਆ ਜਾਂਦਾ ਭੌਇਂ 'ਤੇ ਮੈਂ ਬੀ ਸੁੱਟਦਾਂ
ਡਿਗਦੇ ਡਿਗਦੇ ਬੀ ਬੋਲੇ--
ਫਟਾਂ ਫੁੱਟਾਂਗੇ ਅਸੀਂ
ਫੇਰ ਤੋਂ ਆਪਣੇ ਕਾਰੇ ਜੁਟਾਂਗੇ ਅਸੀਂ
ਇਕ ਇਕ ਦਾਣਾ ਵਣ ਵਾਸਤੇ ਉੱਚਾ ਲੰਮਾ ਘਣਾ ਬਿਰਛ ਬਣੂੰ
ਵੇਖਣਾ- ਹਰਾ ਹੋਰ ਕਚੂਰ ਘਾਹ ਵੀ ਉੱਗੂ ਹੌਲ਼ੇ-ਹੌਲ਼ੇ
ਬਰੂਟੇ ਬਾਂਸ ਪੁਸ਼ਪ-ਪੋਹਲੀ ਹਰੇ ਹਰਿਆਉਲ਼ੇ
ਮੁੜ ਆਵਣਗੇ ਸਭ ਬਣ ਬਣ ਰੂਹਾਂ
ਕੱਟ-ਵੱਢ ਛੱਡੇ ਸਨ ਜੋ ਉਨ੍ਹਾਂ
ਰੋਕ ਲਾਂ' ਗੇ ਰੁੜ੍ਹਦੀ ਮੁੱਕਦੀ ਖ਼ੁਸਦੀ ਜਾਂਦੀ ਧਰਤੀ
ਜੀਉਣ ਦੀ ਰੀਝ ਹਾਂ-ਅਸੀਂ ਬੀਜ ਹਾਂ(37)

ਕਸ਼ਮੀਰ ਵਿਖੇ ਪਹਿਲਗਾਮ ਦੇ ਖੇਤਰ ਦੀ ਸੁੰਦਰਤਾ ਤੇ ਵਿੱਲਖਣਤਾ ਦਾ ਵਰਨਣ 'ਪਹਿਲਗਾਮ ਦੇ ਪੱਥਰ' ਕਵਿਤਾ ਅੰਦਰ ਕੁਦਰਤੀ ਸੁੰਦਰਤਾ ਨੂੰ ਬਿਆਨ ਕਰਨ ਲਈ ਫੁੱਲਾਂ, ਰੁੱਤਾਂ, ਰੰਗਾਂ, ਝਰਨਿਆਂ, ਪੰਛੀਆਂ, ਭੌਰਿਆਂ, ਤਿਤਲੀਆਂ, ਮਹਿਕਾਂ ਤੇ ਕਿਰਨਾਂ ਆਦਿ ਦੀ ਉਪਮਾ ਕੀਤੀ ਜਾਂਦੀ ਹੈ। ਪਰੰਤੂ ਉਕਤ ਕਵਿਤਾ ਅਦੰਰ

ਪਹਿਲਗਾਮ ਵਿਖੇ ਅਡੋਲ ਪਏ ਪੱਥਰਾਂ ਦੀ ਸ਼ਲਾਘਾ ਵੀ ਬੜੇ ਦਿਲਚਸਪ ਅੰਦਾਜ਼ ਵਿਚ ਕੀਤੀ ਗਈ ਹੈ, ਏਨ੍ਹਾਂ ਹੀ ਨਹੀਂ ਸਗੋਂ ਇਹ ਵੀ ਪੇਸ਼ਕਾਰੀ ਹੋਈ ਹੈ ਕਿ ਰੁੱਖ-ਬੂਟੇ ਉਪਜਦੇ- ਬਿਨਸਦੇ ਰਹਿੰਦੇ ਹਨ ਪਰ ਪੱਥਰ ਮੁੱਦਤਾਂ ਤੋਂ ਇੱਕੋ ਥਾਈਂ ਅਡੋਲ ਖੜ੍ਹੇ ਹਰ ਤਬਦੀਲੀ ਨੂੰ ਤਸਦੀਕ ਕਰਦੇ ਆ ਰਹੇ ਹਨ। ਇਸ ਭਾਵ ਨੂੰ ਪ੍ਰਗਟ ਕਰਨ ਲਈ ਇਸ ਪ੍ਰਕਾਰ ਲਿਖਦਾ ਹੈ:

ਚਨਾਰਾਂ ਦੇ ਪੀਲ਼ੇ ਪੱਤਿਆਂ

ਪਰਦਾ ਤਾਣਿਆ

ਅਜ਼ਲਾਂ ਤੋਂ 'ਨ੍ਹਾ ਰਹੇ

ਨੰਗੇ ਪੱਥਰ ਲਿਦਲ ਅੰਦਰ

ਸਦੀ ਆਉਂਦੀ ਚਲੇ ਜਾਂਦੀ

ਰੁੱਖ ਸ਼ਿਫਟਾਂ ਬਦਲਦੇ

ਪੱਥਰ ਪਏ ਭਿੱਜਦੇ ਠਰਦੇ ਤਪਦੇ

ਅਕੜੇਵਾਂ ਲੈਂਦੇ ਨ ਪਾਸਾ ਪਰਤਦੇ(39)

ਆਧੁਨਿਕ ਬੋਧ ਵਾਲੀ ਉਕਤ ਕਵਿਤਾ ਅੰਦਰ ਭੂਗੋਲਿਕ ਚੱਕਰ ਦੇ ਅਦਲ-ਬਦਲ ਨੂੰ ਕਵੀ 'ਰੁੱਖਾਂ ਦਾ ਸ਼ਿਫਟਾਂ ਬਦਲ ਜਾਣਾ' ਦੱਸਦਾ ਹੈ। 'ਲਿਦਲ' ਪਹਿਲਗਾਮ ਵਿਖੇ ਪ੍ਰਾਚੀਨ ਦਰਿਆ ਹੈ, ਉਸਦੇ ਅੰਦਰ ਨੰਗੇ ਪੱਥਰ ਇੰਝ ਪ੍ਰਤੀਤ ਹੁੰਦੇ ਹਨ ਜੀਕਣ ਚਨਾਰਾਂ ਦੇ ਪੀਲੇ ਪੱਤਿਆਂ ਦੇ ਪਰਦੇ ਦੀ ਓਟ ਓਹਲੇ ਦਰਿਆ 'ਚ ਨਹਾ ਰਹੇ ਹੋਣ। ਸਮੇਂ ਦੇ ਅੰਤਰਾਲ ਅਤੇ ਰੁੱਤਾਂ ਦੇ ਚੱਕਰ ਕਰਕੇ ਪ੍ਰਕਿਰਤੀ ਰੂਪ ਵਟਾਉਂਦੀ ਰਹਿੰਦੀ ਹੈ। ਪਰੰਤੂ ਹਰ ਮੌਸਮ ਵਿਚ ਦਰਿਆ ਅੰਦਰਲੇ ਪੱਥਰ ਠਰਦੇ, ਤਪਦੇ ਜਾਂ ਬਰਸਾਤੀਂ ਭਿੱਜਦੇ ਰਹਿੰਦੇ ਹਨ। ਆਧੁਨਿਕ ਸ਼ੈਲੀ ਦੀ ਕਵਿਤਾ ਕਰਦੇ ਹੋਏ ਕਵੀ ਨੂੰ ਵਿਭਿੰਨ ਰੁੱਤਾਂ ਅਨੁਸਾਰ ਰੁੱਖਾਂ ਦੇ ਉਪਜਣ ਤੇ ਬਿਨਸਨ ਦੀ ਪ੍ਰਕਿਰਿਆ ਵੀ ਇੰਝ ਪ੍ਰਤੀਤ ਹੁੰਦੀ ਹੈ ਜਿਸ ਤਰ੍ਹਾਂ, ਮਹਾਂਨਗਰ ਦੇ ਉਦਯੋਗਿਕ ਖੇਤਰ ਵਿੱਚ ਮਨੁੱਖ ਸ਼ਿਫਟਾਂ ਬਦਲ-ਬਦਲ ਕੇ ਮਸ਼ੀਨਾਂ ਨਾਲ ਮਸ਼ੀਨ ਬਣ ਜਾਣ ਦੀ ਹੋੜ ਵਿੱਚ ਲੱਗੇ ਹੋਣ। ਦਰਿਆ, ਬਨਸਪਤੀ ਅਤੇ ਪੱਥਰਾਂ ਦੀ ਆਲੌਕਿਕ

ਸੁੰਦਰਤਾ ਨੂੰ ਮਾਣਦਾ ਕਵੀ ਜਿਵੇਂ ਰੱਬੀ ਨੂਰ ਵਿੱਚ ਵਿਚਰਨ ਲੱਗ ਜਾਂਦਾ ਹੈ। ਕਵੀ ਦੀ ਡੂੰਘੀ ਸੂਝ ਨੂੰ ਪ੍ਰਕਿਰਤੀ ਨਾਲ ਸਾਂਝ ਪਾਉਂਦੇ ਛਿਣ ਹੀ ਜ਼ਿੰਦਗੀ ਦਾ ਹਾਸਲ ਜਾਪਦੇ ਹਨ। ਜੁਗਾਂ, ਰੁੱਤਾਂ ਤੇ ਦਿਨਾਂ ਦੀ ਫੇਰ-ਬਦਲ ਵਿੱਚ ਜੋ ਕੁਝ ਵੀ ਬੈਚੇਨੀ ਜਾਂ ਫਿਰ ਸਕੂਨ ਦੇ ਜਿੰਨ੍ਹੇ ਵੀ ਵਿਸ਼ੇਸ਼ ਪਲ ਹੁੰਦੇ ਹਨ, ਉਹ ਸਾਰੇ ਜੀਵਨ ਦੀ ਲੜੀ ਨੂੰ ਅਗਾਂਹ ਤੋਰੀ ਜਾਂਦੇ ਹਨ। ਆਉਣਾ-ਜਾਣਾ ਤੇ ਫਿਰ-ਫਿਰ ਆਉਣਾ- ਇਹੀ ਜੀਵਨ-ਚੱਕਰ ਹੈ। ਪਹਿਲਗਾਮ ਦੇ ਸਾਲਮ, ਸਾਬਤ ਤੇ ਸ਼ਾਂਤ ਟਿਕੇ ਹੋਏ ਪੱਥਰ ਤਾਂ ਜਿਵੇਂ ਸਦੀਵੀਂ ਹੁਕਮ ਅਨੁਸਾਰ ਇੱਕੋ ਥਾਂਵੇਂ ਅਡੋਲ ਟਿਕੇ ਪਏ ਹਨ ਅਤੇ ਇੰਝ ਮਹਿਸੂਸ ਹੁੰਦਾ ਹੈ ਕਿ ਉਹ ਹਰ ਯਾਤਰੂ ਕੋਲੋਂ ਆਪਣੀ ਸਦੀਵਤਾ ਅਤੇ ਸੁੰਦਰਤਾ ਕਰਕੇ ਪ੍ਰਸ਼ੰਸ਼ਾ ਪ੍ਰਾਪਤ ਕਰਦੇ ਹਨ।

ਇੱਕੀਵੀਂ ਸਦੀ ਦੇ ਕਵੀਆਂ ਵਿੱਚ ਵਰਿੰਦਰ ਪਰਿਹਾਰ ਦਾ ਨਾਮ ਸਾਹਿਤ ਉੱਦਮੀਆਂ, ਪਾਠਕਾਂ, ਆਲੋਚਕਾਂ ਤੇ ਖੋਜੀਆਂ ਲਈ ਵਿਸ਼ੇਸ਼ ਸਥਾਨ ਗ੍ਰਹਿਣ ਕਰ ਚੁੱਕਾ ਹੈ। ਉਸ ਦੀ ਲਿਖਣ ਸ਼ੈਲੀ ਆਧੁਨਿਕ ਜੀਵਨ ਸ਼ੈਲੀ ਦੇ ਸੰਕਲਪਾਂ, ਵਿਕਲਪਾਂ ਅਤੇ ਅਵਸਾਦਾਂ ਤੋਂ ਪ੍ਰਭਾਵਿਤ ਹੈ। ਉਸਦੀ ਕਵਿਤਾ 'ਈ.ਮੇਲ' ਅਤਿ ਨਵ-ਭਾਸ਼ਕ ਬਿਰਤਾਂਤ ਹੈ। ਭੂ-ਹੇਰਵੇ, ਬੇਗਾਨਗੀ ਅਤੇ ਅਵਸਾਦ ਦੇ ਸੰਤਾਪ ਦਾ ਚਿਤਰਨ ਕਰਦੀ ਇਹ ਕਵਿਤਾ ਉਸਦੇ ਮਿੱਤਰ ਨਾਲ (ਜੋ ਕਿ ਏਰਿਡ-ਜ਼ੋਨ ਵਿਗਿਆਨੀ ਹੈ) ਹੋਏ ਵਾਰਤਾਲਾਪ ਦੀ ਸੱਚੀ ਘਟਨਾ 'ਤੇ ਆਧਾਰਿਤ ਹੈ। ਵਰਿੰਦਰ ਪਰਿਹਾਰ ਅਤੇ ਉਸਦਾ ਮਿੱਤਰ ਦੋਵੇਂ ਪਿਛੋਕੜ ਵਜੋਂ ਲੁਧਿਆਣੇ ਨਾਲ ਸੰਬੰਧਤ ਹਨ। ਕਵੀ ਨੇ ਭਾਵੇਂ ਆਪਣੇ ਵਿਗਿਆਨੀ ਮਿੱਤਰ ਬਾਬਤ ਬਹੁਤਾ ਨਿੱਜੀ ਵੇਰਵਾ ਨਹੀਂ ਦੱਸਿਆ ਪਰ ਕਵਿਤਾ ਦੇ ਅੰਤ ਵਿੱਚ ਵਿਸ਼ੇਸ਼ ਨੋਟ ਅੰਕਿਤ ਕਰ ਕੇ ਕਵਿਤਾ ਵਿਚਲੇ ਦੁਖਾਂਤ ਦੇ ਸੱਚ ਹੋਣ ਦੀ ਗਵਾਹੀ ਦਿੱਤੀ ਹੈ। ਉਹ ਇਹ ਵੀ ਦੱਸਦਾ ਹੈ ਕਿ ਉਸਦਾ ਵਿਗਿਆਨੀ ਮਿੱਤਰ 'ਸੱਭਿਆਚਾਰਕ ਧਰੁਵੀ-ਭਿੰਨਤਾ'(Cultural Polarity) ਅਤੇ 'ਅਤਿ-ਉਦਾਸੀ' ਜਹੇ ਨਾਮੁਰਾਦ ਰੋਗਾਂ ਤੋਂ ਪੀੜਤ ਸੀ। ਕਵਿਤਾ ਵਿਚਲਾ ਸੰਵਾਦ ਉਕਤ ਰੋਗਾਂ ਪਿਛਲੇ ਗੌਣ ਕਾਰਨਾ ਦਾ ਵਰਨਣ ਕਰਨ ਦੇ ਉਦੇਸ਼ ਨਾਲ ਪੇਸ਼ ਕੀਤਾ ਗਿਆ ਹੈ:

ਅਲਾਸਕਾ ਤੋਂ ਮਿੱਤਰ ਈ.ਮੇਲ. ਘੱਲਦਾ:

ਵਰਿੰਦਰ ਸਿੰਘ ਪਿਆਰੇ, ਦਿਨ ਰਾਤ ਦਾ ਏਧਰ ਪਤਾ ਨਹੀਂ ਚੱਲਦਾ-

ਇਕ ਬਾਰੀ ਹੈ ਲੈਬ ਦੀ

ਕੈਮੀਕਲ ਫਲਾਸਕ ਚਾਹ ਕੇਤਲੀ 'ਕੁਦਰਤ' ਤੇਰੀ

ਬਾਹਰ ਬੱਦਲ ਵੱਡਾ ਬੂਹੇ ਕੋਂ ਅੜਿਆ

ਪਿੱਛੇ ਗਲੇਸ਼ੀਅਰ ਜੰਮਿਆ ਸਦੀਆਂ ਦਾ ਖੜ੍ਹਿਆ

ਪੰਛੀ ਨਾ ਏਧਰ ਕੋਈ

ਨਾ ਡਾਲ ਉਸਦੇ ਬਹਿਣ ਲਈ..

ਕਾਲ਼ੀ ਸਕਰੀਨ 'ਤੇ ਚੰਚਲ ਚਿੜੀ

ਫੜ ਫੜ ਪਰ ਮਾਰਦੀ

ਚੁੰਝ 'ਚ ਚਿੱਠੀ ਚੁੱਕ ਮੇਰੀ

ਉੱਡਣ ਉੱਡਣ ਕਰਦੀ

ਪੁੱਜ ਦੂਏ ਬੰਨੇ ਛਿਣ ਅਗਲੇ

ਮਿੱਤਰ ਦੇ ਬਿਜਲ-ਜੰਤਰ 'ਚ

ਫੁਰ-ਫੁਰ ਫੁਰ ਫੁਰ ਪਈ ਕਰਦੀ

ਅਲਾਸਕਾ ਦੇ ਠੰਡੇ ਹਨ੍ਹੇਰੇ ਮਾਪਦੀ ਫੁਦਕਦੀ(40)

ਇਸ ਬਿਰਤਾਂਤਕ ਕਵਿਤਾ ਵਿੱਚ ਦੱਸਿਆ ਗਿਆ ਹੈ ਕਿ ਕਵੀ ਦਾ ਵਿਗਿਆਨੀ ਮਿੱਤਰ ਅਲਾਸਕਾ ਵਿਖੇ ਰਹਿੰਦਾ ਹੈ ਜਿੱਥੇ ਅੰਤਾਂ ਦੀ ਠੰਡ ਵਿੱਚ ਦਿਨ-ਰਾਤ ਦਾ ਪਤਾ ਵੀ ਨਹੀਂ ਲੱਗਦਾ ਤੇ ਦੋਵੇਂ ਦਿਨ ਤੇ ਰਾਤ ਇੱਕੋ ਜਿਹੇ ਠੰਡੇ ਹਨ ਅਤੇ ਹਨ੍ਹੇਰੇ ਵਿੱਚ ਹੀ ਲੰਘਦੇ ਹਨ। ਕਵੀ ਦਾ ਮਿੱਤਰ ਉਸ ਨਾਲ ਆਪਣਾ ਬੋਝ ਸਾਂਝਾ ਹੋਇਆ ਈ.ਮੇਲ. ਦੁਆਰਾ ਦੱਸਦਾ ਹੈ ਕਿ ਉਸਦੀ (ਵਿਗਿਆਨੀ ਮਿੱਤਰ ਦੀ) ਪ੍ਰਯੋਗਸ਼ਾਲਾ ਵਿੱਚ ਬਾਹਰ ਦਾ ਨਜ਼ਾਰਾ ਵੇਖਣ ਲਈ ਇੱਕੋ-ਇੱਕੋ ਹੀ ਖਿੜਕੀ ਹੈ। ਅੰਤਾਂ ਦੀ ਸਰਦੀ ਵਿੱਚ ਚਾਹ ਦੀ ਕੇਤਲੀ ਹੀ ਕੁਦਰਤ ਵਾਂਗਰ ਆਰਾਮਦਾਇਕ ਅਤੇ ਸੁਖਾਵੀਂ ਪ੍ਰਤੀਤ ਹੁੰਦੀ ਹੈ। ਵਿਗਿਆਨੀ ਮਿੱਤਰ ਆਪਣੀ ਠੰਡੀ, ਨੀਰਸ ਰਸਾਇਣ-ਯੁਕਤ ਫਲਾਸਕ ਦਾ

ਟਾਕਰਾ ਕੁਦਰਤ-ਪ੍ਰੇਮੀ ਪਰਿਹਾਰ ਦੀ ਨਿਰੋਲ ਕੁਦਰਤ ਨਾਲ ਕਰਦਾ ਹੈ। ਕਾਲ਼ੇ ਬੱਦਲ ਦਿਨ ਦੀ ਰੋਸ਼ਨੀ ਨੂੰ ਕੱਜੀ ਰੱਖਦੇ ਹਨ ਤੇ ਦੂਰ ਖੜ੍ਹੇ ਗਲੇਸ਼ੀਅਰ ਇੰਞ ਜਾਪਦੇ ਹਨ ਜਿਵੇਂ ਸਦੀਆਂ ਤੋਂ ਖੜ੍ਹੇ ਭਿਆਨਕ ਦਿਓ ਹੋਣ। ਉਹ ਕਵੀ ਨੂੰ ਇਹ ਵੀ ਦੱਸਦਾ ਹੈ ਕਿ ਉਸਦੇ ਮੁਲਕ ਵਿੱਚ ਨਾ ਤਾਂ ਕੋਈ ਪੰਛੀ ਹੈ ਤੇ ਨਾ ਹੀ ਪੰਛੀਆਂ ਦੇ ਵੱਸਣ ਲਈ ਕੋਈ ਵੀ ਰੁੱਖ ਹੈ। ਸਭ ਕੁਝ ਬਰਫ਼ ਦੀ ਚਾਦਰ ਹੇਠ ਦਫ਼ਨ ਹੋਇਆ ਰਹਿੰਦਾ ਹੈ। ਇਸ ਕਵਿਤਾ ਅਧੀਨ ਕਵੀ ਦਾ ਵਿਗਿਆਨੀ ਮਿੱਤਰ ਇੱਕੋ ਸਮੇਂ ਤੇ ਕਈ ਪ੍ਰਕਾਰ ਦੇ ਵਾਤਾਵਰਨ ਨਾਲ ਰੂ-ਬ-ਰੂ ਹੁੰਦਾ ਵਿਖਾਇਆ ਗਿਆ ਹੈ। ਸਾਇੰਸਦਾਨ ਹੋਣ ਦੇ ਬਾਵਜੂਦ ਆਪਣੇ ਪੰਜਾਬ ਤੇ ਆਪਣੇ ਪਿੰਡ ਦੀ ਪ੍ਰਕਿਰਤਕ ਖੁੱਲ ਨੂੰ ਤਰਸਦਾ ਹੈ। ਉਸਦਾ ਮਾਨਸਿਕ ਵਾਤਾਵਰਨ ਅਲਾਸਕਾ ਦੇ ਇਕਸਾਰ, ਨੀਰਸ ਤੇ ਯੱਖ਼ ਠੰਡੇ ਵਾਤਾਵਰਨ ਤੋਂ ਮਨਫ਼ੀ ਰੂਪ ਵਿੱਚ ਪ੍ਰਭਾਵਿਤ ਹੋ ਕੇ ਸੀਤ ਹੋਈ ਜਾਂਦਾ ਹੈ। ਲੁਧਿਆਣੇ ਤੇ ਅਲਾਸਕਾ ਦੀ ਤੁਲਨਾ ਕਰਦੇ ਹੋਏ ਵਿਗਿਆਨੀ ਮਿੱਤਰ ਦੇ ਧੁਰ-ਅੰਦਰ ਇੱਕ ਨਿਸ਼ਬਦ ਪਰ ਨਿਰੰਤਰ ਟੁੱਟ ਭੰਨ੍ਹ ਜਿਹੀ ਚੱਲਦੀ ਰਹਿੰਦੀ ਹੈ। ਉਸਨੂੰ ਆਪਣੇ ਪਿੰਡ ਦੇ ਰੁੱਖ, ਧਰਤੀ, ਲੋਕ, ਬੋਲੀ, ਖਾਣੇ ਤੇ ਵਸਨੀਕ ਬਹੁਤ ਯਾਦ ਆਉਂਦੇ ਹਨ। ਵਿਗਿਆਨੀ ਮਿੱਤਰ ਦੀ ਈ.ਮੇਲ ਪੜ੍ਹ ਕੇ ਕਵੀ ਉਸ ਨੂੰ ਜਵਾਬੀ ਈ.ਮੇਲ ਘੱਲਦਾ ਹੋਇਆ ਨਿਰਾਸ਼ਾ ਤੋਂ ਖਿੱਚ ਕੇ ਆਮ ਵਹਾਅ ਵੱਲ ਲੈ ਆਉਣ ਦਾ ਹੀਆ ਕਰਦਾ ਹੈ। ਕਵੀ ਆਪਣੀ ਕਲਪਨਾ ਵਿੱਚ ਹੀ ਆਪਣੇ ਮਿੱਤਰ ਦੀਆਂ ਸਾਰੀਆਂ ਸੱਧਰਾਂ ਪੂਰੀਆਂ ਹੁੰਦੀਆਂ ਵੇਖਦਾ ਹੈ। ਈ.ਮੇਲ. ਭੇਜਣ ਵੇਲੇ ਉਸਦੇ ਲੈਪਟਾਪ ਦੀ ਕਾਲ਼ੀ ਸਕਰੀਨ ਵਿੱਚੋਂ ਜਿਵੇਂ ਪਲਾਸਟਿਕ ਪਰਿੰਦਾ (ਚਿੜੀ) ਦੋਸਤ ਲਈ ਛੇਤੀ ਪੁੱਜਣ ਲਈ ਉਤਾਵਲੀ ਹੋ ਰਹੀ ਹੈ। (ਇੱਥੇ ਕਵੀ ਨੇ ਸੁਨੇਹੇ/ਚਿੱਠੀਆਂ ਪਹੁੰਚਾਉਣ ਲਈ ਪੰਛੀਆਂ ਦੇ ਸਹਿਯੋਗ ਲੈਣ ਵਾਲੇ ਪੁਰਾਤਨ ਰਿਵਾਜ਼ ਦਾ ਸੰਕਲਪ ਦੁਹਰਾਉਂਦੇ ਹੋਏ ਆਧੁਨਿਕ ਪੁੱਠ ਪ੍ਰਦਾਨ ਕੀਤੀ ਹੈ।

ਕਵੀ ਵੇਖਦਾ ਹੈ ਕਿ ਜਿਉਂ ਹੀ ਉਸਦੀ ਈ.ਮੇਲ. ਮਿੱਤਰ ਨੇ ਪੜ੍ਹੀ ਤਾਂ ਉਹ ਏਨ੍ਹਾ ਖ਼ੁਸ਼ ਹੋ ਗਿਆ ਕਿ ਜਿਵੇਂ ਚਿੜੀ ਵਾਂਗਰ ਨੀਲੇ ਅੰਬਰਾਂ ਵਿੱਚ ਉਡਾਰੀ ਮਾਰਨ ਲੱਗ ਪਿਆ ਹੋਵੇ, ਬੱਦਲਾਂ ਵਿੱਚ ਝੂਟੇ ਲੈ ਰਿਹਾ ਹੋਵੇ, ਰੱਜ ਕੇ ਲੁਧਿਆਣੇ ਵਾਲੀ ਰੇੜ੍ਹੀ ਤੋਂ ਗੋਲਗੱਪੇ ਖਾ ਰਿਹਾ ਹੋਵੇ ਤੇ ਖੁਸ਼ੀ 'ਚ ਝੂਮ ਕੇ ਕਵੀ ਨੂੰ ਕਹਿ ਰਿਹਾ ਹੋਵੇ ਕਿ 'ਤੂੰ ਤਾਂ ਮੇਰੇ ਗੋਲਗੱਪਿਆਂ ਦਾ ਦਰਿਆ ਹੀ ਵਹਾ ਦਿੱਤਾ, ਮੇਰਾ ਲੁਧਿਆਣਾ ਇੱਥੇ ਹੀ ਬਣਾ ਦਿੱਤਾ।' ਕਾਲ਼ੀ

ਸਕਰੀਨ ਵਿਚਲੀ ਪਲਾਸਟਿਕ ਚਿੜੀ ਭਾਵ ਈ.ਮੇਲ. ਅਲਾਸਕਾ ਦੇ ਠੰਡੇ ਹਨ੍ਹੇਰੇ ਨੂੰ ਚੀਰਦੀ ਹੋਈ ਦੋਸਤ ਕੋਲ ਪੁੱਜ ਜਾਣਾ ਲੋਚਦੀ ਰਹੀ ਪਰ ਅਚਾਨਕ ਕਵੀ ਨੂੰ ਖ਼ਿਆਲ ਆਇਆ ਕਿ ਉਸਦੇ ਦੋਸਤ ਨੂੰ ਅਣ-ਪੁੱਗੀਆਂ ਸੱਧਰਾਂ ਨਾਲ ਮੋਇਆਂ ਨੂੰ ਤਾਂ ਅਰਸਾ ਬੀਤ ਚੁੱਕਾ ਸੀ ਤੇ ਉਸ ਦੀ ਲੁਧਿਆਣੇ ਅੱਪੜ ਕੇ ਅੱਪਣਤ ਮਾਣਨ ਦੀ ਆਸ ਅਧੂਰੀ ਹੀ ਰਹਿ ਗਈ ਸੀ। ਇਸ ਕਵਿਤਾ ਵਿੱਚ ਮਨੁੱਖੀ ਸ਼ਖਸੀਅਤ ਦੇ ਦੂਹਰੇ ਅਤੇ ਦੁਫਾੜੇ  ਦਵੰਦ ਨੂੰ ਪ੍ਰਗਟ ਕੀਤਾ ਗਿਆ ਹੈ। ਸੰਸਾਰੀ ਤੌਰ ‘ਤੇ ਸਫ਼ਲ ਅਤੇ ਅਮੀਰ ਹੋਣ ਤੋਂ ਬਾਅਦ ਵੀ ਮਨੁੱਖ ਦਾ ਮਨ ਕੁਦਰਤੀ ਖੁੱਲ੍ਹ, ਸੁਹੱਪਣ ਤੇ ਆਪਣੇਪਨ ਬਾਝੋਂ ਏਨਾ ਬੇਗਾਨਾ ਹੋ ਜਾਂਦਾ ਹੈ ਕਿ ਆਪਣੀ ਹੋਂਦ ਹੀ ਗੁਆ ਬੈਠਦਾ ਹੈ। ਇਸ ਕਵਿਤਾ ਵਿੱਚ ਕਵੀ ਨੇ ਮਨ ਦੇ ਵਲਵਲਿਆਂ ਨੂੰ 'ਖੰਭਾਂ ਵਾਲੀ ਚਿੜੀ' ਦੇ ਬਿੰਬ ਵਜੋਂ ਤੇ ਤਕਨਾਲੋਜੀਕਲ ਵਿਕਾਸ ਨੂੰ 'ਪਲਾਸਟਿਕ ਚਿੜੀ' ਦੇ ਬਿੰਬ ਵਜੋਂ ਸਿਰਜਿਆ ਹੈ। ਮਰ ਚੁੱਕੇ ਮਿੱਤਰ ਨੂੰ ਕਵੀ ਮਿੱਤਰ ਵੱਲੋਂ ਪਿਆਰ ਭਰੀ ਈ.ਮੇਲ. (ਸੁਨੇਹਾ) ਭੇਜਣ ਲਈ ਦਿਲੀ ਜਜ਼ਬਾਤਾਂ ਵਾਲੀ ਚਿੜੀ ਦੂਜੇ ਪਾਸੇ ਚਿਰ੍ਹਾਂ ਤੋਂ ਬੰਦ ਪਈ ਸਕਰੀਨ ਵਿੱਚ ਜ਼ਾਹਿਰ ਹੋ ਜਾਣ ਲਈ ਵਿਆਕੁਲ ਹੈ। ਇਸ ਖੰਭਾਂ ਵਾਲੀ ਚਿੜੀ ਨੂੰ ਅਲਾਸਕਾ ਵਰਗੇ ਵੱਡੇ ਸ਼ਹਿਰ ਵਿਚ ਨਾ ਕੋਈ ਜਾਣਦਾ ਹੈ ਤੇ ਨਾ ਹੀ ਕੋਈ ਪਛਾਣਦਾ ਹੀ ਹੈ।

ਇਕ ਹੋਰ ਥਾਂ ਕਵੀ ਨੇ ਕੁਦਰਤ ਦੇ ਨਿੱਕੇ ਜਿਹੇ ਪੰਛੀ ਚਿੜੀ ਦੀ ਮਹੱਤਤਾ ਨੂੰ ਬਿਆਨ ਕਰਨ ਲਈ ਕਵਿਤਾ 'ਚਿੜੀ , ਮੈਂ ਤੇ G-20' ਲਿਖੀ ਹੈ। ਕਵਿਤਾ ਦੇ ਸਿਰਲੇਖ ਤੋਂ ਹੀ ਕੁਦਰਤ ਅਤੇ ਅਭਾਸੀ ਤਰੱਕੀ ਦੇ ਟਾਕਰੇ ਵਿਚਕਾਰ ਕੇਂਦਰ ਬਿੰਦੂ ਬਣ ਕੇ ਖੜ੍ਹਾ ਹੋਇਆ ਮਨੁੱਖੀ-ਮਨ ਪੇਸ਼ ਕੀਤਾ ਗਿਆ ਹੈ। ਚਿੜੀ ਕੁਦਰਤ ਦੀ ਮੌਲਿਕਤਾ ਦਾ ਪੱਖ ਪੂਰਦੀ ਹੋਈ ਨਿਰੋਲ ਜੀਵਨ ਜਿਉਣ ਦਾ ਸੁਨੇਹਾ ਪ੍ਰਸਾਰਿਤ ਕਰਦੀ ਹੈ। 'G-20' ਦਾ ਬਿੰਬ ਨਿਰੋਲ ਪ੍ਰਕਿਤਕ ਵਾਤਾਵਰਨ ਨੂੰ ਉਜਾੜ ਕੇ ਆਰਥਿਕ ਤੇ ਪੂੰਜੀਵਾਦੀ ਪ੍ਰਗਤੀ ਕਰਨ ਵਾਲਿਆਂ ਵਜੋਂ ਸਿਰਜਿਆ ਗਿਆ ਹੈ। ਇਹ ਇੱਕ ਅਜਿਹੇ ਕੈਮਰਾ ਵਾਂਗ ਵਾਚਦਾ ਹੈ,ਜਿਹੜਾ ਦਫ਼ਤਰ ਵਿੱਚ ਬਾਸ ਦੀਆਂ ਅਨੇਕਾਂ ਅੱਖਾਂ ਬਣ ਕੇ ਕਰਮਚਾਰੀਆਂ ਦੀ ਨਿਗਰਾਨੀ ਕਰਦਾ ਹੈ ਕਿ ਉਹ ਪ੍ਰਕਿਰਤੀ ਨਾਲੋਂ ਮੋਹ ਤੋੜ ਕੇ ਮਸ਼ੀਨੀ ਬਣ ਜਾਵਣ ਅਤੇ ਸਿਰ ਸਿੱਟ ਕੇ ਕੰਮ ਕਰਦੇ ਰਹਿਣ ਦੀ ਹਦਾਇਤ ਕਰਦਾ ਹੈ। ਹੁਣ ਕਵੀ ਹਿਰਦਾ ਦੋਵੇਂ ਤਾਕਤਾਂ ਵਿਚਕਾਰ

ਕਿਵੇਂ ਤਿਕੋਣੇ ਰਿਸ਼ਤੇ ਨੂੰ ਆਧਾਰ ਪ੍ਰਦਾਨ ਕਰਦਾ ਹੈ, ਇਸਦਾ ਵਰਨਣ ਕਵਿਤਾ ਅੰਦਰ ਬਾਖ਼ੂਬੀ ਕੀਤਾ ਗਿਆ ਹੈ:

ਚਿੜੀ ਬਹੁਤ ਗੱਲਾਂ ਜਾਣਦੀ
ਸਦੀਵੀਂ ਪਰ ਚੁੱਪ ਮਾਣਦੀ
ਮੈਂ ਦਫ਼ਤਰ ਜਾਂਦਾ
ਇਕ ਪਲ ਮੈਂ ਰੁਕਦਾ
ਦਫਤਰੋਂ ਪੱਛੜ ਜਾਂਦਾ
G-20 ਦਾ ਕੈਮਰਾ ਸਭ ਵਾਚਦਾ
ਦਿਓ ਨੂੰ ਚੰਗਾ ਨਾ ਲੱਗਦਾ
'ਅਤਿ ਗਤੀ ਬੰਦੇ ਦੀ', ਕਹਿੰਦਾ-
"24 ਘੰਟੇ ਦੀ ਸੀ ਮਕਸਦ ਮੇਰਾ
ਤੁਸਾਂ ਇਹ ਕੀ ਦਾ ਕੀ ਬਣਾ ਤਾਂ"
ਚਿੜੀ ਉਡਦੀ...ਕਦੇ ਕਦਾਈਂ ਮੈਨੂੰ ਦਸਦੀ ਵਿਚ ਇਕਾਂਤ
ਅਖੇ 'ਕਰਵਟ ਸੀ ਸੁਨਾਮੀ ਧਰਤੀ ਦੀ ਨਿੱਕੀ ਸੀ
ਹੁੱਝ ਹਲਕੀ ਸੁੱਤੇ ਬੰਦੇ ਨੂੰ ਜਗਾਉਣ ਦੀ
ਵੇਖਣਾ ਸਮੁੰਦਰ ਉਦਾਲੇ ਉਸਾਰਨਗੇ ਹੁਣ ਉਹ ਕੰਧ ਉੱਚੀ(43)

ਇਸ ਕਵਿਤਾ ਵਿੱਚ ਕਵੀ ਦੱਸਦਾ ਹੈ ਕਿ ਦਫਤਰ ਜਾਂਦਿਆਂ ਰੋਜ਼ ਖੁਸ਼-ਤਬੀਅਤ ਚਿੜੀ ਕਵੀ ਦਾ ਮਨ-ਮੋਹ ਲੈਂਦੀ ਤੇ ਉਹ ਕੀਲਿਆ ਹੋਇਆ ਰੁੱਕ ਕੇ ਉਸਨੂੰ ਵੇਖਣ ਲੱਗ ਜਾਂਦਾ ਸੀ ਪਰ ਚਿੜੀ ਨਾਲ ਸਾਂਝ ਪੈ ਜਾਣ ਕਰਕੇ ਕਈ ਵਾਰ ਉਹ ਦਫਤਰੋਂ ਲੇਟ ਹੋ ਜਾਂਦਾ ਸੀ। G-20 ਅਸਲ ਵਿੱਚ 20 ਪੂੰਜੀਵਾਦੀ ਮੁਲਕਾਂ ਦੀ ਮਾਫ਼ੀਆ ਟੋਲੀ ਹੈ ਜਿਸ ਦਾ ਉਦੇਸ਼ ਪੂੰਜੀਵਾਦ ਦਾ ਏਕਾਧਿਕਾਰ ਸਥਾਪਿਤ ਕਰਨਾ ਹੈ। ਦਫਤਰ ਦੇ ਕੋਨੇ-ਕੋਨੇ 'ਚ ਲਗਾਇਆ

ਗਿਆ G-20 ਕੈਮਰਾ ਲੇਟ ਆਉਣ ਦੀ ਖ਼ਬਰ ਛਪਦੇ ਹੀ 'ਦਿਓ' ਭਾਵ ਕੁਰੱਖ਼ਤ ਬਾਸ ਕੋਲ ਪੁਚਾ ਦਿੰਦਾ ਸੀ। ਕਵੀ ਨੂੰ ਸਦਾ ਬਾਸ ਝਿੜਕਦਾ ਰਹਿੰਦਾ ਸੀ ਕਿ 24 ਘੰਟੇ ਕੰਮ ਕਰਨਾ ਹੀ ਮਕਸਦ ਹੋਣਾ ਚਾਹੀਦਾ ਹੈ, ਹੋਰ ਕੁਝ ਵੀ ਕਰਨਾ ਜਾ ਵਾਚਨਾ ਨਿਰੀ ਵਕਤ-ਬਰਬਾਦੀ ਹੈ। ਕਵੀ ਦੱਸਦਾ ਹੈ ਕਿ ਕਵੀ ਤੇ G-20 ਦੀ ਖਿੱਚੋਤਾਣ ਤੋਂ ਉਹ ਚਿੜੀ ਚੰਗੀ ਤਰ੍ਹਾਂ ਜਾਣੂ ਸੀ, ਤਾਂ ਹੀ ਇਕ ਦਿਨ ਚਿੜੀ ਕਵੀ ਨੂੰ ਦੱਸਦੀ ਹੈ ਕਿ ਪਿੱਛੇ ਜਿਹੇ ਆਇਆ ਸੁਨਾਮੀ ਤੂਫ਼ਾਨ ਤਾਂ ਵਾਤਾਵਰਨ ਵੱਲੋਂ ਸੁੱਤੇ ਹੋਏ ਬੰਦੇ ਨੂੰ ਹਲੂਣ ਕੇ ਜਗਾਉਣ ਲਈ ਧਰਤੀ ਦੀ ਨਿੱਕੀ ਜਿਹੀ ਕਰਵਟ ਮਾਤਰ ਸੀ ਪਰੰਤੂ ਜੇਕਰ ਅਜੇ ਵੀ ਜਾਗਿਆ ਨਾ ਗਿਆ ਤਾਂ ਅਗਲੇ ਵਾਰ ਨੇ ਅੱਖ ਝਪਕਣ ਜਿੰਨਾ ਸਮਾਂ ਵੀ ਨਹੀਂ ਦੇਣਾ। ਚਿੜੀ ਚੇਤਾਵਨੀ ਦਿੰਦੀ ਹੋਈ ਆਖਦੀ ਹੈ ਕਿ ਜੇ ਹੁਣ ਵੀ ਸਮੁੰਦਰ ਉਦਾਲੇ ਉੱਚੀਆਂ ਇਮਾਰਤਾਂ ਉਸਾਰਨ ਵਾਲੇ ਕਾਰਨਾਮੇ ਬੰਦ ਨਾ ਹੋਏ ਤਾਂ ਅਗਲੀ ਵਾਰ ਛਿਣਾਂ ਵਿੱਚ ਹੀ ਸਭ ਕੁਝ ਤਹਿਸ ਨਹਿਸ ਹੋ ਜਾਣਾ ਹੈ। ਚਿੜੀ ਆਉਣ ਵਾਲੇ ਸਮੇਂ ਪ੍ਰਤੀ ਦਿੱਬ-ਦ੍ਰਿਸ਼ਟੀ ਰੱਖਦੀ ਹੈ ਭਾਵੇਂ ਮਨੁੱਖ ਉਸ ਭਵਿੱਖਤ ਹਾਂ-ਪੱਖੀ/ਨਾ-ਪੱਖੀ ਦੌਰ ਨੂੰ ਸਮਝੇ ਜਾਂ ਨਾ ਸਮਝੇ। ਕਬੂਤਰ ਦੇ ਅੱਖਾਂ ਬੰਦ ਕਰ ਲੈਣ ਨਾਲ ਬਿੱਲੀ ਨੇ ਝਪੱਟਾ ਮਾਰਨੋਂ ਮੁੜ ਨਹੀਂ ਜਾਣਾ, ਤੇ ਏਥੇ ਤਾਂ ਬਿੱਲੀ ਨੂੰ ਆਦਮਖ਼ੋਰ ਵੀ ਬੰਦੇ ਨੇ ਆਪ ਹੀ ਬਣਾਇਆ ਹੈ। ਆਉਣ ਵਾਲਾ ਵਕਤ ਜੀਵਨ ਨੂੰ ਸਬਜ਼ ਬਣਾਵੇਗਾ ਜਾਂ ਸਿਆਹ- ਏਹ ਤਾਂ ਬੰਦੇ ਦਾ ਚੁਗਿਰਦੇ ਪ੍ਰਤੀ ਵਤੀਰਾ ਹੀ ਨਿਰਧਾਰਿਤ ਕਰੇਗਾ। ਚਿੜੀ ਦੀ ਆਲੋਕਿਕ ਦਿੱਖ ਅਰਸ਼ੋਂ ਉੱਤਰੀ ਤ੍ਰੇਲ ਬੂੰਦ ਨੂੰ ਕਦੇ ਪ੍ਰਿਜ਼ਮ ਤੇ ਕਦੇ ਦੂਰਬੀਨ ਬਣਾ ਕੇ ਭਵਿੱਖ ਦੀ ਪੈੜ ਵਾਚਦੀ ਪ੍ਰਤੀਤ ਹੁੰਦੀ ਹੈ। ਚਿੜੀ ਤਾਂ ਬਹੁਤ ਕੁਝ ਜਾਣਦੀ ਹੈ, ਕਾਦਰ ਦੀ ਕੁਦਰਤ ਨੂੰ ਮਾਣਦੀ ਹੈ ਪਰ ਬੰਦਾ ਨਿੱਕੀ ਜਿਹੀ ਅੰਸ਼ (ਚਿੜੀ) ਨੂੰ ਨਕਾਰ ਕੇ 'ਮੈਂ-ਮੈਂ' ਦਾ ਭਰਮ ਪਾਲ ਕੇ ਜਿਉਂਦਾ ਹੈ। ਕਵਿਤਾ ਦੇ ਅੰਤ ਵਿੱਚ ਕਵੀ ਦੁਆਰਾ ਵਿਸ਼ੇਸ਼ ਨੋਟ ਦੇ ਕੇ ਇਹ ਸਮਝਾਇਆ ਗਿਆ ਹੈ ਕਿ ਪ੍ਰਕਿਰਤੀ ਨਾਲ ਹਾਂ-ਪੱਖੀ ਸਾਂਝ ਪਾ ਕੇ ਉਹ G-20 ਕੈਮਰੇ ਵਰਗੀਆਂ ਸੁਪਰ-ਤਾਕਤਾਂ ਨੂੰ ਹਰਾਉਂਦਾ ਆ ਰਿਹਾ ਹੈ। ਕਿਸੇ ਚੇਤੰਨ ਇੰਜਨੀਅਰ ਵਾਂਗ ਕਵੀ ਪਹੁ-ਫੁਟਾਲੇ ਵੇਲੇ ਦੀ ਚਿੜੀਆਂ ਦੀ ਚਹਿਚਹਾਹਟ ਦੀ ਬਲਬ ਤੇ ਉਸ ਅੰਦਰਲੀ ਰੋਸ਼ਨੀ ਅਤੇ ਬਿਜਲਈ ਸ਼ਕਤੀ ਨਾਲ ਤੁਲਨਾ ਕਰਦਾ ਹੈ:

> ਕੋਈ ਨਹੀਂ ਹੁੰਦਾ ਕੋਲ਼ ਜਦੋਂ

ਮੁੜ ਆਉਂਦੀ ਚਿਹੁੰ ਚਿਹੁੰ ਚਿੜੀਆਂ ਦੀ

ਜਗ ਪੈਂਦਾ ਮੈਂ ਪੂਰਾ

ਵੱਡੇ ਕਿਸੇ ਬਲਬ ਵਾਂਗ

ਲੰਘਣ ਲੱਗਦੀ ਰਗਾਂ 'ਚੋਂ ਬਿਜਲੀ

ਜਗਮਗ ਜਗਮਗ ਨਿਰੀ ਫੁਲਝੜੀ(45)

ਕਵੀ ਆਪਣੇ ਘਰ ਦੇ ਰੌਸ਼ਨਦਾਨ ਥਾਣੀਂ ਅੰਦਰ ਆ ਵੜੀ ਚਿੜੀ ਨੂੰ ਕਿਸੇ ਅਤਿ-ਵਿਸ਼ਿਸ਼ਟ ਮਹਿਮਾਨ ਵਾਂਗਰ ਖਿੜੇ ਮੱਥੇ ਸਤਿਕਾਰਦਾ ਹੈ। ਚਿੜੀ ਦੇ ਸਵਾਗਤ ਦੀ ਖੁਸ਼ੀ ‘ਚ ਉਸਦੇ ਪੈਰ ਜ਼ਮੀਨ ਤੇ ਨਹੀਂ ਲੱਗਦੇ। ਉਹ ਚਿੜੀ ਦੀ ਅਗਵਾਈ ਕਰਦਾ ਹੋਇਆ ਉਸਨੂੰ ਘਰ ਦਾ ਹਰ ਇੱਕ ਕੋਨਾ ਲਿਜਾ ਕੇ ਵਿਖਾਉਂਦਾ ਹੈ, ਚਿੜੀ ਦੀ ਸਾਂਝ ਕਰਕੇ ਕਵੀ ਨੂੰ ਆਪਣੇ ਦਿਲ ਅੰਦਰ ਵੀ ਚਿੜੀ ਦੀ ਧੜਕਣ ਮਹਿਸੂਸ ਹੁੰਦੀ ਹੈ। ਚਿੜੀ ਵਾਂਗ ਹੀ ਚੰਚਲ, ਸੁਰਮਈ, ਨਿੱਕਾ, ਨਿਰੋਲ, ਚੁਸਤ, ਸੰਤੁਸ਼ਟ ਤੇ ਸ਼ਾਂਤ ਹੋਇਆ ਕਵੀ ਦਾ ਹਿਰਦਾ ਪੰਛੀ ਬਣ ਕੇ ਪਰਵਾਜ਼ ਲਈ ਉਤਾਵਲਾ ਹੋ ਜਾਂਦਾ ਹੈ। ਆਹੁਦੇ, ਸ਼ਿਸਟਾਚਾਰ, ਰਸੂਖ਼, ਦੁਨੀਆਦਾਰੀ ਅਤੇ ਸੱਭਿਅਕ ਹੋਣ ਦੇ ਗਲੇਂਵੇਂ ਨੂੰ ਦੂਰ ਸੁੱਟ ਕੇ ਕਵੀ ਨਿਰਾ-ਪੁਰਾ ਚਿੜੀ ਬਣ ਜਾਣਾ ਲੋਚਦਾ ਹੈ। ਜਦੋਂ ਆਰਥਿਕ ਦੌੜ੍ਹ ਅਤੇ ਸਮਾਜਿਕ ਦਾਅ-ਪੇਚ ਗਲਾ ਘੁੱਟਣ ਲੱਗ ਜਾਣ ਤੇ ਸਾਹ ਔਖਾ ਕਰ ਦੇਣ ਤਾਂ ਮਨੁੱਖ ਪੰਛੀਆਂ ਕੋਲੋਂ ਆਜ਼ਾਦੀ, ਨਿਰੋਲਤਾ ਅਤੇ ਸਕੂਨ ਲਈ ਸੇਧ ਪ੍ਰਾਪਤ ਕਰ ਸਕਦਾ ਹੈ। ਪਰੰਪਰਾਵਾਦੀ ਕਵਿਤਾ ਸ਼ੈਲੀ ਤੋਂ ਅਗਾਂਹ ਲੰਘ ਕੇ ਵਰਿੰਦਰ ਪਰਿਹਾਰ ਨੇ ਵਾਤਾਵਰਨ ਦੇ ਲਗਭਗ ਹਰ ਅੰਸ਼ ਦਾ ਮਾਨਵੀਕਰਨ ਕੀਤਾ ਹੈ। ਚਿੜੀਆਂ, ਰੁੱਖਾਂ, ਪਹਾੜਾਂ, ਪੱਥਰਾਂ ਤੇ ਫੁੱਲਾਂ ਆਦਿ ਦਾ ਮਨੁੱਖੀਕਰਨ ਦਾ ਹਰ ਵਾਤਾਵਰਨਿਕ ਸਾਹਿਤਕਾਰ ਕਰਦਾ ਹੈ ਪਰ ਵਾਤਾਵਰਨ ਵਿਚਲੇ ਸਾਵੇ ਰੰਗ ਉਘਾੜਣ ਲਈ ਪਰਿਹਾਰ ਕੈਮਰਿਆਂ, ਲੈਪਟੋਪਾਂ, ਬੀਜਾਂ, ਅੰਗੂਰਾਂ ਤੇ ਸੇਬਾਂ ਦੇ ਬੀਜ਼ਾਂ, ਕਰੂੰਬਲਾਂ, ਹਾਸ਼ੀਆਗਤ ਕੀਟ-ਪਤੰਗਿਆਂ ਅਤੇ ਜਨੌਰਾਂ ਦਾ ਮਾਨਵੀਕਰਨ ਕਰਨ ਵਿੱਚ ਮਾਹਿਰ ਸਾਬਿਤ ਹੋਇਆ ਹੈ। ਬੀਜਾਂ ਤੋਂ ਬਿਨਾਂ ਅੰਗੂਰ ਅਤੇ ਪਪੀਤੇ ਨੂੰ ਮੰਡੀ ਵਿੱਚ ਬੜਾ ਪਸੰਦ ਕੀਤਾ ਜਾਂਦਾ ਹੈ, ਗਾਹਕ ਵੀ ਪਹਿਲ ਦੇ ਆਧਾਰ ਤੇ ਸੀਡਲੈੱਸ ਇਮਲੀ ਖ਼ਰੀਰਦੇ ਹਨ। ਕਵਿਤਾ 'ਸੀਡਲੈੱਸ ਗਰੇਪਸ' ਭਾਵ ਬਿਨਾਂ ਬੀਜਾਂ ਦੇ ਅੰਗੂਰ ਵਿੱਚ ਕਵੀ ਨੇ ਅੰਗੂਰ ਨੂੰ

ਮਨੁੱਖੀ ਬੋਲੀ ਦੁਆ ਕੇ ਮਤਲਬੀ ਮਨੁੱਖ ਨੂੰ ਸ਼ੀਸ਼ਾ ਦਿਖਾਉਣ ਵਾਲੀ ਲੋਅ ਬਣਾ ਦਿੱਤਾ ਹੈ। ਕਵਿਤਾ ਅਧੀਨ ਕਵੀ ਨੇ ਅੰਗੂਰ ਦੇ ਮੂੰਹੋਂ ਖ਼ਤਮ ਹੁੰਦੀਆਂ ਜਾ ਰਹੀਆਂ ਫ਼ਲਾਂ, ਬਨਸਪਤੀਆਂ, ਪੰਛੀਆਂ ਤੇ ਜਾਨਵਾਰਾਂ ਦੀਆਂ ਪ੍ਰਜਾਤੀਆਂ ਵੱਲੋਂ ਮਾਣ-ਮੱਤੇ ਬੰਦੇ ਵਿਰੁੱਧ ਜਿਵੇਂ ਮੁਕੱਦਮਾ ਦਾਇਰ ਕੀਤਾ ਹੈ ਤੇ ਅਦਾਲਤ ਦੀ ਸੁਣਵਾਈ ਲਈ ਜੱਜ ਖ਼ੁਦ ਰੱਬ ਅਤੇ ਕਾਇਨਾਤ ਨੂੰ ਮੁਕੱਰਰ ਕੀਤਾ ਹੈ। ਕਵੀ ਅੰਗੂਰ ਦੇ ਮਨੋਭਾਵ ਇਉਂ ਪੇਸ਼ ਕਰਦਾ ਹੈ:

ਬੀਅ ਨਹੀਂ ਇਨ੍ਹਾਂ ਅੰਦਰ

ਫਲਾਂ ਦਾ ਸਰਤਾਜ ਸਿਕੰਦਰ

ਮਸ਼ਹੂਰ ਅੰਗੂਰ...

ਤੇ ਜਦੋਂ ਸੀਡਲੈੱਸ ਅੰਗੂਰ ਖ਼ਰੀਦ ਕੇ ਕਵੀ ਚਾਈਂ-ਚਾਈਂ ਖਾਣ ਲੱਗਦਾ ਹੈ ਤਾਂ ਉਸਦੇ ਪ੍ਰਤੀਰੋਧ ਵਜੋਂ ਇਸ ਪ੍ਰਕਾਰ ਆਵਾਜ਼ ਆਉਂਦੀ ਹੈ:

ਖਾਓ! ਮਜ਼ੇ ਉੜਾਓ ਮੈਂ ਆਖ਼ਰੀ ਹਾਂ

ਮੁਕਤੀ ਮੋਕਸ਼ ਮਿਲਣ ਵਾਲਾ ਮੈਨੂੰ

ਅੰਤਲਾ ਕੁਲ-ਦੂਤ ਸ਼ੁਕਰ ਮੈਂ ਆਖ਼ਰੀ ਹਾਂ

ਬੀਅ ਨਹੀਂ ਸੁੱਖ ਨਾ' ਸਾਖ ਨਾ ਹੁਣ ਕੁਲ ਬਚੂ ਵੰਸ਼-ਬਿਰਸ਼ ਮੇਰਾ ਜਿਉਂ- ਦਾਇਨਾਸੁਰ (53)

ਬਿਨਾਂ ਬੀਜਾਂ ਵਾਲੇ ਅੰਗੂਰ ਇਨਸਾਨ ਦੇ ਲਾਲਚੀ ਵਰਤਾਓ ਕਰਕੇ ਸ਼ੁਕਰ ਮਨਾਉਂਦਾ ਹੈ ਕਿ ਉਹ ਆਪਣੀ ਪ੍ਰਜਾਤੀ ਦਾ ਆਖ਼ਰੀ ਵਾਹਕ ਹੈ, ਉਸ ਵਿੱਚ ਬੀਜ ਨਾ ਹੋਣ ਕਰਕੇ ਉਸ ਦੀ ਬਿਰਛ ਵੰਸ਼ਾਵਲੀ ਅਗਾਂਹ ਨਹੀਂ ਟੁਰਨੀ। ਸ਼ੁਕਰ-ਗੁਜ਼ਾਰ ਹੁੰਦਾ ਹੋਇਆ ਅੰਗੂਰ ਬੰਦੇ ਦੀ ਵਹਿਸ਼ੀ ਨੀਅਤ ‘ਤੇ ਟਕੋਰਾਂ ਲਾਉਂਦਾ ਹੋਇਆ ਚੋਟ ਕਰਦਾ ਹੈ ਕਿ ਜੀਅ ਖੁਸ਼ ਕਰਕੇ ਉਸਦਾ ਆਖ਼ਰੀ ਗੁੱਛਾ ਖਾ ਲਵੋ ਕਿਉਂਕਿ ਇਸ ਤੋਂ ਬਾਅਦ ਉਸਨੇ ਮੁੜ ਕੇ ਨਹੀਂ ਲੱਭਣਾ, ਵੰਸ਼ ਅੱਗੇ ਤੋਰਨ ਲਈ ਬੀਜ ਚਾਹੀਦੇ ਹੁੰਦੇ ਹਨ ਤੇ ਬੀਜ ਉਸ ਅੰਦਰ ਰਹੇ ਨਹੀਂ, ਉਹ ਸੀਡਲੈੱਸ ਕਰ ਦਿੱਤਾ ਗਿਆ ਹੈ। ਅੰਗੂਰ ਦੇ ਬੋਲਦਿਆਂ ਹੀ ਕਵੀ ਸਾਹਮਣੇ ਉਹ ਸਾਰੇ ਅਲੋਪ ਹੋਈ ਜਾ ਰਹੇ ਜੀਵ-ਜੰਤ ਆ ਜਾਂਦੇ ਹਨ; ਜਿਹੜੇ ਜੀਵ ਖ਼ਤਮ ਹੋ ਚੁੱਕੇ ਹਨ ਜਾਂ ਜਿਨ੍ਹਾਂ ਦੀ ਹਸਤੀ ਮਨੁੱਖ ਦੇ ਲਾਲਚੀ ਵਰਤਾਰਿਆਂ

ਕਰਕੇ ਸੰਕਟ ਵਿੱਚ ਪਈ ਹੋਈ ਹੈ। ਕਵੀ ਦੀਆਂ ਅੱਖਾਂ ਸਾਹਮਣੇ ਦਾਇਨਾਸੁਰ, ਸਤਰੰਗੀ ਅਫ਼ਰੀਕਨ ਤਿਤਲੀ, ਐਮੇਜ਼ਨ ਜੰਗਲਾਂ ਦੀ ਸੁਨਹਿਰੀ ਪਿੱਦੀ ਚਿੜੀ, ਕੱਛੂ, ਹਾਕਸਬਿਲ, ਦਿਓਕੱਦ ਕੈਂਗਰੂ, ਛੋਟਾ ਚੂਹਾ, ਸੁਨਹਿਰੀ ਡੱਡੂ, ਵਾਦੀ-ਓਕ, ਅਮਰੀਕਨ ਬੀਂਡਾ, ਆਲੂ-ਬੀਅ, ਪਰਾਈਸ ਫਿੰਚ ਚਿੜੀ, ਆਈ ਇਵੀ, ਸਿੰਙਾ ਵਾਲਾ ਬੀਂਡਾ, ਨੱਸਦੀ ਮੱਝ, ਕਲੋਵਰ, ਡੱਬ-ਖੜੱਬਾ ਚਾਂਦੀ ਰੰਗਾ ਮਰਟਲ, ਧਾਰੀਦਾਰ ਪੁਰਾਣਾ ਲਿੱਲ੍ਹੀ ਓਆਹੂ, ਘੋਗੇ, ਨੀਲਾ ਲੋਟਸ, ਜਾਮਨੀ ਟੈਨਸੀ ਕੋਨ ਫੁੱਲ, ਸ਼ਾਸਤਾ ਨਿਓਲਾ, ਥੱਲ ਨਿਓਲਾ, ਸ਼ਵੇਨਿਟਜ, ਸੂਰਜਮੁਖੀ, ਰੀਂਘਣ ਵਾਲਾ ਪਾਣੀ ਬੀਂਡਾ, ਗੁਲਾਬੀ ਜਿਲ੍ਹਣ, ਖੋਭਾ ਕਾਸਟਾ, ਕੰਧ-ਫੁੱਲ, ਪੱਛਮੀ ਲਿੱਲ੍ਹੀ, ਚੀਤਾ-ਬੀਂਡਾ, ਜਜ਼ੀਰੀਆਂ ਦਾ ਤਾਰਾ-ਫੁੱਲ, ਸਾਨ-ਫ੍ਰਾਂਸਿਸਕੋ ਕਾਂਟਾ ਮੱਖੀ, ਹਰਾ ਡੈਲਟਾ ਮਿੱਟੀ ਬੀਂਡਾ, ਪੂਰਬੀ ਪੱਛਮੀ ਮੈਦਾਨੀ ਲਹਿਰੀਆਂ ਆਰਚਿਡ, ਦਿਲੀ ਤੇ ਰੇਤ-ਫੁੱਲ ਮੋਹੀ ਮੱਖੀ...ਤੇ ਹੋਰ ਵੀ ਬਹੁਤ ਸਾਰੇ ਪ੍ਰਾਣੀ ਮੁੱਕ ਜਾਣ ਦੇ ਖ਼ਦਸ਼ੇ 'ਚ ਅੰਗੂਰ ਨਾਲ ਜਿਵੇਂ ਆਣ ਕੇ ਖਲੋ ਜਾਂਦੇ ਹਨ। ਸੀਡਲੈੱਸ ਅੰਗੂਰ ਬੋਲਦਾ ਹੈ ਕਿ ਜਿਵੇਂ ਉਕਤ ਪ੍ਰਾਣੀਆਂ ਦੀਆਂ ਪ੍ਰਜਾਤੀਆਂ ਲੁਪਤ ਹੋ ਚੁੱਕੀਆਂ ਹਨ ਜਾਂ ਫਿਰ ਹੋ ਜਾਣ ਦੇ ਕਗਾਰ ‘ਤੇ ਆ ਖਲੋਤੀਆਂ ਹਨ ਉਵੇਂ ਹੀ ਉਸਦੀ ਕਿਸਮ ਵੀ ਭੂਤਕਾਲ ਦੀ ਬਾਤ ਬਣ ਕੇ ਵਿੱਸਰ ਜਾਵੇਗੀ। ਜਦੋਂ ਜੀਵ-ਜਗਤ ਅਤੇ ਬਨਸਪਤੀ ਦਾ ਹਿੱਸਾ ਹੌਲੀ-ਹੌਲੀ ਖੁੱਸ ਜਾਵੇਗਾ ਤਾਂ ਭੌਂ-ਖੋਰ ਹੋਰ ਤੇਜ਼ੀ ਨਾਲ ਹੋਵੇਗਾ। ਅਕਾਸ਼ ਦੀ ਨੀਲੀ ਓਜ਼ੋਨ ਛੱਤਰੀ ਛਿੱਥੀ ਪੈ ਜਾਵੇਗੀ, ਇਨ੍ਹਾਂ ਸਾਰੇ ਨੁਕਸਾਨਾਂ ਦੀ ਤੌੜੀ ਉਹ ਮਨੁੱਖ ਦੇ ਸਿਰ ਭੰਨਦਾ ਹੈ। ਅਸਲ ਵਿੱਚ ਇਹ ਸਾਰਾ ਕੁਝ ਇਨਸਾਨ ਦੀ ਲਾਪਰਵਾਹੀ, ਲਾਲਚ, ਹੈਵਾਨੀਅਤ, ਤੇ ਗ਼ੈਰ-ਜ਼ਿੰਮੇਵਾਰ ਪ੍ਰਵਿਰਤੀ ਦਾ ਹੀ ਨਤੀਜਾ ਹੈ। ਜੇਕਰ ਹਾਸ਼ਿਆਗਤ ਪ੍ਰਜਾਤੀਆਂ ਨੂੰ ਬਚਾਉਣ ਹਿਤ ਸੰਜੀਦਗੀ ਭਰੇ ਵਿਹਾਰਕ ਉਪਰਾਲੇ ਨਾ ਕੀਤੇ ਗਏ ਤਾਂ ਸਾਰੀ ਕਣ-ਕਾਇਨਾਤ ਨਿਸ਼ਬਦ, ਨਿਸੱਤ, ਨੀਰਸ ਅਤੇ ਬੇਰੰਗੀ ਹੋ ਜਾਣੀ ਹੈ। ਇਸ ਲਈ ਧਰਤੀ 'ਤੇ ਜੀਵਨ ਦੇ ਅਰਥਾਂ ਨੂੰ ਬੇਅਰਥ ਹੋਣੋਂ ਬਚਾਉਣ ਦੀ ਭਰਪੂਰ ਲੋੜ ਹੈ।

ਤਕਨੀਕੀ ਵਿਕਾਸ ਅਤੇ ਪ੍ਰਾਕਿਰਤਕ ਹੁਨਾਲ ਦੀ ਕਸ਼ਮਕਸ਼ ਵਿੱਚ ਉਲਝਿਆ ਅਤੇ ਸੂਤਿਆ ਹੋਇਆ ਆਧੁਨਿਕ ਮਨੁੱਖ ਤ੍ਰਿਸ਼ੰਕੂ ਵਾਂਗ ਅਧਵਾਟੇ ਹੀ ਠੋਕਰਾਂ ਖਾ ਰਿਹਾ ਹੈ। ਪ੍ਰਕਿਰਤੀ ਵਲੋਂ ਵਿਮੁੱਖ ਹੋ ਕੇ ਉਹ ਵਿਗਿਆਨਕ ਤਰੱਕੀ ਦੀ ਅੰਨ੍ਹੀ ਦੌੜ੍ਹ ਵਿੱਚ ਖ਼ੁਆਰ ਹੁੰਦਾ ਜਾਂਦਾ ਹੈ। ਵਿਕਾਸ ਦੀ ਸਿਖ਼ਰ 'ਤੇ ਅੱਪੜ ਕੇ ਜਦੋਂ

ਇਸ ਨੂੰ ਮਾਨਸਿਕ ਸ਼ਾਂਤੀ ਦੀ ਲੋੜ ਹੁੰਦੀ ਹੈ ਤਾਂ ਉਹ ਫਿਰ ਕੁਦਰਤ ਦੀ ਗੋਦ ਵਿੱਚ ਸਮਾਅ ਜਾਣ ਲਈ ਉਤਾਵਲਾ ਹੋ ਉੱਠਦਾ ਹੈ। ਉਸ ਦੇ ਮਨੋ-ਦਵੰਦ ਦੀ ਗਾਥਾ ਨੂੰ ਕਵੀ ਨੇ ਕਵਿਤਾ 'ਘਰ' ਵਿੱਚ ਇਸ ਪ੍ਰਕਾਰ ਬਿਆਨ ਕੀਤਾ ਹੈ:

ਕੱਲ੍ਹ ਸੜਕ ਨੂੰ ਸਮਝ ਨੀਲੀ ਨਦੀ
ਮੈਂ ਧੜੰਮ ਵਿੱਚ ਛਾਲ ਮਾਰੀ
ਤਿਤਲੀ ਚੁੱਕ ਮੈਨੂੰ
ਪਰਾਂ ਘਾਹ 'ਤੇ ਧਰ ਆਈ
ਮੇਰਾ ਘਰ ਸੜਕ ਵਿੱਚ ਜਾਂ ਵਿੱਚ ਨਦੀ
ਸਮਝ ਨਾ ਪੈਂਦੀ ਕਦੀ(61)

ਕਵੀ ਬਿਆਨ ਕਰਦਾ ਹੈ ਕਿ ਉਹ ਆਪਣੇ ਮਨੋਭਾਵਾਂ ਦੀ ਅਭਿਵਿਅਕਤੀ ਲਈ ਸੁਯੋਗ ਸ਼ਬਦਾਂ ਦੀ ਭਾਲ ਕਰਦਾ ਰਹਿੰਦਾ ਹੈ। ਉਸ ਨੂੰ ਲੱਗਦਾ ਹੈ ਕਿ ਉਸਦੇ ਸ਼ਬਦ ਵੀ ਵਾਤਾਵਰਨ ਦੇ ਰੁੱਸ ਜਾਣ ਕਰਕੇ ਉਸ ਕੋਲੋਂ ਰੁੱਸ ਕੇ ਦੂਰ ਨੱਸ ਗਏ ਹਨ। ਉਸਦੀ ਭਾਵੀ ਕਵਿਤਾ ਦੇ ਅਲਫ਼ਾਜ਼ ਕਾਇਨਾਤ ਦੇ ਜ਼ੱਰੇ-ਜ਼ੱਰੇ ਵਿੱਚ ਤੈਰਦੇ ਫਿਰਦੇ ਹਨ ਪਰ ਉਹ ਕਵੀ ਦੀ ਪਕੜ ਵਿੱਚ ਨਹੀਂ ਆਉਂਦੇ। ਕਵੀ ਤੋਂ ਸਾਂਝ ਤੋੜਣ ਦਾ ਕਾਰਨ ਕਵੀ ਦੇ ਸ਼ਬਦ ਇਹ ਦੱਸਦੇ ਨੇ ਕਿ ਮਨੁੱਖ ਪ੍ਰਕਿਰਤੀ ਨਾਲੋਂ ਸਾਂਝ ਤੋੜ ਰਿਹਾ ਹੈ। ਪਰੰਤੂ ਇਸ ਕਵਿਤਾ ਦੇ ਸ਼ਬਦ, ਰਸ, ਅਲੰਕਾਰ, ਪ੍ਰਤੀਕ, ਬਿੰਬ ਅਤੇ ਸੁਹਜ ਪ੍ਰਕਿਰਤੀ ਵਿੱਚੋਂ ਹੀ ਉਪਜਦੇ ਹਨ ਅਤੇ ਪ੍ਰਕਿਰਤੀ ਵਿੱਚ ਹੀ ਇਕਸੁਰ ਹੋ ਕੇ ਰਹਿੰਦੇ ਹਨ। ਕਾਵਿ-ਸੁੰਦਰਤਾ ਪ੍ਰਕਿਰਿਤਿਕ-ਸੁੰਦਰਤਾ ਤੋਂ ਹੀ ਪ੍ਰੇਰਨਾ ਪ੍ਰਾਪਤ ਕਰਦੀ ਹੈ। ਪ੍ਰਕਿਰਤੀ ਨੂੰ ਨਫ਼ਰਤ ਕਰਨ ਵਾਲਾ ਅਤੇ ਖਦੇੜਣ ਵਾਲਾ ਹੰਕਾਰੀ ਮਨੁੱਖ ਤਾਂ ਕਾਵਿ-ਰਸ ਨੂੰ ਚੁਗਿਰਦੇ ਨਾਲੋਂ ਨਿਖੇੜ ਕੇ ਵਾਚਦਾ ਹੈ। ਸ਼ਬਦਾਂ ਦੀ ਸਿੱਕ ਵਿੱਚ ਭਟਕਦਾ ਕਵੀ ਥੱਕ-ਹੰਭ ਕੇ ਬੈਠਦਾ ਹੈ ਤਾਂ ਵੇਖਦਾ ਹੈ ਕਿ ਹਵਾ 'ਚ ਉੱਡਦੇ ਹਰਫ਼ ਪੰਛੀਆਂ ਦੀ ਨਿਆਈਂ ਚਿਹੁੰ-ਚਿਹੁੰ ਕਰਦੇ ਹੋਏ ਉਸ ਨੂੰ ਪੁਕਾਰਦੇ ਹਨ ਅਤੇ ਉਸ ਨੂੰ ਸਮਝਾਉਂਦੇ ਹਨ ਕਿ ਇਹ ਧਰਤੀ ਹੀ ਤੇਰੀ ਜਣਨੀ ਹੈ ਤੇ ਇਹੀ ਸਭ ਤੋਂ ਸੋਹਣੀ ਹੈ, ਇਹੀ ਤੇਰੀ ਮਾਂ ਹੈ। ਜੇਕਰ ਆਪਣੀ ਮਾਂ ਦੀ ਕਦਰ ਨਾ ਕੀਤੀ

ਤਾਂ ਮਾਂ ਬਿਗੈਰ ਜਿਉਣਾ ਮੁਸ਼ਕਲ ਹੋ ਜਾਵੇਗਾ। 'ਸ਼ਬਦ' ਕਵਿਤਾ ਵਿੱਚ ਕਵੀ ਪ੍ਰਕਿਰਤੀ ਨਾਲ ਸਾਂਝ ਇਸ ਪ੍ਰਕਾਰ ਪ੍ਰਗਟ ਕਰਦਾ ਹੈ:

ਮੇਰੇ ਸ਼ਬਦ!

ਬਹੁਤ ਦੂਰ ਗਏ ਮੈਥੋਂ

ਰੁੱਖਾਂ ਹਵਾਵਾਂ ਬੱਦਲਾਂ

ਪਰਬਤਾਂ ਤੋਂ ਉੱਤੇ

ਰਹੇ ਉੜਦੇ ਉਤਾਂਹ ਕਿਤੇ(63)

ਕਣ-ਕਾਇਨਾਤ ਦਾ ਕਰਤਾ ਵਰਿਦੰਰ ਪਰਿਹਾਰ ਕਦੇ-ਕਦੇ ਆਦਿ ਕਾਲ ਤੋਂ ਆਰੰਭ ਹੋ ਕੇ ਕਵਿਤਾ ਦੇ ਨਕਸ਼ ਉਘਾੜਦਾ ਹੈ ਤੇ ਕਿਤੇ-ਕਿਤੇ ਭਵਿੱਖਤ ਸਦੀਆਂ ਦੀ ਪਰਿਕਲਪਨਾ ਕਰਦਾ ਹੋਇਆ ਅਦਿੱਖ ਸਥਾਪਨਾਵਾਂ ਪ੍ਰਸਤੁਤ ਕਰਦਾ ਹੈ। ਹੇਠਾਂ ਪ੍ਰਸਤੁਤ ਕਵਿਤਾ ਅੰਦਰ ਮੁਗ਼ਲ ਬਾਦਸ਼ਾਹ ਅਕਬਰ ਦੇ ਰਾਜਕਾਲ ਦਾ ਹਵਾਲਾ ਦਿੰਦੇ ਹੋਏ ਕਵੀ ਦੱਸਦਾ ਹੈ ਕਿ ਬਾਦਸ਼ਾਹ ਦੇ ਮਹੱਲ ਦੇ ਚੁਫ਼ੇਰੇ ਹਰਾ-ਕਚੂਰ ਤੇ ਕੂਲਾ-ਕੂਲਾ ਘਾਹ ਲਹਿਰਾਉਂਦਾ ਹੁੰਦਾ ਸੀ ਪਰ ਉਹ ਘਾਹ ਘੋੜਿਆਂ ਦੇ ਖੁਰਾਂ ਅਤੇ ਸ਼ਾਹੀ-ਰਥਾਂ ਦੇ ਪਹੀਆਂ ਹੇਠ ਆਣ ਕੇ ਮਿੱਧਿਆ ਜਾਂਦਾ ਸੀ ਪਰ ਫੇਰ ਆਪ-ਮੁਹਾਰਾ ਹੀ ਮੁੜ-ਹਰਿਆ ਹੋ ਜਾਇਆ ਕਰਦਾ ਸੀ। ਘਾਹ ਨੂੰ ਆਦਿ ਕਾਲ ਤੋਂ ਹੀ ਹਯਾਤੀ ਭਾਵ ਜੀਵਨ ਦਾ ਸਹਿਜ-ਚਿੰਨ੍ਹ ਮੰਨ੍ਹਿਆ ਜਾਂਦਾ ਰਿਹਾ ਹੈ ਕਿਉਂਕਿ ਇਸ ਨੂੰ ਨਿਰੰਤਰ ਦੇਖਭਾਲ, ਗੋਡੀ, ਸਿੰਚਾਈ ਆਦਿ ਦੀ ਲੋੜ ਨਹੀਂ ਪੈਂਦੀ, ਇਹ ਆਪ-ਮੁਹਾਰਾ ਹੀ ਫੁੱਟ ਪੈਂਦਾ ਹੈ ਤੇ ਹਰ ਮਨਫ਼ੀ ਸਥਿਤੀ ਵਿੱਚ ਵੀ ਨਿਸੱਰਨ ਦੀ ਸਮਰੱਥਾ ਸਾਂਭੀ ਰੱਖਦਾ ਹੈ। ਹਨੇਰੀ-ਤੂਫ਼ਾਨ ਵਿੱਚ ਵੀ ਇਸਦਾ ਕੋਈ ਨੁਕਸਾਨ ਨਹੀਂ ਹੁੰਦਾ। ਇਹ ਨਿਗੂਣਾ ਜਿਹਾ ਬਨਸਪਤੀ-ਅੰਸ਼ ਬਹੁਤ ਮਹੱਤਵਪੂਰਨ ਸੰਦੇਸ਼ ਦਾ ਧਾਰਨੀ ਹੁੰਦਾ ਹੈ। ਕਵੀ ਦਾ ਕੋਮਲ ਹਿਰਦਾ ਘਾਹ ਦੇ ਸਿਰੜ ਤੋਂ ਵਾਕਿਫ਼ ਤਾਂ ਹੈ ਪਰ ਫੇਰ ਵੀ ਉਹ ਘਾਹ ਦੇ ਸੰਘਰਸ਼ ਨੂੰ ਸਤਿਕਾਰਦਾ ਹੋਇਆ ਉਸ ਉੱਪਰ ਪੈਰ ਰੱਖ ਕੇ ਨਹੀਂ ਲੰਘਣਾ ਚਾਹੁੰਦਾ। ਉਸ ਨੂੰ ਘਾਹ ਦੇ ਵਿਗਸਨ, ਬਿਨਸਨ ਅਤੇ ਮੁੜ ਵਿਗਸਣ ਦਾ ਪੂਰਾ-ਪੂਰਾ ਅਹਿਸਾਸ ਹੈ। ਅਕਬਰ ਕਾਲ ਤੋਂ ਘਾਹ ਦੀ ਗਾਥਾ ਛੋਂਹਦਾ ਹੋਇਆ ਕਵੀ ਕਹਿੰਦਾ ਹੈ:

ਅਕਬਰ ਸੀ ਜਦੋਂ ਮੈਂ ਨਹੀਂ ਸਾਂ

ਪਰ ਘਾਹ ਸੀ ਉਦੋਂ ਅੱਗੇ ਪਿੱਛੇ ਮਹੱਲ ਦੇ

ਖੁਰਾਂ ਪੈਰਾਂ ਰਥ-ਪਹੀਆਂ ਥੱਲੇ

ਮਸਲ ਹੁੰਦਾ ਉੱਗੀ ਆਉਂਦਾ

ਇਹੀ ਘਾਹ ਸੀ ਐਨ ਇੰਨ-ਬਿੰਨ

ਆਦਿ-ਹਯਾਤ ਚਿੰਨ੍ਹ

ਜਿਉਂ ਸਮੇਂ 'ਚੋਂ ਨਿਕਲੀ ਆਉਂਦੇ ਰਾਤ ਦਿਨ

ਉਸੇ ਘਾਹ 'ਤੇ ਪੈਰ ਧਰਦਾ

ਮੈਂ ਬੜਾ ਡਰਦਾ

ਕਿਤੇ ਘਾਹ ਨ ਹੋ ਜਾਂ, ਜਨਮ ਅਗਲੇ(67)

ਉਪਰੋਕਤ ਕਵਿਤਾ ਵਿੱਚ ਘਾਹ ਨੂੰ ਆਪ-ਮੁਹਾਰੀ ਫੁੱਟਦੀ ਹਰੀ ਬੂਟੀ ਦੇ ਉਦਾਹਰਨ ਜ਼ਰੀਏ ਜੀਵਨ ਦੇ ਵਿਸ਼ਾਲ ਸੰਕਲਪ ਵਜੋਂ ਉਲੀਕਿਆ ਗਿਆ ਹੈ। ਸਮਾਰਕਾਂ, ਇਮਾਰਤਾਂ ਤੇ ਸੜਕਾਂ ਦੇ ਆਲੇ-ਦੁਆਲੇ ਕਦੇ ਗਾਜਰ ਬੂਟੀ ਜਾਂ ਕਾਂਗਰਸ ਘਾਹ ਉੱਗਿਆ ਹੋਵੇ ਤਾਂ ਉਹਨਾਂ ਵਿਚਲੀ ਤਿੜ ਵੰਗਾਰ ਕੇ ਜੀਕਣ ਘਾਹ ਨੂੰ ਆਖ ਰਹੀ ਹੋਵੇ ਕਿ ਤੁਹਾਡੇ ਵਰਗਿਆਂ ਦਾ ਜੀਵਨ ਹੁਣ ਬਸ ਆਖ਼ਰੀ ਪੜਾਓ 'ਤੇ ਹੈ। ਇਮਾਰਤਾਂ ਤੇ ਸਮਾਰਕਾਂ ਦੀਆਂ ਇਬਾਰਤਾਂ ਨੇ ਮੈਦਾਨਾਂ ਨੂੰ ਕਾਬਜ਼ ਕਰਕੇ ਤੁਹਾਡੀ ਜ਼ਿੰਦਗੀ 'ਤੇ ਪ੍ਰਸ਼ਨ-ਚਿੰਨ੍ਹ ਲਗਾ ਦਿੱਤਾ ਹੈ। ਪਰਲੋ ਆਉਣ ਦੇ ਸੰਕੇਤਕ ਵਜੋਂ ਕਵੀ ਨੇ ਪੂੰਜੀਵਾਦੀ ਬਿਰਤੀ ਨੂੰ ਬਨਸਪਤੀ ਦੇ ਤਬਾਹ ਹੋਣ ਦਾ ਕਾਰਕ ਮੰਨ੍ਹਿਆ ਹੈ।

ਇਕ ਹੋਰ ਥਾਂਵੇਂ ਕਵੀ ਨੇ ਭਵਿੱਖਤ ਸਦੀ ਦਾ ਭਿਆਨਕ ਦ੍ਰਿਸ਼ ਸਿਰਜਿਆ ਹੈ। ਕਵਿਤਾ 'ਸਦੀ 'ਚੋਂ ਬਾਹਰ' (ਪਰਲੋਕ ਪੈਰਾਬਲ) ਵਾਤਾਵਰਨ ਪ੍ਰਤੀ ਕੁੰਭਕਰਨੀ ਨੀਂਦ 'ਚ ਸੁੱਤੇ ਹੋਏ ਲੋਕਾਂ ਨੂੰ ਹਲੂਣ ਕੇ ਜਗਾਉਣ ਲਈ ਇੱਕ ਸਫ਼ਲ ਪ੍ਰਯੋਗ ਹੈ। ਇਹ ਕਵਿਤਾ ਹਵਾ, ਪਾਣੀ, ਖੁਸ਼ਹਾਲੀ, ਹਰਿਆਲੀ, ਨਮੀ, ਰੰਗ, ਬਨਸਪਤੀ, ਵਿਭਿੰਨਤਾ, ਮਹਿਕ ਅਤੇ ਪ੍ਰਕਿਰਤਕ ਸੰਪੂਰਨਤਾ ਦੀ ਅਣਹੋਂਦ ਹੋ ਜਾਣ ਦੀ ਸਥਿਤੀ ਦਾ ਦ੍ਰਿਸ਼ਟਾਂਤ ਪੇਸ਼ ਕਰਦੀ

ਹੈ। ਭਵਿੱਖਤ ਜੀਵਨ ਦੀ ਅਜਿਹੀ ਕਲਪਨਾ ਬੜੀ ਭਿਆਨਕ ਅਤੇ ਦਰਦਨਾਕ ਹੈ। ਕਲਪਨਾ ਵਿੱਚ ਪ੍ਰਕਿਰਤਕ ਮੂਲ-ਸੁਵਿਧਾਵਾਂ ਬਿਨਾਂ; ਕੀ ਜੀਵ, ਕੀ ਰੁੱਖ ਤੇ ਕੀ ਮਨੁੱਖ- ਸਭ ਹੱਡ-ਪਿੰਜਰ ਬਣੀ ਜਾਂਦੇ ਹਨ। ਜੀਵਨ ਦੇ ਚਿੰਨ੍ਹ ਇਤਿਹਾਸ ਦੇ ਪੰਨ੍ਹਿਆਂ ਤੋਂ ਵੀ ਉੱਡਣ ਨੂੰ ਕਰਨਗੇ। ਜੇਕਰ ਮਸ਼ੀਨਾਂ ਨਾਲ ਖੇਡਦਾ ਬੁੱਧੀ ਜੀਵੀ ਰੁੱਖਾਂ, ਜਨੌਰਾਂ, ਹਵਾ, ਪਾਣੀ ਤੇ ਧਰਤੀ ਨੂੰ ਵੀ ਮਸ਼ੀਨੀ ਪੁਰਜ਼ਾ ਬਣਾ ਛੱਡੇਗਾ ਤਾਂ ਉਸਦੀ ਆਪਣੀ ਹੋਂਦ ਵੀ ਅਤੀਤ ਦੀ ਕਥਾ ਬਣ ਕੇ ਰਹਿ ਜਾਵੇਗੀ। ਮਿਸਾਲ ਲਈ ਕਵਿਤਾ 'ਸਦੀ 'ਚੋਂ ਬਾਹਰ' ਦੇ ਕੁਝ ਵਿਚਾਰ ਇਸ ਪ੍ਰਕਾਰ ਪ੍ਰਸਤੁਤ ਕੀਤੇ ਗਏ ਹਨ:

ਜ਼ਰਾ ਜਿੰਨਾ ਪਰਦਾ ਸਰਕਾਇਆ
ਕਿ ਮੈਂ ਸਦੀ 'ਚੋਂ ਬਾਹਰ ਆਇਆ
ਅਣਪਛਾਤਾ ਕਾਲ ਕੋਈ
ਮੈਂ ਵੀ ਉਹ ਕਿੱਥੇ ਜੋ ਕਦੇ ਹੁੰਦਾ ਸੀ
ਹੱਡੀ ਇਕ ਲੰਮੀ
ਉੱਤੇ ਆਂਦਰ ਇਕ ਚਿਪਕੀ ਸੁੱਕੀ ਸੜੀ
ਤੇ ਫੁੱਲ ਸੁੱਕਾ ਬੱਧਾ ਇਕ ਸਿਰੇ
ਇਹ ਮੈਂ ਸੀ...(72)

ਹਥਲੇ ਕਾਵਿ-ਸੰਗ੍ਰਹਿ ਵਿੱਚ ਪਰਿਹਾਰ ਨੇ ਜਲ ਦੀ ਵੇਦਨਾ, ਜਲ-ਸੰਕਟ ਤੇ ਜਲ ਦਾ ਮਨੁੱਖੀ ਜੀਵਨ ਲਈ ਮਹੱਤਵ ਦਰਸਾਉਂਦੀਆਂ ਅਨੇਕਾਂ ਕਵਿਤਾਵਾਂ ਪੇਸ਼ ਕੀਤੀਆਂ ਹਨ। 'ਜਲ' ਕਵਿਤਾ ਅਧੀਨ ਕਵੀ ਨੇ ਮਨੁੱਖੀ ਸਵੈ-ਕੇਂਦਰਿਤ ਸੋਚ ਵਿਰੁੱਧ ਆਵਾਜ਼ ਬੁਲੰਦ ਕੀਤੀ ਹੈ। ਮਨੁੱਖ ਨੇ ਕੁਦਰਤੀ ਸੋਮਿਆਂ ਅਤੇ ਪ੍ਰਕਿਰਤੀ ਦੇ ਹਰੇਕ ਹਿੱਸੇ ਨੂੰ ਆਪਣਾ ਉੱਲੂ ਸਿੱਧਾ ਕਰਨ ਲਈ ਰੱਜ ਕੇ ਲੁੱਟਿਆ ਹੈ। ਬੰਦੇ ਦੀ ਹੋਂਦ ਦੇ ਪਹਿਲੇ ਬਿੰਦੂ ਭਾਵ ਜਲ 'ਤੇ ਕਹਿਰ ਢਾਹੁਣ ਲਈ ਮਨੁੱਖ ਹੀ ਜ਼ੁੰਮੇਦਾਰ ਹੈ। ਉਸ ਨੂੰ ਅਜੇ ਤੱਕ ਸਮਝ ਹੀ ਨਹੀਂ ਲੱਗੀ ਕਿ ਜਲ ਹੈ ਤਾਂ ਸਭ ਕੁਝ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹੇਠ ਲਿਖੇ ਅਨੁਸਾਰ ਕੀਤਾ ਗਿਆ ਹੈ:

ਰੁਕਦਾ ਕਿਉਂ ਨਹੀਂ ਦਰਿਆ ਮੁੱਕਦਾ ਕਿਉਂ ਨਹੀਂ ਸਮੁੰਦਰ

ਬੂੰਦ ਅੱਕ ਹੋਂਦ ਤੋਂ ਆਖ਼ਰ ਕਿਉਂ ਨਹੀਂ ਹੋ ਜਾਂਦੀ ਮੁਨਕਰ

ਘਾਹ ਵਣ ਤ੍ਰਿਣ ਪੌਦ ਸਰ ਸਬਜ਼ ਰੁਕਦੀ ਕਿਉਂ ਨਹੀਂ ਨਬਜ਼

ਮੁੱਕ ਸੁੱਕ ਕਿਉਂ ਨਹੀਂ ਜਾਂਦਾ, ਜਮੋਂ ਗੋਲ਼ ਮਟੋਲ ਮਟੀਲਾ ਗਲੋਬ

ਮੌਤ ਦੇ ਸਾਏ ਤੋਂ ਜਾਂ ਆਦਮ ਦੀ ਰਾਏ ਤੋਂ

ਇੱਕਲ ਤੋਂ ਹੋਂਦ ਆਪਣੀ ਖਿੰਡ ਪੁੰਡ ਜਾਣ ਤੋਂ ਹੋਊ ਖ਼ੌਫ਼ਜ਼ਦਾ

ਬੰਦਾ ਤਾਂ ਵੈਸੇ ਕਦੋਂ ਦਾ ਕਹਿ ਚੁੱਕਾ ਜਲ ਨੂੰ ਅਲਵਿਦਾ(98)

'ਪਾਣੀ' ਸਿਰਲੇਖ ਅਧੀਨ ਤਿੰਨ ਕਵਿਤਾਵਾਂ ਕ੍ਰਮਵਾਰ ਦਰਜ ਕੀਤੀਆਂ ਗਈਆਂ ਹਨ। ਇਹਨਾਂ ਕਵਿਤਾਵਾਂ ਵਿੱਚ ਪਾਣੀ ਦੇ ਬੁਨਿਆਦੀ ਮਹੱਤਵ ਦੱਸਦੇ ਹੋਏ ਪਾਣੀ ਦੇ ਵਿਭਿੰਨ ਪਸਾਰਿਆਂ ਅਤੇ ਪਾਣੀ ਸਦਕਾ ਜ਼ਿੰਦਗੀ ਵਿਚਲੇ ਝਲਕਾਰਿਆਂ ਦੀ ਬਾਤ ਸਾਂਝੀ ਕੀਤੀ ਗਈ ਹੈ। ਕਦੇ ਮਾਂ ਦੇ ਖੁਸ਼ੀ ਦੇ ਹੰਝੂ ਬਣ ਕੇ ਜਲ ਪ੍ਰਗਟ ਹੁੰਦਾ ਹੈ। ਕਿਤੇ ਨਿੱਕੇ ਤੜਾਗੀ ਵਾਲੇ ਬੱਚੇ ਨੂੰ ਮਾਂ ਪਾਣੀ ਅਤੇ ਸਾਬਣ ਮਲ਼ ਕੇ ਪ੍ਰੇਮ ਨਾਲ ਨਵਾਉਂਦੀ ਹੈ। ਕਿਤੇ ਸੁਫ਼ਨੇ ਟੁੱਟਣ ਨਾਲ ਨੈਣੀਂ ਨੀਰ ਭਰ ਆਉਂਦਾ ਹੈ। ਕਿਤੇ ਪੱਤੇ ਤੋਂ ਤਿਲਕ ਕੇ ਪਤਾਲੀ ਜਾ ਭਾਉਂਦਾ ਹੈ। ਕਦੇ ਇਤਰ ਗੁਲੇਲਾਂ ਬਣ ਜਾਂਦਾ ਹੈ, ਕਾਲੇ ਬੱਦਲਾਂ ਨੂੰ ਕਿਰਨ-ਕਿਨਾਰੀ ਲਗਾ ਕੇ ਸਜਾਵਟ ਕਰਦਾ ਹੈ, ਇਹੀ ਪਾਣੀ ਜਦੋਂ ਨਹੀਂ ਲੱਭਦਾ ਤਾਂ ਲੋਕੀ ਵਹੀਰਾਂ ਘੱਤ ਕੇ ਲੰਮੀਆਂ-ਲੰਮੀਆਂ ਕਤਾਰਾਂ ਵਿੱਚ ਖੜ੍ਹ ਕੇ ਪਾਣੀ ਪ੍ਰਾਪਤ ਕਰਨ ਜਾਂਦੇ ਹਨ, ਇਹੀ ਪਾਣੀ ਜਦੋਂ ਕਿਸੇ ਮਰੀਜ਼ ਦੇ ਫੇਫੜਿਆਂ 'ਚ ਜਾ ਵੜ੍ਹਦਾ ਹੈ ਤਾਂ ਸਾਹ ਔਖਾ ਕਰ ਛੱਡਦਾ ਹੈ। ਪਾਣੀ ਦਾ ਆਪਣਾ ਕੋਈ ਰੰਗ ਨਹੀਂ, ਕੋਈ ਆਕਾਰ ਨਹੀਂ, ਕੋਈ ਮਹਿਕ ਨਹੀਂ ਪਰ ਪਾਣੀ ਨੂੰ ਜਿਸ ਬਰਤਨ ਵਿਚ ਪਾ ਦਿੱਤਾ ਜਾਵੇ, ਉਹ ਉਸੇ ਬਰਤਨ ਦਾ ਆਕਾਰ ਅਪਣਾ ਲੈਂਦਾ ਹੈ। ਕਿਸੇ ਸ਼ਰਬਤੀ ਰੰਗ ਅਤੇ ਮਹਿਕ 'ਚ ਰਲਾ ਦਿੱਤਾ ਜਾਵੇ ਤਾਂ ਉਹ ਉਹੀ ਰੰਗ ਅਤੇ ਮਹਿਕ ਅਖ਼ਤਿਆਰ ਕਰ ਲੈਂਦਾ ਹੈ। ਪਾਣੀ ਦੀ ਇਸ ਡੂੰਘੀ ਫ਼ਿਲਾਸਫ਼ੀ ਮੁਤਾਬਿਕ ਮਨੁੱਖ ਜੇ ਆਪਣੇ ਚੁਗਿਰਦੇ ਪ੍ਰਤੀ ਜ਼ਰ੍ਹਾ ਜਿੰਨੀ ਵੀ ਲਚਕ ਧਾਰਨ ਕਰ ਲਵੇ ਤਾਂ ਵਾਤਾਵਰਨ ਪਲੀਤ ਹੋਣੋ ਬਚ ਸਕਦਾ ਹੈ। ਅੱਗ, ਪਾਣੀ ਤੇ ਹਵਾ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਹਨ ਪਰ ਇਹਨਾਂ ਦਾ ਕੁਪ੍ਰਯੋਗ

ਜਾਨਲੇਵਾ ਵੀ ਸਿੱਧ ਹੋ ਜਾਇਆ ਕਰਦਾ ਹੈ। ਗੰਧਲੀ ਤੇ ਸਾਹ-ਘੋਟੂ ਹਵਾੜ੍ਹ ਮਾਰੂ ਹੁੰਦੀ ਹੈ, ਰਸਾਇਣ ਯੁਕਤ ਜਲ ਜਾਂ ਅਣ-ਲੋੜੀਂਦੇ ਸਥਾਨਾਂ ਜਾਂ ਅੰਗਾਂ 'ਚ ਭਰਿਆ ਜਲ ਨੁਕਸਾਨਦੇਹ ਹੁੰਦਾ ਹੈ। ਅੱਗ ਜਦੋਂ ਨਾ-ਗਲਣਸ਼ੀਲ ਪਦਾਰਥਾਂ ਨੂੰ ਲਾਈ ਜਾਵੇ ਤਾਂ ਉਲਟਾ ਅਸਰ ਪਾਉਂਦੀ ਹੈ। ਪਾਣੀ ਨਾਲ ਸੰਬੰਧਤ ਹਰ ਨਿੱਕੇ-ਵੱਡੇ ਵਲਵਲੇ ਨੂੰ ਕਵੀ ਨੇ ਆਪਣੀਆਂ ਕਵਿਤਾਵਾਂ ਵਿੱਚ ਬਾਖ਼ੂਬੀ ਪ੍ਰਸਤੁਤ ਕੀਤਾ ਹੈ। ਮਿਸਾਲ ਵਜੋਂ ਕੁਝ ਕੁ ਸਤਰਾਂ ਦਾ ਹਵਾਲਾ ਪੇਸ਼ ਹੈ:

ਹੋਂਦ ਇਹਦੀ ਹਿਯਾਤ ਹੈ ਅਣਹੋਂਦ ਕਿਆਮਤ
ਡਡੋਲਿੱਕਾ ਬਾਲਿਕਾ ਦੀ ਗੱਲ੍ਹ ਤੇ ਰੁਕਿਆ ਕਦੇ
ਹੰਝ 'ਚੋਂ ਲੱਸ ਲਿਸ਼ਕਦਾ...
ਕਦੇ ਮੇਘ ਮਣੀ ਮੀਂਹ ਕਣੀ ਕਦੇ
ਸ਼ੀਸ਼ਾ ਹੀਰਾ 'ਵਾ ਨਮੀ
ਨਦੀ ਝੀਲ ਝਰਨਾ ਸਾਗਰ
ਪਿਆਸੇ ਲਈ ਤਤਪਰ
ਵਿਚ ਮਸ਼ਕ ਗੜਵਾ ਕਦੇ ਗਾਗਰ
ਹਰ ਥਾਂ ਹਰ ਵੇਲੇ ਹਾਜ਼ਰ-ਨਾਜ਼ਰ
ਜਾਦੂ ਜੇ ਗ੍ਰਹਿ 'ਤੇ ਹੈ ਕੋਈ ਬਚਿਆ
ਜਾਦੂ ਪਾਣੀ ਦਾ ਵੱਡਾ
ਬੇਮੇਲ ਬੇਜੋੜ ਵੱਖਰਾ-ਵੱਖਰਾ
ਹੁਣ ਸੀ! ਹੁਣ ਨਹੀਂ ਹੈ
ਛੁਪਣ-ਛੋ ਨਿਰਾ ਛਲੇਡਾ!(101)

ਰੁੱਖ ਦੀਆਂ ਬਰਕਤਾਂ ਨੂੰ ਯਾਦ ਕਰਦਿਆਂ ਕਵੀ ਰੁੱਖ ਨੂੰ ਸਿਖ਼ਰਾਂ ਦਾ ਪਰਉਪਕਾਰੀ ਦਰਵੇਸ਼ ਦੱਸਦਾ ਹੈ। ਉਸਦੀ ਜਾਚੇ ਠੋਕਰਾਂ ਖਾ ਕੇ ਵੀ ਜਿਉਣ ਦਾ ਜਜ਼ਬਾ ਰੱਖਣ ਵਾਲੇ ਰੁੱਖ ਦਿਖਣ ਵਿਚ ਆਮ ਪਰ ਖ਼ਾਸ ਅਸਰ-ਅੰਦਾਜ਼ ਵਾਲੇ ਹੋਇਆ ਕਰਦੇ ਹਨ। ਛਾਂ ਦੀ ਹੋਂਦ ਤਾਂ ਹੀ ਹੈ ਜੇਕਰ ਰੁੱਖ ਹੈ। ਸੀਤਲ ਛਾਂ ਮਾਣਨ ਲਈ ਰੁੱਖਾਂ ਨੂੰ ਪਾਲਣਾ ਹੀ ਪਵੇਗਾ। ਇਸ ਪ੍ਰਥਾਇ ਕਵੀ ਦਾ ਸੰਦੇਸ਼ ਇਸ ਪ੍ਰਕਾਰ ਹੈ:

ਰੁੱਖ 'ਚੋਂ ਰੁੱਖ ਜਿਹਾ ਕੁਝ ਨਿਕਲਿਆ

ਚੁੱਪ-ਚੁੱਪ ਧਰਤੀ ਉੱਤੇ ਲੇਟਿਆ

ਲੱਗਿਆ ਨਿਰਾ ਸ਼ਾਮ ਜਿਹਾ

ਮਸਲ-ਮਸਲ ਲੋਕੀਂ ਲੰਘੇ

ਉਫ਼ ਨ ਕੀਤੀ ਰੁੱਖ 'ਚ ਮੁੜਿਆ

ਹੋਣਾ ਕੋਈ ਆਮ ਜਿਹਾ(116)

ਵਾਤਾਵਰਨ ਸੰਕਟ ਦੀ ਚਰਮ ਸੀਮਾ 'ਤੇ ਪੁੱਜ ਕੇ ਮਨੁੱਖ ਕੋਲ ਬਚਾਓ ਲਈ ਕੋਈ ਸੰਕਲਪ ਤੇ ਵਿਕਲਪ ਨਹੀਂ ਰਹਿਣੇ। ਚੁਗਿਰਦੇ ਨੂੰ ਸੰਭਾਲਣ ਦਾ ਵੇਲਾ ਅੱਜ ਤੋਂ ਹੀ ਹੈ ਤੇ ਹੁਣ ਤੋਂ ਹੀ ਹੈ। ਧਰਤੀ ਦੇ ਗਲੋਬ 'ਤੇ ਜਲ ਚੜ੍ਹਾ ਕੇ ਆਲਮੀ ਤਪਸ਼ ਨੂੰ ਘਟਾਇਆ ਨਹੀਂ ਜਾ ਸਕਦਾ। ਇਸ ਕੰਮ ਲਈ ਵੱਧ ਤੋਂ ਵੱਧ ਰੁੱਖ ਉਗਾਉਣੇ ਪੈਣਗੇ, ਰੁੱਖਾਂ ਨੂੰ ਵੱਢਣ ਤੋਂ ਬਾਜ਼ ਆਉਣਾ ਪਵੇਗਾ ਤੇ ਅਜਿਹੇ ਉਪਰਾਲੇ ਕਈ ਸਾਲਾਂ ਤੀਕਰ ਨਿਰੰਤਰ ਕਰਦੇ ਰਹਿਣਾ ਹੋਵੇਗਾ, ਤਾਂ ਜਾ ਕੇ ਨਿੱਘਰਦੇ ਵਾਤਾਵਰਨ ਨੂੰ ਕੁਝ ਠੱਲ੍ਹ ਪੈ ਸਕਦੀ ਹੈ। ਜੇਕਰ ਸੁੱਤੇ-ਸੁੱਤੇ ਹੀ ਸਕੀਮਾਂ 'ਚ ਉਲਝੇ ਰਹੇ, ਵਿਓਂਤਬੰਦੀ ਦੀਆਂ ਫਾਈਲਾਂ 'ਚ ਖਪਦੇ ਰਹੇ, ਜੇਕਰ ਘਾਲਣਾ ਨਾ ਘਾਲੀ ਤਾਂ ਪਰਲੋ ਆਉਂਦਿਆਂ ਦੇਰ ਨਹੀਂ ਲੱਗਣੀ। ਇਹੀ ਵਿਚਾਰ ਕਵਿਤਾ 'ਪਰਲੋ' ਵਿੱਚ ਅੰਕਿਤ ਕੀਤੇ ਗਏ ਹਨ:

ਹਰ ਕੋਸ਼ਾਣੂ 'ਚੋਂ ਸੁਣਦਾਂ ਰੂਹ ਸਿਸਕਦੀ

ਨਿਸਦਿਨ ਪੁੱਛਦੀ: ਕਿਵੇਂ ਬਚੇ ਇਹ ਮਾਂ ਧਰਤੀ?

ਖ਼ਾਬਗਾਹਾਂ ਵਿੱਚ ਭਟਕਦਾਂ

ਅੰਦਰੇ ਅੰਦਰ ਬੇਸ਼ੋਰ ਗੜ੍ਹਕਦਾਂ

ਰੋਜ਼ ਤੋਂ ਫੇਰ ਚਿਤਵਦਾਂ--

ਏਸ ਗ੍ਰਹਿ ਦੀ ਨਵ-ਰਚਨਾ ਦੀ ਵਿਓਂਤ

ਹੋ ਕੇ ਤਿਆਰ-ਬਰ-ਤਿਆਰ

ਸੁਣਾਂ ਇਕੋ ਸ਼ਬਦ ਬਾਰ ਬਾਰ-

ਪਰਲੋ...ਪਰਲੋ...ਪਰਲੋ...!

ਅਪਰੰਪਾਰ!!(134)

ਪੁਰਾਣੇ ਪੰਜਾਬੀ ਸੱਭਿਆਚਾਰ ਵਿੱਚ ਲੋਕ ਹਰ ਰੋਜ਼ ਨਿੰਮ ਦੀ ਦਾਤਨ ਕਰਿਆ ਕਰਦੇ ਸਨ। ਨਿੰਮ ਦੀਆਂ ਨਿੰਮੋਲੀਆਂ ਦੀ ਦੇਸੀ ਮੱਲ੍ਹਮ ਮੌਸਮੀ ਫੋੜੇ-ਫੁਨਸੀਆਂ ਦਾ ਅਚੂਕ ਇਲਾਜ ਹੋਇਆ ਕਰਦਾ ਸੀ, ਬਾਲਕ ਦਾ ਜਨਮ ਹੋਣ 'ਤੇ ਜੱਚਾ-ਬੱਚਾ ਵਾਲੇ ਕਮਰੇ ਦੇ ਪ੍ਰਵੇਸ਼-ਦੁਆਰ 'ਤੇ ਨਿੰਮ ਅਤੇ ਸ਼ਰੀਂਹ ਦੇ ਪੱਤਿਆਂ ਦੇ ਸਿਹਰੇ ਬੰਨ੍ਹੇ ਜਾਂਦੇ ਸਨ ਤਾਂ ਕਿ ਰੋਗਾਣੂਆਂ ਤੋਂ ਬਚਾਅ ਰਹੇ ਪਰ ਅਖੌਤੀ ਆਧੁਨਿਕ ਖੋਜੀ ਸੱਭਿਅਤਾ ਨੇ ਕੀ ਨਿੰਮ ਅਤੇ ਕੀ ਚਰਖ਼ੇ ਸਭ ਡਰਾਇੰਗ-ਰੂਮਾਂ ਵਿੱਚ ਡੈਮੋ-ਮਾਡਲ ਬਣਾ ਕੇ ਸਜਾ ਰੱਖੇ ਹਨ ਤੇ ਇਹ ਸਜਾਵਟੀ ਸਮਾਜ ਅਜੱਕਲ੍ਹ ਵਰਤੋਂ ਵਿੱਚ ਹੀ ਨਹੀਂ ਲਿਆਂਦਾ ਜਾ ਰਿਹਾ। ਆਪਣੇ ਪਿੰਡ ਵਾਲੇ ਘਰ ਦੇ ਵਿਹੜੇ ਵਿੱਚ ਲੱਗੀ ਨਿੰਮ ਨੂੰ ਯਾਦ ਕਰਦਿਆਂ ਕਵੀ ਵਾਤਾਵਰਨ ਦੇ ਸੰਦਰਭ ਵਿੱਚ ਨਿੱਜ ਤੋਂ ਪਰ ਤੱਕ ਜਾ ਅੱਪੜਦਾ ਹੈ। ਫ਼ਲਸਫ਼ੀ ਹਕੀਕਤ ਅਤੇ ਜ਼ਮੀਨੀ ਹਕੀਕਤ ਵਿਚਕਾਰ ਪਾੜਾ ਵਧਾਉਣ ਦਾ ਕੰਮ ਬਹੁਤੀ ਵਾਰੀ ਬੁੱਧੀ ਕਰਦੀ ਹੈ ਕਿਉਂਕਿ ਹੁਣ ਬੁੱਧੀ ਬਿਬੇਕ ਨੂੰ ਨਾਲ ਨਹੀਂ ਲੈ ਕੇ ਚੱਲਦੀ। ਇਹਨਾਂ ਵਿਚਾਰਾਂ ਦਾ ਖ਼ੂਬਸੂਰਤ ਵਰਨਣ ਕਵਿਤਾ 'ਨਿੰਮ ਨੂੰ ਚੇਤੇ ਕਰਦਿਆਂ' ਅੰਦਰ ਕੀਤਾ ਗਿਆ ਹੈ:

ਦਾਤਨ ਨਮੋਲ਼ੀਆਂ ਕੌੜੀਆਂ, ਕੌੜੀ ਸੁਗੰਧ ਪੱਤੇ ਕੌੜੇ

ਹਾਂ ਮੈਨੂੰ ਚੇਤੇ ਅਜੇ ਨਿੰਮ ਉੱਗੀ ਸਾਡੇ ਵਿਹੜੇ

ਮਾਂ ਬੰਨ੍ਹਣੇ ਦਰਾਂ 'ਤੇ ਪੱਤੇ ਕਚੂਰ ਹਰੇ

ਲੰਘ ਨਾ ਸਕਦੇ, ਕਹਿੰਦੀ ਥੱਲਿਓਂ ਦੀ ਕੀੜੇ

ਨਿੰਮ ਹੁਣ ਸਾਡੀ ਨਾ ਰਹੀ, ਫਰੰਗੀਆਂ ਨਵੇਂ ਵਾਰਸਾਂ ਤੋਂ ਚੋਰੀ ਖ਼ਰੀਦ ਲਈ

'ਨਾਸਾ' 'ਚ ਉਗਾਉਣੀ ਅਖੇ ਦਵਾ ਸਫ਼ਾ ਲੱਭਣੀ ਕੋਈ

'ਬੰਦੇ ਦੇ ਭਲੇ ਲਈ'

ਰੁੱਖ ਪਰ ਕੱਲਾ ਕਦੇ ਨਾ ਮਰਦਾ ਵੇਦ ਕਹਿੰਦਾ ਪੁਰਾਣ ਕਹਿੰਦਾ

ਤਹਿਜ਼ੀਬ ਕਾਇਨਾਤ ਇਕ ਬੰਦੋਬਸਤ ਪੂਰਾ ਆਪਣੇ ਨਾਲ ਸਦਾ ਲਈ ਲੈ ਜਾਂਦਾ

ਚਲੋ--ਕੋਈ ਤਾਂ ਮੋਏ ਰੁੱਖ ਨੂੰ ਰੋਂਦਾ

ਕਿੱਦਾਂ ਦੀ ਹੁੰਦੀ ਸੀ ਨਿੰਮ ਸਾਡੇ ਵਿਹੜੇ, ਹਾਂ ਮੈਨੂੰ ਚੇਤੇ ਅਜੇ(164)

ਫਲੈਸ਼-ਬੈਕ ਕਾਵਿ-ਸ਼ੈਲੀ ਵਾਂਗ ਕਵੀ ਨੇ ਇੱਕ ਹੋਰ ਨਵੀਨ ਜੁਗਤ ਵੀਡੀਓ-ਰੀਵਾਈਂਡ (ਘਟਨਾ ਦਾ ਵਾਪਸ ਪਰਤਣਾ) ਦਾ ਸਫ਼ਲ ਪ੍ਰਯੋਗ ਆਪਣੀਆਂ ਦੋ ਕਵਿਤਾਵਾਂ 'ਬੱਚਾ' ਅਤੇ 'ਜਿਉਂ-ਦੁ-ਤਿਉਂ' ਵਿਚ ਕੀਤਾ ਹੈ. ਵੀਡੀਓ ਰੀਵਾਈਂਡ ਜੁਗਤ ਦਾ ਸਹਾਰਾ ਲੈ ਕੇ ਮਨੁੱਖ ਨੂੰ ਇਹ ਹਾਂ-ਪੱਖੀ ਸੁਨੇਹਾ ਦੇ ਰਿਹਾ ਹੈ ਕਿ ਜਿਨ੍ਹਾਂ ਹੱਥਾਂ ਨਾਲ ਪ੍ਰਕਿਰਤੀ ਦਾ ਉਜਾੜਾ ਕੀਤਾ ਜਾ ਰਿਹਾ ਹੈ, ਉਹਨਾਂ ਹੀ ਹੱਥਾਂ ਦੁਆਰਾ ਇਸ ਨੂੰ ਮੁੜ ਕੇ ਹਰਾ-ਭਰਾ ਵੀ ਕੀਤਾ ਜਾ ਸਕਦਾ ਹੈ। ਇਸ ਜੁਗਤ ਨਾਲ ਕਵੀ ਦ੍ਰਿਸ਼-ਕਾਵਿ ਸੰਚਾਰ ਦੇ ਮਾਧਿਅਮ ਦੁਆਰਾ ਮਨੁੱਖ ਦੁਆਰਾ ਵੱਢੇ ਜਾ ਰਹੇ ਜੰਗਲ ਅਤੇ ਬਿਨਾਂ ਵੱਢੇ ਗਏ (ਜਾਂ ਮੁੜ ਹਰਿਆਏ) ਜੰਗਲ ਦਾ ਤੁਲਨਾਤਮਿਕ ਦ੍ਰਿਸ਼ ਵਿਖਾਉਂਦਾ ਹੈ। ਇਸ ਪ੍ਰਕਾਰ ਉਕਤ ਜੁਗਤ ਆਪਣੇ-ਆਪ ਵਿੱਚ ਵਾਤਾਵਰਨ ਪ੍ਰਤੀ ਚੇਤਨਾ ਪ੍ਰਸਾਰਿਤ ਕਰਨ ਲਈ ਇੱਕ ਨਵੀਨ ਉਪਰਾਲਾ ਹੈ। ਜੇਕਰ ਇਹੀ ਵੀਡੀਓ ਰੀਵਾਈਂਡ ਹੋਣ ਦੀ ਬਜਾਏ ਫਾਸਟ-ਫਾਰਵਡ ਹੋ ਗਈ ਤਾਂ ਸਭ ਕੁਝ ਖ਼ਤਮ ਹੋ ਜਾਣ ਦਾ ਦ੍ਰਿਸ਼ ਉੱਭਰੇਗਾ। ਅਜਿਹੇ ਦ੍ਰਿਸ਼ ਪ੍ਰਸਤੁਤ ਕਰਕੇ ਕਵੀ ਨੇ ਮਨੁੱਖ ਨੂੰ ਤਕੜਾ ਹਲੂਣਾ ਦਿੰਦਾ ਹੈ। ਕਵਿਤਾ ਅੰਦਰਲੇ ਬੋਲ ਹਨ:

ਬਹਾਰ ਸੀ ਜੰਗਲ ਲਹਿਲਹਾ ਰਿਹਾ ਸੀ

ਸੈਆਂ ਦਿਓਦਾਰ ਖੜੇ ਸਿਖਰੀਂ ਉਨ੍ਹਾਂ ਦੇ

ਨਿੱਕੀਆਂ ਹਰੀਆਂ ਛਤਰੀਆਂ 'ਤੇ

ਚਿੜੀਆਂ ਬੈਠੀਆਂ ਸਨ ਰੰਗ-ਬਰੰਗੀਆਂ

ਟਰੇਲਿਆਂ ਟਰੈਕਟਰਾਂ ਲਾਰੀਆਂ ਸੰਗ

ਬਿਜਲੀ ਚੇਨਾਂ ਔਜ਼ਾਰਾ ਆਰਿਆਂ ਸੰਗ

ਧਾਵਾ ਬੋਲਣ ਉਹ ਆਏ ਕਾਲ਼ੇ ਸਾਏ

ਕੁਹਰਾਮ ਮਚਿਆ ਪੰਛੀ ਜੰਗਲ ਛੱਡ ਉੱਡੇ

ਰੁੱਖਾਂ ਨੂੰ ਵਿਚਕਾਰੋਂ ਉਨ੍ਹਾਂ ਰੱਸੇ ਪਾਏ

ਥੱਲੇ ਜੜ੍ਹਾਂ ਕੋਲ ਬਿਜਲੀ ਆਰੇ ਚਲਾਏ

ਰੁੱਖ ਚੌਫ਼ਾਲ ਮੂਧੇ ਮੂੰਹ ਧਰਤੀ 'ਤੇ ਡਿੱਗਦੇ ਆਏ

ਧੂੜ ਉੱਡੀ ਜੰਗਲ ਨੇ ਸੰਘ 'ਚ ਚੀਕ ਘੁੱਟੀ

ਕਿ ਵੀਡੀਓ ਪਿਛਾਂਹ ਨੂੰ ਪੁੱਠੀ 'ਚਾਨਕ ਘੁੰਮਣ ਲੱਗੀ

ਸੈਆਂ ਗੇਲੇ ਧਾਂਕਾਂ ਧਰੇ

ਇਕ ਇਕ ਕਰਦੇ ਜੁੜਨ ਲੱਗੇ

ਰੁੱਖ ਹਰੇ ਭਰੇ ਫੇਰ ਖੜ੍ਹਣ ਲੱਗੇ

ਆਰਾ ਕਾਮੇ ਹੱਥ ਕੰਬਿਆ

ਖ਼ਾਲੀ ਹੱਥ ਝਾੜਦਾ ਉਹ ਟਰੱਕ ਵਿੱਚ ਜਾ ਵੜਿਆ

ਪੰਛੀ ਮਾਰ ਉਡਾਰੀ ਪੁੱਠੀ ਉੱਡਦਾ ਆਇਆ

ਝੂਲਦੀ ਨਿੱਕੀ ਹਰੀ ਪਤਰਾਲ਼ੀ ਛਤਰੀ 'ਤੇ ਬਹਿ ਗਿਆ

ਕੋਈ ਉਜ਼ਰ ਕੋਈ ਕਿੰਤੂ ਕਿਉਂ

ਅਛੋਹ, ਸਲਾਮ-ਸਬੂਤਾ ਜੰਗਲ, ਜਿਉਂ-ਦ-ਤਿਉਂ!(167)

ਬੋਲਚਾਲ ਦੀ ਭਾਸ਼ਾ ਵਿੱਚ ਆਮ ਤੌਰ 'ਤੇ ਇੰਗਲਿਸ਼ ਅਤੇ ਹਿੰਦੀ ਭਾਸ਼ਾ ਦੇ ਰਲਗੱਡ ਉਚਾਰਨ ਨੂੰ 'ਹਿੰਗਲਿਸ਼' ਅਤੇ ਅੰਗਰੇਜ਼ੀ ਅਤੇ ਪੰਜਾਬੀ ਦੇ ਮਿਲਭੋਗੇ ਉਚਾਰਨ ਨੂੰ 'ਪਿੰਗਲਿਸ਼' ਕਿਹਾ ਜਾਂਦਾ ਹੈ। ਇਸੇ ਸਥਾਨਿਕ ਝੁਕਾਅ ਦੀ ਪੈਰਵੀ ਕਰਦੇ ਹੋਏ ਕਵੀ ਨੇ ਅੰਗਰੇਜ਼ੀ ਕਾਵਿ-ਬੋਲ ਪੰਜਾਬੀ ਵਿੱਚ ਪੇਸ਼ ਕਰਕੇ 'ਇੱਕ ਪਿੰਗਲਿਸ਼ ਪੋਇਮ' ਸਿਰਲੇਖ ਅਧੀਨ ਆਪਣੀ ਕਵਿਤਾ ਵਿੱਚ ਕੀਤੇ ਹਨ। ਕੁਦਰਤ ਪ੍ਰੇਮੀ ਕਵੀ ਆਪਣੇ ਘਰ ਦੇ ਬਗ਼ੀਚੇ ਵਿੱਚ ਪਰਿਵਾਰ ਸਮੇਤ ਪ੍ਰਕਿਰਤੀ ਦਾ ਆਨੰਦ ਲੈਣਾ ਬਹੁਤ ਪਸੰਦ ਕਰਦਾ ਹੈ। ਇਸੇ ਪ੍ਰਸੰਗ ਵਿੱਚ ਉਹ ਇਕ ਦਿਨ ਆਪਣੀ ਪਤਨੀ ਨੂੰ ਕਹਿੰਦਾ ਹੈ ਕਿ, "ਆਓ! ਆਪਾਂ ਬਾਹਰ ਬਗ਼ੀਚੀ ਵਿੱਚ ਜਾ ਕੇ ਬੈਠੀਏ।" ਅੱਗੋਂ ਉਸਦੀ ਪਤਨੀ ਸਵਾਲ ਕਰਦੀ ਹੈ ਕਿ, "ਬਾਹਰ ਕਿਸ ਕੰਮ ਲਈ ਜਾਣਾ ਹੈ?" ਕਵੀ ਦੱਸਦਾ ਹੈ ਕਿ "ਆਪਾਂ ਬਾਹਰ ਬੈਠ ਕੇ ਪੰਛੀਆਂ ਦੇ ਗੀਤ ਸੁਣਾਂਗੇ।" ਉਸ ਦੀ ਪਤਨੀ ਇਹ ਕਹਿੰਦੇ ਹੋਏ ਇਨਕਾਰ ਕਰਦੀ ਹੈ ਕਿ ਉਸਨੂੰ ਪੰਛੀਆਂ ਦੀ ਭਾਸ਼ਾ ਸਮਝ ਨਹੀਂ ਆਉਂਦੀ। ਇਸ ਉਪਰੰਤ ਉਹ ਇੱਕਲਾ ਹੀ ਬਾਹਰ ਬਗ਼ੀਚੀ ਦੇ ਛੱਜੇ ਹੇਠ ਜਾ ਕੇ ਬੈਠ ਜਾਂਦਾ ਹੈ ਤੇ ਉਸਨੂੰ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਪੰਖੀ ਪਹਿਲਾਂ ਤੋਂ ਵੀ ਵੱਧ ਉੱਚੇਰੀ ਤੇ ਸੁਰੀਲੀ ਆਵਾਜ਼ ਵਿੱਚ ਗੀਤ ਗਾਉਣ ਲੱਗ ਪਏ। ਪ੍ਰਕਿਰਤੀ ਦੇ ਵਿਭਿੰਨ ਅੰਗਾਂ ਦੀ ਆਵਾਜ਼ ਵਿਲੱਖਣ ਹੈ। ਮਨੁੱਖੀ ਭਾਸ਼ਾ ਦਾ ਮੂਲ ਵੀ ਸ਼ਬਦ ਹੈ ਤੇ ਸ਼ਬਦ ਦੀ ਉੱਤਪਤੀ ਧੁਨੀ ਤੋਂ ਹੀ ਹੁੰਦੀ ਹੈ। ਦਰਿਆਵਾਂ, ਝਰਨਿਆਂ, ਪੰਛੀਆਂ ਕੀਟ-ਪਤੰਗਿਆਂ, ਬੀਂਡਿਆਂ, ਜਨੌਰਾਂ, ਆਦਿ ਦੀਆਂ ਧੁਨੀਆਂ ਤੇ ਆਵਾਜ਼ਾਂ ਨੂੰ ਕੇਵਲ ਸੰਵੇਦਨਸ਼ੀਲ ਹਿਰਦੇ ਹੀ ਸਮਝ ਸਕਦੇ ਹਨ। ਬਾਕੀਆਂ ਲਈ ਤਾਂ ਇਹ ਮਹਿਜ਼ ਆਵਾਜ਼ਾਂ ਹੀ ਹਨ। ਕਵੀ ਨੂੰ ਪਰਿੰਦਿਆਂ ਦੀ ਚਿਹੁੰ-ਚਿਹੁੰ ਮਧੁਰ-ਗੀਤਾਂ ਵਾਂਗਰ ਮੋਹਿਤ ਕਰਦੀ ਹੈ। 'ਇਕ ਪਿੰਗਲਿਸ਼ ਪੋਇਮ' ਵਿਚ ਕਵੀ ਪੰਖੇਰੂਆਂ ਪ੍ਰਤੀ ਜਜ਼ਬਾਤਾਂ ਨੂੰ ਇਸ ਪ੍ਰਕਾਰ ਪ੍ਰਗਟ ਕਰਦਾ ਹੈ:

ਆਈ ਆਸਕਡ ਮਾਈ ਵਾਈਫ਼

ਲੈੱਟ ਐਸ ਗੋ ਐਂਡ ਸਿਟ ਇਨ ਦਾ ਗਾਰਡਨ

'ਵੱਟ ਫ਼ਾਰ?' – ਸ਼ੀ ਆਸਕਡ

'ਲਿੱਸਨ ਟੂ ਦਾ ਸਿੰਗਿੰਗ ਬਰਡਜ਼- ਆਈ ਸੈੱਡ

'ਆਈ ਐਮ ਸਾਰੀ, ਆਈ ਕਾਂਟ ਅੰਡਰਸਟੈਂਡ ਦੈੱਮ'-

ਸ਼ੀ ਸੈੱਡ ਐਂਡ ਟਰਨਡ ਦਾ ਟੈਲੀ ਆਨ

ਆਈ ਵੈਂਟ ਆਊਟ ਐਂਡ ਸਿਟ ਇਨ ਦਾ ਸ਼ੇਡ

ਬਰਡਜ਼ ਸਟਾਰਟਡ ਸਿੰਗਿਗ ਲਾਊਡਰ ਦੈਨ ਬੀਫ਼ੋਰ(185)

ਮਨੁੱਖ ਦੇ ਲਾਲਚੀ ਵਤੀਰਿਆਂ ਅਤੇ ਸ੍ਰੋਤਾਂ ਦੀ ਅੰਨ੍ਹੇਵਾਹ ਵਰਤੋਂ ਨੇ ਕੁਦਰਤੀ ਆਫ਼ਤਾਂ ਨੂੰ ਸੱਦਾ ਦਿੱਤਾ ਹੈ। 'ਕੈਟਰੀਨਾ', 'ਹੇਰੀਕੇਨ', 'ਸੇਪਾਈਸ ਆਈਲੈਂਡਰ', 'ਈਸਟਰਨ', 'ਸਟਾਰ', 'ਸੀਵੋਲ', 'ਤਿਤਲੀ' ਅਤੇ 'ਸੁਨਾਮੀ' ਆਦਿ ਕੁਦਰਤ ਵਲੋਂ ਹੰਕਾਰੇ ਹੋਏ ਮਨੁੱਖ ਨੂੰ ਦਿੱਤੀ ਗਈ ਇਕ ਅਜਿਹੀ ਮੋੜਵੀਂ ਭਾਜੀ ਹੈ, ਜਿਸ ਦਾ ਸਾਹਮਣਾ ਮਨੁੱਖ ਨੂੰ ਨਾ ਚਾਹੁੰਦੇ ਵੀ ਕਰਨਾ ਹੀ ਪੈਂਦਾ ਹੈ। ਕੁਦਰਤੀ ਆਫ਼ਤਾਂ ਦੇ ਥਪੇੜੇ ਖਾ ਕੇ ਵੀ ਮਨੁੱਖ ਨੂੰ ਜਾਗ੍ਰਿਤੀ ਨਹੀਂ ਆਉਂਦੀ ਦਿਖਦੀ। ਜਦੋਂ ਮਨੁੱਖ ਰੁੱਖ ਵੱਢਣ ਲੱਗਿਆਂ ਸੰਗ ਨਹੀਂ ਕਰਦਾ, ਜਦੋਂ ਦਰਿਆ ਦੇ ਕਿਨਾਰਿਆਂ ਨੂੰ ਖ਼ੋਰ ਕੇ ਇਮਾਰਤਾਂ ਉਸਾਰਨੋਂ ਗੁਰੇਜ਼ ਨਹੀਂ ਕਰਦਾ, ਜਦੋਂ ਪੁਰਖਿਆਂ ਦੁਆਰਾ ਉਗਾਈਆਂ ਗਈਆਂ ਡੇਕਾਂ, ਧਰੇਕਾਂ, ਪਿੱਪਲਾਂ, ਬੋਹੜਾਂ ਤੇ ਨਿੰਮਾਂ ਨੂੰ ਮਹੱਲ ਖੜ੍ਹੇ ਕਰਨ ਲਈ ਪਲਾਂ 'ਚ ਤਬਾਹ ਕਰ ਦਿੰਦਾ ਹੈ ਤਾਂ ਫਿਰ ਮਾਂ ਵਰਗੀ ਪ੍ਰਕਿਰਤੀ ਕੀ ਕਰੇਗੀ...? ਫਿਰ ਤਾਂ ਪ੍ਰਕਿਰਤੀ ਵਲੋਂ ਜ਼ਬਰਦਸਤ ਝਟਕੇ ਮਿਲਣੇ ਸੁਭਾਵਿਕ ਹੀ ਹਨ:

ਸੁਨਾਮੀ! ਹਾਂ ਮੇਰਾ ਨਾਮ ਸੁਨਾਮੀ ਹੈ-

ਅੱਕੇ ਸਮੁੰਦਰ ਸੀ ਪਾਸਾ ਲਿਆ ਰਤਾ

ਮੈਨੂੰ ਮੇਰੇ ਨਾਮ ਦੀ ਇਉਂ ਚਲਿਆ ਪਤਾ

ਮੈਂ ਥੋੜ੍ਹਾ ਥੋੜ੍ਹਾ ਜਾਣਦੀ ਉਵੇਂ

ਜਲ ਦਸਦਾ ਅਕਸਰ ਤੁਸਾਂ ਬਾਰੇ

ਵਣ ਤ੍ਰਿਣ ਤੇ ਹਵਾ ਵੀ 'ਫ਼ਸਾਨੇ ਸੁਣਾਏ

ਕਦੋਂ ਤਾਈਂ ਭਲਾ ਹੁਣ ਵਿਛੋੜਾ ਸਹਾਂਗੀ

ਛੱਡ ਸਭ ਕਾਰੇ ਤੁਹਾਡੇ ਅੰਗ ਸੰਗ ਰਹਾਂਗੀ

ਤੁਸਾਂ ਨੂੰ ਹੁਣ ਮੈਂ ਮਿਲਦੀ ਰਹਾਂਗੀ(187)

ਕਦੇ ਧਰਤੀ ਨੂੰ 'ਨੀਲਾ ਗ੍ਰਹਿ' ਜਾਂ 'ਹਰਾ ਗ੍ਰਹਿ' ਕਹਿ ਕੇ ਵਡਿਆਇਆ ਜਾਂਦਾ ਹੁੰਦਾ ਸੀ ਪਰ ਵਾਤਾਵਰਨ ਨੂੰ ਪਲੀਤ ਕਰਕੇ ਅਖੌਤੀ ਸੱਭਿਅਕ ਮਨੁੱਖ ਆਪਣੇ ਪੈਰੀਂ ਆਪ ਕੁਹਾੜਾ ਮਾਰੀ ਜਾ ਰਿਹਾ ਹੈ। ਸਾਵੀ ਧਰਤੀ ਦੇ ਕਾਲੇ ਸੰਤਾਪ ਦੀ ਵੇਦਨਾ ਨੂੰ ਵੀ ਕੋਈ-ਕੋਈ ਹੀ ਸਮਝ ਸਕਿਆ ਹੈ, ਅਸਲ ਵਿੱਚ ਇਹ ਵੇਦਨਾ ਕੇਵਲ ਧਰਤੀ ਦੀ ਨਹੀਂ, ਪ੍ਰਕਿਰਤੀ ਦੀ ਨਹੀਂ, ਸਗੋਂ ਇਨਸਾਨ ਦੀ ਆਪਣੀ ਵੇਦਨਾ ਹੈ ਕਿਉਂਕਿ ਧਰਤੀ ਦਾ ਹਰਿਆਉਣਾ ਹੀ ਇਨਸਾਨੀ ਜੀਵਨ ਦੇ ਹਰਿਆਉਣ ਦਾ ਸੰਕੇਤ ਹੀ ਹੈ। ਧਰਤੀ ਨੂੰ ਖੋਰ ਕੇ ਲੁੱਟ ਖਸੁੱਟ ਕੇ ਅਜੋਕਾ ਮਾਨਵ ਆਪਣੇ ਆਪ ਨੂੰ ਧਰਤੀ ਦਾ ਮਾਲਕ ਸਮਝਣ ਲੱਗ ਜਾਂਦਾ ਹੈ। ਉਹ ਭੁੱਲ ਜਾਂਦਾ ਹੈ ਕਿ ਮਾਲਕ ਤਾਂ ਕੇਵਲ ਪ੍ਰਕਿਰਤੀ ਦਾ ਕਰਤਾ ਕਾਦਰ ਹੈ। ਪ੍ਰਕਿਰਤੀ ਸਭ ਦੀ ਮਾਂ ਹੈ ਅਤੇ ਮਨੁੱਖ ਤਾਂ ਬਾਲਕ ਹੈ- ਮਾਲਕ ਨਹੀਂ ਹੈ। ਕੁਦਰਤ ਤੋਂ ਬੇਮੁੱਖ ਹੋਇਆ ਬੰਦਾ ਦਰ-ਦਰ ਦੀਆਂ ਠੋਕਰਾਂ ਖਾ ਕੇ ਮੁੜ ਤੋਂ ਪ੍ਰਕਿਰਤੀ ਨੂੰ ਮਾਣਨਾ ਲੋਚਦਾ ਹੈ। ਪਰ ਇਹ ਲੋਚਾ ਬਹੁਤੀ ਵਾਰੀ ਨੁਕਸਾਨ ਭੁਗਤਣ ਮਗਰੋਂ ਹੀ ਉਤਪੰਨ ਹੁੰਦੀ ਹੈ। ਧਰਤੀ ਦੇ ਦਰਦ ਨੂੰ ਬਿਆਨ ਕਰਦੀ ਕਵਿਤਾ 'ਧਰਤੀ' ਵਿੱਚ ਕਵੀ ਦੇ ਵਿਚਾਰ ਇਸ ਪ੍ਰਕਾਰ ਪ੍ਰਸਤੁਤ ਹੋਏ ਹਨ:

ਜਿੱਥੇ ਜਿੱਥੇ ਪੈਰ ਧਰਾਂ

ਗਾਵੇ ਧਰਤੀ ਹੋਈ ਜਾਵੇ ਪਰ ਹੋਰ ਪਰ੍ਹਾਂ

ਸੁਰੀਲੀ ਗੁੰਜਣ ਸੁਣਦਾ ਮੈਂ ਤੇਜ਼ ਤੁਰਾਂ

ਜੀਵਨ-ਦੁਗਧ ਲਈ ਉਹਦੇ ਤਾਈਂ ਅਪੜਨਾ ਚਾਹਵਾਂ

ਭੁੱਖਾ ਪਿਆਸਾ ਬਾਲ, ਭੈਭੀਤ ਰਾਹਾਂ ਤੋਂ ਪਰ ਡਰਾਂ

ਹਾਏ! ਮੈਂ ਕੀ ਕਰਾਂ?--ਉਹ ਹੁਣ ਵਸਤਰ ਪਹਨ ਬੈਠੀ--

ਪੀਲੀ-ਸੁਰਮਈ ਲਿਬਾਸ ਤਿਆਰ ਬਰ ਤਿਆਰ

ਮੌਕਾ ਕੋਈ ਖ਼ਾਸ ਖ਼ਾਸ ਉਦਾਸ ਉਦਾਸ ਮੂੰਹ ਤੇ ਝੁਰੜੀਆਂ ਚਹੁੰ ਜੁਗਾਂ ਦੀਆਂ

ਫੇਫੜਿਆਂ 'ਚੋਂ ਮਸ਼ੀਨਾਂ ਦੀ ਘਰਰ ਘਰਰ ਆਵੇ ਧੂੰਏ, ਕਾਰਬਨ ਨਾਲ ਲਿਬੜਿਆ ਚਿਹਰਾ

ਮੈਂ ਵੇਖਿਆ ਹੋਇਆ ਕਦੇ ਰਾਂਗਲਾ ਹਰਾ(229)

ਭਵਿੱਖ ਦੇ ਭਿਆਨਕ ਅਤੇ ਦਰਦਨਾਕ ਮੰਜ਼ਰ ਦਾ ਦ੍ਰਿਸ਼ਟਾਂਤ ਪੇਸ਼ ਕਰਦੀ ਕਵਿਤਾ 'ਕੀੜੀ ਗਲੋਬ ਤੇ ਹੋਰ ਨਿਰਸੁਕ' ਵਿੱਚ ਕਵੀ ਨੇ ਭਾਵੀ ਸਮੇਂ ਦੇ ਉਹ ਨਕਸ਼ ਉਲੀਕੇ ਹਨ ਜਿਨ੍ਹਾਂ ਅੰਦਰ ਧਰਤੀ ਦੇ ਵਾਸੀ ਤੇ ਚੁਗਿਰਦਾ ਸਭ ਕੁਝ ਬੀਤੇ ਸਮੇਂ ਦੀਆਂ ਬਾਤਾਂ ਬਣ ਗਏ ਦਿਖਾਲੀ ਦਿੰਦੇ ਹਨ। ਤਦੋਂ ਖ਼ਬਰਾਂ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਬਚਣਾ ਜੀਵਨ ਦੇ ਸਾਰੇ ਚਿੰਨ੍ਹ ਸਮਾਪਤ ਹੋ ਚੁੱਕੇ ਹੋਣਗੇ। ਜੀਵਨ ਦੀ ਸਮਾਪਤੀ ਵੇਲੇ ਸਭ ਪਾਸੇ ਸ਼ਾਂਤੀ ਸੁਹਜਾਤਮਮਿਕ ਨਹੀਂ ਸਗੋਂ ਖ਼ੌਫਨਾਕ ਹੋਵੇਗੀ। ਇਹ ਸੰਨਾਟਾ ਇਹ ਸ਼ਾਂਤੀ ਤੂਫ਼ਾਨ ਦੇ ਗੁਜ਼ਰ ਜਾਣ ਤੋਂ ਬਾਅਦ ਦੀ ਸ਼ਾਂਤੀ ਹੋਵੇਗੀ, ਜਿਸ ਵਿੱਚ ਆਬਾਦੀ ਦੇ ਨਹੀਂ ਸਗੋਂ ਬਰਬਾਦੀ ਦੇ ਲੱਛਣ ਹੋਣਗੇ। ਇਸ ਪ੍ਰਸੰਗ ਵਿੱਚ ਕਵਿਤਾ 'ਕੀੜੀ ਗਲੋਬ ਤੇ ਹੋਰ ਨਿਕਸੁਕ' ਵਿੱਚ ਇਸ ਪ੍ਰਕਾਰ ਵਿਚਾਰ ਸਾਂਝੇ ਕੀਤੇ ਗਏ ਹਨ:

ਤੁਸੀਂ ਵੀ ਰੋਜ਼ ਤੱਕਦੇ

ਕੀੜੀ-ਪਿੱਠ ਤੇ ਘੁੰਮਦਾ ਗਲੋਬ...

ਖ਼ਬਰ ਤੋਂ ਬਿਨਾਂ ਉਹ ਦੱਸਦੇ

(ਤੁਸੀਂ ਵੀ ਸੁਣਿਆਂ) ਬਚਿਆ ਕੁਝ ਹੋਰ ਨਹੀਂ

ਸਾਧ ਸਭ ਏਧਰ ਕੋਈ ਚੋਰ ਨਹੀਂ...

ਤੁਸੀਂ ਬਸ 'ਅੰਤਲਾ' ਦ੍ਰਿਸ਼ ਜ਼ਰੂਰ ਤੱਕਣਾ

ਥੱਕ ਜਾਏ ਕੀੜੀ ਜੇ ਕਿਤੇ

ਤਾਂ ਗਲੋਬ ਘੁੰਮਦਾ ਰੱਖਣਾ(236)

ਇਕ ਹੋਰ ਥਾਂਈ ਕਵੀ ਨੇ ਪਰਿੰਦੇ ਦੇ ਸੰਸਮਰਨ ਭਾਵ ਪਰਿੰਦੇ ਮੂੰਹੋਂ ਯਾਦਗਾਥਾ ਅਖਵਾਈ ਹੈ ਅਤੇ ਇਸ ਗਾਥਾ ਨੂੰ ਸਾਲ 3007 (ਭਾਵ ਹੁਣ ਤੋਂ ਲਗਭਗ 988 ਸਾਲ ਬਾਅਦ') ਪੰਛੀ ਕੋਲੋਂ ਬੁਲਵਾਇਆ ਹੈ। ਅਜਿਹੇ ਭਵਿੱਖਤ ਯੁਗ ਵਿੱਚ ਕਵੀ ਦੀ ਕਲਪਨਾ ਸਿਖ਼ਰ ‘ਤੇ ਜਾ ਕੇ ਉਦੋਂ ਦੀ ਵਾਤਾਵਰਨਿਕ ਸਥਿਤੀ ਦਾ

ਜਾਇਜ਼ਾ ਲੈਂਦੀ ਹੋਈ ਸਮੂਹ ਉਲਟ-ਪਲਟ ਚੁੱਕੀ ਵਾਤਾਵਰਨਿਕ ਵਿਵਸਥਾ ਦਾ ਵਰਨਣ ਕਰਦੀ ਹੈ। ਇਸ ਕਵਿਤਾ ਦੁਆਰਾ ਕਵੀ ਨੇ ਭਵਿੱਖ ਦੇ ਅਣਸੁਖਾਵੇਂ ਦ੍ਰਿਸ਼ ਚਿੱਤਰ ਕੇ ਮਨੁੱਖ ਨੂੰ ਹਲੂਣਿਆ ਹੈ ਅਤੇ ਵਾਤਾਵਰਨ ਪ੍ਰਤੀ ਸਕਾਰਾਤਮਿਕ ਰੂਪ ਵਿੱਚ ਚੇਤੰਨ ਕੀਤਾ ਹੈ। ਆਪਣੀ ਕਾਵਿ-ਕਲਪਨਾ ਦੇ ਚਰਮ 'ਤੇ ਪੁੱਜ ਕੇ ਕਵੀ ਨੂੰ ਦਿਖਦਾ ਹੈ ਕਿ ਬੰਦੇ ਨੂੰ ਦਾਇਨਾਸੁਰ ਹੋਇਆਂ ਭਾਵ ਮੁੱਕ ਚੁੱਕਿਆਂ ਹਜ਼ਾਰ ਵਰ੍ਹੇ ਬੀਤ ਗਏ ਹੋਣਗੇ, ਨੀਲੇ ਆਸਮਾਨ ਤੇ ਹਰੇ ਘਾਹ ਦੇ ਪਰੰਪਰਿਕ ਰੰਗ-ਢੰਗ ਆਪਸ ਵਿੱਚ ਬਦਲ ਗਏ ਹੋਣਗੇ, ਪਰਿੰਦੇ ਆਸਮਾਨ 'ਚ ਨਹੀਂ ਉੱਡਣਗੇ ਸਗੋਂ ਘਾਹ 'ਤੇ ਟਹਿਲਣਗੇ, ਮਨੁੱਖਤਾ ਮਰਨ ਨਾਲ ਪ੍ਰਕਿਰਤੀ ਮਰ ਜਾਵੇਗੀ ਤੇ ਭਾਵਾਂ ਬਿਨਾਂ ਭਾਸ਼ਾ ਮੁੱਖ ਜਾਵੇਗੀ। 'ਨੀਲਾ ਘਾਰ ਹਰਾ ਅਸਮਾਨ' (ਪਰਿੰਦੇ ਦੇ ਸੰਸਮਰਨ: ਸਾਲ 3007)' ਕਵਿਤਾ ਵਿੱਚ ਪ੍ਰਸਤੁਤ ਵਿਚਾਰ ਵਿਸ਼ੇਸ਼ ਤੌਰ 'ਤੇ ਧਿਆਨ ਗੋਚਰਾ ਕਰਨ ਯੋਗ ਹਨ:

ਤੇ ਫੇਰ ਇੱਕ ਦਿਨ ਭਾਸ਼ਾ ਮੁੱਕ ਗਈ
ਬਾਂਦਰਾਂ ਡੱਡੂਆਂ ਕਾਕਰੋਚਾਂ ਤੇ ਮੱਛੀਆਂ ਵਿਚਕਾਰ
ਚਲਦੀ ਖਲਬਲੀ ਬਾਰੇ ਖ਼ਬਰ ਛਾਪਣ ਵਾਲਾ ਕੋਈ ਨਾ ਰਿਹਾ
ਝੁਲਸੇ ਬਿਰਛਾਂ ਦੀਆਂ ਡਾਲ੍ਹਾਂ ਤੋਂ ਫ਼ੌਤ ਸੁਪਨੇ
ਹਾਲੀਂ ਵੀ ਸਨ ਲਟਕ ਰਹੇ
ਪੋਸਟ ਮਾਰਟਮ ਕਰਨ ਵਾਲਾ ਪਰ ਕੋਈ ਨਾ ਰਿਹਾ
ਸ਼ੈਆਂ ਥਾਂਵਾਂ ਦੇ ਅਸਲ ਰੰਗ-ਰੂਪ ਬਦਲ ਚੁੱਕੇ ਸਨ।
ਸਰਸਬਜ਼ ਜੀਅ-ਜੰਤ ਜਨੌਰਾਂ
ਰਲ੍ਹ-ਮਿਲ ਆਖ਼ਿਰ
ਧਰਤੀ 'ਤੇ ਅਮਨ-ਓ-ਚੈਨ ਬਹਾਲ ਕਰ ਲਿਆ ਸੀ
ਬੰਦੇ ਨੂੰ ਦਾਇਨਾਸੁਰ ਹੋਇਆਂ
ਪੂਰਾ ਇਕ ਹਜ਼ਾਰਾ ਬੀਤ ਚੁੱਕਿਆ ਸੀ।(237)

ਕਵੀ ਆਮ ਤੌਰ 'ਤੇ ਸੰਸਾਰ ਦੀਆਂ ਬੇਜ਼ਬਾਨ ਸ਼ੈਆਂ ਦਾ ਮਾਨਵੀਕਰਨ ਕਰਿਆ ਕਰਦੇ ਹਨ, ਪਰ ਇਸ ਈਕੋ ਕਵੀ ਨੇ ਦੇਸੋਂ-ਪਰਦੇਸ ਹੋਏ ਪੰਜਾਬੀਆਂ ਨੂੰ ਰੁੱਖ, ਪੰਜਾਬ ਨੂੰ ਰੁੱਖ ਦੀਆਂ ਜੜ੍ਹਾਂ, ਪਰਦੇਸੀ ਪੰਜਾਬੀਆਂ ਦੇ ਪਰਿਵਾਰ ਵਾਲਿਆਂ ਨੂੰ ਫਲ-ਫੁੱਲ ਅਤੇ ਪਰਿਵਾਰ ਦੇ ਬਿਰਧਾਂ ਨੂੰ ਬਿਰਖ ਆਖ ਕੇ ਪੂਰੀ ਮਾਨਵਤਾ ਦਾ ਪ੍ਰਕਿਰਤੀਕਰਨ ਕਰ ਦਿੱਤਾ ਹੈ। ਮਾਨਵੀਕਰਨ ਦੇ ਨਾਲੋਂ ਨਾਲ ਬਿਰਖੀਕਰਨ ਆਪਣੇ-ਆਪ ਵਿੱਚ ਇੱਕ ਅਦੁੱਤਾ ਪ੍ਰਯੋਗ ਹੋ ਨਿਬੜਿਆ ਹੈ।

ਪਰਿਹਾਰ ਦੇ ਕਾਵਿ ਦੀ ਪਹੁੰਚ ਵਿਸ਼ਵ-ਵਿਆਪੀ ਹੈ। ਉਸਨੇ ਗੁਲਮਰਗ ਵਿੱਚ ਪਹਿਲੀ ਕਵਿਤਾ ਲਿਖੀ, ਤੇ ਫਿਰ ਸਵਿਟਜ਼ਰਲੈਂਡ, ਆਸਟ੍ਰੇਲੀਆ, ਅਫਰੀਕਾ, ਕਨੇਡਾ, ਇੰਗਲੈਂਡ, ਪਾਲਮਪੁਰ, ਤੱਕ ਕਲਮ ਅਰੁਕ ਚਲਦੀ ਰੱਖੀ। ਵੇਦਾਂ-ਪੁਰਾਣਾ ਦੇ ਪੌਰਾਣਿਕ ਸੰਕਲਪਾਂ ਤੋਂ ਲੈ ਕੇ ਭਵਿੱਖ ਦੇ ਅੱਜ ਤੋਂ ਤਕਰੀਬਨ ਹਜ਼ਾਰ ਸਾਲ ਬਾਦ 3007 ਈਸਵੀ ਦੀ ਕਵਿਤਾ ਲਿਖ ਕੇ ਪੇਸ਼ ਕਰ ਦਿੱਤੀ ਹੈ। ਉਸ ਦੀ ਕਾਵਿ-ਪਹੁੰਚ ਦਾ ਦਾਇਰਾ ਬਹੁਤ ਵਿਸ਼ਾਲ ਹੈ, ਪਰ ਵਿਸ਼ੇਸ਼ ਗੱਲ ਇਹ ਹੈ ਕਿ ਵੇਦਾਂ ਪੁਰਾਣਾਂ ਤੋਂ ਆਰੰਭ ਹੋ ਕੇ ਸਾਲ 3007 ਤੱਕ ਉਸਦੀ ਕਲਮ ਨੇ ਵਾਤਾਵਰਨ ਦਾ ਸਾਥ ਨਿਭਾਉਣਾ ਬਾ-ਅਸੂਲ ਜਾਰੀ ਰੱਖਿਆ ਹੈ। ਵਿਲਕਦੀ ਧਰਤੀ ਦੇ ਵਿਰਲਾਪ ਨੂੰ ਹੌਂਸਲਾ ਅਤੇ ਬੁਲੰਦੀ ਦੇਣ ਵਾਲੀਆਂ ਅਣਗਿਣਤ ਕਵਿਤਾਵਾਂ ਵਰਿੰਦਰ ਪਰਿਹਾਰ ਨੇ ਲਿਖੀਆਂ ਹਨ। ਉਹ ਕੇਵਲ ਕਵਿਤਾ ਲਿਖਣ ਲਈ ਕਵਿਤਾ ਨਹੀਂ ਲਿਖਦਾ, ਉਹ ਦਿਲ ਦੇ ਬੋਝ ਨੂੰ ਹੌਲਾ ਕਰਨ ਲਈ ਤੇ ਮਨੁੱਖ ਹੋਣ ਦੇ ਨਾਤੇ ਗੁਨਾਹ ਕਬੂਲਣ ਲਈ ਕਵਿਤਾ ਲਿਖਦਾ ਹੈ। ਉਸਦੇ ਮਨੋਭਾਵ ਐਨੇ ਜਬਰਦਸਤ ਹੁੰਦੇ ਹਨ ਕਿ ਜਿਵੇਂ ਗਰਭਵਤੀ ਨੂੰ ਪ੍ਰਸਵ-ਪੀੜਾਂ ਉੱਠਦੀਆਂ ਹੋਣ ਤੇ ਸੱਚ ਤੇ ਧਰਾਤਲ ‘ਤੇ ਕਾਵਿ-ਲਫ਼ਜ਼ ਪਰੋ ਕੇ ਉਹ ਐਨਾ ਸ਼ਾਂਤ ਹੋ ਜਾਂਦਾ ਹੈ ਜਿਵੇਂ ਨਵ-ਜੰਮਿਆਂ ਬੱਚਾ ਆਪਣੀ ਮਾਂ ਦੀ ਗੋਦੀ ਵਿੱਚ ਖੇਡਦਾ ਹੋਵੇ। ਉਹ ਪ੍ਰਕਿਰਤੀ ਤੇ ਆਪਣੀ ਹੋਂਦ ਨੂੰ ਵੱਖ-ਵੱਖ ਕਰ ਕੇ ਨਹੀਂ ਵੇਖ ਸਕਦਾ। ਵਾਤਾਵਰਨਿਕ ਚੁਣੌਤੀਆਂ ਦੇ ਬਾਵਜੂਦ ਉਸਦੀ ਕਵਿਤਾ ਦੀ ਪਹੁੰਚ ਹਾਂ-ਪੱਖੀ ਹੈ। ਉਹ ਵਾਤਾਵਰਨ ਨੂੰ ਮੁੜ-ਸੁਰਜੀਤ ਕਰਨ ਲਈ ਆਪਣੇ ਕਾਵਿ ਦੁਆਰਾ ਸਾਰੀ ਮਨੁੱਖਤਾ ਨੂੰ ਹਲੂਣਾ ਦੇ ਰਿਹਾ ਹੈ, ਭਰਪੂਰ ਚੇਤਨਾ ਰੂਪੀ ਸੂਰਜ ਦੀ ਲੋਅ ਜੇਕਰ ਅਤੇ ਤੱਕ ਨਹੀਂ ਤਾਂ ਦੀਵੇ ਦੇ ਹੁੰਦਿਆ ਹਨ੍ਹੇਰਾ ਵੀ ਤਾਂ ਨਹੀਂ।

ਵਿਚਾਰ-ਚਰਚਾ ਮਗਰੋਂ ਇਸ ਨਿਰਣੇ 'ਤੇ ਅੱਪੜਿਆ ਜਾ ਸਕਦਾ ਹੈ ਕਿ ਪਰਵਾਸੀ ਪੰਜਾਬੀ ਸਾਹਿਤ ਦੀ ਅਮੀਰ ਵਿਰਾਸਤ ਵਿੱਚ ਅਨੇਕਾਂ ਸਰੋਕਾਰਾਂ ਨੂੰ ਉਜਾਗਰ ਕੀਤਾ ਜਾ ਰਿਹਾ ਹੈ। ਪਿਛਲੀ ਸਦੀ ਦੇ ਸਰੋਕਾਰਾਂ ਤੋਂ ਅੱਗੇ ਵੱਧ ਕੇ ਪਰਵਾਸੀ ਸਾਹਿਤਕਾਰਾਂ ਨੇ ਅਜਿਹੇ ਨਵੇਂ ਪ੍ਰਸੰਗਾਂ ਨੂੰ ਵੀ ਛੋਹਿਆ ਹੈ ਜੋ ਨਾ ਕੇਵਲ ਪੰਜਾਬ, ਭਾਰਤ ਜਾਂ ਵਿਦੇਸ਼ੀ ਧਰਤੀ, ਸਗੋਂ ਪੂਰੇ ਬ੍ਰਹਿਮੰਡ ਲਈ ਭਵਿੱਖਤ ਖ਼ਤਰਾ ਬਣ ਸਕਦੇ ਹਨ। ਵਾਤਾਵਰਨਿਕ ਚੇਤਨਾ, ਸੰਕਟ ਅਤੇ ਸੰਕਟ ਤੋਂ ਉਭਰਨ ਦੇ ਪੈਂਡਿਆਂ 'ਤੇ ਤੁਰਦੀ ਪਰਿਹਾਰ ਦੀ ਕਵਿਤਾ ਯਕੀਨੀ ਤੌਰ ‘ਤੇ ਈਕੋ ਕਵਿਤਾ ਹੈ। ਪਰਵਾਸੀ ਪੰਜਾਬੀ ਕਵੀਆਂ ਦੇ ਸੱਜਰੇ ਬਗੀਚੇ ਵਿੱਚ ਪਰਿਹਾਰ ਇੱਕ ਅਜਿਹਾ ਸਿਰ-ਕੱਢ ਕਵੀ ਹੈ, ਜਿਸ ਨੇ ਨਾ ਕੇਵਲ ਕਣ-ਕਾਇਨਾਤ ਅਤੇ ਕੁਦਰਤ ਦੀ ਨਜ਼ਮ ਕਹੀ ਹੈ, ਸਗੋਂ ਕਾਇਨਾਤ ਦੇ ਜ਼ੱਰ੍ਹੇ-ਜ਼ੱਰ੍ਹੇ ਨੂੰ ਆਪਣੇ ਲੂੰ-ਲੂੰ ਵਿੱਚ ਮਹਿਸੂਸ ਕੀਤਾ ਹੈ। ਇਹ ਰੁੱਖਾਂ, ਪੰਛੀਆਂ, ਨਦੀਆਂ, ਪਹਾੜਾਂ ਤੇ ਬੂਟਿਆਂ ਦੇ ਗਲ ਲੱਗ-ਲੱਗ ਭੁੱਬੀਂ ਰੋਇਆ ਵੀ ਹੈ ਤੇ ਵਾਤਾਵਰਨਿਕ ਸੰਕਟ ਦੇ ਦੈਂਤ ਨੂੰ ਹਰਾਉਣ ਲਈ ਕੁਦਰਤ ਤੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਿਆ ਵੀ ਹੈ।

**'ਪੰਛੀ ਬਿਰਖ ਸੁਹਾਵੜਾ'** ਮਨਮੋਹਨ ਸਿੰਘ ਦਾਊਂ ਦਾ ਪ੍ਰਤੀਨਿਧ ਕਾਵਿ ਸੰਗ੍ਰਹਿ ਹੈ। ਲੋਕਗੀਤ ਪ੍ਰਕਾਸ਼ਨ ਵੱਲੋਂ 2016 ਵਿੱਚ ਪ੍ਰਕਾਸ਼ਿਤ ਹੋਇਆ ਇਹ ਕਾਵਿ ਸੰਗ੍ਰਹਿ ਬਾਬਾ ਫ਼ਰੀਦ ਸਾਹਿਤ ਸਨਮਾਨ ਨਾਲ ਨਵਾਜਿਆ ਜਾ ਚੁੱਕਾ ਹੈ। ਇਹ ਸਨਮਾਨ ਆਲਮੀ ਪੰਜਾਬੀ ਅਦਬ ਫਾਊਂਡੇਸ਼ਨ ਫਰੀਦਕੋਟ ਵੱਲੋਂ ਹਥਲੇ ਕਾਵਿ ਸੰਗ੍ਰਹਿ ਨੂੰ 2018 ਵਿੱਚ ਪ੍ਰਦਾਨ ਕੀਤਾ ਗਿਆ ਹੈ। ਮੂਲ ਰੂਪ ਵਿੱਚ ਬਾਲ-ਸਾਹਿਤ ਰਚੇਤਾ ਵਜੋਂ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਮਨਮੋਹਨ ਸਿੰਘ ਦਾਊਂ ਕਵਿਤਾ ਅਤੇ ਵਾਰਤਕ ਵਿੱਚ ਭਰਪੂਰ ਰਚਨਾ ਕਰ ਚੁੱਕੇ ਹਨ। ਆਪ ਦੇ ਹੋਰ ਕਾਵਿ ਸੰਗ੍ਰਹਿ: ‘ਖ਼ਾਮੋਸ਼ ਚਸ਼ਮਾ’(1971), ‘ਦਰਦ ਸੰਗ ਦੋਸਤੀ’(1975), ‘ਮਿੱਟੀ ਦਾ ਰੁਦਨ’(1986), ‘ਰਾਤਾਂ ਪ੍ਰਭਾਤਾਂ’(1988), ‘ਅਗੰਮ ਅਗੋਚਰ’(2003), ‘ਸ਼ਾਇਰੀ ਦਾ ਸਰਵਰ’(2007), ‘ਤਿੱਪ ਤੇ ਕਾਇਨਾਤ’(2009), ‘ਲੋਕ ਰਾਂਗਲਾ ਪਿੱਪਲ’(2009), ‘ਸ਼ਾਇਰੀ ਸਾਗਰ’(2011), ‘ਉਦਾਸੀਆਂ ਦਾ ਬੂਹਾ-ਸੁਲਖਣੀ’(2014)। ਆਪ ਦੀਆਂ ਪ੍ਰਸਿੱਧ ਵਾਰਤਕ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ: ‘ਸਭਿਆਚਰਿਕ ਮੁਹਾਂਦਰੇ’, ‘ਬਾਲ ਝਰੋਖਾ’, ‘ਚਾਚਾ ਨਹਿਰੂ’, ‘ਜ਼ਿੰਦਗੀ ਦਾ ਸੱਚ’, ‘ਪੁਆਧ ਦਰਪਣ

(ਸੰਪਾਦਨਾ)', 'ਰੁੱਖਾਂ ਨਾਲ ਦੋਸਤੀ', 'ਪੰਜਾਬ ਦਾ ਸੁਪਨ ਸਾਜ਼- ਡਾ. ਐਮ.ਐਸ'. ਰੰਧਾਵਾ', 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ'।

ਪੰਜਾਬ ਦੇ ਧਾਰਮਿਕ ਪਿਛੋਕੜ ਵਿੱਚੋਂ ਰੁੱਖਾਂ ਦੀ ਮਹਿਮਾ ਕਰਦਾ ਹੋਇਆ ਕਵੀ ਰੁੱਖ ਲਗਾ ਕੇ ਚੁਗਿਰਦੇ ਦੀ ਸੰਭਾਲ ਕਰਨਾ ਆਪਣੇ ਸੱਭਿਆਚਾਰ ਦਾ ਲਾਜ਼ਮੀ ਅੰਗ ਮੰਨਦਾ ਹੈ। ਗੁਰੂ ਸਹਿਬਾਨਾਂ ਦੁਆਰਾ ਦਿੱਤੇ ਹੋਏ ਸੰਦੇਸ਼ ਨੂੰ ਉਹ ਇਸ ਪ੍ਰਕਾਰ ਦ੍ਰਿੜ ਕਰਵਾਉਂਦਾ ਹੈ:

> ਸਾਡੇ ਧਾਰਮਿਕ ਗ੍ਰੰਥਾਂ ਵਿੱਚ ਬਿਰਖਾਂ ਦੀ ਮਹਿਮਾ, ਮਨੁੱਖ ਦੇ ਜੀਵਨ-ਸੁੱਖ ਲਈ ਕੁਸ਼ਟ ਨਿਵਾਰਣ ਦੀ ਦ੍ਰਿਸ਼ਟੀ ਤੋਂ ਗਾਈ ਹੈ। ਕੋਈ ਜੜ੍ਹੀ-ਬੂਟੀ, ਪੌਦਾ ਤੇ ਬਿਰਖ ਅਜਿਹਾ ਨਹੀਂ ਜਿਹੜਾ ਮਨੁੱਖ ਲਈ ਕਲਿਆਣਕਾਰੀ ਨਾ ਹੋਵੇ। ਮਨੁੱਖ ਨੇ ਖੋਜ ਕਰ-ਕਰ ਕੇ, ਤਜ਼ਰਬੇ ਕਰ-ਕਰ ਕੇ, ਨਿਰਖ-ਪਰਖ ਕੇ ਇਹਨਾਂ ਤੋਂ ਦਵਾਈਆਂ ਬਣਾਈਆਂ। ਜ਼ਰਾ ਸੋਚੋ ਤਾਂ ਸਹੀ, ਇਹਨਾਂ ਬਿਨਾਂ ਸਾਡਾ ਗੁਜ਼ਾਰਾ ਕਿਵੇਂ ਹੋ ਸਕਦਾ ਹੈ। ਗੁਰਬਾਣੀ ਵਿੱਚ ਤਾਂ ਬਿਰਖ ਨੂੰ ਬਹੁਤ ਉੱਚਾ-ਸੁੱਚਾ ਦਰਜਾ ਦਿੱਤਾ ਗਿਆ ਹੈ ਜਿਸ ਨਾਲ ਸਰੀਰ ਤਾਂ ਕੀ ਆਤਮਾ ਵੀ ਤ੍ਰਿਪਤ ਹੋ ਜਾਂਦੀ ਹੈ(6)

ਤੀਸਰੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਅਮਰਦਾਸ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਅੰਗ 514 'ਤੇ ਗੂਜਰੀ ਕੀ ਵਾਰ ਵਿੱਚ ਇਸ ਪ੍ਰਥਾਏ ਫ਼ੁਰਮਾਣ ਕਰਦੇ ਹਨ:

ਹਰ ਜੀਉ ਅੰਮ੍ਰਿਤ ਬਿਰਖੁ ਹੈ ॥
ਜਿਨ ਪੀਆ ਤੇ ਤ੍ਰਿਪਤਾਨੀ ॥

ਰੋਜ਼ਾਨਾ ਦੇ ਜੀਵਨ ਕ੍ਰਮ ਵਿੱਚ ਮਨੁੱਖ ਚੁਗਿਰਦੇ ਦੇ ਸਭ ਤੋਂ ਮਹੱਤਵਪੂਰਨ ਅੰਗ ਰੁੱਖਾਂ ਨੂੰ ਅੱਖੋਂ ਪਰੋਖੇ ਕਰ ਦਿੰਦਾ ਹੈ। ਉਹ ਭੁੱਲ ਜਾਂਦਾ ਹੈ ਕਿ ਬਿਰਖ ਹੈ ਤਾਂ ਹੀ ਮਨੁੱਖ ਹੈ, ਬਿਰਖਾਂ ਬਿਨਾਂ ਸੁੱਖਾਂ ਦੀ ਆਸ ਵੀ ਨਹੀਂ ਕੀਤੀ ਜਾ ਸਕਦੀ। ਕਵੀ ਨੂੰ ਬਿਰਖ ਬਾਣੀ ਵਰਗੇ ਨਿਰਮਲ, ਲੋਕਗੀਤਾਂ ਵਰਗੇ ਨਿਰੋਲ ਅਤੇ ਆਪਣੇ ਸਾਹ ਵਰਗੇ ਅਤਿ ਜ਼ਰੂਰੀ ਜਾਪਦੇ ਹਨ। ਇਸ ਕਾਵਿ ਸੰਗ੍ਰਹਿ ਰਾਹੀਂ ਉਹ ਸਮੂਹ ਸਮਾਜ ਨੂੰ ਰੁੱਖਾਂ ਦੀ ਸੰਭਾਲ ਕਰਨ ਦਾ ਸੰਦੇਸ਼ ਇਸ ਪ੍ਰਕਾਰ ਸੰਚਾਰਿਤ ਕਰਦਾ ਹੈ:

ਆਦਤ ਬਣਾਈਏ ਕਿ ਰੁੱਖਾਂ ਬਾਰੇ ਗਿਆਨ ਹਾਸਲ ਕਰੀਏ। ਸਾਡੇ ਪੂਰਵਜਾਂ ਨੇ ਰੁੱਖਾਂ ਬਾਰੇ ਬਹੁਤ ਸੁੰਦਰ ਲਿਖਿਆ ਹੈ। ਜ਼ਿੰਦਗੀ ਦੇ ਗੀਤ ਵਰਗੀਆਂ ਗੱਲਾਂ, ਰੁੱਖਾਂ ਕਰਕੇ ਹੀ ਹਨ। ਸਾਡੇ ਲੋਕ-ਗੀਤਾਂ ਵਿੱਚ ਰੁੱਖਾਂ ਬਾਰੇ ਕਮਾਲ ਦੇ ਗੀਤ ਮਿਲਦੇ ਹਨ ਜਿਵੇਂ ਵੇਦਾਂ ਵਿੱਚ ਸਿਆਣਪ ਦੀਆਂ ਗੱਲਾਂ। ਰੁੱਖਾਂ ਬਾਰੇ ਉਹ ਗੀਤ, ਬਾਣੀ ਵਰਗੀ ਸੁਚੱਮਤਾ ਨਾਲ ਲਿਖੇ ਗਏ ਹਨ। ਉਹਨਾਂ ਵਿੱਚ ਮਨੁੱਖ ਅਤੇ ਰੁੱਖ ਦੀ ਸਾਂਝ ਸਰਬਕਾਲੀ ਹੈ। ਦਾਤਾਂ ਤਾਂ ਬਿਰਖ ਦਿੰਦੇ ਹੀ ਆ ਰਹੇ ਹਨ ਜਿਨ੍ਹਾਂ ਦਾ ਰਿਣ ਉਤਾਰਿਆਂ ਹੀ ਨਹੀਂ ਜਾ ਸਕਦਾ। ਜਿਹੜੀ ਵਸਤ ਮਨੁੱਖ ਨੂੰ ਜਿਉਣ ਲਈ ਜ਼ਿੰਦਗੀ ਪ੍ਰਦਾਨ ਕਰਦੀ ਹੈ, ਉਸ ਦਾ ਮੁੱਲ ਕਿਵੇਂ ਉਤਾਰਿਆ ਜਾ ਸਕਦਾ ਹੈ(5)

ਰੁੱਖਾਂ ਦੀ ਤੁਲਨਾ ਮਹਾਂਪੁਰਖਾਂ ਅਤੇ ਦਰਵੇਸ਼ਾਂ ਨਾਲ ਕਰਕੇ ਕਵੀ ਨੇ ਵਾਤਾਵਰਨ ਦਾ ਦਾਰਸ਼ਨਿਕ ਸੰਕਲਪ ਸਿਰਜਿਆ ਹੈ। ਦਾਰਸ਼ਨਿਕ ਨਜ਼ਰੀਏ ਤੋਂ ਉਹ ਮੰਨਦਾ ਹੈ ਕਿ ਬਿਰਖ ਹੀ ਜ਼ਿੰਦਗੀ ਦਾ ਗੀਤ ਹੈ। ਹਰ ਰੁੱਖ ਕਿਸੇ ਨਾ ਕਿਸੇ ਰੂਪ ਵਿੱਚ ਮਨੁੱਖ ਦਾ ਲਾਭ ਕਰਨ ਹਿੱਤ ਪ੍ਰਮਾਤਮਾ ਵੱਲੋਂ ਉਪਜਾਇਆ ਗਿਆ ਹੈ ਪਰ ਦੁੱਖ ਦੀ ਗੱਲ ਹੈ ਕਿ ਆਧੁਨਿਕਤਾ ਦੀ ਦੌੜ ਵਿੱਚ ਸ਼ਾਮਿਲ ਹੋਇਆ ਮਨੁੱਖ ਨਾ ਤਾਂ ਆਪਣੇ ਨਫ਼ੇ-ਨੁਕਸਾਨ ਬਾਰੇ ਚਿੰਤਤ ਹੈ ਅਤੇ ਨਾ ਹੀ ਵਾਤਾਵਰਨ ਦੀ ਵਿਗੜ ਰਹੀ ਸਥਿਤੀ ਬਾਰੇ। ਮਨੁੱਖ ਨੂੰ ਸਿਰਫ਼ ਤੇ ਸਿਰਫ਼ ਨਿੱਜੀ ਅਤੇ ਪਦਾਰਥਕ ਲਾਭ ਹੀ ਨਜ਼ਰ ਆਉਂਦੇ ਹਨ। ਉਹ ਆਪਣੀ ਹਸਤੀ ਨੂੰ ਕਾਦਰ ਦੀ ਸਿਰਜੀ ਕੁਦਰਤ ਨਾਲੋਂ ਨਿਖੇੜ ਕੇ ਵਾਚਦਾ ਹੈ। ਇਸ ਪ੍ਰਸੰਗ ਵਿੱਚ ਕਵੀ ਬਿਆਨ ਕਰਦਾ ਹੈ ਕਿ:

ਫ਼ਲ ਤੋਂ ਦਰਖਤ ਜਾਣਿਆ ਜਾਂਦਾ ਹੈ। ਇਸੇ ਕਰਕੇ ਸਾਡੇ ਕਵੀ ਰਵਿੰਦਰ ਨਾਥ ਟੈਗੋਰ ਲਿਖਦੇ ਹਨ ਕਿ ਰੁੱਖ ਨੂੰ ਭੋਇ ਨਾਲੋਂ ਵੱਖ ਕਰਨਾ, ਉਸ ਦੀ ਆਜ਼ਾਦੀ ਨਹੀਂ ਸਗੋਂ ਮੌਤ ਹੈ। ਕਿੰਨੀ ਗੰਭੀਰ ਸਥਿਤੀ ਹੈ ਕਿ ਬਿਰਖ ਅਰਜ਼ ਕਰੇ ਤੇ ਮਨੁੱਖ ਉਸ ਨੂੰ ਸੁਣੇ ਵੀ ਨਾ। ਸੁਣਨ ਵਿੱਚ ਹੀ ਮਨੁੱਖ ਦਾ ਭਲਾ ਹੈ। ਸੜਕਾਂ ਨੂੰ ਹਾਈ-ਵੇ ਬਣਾਉਣ ਵੇਲੇ ਸੋਹਣੇ ਬਿਰਖਾਂ ਨੂੰ ਪੁੱਟਣਾ ਪਿਆ। ਹਸ਼ਰ ਕੀ ਹੋਇਆ? ਰਾਹ ਬੇਪਛਾਣ ਹੋ ਗਏ। ਸੜਕਾਂ 'ਤੇ ਸਥਿਤ ਪਿੰਡ, ਨਗਰ ਤੇ ਸ਼ਹਿਰ ਓਪਰੇ-ਓਪਰੇ ਜਾਪਣ ਲੱਗ ਪਏ। (7)

ਜਿੱਥੇ ਰੁੱਖ ਹੈ, ਉੱਥੇ ਰੌਣਕ ਹੈ। ਜਿੱਥੇ ਰੁੱਖ ਹੈ ਉੱਥੇ ਭੁੱਖ ਨਹੀਂ ਹੈ, ਪਸ਼ੂ, ਪੰਛੀ, ਜੀਵ ਤੇ ਕੀੜੇ-ਮਕੌੜੇ ਆਪਣੇ ਖਾਣ ਦਾ ਸਾਧਨ ਰੁੱਖਾਂ ਵਿੱਚੋਂ ਲੱਭ ਲੈਂਦੇ ਹਨ। ਪੁਸਤਕ ਦੇ ਪਹਿਲੇ ਸਫ਼ੇ 'ਤੇ ਅੰਕਿਤ ਸਮਰਪਣ ਨੂੰ ਵਾਚਿਆਂ ਪ੍ਰਤੀਤ ਹੁੰਦਾ ਹੈ ਕਿ ਕਵੀ ਲਈ ਸੱਭਿਆਚਾਰ ਦੇ ਥੰਮ੍ਹ- ਬਜ਼ੁਰਗ ਅਤੇ ਬਿਰਖ ਬਹੁਤ ਸਤਿਕਾਰਯੋਗ ਹਨ। ਉਸ ਦੀ ਵਿਚਾਰਧਾਰਾ ਅਨੁਸਾਰ ਬਿਰਖਾਂ ਅਤੇ ਬਜ਼ੁਰਗਾਂ ਦੀ ਸੰਭਾਲ ਕਰਨੀ ਨੇਕ ਕੰਮ ਹੈ।

ਅੱਸੀ ਪੰਨ੍ਹਿਆਂ ਵਿੱਚ ਇੱਕਤੀ ਕਵਿਤਾਵਾਂ ਦਰਜ ਹਨ ਅਤੇ ਸਾਰੀਆਂ ਦੀਆਂ ਸਾਰੀਆਂ ਕਵਿਤਾਵਾਂ ਬਿਰਖ ਨੂੰ ਜਾਂ ਬਿਰਖ ਵਲੋਂ ਸੰਵਾਦ ਰਚਾਉਦੀਆਂ ਪ੍ਰਤੀਤ ਹੁੰਦੀਆਂ ਹਨ। ਸਭ ਤੋਂ ਪਹਿਲੀ ਕਵਿਤਾ 'ਬੰਦਨਾ' ਕਵੀ ਵਲੋਂ ਅਕਾਲ ਪੁਰਖ਼ ਨੂੰ ਕੀਤੀ ਗਈ ਅਰਦਾਸ ਹੈ ਤਾਂ ਜੋ ਪ੍ਰਕਿਰਤੀ ਦੇ ਰੰਗ-ਬਰੰਗੇ ਰੁੱਖਾਂ, ਬੂਟਿਆਂ, ਫੁੱਲਾਂ ਤੇ ਮਹਿਕਾਂ ਵਾਂਗਰ ਉਪਕਾਰ ਦੇ ਗੁਣ ਉਸ ਨੂੰ ਮਿਲ ਸਕਣ। ਇਸ ਕਵਿਤਾ ਅੰਦਰ ਕਵੀ ਬਿਰਖ ਵਾਂਗ ਪਰ-ਉਪਕਾਰੀ ਬਣਨ ਦੀ ਜਾਚਨਾ ਰੱਬ ਅੱਗੇ ਇਸ ਪ੍ਰਕਾਰ ਕਰਦਾ ਹੈ:

ਮੇਰੇ ਸ਼ਬਦਾਂ ਨੂੰ ਏਦਾਂ ਦੀ ਕੋਈ

ਸ਼ਬਦ-ਕੋਸ਼ ਦੀ ਪੋਥੀ ਦੇ

ਤਾਂ ਜੋ ਮਾਨਵਤਾ ਦੇ ਮੁੱਖ ਪਾਤਰ

ਮੈਂ ਬਿਰਖ ਵਾਂਗ

ਕੁਝ ਕਰਨ ਦੇ ਯੋਗ ਬਣਾ(13)

ਸੱਭਿਆਚਾਰ ਵੱਲ ਨੁਹਾਰ ਮੋੜਦੀ ਵਿਚਾਰਧਾਰਾ ਦਰਸਾਉਂਦੀ ਕਵਿਤਾ ਹੈ- 'ਬਿਰਖ ਦਾ ਪੈਂਡਾ'। ਬੀਜ ਤੋਂ ਉਤਪੰਨ ਹੋ ਕੇ ਬਿਰਖ ਬਣਨ ਦੇ ਸਫ਼ਰ ਨੂੰ ਕਵੀ ਨੇ ਬੜੇ ਢੁੱਕਵੇਂ ਦ੍ਰਿਸ਼ਟਾਂਤ ਦੇ ਕੇ ਬਿਆਨਿਆ ਹੈ। ਜਿਵੇਂ ਹਰ ਉੱਚੀ ਅਤੇ ਵੱਡੀ ਤੋਂ ਵੱਡੀ ਇਮਾਰਤ ਦਾ ਆਧਾਰ ਉਸਦੀ ਮਜ਼ਬੂਤ ਨੀਂਹ ਹੁੰਦੀ ਹੈ, ਜਿਵੇਂ ਹਰ ਸਫ਼ਲ ਆਦਮੀ ਦੇ ਪਿੱਛੇ ਉਸਦੀ ਪਰਿਵਾਰਕ ਗੁੜ੍ਹਤੀ ਦੇ ਨਿਰੰਤਰ ਸੰਘਰਸ਼ ਦਾ ਹੱਥ ਹੁੰਦਾ ਹੈ, ਉਸ ਤਰ੍ਹਾਂ ਬੀਜ ਖ਼ਾਮੋਸ਼ੀ ਨਾਲ ਮਿੱਟੀ ਹੇਠ ਦੱਬਿਆ ਰਹਿੰਦਾ ਹੈ ਤੇ ਇਕ ਦਿਨ ਪੂਰਨ ਬਿਰਖ਼ ਬਣ ਕੇ ਵਿਕਸਤ ਹੋ ਜਾਂਦਾ ਹੈ। ਇਥੇ ਇਹ ਫਲਸਫਾ ਸਾਹਮਣੇ ਆਉਂਦਾ ਹੈ ਕਿ ਪਿਛੋਕੜ ਵਿੱਚ ਰਹਿ ਕੇ ਸੇਵਾ ਨਿਭਾਉਣ ਵਾਲੀ ਨੀਂਹ ਜਾਂ

ਪਰਿਵਾਰ ਜਾਂ ਫਿਰ ਬੀਜ ਕਿਸੇ ਨੂੰ ਵਿਖਾਈ ਨਹੀਂ ਦਿੰਦੇ ਪਰ ਉਹਨਾਂ ਦੀ ਮਿਹਨਤ ਰੰਗ ਜ਼ਰੂਰ ਲਿਆਉਂਦੀ ਹੈ। ਰੁੱਖ ਤਾਂ ਮਿੱਟੀ ਦੇ ਹੇਠ ਬੀਜ ਦੇ ਬੀਜੇ ਜਾਣ ਮਗਰੋਂ ਦੀ ਸਖ਼ਤ ਘਾਲਣਾ, ਸੰਜਮ ਅਤੇ ਸਹਿਨਸ਼ੀਲਤਾ ਦਾ ਸਿੱਟਾ ਹੁੰਦਾ ਹੈ। ਬਿਰਖ ਦੀ ਹੋਂਦ ਬੀਜ ਤੋਂ ਆਰੰਭ ਹੁੰਦੀ ਹੈ। ਇਸ ਬਾਬਤ ਅੰਕਿਤ ਕੀਤਾ ਗਿਆ ਹੈ ਕਿ:

ਬਿਰਖ ਬਣ ਕੇ ਵੇਖਾਂ
ਬੰਧਨਾਂ ਤੋਂ ਮੁਕਤੀ ਮਿਲ ਜਾਵੇਗੀ।
ਬਿਰਖ ਬਣਨ ਲਈ
ਬੀਜ ਬਣਨਾ ਪਵੇਗਾ,
ਆਪਣੇ ਆਦਿ-ਕਾਲ 'ਚ ਜਾਣਾ ਪਵੇਗਾ
ਸਵੈ ਤੋਂ ਅਗਾਂਹ ਤੁਰਨਾ ਆ ਜਾਵੇਗਾ(14)

ਪੰਜਾਬੀ ਸੱਭਿਆਚਾਰ ਅਤੇ ਸਾਹਿਤ ਅੰਦਰ ਰੁੱਖਾਂ ਨੂੰ ਰਿਖੀ ਕਹਿ ਕੇ ਸਤਿਕਾਰਿਆ ਗਿਆ ਹੈ। ਕਵੀ ਦੇ ਸੰਵੇਦਨਸ਼ੀਲ ਹਿਰਦੇ ਅੰਦਰ ਬਿਰਖਾਂ ਨੂੰ ਵੀ ਮਨੁੱਖਾਂ ਵਾਂਗ ਮਹਿਸੂਸ ਕਰਨ ਦੀ ਵਿਸ਼ਾਲ ਸਮਰੱਥਾ ਹੈ। ਆਮਤੌਰ ‘ਤੇ ਕਿਹਾ ਜਾਂਦਾ ਹੈ ਕਿ 'ਕੁੱਤਾ' ਮਨੁੱਖ ਲਈ ਬੜਾ ਵਫ਼ਾਦਾਰ ਪ੍ਰਾਣੀ ਹੁੰਦਾ ਹੈ ਪਰ ਕਵੀ ਨੇ ਇਸ ਤੋਂ ਵੀ ਇੱਕ ਕਦਮ ਅਗਾਂਹ ਚੱਲ ਕੇ ਰੁੱਖਾਂ ਨੂੰ ਮਨੁੱਖਾਂ ਲਈ ਸਭ ਤੋਂ ਵੱਧ ਵਫ਼ਾਦਾਰ ਸਾਬਿਤ ਕੀਤਾ ਹੈ, ਕਿ ਬਿਰਖ ਬਿਨਾਂ ਕੋਈ ਗੁੱਸਾ-ਗਿਲਾ ਕੀਤੇ, ਬਿਨਾ ਕੋਈ ਪ੍ਰਤੀਕਰਮ ਦਿੱਤਿਆਂ ਹੀ ਚੁਪ-ਚਾਪ ਸੰਪੂਰਨ ਜਗਤ ਦੀ ਸੇਵਾ ਕਰਦਾ ਰਹਿੰਦਾ ਹੈ। ਇਸ ਲਈ ਅਜਿਹੇ ਮਹਾਨ ਵਫ਼ਾਦਾਰ ਨਾਲ ਹੀ ਦੋਸਤੀ ਪਾਉਣੀ ਚਾਹੀਦੀ ਹੈ:

ਰੁੱਖਾਂ ਦੀ ਕੁੱਖ ਕਦੇ ਨਾ ਖਾਲੀ ਹੁੰਦੀ,
ਚੁੱਪ-ਚਪੀਤੇ ਰੁੱਤਾਂ ਨੂੰ ਹਰਿਆਲੀ ਦਿੰਦੀ,
ਰੁੱਖ ਤਾਂ ਮਿਤਰੋ ਪੌਣ ਨੂੰ ਨਿਰਮਲ ਕਰਦੇ
ਬੁੱਧ-ਬਿਬੇਕ ਰਿਸ਼ੀਆਂ ਵਾਂਗੂ(17)

ਇਸੇ ਤਰ੍ਹਾਂ ਇਕ ਹੋਰ ਕਵਿਤਾ 'ਬਿਰਖ ਰਿਸ਼ੀ' ਵਿੱਚ ਇਹ ਵਿਚਾਰ ਪੇਸ਼ ਹੁੰਦੇ ਹਨ ਕਿ ਰੁੱਖ ਜਦੋਂ ਤੱਕ ਹਰਿਆਏ ਰਹਿੰਦੇ ਨੇ ਹਨ੍ਹੇਰੀ-ਝੱਖੜ ਝੱਲ ਕੇ ਵੀ, ਸਿਖ਼ਰ ਦੁਪਿਹਰੇ ਸੜ ਕੇ ਵੀ ਹੋਰਨਾਂ ਨੂੰ ਛਾਂਵਾਂ ਵੰਡਦੇ ਹਨ। ਫ਼ਲ-ਫੁੱਲ ਤੇ ਸੁਗੰਧੀਆਂ ਦੀ ਛਹਿਬਰ ਲਾਈ ਰੱਖਦੇ ਹਨ। ਕੀ ਮੀਂਹ, ਕੀ ਗੜ੍ਹੇ ਜਾਂ ਫਿਰ ਮਨਮੱਤਿਆਂ ਵਲੋਂ ਕੁਹਾੜੇ, ਇਹ ਸਭ ਕੁਝ ਸਹਿ ਕੇ ਵੀ ਪਰਉਪਕਾਰ ਕਰਨ ਦੀ ਰੀਤ ਨਿਭਾਉਂਦੇ ਨੇ। ਹੋਰ ਤਾਂ ਹੋਰ ਸੁੱਕ ਕੇ ਲੱਕੜਾਂ ਬਣ ਗਏ ਬਿਰਖ ਝੂਲੇ ਤੋਂ ਲੈ ਕੇ ਮੜ੍ਹੀਆਂ ਤੱਕ ਬਿਨਾਂ ਪੱਖਪਾਤ ਤੋਂ ਮਨੁੱਖ ਨੂੰ ਸਹਿਯੋਗ ਕਰਦੇ ਆਏ ਹਨ। ਇਸ ਲਈ ਇਹਨਾਂ ਦਾ ਰੁਤਬਾ ਰਿਸ਼ੀਆਂ ਬਰਾਬਰ ਮੰਨਿਆ ਜਾਂਦਾ ਹੈ:

ਦੁੱਖ ਹੋਣ 'ਤੇ ਵਿਰਲਾਪ ਨਾ ਕਰਦੇ,

ਨਾ ਹੀ ਹੌਕੇ ਭਰਦੇ,

ਵਸਤ ਅਦਾਇਗੀ ਬਦਲੇ,

ਨਾ ਰਸੀਦੀ ਟਿਕਟ ਦੇ ਉੱਤੇ ਹਸਤਾਖ਼ਰ ਲੈਂਦੇ,

ਸਭਨਾਂ ਖਾਤਰ ਇਕੋ ਜਿਹਾ ਵਤੀਰਾ ਰਖਦੇ,

ਮੈਂ ਮੈਂ ਨਾ ਕਰਦੇ, ਸਹਿਜ ਪ੍ਰਕਿਰਿਆ ਕਰਦੇ,

ਬਿਰਖ ਤਾਂ ਹੁੰਦੇ ਰਿਸ਼ੀਆਂ ਵਰਗੇ(19)

ਕਿਤੇ-ਕਿਤੇ ਕਵੀ ਨੂੰ ਪਤਝੜ ਦਾ ਦ੍ਰਿਸ਼ ਉਦਾਸ ਕਰਨ ਲੱਗਦੇ ਤਾਂ ਬਿਰਖ ਦੀਆਂ ਜੜ੍ਹਾਂ ਨਾਲ ਹੁੰਦੇ ਹਾਂ-ਪੱਖੀ ਸੰਵਾਦ ਸਦਕਾ ਉਸਦੀ ਸੋਚ ਮੁੜ ਸਕਾਰਾਤਮਿਕ ਹੋ ਨਿਬੜਦੀ ਹੈ। ਬਿਰਖ ਦੇ ਸੁੱਕੇ ਪੱਤਿਆਂ ਕਰਕੇ ਜੇਕਰ ਰੁੱਖ ਦੁਖੀ ਹੈ ਤਾਂ ਉਸਨੂੰ ਮੁੜ ਸਾਵੇ ਪੱਤਿਆਂ ਦੀ ਉਡੀਕ ਵੀ ਹੈ ਅਤੇ ਇਹੋ ਉਡੀਕ ਕਰਕੇ ਉਸ ਦੀ ਨਿਰਾਸ਼ਾ ਵੀ ਆਸ਼ਾ ਵਿੱਚ ਪਰਿਵਰਤਿਤ ਹੋ ਜਾਂਦੀ ਹੈ:

ਬਿਰਖ ਦੇ ਸੁੱਤੇ ਪੱਤੇ ਸੜ ਰਹੇ ਹਨ,

ਅੱਗ ਦਾ ਭਾਂਬੜ ਬਲ ਰਿਹਾ ਹੈ...

ਮਾਂ ਦੀ ਮਮਤਾ ਸਿਮਰਤੀ 'ਚ ਵਸ ਜਾਂਦੀ ਹੈ

ਜੋ ਪੁੱਤਰ ਦੀ ਮੌਤ 'ਤੇ ਧਰਵਾਸਾ ਰੱਖਦੀ ਹੈ

ਘਰ ਦੀ ਸੰਭਾਲ ਖਾਤਰ।

ਧੀਰਜ ਰੱਖਣ ਲਈ

ਮੁੜ ਸਾਵੇ ਪੱਤਿਆਂ ਦੀ ਉਡੀਕ ਲਈ

ਬਿਰਖ ਜੜ੍ਹਾਂ ਨਾਲ ਗੋਸ਼ਟੀ ਕਰਨ ਲਗਦਾ ਹੈ

ਤੇ ਬਿਰਖ ਦਾ ਅੱਥਰੂ

ਹਵਾ 'ਚ ਘੁਲ ਜਾਂਦਾ ਹੈ(23)

ਆਧੁਨਿਕ ਬੋਧ ਦੀ ਕਵਿਤਾ ਕਰਦਾ ਹੋਇਆ ਕਵੀ ਰੁੱਖਾਂ ਨੂੰ ਧਰਤੀ 'ਤੇ ਉੱਕਰੀ ਹੋਈ ਕੁਦਰਤ ਤੇ ਕਾਦਰ ਦੀ ਚਿੱਤਰਕਾਰੀ ਵਜੋਂ ਵਾਚਦਾ ਹੈ:

ਧਰਤੀ ਦੀ ਕੈਨਵਸ ਉੱਤੇ

ਰੁੱਖ ਅਨੇਕ ਰੰਗਾਂ ਦੀ

ਚਿੱਤਰਕਾਰੀ ਕਰਦੇ

ਭੂ-ਦ੍ਰਿਸ਼ਾਂ ਨੂੰ ਸੁੰਦਰ ਕਰਦੇ(29)

ਆਦਮੀ ਦਾ ਵਸੇਬਾ ਘਰ ਹੈ, ਜਿਸਨੂੰ ਨੰਬਰ ਲੱਗਦੇ ਹਨ, ਸਿਰਨਾਵੇਂ ਲਿਖੇ ਜਾਂਦੇ ਹਨ। ਜਿਸ ਦੀ ਸੁਰੱਖਿਆ ਲਈ ਜੰਦਰੇ ਮਾਰ ਕੇ ਜਾਣਾ ਪੈਂਦਾ ਹੈ ਪਰ ਇਸਦੇ ਵਿਪਰੀਤ ਰੁੱਖ, ਜਿਹੜਾ ਪੰਛੀਆਂ ਤੇ ਜੀਵਾਂ ਲਈ ਵਸੇਬਾ ਹੁੰਦਾ ਹੈ, ਜਿਹੜਾ ਆਲ੍ਹਣਿਆਂ ਦਾ ਆਧਾਰ ਬਣਦਾ ਹੈ, ਜਿਹੜਾ ਸ਼ੁੱਧ ਹਵਾ, ਮਹਿਕਾਂ, ਫਲ, ਫੁੱਲ ਤੇ ਔਸ਼ੁਧੀਆਂ ਤਕਸੀਮ ਕਰਦਾ ਹੈ, ਛਾਵਾਂ ਮੁਫ਼ਤ ਵਿੱਚ ਪ੍ਰਦਾਨ ਕਰਦਾ ਹੈ। ਡੋਲੀਆਂ, ਮਧਾਣੀਆਂ, ਚਰਖੇ, ਪੰਘੂੜੇ, ਪੀੜ੍ਹੀਆਂ, ਪੀਘਾਂ ਤੇ ਬਿਬਾਨ ਦਾ ਸਾਧਨ ਬਣਦਾ ਹੈ, ਉਸ ਨੂੰ ਕਦੇ ਜੰਦਰੇ ਨਹੀਂ ਮਾਰਨੇ ਪੈਂਦੇ। ਅਕਸਰ ਵੇਖਣ ਵਿੱਚ ਆਉਂਦਾ ਹੈ ਕਿ ਜਿਸ ਘਰ ਦੇ ਵਿਹੜੇ ਵਿੱਚ ਰੁੱਖ ਸਦ-ਹਰਿਆਏ ਰਹਿੰਦੇ ਨੇ ਉਹਨਾਂ ਘਰਾਂ ਦਾ ਸਿਰਨਾਵਾਂ ਲੋਕ ਬਿਰਖਾਂ ਦੀ ਪੈੜ ਨਾਲ ਜੋੜ ਕੇ ਰਾਹਗੀਰਾਂ ਨੂੰ ਉਸ ਘਰ ਦਾ ਰਾਹ ਦੱਸ ਦਿੰਦੇ ਨੇ, ਜਿਵੇਂ ਕਿ: '***ਉਸ ਗਲੀ***

***ਦੇ ਮੋੜ 'ਤੇ ਅੰਬ ਵਾਲਾ ਘਰ ਹੈ -ਓਹੀ ਹੈ ਜਿਸਦਾ ਤੁਸੀਂ ਪਤਾ ਪੁੱਛ ਰਹੇ ਹੋ।', 'ਓਹ ਸਾਹਮਣੇ ਵੇਖੋ ਕਚਨਾਰ ਦੇ ਕਿੰਨੇ ਫੁੱਲ ਖਿੜੇ ਨੇ...ਇਹੀ ਹੈ ਤੁਹਾਡੇ ਮਿੱਤਰ ਦਾ ਘਰ', 'ਇਸੇ ਸੜਕ ਨੂੰ ਸਿੱਧੇ ਤੁਰਦੇ ਜਾਣਾ...ਜਦੋਂ 200 ਕੁ ਮੀਟਰ ਤੁਰ ਕੇ ਸੰਘਣੀ ਛਾਂ ਵਾਲਾ ਪਿੱਪਲ ਦਿਖੇ ਤਾਂ ਉੱਥੇ ਹੀ ਰੁਕ ਜਾਣਾ ,ਓਹੀ ਮਾਸਟਰ ਹੁਰਾਂ ਦਾ ਘਰ ਹੈ'।*** ਆਦਿ ਇਸੇ ਸੰਕਲਪ ਅਧੀਨ ਮਨਮੋਹਨ ਦਾਊਂ ਨੇ ਬਿਰਖ ਕਰਕੇ ਆਪਣੇ ਘਰ ਦੀ ਪਛਾਣ ਨੂੰ ਸੁਹਿਰਦਤਾ ਨਾਲ ਕਵਿਤਾ 'ਕਚਨਾਰ ਵਾਲਾ ਘਰ' ਵਿੱਚ ਇਸ ਪ੍ਰਕਾਰ ਅਪਣਾਉਂਦਾ ਹੈ:

ਜਦੋਂ ਮੈਂ ਆਪਣਾ ਘਰ ਬਣਾਇਆ,
ਉਦੋਂ ਮੇਰੇ ਘਰ ਸਾਹਮਣੇ ਇਹ ਰੁੱਖ ਬਹੁਤ ਛੋਟਾ ਸੀ,
ਵਰ੍ਹੇ ਬੀਤ ਗਏ
ਘਰ ਤਾਂ ਉਤਨਾ ਉੱਚਾ ਹੀ ਰਿਹਾ
ਤੇ ਪੁਰਾਣਾ ਹੁੰਦਾ ਗਿਆ,
ਪਰ ਕਚਨਾਰ ਦਾ ਰੁੱਖ ਵੱਡਾ ਹੁੰਦਾ ਗਿਆ...
ਹੁਣ ਮੈਨੂੰ ਨੰਬਰ ਨਹੀਂ
ਇਸ ਰੁੱਖ ਦੀ ਨਿਸ਼ਾਨੀ ਦੱਸਣੀ
ਸੌਖੀ ਲਗਦੀ ਹੈ
ਘਰ ਲੱਭਣ ਲਈ(32)

ਪਰਵਰਦਗਾਰ ਦੀ ਪ੍ਰਕਿਰਤੀ ਥੀਂਵੀ ਪਦਾਰਥਕ ਅਤੇ ਪਰਮਾਰਥਕ ਦਰਸ਼ਨ ਦੀ ਬਾਤ ਬੜੀ ਗੁੱਝੀ ਹੋਇਆ ਕਰਦੀ ਹੈ। ਬਿਰਖ ਨਾਲ ਸੰਵਾਦ ਰਚਾਉਂਦੇ ਕਵੀ ਨੂੰ ਬਿਰਖਾਂ 'ਚੋਂ ਰੱਬ ਦਿਸਦਾ ਹੈ, ਆਪਣੇ ਪੁਰਖ਼ੇ ਦਿਸਦੇ ਹਨ ਤੇ ਆਪਣੀ ਭਵਿੱਖਤ ਪੀੜ੍ਹੀ ਵੀ ਨਜ਼ਰੀ ਆਉਂਦੀ ਹੈ। ਜਦੋਂ ਕਵੀ ਇੱਕਲਤਾ ਦੂਰ ਕਰਨ ਲਈ ਬਿਰਖ ਵੱਲ ਤੱਕ ਕੇ ਸੰਵਾਦ ਰਚਾਉਣਾ ਚਾਹੁੰਦਾ ਹੈ ਤਾਂ ਜਾਣੋ ਬਿਰਖ ਜੋ ਕੁਲ ਲੁਕਾਈ ਨੂੰ ਭੋਜਨ, ਛਾਂ, ਆਸਰਾ

ਤੇ ਸ਼ਾਂਤੀ ਪ੍ਰਦਾਨ ਕਰਦੇ ਹਨ, ਕਵੀ ਨੂੰ ਉਹ ਕਵਿਤਾ ਦਾ ਉਪਹਾਰ ਦਿੰਦਾ ਹੈ। ਜਦੋਂ ਕਵੀ ਕਵਿਤਾ ਲਿਖਦਾ ਹੈ ਤਾਂ ਬਿਰਖ ਦਾ ਮਾਨਵੀਕਰਨ ਹੁੰਦਾ ਹੈ ਤੇ ਉਹ ਪੁੱਛਦਾ ਹੈ ਕਿ:

ਮੈਂ ਤਾਂ ਤੇਰਾ ਰੁੱਖ ਕਰ ਰਿਹਾ ਹਾਂ

ਤੂੰ ਹੀ ਮੇਰੇ ਵੱਲ

ਰੁੱਖ ਕਰਨਾ ਭੁੱਲ ਗਿਆ ਹੈਂ

ਰੁੱਸ ਗਿਆ ਹੈਂ, ਮੇਰੇ ਨਾਲ...

ਮੈਂ ਤੈਨੂੰ ਉਡੀਕਦਾ ਹਾਂ

ਤੇ ਉਡੀਕਣ ਵਾਲਾ ਕਦੇ

ਨਿਰਮੋਹਾ ਨਹੀਂ ਹੁੰਦਾ(39)

ਢੱਕ ਕੇ ਕੇਸੂਆਂ ਦੇ ਅਨੇਕ ਲਾਭ ਗਿਣਾਉਂਦੇ ਹੋਏ ਕਵੀ ਨੇ ਨਿਗੂਣੇ ਤੇ ਢੀਠ ਜਿਹੇ ਮੰਨ੍ਹੇ ਜਾਂਦੇ ਇਸ ਬਿਰਖ ਨੂੰ ਹੁਸਨ ਨਾਲ ਲਬਰੇਜ਼ ਦੱਸਿਆ ਹੈ। ਇਸਨੂੰ ਵਿਗਸਣ ਖਾਤਰ ਬਹੁਤੀ ਉਪਜਾਊ ਧਰਤੀ ਦੀ ਲੋੜ ਨਹੀਂ ਹੁੰਦੀ ਤੇ ਨਾ ਹੀ ਸਿੰਜਾਈ ਬਹੁਤੀ ਲੋੜੀਂਦੀ ਹੈ। ਇਹ ਪਹਾੜਾਂ ਉੱਤੇ ਆਪ-ਮੁਹਾਰਾ ਹੀ ਫੁੱਟ ਜਾਣ ਵਾਲਾ ਬਿਰਛ ਹੁੰਦਾ ਹੈ। ਇਸਦੇ ਪੱਤੇ ਪਸ਼ੂਆਂ ਦਾ ਮਨਭਾਉਂਦਾ ਅਹਾਰ ਹੁੰਦੇ ਹਨ। ਇਸ ਦੇ ਪੱਤਿਆਂ ਦਾ ਪ੍ਰਯੋਗ ਪੱਤਲਾਂ ਬਣਾਉਣ ਲਈ ਕੀਤਾ ਜਾਂਦਾ ਹੈ। ਇਸ ਰੁੱਖ ਦੇ ਗੂੰਦ (ਕਮਰਕਸ) ਦਾ ਪ੍ਰਯੋਗ ਕਈ ਦੇਸੀ ਦਵਾਈਆਂ ਬਣਾਉਣ ਵਿੱਚ ਕੀਤਾ ਜਾਂਦਾ ਹੈ। ਇਸ ਰੁੱਖ ਦੇ ਚਟਕੀਲੇ ਲਾਲ ਫੁੱਲ ਵੀ ਕਈ ਰੋਗਾਂ ਦੇ ਇਲਾਜ ਲਈ ਵਰਤੇ ਜਾਂਦੇ ਹਨ। ਚਮੜੀ ਰੋਗਾਂ ਨੂੰ ਦੂਰ ਕਰਨ ਲਈ ਤੇ ਸਰੀਰ ਦੀ ਰੋਗ-ਪ੍ਰਤੀਰੋਧਕ ਸਮਰੱਥਾ ਵਧਾਉਣ ਲਈ ਢੱਕ ਦੇ ਫੁੱਲਾਂ ਦਾ ਪ੍ਰਯੋਗ ਲਾਭਦਾਇਕ ਹੁੰਦਾ ਹੈ। ਇਸ ਦੀ ਲੱਕੜ ਜੋ ਕਿ ਦਿਖਣ ਵਿੱਚ ਕਾਫੀ ਖੁਰਦਰੀ ਲੱਗਦੀ ਹੈ- ਨੂੰ ਕਾਫ਼ੀ ਪਵਿੱਤਰ ਤੇ ਗੁਣਕਾਰੀ ਮੰਨਿਆ ਜਾਂਦਾ ਹੈ। ਪੁਰਾਤਨ ਸਮੇਂ ਤੋਂ ਜੱਗ-ਅਨੁਸ਼ਠਾਨ ਅਤੇ ਦਾਹ-ਸੰਸਕਾਰ ਲਈ ਇਸਦੀ ਲੱਕੜ ਦਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਇਸ ਰੁੱਖ ਦਾ ਹਰ ਇੱਕ ਅੰਗ ਔਸ਼ਧੀ-ਗੁਣਾਂ ਨਾਲ ਭਰਪੂਰ

ਹੈ ਤੇ ਇਹ ਵਾਤਾਵਰਨ ਨੂੰ ਸੁਖਾਵਾਂ ਬਣਾਉਂਦਾ ਹੈ। ਕਵਿਤਾ 'ਢੱਕ ਦੇ ਕੇਸੂਆਂ ਦਾ ਹੁਸਨ' ਅੰਦਰ ਕਵੀ ਇਸਦੀ ਪ੍ਰਸੰਸਾ ਇਸ ਪ੍ਰਕਾਰ ਕਰਦਾ ਹੈ:

ਬੰਜਰ ਧਰਤੀ ਥਾਂ ਸੁੰਨੀ 'ਤੇ
ਢੱਕ ਦਾ ਖੜਿਆ ਦਿੱਸੇ ਰੁੱਖ,
ਪੱਤੇ ਚੌੜੇ ਗੋਲ ਚੀਕਣੇ
ਖਾਵਣ ਪਸ਼ੂ ਤੇ ਲਾਹਣ ਭੁੱਖ...
ਫੁੱਲ ਕੇਸੂ ਦੇ ਸਾਂਭਣ ਜੋਗੇ
ਰੋਗਾਂ ਦੇ ਕੰਮ ਆਵਣ,
ਲੱਕੜ ਇਸ ਦੀ ਸਮਝ ਪਵਿੱਤਰ
ਚਿਤਾ 'ਤੇ ਲੋਕੀਂ ਪਾਵਣ(48)

ਇੱਕੀਵੀਂ ਸਦੀ ਦਾ ਬਹੁਤਾ ਪੜ੍ਹਿਆ ਲਿਖਿਆ ਤਬਕਾ ਬਨਸਪਤੀ ਤੋਂ ਵੱਧ ਤਰਜੀਹ ਇਮਾਰਤਾਂ, ਉਦਯੋਗਾਂ ਅਤੇ ਕੰਕਰੀਟੀ ਜੰਗਲ ਨੂੰ ਦਿੰਦਾ ਹੈ। ਖ਼ੁਦ ਨੂੰ ਦੌਲਤਮੰਦ ਅਤੇ ਅਕਲਮੰਦ ਸਮਝਣ ਵਾਲੇ ਵਿਅਕਤੀ ਨੂੰ ਰੁੱਖ-ਬੂਟੇ ਇਸ ਪ੍ਰਕਾਰ ਅਰਜ਼ੋਈ ਕਰਦੇ ਹਨ:

ਬਾਗ਼ਾਂ ਦਿਆ ਰਾਜਿਆ ਤੂੰ
ਬਾਗ਼ ਨਾ ਉਜਾੜ ਵੇ,
ਸਾਵੇ ਸਾਵੇ ਰੁੱਖਾਂ ਉੱਤੇ
ਨਾ ਐਵੇਂ ਗੁੱਸਾ ਝਾੜ ਵੇ...
ਵਰਖਾ ਵਰ੍ਹਾਉਣ ਵਿੱਚ
ਰੁੱਖ ਦੇਣ ਸਾਥ ਵੇ,
ਪੜ੍ਹ ਕੇ ਕਿਤਾਬਾਂ ਦੱਸ

ਸੱਚੀ ਸੱਚੀ ਬਾਤ ਵੇ...

ਲੋਭੀ ਹੋ ਕੇ ਰਾਜਿਆ ਤੂੰ

ਰੁੱਖਾਂ ਨੂੰ ਨਾ ਵੱਢ ਵੇ,

ਜੰਗਲਾਂ ਨੂੰ ਕੱਟਣੇ ਦੀ

ਭੈੜੀ ਹਿੰਡ ਛੱਡ ਵੇ(54)

ਜਿਵੇਂ ਕਿ ਸਮਰਪਣ ਵਾਲੇ ਪੰਨੇ ਤੋਂ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਕਾਵਿ-ਸੰਗ੍ਰਿਹ ਦੀ ਤ੍ਰਿਕੋਣ ਦੇ ਤਿੰਨੋਂ ਬਿੰਦੂ: ਰੁੱਖ, ਰਿਸ਼ੀ ਅਤੇ ਬਜ਼ੁਰਗ ਆਪਸ ਵਿੱਚ ਇੱਕ-ਦੂਜੇ ਦੇ ਪੂਰਕ ਹਨ, ਇਨ੍ਹਾਂ ਤਿੰਨਾਂ ਵਿਚੋਂ ਹਰ ਇੱਕ ਦੀ ਹੋਂਦ ਸੁਤੰਤਰ ਹੋਣ ਦੇ ਬਾਵਜੂਦ ਦੂਜੇ ਦੋਹਾਂ 'ਤੇ ਵੀ ਨਿਰਭਰ ਕਰਦੀ ਹੈ। ਅਜਿਹਾ ਹੀ ਖ਼ੂਬਸੂਰਤ ਅਹਿਸਾਸ ਕਵਿਤਾ 'ਆਪਣਾ ਲਹੂ' ਵਿੱਚ ਪ੍ਰਸਤੁਤ ਕੀਤਾ ਗਿਆ ਹੈ:

ਬੋਹੜ ਪੁਰਾਣਾ ਬੁੱਢਾ ਹੋਇਆ

ਅਜੇ ਵੀ ਛਾਂਵਾਂ ਦੇਵੇ

ਸੁੱਖਾਂ ਲੋੜੇ

ਡੂੰਘੀਆਂ ਜੜ੍ਹਾਂ ਸੰਭਾਲੀ

ਫਰਿਆਦਾਂ ਅਤੇ ਦੁਆਵਾਂ ਕਰਦਾ

ਸੱਭਿਆਚਾਰ ਨੂੰ

ਹਰਿਆ ਭਰਿਆ ਕਰਦਾ।

ਬਜ਼ੁਰਗ ਦੀ ਮਾਇਆ

ਬਿਰਖ ਦੀ ਛਾਇਆ

ਮੁੱਲ ਕੋਈ ਨਾ ਹੁੰਦਾ

ਆਪਣਾ ਲਹੂ

ਆਪਣਾ ਹੀ ਹੁੰਦਾ(71)

ਬਿਰਖ ਅਤੇ ਮਨੁੱਖ ਦੀ ਸੋਚ ਦਾ ਟਾਕਰਾ ਕਰ ਕੇ ਕਵੀ ਨੇ ਇਹ ਸੁਨੇਹਾ ਦਿੱਤਾ ਹੈ ਕਿ ਬਿਰਖ ਦੀ ਸੋਚ ਵਿੱਚ ਪਰਉਪਕਾਰੀ ਅਤੇ ਪਰੰਪਰਾਵਾਦੀ ਸੁਰ ਸਮੋਏ ਹੁੰਦੇ ਹਨ ਜਦਕਿ ਮਨੁੱਖ ਦੀ ਸੋਚ ਪਰ ਤੋਂ ਨਿੱਜ ਤੱਕ ਅਤੇ ਖੇੜੇ ਤੋਂ ਸਿਰਫ਼ ਸੈਲਫ਼ੀਨੁਮਾ ਮੁਸਕੁਰਾਹਟ ਤੱਕ ਸੰਕੋਚੀ ਜਾ ਰਹੀ ਹੈ। ਇਸ ਪ੍ਰਤੀ ਕਵਿਤਾ 'ਬਿਰਖ ਦੀ ਸੋਚ' ਵਿਚ ਕਲਾਤਮਿਕਤਾ ਨਾਲ ਵਿਚਾਰ ਇਸ ਤਰ੍ਹਾਂ ਦਰਪੇਸ਼ ਹੋਏ ਹਨ:

ਬਿਰਖ ਖੜੋਤਾ, ਸੋਚ ਰਿਹਾ ਸੀ

ਪੰਛੀ ਉੱਡ ਕੇ, ਮੁੜ ਨਾ ਪਰਤੇ,

ਕੀ ਗੁਸਤਾਖੀ ਹੋਈ ਮੈਥੋਂ?

ਸੁੰਨ ਪਸਰੀ, ਕਿੰਜ ਰੌਣਕ ਹੋਵੇ?

ਕੀ ਬੰਦਾ ਵੀ, ਆਪਣੀ ਗ਼ਲਤੀ ਬਾਰੇ

ਇੰਜ ਸੋਚ ਨਹੀਂ ਸਕਦਾ?(73)

ਬੰਦਾ ਬਿਰਛ ਨਾਲ ਭਾਵੇਂ ਕਿੰਨੀਆਂ ਵੀ ਵਧੀਕੀਆਂ ਕਿਉਂ ਨਾ ਕਰਦੇ ਰਹੇ ਪਰ ਬਿਰਛ ਬਜ਼ੁਰਗਾਂ ਵਾਂਗ ਕੇਵਲ ਅਸੀਸਾਂ ਹੀ ਦਿੰਦਾ ਹੈ। ਕਹਿੰਦੇ ਹਨ ਕਿ ਪੁੱਤ ਕਪੁੱਤ ਹੋ ਸਕਦੇ ਨੇ, ਪਰ ਮਾਪੇ ਕਦੇ ਕੁਮਾਪੇ ਨਹੀਂ ਹੋ ਸਕਦੇ। ਠੀਕ ਇਸੇ ਤਰ੍ਹਾਂ ਬਿਰਛ ਬੰਦਿਆਂ ਲਈ ਸਦਾ ਛਾਂ ਤੇ ਹਰਿਆਲੀ ਦੀ ਅਰਦਾਸ ਕਰਦੇ ਹਨ। ਫਿਰ ਵੀ ਮਨੁੱਖ ਨੂੰ ਕੁਦਰਤ ਪ੍ਰਤੀ ਪ੍ਰੇਮ ਨਹੀਂ ਆਉਂਦਾ। ਰੁੱਖ ਮਨੁੱਖ ਦਾ ਮਿੱਤਰ ਬਣਿਆ ਰਹਿੰਦਾ ਹੈ ਪਰ ਮਨੁੱਖ ਰੁੱਖਾਂ ਦਾ ਦੁਸ਼ਮਣ ਬਣਿਆ ਰਹਿੰਦਾ ਹੈ। ਅਜਿਹੇ ਹੀ ਮਨੋਭਾਵਾਂ ਨੂੰ ਸੰਚਾਰਿਤ ਕਰਦੀ ਹੋਈ ਕਵਿਤਾ 'ਅਰਦਾਸ' ਦੀ ਉਦਾਹਰਨ ਪ੍ਰਸਤੁਤ ਹੈ:

ਇਹ ਕਿਹੋ ਜਿਹੀ ਔੜ ਦਾ ਮੌਸਮ ਕਿ ਬਿਰਖ

ਛਾਵਾਂ ਲਈ ਅਰਦਾਸ ਕਰਦੇ ਨੇ,

ਫਿਰ ਮਨੁੱਖ ਦੇ ਹੱਥ ਕੁਹਾੜਾ ਕਿਉਂ?(79)

ਜਦੋਂ ਵਾਤਾਵਰਨ ਪ੍ਰੇਮੀਆਂ ਦੇ ਹਿਰਦੇ ਸੂਖ਼ਮਤਾ ਨਾਲ ਪ੍ਰਕਿਰਤੀ ਦੇ ਹਰ ਰੰਗ ਵਿੱਚ ਵਿੱਚਰਦੇ ਹਨ ਤਾਂ ਹਰ ਸ਼ੈਅ ਨਾਲ ਉਹਨਾਂ ਦੀ ਸਾਂਝ ਸਥਾਪਤ ਹੋ ਜਾਂਦੀ ਹੈ। ਇਸ ਮਸ਼ੀਨੀ ਯੁੱਗ ਵਿਚਲੀ ਖੋਹ-ਖਿੱਚ ਤੇ ਅਵਸਰਵਾਦੀ ਪ੍ਰਵਿਰਤੀ ਵਾਲੇ ਲੋਕਾਂ ਵਿਚਕਾਰ ਕੁਝ ਅਜਿਹੇ ਦਰਵੇਸ਼ ਰੂਹਾਂ ਵਾਲੇ ਲੋਕ ਵੀ ਹੁੰਦੇ ਹਨ ਜਿਨ੍ਹਾਂ ਕਰਕੇ ਬੇਜ਼ੁਬਾਨਾਂ ਨੂੰ ਵੀ ਜ਼ਜ਼ਬਾਤ ਬਿਆਨ ਕਰਨ ਦਾ ਢੰਗ ਆਇਆ, ਜਿਹੜੇ ਰੁੱਖਾਂ ਦੇ ਦੁੱਖ-ਸੁੱਖ ਦੇ ਭਾਈਵਾਲ ਬਣਦੇ ਨੇ। ਉਂਝ ਤਾਂ ਇਸ ਆਧੁਨਿਕ ਜ਼ਮਾਨੇ ਵਿੱਚ ਬੰਦਾ ਹੀ ਬੰਦੇ ਤੋਂ ਅਜਨਬੀ ਹੈ ਅਤੇ ਆਪਣੇ ਆਪ ਤੋਂ ਹੀ ਬੇਗਾਨਗੀ ਦਾ ਸੰਤਾਪ ਝੱਲ ਰਿਹਾ ਹੈ। ਕਵੀ ਆਪਣੇ ਮੂਕ-ਦੋਸਤ ਭਾਵ ਰੁੱਖ ਨਾਲ ਗੱਲਬਾਤ ਕਰਦਾ ਹੋਇਆ ਬਿਰਖ ਦੇ ਵਿਚਾਰ ਆਪਣੀ ਕਵਿਤਾ 'ਗੁਫ਼ਤਗੂ' ਵਿੱਚ ਇਸ ਪ੍ਰਕਾਰ ਪੇਸ਼ ਕਰਦਾ ਹੈ:

ਮੈਂ ਬਿਰਖ ਨੂੰ ਕਿਹਾ
ਕੋਈ ਨਜ਼ਮ ਸੁਣਾ,
ਮੈਂ ਹਰਿਆਲੀ ਵੰਡਣੀ
ਰਹਿਣ ਦੇ ਮੈਨੂੰ ਤੂੰ ਹਰਾ...
ਮੈਂ ਬੀਜ ਨੂੰ ਪੁੱਛਿਆ
ਉੱਗਣ ਦਾ ਕੀ ਰਾਜ਼
ਆਪਾ ਮਿੱਟੀ ਵਾਰ ਕੇ
ਹੋ ਜਾਵਾਂ ਸਰ-ਸਾਜ਼(80)

ਪ੍ਰਮੁੱਖ ਰੂਪ ਵਿੱਚ ਬਾਲ ਸਾਹਿਤਕਾਰ ਵਜੋਂ ਵਿਖਿਆਤ ਮਨਮੋਹਨ ਸਿੰਘ ਦਾਊਂ ਇੱਕ ਪ੍ਰਕਿਰਤੀ ਪ੍ਰੇਮੀ ਸਾਹਿਤਕਾਰ ਹੈ। ਹਥਲਾ ਕਾਵਿ ਸੰਗ੍ਰਿਹ ਉਸਦੀ ਵਾਤਾਵਰਨਿਕ ਪ੍ਰਤੀਬੱਧਤਾ ਨੂੰ ਸਪੱਸ਼ਟ ਤੌਰ 'ਤੇ ਪੇਸ਼ ਕਰਦਾ ਹੈ। ਰੁੱਖਾਂ ਦੇ ਭਿੰਨ-ਭਿੰਨ ਲਾਭ ਦੱਸ ਕੇ, ਉਸਨੇ ਬਿਰਖਾਂ ਦਾ ਮਹਾਤਮ ਗਾਇਆ ਹੈ, ਮਨੁੱਖ ਨੂੰ ਇਸ ਪ੍ਰਤੀ ਚੇਤਾਇਆ ਹੈ ਤੇ ਰੁੱਖਾਂ ਨੂੰ ਪੁਰਖਿਆਂ ਵਾਂਗ ਵਡਿਆਇਆ ਹੈ। ਅਧਿਆਇ ਦੇ ਆਰੰਭ ਵਿੱਚ ਪ੍ਰਸਤੁਤ ਪਰਿਭਾਸ਼ਾਵਾਂ ਦਾ ਹਵਾਲਾ ਦੇ ਕੇ ਕਾਵਿ ਦਾ ਸਿਧਾਂਤਕ ਪਰਿਪੇਖ ਉਸਾਰਿਆ ਗਿਆ ਸੀ ਤੇ ਉਸੇ ਕਸਵੱਟੀ 'ਤੇ

ਹਥਲੇ ਕਾਵਿ-ਸੰਗ੍ਰਹਿ ਦਾ ਮੁਲਾਂਕਣ ਕਰਨਾ ਹੀ ਖੋਜ-ਕਾਰਜ ਦਾ ਨਿਰਨਾਇਕ ਸਿੱਟਾ ਹੋਵੇਗਾ। ਜਿਵੇਂ ਕਿ ਦੱਸਿਆ ਗਿਆ ਕਿ ਕਾਵਿ ਦਾ ਪ੍ਰਤੱਖ ਸੰਬੰਧ ਮਨੁੱਖੀ ਸਥਿਤੀ, ਭਾਵਨਾਵਾਂ, ਸਮਾਜਿਕ ਸਰੋਕਾਰਾਂ ਅਤੇ ਸਮੱਸਿਆਵਾਂ ਨਾਲ ਹੁੰਦਾ ਹੈ ਸੋ ਉਪਰੋਕਤ ਸੰਗ੍ਰਿਹ ਵਰਤਮਾਨ ਸਮੇਂ ਦੀ ਵੱਡੀ ਸਮੱਸਿਆ-ਵਾਤਾਵਰਨੀ ਵਿਗਾੜ (ਕਾਰਨ ਤੇ ਸਮਾਧਾਨ) ਨੂੰ ਸੰਬੋਧਿਤ ਹੈ। ਸਾਹਿਤ ਦੀ ਸਿਰਜਨਾ ਦਾ ਮਨੋਰਥ ਕੇਵਲ ਸੁਹਜਾਤਮਕ ਰਚਨਾਵਾਂ ਨੂੰ ਲਿਖਣਾ ਹੀ ਨਹੀਂ ਹੁੰਦਾ ਸਗੋਂ ਸਮਕਾਲੀ ਸੰਕਟਾਂ ਬਾਰੇ ਚੇਤੰਨ ਕਰਨ ਦਾ ਜ਼ਿੰਮਾ ਵੀ ਸਾਹਿਤਕਾਰ ਦੀ ਕਲਮ ਕੋਲ ਹੀ ਹੁੰਦਾ ਹੈ। ਕਿਸੇ ਵੀ ਕਾਲ ਵਿੱਚ ਕਿਸੇ ਸਮਾਜਿਕ ਇਕਾਈ ਦੀਆਂ ਸਮੱਸਿਆਵਾਂ, ਊਣਤਾਈਆਂ ਅਤੇ ਵਿਸ਼ੇਸ਼ਤਾਵਾਂ ਪ੍ਰਤੀ ਸਮੂਹ ਪਾਠਕ ਜਗਤ ਨੂੰ ਜਾਗ੍ਰਿਤ ਕਰਨ ਦੀ ਜ਼ਿੰਮੇਦਾਰੀ ਉਸ ਸਮੇਂ ਦੇ ਸਾਹਿਤਕਾਰਾਂ ਦੀ ਵੀ ਹੁੰਦੀ ਹੈ ਅਤੇ ਇਹ ਕਿਹਾ ਜਾ ਸਕਦਾ ਹੈ ਕਿ ਹਥਲਾ ਕਾਵਿ ਸੰਗ੍ਰਹਿ 'ਪੰਛੀ ਬਿਰਖ ਸੁਹਾਵੜਾ' ਬੜੀ ਪਰਪੱਕਤਾ ਸਹਿਤ ਇਹ ਜ਼ਿੰਮੇਦਾਰੀ ਨਿਭਾਅ ਰਿਹਾ ਹੈ।

ਇਸ ਪ੍ਰਕਾਰ ਇਹ ਸਪੱਸ਼ਟ ਹੁੰਦਾ ਹੈ ਕਿ ਕਾਵਿ-ਸੰਗ੍ਰਿਹ 'ਪੰਛੀ ਬਿਰਖ ਸੁਹਾਵੜਾ' ਸਮੂਹ ਪਾਠਕਾਂ ਨੂੰ ਵਧੇਰੇ ਰੁੱਖ ਲਗਾ ਕੇ ਵਾਤਾਵਰਨ ਨੂੰ ਬਚਾਉਣ ਹਿਤ ਪ੍ਰੇਰਨਾ ਕਰਦਾ ਹੈ। ਕੋਵਿਡ-19 ਨਾਲ ਸੰਬੰਧਿਤ ਕਵਿਤਾਵਾਂ ਹਰ ਵਰਗ ਦੇ ਨਾਗਰਿਕਾਂ/ਲੇਖਕਾਂ ਦੁਆਰਾ ਰਚੀਆਂ ਗਈਆਂ ਹਨ। ਕੁੱਝ ਵਿੱਦਿਅਕ ਅਦਾਰਿਆਂ ਵਲੋਂ ਆਨਲਾਈਨ ਭਾਸ਼ਣ ਮੁਕਾਬਲੇ, ਪੋਸਟਰ ਮੇਕਿੰਗ ਮੁਕਾਬਲੇ, ਕਵਿਤਾ ਤੇ ਲੇਖ ਮੁਕਾਬਲੇ ਅਤੇ ਮਾਹਿਰਾਂ ਦੁਆਰਾ ਲੈਕਚਰਾਂ ਦਾ ਆਯੋਜਨ ਕੀਤਾ ਗਿਆ। ਇਹਨਾਂ ਪ੍ਰਤੀਯੋਗਤਾਵਾਂ ਦਾ ਮੁੱਖ ਉਦੇਸ਼ ਆਮ ਵਰਗ ਨੂੰ ਵਾਇਰਸ ਤੋਂ ਬਚਾਅ ਲਈ ਲਾਮਬੰਦ ਕਰਨਾ ਸੀ। ਇਸ ਸੰਦਰਭ ਵਿੱਚ ਡਾ. ਭੁਪਿੰਦਰ ਕੌਰ ਕਵਿਤਾ ਨੇ ਆਪਣੇ ਪੇਜ 'ਕਵਿਤਾ ਦੀਆਂ ਕਵਿਤਾਵਾਂ' 'ਤੇ ਕੁੱਝ ਪ੍ਰਸੰਗਿਕ ਕਵਿਤਾਵਾਂ ਸਾਂਝੀਆਂ ਕੀਤੀਆਂ। ਡਾ. ਭੁਪਿੰਦਰ ਕੌਰ ਕਵਿਤਾ ਦਾ 'ਵਕਤ-ਵਰਤਾਰਾ' ਕਵਿਤਾ ਵਿੱਚ ਦੱਸਿਆ ਗਿਆ ਹੈ ਕਿ ਕਰੋਨਾ ਵਾਇਰਸ ਵਰਗੇ ਮਾਰੂ ਰੋਗ ਅਸਲ ਵਿੱਚ ਬੰਦੇ ਦੁਆਰਾ ਬੀਜੇ ਗਏ ਮਾੜੇ ਵਰਤਾਰਿਆਂ ਦਾ ਹੀ ਨਤੀਜਾ ਹਨ। ਇਸ ਤੋਂ ਇਲਾਵਾ ਇਸ ਬੀਮਾਰੀ ਤੋਂ ਸੁਰੱਖਿਅਤ ਰਹਿਣ ਲਈ ਕਰਨਯੋਗ ਉਪਰਾਲਿਆਂ ਦੀ ਨਿਸ਼ਾਨਦੇਹੀ ਵੀ ਪ੍ਰਸਤੁਤ ਕੀਤੀ ਗਈ ਹੈ। ਮਿਸਾਲ ਵਜੋਂ ਕਵਿਤਾ 'ਵਕਤ-ਵਰਤਾਰਾ' ਕਵਿਤਾ ਦੀਆਂ ਕੁੱਝ ਸਤਰਾਂ ਧਿਆਨਯੋਗ ਹਨ:

ਬੀਜ ਬੀਮਾਰੀ ਵਾਇਰਸ ਨਿਚੋੜ

ਫੈਲਿਆ ਚਫ਼ੇਰੇ ਹੱਦਾਂ ਤੋੜ।...

ਵਾਇਰਸ ਆਇਆ ਕਰਨ ਸੁਚੇਤ

ਵਕਤ-ਵਰਤਾਰੇ ਦਾ ਸਮਝੀਏ ਭੇਤ।

ਵਕਤ ਕਲ ਵਸਤ ਵਰਤਾਉਣੀ

ਕਰਨੀ ਜੋ ਅੱਜ ਭਾਂਡੇ ਪਾਉਣੀ।(30 ਅਪ੍ਰੈਲ, 2020)

ਇੱਕ ਹੋਰ ਕਵਿਤਾ ਵਿੱਚ ਡਾ. ਭੁਪਿੰਦਰ ਨੇ ਵਾਇਰਸ ਨੂੰ ਕੁਦਰਤ ਨਾਲ ਮਨੁੱਖ ਦੁਆਰਾ ਕੀਤੇ ਗਏ ਖਿਲਵਾੜ ਦੀ ਹੀ ਮੋੜਵੀਂ ਭਾਜੀ ਵਜੋਂ ਸੰਕਲਪਿਆ ਹੈ। ਕਵਿੱਤਰੀ ਦੇ ਮਤ ਅਨੁਸਾਰ ਕੋਵਿਡ ਤਾਂ ਕੇਵਲ ਪ੍ਰਕ੍ਰਿਤੀ ਦੇ ਪ੍ਰਤੀਕਰਮ ਦਾ ਆਰੰਭਿਕ ਇਸ਼ਾਰਾ ਹੈ। ਇਸ ਪ੍ਰਤੀ ਜੇਕਰ ਨਾ ਸਮਝਿਆ ਗਿਆ ਤਾਂ ਆਉਣ ਵਾਲਾ ਸਮਾਂ ਇਸ ਤੋਂ ਵੀ ਵੱਧ ਕਹਿਰ ਵਰਤਾ ਸਕਦਾ ਹੈ। ਇਸ ਵਿਚਾਰ ਨੂੰ ਦ੍ਰਿੜ ਕਰਾਉਣ ਵਾਲੀਆਂ ਸਤਰਾਂ ਪਾਠਕਾਂ ਦੇ ਵਿਸ਼ੇਸ਼ ਧਿਆਨ ਦੀਆਂ ਲਖਾਇਕ ਹਨ:

ਕੁਦਰਤ ਸੰਗ ਕੀਤੇ ਖਿਲਵਾੜ

ਤਾਹੀਂਓ ਤਾਂ ਪਈ ਐਸੀ ਮਾਰ।

ਸਵਾਦਾਂ ਨੇ ਪ੍ਰਕਿਰਤੀ ਘੁਮਾਈ

ਵਿਕਾਰਾਂ ਨੇ ਸੀ ਬੁੱਧੀ ਮਲਨਾਈ।

ਧਰਤ ਡੋਲੇ ਤੇ ਯਾਦ ਕਰਾਵੇ

ਜੀਵਨ-ਜਾਚ ਕਿਉਂ ਭੁੱਲ ਗਏ ਸਾਰੇ।(24 ਮਾਰਚ 2020)

ਕਰੋਨਾ-ਵਾਇਰਸ ਦੇ ਸੰਦਰਭ ਵਿੱਚ ਲਿਖੇ ਗਏ ਸਮੂਹ ਸਾਹਿਤ ਦਾ ਮੰਤਵ ਸਮੂਹ ਲੋਕਾਈ ਨੂੰ ਇਸ ਤੋਂ ਬਚਣ ਲਈ ਜਾਗ੍ਰਿਤ ਕਰਨਾ ਹੈ। ਕਰੋਨਾ-ਸਾਹਿਤ ਵੀ ਹੋਰ ਸਾਹਿਤਕ ਰਚਨਾਵਾਂ ਦਾ ਮੂਲ ਮਨੋਰਥ ਵਿਭਿੰਨ ਸਮਾਜਿਕ,

ਆਰਥਿਕ ਤੇ ਤਤਕਾਲੀ ਸਮੱਸਿਆਵਾਂ ਨੂੰ ਉਜਾਗਰ ਕਰਦੇ ਹੋਏ ਪ੍ਰਸੰਗਿਕ ਸਮੱਸਿਆਵਾਂ ਬਾਰੇ ਸਮਾਧਾਨਾਂ ਨੂੰ ਰੇਖਾਂਕਿਤ ਕਰਨਾ ਹੁੰਦਾ ਹੈ।

**2.3 ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਪੰਜਾਬੀ ਕਾਵਿ ਦੀ ਸਾਰਥਿਕਤਾ:**

ਵਾਤਾਵਰਨ ਪ੍ਰੇਮੀ ਅਤੇ ਉੱਦਮੀ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਕਥਨ ਹੈ ਕਿ ਵਾਤਾਵਰਨ ਬਾਰੇ ਵਿਗਿਆਨਕ ਪੁਸਤਕਾਂ ਦੀ ਕਮੀ ਨਹੀਂ ਹੈ, ਪਰ ਉਹਨਾਂ ਦੇ ਪਾਠਕਾਂ ਦਾ ਘੇਰਾ ਸੀਮਿਤ ਹੁੰਦਾ ਹੈ, ਪ੍ਰੰਤੂ ਗੀਤ ਇੱਕ ਅਜਿਹਾ ਮਾਧਿਅਮ ਹੈ ਜੋ ਵਿਸ਼ਾਲ ਜਨ-ਸਮੂਹ ਤੱਕ ਸਹਿਜੇ ਹੀ ਪਹੁੰਚ ਸਕਦਾ ਹੈ। ਗਾਗਰ 'ਚ ਸਾਗਰ ਭਰਨ ਦਾ ਵਿਸ਼ੇਸ਼ ਗੁਣ ਕਵਿਤਾ ਅੰਦਰ ਹੀ ਸਮਾਇਆ ਹੁੰਦਾ ਹੈ। ਘੱਟ ਸਮੇਂ ਵਿੱਚ ਪੜ੍ਹੀ ਜਾਣ ਵਾਲੀ ਇਸ ਵਿਧਾ ਦੀ ਰਚਨਾ ਸਾਹਿਤ ਦੇ ਖੇਤਰ ਵਿੱਚ ਬਹੁਤ ਪਹਿਲਾਂ ਤੋਂ ਹੀ ਹੋਣੀ ਆਰੰਭ ਹੋ ਗਈ ਸੀ। ਪੁਰਾਤਨ ਗ੍ਰੰਥ, ਵੇਦ, ਪੁਰਾਣ ਆਦਿ ਸਭ ਕਾਵਿਕ ਸ਼ੈਲੀ ਵਿੱਚ ਹੀ ਰਚੇ ਗਏ ਹਨ। ਡਾ. ਧਰਮਪਾਲ ਸਿੰਗਲ ਅਤੇ ਡਾ. ਅਮਰ ਕੋਮਲ ਹੋਰਾਂ ਨੇ ਆਪਣੀ ਪੁਸਤਕ "ਪੰਜਾਬੀ ਸਾਹਿਤ ਦਾ ਇਤਿਹਾਸ" ਵਿੱਚ ਇੱਕੀਵੀਂ ਸਦੀ ਦੇ ਕਾਵਿ ਨੂੰ ਇਸ ਪ੍ਰਕਾਰ ਰੇਖਾਂਕਿਤ ਕੀਤਾ ਹੈ :

> ਇੱਕੀਵੀਂ ਸਦੀ ਦੇ ਕਾਵਿ ਨੂੰ ਨਵੀਂ ਕਵਿਤਾ ਕਹਿ ਕੇ ਪ੍ਰਭਾਸ਼ਿਤ ਕੀਤਾ ਜਾ ਰਿਹਾ ਹੈ।(35)

ਕਵਿਤਾ ਦੀ ਰਚਨਾ ਕਿਸੇ ਸਮਾਜਿਕ ਵਿਸ਼ੇ ਬਾਰੇ ਬਿਰਤਾਂਤਿਕ ਕਥਨ ਨਾ ਕਰਦੀ ਹੋਈ ਰਚਨਾਤਮਕ ਢੰਗ ਨਾਲ ਉਸ ਵਿਸ਼ੇਸ਼ ਸਰੋਕਾਰ ਬਾਰੇ ਕਵਿਤਾ ਦੇ ਰਸ ਨੂੰ ਬਰਕਰਾਰ ਰੱਖਦੀ ਹੋਈ ਪ੍ਰਭਾਵ ਪਾਉਂਦੀ ਹੈ। ਕਵਿਤਾ ਵਿੱਚ ਕਿਸੇ ਵੀ ਸਮੱਸਿਆ ਦਾ ਬਿਆਨ ਕਰਕੇ, ਉਸਦਾ ਪ੍ਰਭਾਵ ਅਤੇ ਉਸ ਸਮੱਸਿਆ ਦਾ ਸਮਾਧਾਨ ਪ੍ਰਤੱਖ ਰੂਪ ਵਿੱਚ ਨਾ ਦੱਸ ਕੇ ਕੇਵਲ ਅਪ੍ਰਤੱਖ ਭਾਵ ਸੰਕੇਤਕ ਤੌਰ 'ਤੇ ਹੀ ਦੱਸਿਆ ਜਾਂਦਾ ਹੈ। ਹਥਲੀ ਖੋਜ ਦਾ ਕੇਂਦਰੀ ਵਿਸ਼ਾ ਵਾਤਾਵਰਨ ਸਮੱਸਿਆ ਨਾਲ ਸੰਬੰਧਿਤ ਹੈ। ਹਥਲੇ ਕਾਵਿ ਵਿੱਚ ਭਾਵੇਂ ਕੁਦਰਤੀ ਸਾਂਵੇਂਪਣ, ਰੁੱਖਾਂ-ਬੂਟਿਆਂ ਦੀ ਖੂਬਸੂਰਤੀ, ਮਨੁੱਖ ਵੱਲੋਂ ਤਸੀਹੇ ਝੱਲ ਰਹੇ ਰੁੱਖਾਂ ਦਾ ਰੁਦਨ, ਕੁਦਰਤੀ ਆਫ਼ਤਾਂ, ਵਿਭਿੰਨ ਕਿਸਮ ਦੇ ਪ੍ਰਦੂਸ਼ਣ, ਭਿਆਨਕ ਭਵਿੱਖ ਦੇ ਮਾਰੂ ਨਤੀਜੇ, ਪ੍ਰਕਿਰਤੀ ਦੇ ਹਰ ਅੰਸ਼ ਨੂੰ ਸੰਭਾਲਣ ਦਾ ਸੁਨੇਹਾ ਅਤੇ ਕੁਦਰਤ ਦੀਆਂ ਸੌਗਾਤਾਂ ਬਾਰੇ ਬੜੇ ਦਿਲਚਸਪ ਅੰਦਾਜ਼ ਵਿੱਚ ਦੱਸਿਆ ਗਿਆ ਹੈ ਪਰ ਕਵਿਤਾ ਦੇ

ਕਾਇਦੇ ਅਨੁਸਾਰ ਬਹੁਤੇ ਸਮਾਧਾਨ ਮਹਿਜ਼ ਸੰਕੇਤਕ ਰੂਪ ਵਿੱਚ ਪ੍ਰਸਤੁਤ ਕੀਤੇ ਗਏ ਹਨ। ਕਵਿਤਾ ਦੇ ਸਿਖਰ ਵਿੱਚ ਵਾਤਾਵਰਨਿਕ ਤ੍ਰਾਸਦੀ ਨੂੰ ਬਿਆਨ ਕਰਕੇ ਅਖ਼ੀਰਲੇ ਦ੍ਰਿਸ਼ ਦਾ ਨਿਰਣਾ ਪਾਠਕ ਉੱਤੇ ਛੱਡ ਦਿੱਤਾ ਜਾਂਦਾ ਹੈ। ਇਹ ਅਸਮੰਜਸ ਅਤੇ ਦੁਵਿਧਾ ਵਾਲੀ ਸਥਿਤੀ ਪਾਠਕ ਨੂੰ ਹਲੂਣ ਕੇ ਰੱਖ ਦੇਣ ਵਾਲੀ ਹੁੰਦੀ ਹੈ। ਜਦੋਂ ਕਵਿਤਾ ਕਹਿੰਦੇ-ਕਹਿੰਦੇ, ਕੁਝ ਅਣਕਿਹਾ ਵੀ ਕਹਿ ਦਿੱਤਾ ਜਾਂਦਾ ਹੋਵੇ ਜੋ ਅਚਨਚੇਤ ਹੀ ਪੜ੍ਹਣ ਵਾਲੇ ਦੇ ਜ਼ਹਿਨ ‘ਤੇ ਡੂੰਘਾ ਅਸਰ ਪਾਵੇ; ਉਸ ਨੂੰ ਹੀ ਚੇਤਨਾ ਦੀ ਸਮਰੱਥਾ ਵਾਲੀ ਕਵਿਤਾ ਮੰਨਿਆ ਜਾ ਸਕਦਾ ਹੈ।

ਪਰਿਹਾਰ ਦੀ ਕਵਿਤਾ ਪੜ੍ਹ ਕੇ ਸਮੂਹ ਪਾਠਕਾਂ ਨੂੰ ਵਾਤਾਵਰਨ ਬਾਰੇ ਆਪਣੀਆਂ ਲਾਪਰਵਾਹੀਆਂ ਅਤੇ ਕਰਤੂਤਾਂ ਦਾ ਸ਼ੀਸ਼ਾ ਵੇਖਣ ਨੂੰ ਮਿਲਦਾ ਹੈ। ਕੁਝ ਕਵਿਤਾਵਾਂ ਵਿੱਚ ਘੋਰ ਨਿਰਾਸ਼ਾ ਵਿੱਚ ਘਿਰੇ ਹੋਏ ਕੁਦਰਤ ਦੇ ਕਿਰਦਾਰ ਆਸ ਦਾ ਜੁਗਨੂੰ ਜਗਾ ਕੇ ਸਭ ਨੂੰ ਸੰਦੇਸ਼ ਦਿੰਦੇ ਹਨ ਕਿ ਵਿਸ਼ਵ-ਵਿਆਪੀ ਵਾਤਾਵਰਨ ਸੰਕਟ ਦੇ ਪ੍ਰਸੰਗ ਵਿੱਚ ਸੰਸਾਰ ਦਾ ਲਘੂਤਮ ਅੰਸ਼ ਹੋਣ ਦੇ ਬਾਵਜੂਦ ਵੀ ਹਰ ਇੱਕ ਮਨੁੱਖ ਜ਼ੱਰਾ-ਜ਼ੱਰਾ (ਬੂੰਦ-ਬੂੰਦ) ਯੋਗਦਾਨ ਪਾ ਕੇ ਵਿਨਾਸ਼ਕਾਰੀ ਭਵਿੱਖ ਨੂੰ ਘਟਿਤ ਹੋਣੋ ਰੋਕ ਸਕਦਾ ਹੈ। ਸਾਹਿਤ ਦਾ ਤਾਂ ਉਦੇਸ਼ ਹੀ ਸਮਾਜ ਦਾ ਕਲਿਆਣ ਕਰਨਾ ਹੁੰਦਾ ਹੈ। ਸਮਾਜ ਵਿੱਚ ਉਪਜ ਰਹੀਆਂ ਭਿੰਨ-ਭਿੰਨ ਵਾਤਾਵਰਨਿਕ ਸਮੱਸਿਆਵਾਂ ਦਾ ਜ਼ਿਕਰ ਸਮਕਾਲੀ ਸਾਹਿਤ ਵਿੱਚ ਹੋਣਾ ਲਾਜ਼ਮੀ ਗੱਲ ਹੈ ਤੇ ਸਾਹਿਤ ਦੇ ਰਾਹੀਂ ਸੰਚਾਰਿਤ ਹੋਏ ਵਾਤਾਵਰਨਿਕ ਚੇਤਨਾ ਸੰਬੰਧੀ ਸੁਨੇਹੇ ਸਮਾਜਿਕ ਸੋਚ, ਢੰਗ-ਤਰੀਕਿਆਂ ਅਤੇ ਵਿਚਾਰਧਾਰਾ ਨੂੰ ਸੁਖਾਵੀਂ ਤਬਦੀਲੀ ਦੇਣ ਦੇ ਲਖਾਇਕ ਹੁੰਦੇ ਹਨ। ਖੋਜ ਅਧੀਨ ਕਵਿਤਾ ਵਿੱਚ ਜਿੱਥੇ ਵਰਿੰਦਰ ਪਰਿਹਾਰ ਨੇ ਪ੍ਰਕਿਰਤੀ ਦੇ ਵਿਸ਼ਾਲ ਸਿਸਟਮ ਦੇ ਹਰ ਨਿੱਕੇ-ਵੱਡੇ ਅੰਸ਼ ਦਾ ਜ਼ਿਕਰ ਕਰਦੇ ਹੋਏ ਵਾਤਾਵਰਨ ਸੰਕਟ ਪ੍ਰਤੀ ਚਿੰਤਾ ਪ੍ਰਗਟਾਈ ਹੈ, ਉੱਥੇ ਨਾਲ ਹੀ ਉਸ ਨੇ ਇੱਕ ਪਾਸੇ ਤਾਂ ਪਾਠਕਾਂ ਦੇ ਦਿਲ ਨੂੰ ਖੌਰੂ ਪਾਉਣ ਵਾਲੇ ਡਰਾਉਣੇ ਦ੍ਰਿਸ਼ ਵਿਖਾ ਕੇ ਸੰਭਲ ਜਾਣ ਦੀ ਚੇਤਾਵਨੀ ਦਿੱਤੀ ਹੈ ਅਤੇ ਦੂਜੇ ਪਾਸੇ ਵਿਕਾਸ ਦੀ ਭਾਜੀ ਖਾ-ਖਾ ਕੇ ਅੱਕ ਗਏ ਮਨੁੱਖ ਦੀ ਪ੍ਰਕਿਰਤੀ ਵੱਲ ਘਰ-ਵਾਪਸੀ ਦੀ ਲੋਚਾ ਵੀ ਵਿਖਾਈ ਹੈ। ਅੰਨ੍ਹਾ ਅਥਾਹ ਪੈਸਾ ਕਮਾ ਕੇ ਅਵਸਾਦ ਵਿੱਚ ਘਿਰਿਆ ਮਨੁੱਖ ਫਿਰ ਤੋਂ ਪ੍ਰਕਿਰਤੀ ਦੀ ਸ਼ਰਨ ਵਿੱਚ ਆ ਕੇ ਮਾਨਸਿਕ ਸ਼ਾਂਤੀ ਦੀ ਭਾਲ ਕਰਦਾ ਪ੍ਰਤੀਤ ਹੁੰਦਾ ਹੈ। ਦਿਲ ਦੀ ਜਿਹੜੀ ਸ਼ਾਂਤੀ ਉਸ ਨੂੰ ਵਿਸ਼ਾਲ ਸ਼ਾਪਿੰਗ ਮਾਲਾਂ ਅਤੇ ਮਲਟੀਨੇਸ਼ਨਲ ਕੰਪਨੀਆਂ ਦੇ ਅਤਿ-ਆਧੁਨਿਕ ਦਫ਼ਤਰਾਂ ਵਿੱਚ

ਵੀ ਨਹੀਂ ਮਿਲਦੀ, ਉਹ ਉਸਨੂੰ ਖੁੱਲੇ-ਡੁੱਲੇ ਮੈਦਾਨਾਂ, ਟੇਢੇ-ਮੇਢੇ ਰਸਤਿਆਂ, ਉੱਚੇ-ਨੀਵੇਂ ਰੁੱਖਾਂ, ਵਗਦੇ ਦਰਿਆਵਾਂ, ਲਹਿਰਾਉਂਦੇ ਖੇਤਾਂ, ਟਹਿਕਦੇ ਫੁੱਲਾਂ ਅਤੇ ਚਹਿਚਹਾਉਂਦੇ ਪੰਛੀਆਂ ਦੇ ਰਾਗ ਵਿੱਚ ਮਿਲਦੀ ਹੈ। ਕੰਕਰੀਟ ਦੇ ਜੰਗਲ ਵਿੱਚ ਭਟਕਦੇ ਮਨੁੱਖ ਨੂੰ ਵਾਪਸ ਹਰੇ-ਭਰੇ ਜੰਗਲ ਤੱਕ ਮੋੜ ਲਿਆਉਣ ਲਈ ਖੋਜ ਅਧੀਨ ਕਵਿਤਾ ਵਿੱਚ ਸਫਲ ਸੰਭਾਵਨਾ ਹੈ। ਪਰਿਹਾਰ ਦੇ ਕਾਵਿ ਕੈਨਵਸ ਉੱਤੇ ਪੱਥਰ ਯੁੱਗ ਤੋਂ ਆਰੰਭ ਹੋ ਕੇ ਮੁਗਲ ਬਾਦਸ਼ਾਹ ਦੇ ਬਗ਼ੀਚਿਆਂ ਦੇ ਹਵਾਲੇ ਵੀ ਪੇਸ਼ ਹਨ ਅਤੇ ਹਜ਼ਾਰਾਂ ਸਾਲਾਂ ਬਾਅਦ ਦੀ ਧਰਤੀ ਦਾ ਜ਼ਿਕਰ ਵੀ ਬੜੇ ਦਿਲਚਸਪ ਅੰਦਾਜ਼ ਵਿੱਚ ਉਲੀਕਿਆ ਗਿਆ ਹੈ। ਕੁਦਰਤ ਦੀ ਸ਼ਲਾਘਾ ਵਿੱਚ ਲਿਖਣਾ ਪਿਛਲੀ ਸਦੀ ਦੇ ਸਾਹਿਤ ਦਾ ਸਰੋਕਾਰ ਰਿਹਾ ਹੈ, ਪਰ ਵਿਗੜੇ ਹੋਏ ਕੁਦਰਤੀ ਸੰਤੁਲਨ ਬਾਬਤ ਕਵਿਤਾ ਦੇ ਨਿਰੋਲ ਗੁਣਾਂ ਨੂੰ ਬਰਕਰਾਰ ਰੱਖਦੇ ਹੋਏ ਲਿਖਣਾ ਬੇਹੱਦ ਪੇਚੀਦਾ ਕੰਮ ਹੈ। ਓਜ਼ੋਨ ਪਰਤ ਦੇ ਵਿਗਾੜ ਬਾਰੇ ਕਵਿਤਾ ਕਰਨਾ ਕੋਈ ਸੌਖਾ ਕੰਮ ਨਹੀਂ। ਲੁਪਤ ਹੋ ਰਹੀਆਂ ਜਾਂ ਲੁਪਤ ਹੋਣ ਦੇ ਕਗਾਰ ‘ਤੇ ਖੜੀਆਂ ਦੁਰਲਭ ਪ੍ਰਜਾਤੀਆਂ ਬਾਰੇ ਕੁਝ ਪਾਠਕਾਂ ਨੇ ਨਾਮ ਵੀ ਨਹੀਂ ਸੁਣੇ ਹੋਣੇ। ਅਜਿਹੇ ਦੁਰਲਭ ਅਤੇ ਖ਼ਤਰੇ ਵਿੱਚ ਪਏ ਹੋਏ ਜੀਵਾਂ ਬਾਰੇ ਕਵਿਤਾ ਕਹਿਣਾ ਆਮ ਮਨੁੱਖ ਦੇ ਵੱਸ ਦੀ ਗੱਲ ਨਹੀਂ ਹੁੰਦੀ। ਕੇਵਲ ਬਨਸਪਤੀ ਦੇ ਲਾਭ ਦੱਸਣ ਤੋਂ ਵੀ ਅਗਾਂਹ ਰੁੱਖਾਂ, ਫੁੱਲਾਂ, ਤ੍ਰੇਲ-ਤੁਪਕਿਆਂ, ਡੱਡੂਆਂ, ਮੱਛੀਆਂ, ਅੰਗੂਰਾਂ, ਤਿੱਤਲੀਆਂ, ਬੀਂਡਿਆਂ, ਗੰਡਿਆਂ, ਚਿੜੀਆਂ, ਨਦੀਆਂ, ਛਾਂਵਾਂ ਅਤੇ ਘਾਹ ਆਦਿ ਦਾ ਮਾਨਵੀਕਰਨ ਕਰਕੇ ਉਹਨਾਂ ਦੀ ਜ਼ੁਬਾਨੀ ਮਨੁੱਖਾਂ ਨੂੰ ਚੇਤੰਨ ਕਰਾਉਣ ਦਾ ਹਾਂ-ਪੱਖੀ ਕਾਰਜ ਹਥਲੇ ਕਾਵਿ ਸੰਗ੍ਰਿਹਾਂ ਵਿੱਚ ਕਰਵਾਇਆ ਗਿਆ ਹੈ। ਇਸ ਪ੍ਰਕਾਰ ਇਹ ਕਵਿਤਾ ਵਾਤਾਵਰਨ ਚੇਤਨਾ ਨੂੰ ਸੁਚੱਜੇ ਢੰਗ ਨਾਲ ਪ੍ਰਸਾਰਿਤ ਅਤੇ ਸੰਚਾਰਿਤ ਕਰਨ ਦੇ ਸਮਰੱਥ ਹੈ। ਜੇਕਰ ਕਿਸੇ ਕਵਿਤਾ ਨੂੰ ਪੜ੍ਹ ਕੇ ਵਾਰ-ਵਾਰ ਪੜ੍ਹਨ ਨੂੰ ਜੀਅ ਕਰੇ, ਕਵੀ ਦੁਆਰਾ ਮਾਨਵੀਕ੍ਰਿਤ ਹੋਇਆ ਕੋਈ ਰੁੱਖ ਅੱਖਾਂ ਸਾਹਮਣੇ ਸਾਕਾਰ ਹੋ ਜਾਵੇ ਤਾਂ ਸਮਝੋ ਕਵਿਤਾ ਦਿਲ ਨੂੰ ਖਿੱਚ ਪਾ ਰਹੀ ਹੈ ਅਤੇ ਜਿਨ੍ਹਾਂ ਦਿਲਾਂ ਨੂੰ ਖਿੱਚ ਪੈ ਜਾਂਦੀ ਹੈ ਉਹ ਫਿਰ ਆਰਾਮ ਨਾਲ ਰਹਿ ਨਹੀਂ ਸਕਦੇ। ਇਹ ਖਿੱਚ ਚੇਤਨਾ ਨੂੰ ਉਤਪੰਨ ਕਰਨ ਅਤੇ ਹਿਰਦਿਆਂ ਨੂੰ ਜਾਗ੍ਰਿਤ ਕਰਨ ਦਾ ਕੰਮ ਕਰਦੀ ਹੈ।

ਖੋਜ ਅਧੀਨ ਅਗਲੇ ਕਾਵਿ ਸੰਗ੍ਰਹਿ 'ਪੰਛੀ ਬਿਰਖ ਸੁਹਾਵੜਾ' ਵਿੱਚ ਰੁੱਖਾਂ, ਪੰਛੀਆਂ ਅਤੇ ਜੀਵ-ਜਨੌਰਾਂ ਨੂੰ ਪੰਜਾਬੀ ਸੱਭਿਆਚਾਰ ਦਾ ਲਾਜ਼ਮੀ ਅਤੇ ਲਾਭਕਾਰੀ ਅੰਗ ਦੱਸ ਕੇ ਇਹਨਾਂ ਨੂੰ ਬਚਾਉਣ ਦੀ ਪੁਕਾਰ ਕੀਤੀ ਗਈ ਹੈ। ਬਿਰਖਾਂ ਨੂੰ ਬਜ਼ੁਰਗਾਂ ਅਤੇ ਦਰਵੇਸ਼ਾਂ ਵਾਂਗ ਪਰਉਪਕਾਰੀ ਕਹਿ ਕੇ ਸਤਿਕਾਰਿਆ ਗਿਆ ਹੈ। ਦਾਊਂ ਦੇ ਵਿਚਾਰ ਅਨੁਸਾਰ ਜ਼ਿੰਦਗੀ ਦੇ ਗੀਤਾਂ ਵਰਗੀਆਂ ਜ਼ਿੰਦਗੀ ਨਾਲ ਲਬਰੇਜ਼ ਗੱਲਾਂ ਰੁੱਖਾਂ ਕਰਕੇ ਹੀ ਹਨ। ਮਨੁੱਖ ਅਤੇ ਰੁੱਖ ਦੀ ਸਾਂਝ ਸਰਬ-ਕਾਲੀ ਹੈ। ਬਿਰਖਾਂ ਤੇ ਬਜ਼ੁਰਗਾਂ ਦੀ ਹੋ ਰਹੀ ਅਣਦੇਖੀ ਨੂੰ ਉਜਾਗਰ ਕਰਦਾ ਹੋਇਆ ਕਵੀ ਸਮਰਪਣ ਪੰਨੇ 'ਤੇ ਹੀ ਅੰਕਿਤ ਕਰ ਦਿੰਦਾ ਹੈ:

ਬਿਰਖਾਂ ਬਜ਼ੁਰਗਾਂ ਨੂੰ ਸਾਂਭਣ ਦਾ ਹੈ ਵੇਲਾ

ਰਿਣ ਉਤਾਰੀਏ ਇਹੋ ਵੱਡਾ ਕਰਮ ਸੁਹੇਲਾ(4)

ਛਾਂ ਦੀ ਵਡਿਆਈ ਵੀ ਰੁੱਖ ਦੀ ਹੋਂਦ ਸਦਕਾ ਹੀ ਹੈ। ਮਾਂ ਦੀ ਮਮਤਾ ਨੂੰ ਵੀ ਠੰਢੜੀ ਛਾਂ ਦੀ ਉਪਮਾ ਦੇ ਕੇ ਸਤਿਕਾਰਿਆ ਜਾਂਦਾ ਹੈ। ਰੁੱਖ ਹਨ ਤਾਂ ਸੀਤਲ ਤੇ ਸ਼ੁੱਧ ਪੌਣ ਹੈ, ਰੁੱਖ ਹਨ ਤਾਂ ਪੰਛੀਆਂ ਦਾ ਰੈਣ ਬਸੇਰਾ ਹੈ, ਰੁੱਖ ਹਨ ਤਾਂ ਪੀਘਾਂ-ਪੰਘੂੜੇ ਹਨ, ਰੁੱਖ ਹਨ ਤਾਂ ਗੋਪੀਏ-ਗੁਲੇਲਾਂ ਹਨ, ਗੱਲ ਕੀ ਰੁੱਖ ਤਾਂ ਮਨੁੱਖ ਲਈ ਕੁੱਲੀ, ਗੁੱਲੀ ਤੇ ਜੁੱਲੀ ਦਾ ਸਾਧਨ ਹੈ, ਰੁੱਖ ਹਨ ਤਾਂ ਹੀ ਮਨੁੱਖ ਦੀ ਹੋਂਦ ਸੰਭਵ ਹੈ। ਜੇਕਰ ਬਿਰਖ ਜ਼ਿੰਦਗੀ ਦਾ ਗੀਤ ਹੈ ਤਾਂ ਫਿਰ ਕਿਉਂ ਨਾ ਇਸ ਗੀਤ ਨੂੰ ਸੰਜੀਦਗੀ, ਮਿਹਨਤ ਅਤੇ ਇਮਾਨਦਾਰੀ ਨਾਲ ਗਾਇਆ ਜਾਵੇ। ਹਥਲੇ ਕਾਵਿ ਸੰਗ੍ਰਹਿ ਅੰਦਰ ਬਿਰਖਾਂ ਨੂੰ ਫ਼ਕੀਰਾਂ ਵਾਂਗ ਸਹਿਣਸ਼ੀਲ ਦੱਸ ਕੇ ਇਹਨਾਂ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਕੀਤੀ ਗਈ ਹੈ। ਪੰਘੂੜੇ ਤੋਂ ਲੈ ਕੇ ਅਰਥੀ ਤੱਕ ਅਨੇਕਾਂ ਮਹੱਤਵਪੂਰਨ ਲੋੜਾਂ ਲਈ ਮਨੁੱਖੀ ਸਮਾਜ ਰੁੱਖਾਂ ਉੱਤੇ ਨਿਰਭਰ ਕਰਦਾ ਹੈ। ਰੁੱਖਾਂ ਤੋਂ ਬਿਨਾਂ ਪੰਜਾਬੀ ਸੱਭਿਆਚਾਰ ਵਿੱਚ ਜਿਉਣ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਰੁੱਖਾਂ ਦੇ ਕਰਜ਼ਦਾਰ ਹੋਏ ਮਨੁੱਖ ਇਹਨਾਂ ਦੀ ਸਾਂਭ-ਸੰਭਾਲ ਕਰਨੋ ਗੁਰੇਜ਼ ਕਰਦੇ ਹਨ, ਅਜਿਹੇ ਚਿੱਟ-ਕੱਪੜੀਏ ਤੇ ਅਖੌਤੀ ਆਧੁਨਿਕ ਲੋਕ ਮਿੱਟੀ, ਰੁੱਖਾਂ ਤੇ ਪਨੀਰੀਆਂ ਨੂੰ ਅਨਪੜ੍ਹਤਾ ਦੀ ਨਿਸ਼ਾਨੀ ਸਮਝਣ ਦੀ ਭੁੱਲ ਕਰ ਬੈਠਦੇ ਹਨ। ਫੁੱਲਾਂ ਦੇ ਗੁਲਦਸਤੇ ਉਪਹਾਰ ਵਜੋਂ ਭੇਟ ਕਰਦੇ ਹਨ ਪਰ ਫੁੱਲ ਦੇਣ ਵਾਲੇ ਬੂਟੇ ਉਹਨਾਂ ਨੂੰ ਘਰ ਅੰਦਰ ਵਾਧੂ ਖਿਲਾਰਾ ਜਿਹਾ ਜਾਪਦੇ ਹਨ। ਠੰਢੀ ਛਾਂ ਵਿੱਚ ਆਪਣੇ ਕਾਰਾਂ/ਸਕੂਟਰ ਖੜ੍ਹੇ

ਕਰਨਾ ਪਸੰਦ ਕਰਦੇ ਹਨ ਪਰ ਵਿਹੜੇ ਵਿੱਚ ਲੱਗੇ ਰੁੱਖ ਨੂੰ ਜੜ੍ਹੋਂ ਪੁੱਟ ਕੇ ਵਿਹੜਾ ਪੱਕਾ ਕਰਨ ਦੀ ਜਿੱਦ ਪੂਰੀ ਕਰਦੇ ਹਨ। 'ਕਣ ਕਾਇਨਾਤ' ਕਾਵਿ ਸੰਗ੍ਰਿਹ ਵਿੱਚ ਜਿੱਥੇ ਵਾਤਾਵਰਨ ਦੇ ਹਰ ਛੋਟੇ ਵੱਡੇ ਅੰਗ ਬਾਰੇ ਜ਼ਿਕਰ ਕੀਤਾ ਗਿਆ ਹੈ, ਉੱਥੇ 'ਪੰਛੀ ਬਿਰਖ ਸੁਹਾਵੜਾ' ਕਾਵਿ ਸੰਗ੍ਰਿਹ ਅੰਦਰ ਬਿਰਖਾਂ, ਛਾਵਾਂ ਤੇ ਪੰਛੀਆਂ ਦਾ ਹਵਾਲਾ ਦੇ ਕੇ ਵਾਤਾਵਰਨ ਨੂੰ ਬਚਾਉਣ ਲਈ ਸੁਨੇਹਾ ਦਿੱਤਾ ਗਿਆ ਹੈ। ਇਸ ਕਾਵਿ ਸੰਗ੍ਰਹਿ ਅੰਦਰ ਰੁੱਖਾਂ ਨੂੰ ਰਿਸ਼ੀ ਅਤੇ ਦਾਨੇ ਦੱਸ ਕੇ ਰੁੱਖ ਲਗਾਉਣ, ਰੁੱਖ ਬਚਾਉਣ ਅਤੇ ਰੁੱਖ ਨੂੰ ਰੂਹ ਨਾਲ ਹੰਢਾਉਣ ਦੀ ਗੱਲ ਕੀਤੀ ਗਈ ਹੈ। ਰੁੱਖਾਂ ਦੇ ਪੱਤੇ, ਸੀਤਲ ਹਵਾ, ਠੰਢੀ ਛਾਂ, ਅਮਲਤਾਸ ਤੇ ਕਚਨਾਰ ਦੀ ਖ਼ੂਬਸੂਰਤੀ, ਢੱਕ, ਬੇਰੀ ਤੇ ਗੁਲਮੋਹਰ ਆਦਿ ਅਨੇਕਾਂ ਰੂਪਾਂ ਵਿੱਚ ਰੁੱਖ ਤੇ ਮਨੁੱਖ ਦੀ ਸਾਂਝ ਨੂੰ ਨਵ-ਪਰਭਾਸ਼ਿਤ ਕੀਤਾ ਗਿਆ ਹੈ। ਮਿਸਾਲ ਵਜੋਂ 'ਢੱਕ ਦੇ ਕੇਸੂਆਂ ਦਾ ਹੁਸਨ' ਕਵਿਤਾ ਵਿੱਚ ਇਸ ਬਿਰਖ ਦੀਆਂ ਕਈ ਵਿਸ਼ੇਸ਼ਤਾਵਾਂ ਸਾਂਝੀਆਂ ਕੀਤੀਆਂ ਗਈਆਂ ਹਨ। ਜਿਹੜੀਆਂ ਆਮ ਤੌਰ ਤੇ ਜਨ-ਸਧਾਰਨ ਨੂੰ ਨਹੀਂ ਪਤਾ ਹੁੰਦੀਆਂ:

ਬੰਜਰ ਧਰਤੀ ਥਾਂ ਸੁੰਨੀ 'ਤੇ

ਢੱਕ ਦਾ ਖੜਿਆ ਦਿੱਸੇ ਰੁੱਖ

ਪੱਤੇ ਚੌੜੇ ਗੋਲ ਚੀਕਣੇ

ਖਾਵਣ ਪਸ਼ੂ ਤੇ ਲਾਹਣ ਭੁੱਖ(48)

ਕੇਸਰ ਰੰਗੇ ਫੁੱਲਾਂ ਵਾਲੇ ਇਸ ਰੁੱਖ ਦਿਆਂ ਦੇ ਪੱਤਿਆਂ ਦੀਆਂ ਪੱਤਲਾਂ ਬਣਦੀਆਂ ਹਨ, ਇਸਦੇ ਤਣੇ ਦਾ ਗੂੰਦ ਦੇਸੀ ਦਵਾਈਆਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਇਸਦੇ ਫੁੱਲ ਵੀ ਕਈ ਰੋਗਾਂ ਦੇ ਇਲਾਜ ਵਿੱਚ ਵਰਤੇ ਜਾਂਦੇ ਹਨ। ਇਸ ਦੀ ਪਵਿੱਤਰ ਲੱਕੜ ਨੂੰ ਚਿਖਾ ਵਿੱਚ ਵਰਤਿਆ ਜਾਂਦਾ ਹੈ। ਰੁੱਖਾਂ ਅਤੇ ਵਡੇਰਿਆਂ ਦੀ ਸਾਡੇ ਜੀਵਨ ਵਿੱਚ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ ਕਵੀ ਆਪਣੇ ਵਿਚਾਰ ਪ੍ਰਗਟ ਕਰਦਾ ਹੋਇਆ ਲਿਖਦਾ ਹੈ:

ਬਜ਼ੁਰਗ ਦੀ ਮਾਇਆ

ਬਿਰਖ ਦੀ ਛਾਇਆ

ਮੁੱਲ ਕੋਈ ਨਾ ਹੁੰਦਾ

ਆਪਣਾ ਲਹੂ

ਆਪਣਾ ਹੀ ਹੁੰਦਾ(71)

ਬਿਰਖ ਨੂੰ ਆਪਣਾ ਹੀ ਲਹੂ ਭਾਵ ਆਪਣਾ ਕੁਲ-ਖਾਨਦਾਨ ਸਮਝ ਕੇ ਪਿਆਰਨ ਦੀ ਭਾਵਨਾ ਤਾਂ ਬੜੀ ਹੀ ਪਵਿੱਤਰ ਭਾਵਨਾ ਹੈ। ਇਹ ਉੱਚੀ ਸੁੱਚੀ ਭਾਵਨਾ ਸਮਾਜ ਵਿੱਚ ਵਾਤਾਵਰਨ ਸੰਭਾਲਣ ਲਈ ਚੇਤਨਾ ਦੇ ਪਸਾਰ ਦਾ ਕੰਮ ਕਰਦੀ ਹੈ। ਕਵੀ ਦੀ ਵਿਚਾਰਧਾਰਾ ਦਾ ਸੰਚਾਰ ਜਦੋਂ ਕਵਿਤਾ ਰਾਹੀਂ ਇੰਨ੍ਹ-ਬਿੰਨ੍ਹ ਪਾਠਕ ਦੇ ਹਿਰਦੇ ਵਿੱਚ ਸਮਾਅ ਜਾਵੇ ਤਾਂ ਇਹ ਕਵਿਤਾ ਦਾ ਹਾਸਿਲ ਮੰਨਿਆ ਜਾਂਦਾ ਹੈ। ਇਸ ਪ੍ਰਥਾਇ ਰੁੱਖਾਂ ਦੀ ਨਿਮਰਤਾ ਨੂੰ ਬਿਆਨ ਕਰਦੀ ਹੋਈ ਕਵਿਤਾ 'ਬਿਰਖ ਦੀ ਸੋਚ' ਅੰਦਰ ਦੱਸਿਆ ਗਿਆ ਹੈ:

ਬਿਰਖ ਖੜੋਤਾ ਸੋਚ ਰਿਹਾ ਸੀ

ਪੰਛੀ ਉੱਡ ਕੇ ਮੁੜ ਨਾ ਪਰਤੇ

ਕੀ ਗੁਸਤਾਖ਼ੀ ਹੋਈ ਮੈਥੋਂ?

ਸੁੰਨ ਪਸਰੀ ਕਿੰਜ ਰੌਣਕ ਹੋਵੇ?

ਕੀ ਬੰਦਾ ਵੀ, ਆਪਣੀ ਗ਼ਲਤੀ ਬਾਰੇ

ਇੰਜ ਸੋਚ ਨਹੀਂ ਸਕਦਾ?(73)

ਇਸ ਕਾਵਿ ਸੰਗ੍ਰਿਹ ਦੀ ਅਖੀਰਲੀ ਕਵਿਤਾ 'ਗੁਫ਼ਤਗੂ' ਅੰਦਰ ਚੇਤਨਾ ਦੇ ਸਿਧਾਂਤਕ, ਪ੍ਰਬੰਧਕੀ ਜਾਂ ਕਾਗਜ਼ੀ ਮਾਧਿਅਮ ਨਾਲੋਂ ਵਿਹਾਰਿਕ ਅਤੇ ਕਾਰਜਸ਼ੀਲ ਉਪਰਾਲਿਆਂ ਨੂੰ ਪਹਿਲ ਦਿੱਤੀ ਵਿਖਾਈ ਗਈ ਹੈ। ਜਦੋਂ ਕਵੀ ਬਿਰਖ ਕੋਲ ਜਾ ਕੇ ਬੜੇ ਪਿਆਰ ਨਾਲ ਸੰਵਾਦ ਸਥਾਪਿਤ ਕਰਦਾ ਹੋਇਆ ਉਸ ਨੂੰ ਕਹਿੰਦਾ ਹੈ ਕਿ ਕੋਈ ਕਵਿਤਾ ਸੁਣਾ ਤਾਂ ਬਿਰਖ ਜਵਾਬ ਵਜੋਂ ਦੱਸਦਾ ਹੈ ਕਿ ਕਵਿਤਾ ਸੁਣਨ ਸੁਣਾਉਣ ਨਾਲੋਂ ਵੀ ਵੱਧ ਜ਼ਰੂਰੀ ਹਰਿਆਲੀ ਵੰਡਣੀ ਹੈ ਕਿਉਂਕਿ ਕੋਸ਼ਿਸ਼ਾਂ ਹੀ ਕਾਮਯਾਬ ਹੋਇਆ ਕਰਦੀਆਂ ਹਨ ਤੇ ਕੋਰੇ ਦਾਅਵੇ ਧਰ-ਧਰਾਏ ਰਹਿ ਜਾਇਆ ਕਰਦੇ ਹਨ:

ਮੈਂ ਬਿਰਖ ਨੂੰ ਕਿਹਾ ਕੋਈ ਨਜ਼ਮ ਸੁਣਾ,

ਮੈਂ ਹਰਿਆਲੀ ਵੰਡਣੀ ਰਹਿਣ ਦੇ ਮੈਨੂੰ ਤੂੰ ਹਰਾ।

ਮੈਂ ਫੁੱਲ ਨੂੰ ਕਿਹਾ ਝੋਲੀ ਡੋਲ੍ਹ ਦੇ ਰੰਗ,

ਖ਼ੂਬ ਖਿੜਿਆ ਤੇ ਹੱਸਿਆ ਮਹਿਕ ਨਾ ਲੋੜੇ ਜੰਗ।

ਮੈਂ ਬੀਜ ਨੂੰ ਪੁੱਛਿਆ ਉੱਗਣ ਦਾ ਕੀ ਰਾਜ਼,

ਆਪਾ ਮਿੱਟੀ ਵਾਰ ਕੇ ਹੋ ਜਾਵਾਂ ਸਰ-ਸਾਜ਼(80)

# ਅਧਿਆਇ ਤੀਜਾ : ਪੰਜਾਬੀ ਗਲਪ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ

## 3.1 ਇੱਕੀਵੀਂ ਸਦੀ ਦੇ ਪੰਜਾਬੀ ਗਲਪ ਦੇ ਵਿਸ਼ੇਸ਼ ਝੁਕਾਅ

ਵਿਸ਼ਵੀਕਰਨ ਦੇ ਦੌਰ ਦਾ ਪ੍ਰਭਾਵੀ ਚਿੰਤਨ ਉੱਤਰ ਆਧੁਨਿਕਤਾਵਾਦ ਹੈ। ਇੱਕ ਪਾਸੇ ਇਸ ਦਾ ਨਾਅਰਾ ਮੁਕਤੀ ਦਾ ਹੈ, ਦੂਜੇ ਪਾਸੇ ਇਹ ਸਥਾਪਿਤ ਧਿਰਾਂ ਦੇ ਹੱਥਾਂ ਦੀ ਖੇਡ ਬਣ ਗਿਆ ਹੈ। ਨਤੀਜੇ ਵਜੋਂ ਜਮਾਤ ਦੀ ਥਾਂ ਪਛਾਣ ਦੀ ਰਾਜਨੀਤੀ ਵਿੱਚ ਵਾਧਾ ਹੋਇਆ ਹੈ। ਮਨੁੱਖ ਦੀ ਨਿੱਜਮੁਖੀ ਹੋਣ ਦੀ ਲਾਲਸਾ ਜ਼ਿੰਦਗੀ ਨੂੰ ਸੰਘਰਸ਼ ਦਾ ਅਖਾੜਾ ਬਣਾ ਦਿੱਤਾ ਹੈ। ਇਸ ਅਖਾੜੇ ਦਾ ਅਹਿਮ ਹਥਿਆਰ ਸਾਹਿਤ ਬਣਿਆ ਹੈ। ਇੱਕੀਵੀਂ ਸਦੀ ਦੇ ਇਸ ਡੇਢ ਦਹਾਕੇ ਵਿੱਚ ਇਹਨਾਂ ਧਾਰਨਾਵਾਂ ਦਾ ਸਿੱਧਾ ਅਸਰ ਪੰਜਾਬੀ ਸਾਹਿਤ ਨੇ ਕਬੂਲਿਆ ਹੈ। ਵਿਸ਼ਵੀਕਰਨ ਅਤੇ ਉੱਤਰ-ਆਧੁਨਿਕਤਾ ਦੋਵੇਂ ਪੰਜਾਬੀ ਸਾਹਿਤ ਦੇ ਸਨਮੁੱਖ ਪੈਦਾ ਹੋਈਆਂ ਮਹੱਤਵਪੂਰਨ ਚੁਣੌਤੀਆਂ ਹਨ।

ਇੱਕੀਵੀਂ ਸਦੀ ਤਕਨੀਕ ਦੇ ਬਿਹਤਰੀਨ ਵਿਕਾਸ ਦੀ ਸਦੀ ਹੈ। ਸੰਚਾਰ ਸਾਧਨਾਂ ਦਾ ਘੇਰਾ ਵਧ ਗਿਆ ਹੈ, ਇਸ ਨੇ ਸਾਰੇ ਸਮਾਜ ਵਿੱਚ ਬੜਾ ਪਰਿਵਰਤਨ ਲਿਆਂਦਾ ਹੈ। ਅੱਜ ਸਾਡੇ ਸਾਹਿਤ ਵਿੱਚ ਨਾਰੀ ਅਤੇ ਦਲਿਤ ਉੱਤੇ ਚਿੰਤਨ ਹੋ ਰਿਹਾ ਹੈ। ਸਮਾਜ ਨੂੰ ਭੇਦਭਾਵ ਤੋਂ ਮੁਕਤ ਕਰਨ ਦਾ ਯਤਨ ਹੋ ਰਿਹਾ ਹੈ। ਗਲਪ ਅਧੀਨ ਨਾਵਲ ਅਤੇ ਕਹਾਣੀ ਵਿਧਾ ਸ਼ਾਮਿਲ ਹੁੰਦੀ ਹੈ। ਇਹਨਾਂ ਦਾ ਵੱਖ-ਵੱਖ ਅਧਿਐਨ ਕਰਨਾ ਖੋਜ ਕਾਰਜ ਦੀ ਮੰਗ ਹੈ।

### 3.1.1 ਇੱਕੀਵੀਂ ਸਦੀ ਦੇ ਪੰਜਾਬੀ ਨਾਵਲ ਦੇ ਵਿਸ਼ੇਸ਼ ਝੁਕਾਅ

ਇੱਕੀਵੀਂ ਸਦੀ ਦੇ ਪੰਜਾਬੀ ਨਾਵਲ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਬਹੁਪਰਤੀ ਅਤੇ ਬਹੁਪਾਸਾਰੀ ਹੈ। ਇਸ ਵਿੱਚ ਪੰਜਾਬ ਦੀ ਧਰਤੀ ਵਾਲੇ ਅਤੇ ਅੰਤਰਰਾਸ਼ਟਰੀ ਪੱਧਰ ਵਾਲੇ ਅਨੇਕਾਂ ਸਰੋਕਾਰਾਂ ਚਿੰਤਨ ਕੀਤਾ ਜਾ ਰਿਹਾ ਹੈ।

ਅਵਤਾਰ ਸਿੰਘ ਬਿਲਿੰਗ ਦੇ ਤਿੰਨੇ ਨਾਵਲ 'ਨਿਰੰਜਨ ਮਿਸ਼ਾਲਚੀ', 'ਖੇੜੇ ਸੁੱਖ ਵਿਹੜੇ ਸੁੱਖ' ਅਤੇ 'ਇਹਨਾਂ ਰਾਹਾਂ 'ਤੇ' ਸਿੱਧੇ ਤੌਰ 'ਤੇ ਪੰਜਾਬੀ ਕਿਸਾਨ ਦੇ ਬਹੁਪਾਸਾਰੀ ਨਿਘਾਰ ਅਤੇ ਨਿਘਾਰ ਤੋਂ ਬਾਅਦ ਦੀ

ਮਾਨਸਿਕਤਾ ਨੂੰ ਪੇਸ਼ ਕਰਦੇ ਹਨ। ਸਮਕਾਲੀ ਪੰਜਾਬ ਸਮਾਜਿਕ, ਮਾਨਸਿਕ ਅਤੇ ਅਸਤਿਤਵੀ ਸਰੋਕਾਰਾਂ ਦੀ ਬਿਰਤਾਂਤਕ ਪੇਸ਼ਕਾਰੀ ਦੇ ਨਜ਼ਰੀਏ ਤੋਂ ਕੁਲਦੀਪ ਸਿੰਘ ਬੇਦੀ ਦੇ ਨਾਵਲ 'ਪਿਆਦੇ', 'ਸਤਰੰਜ ਤੇ ਰੰਗ ਤਮਾਸ਼ਾ', ਗੁਰਪ੍ਰੀਤ ਸਹਿਜੀ ਦਾ ਨਾਵਲ 'ਸੀਕੇਰਟ' ਅਤੇ ਅਸ਼ੋਕ ਚਰਨ ਆਲਮਗੀਰ ਅਤੇ ਅਜੈਬ ਸਿੰਘ ਦੇ ਨਾਵਲਾਂ ਨੂੰ ਰੱਖਿਆ ਜਾ ਸਕਦਾ ਹੈ।

ਇਸ ਸਦੀ ਦੇ ਨਾਵਲਾਂ ਵਿੱਚ ਇਹ ਵਿਸ਼ੇਸ਼ਤਾ ਹੈ ਕਿ ਬਹੁਤ ਸਾਰੇ ਨਵੇਂ ਪ੍ਰਤਿਭਾਸ਼ੀਲ ਗਲਪਕਾਰ ਸਾਹਿਤ ਸਿਰਜਨਾ ਵਿੱਚ ਸ਼ਾਮਲ ਹੋਏ ਹਨ। ਗਿਣਤੀ ਦੇ ਕੁਝ ਪੁਰਾਣੇ ਨਾਵਲਕਾਰਾਂ ਨੂੰ ਛੱਡ ਕੇ ਇੱਕੀਵੀਂ ਸਦੀ ਦਾ ਗਲਪ ਸਾਹਿਤ ਨਵੇਂ ਲੇਖਕਾਂ ਦੀ ਹੀ ਰਚਨਾ ਹੈ। ਵਿਸ਼ੇਗਤ ਚੋਣ ਅਤੇ ਬਿਰਤਾਂਤ ਦੇ ਨਜ਼ਰੀਏ ਤੋਂ ਇਸ ਦਹਾਕੇ ਦੇ ਪੰਜਾਬੀ ਨਾਵਲ ਵਿੱਚ ਪੂਰੀ ਤਰ੍ਹਾਂ ਵੰਨ-ਸੁਵੰਨਤਾ ਵੇਖਣ ਨੂੰ ਮਿਲਦੀ ਹੈ। ਇਸ ਸਮੇਂ ਦੇ ਪੰਜਾਬੀ ਨਾਵਲ ਦੀ ਮੂਲ ਸੁਰ ਵਿਸ਼ਾਦ, ਦੁੱਖ ਅਤੇ ਪੀੜਾ ਦੀ ਹੈ, ਪਰ ਇਹ ਨਾਵਲ ਇਹਨਾਂ ਪ੍ਰਵਿਰਤੀਆਂ ਨੂੰ ਕੇਵਲ ਨਿੱਜ ਦੀ ਅੰਤਰਮੁਖਤਾ ਤੱਕ ਹੀ ਸੀਮਤ ਨਹੀਂ ਕਰਦਾ ਸਗੋਂ ਇਸ ਨੂੰ ਸਮਾਜਿਕ, ਇਤਿਹਾਸਿਕ ਅਤੇ ਮਾਨਵਵਾਦੀ ਪਾਸਾਰਾਂ ਤੱਕ ਵਿਸਾਰਦਾ ਹੈ।

ਨਾਵਲ-ਵਿਧਾ ਸਾਹਿਤ ਦੇ ਗਲਪ-ਰੂਪ ਦੀ ਇੱਕ ਕਿਸਮ ਹੈ। ਅੰਗਰੇਜੀ ਸ਼ਬਦ (novella) ਵਾਸਤੇ ਪੰਜਾਬੀ ਦਾ ਅਨੁਵਾਦ ਰੂਪ ਗਲਪ ਪ੍ਰਚਲਿਤ ਹੈ। ਇਸ ਲਈ ਸੁਭਾਵਿਕ ਹੀ ਹੈ ਕਿ ਗਲਪ ਸ਼ਬਦ ਦੇ ਅਰਥ ਵੀ ਅੰਗਰੇਜ਼ੀ ਸ਼ਬਦ ਫਿਕਸ਼ਨ ਦੇ ਅਰਥਾਂ ਨਾਲ ਰਲ਼ਦੇ ਮਿਲਦੇ ਹੀ ਹੋਣਗੇ। ਕਾਲਪਨਿਕ ਰਚਨਾਵਾਂ ਲਈ ਵਰਤਿਆ ਜਾਣ ਵਾਲਾ ਸ਼ਬਦ ਫਿਕਸ਼ਨ ਅਰਥਾਂ ਵਿੱਚ ਸਪਸ਼ਟ ਨਹੀਂ ਹੈ। ਫਿਕਸ਼ਨ ਸ਼ਬਦ ਦਾ ਆਮ ਅਰਥ ਸਾਹਿਤ ਹੀ ਹੈ। ਹੌਲ਼ੀ-ਗ ਇਸ ਸ਼ਬਦ ਦਾ ਅਰਥ-ਸੰਕੋਚ ਹੁੰਦਾ ਗਿਆ ਅਤੇ ਹੁਣ ਇਹ ਨਾਵਲ, ਨਾਵਲਿਟ ਅਤੇ ਕਹਾਣੀ ਲਈ ਹੀ ਰਾਖਵਾਂ ਹੋ ਗਿਆ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਜਾਂ ਇਹ ਕਹਿ ਲਵੋ ਕਿ ਸਾਹਿਤ ਤਾਂ ਜਨਮ ਹੀ ਸਮਾਜ ਵਿੱਚੋਂ ਲੈਂਦਾ ਹੈ। ਜਿੱਥੇ ਆਮ ਵਿਅਕਤੀ ਆਪਣੇ ਆਲ਼ੇ-ਦੁਆਲ਼ੇ ਵਾਪਰਦੇ ਹਰ ਵਰਤਾਰੇ ਨੂੰ ਅਣਗੌਲਿਆ ਕਰ ਦਿੰਦਾ ਹੈ, ਉੱਥੇ ਸਾਹਿਤਕਾਰ ਅਜਿਹਾ ਸੰਵੇਦਨਸ਼ੀਲ ਵਿਅਕਤੀ ਹੁੰਦਾ ਹੈ ਜੋ ਹਰ ਵਰਤਾਰੇ ਦੀ ਤਹਿ ਹੇਠ ਕਾਰਜਸ਼ੀਲ ਕਾਰਨਾਂ ਨੂੰ ਪੂਰੀ ਸੂਝ, ਤੀਖਣ-ਦ੍ਰਿਸ਼ਟੀ ਅਤੇ ਸਮੁੱਚੇ ਪ੍ਰਬੰਧ ਦੇ ਪਰਿਪੇਖ

ਵਿੱਚ ਰੱਖ ਕੇ ਦੇਖਦਾ ਹੈ। ਪੰਜਾਬੀ ਗਲਪ ਸਾਹਿਤ (ਨਾਵਲ ਅਤੇ ਕਹਾਣੀ) ਨੇ ਸਮਕਾਲੀ ਸਮਾਜ ਵਿੱਚ ਵਾਪਰ ਰਹੇ ਪਰਿਵਰਤਨਾਂ, ਬਦਲਦੀਆਂ ਪ੍ਰਸਥਿਤੀਆਂ, ਜੀਵਨ ਦੇ ਉਤਰਾਓ-ਚੜਾਓ, ਪਰੰਪਰਾਗਤ ਕੀਮਤਾਂ ਦੇ ਵਿੱਸਰਦੇ ਜਾਣ, ਆਧੁਨਿਕ ਜੀਵਨ ਜਾਚ ਦੇ ਨਵੇਂ ਸਰੋਕਾਰਾਂ, ਗਿਆਨ-ਵਿਗਿਆਨ ਦੀਆਂ ਲੱਭਤਾਂ ਸਦਕਾ ਪੈਦਾ ਹੋਏ ਤਕਨੀਕੀ ਸਾਧਨਾਂ ਦੇ ਪ੍ਰਸਾਰ, ਨਵੀਂ ਸੰਚਾਰ ਕ੍ਰਾਂਤੀ ਅਤੇ ਪੂੰਜੀਵਾਦੀ ਦੇਸ਼ਾਂ ਦੁਆਰਾ ਥੋਪੇ ਜਾ ਰਹੇ ਪੱਛਮੀ ਕਲਚਰ ਦੇ ਨਿੱਜਵਾਦੀ-ਖਪਤਵਾਦੀ ਰੁਝਾਨਾਂ ਨੂੰ ਬਹੁ-ਆਯਾਮੀ ਅਤੇ ਬਹੁ-ਪੱਖੀ ਸਰੋਕਾਰਾਂ ਨੂੰ ਪੂਰੀ ਸਮਰੱਥਾ ਨਾਲ ਗਲਪਮਈ ਬਿਰਤਾਂਤ ਵਿੱਚ ਢਾਲਿਆ ਹੈ। ਪੰਜਾਬੀ ਗਲਪ ਨੇ ਕਿਸਾਨੀ ਜੀਵਨ ਦੀਆਂ ਤਲਖ ਹਕੀਕਤਾਂ, ਹਰੀ ਕ੍ਰਾਂਤੀ ਦੀ ਖੜ੍ਹੋਤ ਮਗਰੋਂ ਪੈਦਾ ਹੋਈਆਂ ਅਮਾਨਵੀ ਪ੍ਰਸਥਿਤੀਆਂ, ਨਵੀਆਂ ਖੇਤੀ ਤਕਨੀਕਾਂ ਦੀ ਵਾਸਤਵਿਕਤਾ ਨੂੰ ਆਲੋਚਨਾਤਮਕ ਨਜ਼ਰੀਏ ਤੋਂ ਦੇਖਦਾ ਹੈ। ਵਿਸ਼ਵੀਕਰਨ, ਉਦਾਰੀਕਰਨ, ਅਤੇ ਨਿੱਜੀਕਰਨ ਦੀਆਂ ਨੀਤੀਆਂ ਨੇ ਖੇਤੀ ਸੈਕਟਰ ਲਈ ਅਨੇਕ ਤਰ੍ਹਾਂ ਦੀਆਂ ਲੁਭਾਉਣੀਆਂ ਸਕੀਮਾਂ ਅਤੇ ਸਬਸਿਡੀਆਂ ਮੁਹੱਈਆ ਕਰਵਾਈਆਂ ਹਨ। ਇਨ੍ਹਾਂ ਸਰਕਾਰੀ ਅਤੇ ਗ਼ੈਰ ਸਰਕਾਰੀ ਸਹੂਲਤਾਂ ਦਾ ਵੱਡਾ ਲਾਭ ਉੱਪਰਲੀ ਕਿਰਸਾਨੀ ਨੇ ਹੀ ਖੱਟਿਆ ਹੈ। ਪੇਂਡੂ ਨਿਮਨ ਕਿਸਾਨੀ ਅੰਦਰ ਇਹ ਸੰਕਟ ਵਾਪਰਿਆ ਹੈ ਕਿ ਇਹਨਾਂ ਸਹੂਲਤਾਂ ਤੋਂ ਸੱਖਣੇ ਰਹਿਣ ਕਰਕੇ ਉਹ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਰਾਜਸੀ ਤੌਰ 'ਤੇ ਵੀ ਪੱਛੜ ਗਈ ਹੈ।

ਪੰਜਾਬੀ ਗਲਪ ਵਿੱਚ ਔਰਤ ਦੀ ਮਾਨਸਿਕਤਾ ਇੱਕ ਪਾਸੇ ਆਧੁਨਿਕ ਅਤੇ ਉੱਤਰ ਆਧੁਨਿਕ ਕਦਰਾਂ-ਕੀਮਤਾਂ ਨਾਲ ਬਰ ਮੇਚ ਰਹੀ ਹੈ ਅਤੇ ਦੂਜੇ ਪਾਸੇ ਪੰਜਾਬੀ ਔਰਤ ਗਿਆਨ-ਵਿਗਿਆਨ ਦੀਆਂ ਅਹਿਮ ਪ੍ਰਾਪਤੀਆਂ ਕਰਕੇ ਵੀ ਪਰੰਪਰਾਵਾਦੀ ਭਾਰਤੀ ਕੀਮਤਾਂ ਅਤੇ ਪੁਰਾਣੇ ਮਰਿਆਦਾਗਤ ਦਾਇਰਿਆਂ ਵਿੱਚ ਘਿਰੀ ਹੋਈ ਨਜ਼ਰ ਆਉਂਦੀ ਹੈ।

ਉੱਤਰ-ਆਧੁਨਿਕ ਦੌਰ ਦੇ ਖਪਤ ਸੱਭਿਆਚਾਰ ਵਿੱਚ ਨਿੱਜੀ ਜੀਵਨ-ਜਾਚ ਦੇ ਵਰਤਾਰੇ, ਦੇਹੀਮੂਲਕ ਰੁਝਾਨਾਂ, ਕਾਮੁਕ ਸੰਬੰਧਾਂ ਦੀ ਲਾਲਸਾ ਅਤੇ ਦਿਨੋ-ਦਿਨ ਪੈਸਾ ਇੱਕਤਰ ਕਰਨ ਦੀ ਲਲਕ ਵਿੱਚ ਵਿਅਕਤੀ ਅਤੇ ਸਮਾਜ ਦਾ ਰਿਸ਼ਤਾ ਸਹਿਜ ਨਾ ਰਹਿ ਕੇ ਅਤਿ-ਜਟਿਲ, ਆਤਮ ਵਿਰੋਧੀ, ਅੰਤਰ ਵਿਰੋਧੀ ਅਤੇ ਬਹੁ-

ਪਾਸਾਰੀ ਬਣਦਾ ਜਾ ਰਿਹਾ ਹੈ। ਅਜੋਕੇ ਪੰਜਾਬੀ ਗਲਪ ਦੇ ਬਹੁਪੱਖੀ ਪਾਸਾਰਿਆਂ ਬਾਰੇ ਬਿਆਨ ਕਰਦੇ ਹੋਏ ਡਾ. ਸਵਰਨਜੀਤ ਕੌਰ ਆਪਣੀ ਪੁਸਤਕ 'ਸਮਕਾਲੀ ਪੰਜਾਬੀ ਗਲਪ:ਬਹੁ-ਪੱਖੀ ਅਧਿਐਨ' ਵਿੱਚ ਲਿਖਦੇ ਹਨ ਕਿ:

> ਅਜੋਕੇ ਮਨੁੱਖ ਦੇ ਜੀਵਨ ਦੀਆਂ ਜਟਿਲ ਗੁੰਝਲਾਂ, ਡੂੰਘੀਆਂ ਰਮਜਾਂ, ਛੋਟੇ-ਮੋਟੇ ਹਾਦਸਿਆਂ, ਮੂੰਹਜ਼ੋਰ ਅਕਾਂਖਿਆਵਾਂ, ਖੁਸ਼ੀਆਂ-ਗਮੀਆਂ ਦੇ ਵਿਗੋਚਿਆਂ ਅਤੇ ਭੂਤਕਾਲੀ ਅਹਿਸਾਸਾਂ ਨੂੰ ਲੋਕ ਮਨ ਦੇ ਵਧੇਰੇ ਨੇੜੇ ਹੋ ਕੇ ਪੂਰੀ ਸਮਰੱਥਾ ਅਤੇ ਗਹਿਰੀਆਂ ਸੰਭਾਵਨਾਵਾਂ ਨਾਲ ਚਿਤਰਨ ਵਾਲਾ ਬਿਰਤਾਂਤਕ ਰੂਪ ਗਲਪ ਹੀ ਹੈ। ਇਸ ਤਰ੍ਹਾਂ ਪੰਜਾਬੀ ਗਲਪ ਪੰਜਾਬੀ ਸੱਭਿਆਚਾਰ ਦੇ ਰਿਸ਼ਤਾ-ਨਾਤਾ ਪ੍ਰਬੰਧ, ਕਦਰਾਂ-ਕੀਮਤਾਂ, ਰਹੁ-ਰੀਤਾਂ, ਲੋਕ ਭਾਸ਼ਾ, ਪੇਂਡੂ ਜੀਵਨ ਨਾਲ ਜੁੜੇ ਵਿਰਾਸਤੀ ਤਜ਼ਰਬਿਆਂ, ਸਮੂਹਿਕਤਾ ਦੇ ਨਿੱਜਤਾ ਵੱਲ ਵੱਧਣ, ਨਿਮਨ ਕਿਸਾਨੀ ਦੀ ਤ੍ਰਾਸਦੀ ਅਤੇ ਆਧੁਨਿਕ ਚੇਤਨਾ ਦੀ ਅਦਭੁਤ ਪੇਸ਼ਕਾਰੀ ਕਰਦਾ ਹੈ(9)

ਵਸਤੂ ਚੋਣ ਦੇ ਪੱਖੋਂ ਸਮਕਾਲੀ ਪੰਜਾਬੀ ਕਹਾਣੀ ਨੇ ਸਮਕਾਲੀ ਯਥਾਰਥ ਦੀਆਂ ਅਨੇਕਾਂ ਪਰਤਾਂ ਅਤੇ ਪਾਸਾਰਾਂ ਜਿਵੇਂ ਭ੍ਰਿਸ਼ਟ ਰਾਜਨੀਤੀ, ਸਮਾਜ ਦੀ ਨਸ-ਨਸ ਵਿੱਚ ਪਨਪ ਰਿਹਾ ਭ੍ਰਿਸ਼ਟਾਚਾਰ, ਹੱਦਾਂ ਟੱਪ ਰਹੀ ਮਹਿੰਗਾਈ, ਬੇਰੁਜ਼ਗਾਰੀ, ਪੁਲਿਸ ਤਸ਼ੱਦਦ, ਲੋਕ-ਮਾਰੂ ਨੀਤੀਆਂ, ਜਿਨਸੀ ਸੰਬੰਧਾਂ, ਸਮਾਜਕ-ਆਰਥਕ ਅਸਾਵੇਂਪਣ, ਅਸਹਿ ਮੰਦਹਾਲੀ ਵਿੱਚ ਦਿਨ-ਕਟੀ ਕਰ ਰਿਹਾ ਗਰੀਬ ਵਿਅਕਤੀ, ਦਲਿਤ ਚੇਤਨਾ, ਨਾਰੀ ਚੇਤਨਾ, ਗਿਰਾਵਟ ਵਿੱਚ ਜਾ ਰਹੀ ਇਨਸਾਨੀਅਤ, ਜਾਤੀ-ਜਮਾਤੀ ਟਕਰਾਓ, ਪਰਵਾਸੀ ਅਨੁਭਵ, ਕਿਸਾਨੀ ਸੰਕਟ, ਪੱਛਮੀ ਸੱਭਿਆਚਾਰ ਦੇ ਦੁਰਪ੍ਰਭਾਵ, ਸੰਸਕ੍ਰਿਤਿਕ ਦਵੰਦ, ਅਫ਼ਸਰਸ਼ਾਹੀ, ਭ੍ਰਿਸ਼ਟਤਾ ਅਤੇ ਭਾਰਤ-ਪਾਕਿ ਸੰਬੰਧਾਂ ਨਾਲ ਸੰਬੰਧਿਤ ਸਰੋਕਾਰਾਂ ਨੂੰ ਪੂਰੀ ਬਰੀਕਬੀਨੀ ਨਾਲ ਯਥਾਰਥਕ ਪੱਧਰ ਉੱਤੇ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਫਿਰ ਵੀ ਭਰੂਣ ਹੱਤਿਆ ਕਾਰਨ ਲੜਕੀਆਂ ਦੀ ਘਟ ਰਹੀ ਗਿਣਤੀ, ਏਡਜ਼, ਨਸ਼ਾਖੋਰੀ, ਸਮਲਿੰਗਤਾ, ਜਿਸਮ ਫ਼ਰੋਸ਼ੀ, ਸੈਨਿਕ ਜੀਵਨ ਯਥਾਰਥ ਅਤੇ ਵਿਭਿੰਨ ਵਾਤਾਵਰਨਿਕ ਪ੍ਰਦੂਸ਼ਣ ਬਾਰੇ ਅਜੇ ਵੀ

ਬਹੁਤ ਘੱਟ ਲਿਖਿਆ ਗਿਆ ਹੈ, ਇਸ ਬਾਰੇ ਗੰਭੀਰਤਾ ਨਾਲ ਸੋਚਣ-ਸਮਝਣ ਅਤੇ ਸਾਹਿਤਕ ਕਾਰਜ ਵਿੱਚ ਸ਼ਾਮਿਲ ਕੀਤੇ ਜਾਣ ਲੋੜ ਹੈ।

### 3.1.2 ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੇ ਵਿਸ਼ੇਸ ਝੁਕਾਅ

ਕਹਾਣੀ ਦੀ ਸਥਿਤੀ ਦਾ ਵਿਵੇਚਨ ਕਰਦੇ ਹੋਏ ਡਾ.ਟੀ. ਆਰ ਵਿਨੋਦ ਆਪਣੀ ਪੁਸਤਕ 'ਪੰਜਾਬੀ ਕਹਾਣੀ: ਪਾਠ ਤੇ ਪ੍ਰਸੰਗ' ਵਿੱਚ ਆਪਣੇ ਵਿਚਾਰ ਇਸ ਪ੍ਰਕਾਰ ਪੇਸ਼ ਕਰਦੇ ਹਨ:

> ਪੁਰਾਣੀ ਅਤੇ ਨਵੀ ਆਧੁਨਿਕ ਕਹਾਣੀ ਦਾ ਬੁਨਿਆਦੀ ਫ਼ਰਕ ਇੱਕੋ ਫ਼ਿਕਰੇ ਵਿੱਚ ਸਮੇਟਿਆ ਜਾ ਸਕਦਾ ਹੈ- ਪੁਰਾਣੀ ਦਿਸ਼ਾ ਦੀ ਕਹਾਣੀ ਹੈ, ਨਵੀ ਦਸ਼ਾ ਦੀ। ਇੱਕੀਵੀਂ ਸਦੀ ਦੀ ਕਹਾਣੀ ਦਾ ਕੇਂਦਰ ਬਿੰਦੂ ਯਥਾਰਥ ਵਿੱਚ ਨਿਹਿਤ ਹੈ, ਜਿਸ ਦਾ ਮੁੱਖ ਕੰਮ ਮਨੁੱਖ ਨੂੰ ਸੋਚਣ ਲਈ ਮਜ਼ਬੂਰ ਕਰਨਾ ਹੈ। ਇਹ ਰੋਮਾਂਟਿਕ-ਆਦਰਸ਼ਵਾਦੀ ਸੁਪਨਿਆਂ ਦਾ ਭਰਮ ਤੋੜਦੀ ਹੋਈ ਅਮਲਯੋਗ ਆਦਰਸ਼ਾਂ ਦੀ ਸਿਰਜਨਾ ਕਰਦੀ ਹੈ(17)

ਅਜੋਕੀ ਪੰਜਾਬੀ ਕਹਾਣੀ ਦੀ ਨਿਸ਼ਾਨਦੇਹੀ ਕਰਦੇ ਹੋਏ ਕਹਾਣੀ ਵਿਧਾ ਦੇ ਨਾਮਵਰ ਸਾਹਿਤਕਾਰ ਡਾ. ਬਲਦੇਵ ਸਿੰਘ ਧਾਲੀਵਾਲ ਆਪਣੀ ਪੁਸਤਕ 'ਕਹਾਣੀ ਸ਼ਾਸਤਰ ਅਤੇ ਪੰਜਾਬੀ ਕਹਾਣੀ' ਵਿੱਚ ਇਸ ਪ੍ਰਕਾਰ ਨਕਸ਼ ਉਘਾੜਦੇ ਹਨ:

> ਇੱਕੀਵੀਂ ਸਦੀ ਦੂਜੇ ਦਹਾਕੇ ਦੀ ਪੰਜਾਬੀ ਕਹਾਣੀ ਆਪਣੇ ਸਿਖਰ ਨੂੰ ਛੂਹ ਰਹੀ ਪ੍ਰਤੀਤ ਹੁੰਦੀ ਹੈ। ਨਿਸ਼ਚੇ ਹੀ ਇਸ ਕਹਾਣੀ ਦੇ ਮੁੱਢਲੇ ਨਕਸ਼ ਪੰਜਾਬ ਵਿੱਚ ਵਿਸ਼ਵੀਕਰਨ ਦੀ ਪ੍ਰਕਿਰਿਆ ਤੇਜ ਹੋਣ ਤੋਂ ਬਾਅਦ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿੱਚ ਪ੍ਰਗਟ ਹੋਣ ਲੱਗੇ ਸਨ। ਇਸ ਕਹਾਣੀ ਦੇ ਉੱਭਰਵੇਂ ਨਕਸ਼ਾਂ ਦੇ ਅਧਿਐਨ ਰਾਹੀਂ ਪੰਜਾਬੀ ਕਹਾਣੀ ਦੀ ਦਿਸ਼ਾ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਅਜੋਕੀ ਪੰਜਾਬੀ ਕਹਾਣੀ ਦੇ ਸਮੁੱਚੇ ਕੈਨਵਸ ਉੱਤੇ ਝਾਤ ਪਾਈਏ ਤਾਂ ਇਸ ਦੇ ਤਿੰਨ ਪ੍ਰਮੁੱਖ ਅੰਗ ਵਿਖਾਈ ਦਿੰਦੇ ਹਨ- ਭਾਰਤੀ ਪੰਜਾਬੀ ਕਹਾਣੀ, ਪਾਕਿਸਤਾਨੀ ਪੰਜਾਬੀ ਕਹਾਣੀ, ਪਰਵਾਸੀ ਪੰਜਾਬੀ ਕਹਾਣੀ(118)

ਡਾ. ਧਾਲੀਵਾਲ ਅਨੁਸਾਰ ਪਰਵਾਸੀ ਪੰਜਾਬੀ ਕਹਾਣੀ ਵਿੱਚ ਪ੍ਰਮੁੱਖ ਸੰਗ੍ਰਹਿ ਹਨ: 'ਝੰਡੇ ਨੂੰ ਲੱਗੀ ਮੈਲ', (ਜਗਜੀਤ ਬਰਾੜ), 'ਟਾਵਰਜ਼' (ਜਰਨੈਲ ਸਿੰਘ), 'ਗਰਾਊਂਡ ਜ਼ੀਰੋ', 'ਰੇਸ', 'ਕਲਾਸ ਤੇ ਜੰਗ' (ਹਰਭਜਨ ਸਿੰਘ) 'ਫੈਂਸ' (ਕਰਮ ਸਿੰਘ ਮਾਨ), 'ਕਰਫ਼ਿਊ ਜਾਰੀ ਹੈ' (ਰਾਣੀ ਨਗੇਂਦਰ) ਆਦਿ। ਪੱਛਮੀ-ਪੂਰਬੀ ਸੱਭਿਆਚਾਰਾਂ ਪ੍ਰਤੀ ਇੱਕੋ ਸਮੇਂ ਖਿੱਚ ਅਤੇ ਵਿੱਥ ਦੇ ਦੁਵੱਲੇ ਤਣਾਵਾਂ ਨਾਲ ਪੈਂਡੂਲਮ ਵਾਂਗ ਡੋਲਦੇ ਪਰਵਾਸੀ ਪੰਜਾਬੀਆਂ ਦੀ ਹੋਂਦ ਅਤੇ ਹੋਣੀ ਨੂੰ ਪੇਸ਼ ਕਰਨ ਵਾਲੀਆਂ ਕਹਾਣੀਆਂ ਵਿੱਚ, 'ਚਿੱਟੀ ਕਬੂਤਰੀ ਦੀ ਤਸਵੀਰ' (ਜਗਜੀਤ ਬਰਾੜ), 'ਜੜ੍ਹਾਂ' (ਜਰਨੈਲ ਸਿੰਘ), 'ਜ਼ਖ਼ਮੀ ਹੱਥ', 'ਖੱਟੀ ਕਮਾਈ' (ਬਲਦੇਵ ਸਿੰਘ ਗਰੇਵਾਲ), 'ਸ਼ਰਧਾਂਜਲੀ' (ਕਰਮ ਸਿੰਘ ਮਾਨ), 'ਸਭਿਆਚਾਰ ਦੇ ਰਖਵਾਲੇ' (ਹਰਪ੍ਰੀਤ ਸਿੰਘ ਸੇਖਾਂ) ਮਹੱਤਵਪੂਰਨ ਹਨ। ਇਹ ਸਾਰੀਆਂ ਕਹਾਣੀਆਂ ਪਰਵਾਸੀ ਚੇਤਨਾ ਦੇ ਕਿਸੇ ਨਾ ਕਿਸੇ ਪੱਖ ਨੂੰ ਬਾਖ਼ੂਬੀ ਪੇਸ਼ ਕਰਦੀਆਂ ਹਨ ਪਰ ਕੇਂਦਰੀ ਸਪੇਸ ਉਨ੍ਹਾਂ ਕਹਾਣੀਆਂ ਦੇ ਹਿੱਸੇ ਆ ਰਹੀ ਹੈ ਜਿਹੜੀਆਂ ਪ੍ਰਵਾਸੀ ਜੀਵਨ ਦੇ ਕਿਸੇ ਵਿਆਪਕ ਮਹੱਤਤਾ ਵਾਲੇ ਸੰਕਲਪ ਨੂੰ ਆਧਾਰ ਬਣਾ ਕੇ ਵਿਸ਼ਵੀ ਕੈਨਵਸ ਉੱਤੇ ਫੈਲਣ ਦੀ ਜੁਸਤਜੂ ਨਾਲ ਲਬਰੇਜ਼ ਹਨ।

ਪੰਜਾਬ ਸੰਕਟ ਦੇ ਪੰਜਾਬੀ ਅਵਚੇਤਨ ਉੱਤੇ ਪਏ ਬਹੁ-ਪੱਖੀ ਭਾਰ 'ਭਾਰ', ਮਨਿੰਦਰ ਕਾਂਗ, ਵਿਸ਼ਵੀਕਰਨ ਨਾਲ ਕਿਸਾਨੀ ਵਰਗ ਦੀ ਹੋਂਦ ਅਤੇ ਹੋਣੀ ਬਾਰੇ ਪੈਦਾ ਹੋਏ ਮੂਲ ਪ੍ਰਸ਼ਨ 'ਜੇ ਆਪਣੇ ਬਿਰਥਾ ਕਹੂੰ', ਬਲਜਿੰਦਰ ਨਸਰਾਲੀ, 'ਬੁਲਬੁਲਿਆਂ ਦੀ ਕਾਸ਼ਤ', ਕੇਸਰਾ ਰਾਮ, 'ਛਿੱਟ ਕੁ ਕਹਾਣੀ', ਜਤਿੰਦਰ ਹਾਂਸ, ਪੰਜਾਬੀ ਵਿੱਚ ਦਲਿਤ ਚੇਤਨਾ ਨਾਲ ਸੰਬੰਧਤ 'ਕੁੱਤੀ ਵਿਹੜਾ', ਮਨਿੰਦਰ ਕਾਂਗ ਅਤੇ 'ਇੱਕ ਘਰ ਆਜ਼ਾਦ ਹਿੰਦੀਆਂ ਦਾ' ਬਲਵਿੰਦਰ ਸਿੰਘ ਗਰੇਵਾਲ, ਸੰਤਾਲੀ ਦੀ ਵੰਡ ਵਿੱਚੋਂ ਪੈਦਾ ਹੋਏ ਅਣ-ਨਸੂਰੇ ਜਖ਼ਮ 'ਇਕਬਾਲ ਹੁਸੈਨ ਮੋਇਆ ਨਹੀਂ', ਅਜਮੇਰ ਸਿੱਧੂ, 'ਮਲ੍ਹਮ', ਸਾਂਵਲ ਧਾਮੀ, ਪੰਜਾਬੀ ਮਾਨਸਿਕਤਾ ਵਿੱਚ ਵੱਧ ਰਿਹਾ ਨਿਪੁੰਸਕਤਾ ਦਾ ਦਖ਼ਲ 'ਤਾੜੀ', ਤਲਵਿੰਦਰ ਸਿੰਘ, ਨਾਰੀ ਮਾਨਸਿਕਤਾ ਦੇ ਨਵੇ ਪਾਸਾਰ 'ਕਾਗਜ਼ ਗੁੱਡਾ', ਰਸ਼ਪਿੰਦਰ ਰਸ਼ਿਮ, 'ਇੱਕ ਦਿਨ', ਤ੍ਰਿਪਤਾ ਕੇ ਸਿੰਘ, 'ਪਰਉਪਕਾਰ', ਬਲਦੇਵ ਸਿੰਘ ਢੀਂਡਸਾ ਪੰਜਾਬੀ ਦੇ ਰਾਜਨੀਤਿਕ ਅਵਚੇਤਨ ਦੀ ਹਿੰਸਾਵਾਦੀ ਸੰਰਚਨਾ 'ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ', ਸੁਖਜੀਤ ਸਿੰਘ, ਨਵ-

ਬਸਤੀਵਾਦ ਦੇ ਹਵਾਲੇ ਨਾਲ ਬਦਲਦੀ ਭਾਰਤ ਅਤੇ ਪਾਕਿਸਤਾਨ ਦੇ ਰਿਸ਼ਤਿਆਂ ਦੀ ਵਿਆਕਰਨ 'ਹਿਕ ਆਹੀ ਜਮਨਾ ਉਰਫ਼ ਜੁੰਮਨ ਖਾਂ', ਕੇਸਰਾ ਰਾਮ, ਕਸ਼ਮੀਰ ਸਮੱਸਿਆ ਦੇ ਪ੍ਰਸੰਗ ਵਿੱਚ ਉੱਭਰਦਾ-ਮਿਟਦਾ ਨਾਇਕਤਵ 'ਸਹਿਮੇ ਪਲਾਂ ਦਾ ਤਮਾਸ਼ਬੀਨ', 'ਸੁਪਨੇ ਵਿੱਚ ਵਾਪਰੀ ਘਟਨਾ ਦਾ ਨਾਇਕ', ਹਰਭਜਨ ਸਿੰਘ ਸਾਗਰ, ਨਸ਼ਿਆਂ ਅਤੇ ਕਾਮ ਹਾਬੜੇ ਦੇ ਹੜ੍ਹ ਵਿੱਚ ਰੁੜ੍ਹਦੀ ਜਾਂਦੀ ਪੰਜਾਬੀ ਸੰਵੇਦਨਾ 'ਚੂੜੇ ਵਾਲੀ ਬਾਂਹ', ਜਸਵੀਰ ਸਿੰਘ ਰਾਣਾ, 'ਅੰਨ੍ਹੀ ਗਲੀ ਦਾ ਮੋੜ', ਗੁਰਦਿਆਲ ਦਿਆਲ, ਹਰ ਹੀਲੇ ਪਰਵਾਸ ਦੀ ਪੰਜਾਬੀ ਲਲਕ 'ਬੋਨਸ', ਬਲਦੇਵ ਸਿੰਘ ਢੀਂਡਸਾ, 'ਸੂਰਜ ਦੀ ਕੋਈ ਪਿੱਠ ਨਹੀਂ ਹੁੰਦੀ', ਬਲਵਿੰਦਰ ਸਿੰਘ ਗਰੇਵਾਲ, ਪੰਜਾਬੀ ਮਾਨਸਿਕਤਾ ਦਾ ਲੁੰਪਨੀਕਰਨ 'ਬਿੱਲੀਆਂ ਅੱਖਾਂ ਦਾ ਜਾਦੂ' ਜਸਵੀਰ ਸਿੰਘ ਰਾਣਾ, ਆਦਿ ਵਰਗੇ ਅਨੇਕਾਂ ਸਰੋਕਾਰ ਅਜੋਕੀ ਪੰਜਾਬੀ ਕਹਾਣੀ ਦੀ ਸਿਰਜਣਾਤਮਕ ਸਮਰੱਥਾ ਸਾਹਮਣੇ ਕਸਵੱਟੀ ਬਣ ਕੇ ਆ ਖੜ੍ਹੇ ਹੋਏ ਹਨ। ਇੱਕੀਵੀਂ ਸਦੀ ਦੀ ਕੈਲੰਡਰੀ ਆਮਦ ਭਾਵੇਂ ਆਪਣੇ ਆਪ ਵਿੱਚ ਕੋਈ ਬਹੁਤ ਵੱਡੀ ਘਟਨਾ ਨਹੀਂ ਪਰ ਇਹ ਇਸ ਦੌਰ ਦੀ ਸੂਚਕ ਜ਼ਰੂਰ ਹੈ ਜਿਸ ਦੌਰ ਵਿੱਚ ਵਿਸ਼ਵ-ਚਿੰਤਨ ਨੇ ਵੱਡੀਆਂ ਕਰਵਟਾਂ ਲਈਆਂ ਹਨ। ਇਸ ਯੁਗ-ਚਿੰਤਨ ਨੂੰ ਉੱਤਰ-ਆਧੁਨਿਕ ਵਿਚਾਰਧਾਰਾ ਦੇ ਰੂਪ ਵਿੱਚ ਸਵੀਕਾਰਿਆ ਗਿਆ ਹੈ। ਸਮੁੱਚੀ ਦੁਨੀਆਂ ਵਾਂਗ ਹੀ ਪੰਜਬੀ ਵਿਸ਼ਵ-ਦ੍ਰਿਸ਼ਟੀ ਵੀ ਇਸ ਚਿੰਤਨ ਤੋਂ ਅਭਿੱਜ ਨਹੀਂ ਰਹੀ। ਪਿਛਲੇ ਦੋ ਕੁ ਦਹਾਕਿਆਂ ਤੋਂ ਇਸ ਨਵੀਂ ਵਿਸ਼ਵ-ਦ੍ਰਿਸ਼ਟੀ ਨੇ ਪੰਜਾਬੀ ਕਹਾਣੀ ਦੇ ਮੁਹਾਂਦਰੇ ਨੂੰ ਨਵਾਂ ਰੰਗ-ਰੂਪ ਦਿੱਤਾ ਹੈ। ਵਸਤੂ-ਯਥਾਰਥ ਨੂੰ ਸਮਝਣ, ਪੇਸ਼ ਕਰਨ ਅਤੇ ਬਦਲਣ ਲਈ ਨਵੇਂ ਢੰਗ-ਤਰੀਕੇ ਸਾਹਮਣੇ ਆਏ ਹਨ। ਜਮਾਤੀ ਸੰਘਰਸ਼ਾਂ ਦੀ ਥਾਂ ਪਛਾਣ ਦੀ ਰਾਜਨੀਤੀ ਨੂੰ ਵਧੇਰੇ ਸਪੇਸ ਮਿਲਣ ਲੱਗੀ ਹੈ।

ਇੱਕੀਵੀਂ ਸਦੀ ਦੇ ਆਰੰਭ ਤੱਕ ਸੰਤੋਖ ਸਿੰਘ ਧੀਰ, ਕਰਤਾਰ ਸਿੰਘ ਦੁੱਗਲ, ਸੁਰਿੰਦਰ ਨਰੂਲਾ ਆਦਿ ਵੀ ਆਪਣੀਆਂ ਕਹਾਣੀਆਂ ਨਾਲ ਸਾਹਿਤ ਦੇ ਖਜ਼ਾਨੇ ਭਰਦੇ ਰਹੇ ਹਨ। ਉਹਨਾਂ ਦੀ ਹਾਜ਼ਰੀ ਹੀ ਪੰਜਾਬੀ ਕਹਾਣੀ ਦੇ ਦ੍ਰਿਸ਼ ਨੂੰ ਮਾਣ-ਮੱਤਾ ਬਣਾਉਣ ਲਈ ਕਾਫੀ ਹੈ। ਦਿਨੋਂ-ਦਿਨ ਵੱਧ ਰਹੇ ਮਨੁੱਖ ਵਿਰੋਧੀ ਸਰੋਕਾਰਾਂ ਜਿਵੇਂ ਸੰਪਰਦਾਇਕ, ਜਾਤੀਵਾਦ, ਰਿਸ਼ਤਿਆਂ ਦੀ ਅਰਥਹੀਣਤਾ ਆਦਿ ਪ੍ਰਤੀ ਲੇਖਕਾਂ ਦੀ ਚਿੰਤਾਂ ਪਾਠਕਾਂ ਨੂੰ ਵੰਗਾਰਨ ਵਾਲੀ ਹੈ।

ਸਾਲ 2002 ਵਿੱਚ ਚਰਚਿਤ ਕਹਾਣੀਆਂ ਹਨ: 'ਖੰਡੇ ਦੀ ਧਾਰ' (ਬਲਵਿੰਦਰ ਗਰੇਵਾਲ, ਸਿਰਜਣਾ, ਜਨਵਰੀ-ਮਾਰਚ), 'ਬੋਨਸ' (ਬਲਦੇਵ ਸਿੰਘ ਢੀਂਡਸਾ, ਸਿਰਜਨਾ, ਜਨਵਰੀ-ਮਾਰਚ), 'ਪਾਣੀ' (ਜਰਨੈਲ ਸਿੰਘ, ਪ੍ਰਵਚਨ, ਜੁਲਾਈ-ਸਤੰਬਰ), 'ਛਿੱਟ ਕੁ ਕਹਾਣੀ' (ਜਤਿੰਦਰ ਹਾਂਸ, ਤ੍ਰਿਸ਼ੰਕੂ, ਜਨਵਰੀ-ਜੂਨ), 'ਵਹਿੰਗੀ' ( ਅਮਨ ਪਾਲ ਸਾਰਾ, ਕਹਾਣੀ-ਪੰਜਾਬ, ਅਪ੍ਰੈਲ-ਜੂਨ), 'ਕਾਲਾ ਬਲਦ' (ਵੀਨਾ ਵਰਮਾ, ਕਹਾਣੀ-ਪੰਜਾਬ, ਜੁਲਾਈ-ਸਤੰਬਰ)। ਬਲਵਿੰਦਰ ਗਰੇਵਾਲ ਦੀ ਚਰਚਿਤ ਕਹਾਣੀ ਯੁੱਧ ਖੇਤਰ' ਅਤੇ 'ਖੰਡੇ ਦੀ ਧਾਰ' ਨੇ ਨਵੀ ਚਰਚਾ ਨੂੰ ਜਨਮ ਦਿੱਤਾ ਹੈ। ਇਸ ਵਿੱਚ ਸਿੱਖਾਂ ਦੀ ਲੜਕੀ ਦੇ ਵਿਆਹ ਦੀ ਸਮੱਸਿਆ ਰਾਹੀਂ ਸਿੱਖ-ਸੰਸਕ੍ਰਿਤੀ ਦੀ ਦਿੱਖ ਅਤੇ ਹਕੀਕਤ ਦੇ ਦੁਫੇੜ ਨੂੰ ਉਜਾਗਰ ਕੀਤਾ ਗਿਆ ਹੈ। ਬਲਦੇਵ ਸਿੰਘ ਢੀਂਡਸਾ ਦੀ ਕਹਾਣੀ 'ਬੋਨਸ' ਪੰਜਾਬੀ ਮਾਨਸਿਕਤਾ ਦੇ ਉਹਨਾਂ ਨਵੇਂ ਸਰੋਕਾਰਾਂ ਨੂੰ ਪੇਸ਼ ਕਰਦੀ ਹੈ, ਜਿਹੜੇ ਵਿਸ਼ਵੀਕਰਨ ਦੇ ਹੜ੍ਹ ਨਾਲ ਮੂੰਹਜ਼ੋਰ ਹੋ ਕੇ ਪੰਜਾਬੀ-ਸਮਾਜ ਨੂੰ ਨੀਹਾਂ ਤੋਂ ਹਿਲਾ ਦੇਣ ਵਾਲੇ ਹਨ। ਟੱਬਰ ਸਮੇਤ ਪੱਛਮੀ ਮੁਲਕਾਂ ਵਿੱਚ ਪਰਵਾਸ ਧਾਰਨ ਦੇ ਮੰਤਵ ਲਈ ਇੱਕ ਜੱਟ ਕਿਸਾਨ ਪਰਿਵਾਰ ਆਪਣੀ ਲੜਕੀ ਦਾ ਵਿਆਹ ਕਨੇਡਾ ਵਿੱਚ ਕਰਵਾ ਦਿੰਦਾ ਹੈ। ਇਸ ਪ੍ਰਕਾਰ ਵਿਆਹ ਦੀ ਪਵਿੱਤਰ ਰਸਮ ਨੂੰ ਸੌਦੇ ਦਾ ਮਾਲ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਜਰਨੈਲ ਸਿੰਘ ਦੀ ਕਹਾਣੀ 'ਪਾਣੀ' ਪੱਛਮੀ ਅਤੇ ਪੰਜਾਬੀ ਸੱਭਿਆਚਾਰ ਦੇ ਆਪਸੀ ਤਣਾਅ ਨੂੰ ਬਿਆਨ ਕਰਦੀ ਹੈ। ਜਤਿੰਦਰ ਹਾਂਸ ਦੀ 'ਛਿੱਟ ਕੁ ਕਹਾਣੀ' ਵਿਆਹ ਤੋਂ ਵਾਂਝੇ ਰਹਿ ਜਾਣ ਵਾਲੇ ਜੱਟ ਕਿਸਾਨ ਪਾਤਰ ਸੁੱਖੇ ਦੀ ਔਰਤ ਪ੍ਰਤੀ ਸਿੱਕ ਨੂੰ ਪੇਸ਼ ਕਰਦੀ ਹੈ। ਵੀਨਾ ਵਰਮਾ ਦੀ ਕਹਾਣੀ 'ਕਾਲਾ ਬਲਦ' ਇੱਕ ਪਰਵਾਸੀ ਪੰਜਾਬੀ ਰੁਲੀਆ ਰਾਮ ਦੀ ਵਿਥਿਆ ਹੈ। ਆਪਣੀ ਪੰਜਾਬ 'ਚ ਰਹਿੰਦੀ ਪਤਨੀ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਕਾਲਾ ਬਲਦ ਬਣ ਕੇ ਕਮਾਈ ਕਰਦਾ ਰੁਲੀਆ ਰਾਮ ਨਿਰੰਤਰ ਰਿਸ਼ਤਿਆਂ ਦੀ ਅਰਥਹੀਣਤਾ ਦਾ ਸੰਤਾਪ ਭੋਗਦਾ ਹੈ। ਅਮਨ ਪਾਲ ਸਾਰਾ ਦੀ ਕਹਾਣੀ 'ਵਹਿੰਗੀ' ਪੰਜਾਬੀ ਕਿਸਾਨੀ ਦੇ ਅੰਤਰ-ਸਰੋਕਾਰਾਂ ਨੂੰ ਬਿਆਨ ਕਰਦੀ ਹੈ। ਇਨ੍ਹਾਂ ਕਹਾਣੀਆਂ ਤੋਂ ਇਲਾਵਾ 'ਚੋਰੀ' (ਬਲਜਿੰਦਰ ਨਸਰਾਲੀ, ਤ੍ਰਿਸ਼ੰਕੂ, ਜਨਵਰੀ-ਜੂਨ), 'ਚੀਟਰ' (ਤਰਲੋਚਨ ਸਿੰਘ ਭਾਟੀਆ, ਸਿਰਜਣਾ), 'ਹੈਲੋ ਡੌਗ' (ਅਜਮੇਰ ਸਿੱਧੂ, ਤ੍ਰਿਸ਼ੰਕੂ, ਜਨਵਰੀ-ਜੂਨ), 'ਸਿਖਰ ਦੁਪਹਿਰਾ' (ਜਸਵੀਰ ਰਾਣਾ, ਸਰੋਕਾਰ), 'ਸੰਭਾਲ ਲੈ ਮੈਨੂੰ' (ਭੋਲਾ ਸਿੰਘ ਸੰਘੇੜਾ,

ਕਹਾਣੀ ਪੰਜਾਬ), 'ਰਾਮ ਕਿਸ਼ਨ ਬਨਾਮ ਹਾਜ਼ਰ ਹੋ' (ਕੇਸਰਾ ਰਾਮ, ਕਹਾਣੀ ਪੰਜਾਬੀ), 'ਸੱਪ' (ਹਰਜੀਤ ਅਟਵਾਲ, ਸਿਰਜਣਾ), 'ਧਰਤੀ ਪੁੱਤਰ' (ਪ੍ਰੇਮ ਗੋਰਖੀ, ਪ੍ਰਵਚਨ), 'ਰਾਮ ਕ੍ਰਿਸ਼ਨ ਦਾ ਸੇਬ' (ਗੁਰਦਿਆਲ ਦਲਾਲ, ਕਹਾਣੀ ਪੰਜਾਬ,), 'ਬਿਨ ਸਿੰਗੇ ਸਾਨ੍ਹ' (ਹਰਭਜਨ ਸਿੰਘ, ਅਕਸ, ਅਪ੍ਰੈਲ), 'ਲੇਬਰ ਕੋਰਟ ਉਦਾਸ ਹੈ'(ਮੋਹਨ ਲਾਲਾ ਫਿਲੌਰੀਆ, ਤ੍ਰਿਸ਼ੰਕੂ, ਜਨਵਰੀ-ਜੂਨ), 'ਹੁਣ ਤੱਕ' (ਜਿੰਦਰ, ਕਲਾ ਸਿਰਜਕ, ਅਕਤੂਬਰ-ਦਸੰਬਰ) ਆਦਿ ਸ਼ਾਮਲ ਹਨ। ਅਜੋਕੀ ਕਹਾਣੀ ਵਿਹਲੇ ਪਲਾਂ 'ਚ ਕਹਾਣੀ ਦਾ ਸ਼ੁਗਲ ਫਰਮਾਉਣ ਦੀ ਥਾਂ ਵਧੇਰੇ ਗੰਭੀਰਤਾ ਨਾਲ ਨਿਭਾਈ ਜਾ ਰਹੀ ਹੈ। ਕਹਾਣੀ ਹੁਣ ਅਚਾਨਕ ਫੁਰੇ ਫੁਰਨਿਆਂ ਦਾ ਸਹਿਜ ਅਤੇ ਸਿੱਧਾ ਪ੍ਰਗਟਾਵਾ ਨਹੀਂ ਰਹੀ ਸਗੋਂ ਉਹਨਾਂ ਫੁਰਨਿਆਂ ਸਮਾਜਿਕ ਅਤੇ ਦਾਰਸ਼ਨਿਕ ਪਰਿਪੇਖ ਵਿੱਚ ਪੇਸ਼ ਕਰ ਸਕਣ ਵਾਲਾ ਕਲਾਤਮਕ, ਪ੍ਰਤੀਬੱਧਤਾ ਵਾਲਾ ਅਤੇ ਚੁਣੌਤੀ ਭਰਿਆ ਕੰਮ ਹੈ। ਸਾਲ 2002 ਦੀਆਂ ਕਹਾਣੀਆਂ ਹਾਸ਼ੀਏ ਤੇ ਵਿਚਰਦੇ ਵਰਗਾਂ ਦੇ ਸੰਕਟ ਉੱਭਾਰਨ ਵਿੱਚ ਵਿਸ਼ੇਸ਼ ਰੁਚੀ ਰੱਖਦੀਆਂ ਹਨ, ਇਸ ਲਈ ਔਰਤ ਦੀ ਮੁਕਤੀ, ਪ੍ਰਵਾਸ ਦੇ ਪ੍ਰਸੰਗ ਵਿੱਚ ਪਛਾਣ ਦਾ ਮਸਲਾ, ਪੰਜਾਬ ਦੀ ਕਿਸਾਨੀ ਅਤੇ ਦਲਿਤਾਂ ਦੇ ਸੰਕਟ, ਜਿਨਸੀ ਹਾਬੜਿਆਪਣ ਆਦਿ ਵਿਸ਼ੇ ਪ੍ਰਮੁੱਖ ਤੌਰ ਤੇ ਪੰਜਾਬੀ ਕਹਾਣੀ ਦਾ ਅਧਾਰ ਬਣਦੇ ਹਨ।

2004 ਦੀ ਪੰਜਾਬੀ ਕਹਾਣੀ ਪੰਜਾਬੀ ਜਗਤ ਵਿੱਚ ਵੱਧ ਰਹੀ ਚੇਤਨਾ ਦੀ ਸੂਚਕ ਹੈ। ਇਸ ਸਾਲ ਦੀ ਪੰਜਾਬੀ ਕਹਾਣੀ ਨੇ ਭਰਪੂਰਤਾ ਦਾ ਅਹਿਸਾਸ ਦਿੱਤਾ ਹੈ। 'ਪਰਖਵੱਟੀ'(ਸੰਤੋਖ ਸਿੰਘ ਧੀਰ, ਸਮਦਰਸ਼ੀ, ਅਕਤੂਬਰ), 'ਦਿਸ਼ਾਹੀਣ ਰਾਹ'(ਸਿਮਰ, ਸਿਰਜਣਾ, ਅਪ੍ਰੈਲ-ਜੂਨ), 'ਗੋਰਾ ਬਾਸ਼ਾ'(ਮੋਹਨ ਭੰਡਾਰੀ), 'ਮੱਛੀਆਂ ਕੱਚ ਦੀਆਂ'(ਨਿਰਮਲ ਜਸਵਾਲ), 'ਧੂੰਆਂ'(ਬਲਵੀਰ ਪਰਵਾਨਾ), 'ਪੱਤਾ ਪੱਤਾ ਜ਼ਿੰਦਗੀ'(ਸੋਮਾ ਸਬਲੋਕ), 'ਆਹਮਣੇ ਸਾਹਮਣੇ'(ਮੇਜਰ ਮਾਂਗਟ), 'ਲਾਹੇ ਹੋਏ'(ਪਵਨ ਪਰਿੰਦਾ), 'ਨੀਂਹ ਦਾ ਪੱਥਰ'(ਧਰਮਪਾਲ ਸਾਹਿਲ), 'ਪਾਵੇ ਨਾਲ ਬੰਨ੍ਹਿਆ ਕਾਲ'(ਜਤਿੰਦਰ ਹਾਂਸ), 'ਘਰ ਦਾ ਜੀਅ'(ਜਸਵਿੰਦਰ ਸਿੰਘ), 'ਖੂਹ ਗਿੜਦਾ ਹੈ', (ਅਜਮੇਰ ਸਿੱਧੂ), 'ਹੱਕ, ਫ਼ਰਜ਼ ਤੇ ਜੰਗ'(ਗੁਰਮੇਲ ਮਡਾਹੜ), 'ਜਨਮਾਂ ਤੋਂ ਆਰ-ਪਾਰ'(ਗੁਰਪ੍ਰੀਤ ਧਾਲੀਵਾਲ), 'ਖਿਸਕਦੀ ਹੋਈ ਖੁਸ਼ੀ'(ਸੁਖਮੰਦਰ ਸੇਖੋਂ), 'ਪੌਣਾ ਆਦਮੀ'(ਬੀ.ਐਸ.ਬੀਰ), 'ਅੱਜ ਦੇ ਚਾਣਕਯ' (ਅਮਰੀਕ ਕੰਡਾ), 'ਕੋਰਟ ਮਾਰਸ਼ਲ'(ਰਣਜੀਤ ਸਿੰਘ), 'ਸਲੀਬ ਦੋ ਹਜ਼ਾਰ

ਇਕ'(ਇੰਦਰਜੀਤ ਪਾਲ), 'ਯੂਨੀਵਰਸਿਟੀ ਆਫ਼ ਲਿਲੀਪੁੱਟ'(ਅਮਨਪ੍ਰੀਤ ਗਿੱਲ), 'ਅੰਗੂਰਾਂ ਦੀ ਵੇਲ' ਤੇ ਹੋਰ ਕਹਾਣੀਆਂ'(ਸੰਪਾ. ਕੰਵਲਜੀਤ ਭੁੱਲਰ), 'ਢਲਦੀ ਦੁਪਹਿਰ'(ਸੰਪਾ. ਭੋਲਾ ਸਿੰਘ ਸੰਘੇੜਾ) ਆਦਿ।

ਇਨ੍ਹਾਂ ਵਿੱਚੋਂ ਕੁਝ ਕਹਾਣੀ-ਸੰਗ੍ਰਹਿ ਵੱਖ-ਵੱਖ ਕਾਰਨਾਂ ਕਰ ਕੇ ਵਧੇਰੇ ਚਰਚਿਤ ਰਹੇ ਹਨ। 'ਮੱਛੀਆਂ ਕੱਚ ਦੀਆਂ' ਔਰਤ-ਮਨ ਦੀ ਬੇਬਾਕ-ਬਿਆਨੀ ਕਰ ਕੇ, 'ਯੂਨੀਵਰਸਿਟੀ ਆਫ਼ ਲਿਲੀਪੁੱਟ' ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਹੁਦੇਦਾਰਾਂ ਦੀ ਵਿਅੰਗਮਈ ਤਸਵੀਰਕਸ਼ੀ ਕਰ ਕੇ, 'ਢਲਦੀ ਦੁਪਹਿਰ' ਕਿਸਾਨਾਂ ਦੀਆਂ ਖੁਦਕੁਸ਼ੀਆਂ ਦੀ ਵੇਦਨਾ ਕਰਕੇ, 'ਖੂਹ ਗਿੜਦਾ ਹੈ' ਅਤੇ 'ਪਾਵੇ ਨਾਲ ਬੰਨ੍ਹਿਆ ਕਾਲ' ਆਪਣੇ ਉੱਤਰ-ਯਥਾਰਥਵਾਦੀ ਗਲਪ ਪ੍ਰਯੋਗਾਂ ਕਰਕੇ ਪਾਠਕਾਂ ਦੇ ਧਿਆਨ ਦਾ ਕੇਂਦਰ ਬਣੇ ਰਹੇ। ਗੁਰਦੇਵ ਸਿੰਘ ਰੁਪਾਣਾ ਦੀ ਕਹਾਣੀ 'ਰੂਸ ਰੂਸ ਅਮਰੀਕਾ ਅਮਰੀਕਾ'(ਲਕੀਰ, ਜੁਲਾਈ-ਸਤੰਬਰ) ਸਥਾਪਤੀ ਅਤੇ ਉਸਦੇ ਵਿਰੁੱਧ ਨਾਬਰੀ ਦੀ ਡਾਇਲੈਕਟਸ ਨੂੰ ਜੀਵਣ ਦੇ ਜੀਵੰਤ ਦ੍ਰਿਸ਼ਾਂ ਰਾਹੀਂ ਪੇਸ਼ ਕਰਦੀ ਹੈ।

ਪਰਵਾਸੀ ਕਹਾਣੀਕਾਰ ਜਰਨੈਲ ਸਿੰਘ ਦੀ ਕਹਾਣੀ 'ਗਵਾਚੇ ਲੋਕ'(ਸਿਰਜਨਾ, ਅਕਤੂਬਰ-ਦਸੰਬਰ), ਕਨੇਡਾ ਵਿੱਚ ਰਹਿੰਦੇ ਪਰਵਾਸੀ ਪੰਜਾਬੀ ਸ਼ਮਸ਼ੇਰ ਸਿੰਘ ਗਿੱਲ ਦੇ ਪਰਿਵਾਰ ਦੇ ਬਿੱਖਰ ਜਾਣ ਨਾਲ ਪੈਦਾ ਹੋਏ ਦੁਖਾਂਤ ਦੀ ਪੇਸ਼ਕਾਰੀ ਕਰਦੀ ਹੈ। ਕੇਸਰਾ ਰਾਮ ਦੀ ਕਹਾਣੀ 'ਘੰਟੀ'(ਸਿਰਜਨਾ, ਜੁਲਾਈ-ਸਤੰਬਰ) ਮੁੱਢਲੀ ਵਿੱਦਿਆ ਦੇ ਆਦਾਰਿਆਂ ਵਿੱਚ ਖ਼ਤਰੇ ਦੀ ਹੱਦ ਤੱਕ ਆ ਚੁੱਕੀ ਗਿਰਾਵਟ ਦਾ ਬਿਰਤਾਂਤ ਪੇਸ਼ ਕਰਦੀ ਹੈ। ਮਨਮੋਹਨ ਬਾਵਾ ਦੀ ਕਹਾਣੀ 'ਇੱਕ ਮਹੱਤਵਹੀਨ ਆਦਮੀ'(ਸ਼ਬਦ, ਅਕਤੂਬਰ-ਦਸੰਬਰ) ਮਨੁੱਖੀ ਪਛਾਣ ਦੇ ਮਸਲੇ ਨਾਲ ਨਜਿੱਠਣ ਅਤੇ ਪਠਾਣੀ ਜੀਵਨ-ਜਾਚ ਦੇ ਸੰਜੀਵ ਦ੍ਰਿਸ਼ ਪੇਸ਼ ਕਰਨ ਸਦਕਾ ਵਿਸ਼ੇਸ਼ ਬਣਦੀ ਹੈ। ਇਸੇ ਤਰ੍ਹਾਂ ਜਤਿੰਦਰ ਹਾਂਸ ਦੀ ਕਹਾਣੀ 'ਪਾਵੇ ਨਾਲ ਬੰਨ੍ਹਿਆ ਕਾਲ'(ਲਕੀਰ, ਜੁਲਾਈ-ਸਤੰਬਰ) ਔਰਤ ਦੇ ਮਾਂ-ਮਨ ਅਤੇ ਉਪਭੋਗੀ ਮਨ ਦੀ ਕਸ਼ਮਕਸ਼, ਨਾਲ ਹੀ ਪਦਾਰਥਕ ਪਹਿਲਤਾਵਾਂ ਅਤੇ ਰਿਸ਼ਤਿਆਂ ਦੀ ਤਣਾ-ਤਣੀ ਦੇ ਕਲਾਤਮਕ ਬਿਆਨ ਕਾਰਨ ਉਲੇਖ ਯੋਗ ਹੈ।

ਸਾਲ 2005 ਪੰਜਾਬੀ ਕਹਾਣੀ ਦੇ ਬਹੁ-ਪੱਖੀ ਵਿਕਾਸ ਦੇ ਪੱਖੋਂ ਭਰਪੂਰ ਉਪਜ ਵਾਲਾ ਸਾਲ ਰਿਹਾ। ਇਸ ਵਰ੍ਹੇ ਦੀ ਪੰਜਾਬੀ ਕਹਾਣੀ ਨੇ ਆਪਣੇ ਸਮਕਾਲੀ, ਚੁਣੌਤੀ ਭਰੇ ਹਾਲਾਤ ਨਾਲ ਡੂੰਘਾ ਸੰਵਾਦ ਰਚਾਇਆ। ਮਿਸਾਲ ਵਜੋਂ ਕਨੇਡਾ ਵਾਸੀ ਕਹਾਣੀਕਾਰ ਜਰਨੈਲ ਸਿੰਘ ਨੇ ਕਹਾਣੀ 'ਟਾਵਰਜ਼' ਰਾਹੀਂ 9/11 ਸਤੰਬਰ ਵਾਲੇ ਹਾਦਸੇ ਅਤੇ ਇਰਾਕ ਦੀ ਭਿਆਨਕ ਤਬਾਹੀ ਵਿਸ਼ਾ ਵਸਤੂ ਬਣਾ ਕੇ ਭਾਵਪੂਰਨ ਕਹਾਣੀ ਦੀ ਰਚਨਾ ਕੀਤੀ। ਕੁਝ ਚੋਣਵੀਆਂ ਪੰਜਾਬੀ ਕਹਾਣੀਆਂ ਦਾ ਵੇਰਵਾ ਇਸ ਪ੍ਰਕਾਰ ਹੈ: 'ਹਜ਼ਾਰ ਕਹਾਣੀਆਂ ਦਾ ਬਾਪ'(ਸੁਖਜੀਤ), 'ਟਾਵਰਜ਼'(ਜਰਨੈਲ ਸਿੰਘ), 'ਤਾੜੀ'(ਤਲਵਿੰਦਰ ਸਿੰਘ), 'ਆਤੂ ਖੋਜੀ'(ਗੁਰਮੀਤ ਕੜਿਆਲਵੀ), 'ਮੱਕੜੀਆਂ'(ਸੁਖਵੰਤ ਕੌਰ ਮਾਨ), 'ਖਿੱਤੀਆਂ ਘੁੰਮ ਰਹੀਆਂ ਨੇ'(ਜਸਵੀਰ ਰਾਣਾ), 'ਕਦੇ ਫਿਰ ਸਹੀ'(ਗੁਰਪਾਲ ਲਿਟ), 'ਕੋਲਾਜ਼'(ਪ੍ਰੇਮ ਗੋਰਖੀ), 'ਕੀੜੀਆਂ ਦੀ ਮੌਤ'(ਬਲਦੇਵ ਸਿੰਘ ਧਾਲੀਵਾਲ), 'ਚੁੱਪ ਦੇ ਅੰਦਰਲਾ ਸ਼ੋਰ'(ਭਗਵੰਤ ਰਸੂਲਪੁਰੀ), 'ਵਿੱਕਰੀ'(ਪਿਆਰਾ ਸਿੰਘ ਭੋਗਲ), 'ਚੁਪੇੜ'(ਸੁਕੀਰਤ), 'ਪਿਉਂਦ'(ਮੇਜਰ ਮਾਂਗਟ)। ਕਹਾਣੀ 'ਹਜ਼ਾਰ ਕਹਾਣੀਆਂ ਦਾ ਬਾਪ' ਇੱਕੋ ਸਮੇਂ ਜਾਤ-ਪਾਤ, ਔਰਤ ਦੀ ਪਛਾਣ, ਅਤੇ ਔਰਤ ਅਤੇ ਮਰਦ ਦੇ ਰਿਸ਼ਤੇ ਆਦਿ ਵਿਭਿੰਨ ਮੁੱਦਿਆਂ ਨੂੰ ਆਪਣਾ ਰਚਨਾ-ਵਸਤੂ ਬਣਾਉਣ ਵਾਲੀ ਕਹਾਣੀ ਹੈ। ਕਹਾਣੀ 'ਤਾੜੀ' ਅਜੋਕੇ ਉਪਭੋਗਤਾਵਾਦੀ ਦੌਰ ਵਿੱਚ ਨੌਕਰੀ-ਪੇਸ਼ਾ ਮੱਧਵਰਗ ਦੀ ਉੱਖੜੀ ਮਾਨਸਿਕ ਸਥਿਤੀ ਬਾਰੇ ਦਿਲ ਕੰਬਾਊ ਪਰ ਚੇਤੰਨ ਕਰਨ ਵਾਲਾ ਬਿਰਤਾਂਤ ਸਿਰਜਦੀ ਹੈ। ਕਹਾਣੀ ਦਾ ਉਤਮ-ਪੁਰਖੀ ਪਾਤਰ ਅਜੋਕੀ ਮੱਧਵਰਗੀ ਜੀਵਨ-ਸ਼ੈਲੀ ਦੇ ਸਮੂਹ ਦਬਾਵਾਂ ਵਿੱਚ ਵਿਚਰਦਾ ਅਖੀਰ ਆਪਣਾ ਮਰਦਾਵਾਂ ਗੌਰਵ ਹੀ ਨਹੀਂ ਸਗੋਂ ਮਰਦਾਵੀ ਸਰੀਰਕ ਯੋਗਤਾ ਵੀ ਗਵਾ ਬੈਠਦਾ ਹੈ। ਇਹ ਪਾਤਰ ਇੱਕ ਦਿਨ ਘਰੇ ਟੀ.ਵੀ. ਦੇ ਗੀਤ ਨਾਲ ਭੰਗੜਾ ਪਾਉਣ ਦਾ ਐਕਸ਼ਨ ਕਰਨ ਲੱਗਦਾ ਹੈ ਤਾਂ ਪਰਿਵਾਰ ਇਹ ਦੇਖ ਹੈਰਾਨ ਹੋ ਜਾਂਦਾ ਹੈ ਕਿ ਉਹ ਬਿਲਕੁੱਲ ਖੁਸਰਿਆਂ ਵਾਂਗ ਤਾੜੀ ਮਾਰ ਰਿਹਾ ਹੈ। 'ਮੱਕੜੀਆਂ' ਇੱਕ ਅਜਿਹੀ ਮਨੋਵਿਗਿਆਨਕ ਕਹਾਣੀ ਹੈ ਜਿਹੜੀ ਔਰਤ-ਮਨ ਦੀਆਂ ਅਨੇਕਾਂ ਹਨੇਰੀਆਂ ਕੰਦਰਾਂ ਉੱਤੇ ਰੌਸ਼ਨੀ ਪਾਉਂਦੀ ਹੈ। ਇਸ ਕਹਾਣੀ ਵਿੱਚ ਇੱਕ ਵਿਧਵਾ ਔਰਤ ਅਤੇ ਉਸ ਦੀ ਧੀ ਦੀ ਆਪਸੀ ਨਿਰਭਰਤਾ, ਪਿਆਰ, ਮੁਕਾਬਲੇ ਅਤੇ ਨਫ਼ਰਤ ਦੇ ਭਾਵਾਂ ਨੂੰ ਇੱਕ ਦੂਜੇ ਵਿੱਚ ਰਲ਼ਗਡ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। 2006 ਦੀ ਪੰਜਾਬੀ

ਕਹਾਣੀ- 'ਖੁਸ਼ਬੂ ਤੇ ਮਾਰੀਆ'(ਕਾਨ੍ਹਾ ਸਿੰਘ), 'ਗੁੱਡੀਆ'(ਚਰਨਜੀਤ ਕੌਰ), 'ਪਲੁੱਡੀਆ'(ਚਰਨਜੀਤ ਕੌਰ), 'ਬੁੱਢਾ ਚੰਨ ਬਿਮਾਰ ਚਾਨਣੀ'(ਪ੍ਰੀਤਮ), 'ਪਲ ਪਲ ਬਦਲਦਾ ਮੌਸਮ'(ਗੁਰਦਿਆਲ ਦਿਆਲ), 'ਮੰਡੀ ਵਿੱਚ ਗੁਆਚਾ ਆਦਮੀ','ਖਾਲੀ ਅਸਮਾਨ'(ਮੇਹਰ ਸਿੰਘ), 'ਸਰਦਾਰਨੀ'(ਬਰਜਿੰਦਰ ਢਿੱਲੋ), 'ਸ਼ੇਰਾਂ ਦਾ ਵਾਨਪ੍ਰਸਤ'(ਨ੍ਰਿਪਇੰਦਰ ਰਤਨ), 'ਕਦੋਂ ਆਏਂਗੀ'(ਕੁਲਬੀਰ ਬਡੇਸਰੋਂ), 'ਬੀ-ਜੀ ਮੁਸਕਰਾ ਪਏ'(ਹਰਪ੍ਰੀਤ ਸੇਖਾਂ), 'ਮੈਂ ਮੈਂ ਹਾਂ'( ਸੁਰਿੰਦਰ ਪਾਲ ਢਿੱਲੋਂ), 'ਤੀਜਾ ਨੇਤਰ'(ਭਗਵੰਤ ਰਸੂਲਪੁਰੀ), 'ਪਰੀਆਂ ਦਾ ਦੇਸ਼' (ਮੇਜਰ ਮਾਂਗਟ), 'ਪੁਲਸੀਆ ਕਿਉਂ ਮਾਰਦਾ ਹੈ?'(ਕੇਸਰਾ ਰਾਮ), 'ਸੌ ਗੱਲਾ'(ਬਲੀਜੀਤ), 'ਦੱਬੀ ਆਵਾਜ਼'(ਆਰ.ਸੀ. ਮੌਦਗਿੱਲ), '...ਤੇ ਹਿਨਾ ਚਲੀ ਗਈ'(ਸ਼ਰਨਜੀਤ ਕੌਰ), 'ਰੱਖੜੀ'(ਸੁਰਜੀਤ ਸਿੰਘ ਕਾਲੜਾ), 'ਕਾਲੀਆ ਮਿਰਚਾਂ'(ਬਲਦੇਵ ਮਾਧੋਪੁਰੀ), 'ਹੇਠ ਵਗੇ ਦਰਿਆ'(ਕਰਮ ਸਿੰਘ ਮਾਨ), 'ਚਾਨਣ ਦੇ ਵਣਜਾਰੇ'(ਇਕਬਾਲ ਅਰਪਨ), 'ਦੋ ਰਾਤਾਂ ਦਾ ਫਾਸਲਾ'(ਦੀਪ ਮੋਹਨੀ), 'ਡਾਇਮੰਡ ਰਿੰਗ'(ਅਮਨ ਪਾਲ ਸਾਰਾ), 'ਬੁਲਬੁਲੀਨਾ'(ਅਫ਼ਜ਼ਲ ਤੌਸੀਫ਼), 'ਖੁਸ਼ਬੂ ਉਦਾਸ ਹੈ'(ਮਹਿੰਦਰ ਰਿਸ਼ਮ), 'ਕੰਧ ਤੇ ਰਿਸ਼ਤਾ'(ਇੰਦਰਜੀਤ ਸਿੱਧੂ), 'ਤਾਵੀ ਦਾ ਟੱਬਰ'(ਸਰਨ ਸਿੰਘ), 'ਪੱਤੇ ਤੇ ਪਤਝੜ'(ਰਤਨ ਸਿੰਘ ਕੰਵਲ), 'ਬਰਫ਼ ਵਿਚਾਲੀ ਹਵਾ'(ਪਾਲੀ ਸਿੰਘ, ਸੰਪਾ.) ਪ੍ਰੇਮ ਗੋਰਖੀ ਨੇ ਕਹਾਣੀ 'ਗੈਪ' ਵਿੱਚ ਪੀੜ੍ਹੀਆਂ ਦੇ ਗੈਪ ਨੂੰ ਦੋ ਵਿਰੋਧੀ ਧਿਰਾਂ ਦੇ ਕਾਟਵੇਂ ਤਰਕ ਰਾਹੀਂ ਕੁਝ ਸਿੱਧ-ਪੱਧਰੇ ਢੰਗ ਨਾਲ ਉਭਾਰਿਆ ਹੈ। ਨੱਛਤਰ ਦੀ ਕਹਾਣੀ 'ਤੱਥ' ਵਿਦੇਸ਼ ਗਿਆਂ ਦੀਆਂ ਘਰਵਾਲੀਆਂ ਦੇ ਜੀਵਨ ਤੱਥਾਂ ਦਾ ਬਿਆਨ ਪੇਸ਼ ਕਰਦੀ ਹੈ। ਇਕਬਾਲਦੀਪ ਦੀ ਕਹਾਣੀ 'ਹੱਡ ਸਾਨੂੰ ਚੁੱਕਣਾ ਪਿਆ' ਆਪਣੀ-ਆਪਣੀ ਇਕੱਲ ਨੂੰ ਭਰਨ ਲਈ ਇੱਕ ਦੂਜੇ ਦੇ ਕਰੀਬ ਆਉਂਦੇ ਦੋ ਬਜ਼ੁਰਗ (ਮਰਦ-ਔਰਤ) ਪਾਤਰਾਂ ਦਾ ਯਥਾਰਥਕ ਬਿਰਤਾਂਤ ਪੇਸ਼ ਕਰਦੀ ਹੈ। ਸਰੂਪ ਸਿਆਲਵੀਂ ਦੀ ਕਹਾਣੀ 'ਨੇਰ੍ਹੇ ਦੇ ਵਾਸੀ' ਦਲਿਤ ਜੀਵਨ ਨਾਲ ਡੰਭੀ ਰੂਹ ਦੇ ਨਿਵੇਕਲੇ ਅਨੁਭਵ ਨੂੰ ਪ੍ਰਗਟਾਉਣ ਕਰਕੇ ਪਾਠਕਾਂ ਦਾ ਧਿਆਨ ਖਿਚਦੀਆਂ ਹਨ।

'ਚੁੱਪ ਕੀਤੇ'(ਵੀਨਾ ਵਰਮਾ, ਕਲਾਕਾਰ ਸਾਹਿਤਕ, ਜੁਲਾਈ-ਸਤੰਬਰ), 'ਚਿੜੀ'(ਕੁਲਜੀਤ ਮਾਨ, ਤ੍ਰਿਸ਼ੰਕੂ, ਜਨਵਰੀ-ਮਾਰਚ), 'ਉਹ ਪਲ ਇਹ ਪਲ'(ਕਾਨ੍ਹਾ ਸਿੰਘ, ਕਹਾਣੀ-ਪੰਜਾਬ, ਜੁਲਾਈ-ਸਤੰਬਰ),

'ਨੀਲਾ ਪਾਣੀ'(ਤਲਵਿੰਦਰ ਸਿੰਘ, ਸਿਰਜਣਾ,ਅਪ੍ਰੈਲ-ਜੂਨ), 'ਰੂਹਾਂ ਬਦਰੂਹਾਂ'(ਸ਼ਬਦ, ਅਕਤੂਬਰ-ਦਸੰਬਰ), 'ਮਰਸੀ ਡੈੱਥ', 'ਨਜ਼ਰੀਆ'(ਅਕਤੂਬਰ, ਦਸੰਬਰ), 'ਵਿਸਰਜਨ',(ਪ੍ਰਵਚਨ, ਜਨਵਰੀ-ਮਾਰਚ), 'ਸਲ੍ਹਾਬੀ ਹੋਈ ਸ਼ਾਮ'(ਸੁਕੀਰਤ, ਸਿਰਜਣਾ, ਅਪ੍ਰੈਲ-ਜੂਨ), 'ਕ੍ਰਾਂਤੀ ਕਿਉਂ ਨਹੀਂ ਆਉਂਦੀ'(ਬਲਜਿੰਦਰ ਨਸਰਾਲੀ, ਸਿਰਜਣਾ, ਜੁਲਾਈ-ਸਤੰਬਰ), 'ਢੋਲ'(ਹਰਪ੍ਰੀਤ ਸੇਖਾਂ ,ਕਾਹਣੀ-ਪੰਜਾਬ, ਜਨਵਰੀ-ਮਾਰਚ), 'ਘੁੰਮਣ ਘੇਰ'(ਸਿਰਜਣਾ, ਜਨਵਰੀ-ਮਾਰਚ), 'ਕਿਤਾਬ ਵਿਚਲੇ ਫੁੱਲ'(ਸਿਰਜਣਾ, ਜੁਲਾਈ-ਸਤੰਬਰ), 'ਜਗਰਾਤਾ'(ਬਲੀਜੀਤ, ਲਕੀਰ, ਜਨਵਰੀ-ਮਾਰਚ), 'ਬਾਬੂ ਜੀ ਸਾਹਿਬ'(ਸੰਖ, ਜਨਵਰੀ-ਫਰਵਰੀ), 'ਭੈਰਵੀ'(ਦੇਸ ਰਾਜ ਕਾਲੀ, ਸਮਕਾਲੀ ਸਾਹਿਤ, ਅਪ੍ਰੈਲ-ਜੂਨ), (ਨਜ਼ਰੀਆ, ਜੁਲਾਈ-ਸਤੰਬਰ), 'ਬੋਲ ਮੇਰੀ ਮਛਲੀ'(ਜਿੰਦਰ, ਕਲਾ ਸਿਰਜਕ, ਜੁਲਾਈ-ਸਤੰਬਰ), 'ਰਫ਼ਤਾਰ'(ਕਹਾਣੀਧਾਰਾ, ਜੁਲਾਈ-ਸਤੰਬਰ), 'ਜੈਲਦਾਰ ਦਾ ਪੋਤਾ'(ਜਸਵਿੰਦਰ ਸਿੰਘ, ਸਮਕਾਲੀ ਸਾਹਿਤ, ਜਨਵਰੀ-ਮਾਰਚ), 'ਨਾਂ'(ਬਲਦੇਵ ਸਿੰਘ ਗਰੇਵਾਲ, ਸਿਰਜਨਾ, ਅਪ੍ਰੈਲ-ਜੂਨ), 'ਸੂਰਜ ਅਜੇ ਨਹੀਂ ਮਰਿਆ'(ਸੁਰਿੰਦਰ ਸੋਹਲ, ਸਿਰਜਣਾ, ਜਨਵਰੀ-ਮਾਰਚ), 'ਤਾਂਡਵ'(ਮੇਜਰ ਮਾਂਗਟ, ਕਹਾਣੀ-ਪੰਜਾਬ, ਜਨਵਰੀ-ਮਾਰਚ), 'ਇੱਕ ਜ਼ਰਾ ਜਿੰਨੀ ਗੱਲ'(ਕਲਵੰਤ ਗਿੱਲ, ਸਿਰਜਣਾ, ਅਕਤੂਬਰ-ਦਸੰਬਰ), 'ਸਾਖੀ ਅਗਲੀ ਚੱਲੀ'(ਜਤਿੰਦਰ ਹਾਂਸ, ਲਕੀਰ, ਜੁਲਾਈ-ਸਤੰਬਰ), 'ਸ਼ਹਿਨਸ਼ਾਹ'(ਪ੍ਰਵਚਨ, ਅਪ੍ਰੈਲ-ਜੂਨ), 'ਚੂੜੇ ਵਾਲੀ ਬਾਂਹ'(ਜਸਵੀਰ ਰਾਣਾ, ਲਕੀਰ, ਜੁਲਾਈ-,ਸਤੰਬਰ), 'ਬਸਰੇ ਦੀ ਲਾਮ'(ਜਸਪਾਲ ਮਾਨਖੇੜਾ, ਕਹਾਣੀ-ਪੰਜਾਬ, ਅਕਤੂਬਰ-ਦਸੰਬਰ), 'ਸਹਿਮੇ ਪਲਾਂ ਦਾ ਤਮਾਸ਼ਬੀਨ'(ਹਰਭਜਨ ਸਿੰਘ ਸਾਗਰ, ਮੁਹਾਂਦਰਾ, ਅਕਤੂਬਰ-ਦਸੰਬਰ), 'ਆਨੰਦਿਤ ਬ੍ਰਹਿਮੰਡ'(ਐਸ. ਬਲਵੰਤ, ਪ੍ਰਵਚਨ, ਜੁਲਾਈ-ਦਸੰਬਰ), 'ਡੱਬੀ'(ਅਜਮੇਰ ਸਿੱਧੂ, ਪ੍ਰਵਚਨ, ਜਨਵਰੀ-ਮਾਰਚ), 'ਪੁਨਰ-ਜਨਮ'(ਅਕਸ, ਅਗਸਤ), 'ਰੋਡ-ਸ਼ੋਅ'(ਚਰਨਜੀਤ ਕੌਰ, ਅਕਸ, ਜਨਵਰੀ), 'ਤ੍ਰਿਸ਼ਨਾ'(ਨਰਿੰਦਰ ਕੌਰ ਭੱਚੂ, ਕਹਾਣੀਧਾਰਾ, ਅਪ੍ਰੈਲ-ਜੂਨ), 'ਸੈੱਟ ਹੋਣ ਲਈ'(ਨਿੰਦਰ ਗਿੱਲ, ਅਕਸ, ਅਗਸਤ) ਆਦਿ। ਸਾਲ 2007 ਦੀ ਪੰਜਾਬੀ ਕਹਾਣੀ: 'ਖੱਬੇ ਪੱਖੀ'(ਸੰਤੋਖ ਧੀਰ), 'ਦਿਨ-ਦੀਵੀਂ ਲੁੱਟ'(ਗੁਲਜ਼ਾਰ ਸਿੰਘ ਸੰਧੂ), 'ਰੂਹ ਦੀ ਜੂਹ' (ਇਕਬਾਲ ਦੀਪ), 'ਰੁਤਿ ਫਿਰੀ ਵਣੁ ਕੰਬਿਆ'(ਬਲਵਿੰਦਰ ਕੌਰ ਬਰਾੜ), 'ਲੇਖਾ-ਜੋਖਾ'(ਨਰਿੰਜਨ

ਤਸਨੀਮ), 'ਮਰਦ ਬੱਚੀ'(ਸੀ.ਆਰ, ਮੋਦਗਿੱਲ), 'ਮਹਿਰੂਮੀਆਂ'(ਸੁਖਵੰਤ ਕੌਰ ਮਾਨ), 'ਓਪਰੀ ਹਵਾ'(ਰਿਪੁਦਮਨ ਸਿੰਘ ਰੂਪ), 'ਗਲੀ ਨੰਬਰ ਕੋਈ ਨਹੀਂ'(ਅਨੇਮਨ ਸਿੰਘ), 'ਡੱਬੀਆਂ ਵਾਲਾ ਖੇਸ'(ਮਨਜੀਤ ਸਿੰਘ ਬੱਲ), 'ਅਚਾਨਕ ਸਾਹਮਣੇ'(ਬਲਬੀਰ ਪਰਵਾਨਾ), 'ਬਦਰੰਗ ਚਿਹਰੇ'(ਜਸਵੀਰ ਸੈਂਹਬੀ), 'ਇੱਕ ਮਰੀਅਮ ਹੋਰ'(ਐਸ. ਬਲਵੰਤ), 'ਰਿਸਦੇ ਰਿਸ਼ਤੇ'(ਸਵਰਨਜੀਤ ਕੌਰ ਵਾਲੀਆ), 'ਰਾਜੀਨਾਮਾ'(ਜੋਗਿੰਦਰ ਕੌਰ ਅਗਨੀਹੋਤਰੀ), 'ਇਸ ਵਾਰ'(ਤਲਵਿੰਦਰ ਸਿੰਘ), 'ਕੰਧਾਂ ਨਾਲ ਸੰਵਾਦ'(ਬਿੱਕਰ ਸਿੰਘ ਆਜ਼ਾਦ), 'ਰੁੱਖਾਂ ਦੀ ਦਾਸਤਾਨ'(ਵਰਿੰਦਰ ਵਾਲੀਆ), 'ਗੰਗਾ ਸਰਦਾਰਨੀ'(ਮੇਜਰ ਹਰਭਜਨ ਸਿੰਘ), 'ਜਵਾਬ ਦਿਓ'(ਬੰਸੀ ਲਾਲ ਸਚਦੇਵਾ), 'ਖੰਮ੍ਹਣੀਆਂ ਵਾਲਾ ਪਿੱਪਲ'(ਰਾਜਪ੍ਰੀਤ ਕੌਰ ਬੈਨੀਪਾਲ), 'ਚੰਗੇਰ'(ਰਘਬੀਰ ਸਿੰਘ ਮਹਿਮੀ), 'ਕੇਸਰ ਦੇ ਬੀਜ'(ਜੋਗਿੰਦਰ ਸਿੰਘ ਸ਼ਾਨ), 'ਪਿਆਸੀ ਧਰਤੀ'(ਦੇਵਿੰਦਰ ਕੌਰ), 'ਆਖਿਰ ਸਿੰਕਦਰ ਜਿੱਤ ਗਿਆ'(ਵਿਸ਼ਵ ਜਯੋਤੀ ਧੀਰ), 'ਗੁਆਚ ਗਏ ਟਾਪੂਆਂ ਦੀ ਤਲਾਸ਼'( ਹਮਦਰਦਵੀਰ ਨੌਸ਼ਹਿਰਵੀ), 'ਬੌਣੇ'(ਬੀ.ਐਸ.ਬੀਰ), 'ਗਾਥਾ ਇੱਕ ਤਸਵੀਰ ਦੀ'(ਸੁਰਿੰਦਰ ਸਿੰਘ ਉਬਰਾਏ), 'ਚੂੜੇ ਵਾਲੀ ਬਾਂਹ' ਤੇ ਹੋਰ ਕਹਾਣੀਆਂ'(ਸੰਪਾ. ਰਜਨੀਸ਼ ਬਹਾਦਰ ਸਿੰਘ), 'ਪੰਛੀ ਖੁਦਕੁਸ਼ੀ ਨਹੀਂ ਕਰਦੇ'(ਸੰਪਾ. ਕੰਵਰਜੀਤ ਸਿੰਘ ਭੱਠਲ), 'ਬਲਦੀ ਬਰਫ਼ ਦਾ ਸੇਕ'(ਖਾਲਿਦ ਹੁਸੈਨ), 'ਮੋਚੀ ਦਾ ਪੁੱਤ'(ਮੋਹਨ ਲਾਲ ਫਿਲੌਰੀਆ), 'ਚਾਰ ਖਣ'(ਐੱਸ ਤਰਸੇਮ), ਪੰਜਾਬੀ ਕਹਾਣੀ ਵਿਸ਼ੇਸ਼ ਅੰਕ 'ਧਰਤੀ ਦਾ ਸੂਰਜ',(ਜਨਵਰੀ-ਫਰਵਰੀ), 'ਪਵਿੱਤਰ ਸੂਲੀ'(ਮੋਹਨ ਸਿੰਘ ਕੁੱਕੜ ਪਿੰਡੀਆ), 'ਪੱਛਮੀ ਪਰਤਾਂ'(ਮਿੱਤਰ ਰਾਸ਼ਾ), 'ਅੰਦਰਲੀ ਅੱਗ'(ਮਮਤਾ ਸੇਤੀਆ ਸੇਖਾਂ), 'ਸਹਿਕਦੀਆਂ ਲਾਸ਼ਾਂ'(ਸਾਹਿਬ ਸਿੰਘ ਗਿੱਲ), 'ਚਿੜੀਆਂ'(ਪਰਮਜੀਤ ਪੰਮਾ), 'ਚਾਰ ਲਾਵਾਂ'(ਗੁਰਮੇਜ ਸਿੰਘ ਸੰਧੂ), 'ਹਾਦਸਿਆ ਤੋਂ ਪਾਰ'(ਹਰਭਜਨ ਨੀਰ) ਮਨਿੰਦਰ ਕਾਂਗ ਦੀ ਕਹਾਣੀ 'ਭਾਰ' ਪੰਜਾਬ ਸੰਕਟ ਦੌਰਾਨ ਫੈਲੀ ਦੁਪਾਸੀ ਦਹਿਸ਼ਤ ਨੂੰ ਢੁੱਕਵੇਂ ਯਥਾਰਥਮੁਖੀ ਤੱਥਾਂ ਦੇ ਹਵਾਲੇ ਨਾਲ ਪੇਸ਼ ਕਰਨ ਵਾਲੀ ਦਸਤਾਵੇਜ਼ੀ ਵਿਧੀ ਦੀ ਕਹਾਣੀ ਹੈ। ਇਸ ਦਾ ਸ਼ਹਿਰੀ ਮੱਧਵਰਗੀ ਸਿੱਖ ਪਰਿਵਾਰ ਦਾ ਉੱਤਮ-ਪੁਰਖੀ ਪਾਤਰ ਇੱਕ ਪ੍ਰਾਈਵੇਟ ਸਕੂਲ ਦੀ ਨੌਕਰੀ ਕਰਦਿਆਂ ਸਧਾਰਨ ਜ਼ਿੰਦਗੀ ਜਿਉਂ ਰਿਹਾ ਹੁੰਦਾ ਹੈ ਕਿ ਅਚਨਚੇਤ ਖਾੜਕੂ ਅਤੇ ਸਟੇਟ ਦਹਿਸ਼ਤਗਰਦੀ ਦੀ ਲਪੇਟ ਵਿੱਚ ਆ ਜਾਂਦਾ ਹੈ। ਸਾਂਵਲ ਧਾਮੀ ਦੀ ਕਹਾਣੀ 'ਮਲ੍ਹਮ' ਵੰਡ ਦੇ ਦੁਖਾਂਤ ਨਾਲ

ਮੁਸਲਮਾਨ ਅਤੇ ਹਿੰਦੂ-ਸਿੱਖਾਂ ਦੀ ਇਨਸਾਨੀਅਤ ਨੂੰ ਲੱਗੇ ਜ਼ਖ਼ਮਾਂ ਅਤੇ ਫਿਰ ਆਪਸੀ ਸਾਂਝ ਦੀ ਮਲ੍ਹਮ ਨਾਲ ਜ਼ਖ਼ਮਾਂ ਨੂੰ ਭਰਨ ਦੀ ਲੋਚਾ ਦਾ ਬਿਰਤਾਂਤ ਪੇਸ਼ ਕਰਦੀ ਹੈ। ਸਾਂਵਲ ਧਾਮੀ ਦੀ ਹੀ ਕਹਾਣੀ 'ਪੇਂਜੀ ਦੇ ਫੁੱਲ' ਅਜੋਕੇ ਸਮਿਆਂ ਵਿੱਚ ਔਰਤ-ਮਰਦ ਦੀਆਂ ਮੂੰਹਜ਼ੋਰ ਅਵਸਰਵਾਦੀ ਬਿਰਤੀਆਂ ਦੀਆਂ ਫੇਟਾਂ ਸਾਹਮਣੇ ਦਮ ਤੋੜ ਰਹੇ ਮੁਹੱਬਤ ਦੇ ਸੱਚੇ-ਸੁੱਚੇ ਜਜ਼ਬਿਆਂ ਦੇ ਦੁਖਾਂਤ ਦਾ ਬਿਰਤਾਂਤ ਸਿਰਜਦੀ ਹੈ। ਅਮਨ ਪਾਲ ਸਾਰਾ ਦੀ ਕਹਾਣੀ 'ਮੂਹਰਲਾ ਬਲਦ' ਇੱਕ ਪਰਵਾਸੀ ਪੰਜਾਬੀ ਰਣਜੀਤ ਦੀ ਅਣਥੱਕ ਮਿਹਨਤ ਨੂੰ ਭਾਰੀ ਗੱਡੇ ਅੱਗੇ ਜੋੜੇ ਜਾਂਦੇ ਤੀਜੇ ਪਸ਼ੂ (ਬੱਗੇ ਬਲਦ) ਦੇ ਦ੍ਰਿਸ਼ਟਾਂਤ ਰਾਹੀਂ ਪੇਸ਼ ਕਰਦੀ ਹੈ। ਆਪਣੇ ਮਾਪਿਆਂ ਅਤੇ ਸਹੁਰੇ ਘਰ ਦੇ ਪਰਿਵਾਰ ਨੂੰ ਪੈਰਾਂ ਸਿਰ ਕਰਦਾ ਕਰਦਾ ਰਣਜੀਤ ਅੰਤ ਗੁਰਦੇ ਫੇਲ੍ਹ ਹੋਣ ਦੀ ਗੰਭੀਰ ਬਿਮਾਰੀ ਦੀ ਲਪੇਟ ਵਿੱਚ ਆਉਣ ਤਕ ਦੀ ਦੁਖਾਂਤਕ ਸਫ਼ਰ ਤਹਿ ਕਰਦਾ ਹੈ।

ਗੁਰਦਿਆਲ ਦਲਾਲ ਦੀ ਕਹਾਣੀ 'ਅੰਨ੍ਹੀ ਗਲੀ ਦਾ ਮੋੜ' ਪੰਜਾਬ ਦੇ ਉਸ ਨੌਜਵਾਨ ਵਰਗ ਦੀ ਤਰਜ਼-ਏ-ਜ਼ਿੰਦਗੀ ਦਾ ਬਿਰਤਾਂਤ ਪੇਸ਼ ਕਰਦੀ ਹੈ ਜਿਸ ਨੇ ਨਸ਼ਿਆਂ ਅਤੇ ਕਾਮ-ਹਾਬੜੇ ਦੀ ਅੰਨ੍ਹੀ ਗਲੀ ਵਿੱਚ ਵੜ ਕੇ ਮਾਨਵੀ ਕਦਰਾਂ-ਕੀਮਤਾਂ ਵੱਲ ਪਿੱਠ ਕਰ ਲਈ ਹੈ ਅਤੇ ਦੁਖਾਂਤ ਨੂੰ ਸੱਦਾ ਦੇ ਲਿਆ ਹੈ। ਕੁਲਵੰਤ ਗਿੱਲ ਦੀ ਕਹਾਣੀ 'ਸਿਗਰਟ ਜਿਹੀ ਜ਼ਿੰਦਗੀ' ਵਿਸ਼ਵੀਕਰਨ ਦੇ ਬਾਜ਼ਾਰਵਾਦੀ, ਅਵਸਰਵਾਦੀ ਅਤੇ ਪ੍ਰਤੀਕਿਰਿਆਵਾਦੀ ਪੱਖਾਂ ਦੀ ਮਾਰ ਹੇਠ ਆਏ ਇੱਕ ਪ੍ਰਤੀਬੱਧ ਕਮਿਊਨਿਸਟ ਵਿਅਕਤੀ ਦੇ ਪਲ ਪਲ ਬੇਪਛਾਣ ਹੁੰਦੇ ਜਾਣ ਦੇ ਬਿਰਤਾਂਤ ਨੂੰ ਪੇਸ਼ ਕਰਦੀ ਹੈ। 'ਕੌਣ ਹਾਂ ਮੈਂ?' ਦੀ ਪ੍ਰਸ਼ਨਸੂਚਕ ਧੁਨੀ ਦੇ ਸਨਮੁਖ ਹਰਪਾਲਜੀਤ ਪਾਲੀ ਉਰਫ਼ ਪਾਲੀ ਸਿੱਧੂ ਨਾਂ ਦਾ ਵਿਅਕਤੀ ਆਪਣੀ ਦੋਫਾੜ ਮਾਨਸਿਕਤਾ ਨਾਲ ਉਲਝਿਆ ਖੜ੍ਹਾ ਨਜ਼ਰ ਆਉਂਦਾ ਹੈ। ਹਰਪ੍ਰੀਤ ਸੇਖਾਂ ਦੀ ਕਹਾਣੀ 'ਲਾਵਾ' ਇੱਕ ਬਜ਼ੁਰਗ ਜੋੜੇ ਦੀ ਬੇਵਸੀ ਅਤੇ ਬੇਵਸੀ ਹੇਠ ਉੱਬਲਦੇ ਲਾਵੇ ਦੀ ਤਪਸ਼ ਨੂੰ ਪ੍ਰਗਟ ਕਰਦੀ ਹੈ। ਚੈਨ ਦੀ ਜ਼ਿੰਦਗੀ ਜਿਉ ਰਹੇ ਬਜ਼ੁਰਗ ਜੋੜੇ ਦੇ ਘਰ ਉੱਤੇ ਇੱਕ ਬਿਲਡਰ ਦੀ ਵਪਾਰਕ ਨਜ਼ਰ ਪੈ ਜਾਂਦੀ ਹੈ ਸਿੱਟੇ ਵਜੋਂ ਉਹਨਾਂ ਨੂੰ ਘਰੋਂ ਬੇਘਰ ਹੋਣਾ ਪੈਂਦਾ ਹੈ।

ਇਸ ਦੌਰ ਦੀ ਕਹਾਣੀ ਵਿੱਚ ਪ੍ਰਚੰਡ ਰੂਪ ਵਿੱਚ ਦਲਿਤਾਂ ਦੀ ਮੁਕਤੀ ਨੂੰ ਉਭਾਰਿਆ ਗਿਆ ਹੈ। 'ਰੱਬ ਦਾ ਕਤਲ'(ਅਤਰਜੀਤ), 'ਬੇਅਕਲੀ ਦਾ ਜਨਪਦ'(ਮਨਮੋਹਨ ਬਾਵਾ), 'ਡੰਕਾ'(ਭਗਵੰਤ ਰਸੂਲਪੁਰੀ),

‘ਇੰਨਾ ਸੱਚ ਈ ਬੋਲ’(ਸਰੂਪ ਸਿਆਲਵੀ, ਕਹਾਣੀਧਾਰਾ, ਜਨਵਰੀ-ਮਾਰਚ) ਆਦਿ ਕਹਾਣੀਆਂ ਅਜਿਹੇ ਵਿਸ਼ੇ ਨਾਲ ਹੀ ਸੰਬੰਧਿਤ ਹਨ। ਉਂਝ ਗੁਰਮੀਤ ਕਲਿਆਣਵੀ ਦੀ ਕਹਾਣੀ ‘ਚੀਕ’ ਅਤੇ ਵੀਨਾ ਵਰਮਾ ਦੀਆਂ ਕਹਾਣੀਆਂ ‘ਔਨਰ ਕਿਲਿੰਗ’ ਅਤੇ ‘ਮੈਂ ਤੇਰੇ ਨਾਲ ਹਾਂ’ ਆਦਿ ਵੀ ਉਕਤ ਵਿਸ਼ੇ ਨਾਲ ਸੰਬੰਧਿਤ ਹਨ। ਇਸ ਤੋਂ ਉਪਰੰਤ ਕੁਝ ਨਵੇਂ ਉੱਭਰਦੇ ਕਹਾਣੀਕਾਰ ਕਹਾਣੀ ਦੇ ਪਿੜ ਵਿੱਚ ਸ਼ਾਮਿਲ ਹੋਏ ਹਨ ਜਿਨ੍ਹਾਂ ਵਿੱਚੋਂ ਸੁਖਜੀਤ ਦੀ ਕਹਾਣੀ ‘ਮੋਨ ਦੀ ਬਾਬਾ ਦਾਰਾ’, ਜਿੰਦਰ ਦੀ ਕਹਾਣੀ ‘ਜ਼ਖ਼ਮ’, ਤਲਵਿੰਦਰ ਸਿੰਘ ਦੀ ਕਹਾਣੀ ‘ਲੇਜਰ ਸ਼ੋਅ’, ਬਲਬੀਰ ਪਰਵਾਨਾ ਦੀ ‘ਗਲੇਸ਼ੀਅਰ’, ਅਜਮੇਰ ਸਿੱਧੂ ਦੀ ਕਹਾਣੀ ‘ਇਵਾਨ ਇਲੀਚ ਦੀ ਦੂਜੀ ਮੌਤ’, ਸਾਂਵਲ ਧਾਮੀ ਦੀ ‘ਤਿਕੋਣੇ ਪਿੰਜਰੇ’, ਜਤਿੰਦਰ ਹਾਂਸ ਦੀ ‘ਅੱਗ ਬੰਨ੍ਹਣ ਵਾਲਾ’, ਵਿਸ਼ਵ ਜਯੋਤੀ ਧੀਰ ਦੀ ‘ਦਾਮਨ-ਏ-ਕੋਹ’, ਸਰਘੀ ਦੀ ‘ਸਭੁ ਦੇਸ ਬੇਗਾਨਾ’, ਕੁਲਵੰਤ ਗਿੱਲ ਦੀ ‘ਨਿੰਮ ਵਾਲੀ ਗਲੀ’ ਆਦਿ ਵਿਸ਼ੇਸ਼ ਧਿਆਨ ਦੇਣ ਯੋਗ ਹਨ। ਬਲਵਿੰਦਰ ਸਿੰਘ ਗਰੇਵਾਲ ਦੀ ਕਹਾਣੀ ‘ਨੋ ਹੈੱਡਜ਼ ਡਾਊਨ ਡੈਡੀ’ ਉਪੱਰਲੇ ਪੱਧਰ ‘ਤੇ ਪੰਜਾਬ ਵਿੱਚ ਵਗ ਰਹੇ ਨਸ਼ਿਆਂ ਦੇ ਦਰਿਆ ਵਿੱਚ ਡੁੱਬ ਰਹੀ ਨੌਜਵਾਨ ਪੀੜ੍ਹੀ ਨੂੰ ਵਿਸ਼ਾ ਵਸਤੂ ਬਣਾਉਂਦੀ ਹੈ ਤੇ ਨਾਲ ਹੀ ਇਹ ਮੌਕਾਪ੍ਰਸਤੀ ਦੀ ਚਾਟ ਵਿੱਚ ਸੁਹਜ ਅਤੇ ਮਾਨਵਤਾ ਤੋਂ ਵਿਮੁੱਖ ਹੋ ਰਹੇ ਪੰਜਾਬੀਆਂ ਦੀ ਹੋਣੀ ਦਾ ਪ੍ਰਗਟਾਵਾ ਕਰਦੀ ਹੈ।

ਕੇਸਰਾ ਰਾਮ ਦੀ ਕਹਾਣੀ ‘ਬੁਲਬੁਲਿਆ ਦੀ ਕਾਸ਼ਤ’ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਪੰਜਾਬ ਦੇ ਕਾਸ਼ਤਕਾਰੀ ਵਰਗਾਂ ਦੇ ਡੋਲੇ ਹੋਏ ਕਦਮਾਂ ਅਤੇ ਤਿੜਕੇ ਹੋਏ ਸੁਪਨਿਆਂ ਨੂੰ ਦੁਖਾਂਤਕ ਰੂਪ ਵਿੱਚ ਪੇਸ਼ ਕਰਦੀ ਹੈ। ਸ਼ੇਅਰ ਮਾਰਕਿਟ ਰਾਹੀਂ ਰਾਤੋ-ਰਾਤ ਧਨੀ ਹੋਣ ਦਾ ਸੁਪਨਾ ਲੈ ਕੇ ਮੈਂ ਪਾਤਰ ਆਪਣੀ ਜ਼ਮੀਨ ਅਤੇ ਘਰਵਾਲੀ ਦੇ ਗਹਿਣੇ ਤੱਕ ਦਾਅ ਉੱਤੇ ਲਗਾ ਦਿੰਦਾ ਹੈ। ਗੁਰਦਿਆਲ ਦਲਾਲ ਦੀ ਕਹਾਣੀ ‘ਸਨਮਾਨ’ ਪੰਜਾਬ ਦੇ ਗ਼ੈਰ ਜੱਟ ਵਰਗ ਸਿੱਖ ਪੰਥ ਤੋਂ ਬੇਮੁੱਖ ਹੋ ਕੇ ਨਵੇਂ ਧਰਮਾਂ ਵੱਲ ਰੁਚਿਤ ਹੋ ਰਹੇ ਸਰੋਕਾਰਾਂ ਵੱਲ ਇਸ਼ਾਰਾ ਕਰਦੀ ਹੈ। ਤ੍ਰਿਪਤਾ ਕੇ ਸਿੰਘ ਦੀ ਕਹਾਣੀ ‘ਮਰੀਆਂ ਹੋਈਆਂ ਮੱਛਲੀਆਂ’ ਔਰਤ-ਮਰਦ ਦੇ ਅਵਚੇਤਨ ਦੀਆਂ ਅਛੋਹ ਨੁਕਰਾਂ ਵੱਲ ਝਾਤ ਪਾਉਣ ਵਾਲੀ ਕਹਾਣੀ ਹੈ। ਸੁਰਿੰਦਰ ਨੀਰ ਦੀ ਕਹਾਣੀ ‘ਰਾਮ ਸਨੇਹੀ’ ਇੱਕ ਮੱਧਵਰਗੀ ਸ਼ਹਿਰੀ ਔਰਤ ਦੇ ਹਕੀਕੀ ਫ਼ਿਕਰਾਂ ਅਤੇ ਉਮੰਗਾਂ ਨੂੰ ਪੇਸ਼ ਕਰਨ ਵਾਲੀ ਰਚਨਾ ਹੈ। ਆਪਣੇ ਘਰ

ਦੀ ਉਸਾਰੀ ਦਾ ਚਿੰਨ੍ਹ ਉਸ ਔਰਤ ਦੇ ਸਮੁੱਚੇ ਅਸਤਿੱਤਵ ਨੂੰ ਮੱਲੀ ਖੜ੍ਹਾ ਨਜ਼ਰ ਆਉਂਦਾ ਹੈ। ਸੁਖਪਾਲ ਸਿੰਘ ਦੀ ਕਹਾਣੀ 'ਸੰਤ ਦਾ ਕਤਲ' ਵਿੱਚ ਇੱਕ ਦਲਿਤ ਪ੍ਰੋਫੈਸਰ ਦੇਸ਼ ਬੰਧੂ ਦੇ ਮਾਨਸਿਕ ਸੰਤੁਲਨ ਖ਼ਰਾਬ ਹੋਣ ਜਾਣ ਕਰਕੇ ਤਣਾਅ ਦਾ ਸਿਖ਼ਰ ਭੋਗਦਾ ਹੈ। ਅਵਤਾਰ ਸਿੰਘ ਦੀ ਕਹਾਣੀ 'ਮਹਿੰਜੋਦਾੜੋ' ਇੱਕ ਹਾਸ਼ੀਆਗ੍ਰਸਤ, ਗ਼ਰੀਬ ਅਤੇ ਲਾਚਾਰ ਪਰਿਵਾਰ ਦਾ ਦੁੱਖ ਬਿਰਤਾਂਤ ਕਰਦੀ ਹੈ।

2011 ਦੀ ਪੰਜਾਬੀ ਕਹਾਣੀ: ਸਾਂਵਲ ਧਾਮੀ ਦੀ ਕਹਾਣੀ 'ਤੂੰ ਨਿਹਾਲਾ ਨਾ ਬਣੀ'(ਹੁਣ ਜਨਵਰੀ-ਮਾਰਚ), ਸੁਖਰਾਜ ਧਾਲੀਵਾਲ ਦੀ ਕਹਾਣੀ 'ਸ਼ਿਵ, ਜ਼ਹਿਰ ਤੇ ਸੱਪ'(ਸ਼ਬਦ, ਜਨਵਰੀ-ਮਾਰਚ) 'ਮੱਛਰਦਾਨੀ'(ਨਜ਼ਰੀਆ, ਜਨਵਰੀ ਤੋਂ ਮਾਰਚ), ਤ੍ਰਿਪਤਾ ਕੇ ਸਿੰਘ('ਕੰਧ ਤੇ ਟੰਗਿਆਂ ਸਕੈੱਚ', ਸਿਰਜਣਾ ਅਪ੍ਰੈਲ-ਜੂਨ), 'ਇੱਕ ਸਦੀਵੀ ਪਲ',(ਪ੍ਰਵਚਨ ਜਨਵਰੀ-ਮਾਰਚ), ਸੁਖਪਾਲ ਸਿੰਘ ਥਿੰਦ('ਵਾਰਸ', ਹੁਣ, ਮਈ-ਅਗਸਤ), ਸਰਘੀ('ਆਪਣੇ-ਆਪਣੇ ਮਰਸੀਏ', ਪ੍ਰਵਚਨ, ਜਨਵਰੀ-ਮਾਰਚ), ਸਵਾਸੀ ਸਰਬਜੀਤ, 'ਜੁਗਨੂੰ ਖੁਦਕੁਸ਼ੀ ਨਹੀਂ ਕਰਦੇ' (ਕਲਾਕਾਰ, ਜੁਲਾਈ-ਸਤੰਬਰ), ਆਦਿ ਵਰਗੇ ਕਹਾਣੀਕਾਰਾਂ ਨੇ ਆਪਣੀਆਂ ਨਵੀਆਂ ਕਹਾਣੀਆਂ ਨਾਲ ਸਾਹਿਤ ਵਿੱਚ ਵਿਸ਼ੇਸ਼ ਸਥਾਨ ਬਣਾਇਆ। ਕਰਮ ਸਿੰਘ ਮਾਨ ਦਾ ਕਹਾਣੀ ਸੰਗ੍ਰਹਿ 'ਫਲਾਈ ਓਵਰ', ਜਰਨੈਲ ਸਿੰਘ ਦਾ ਸੰਪਾਦਿਤ ਕਹਾਣੀ ਸੰਗ੍ਰਹਿ 'ਮੇਪਲ ਦੇ ਰੰਗ' ਆਦਿ ਨੇ ਪਾਠਕਾਂ ਦਾ ਧਿਆਨ ਖਿੱਚਿਆ ਹੈ। ਇਸ ਤੋਂ ਬਿਨਾਂ 'ਖੇਖਣ'(ਮੇਜਰ ਮਾਂਗਟ, ਲਕੀਰ, ਅਗਸਤ-ਸਤੰਬਰ), 'ਨਾਈਨ ਅਲੈਵਲ'(ਦਵਿੰਦਰ ਸਿੰਘ ਮਲਹਾਂਸ, ਲਕੀਰ, ਅਗਸਤ-ਸਤੰਬਰ), 'ਡਰਨੇ ਦੀ ਮੌਤ'(ਕੁਲਜੀਤ ਮਾਨ, ਲਕੀਰ, ਜੂਨ-ਜੁਲਾਈ), 'ਸਕਿਓਰਟੀ ਗਾਰਡ'(ਕੁਲਜੀਤ ਮਾਨ ਸ਼ਬਦ, ਅਕਤੂਬਰ-ਦਸੰਬਰ), 'ਡੈੱਥ ਰੋਅ'(ਸੰਤੋਖ ਧਾਲੀਵਾਲ, ਪ੍ਰਵਚਨ, ਅਪ੍ਰੈਲ-ਜੂਨ), 'ਮੌਕਾ'(ਹਰਜੀਤ ਅਟਵਾਲ, ਸਮਦਰਸ਼ੀ, ਸਤੰਬਰ-ਅਕਤੂਬਰ) ਆਦਿ ਕਹਾਣੀਆਂ ਨੇ ਵੀ ਆਪਣੀ ਨਿਵੇਕਲੀ ਪਛਾਣ ਬਣਾਈ ਹੈ। ਵਿਸ਼ਵੀਕਰਨ ਦੀ ਤੇਜ਼ ਗਤੀ ਸਾਹਵੇਂ ਪੰਜਾਬੀ ਭਾਸ਼ਾ ਦੇ ਦਿਨੋ-ਦਿਨ ਉਖੜਦੇ ਜਾ ਰਹੇ ਪੈਰਾਂ ਨਾਲ ਬਣੇ ਬੇਵਸਾਹੀ ਵਾਲੇ ਮਾਹੌਲ ਵਿੱਚ ਵਿਚਰਦਿਆਂ ਵੀ ਪੰਜਾਬੀ ਕਹਾਣੀਕਾਰ ਅਤੇ ਪਾਠਕ ਦੀ ਆਸਥਾ ਕਹਾਣੀ ਰੂਪਾਕਾਰ ਵਿੱਚ ਅਜੇ ਬਣੀ ਹੋਈ ਹੈ। ਇਸੇ ਲਈ ਅੱਧੀ ਦਰਜਨ ਦੇ ਕਰੀਬ ਸੰਜੀਦਾ ਪੰਜਾਬੀ ਰਸਾਲੇ ਚੰਗੀਆਂ ਮੌਲਿਕ ਕਹਾਣੀਆਂ ਪ੍ਰਾਪਤ ਕਰਨ

ਵਿੱਚ ਸਫਲ ਹੋ ਰਹੇ ਹਨ। ਤੀਜੀ ਪੀੜ੍ਹੀ ਦੇ ਕੁਝ ਕਹਾਣੀਕਾਰ ਇਸ ਸਾਲ ਕਾਫ਼ੀ ਸਰਗਰਮ ਨਜ਼ਰ ਆਏ, ਜਿਵੇਂ ਵਰਿਆਮ ਸਿੰਘ ਸੰਧੂ ('ਜਮਦੌਰ', ਸਿਰਜਣਾ, ਜਨਵਰੀ-ਮਾਰਚ), ਪ੍ਰੇਮ ਪ੍ਰਕਾਸ਼ ('ਥੰਮ੍ਹੀਆਂ', ਪ੍ਰਵਚਨ, ਅਪ੍ਰੈਲ-ਜੂਨ), ਨਛੱਤਰ('ਹਨੇਰੇ ਵਿੱਚ ਝਾਕਦੀ ਅੱਖ', ਲਕੀਰ, ਅਗਸਤ-ਸਤੰਬਰ), 'ਰੇਤੇ ਵਿੱਚ ਨਹਾਉਂਦੀਆਂ ਚਿੜੀਆਂ'(ਸਮਦਰਸ਼ੀ, ਮਈ-ਜੂਨ), ਪ੍ਰੇਮ ਗੋਰਖੀ ('ਅਜੇ ਦਿਨ ਨਹੀਂ ਚੜ੍ਹਿਆ', ਹੁਣ, ਜਨਵਰੀ-ਮਾਰਚ), ਲਾਲ ਸਿੰਘ ('ਗਦਰ', ਸਿਰਜਣਾ, ਜੁਲਾਈ-ਸਤੰਬਰ), ਐਸ. ਸਾਕੀ ('ਕਰਮੀ ਆਪੋ ਆਪਣੀ', 'ਛੇਵਾਂ ਦਰਿਆ' ਅਗਸਤ-ਸਤੰਬਰ), ('ਸਬਕ', ਪ੍ਰਤਿਮਾਨ, ਅਪ੍ਰੈਲ-ਜੂਨ), ਭੂਰਾ ਸਿੰਘ ਕਲੇਰ ('ਆਜਾ ਪੁੱਤ ਸ਼ੇਰਿਆ', ਕਲਾਕਾਰ, ਅਕਤੂਬਰ-ਦਸੰਬਰ), ਜ਼ੋਰਾ ਸਿੰਘ ਸੰਧੂ ('ਆਬੇ ਹਯਾਤ', ਪ੍ਰਵਚਨ, ਅਕਤੂਬਰ-ਦਸੰਬਰ) ਆਦਿ ਕਹਾਣੀਕਾਰ ਅਹਿਮ ਹਨ। 'ਸੱਚ ਦੀ ਵੇਲਾ'(ਬਲਵਿੰਦਰ ਸਿੰਘ ਗਰੇਵਾਲ), 'ਅਜੇ ਆਪਾਂ ਇੰਨੇ ਮਾੜੇ ਨਹੀਂ'(ਅਨੇਮਨ ਸਿੰਘ), 'ਛਲ', 'ਜਾਏ ਵੱਡੀ'( ਦਰਸ਼ਨ ਜੋਗਾ), 'ਕਫ਼ਨ 'ਚ ਦਫ਼ਨ ਹਜ਼ਾਰ ਵਰ੍ਹੇ'(ਅਜਮੇਰ ਸਿੱਧੂ), 'ਘੁੰਘਰੂ ਕਥਾ'(ਜਸਵੀਰ ਰਾਣਾ), 'ਗਹਿਣਾ'(ਜਤਿੰਦਰ ਹਾਂਸ), 'ਨਵੀ ਹਵੇਲੀ ਦੀ ਮਲਿਕਾ'(ਤਸਕੀਨ), 'ਬੇਨਾਮ ਜਿਹਾ ਕੁਝ', 'ਭੂਮੀ', 'ਦਾਇਰ'(ਸੁਰਿੰਦਰ ਨੀਰ), 'ਬੰਬੀ'(ਬੰਤ ਸਿੰਘ ਚੱਠਾ), 'ਕਾਗਜ਼ ਦਾ ਗੁੱਡਾ'(ਰਸ਼ਪਿੰਦਰ ਰਸ਼ਿਮ), 'ਬਿੱਛੂ', 'ਤਾ ਕਿ ਸਨਦ ਰਹੇ'(ਕੇਸਰਾ ਰਾਮ), 'ਗਰੀਨ ਹੰਟ'(ਗੁਰਸੇਵਕ ਸਿੰਘ ਪ੍ਰੀਤ), ਆਦਿ ਕਿਸੇ ਨਾ ਕਿਸੇ ਪੱਖੋਂ ਧਿਆਨ ਖਿੱਚਣ ਵਾਲੀਆਂ ਕਹਾਣੀਆਂ ਹਨ। ਰਸ਼ਪਿੰਦਰ ਰਸ਼ਿਮ ਦੀ ਕਹਾਣੀ 'ਕਾਗਜ਼ ਦਾ ਗੁੱਡਾ' ਔਰਤ ਦੇ ਅਵਚੇਤਨ ਨੂੰ ਫਰੋਲਣ ਵਾਲੀ ਮਾਰਮਿਕ ਕਹਾਣੀ ਹੈ। ਸਰਘੀ ਦੀ ਕਹਾਣੀ 'ਆਪਣੇ ਆਪਣੇ ਮਰਸੀਏ', ਨਿਵੇਕਲੇ ਕੋਣ ਤੋਂ ਖੜ੍ਹ ਕੇ ਵਸਤੂ-ਯਥਾਰਥ ਨੂੰ ਨਿਹਾਰਨ ਕਰਕੇ ਅਹਿਮ ਹੈ। ਔਰਤ ਮਨ ਦੇ ਉਹ ਪੱਖ ਹਮੇਸ਼ਾ ਨੈਤਿਕਤਾ ਅਤੇ ਫ਼ਰਜ਼ਾਂ ਦੇ ਗਲੇਫ ਵਿੱਚ ਲਪੇਟੇ ਹੋਏ ਅੱਖੋਂ ਓਹਲੇ ਰਹਿੰਦੇ ਹਨ, ਜਿਨ੍ਹਾਂ ਦਾ ਦ੍ਰਿਸ਼ਟਾਂਤ ਇਸ ਕਹਾਣੀ ਰਾਹੀਂ ਪੇਸ਼ ਕੀਤਾ ਗਿਆ ਹੈ। ਹਰਜੀਤ ਅਟਵਾਲ ਦੀ ਕਹਾਣੀ 'ਮੈਨੂੰ ਭੁੱਲ ਕੇ ਵਿਖਾ', ਮੁਹੱਬਤੀ ਅਤੇ ਗਰਜ਼ਾਂ-ਮਾਰੇ ਔਰਤ-ਮਰਦ ਸੰਬੰਧਾਂ ਨੂੰ ਪੰਜਾਬੀ ਮਰਦ ਅਤੇ ਚੀਨੀ ਔਰਤ ਦੇ ਹਵਾਲੇ ਨਾਲ ਪੇਸ਼ ਕਰਦੀ ਹੈ। ਮੂਲੋਂ ਨਵੇਂ ਕਹਾਣੀਕਾਰ ਸਿਮਰਨ ਧਾਲੀਵਾਲ ਨੇ ਆਪਣੇ ਪਲੇਠੇ ਕਹਾਣੀ ਸੰਗ੍ਰਹਿ 'ਆਸ ਅਜੇ ਬਾਕੀ ਹੈ' ਸਦਕਾ ਇਹ ਆਸ ਜਗਾਈ ਹੈ ਕਿ ਪੰਜਾਬੀ ਕਹਾਣੀ

ਦੀ ਬੁਨਿਆਦ ਹੁਣ ਪੱਕੀ ਹੋਣ ਲੱਗ ਪਈ ਹੈ। 'ਨਿੱਕੇ ਵੱਡੇ ਮੈਟਰੋ' ਕਹਾਣੀ ਸੰਗ੍ਰਹਿ ਪੰਜਾਬੀ ਕਹਾਣੀ ਦੇ ਵਸਤੂਗਤ ਪਾਸਾਰਾਂ ਨੂੰ ਪੇਸ਼ ਕਰਨ ਵਾਲੀ ਅਤੇ ਵਿਸ਼ੇਸ਼ ਪ੍ਰਸੰਸਾ ਦਾ ਹੱਕਦਾਰ ਹੈ। ਜਸਵੀਰ ਸਿੰਘ ਰਾਣਾ ਦੀ ਕਹਾਣੀ 'ਬਿੱਲੀਆਂ ਅੱਖਾਂ ਦਾ ਜਾਦੂ', ਪੰਜਾਬੀ ਜਨ-ਜੀਵਨ ਵਿੱਚ ਵੱਧ ਰਹੇ ਲੁੰਪਨੀ ਤੱਤਾਂ ਦੇ ਦਖ਼ਲ ਬਾਰੇ ਦਿਲ-ਟੁੰਬਵਾਂ ਬਿਰਤਾਂਤ ਸਿਰਜਦੀ ਹੈ। ਗਟਰ ਪਾਈਪਾਂ ਵਿੱਚ ਰਹਿੰਦੇ, ਗੰਦਗੀ ਦੇ ਢੇਰ ਫਰੋਲਦੇ, ਮੈਰਿਜ਼ ਪੈਲਿਸਾਂ ਵਿੱਚ ਝੂਠਾ ਖਾਣ ਲਈ ਉਤਾਵਲੇ ਅਤੇ ਮਨੋਰੰਜਨ ਦੇ ਨਾਂ ਤੇ ਖ਼ਤਰਨਾਕ ਕਰਤਬਾਂ ਨਾਲ ਰੁਜ਼ਗਾਰ ਦਾ ਜੁਗਾੜ ਬਣਾਉਂਦੇ ਅਨੇਕਾਂ ਪਾਤਰਾਂ ਦੇ ਜੀਵਨ ਸੰਘਰਸ਼ ਅਤੇ ਦੁਖਾਂਤ ਨੂੰ ਇਹ ਕਹਾਣੀ ਸਾਕਾਰ ਕਰਦੀ ਹੈ। ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਇੱਕ ਦਿਨ' ਵਿੱਚ ਔਰਤ ਪਾਤਰ ਆਪਣੇ ਸੁਹਿਰਦ ਪਤੀ ਤੋਂ ਆਪਣੀ ਮਨਮਰਜੀ ਨਾਲ ਜਿਉਣ ਲਈ ਸਿਰਫ਼ ਇੱਕ ਦਿਨ ਦਾ ਤੋਹਫ਼ਾ ਮੰਗ ਕੇ ਮਰਦ-ਮੁਖੀ ਵਿਚਾਰਧਾਰਾ ਦੇ ਵਰਤਾਰੇ ਸਾਹਮਣੇ ਬਹੁਤ ਵੱਡੀ ਚੁਣੌਤੀ ਰੱਖ ਦਿੰਦੀ ਹੈ। ਬਲਦੇਵ ਸਿੰਘ ਢੀਂਡਸਾ ਦੀ ਕਹਾਣੀ 'ਜਨੂੰਨ' ਵਿਸ਼ਵੀਕਰਨ ਦੇ ਦੌਰ ਵਿੱਚ ਵਿਕਾਸ ਦੇ ਨਾਂ ਉੱਤੇ ਵਿਨਾਸ਼ ਦੇ ਰਾਹ ਤੁਰ ਪਏ ਜਨੂੰਨੀ ਪੰਜਾਬੀਆਂ ਦੀ ਹਕੀਕਤ ਨੂੰ ਠੋਸ ਅਤੇ ਪ੍ਰਮਾਣਿਕ ਵੇਰਵਿਆਂ ਨਾਲ ਸਾਕਾਰ ਕਰਦੀ ਹੈ। ਕਹਾਣੀ ਦਾ ਉੱਤਮ-ਪੁਰਖੀ ਬਿਰਤਾਂਤਕਾਰ ਮਾਸਟਰ ਰਸਾਇਣਿਕ ਤਕਨੀਕ ਵਾਲੀ ਤਰਜ਼-ਏ-ਜ਼ਿੰਦਗੀ ਦੇ ਸਮਾਨੰਤਰ ਕੁਦਰਤੀ ਜੀਵਨ-ਜਾਚ ਦਾ ਸਵੈ-ਨਿਰਭਰਤਾ ਵਾਲਾ ਮਾਡਲ ਉਭਾਰਨ ਲਈ ਇੱਕ ਬਗ਼ੀਚੀ ਤਿਆਰ ਕਰਦਾ ਹੈ। ਰਿਸ਼ਤਿਆਂ ਵਿੱਚ ਵੀ ਉਹ ਅਜਿਹੀ ਸਵੱਛਤਾ ਦੇ ਆਦਰਸ਼ ਦਾ ਹਾਮੀ ਬਣਨ ਦੀ ਕੋਸ਼ਿਸ਼ ਕਰਦਾ ਹੈ। ਪਰ ਅਜੋਕੀ ਵਿਖਾਵਾਮੁਖੀ ਜੀਵਨ-ਜਾਚ ਦੀ ਪ੍ਰਤੀਕ ਬਣੀ ਉਸ ਦੀ ਨੂੰਹ ਆ ਕੇ ਅਜਿਹਾ ਮਾਹੌਲ ਸਿਰਜਦੀ ਹੈ ਕਿ ਪਰਿਵਾਰ ਅਤੇ ਬਗੀਚੀ ਦੇ ਉਜਾੜੇ ਦਾ ਸਬੱਬ ਬਣ ਜਾਂਦੀ ਹੈ। ਇਸ ਕਹਾਣੀ ਰਾਹੀਂ ਢੀਂਡਸਾ ਪੰਜਾਬੀ ਜਨ-ਜੀਵਨ ਦੇ ਬੇਤਰਤੀਬੇ ਸ਼ਹਿਰੀਕਰਨ ਅਤੇ ਮਾਨਸਿਕ ਲੁੰਪਨੀਕਰਨ ਦੀ ਤੇਜ਼ ਹੋਈ ਪ੍ਰਕਿਰਿਆ ਦੀ ਡੂੰਘੀ ਸੂਝ ਰੱਖਣ ਵਾਲਾ ਕਹਾਣੀਕਾਰ ਸਿੱਧ ਹੁੰਦਾ ਹੈ।

ਅਤਰਜੀਤ ਦੀ ਕਹਾਣੀ 'ਕੈਲੂਫਰੂਨੀਆਂ' ਵਿਸ਼ਵੀਕਰਨ ਦੇ ਦੌਰ ਵਿੱਚ ਪੰਜਾਬ ਦੀ ਨਿਮਨ ਕਿਸਾਨੀ ਅਤੇ ਖੇਤ ਮਜ਼ਦੂਰ ਦੇ ਕੰਗਾਲੀਕਰਨ ਦੀ ਤੇਜ਼ ਪ੍ਰਕਿਰਿਆ ਨਾਲ ਰੁਲ਼ਦੇ ਪਾਤਰਾਂ ਦਾ ਬਿਰਤਾਂਤ ਪੇਸ਼ ਕਰਦੀ ਹੈ। ਹਰਜਿੰਦਰ ਸੂਰੇਵਾਲੀਆਂ ਦੀ ਕਹਾਣੀ 'ਸਾਨੂੰ ਰੱਬ ਨੇ ਬਣਾਇਆ' ਵੀ ਵਿਸ਼ਵੀਕਰਨ ਦੇ ਪੰਜਾਬੀ ਕਿਸਾਨੀ

ਸਮਾਜ ਉੱਤੇ ਪਏ ਚੰਗੇ-ਮੰਦੇ ਪ੍ਰਭਾਵਾਂ ਦਾ ਲੇਖਾ-ਜੋਖਾ ਕਰਦੀ ਹੈ। ਗੁਰਮੀਤ ਕੜਿਆਲਵੀ ਦੀ ਕਹਾਣੀ 'ਇੱਕ ਗ਼ੈਰ ਹਾਜ਼ਿਰ ਮਨੁੱਖ ਦੀ ਗਾਥਾ' ਅਜੋਕੀ ਪੈਸਾ-ਮੁਖੀ ਜੀਵਨ-ਜਾਚ ਵਾਲੇ ਦੌਰ ਵਿੱਚ ਪਥਰਾਉਂਦੇ ਜਾ ਰਹੇ ਨਿੱਜੀ ਰਿਸ਼ਤਿਆਂ ਦੇ ਦੁਖਾਂਤ ਵੱਲ ਇਸ਼ਾਰਾ ਕਰਦੀ ਹੈ। ਗੁਰਸੇਵਕ ਸਿੰਘ ਪ੍ਰੀਤ ਦੀ ਕਹਾਣੀ 'ਕਾਕਰੋਚ' ਤਿੱਖੇ ਨਸ਼ਤਰੀ ਬਿਰਤਾਂਤ ਦੁਆਰਾ ਧਨੀ ਵਰਗ ਦੇ ਪਾਤਰ ਸੁਰਿੰਦਰ ਬਾਂਸਲ ਜਿਹੇ ਕਾਕਰੋਚਾਂ ਦਾ ਪਰਦਾਫਾਸ਼ ਕਰਦੀ ਹੈ।

ਇੱਕੀਵੀਂ ਸਦੀ ਦੇ ਮੁੱਢਲੇ ਦੌਰ ਦੀ ਪੰਜਾਬੀ ਕਹਾਣੀ ਦਾ ਸਰਵੇਖਣ ਅਤੇ ਮੁਲੰਕਣ ਕਰਦਿਆਂ ਜਿਹੜੀ ਗੱਲ ਕੇਂਦਰੀ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ, ਉਹ ਇਹ ਹੈ ਕਿ ਇਸ ਨੇ ਆਪਣੇ ਸਮਿਆਂ ਦੀ ਸਭ ਤੋਂ ਵੱਡੀ ਚੁਣੌਤੀ-ਵਿਸ਼ਵੀਕਰਨ ਦੀ ਰਾਜਨੀਤੀ ਨਾਲ ਭਖਵਾਂ ਸੰਵਾਦ ਰਚਾਇਆ ਹੈ। ਅਜਿਹਾ ਕਰਦਿਆਂ ਇਸ ਨੇ ਅਨੇਕਾਂ ਰੂਪਾਕਾਰਕ ਪ੍ਰਯੋਗਾਂ ਰਾਹੀਂ ਜਿੱਥੇ ਵਸਤੂ-ਯਥਾਰਥ ਨੂੰ ਬਹੁ-ਕੋਣਾਂ ਤੋਂ ਖੜ੍ਹ ਕੇ ਵੇਖਣ, ਸਮਝਣ ਅਤੇ ਗਲਪ ਬਿੰਬ ਵਿੱਚ ਢਾਲਣ ਦੀ ਆਪਣੀ ਸਮੱਰਥਾ ਦਾ ਭਰਵਾਂ ਸਬੂਤ ਦਿੱਤਾ ਹੈ ਉਥੇ ਪੰਜਾਬੀ ਪਾਠਕ ਨੂੰ ਨਵੀਂ ਵਿਸ਼ਵ-ਦ੍ਰਿਸ਼ਟੀ ਦੇ ਲੜ ਵੀ ਲਾਇਆ ਹੈ। ਉਕਤ ਕਹਾਣੀਆਂ ਕਿਸੇ ਇਕਹਿਰੀ ਘਟਨਾ ਜਾਂ ਸਮੱਸਿਆ ਦੁਆਲੇ ਕੇਂਦਰਿਤ ਹੋਣ ਦੀ ਥਾਂ ਵਿਸ਼ਾਲ ਕੈਨਵਸ ਉੱਤੇ ਫੈਲ ਕੇ ਅਜੋਕੇ ਜੀਵਨ ਦੀ ਜਟਿਲਤਾ ਨੂੰ ਫੜ੍ਹਨ ਦਾ ਯਤਨ ਕਰਦੀਆਂ ਹਨ। ਇਹ ਕਹਾਣੀਆਂ ਸਮਕਾਲੀਨ ਸਮੱਸਿਆਵਾਂ ਨੂੰ ਉਜਾਗਰ ਕਰਦੀਆਂ ਹੋਈਆਂ ਮਨੁੱਖ ਦੇ ਸਦੀਵੀ ਸਰੋਕਾਰਾਂ ਨੂੰ ਮੁੜ ਪ੍ਰਭਾਸ਼ਿਤ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

### 3.2 ਵਰਤਮਾਨ ਦਹਾਕੇ ਦੇ ਪੰਜਾਬੀ ਨਾਵਲ ਵਿਚ ਪੇਸ਼ ਵਾਤਾਵਰਨਿਕ ਸੰਕਟ

ਨਾਵਲ ਸ਼ਬਦ ਅੰਗਰੇਜ਼ੀ 'Novel' ਦਾ ਸਮਾਨਰਥੀ ਹੈ, ਜਿਸ ਦੀ ਉੱਤਪਤੀ ਲਾਤੀਨੀ ਸ਼ਬਦ 'Novella' ਤੋਂ ਹੋਈ ਹੈ। 'Novella' ਦਾ ਅਰਥ ਹੈ:- ਤਾਜ਼ੀ, ਨਵੀਨ ਜਾਂ ਬੀਤੀ ਹੋਈ ਘਟਨਾ। ਨਾਵਲ ਸਾਹਿਤ ਦਾ ਉਹ ਵਾਰਤਕ ਰੂਪ ਹੈ। ਜਿਸ ਵਿੱਚ ਘਟਨਾਵਾਂ ਦਾ ਵਿਉਂਤਬੱਧ ਵਰਨਣ ਹੁੰਦਾ ਹੈ। ਇਹ ਘਟਨਾਵਾਂ ਇੱਕ ਜਾਂ ਕਈ ਪਾਤਰਾਂ ਨਾਲ ਵਾਪਰ ਰਹੀਆਂ ਹੁੰਦੀਆਂ ਹਨ। ਭਿੰਨ-ਭਿੰਨ ਸਾਹਿਤਕਾਰਾਂ ਅਤੇ ਵਿਦਵਾਨਾਂ ਨੇ ਨਾਵਲ ਦੀਆਂ ਵਿਸ਼ੇਸ਼ਤਾਵਾਂ ਨੂੰ ਮੁੱਖ ਰੱਖ ਕੇ ਇਸਦੀ ਪਰਿਭਾਸ਼ਾ ਪੇਸ਼ ਕੀਤੀ ਹੈ:

ਨਿਊ ਇੰਗਲਿਸ਼ ਡਿਕਸ਼ਨਰੀ ਵਿੱਚ ਨਾਵਲ ਬਾਰੇ ਦੱਸਿਆ ਗਿਆ ਹੈ ਕਿ, ਵੱਡੇ ਆਕਾਰ ਦੀ ਉਹ ਗੱਦ-ਕਥਾ ਜਾਂ ਬਿਰਤਾਂਤ, ਜਿਸਦੇ ਅੰਤਰਗਤ ਯਥਾਰਥਕ ਜੀਵਨ ਦੀ ਪ੍ਰਤੀਨਿਧਤਾ ਦਾ ਦਾਅਵਾ ਕਰਨ ਵਾਲੇ ਪਾਤਰਾਂ ਅਤੇ ਕਾਰਜਾਂ ਨੂੰ ਕਥਾਨਕ ਵਿੱਚ ਪੇਸ਼ ਕੀਤਾ ਗਿਆ ਹੋਵੇ।

ਬਰਸਟ ਬੀ. ਬੇਕਰ ਅਨੁਸਾਰ, ਨਾਵਲ ਨੂੰ ਗੱਦਮਈ ਕਲਪਿਤ ਕਥਾ ਦੇ ਮਾਧਿਆਮ ਰਾਹੀਂ ਜੀਵਨ ਦੀ ਵਿਆਖਿਆ ਕਿਹਾ ਜਾ ਸਕਦਾ ਹੈ।

ਪੰਜਾਬੀ ਯੂਨੀਵਰਸਿਟੀ ਦੇ ਪੰਜਾਬੀ ਕੋਸ਼ ਅਨੁਸਾਰ ਕਲਪਨਾ ਦੇ ਰੰਗ ਵਿੱਚ ਰੰਗਿਆ ਹੋਇਆ ਵਾਰਤਕ ਸਾਹਿਤ ਗਲਪ ਅਖਵਾਉਂਦਾ ਹੈ ਅਤੇ ਇਸ ਵੰਨਗੀ ਅਧੀਨ ਕਹਾਣੀ ਅਤੇ ਨਾਵਲ ਵਿਧਾਵਾਂ ਸ਼ਾਮਿਲ ਹੁੰਦੀਆਂ ਹਨ। (ਪੰਜਾਬੀ ਪੀਡੀਆ ਡਾਟ ਕਾਮ, ਆਨਲਾਈਨ ਭਾਲ)

ਡਾ. ਸ਼ਿਆਮ ਸੁੰਦਰ ਦਾਸ ਮਨੁੱਖ ਦੇ ਅਸਲ ਜੀਵਨ ਦੀ ਕਥਾ ਨੂੰ ‘ਨਾਵਲ’ (ਉਪਨਿਆਸ) ਮੰਨਦੇ ਹਨ। ਬਾਬੂ ਗੁਲਾਬ ਰਾਇ ਦੇ ਅਨੁਸਾਰ, "ਨਾਵਲ ਕਾਰਜ ਕਰਨ ਦੀ ਲੜੀ ਵਿੱਚ ਬੰਨ੍ਹਿਆ ਹੋਇਆ ਇੱਕ ਗੱਦ-ਕਥਾਨਕ ਹੈ। ਜਿਸ ਵਿੱਚ ਵਧੇਰੇ ਵਿਸਥਾਰ ਅਤੇ ਪੇਚੀਦਗੀ ਦੇ ਨਾਲ-ਨਾਲ ਅਸਲ ਜੀਵਨ ਦੀ ਪ੍ਰਤੀਨਿਧਤਾ ਕਰਨ ਵਾਲੇ ਵਿਅਕਤੀਆਂ ਨਾਲ ਸੰਬੰਧਿਤ ਕਾਲਪਨਿਕ ਘਟਨਾਵਾਂ ਦੁਆਰਾ ਮਨੁੱਖੀ ਜੀਵਨ ਦੇ ਸੱਚ ਨੂੰ ਸੁਆਦਲੇ ਢੰਗ ਨਾਲ ਪੇਸ਼ ਕੀਤਾ ਜਾਂਦਾ ਹੈ।

ਡਾ. ਹਰਚਰਨ ਸਿੰਘ ਪੰਜਾਬੀ ਨਾਵਲ ਬਾਰੇ ਸਿਧਾਂਤ ਪੇਸ਼ ਕਰਦੇ ਹੋਏ ਆਪਣੇ ਵਿਚਾਰ ‘ਪੰਜਾਬੀ ਨਾਵਲ:ਦਸ਼ਾ ਤੇ ਦਿਸ਼ਾ’ ਵਿੱਚ ਇਸ ਪ੍ਰਕਾਰ ਪ੍ਰਗਟ ਕਰਦੇ ਹਨ:

> ਨਾਵਲ ਨੂੰ ਪੂੰਜੀਵਾਦੀ/ਸਰਮਾਇਦਾਰੀ ਯੁੱਗ ਦਾ ਮਹਾਂਕਾਵਿ ਕਿਹਾ ਜਾਂਦਾ ਹੈ। ਨਾਵਲ ਦੀ ਸਰਬੋਤਮ ਵਿਸ਼ੇਸ਼ਤਾ ਸਰਮਾਇਦਾਰੀ ਯੁੱਗ ਵਿੱਚ ਸੰਘਰਸ਼-ਰਤ ਮਨੁੱਖੀ ਸਮੂਹ ਦੇ ਅੰਤਰ ਵਿਰੋਧਾਂ ਨੂੰ ਵਿਸਤ੍ਰਿਤ ਅਤੇ ਗੰਭੀਰ ਰੂਪ ਵਿੱਚ ਪ੍ਰਸਤੁਤ ਕਰਨ ਵਿੱਚ ਹੈ। ਕਿਉਂਕਿ ਨਾਵਲ ਦਾ ਕੈਨਵਸ ਵਿਸ਼ਾਲ ਹੁੰਦਾ ਹੈ, ਇਸ ਕਰਕੇ ਉਹ ਵਰਤਮਾਨ ਦੌਰ ਦੀਆਂ ਵਿਸੰਗਤੀਆਂ ਨੂੰ ਪ੍ਰਤੀਬਿੰਬਤ ਕਰਨ ਵਾਲੀਆਂ ਅਸੀਮ

> ਸੰਭਾਵਨਾਵਾਂ ਦਾ ਲਖਾਇਕ ਹੈ। ਇਸ ਕਰਕੇ ਨਾਵਲ ਨੂੰ ਆਧੁਨਿਕ ਯੁੱਗ ਦਾ ਬਿਰਤਾਂਤ ਵੀ ਆਖ ਦਿੱਤਾ ਜਾਂਦਾ ਹੈ(54)

ਸਾਹਿਤ ਦੇ ਹੋਰ ਰੂਪਾਂ ਵਾਂਗ ਨਾਵਲ ਦੇ ਵਿਸ਼ੇ-ਵਸਤੂ ਵੀ ਯਥਾਰਥਕ ਜਗਤ ਵਿੱਚੋਂ ਉਪਜੇ ਹੋਏ ਹੁੰਦੇ ਹਨ। ਸਮਾਜ ਵਿੱਚੋਂ ਉਪਜੀਆਂ ਹੋਈਆ ਸਮੱਸਿਆਵਾਂ ਦਾ ਬਿਰਤਾਂਤ ਭਰਪੂਰ ਚਿਤਰਨ ਕਰਨ ਲਈ ਗਲਪ ਦਾ ਮਹੱਤਵਪੂਰਨ ਯੋਗਦਾਨ ਹੁੰਦਾ ਹੈ। ਡਾ. ਗੁਰਦੀਪ ਕੁਮਾਰ ਸ਼ਰਮਾ ਅਤੇ ਡਾ. ਜਸਪਾਲ ਸਿੰਘ ਦੁਆਰਾ ਸੰਪਾਦਿਤ ਪੁਸਤਕ "ਪੰਜਾਬੀ ਨਾਵਲ : ਦਸ਼ਾ ਤੇ ਦਿਸ਼ਾ" ਅਧੀਨ ਲਿਖਿਆ ਗਿਆ ਹੈ ਕਿ:

> ਨਾਵਲ ਵਿੱਚ ਗਾਲਪਿਕ ਵਰਤਾਰਾ ਹੈ ਜਿਸ ਅੰਦਰ ਜ਼ਿੰਦਗੀ ਵਿਚਲੇ ਇਤਫ਼ਾਕ, ਦੁਰਘਟਨਾਵਾਂ, ਸੰਗਤੀਆਂ-ਵਿਸੰਗਤੀਆਂ ਅਤੇ ਰੁਝਾਣ ਵਿਸ਼ੇਸ਼ ਕਿਸਮ ਦੀਆਂ ਪਾਠ-ਜੁਗਤਾਂ ਬਣ ਜਾਂਦੇ ਹਨ। ਇਹ ਪ੍ਰਕਿਰਿਆ ਹੀ ਨਾਵਲੀ ਸੰਸਾਰ ਨੂੰ ਵਸਤੂ ਯਥਾਰਥ ਨਾਲ ਦੋਹਰੇ ਰਿਸ਼ਤੇ ਵਿੱਚ ਜੋੜਦੀ ਹੈ। ਉਹ ਉਸ ਵਰਗਾ ਹੁੰਦਾ ਹੋਇਆ ਵੀ ਉਸ ਤੋਂ ਪੂਰੀ ਤਰ੍ਹਾਂ ਵਿਲੱਖਣ ਹੁੰਦਾ ਹੈ(55)

ਡਾ. ਜਗਬੀਰ ਸਿੰਘ ਗਲਪੀ ਸੰਸਾਰ ਦੇ ਸਰੋਕਾਰਾਂ ਬਾਰੇ ਜਾਣੂ ਕਰਵਾਉਂਦੇ ਹੋਏ ਆਖਦੇ ਹਨ ਕਿ ਵਰਤਮਾਨ ਗਲਪ ਸਾਹਿਤ ਅਸਲ ਵਿੱਚ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਵਿਕਸਿਤ ਹੁੰਦਾ ਆਇਆ ਹੈ। ਡਾ. ਸਾਹਿਬ ਨੇ ਆਪਣੀ ਪੁਸਤਕ 'ਪੰਜਾਬੀ ਗਲਪ ਸੰਸਾਰ' ਅਧੀਨ ਇਸ ਪ੍ਰਕਾਰ ਸਥਾਪਨਾ ਦਿੱਤੀ ਹੈ:

> ਪੰਜਾਬੀ ਨਾਵਲ ਆਪਣੇ ਇਤਿਹਾਸਿਕ ਸਫ਼ਰ ਦੌਰਾਨ ਸਿਰਜਨਾ ਦੇ ਕਈ ਮਹੱਤਵਪੂਰਨ ਪੜਾਅ ਲੰਘ ਕੇ ਵਰਤਮਾਨ ਸਥਿਤੀ ਤੇ ਅੱਪੜਿਆ ਹੈ। ਪੱਛਮੀ ਸਾਹਿਤ ਸਭਿਆਚਾਰ ਤੋਂ ਪ੍ਰਭਾਵਿਤ ਅਤੇ ਪ੍ਰੇਰਿਤ ਹੋ ਕੇ ਇਸ ਨੇ ਇੱਕ ਸਦੀ ਪਹਿਲਾਂ ਆਪਣਾ ਸਫ਼ਰ ਆਰੰਭ ਕੀਤਾ ਸੀ ਪਰ ਇਸਦੀ ਵਿਸ਼ੇਸ਼ਤਾ ਇਹ ਰਹੀ ਹੈ ਕਿ ਇਸਨੇ ਆਪਣੀ ਧਰਤੀ, ਸਮਾਜ ਤੇ ਸਭਿਆਚਾਰ ਦੇ ਸਰੋਕਾਰਾਂ ਨੂੰ ਹੀ ਆਪਣੀ ਗਲਪ ਰਚਨਾ ਦਾ ਮੂਲ ਆਧਾਰ ਬਣਾਇਆ ਹੈ(41)

ਨਾਵਲ ਦੀ ਰਸਮੀ ਅਤੇ ਸਿਧਾਂਤਕ ਪੈੜ ਨੂੰ ਵਾਚਣ ਉਪਰੰਤ ਹਥਲੇ ਨਾਵਲ ਵਿਚਲੇ ਵਾਤਾਵਰਨੀ ਮੁੱਦਿਆਂ ਨੂੰ ਉਘਾੜਣ ਦੀ ਵਾਰੀ ਹੈ। ਭਾਵੇਂ ਜਸਵੀਰ ਸਿੰਘ ਰਾਣਾ ਦਾ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' ਪਲੇਠਾ

ਨਾਵਲ ਹੈ ਪਰੰਤੂ ਬਤੌਰ ਕਹਾਣੀਕਾਰ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਇਸ ਲੇਖਕ ਦੀ ਕਲਮ ਨੇ ਨਾਵਲ ਵਿੱਚ ਜਿਸ ਨਵੀਨਤਾ ਨਾਲ ਵਾਤਾਵਰਨੀ ਸਰੋਕਾਰਾਂ ਦੀ ਪ੍ਰਸਤੁਤੀ ਕੀਤੀ ਹੈ; ਉਹ ਪਾਠਕਾਂ, ਆਲੋਚਕਾਂ ਅਤੇ ਖੋਜਾਰਥੀਆਂ ਦੇ ਵਿਸ਼ੇਸ਼ ਧਿਆਨ ਦੀ ਲਖਾਇਕ ਹੈ।

ਸੰਗਰੂਰ ਜਿਲ੍ਹੇ ਦੇ ਪਿੰਡ ਅਮਰਗੜ੍ਹ ਦਾ ਜੰਮਪਲ ਜਸਵੀਰ ਸਿੰਘ ਰਾਣਾ ਮੂਲ ਰੂਪ ਵਿੱਚ ਕਹਾਣੀਕਾਰ ਵਜੋਂ ਸਾਹਿਤ ਲਿਖਦਾ ਆ ਰਿਹਾ ਹੈ। ਕਿੱਤੇ ਵਜੋਂ ਅਧਿਆਪਕ ਅਤੇ ਹਿਰਦੇ ਵਜੋਂ ਵਾਤਾਵਰਨਵਾਦੀ ਦੇ ਤੌਰ 'ਤੇ ਪਛਾਣਿਆ ਜਾਂਦਾ ਰਾਣਾ ਹੁਣ ਤੱਕ ਛੇ ਕਹਾਣੀ ਸੰਗ੍ਰਹਿ ਪ੍ਰਕਾਸ਼ਿਤ ਕਰਵਾ ਚੁੱਕਾ ਹੈ: 'ਸਿਖ਼ਰ ਦੁਪਹਿਰਾ'(2003), 'ਖਿੱਤੀਆਂ ਘੁੰਮ ਰਹੀਆਂ ਨੇ'(2008), 'ਮੈਂ ਤੇ ਮੇਰੀ ਖ਼ਮੋਸ਼ੀ'(2013), 'ਬਿੱਲੀਆਂ ਅੱਖਾਂ ਦੀ ਜਾਦੂ'(2015) ਰਾਣਾ ਨੇ ਹਿਜੜਿਆਂ ਦੀ ਜ਼ਿੰਦਗੀ ਨਾਲ ਸਬੰਧਿਤ ਇੱਕ ਪੁਸਤਕ 'ਕਿੰਨਰਾਂ ਦਾ ਵੀ ਦਿਲ ਹੁੰਦਾ ਹੈ'(2015) ਸੰਪਾਦਿਤ ਕੀਤੀ ਹੈ। ਇਹ ਕਹਾਣੀ ਸੰਗ੍ਰਹਿ ਪਾਕਿਸਤਾਨ ਦੇ ਇੱਕ ਵਿਦਵਾਨ ਐੱਮ ਆਸਿਫ਼ ਦੁਆਰਾ ਸ਼ਾਹਮੁਖੀ ਵਿੱਚ ਅਨੁਵਾਦਿਤ ਕੀਤਾ ਜਾ ਚੁੱਕਾ ਹੈ। ਉਸ ਦੀ ਕਹਾਣੀ ਕਲਾ ਉੱਪਰ ਹੁਣ ਤੱਕ ਪੰਜ ਖੋਜ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਕਹਾਣੀ 'ਨਸਲਘਾਤ' ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਬੀ.ਏ. 2, ਇਲੈਕਟਿਵ ਪੰਜਾਬੀ ਸਿਲੇਬਸ ਵਿੱਚ ਲੱਗੀ ਹੋਈ ਹੈ। ਕਹਾਣੀ 'ਚੂੜੇ ਵਾਲੀ ਬਾਂਹ' ਖਾਲਸਾ ਕਾਲਜ ਅੰਮ੍ਰਿਤਸਰ ਦੇ ਐੱਮ.ਏ.1 ਦੇ ਸਿਲੇਬਸ ਵਿੱਚ ਲੱਗੀ ਹੋਈ ਹੈ।

ਰਾਣਾ ਨੇ ਨਾਵਲ ਦੀ ਸਿਰਜਨ ਪ੍ਰਕਿਰਿਆ ਬਾਰੇ ਖੋਲ੍ਹ ਕੇ ਸਮਝਾਉਂਦਿਆਂ ਬਿਆਨ ਕੀਤਾ ਹੈ ਕਿ ਧਰਤੀ ਮਾਂ ਅਤੇ ਮਾਂ-ਬੋਲੀ ਪੰਜਾਬੀ ਦੀ ਡਾਵਾਂਡੋਲ ਸਥਿਤੀ ਨੇ ਹੀ ਉਸਨੂੰ ਤੇ ਉਸਦੀ ਕਲਮ ਨੂੰ ਜ਼ਬਰਦਸਤ ਹਲੂਣਾ ਦਿੱਤਾ ਤੇ ਇਸਦੇ ਫਲਸਰੂਪ ਹੀ 'ਇੱਥੋਂ ਰੇਗਿਸਤਾਨ ਦਿਸਦਾ ਹੈ' ਹੋਂਦ ਵਿੱਚ ਆਉਣ ਲੱਗਾ। ਰਾਣਾ ਦੇ ਆਪਣੇ ਸ਼ਬਦਾਂ ਅਨੁਸਾਰ:

> ਜਦੋਂ ਆਧੁਨਿਕ ਵਿਕਾਸ ਮਾਡਲ ਨੇ ਹਵਾ, ਪਾਣੀ, ਰੁੱਖ ਤੇ ਧਰਤੀ ਨੂੰ 'ਖਤਰੇ ਦੇ ਨਿਸ਼ਾਨ' ਉਪਰ ਖੜ੍ਹਾ ਕਰਕੇ 'ਗਲੋਬਲ ਵਾਰਮਿੰਗ' ਦੀ ਘੋਸ਼ਣਾ ਕਰ ਦਿੱਤੀ। ਮੇਰੀ ਕਥਾ-ਚੇਤਨਾ ਵਿੱਚ ਮੁੱਕ ਰਹੀਆਂ, ਸੁੱਕ ਰਹੀਆਂ ਤੇ ਹਾਸ਼ੀਏ ਤੋਂ ਪਾਰ ਜਾ ਰਹੀਆਂ ਸ਼ੈਆਂ ਦਾ ਤਿਕੋਨ ਬਣਨ ਲੱਗਾ। ਕਥਾ-ਦ੍ਰਿਸ਼ਟੀ ਵਿੱਚ

ਕੁਦਰਤੀ ਸਰੋਤਾਂ, ਅੱਖਰਾਂ, ਸ਼ਬਦਾਂ, ਵਿਚਾਰਾਂ ਤੇ ਲੋਕਧਾਰਾਈ ਵੰਨਗੀਆਂ ਵਿੱਚ ਇੱਕ ਸਾਂਝਾ ਸੂਤਰ ਸਥਾਪਿਤ ਹੋਣ ਲੱਗਾ। ਮੈਂ ਸੋਚਣ ਲੱਗਾ ਕਿ ਜਿਨ੍ਹਾਂ ਗੁਰੂਆਂ, ਪੀਰਾਂ, ਫਕੀਰਾਂ ਨੇ ਸ਼ਬਦ ਤੇ ਹਵਾ ਨੂੰ ਗੁਰੂ, ਪਾਣੀ ਨੂੰ ਪਿਤਾ ਤੇ ਧਰਤੀ ਨੂੰ ਪੰਜਾਬੀ ਔਰ ਗੁਰਮੁਖੀ ਵਿੱਚ ਮਾਤਾ ਕਿਹਾ ਹੈ, ਉਨ੍ਹਾਂ ਦੀ ਵੇਦਾਂ-ਗ੍ਰੰਥਾਂ ਦੀ ਧਰਤੀ ਉਪਰ ਭਾਸ਼ਾ ਦੀ ਇਹ ਕੈਸੀ ਮਰਨ ਰੁੱਤ ਆਈ ਹੈ। ਕਾਰਲ ਮਾਰਕਸ ਨੇ ਕਿਹਾ ਸੀ ਕਿ, 'ਖੇਤੀ ਵਿੱਚ ਆਇਆ ਹਰਾ ਇਨਕਲਾਬ ਆਪਣੇ ਪਿੱਛੇ ਇੱਕ ਮਾਰੂਥਲ ਛੱਡ ਕੇ ਜਾਂਦਾ ਹੈ, ਜੇਕਰ ਉਸਨੂੰ ਲੋਕਾਂ ਦੇ ਹਿੱਤ ਵਿੱਚ ਯੋਜਨਾਬੱਧ ਨਾ ਕੀਤਾ ਜਾਵੇ(8)

ਆਪਣੇ ਨਾਵਲ ਦੇ ਸਮਰਪਣ ਵਿੱਚ ਰਾਣਾ ਨੇ ਜ਼ਮੀਨ ਨਾਲ ਜੁੜੇ ਜਜ਼ਬਾਤਾਂ ਦਾ ਇਉਂ ਵਰਨਣ ਕੀਤਾ ਹੈ:

ਉਸ ਇੱਕ ਵਿੱਘਾ ਜ਼ਮੀਨ ਦੇ ਨਾਂ ਜਿਸਨੂੰ ਵੇਚ ਕੇ ਮੈਂ ਆਪਣੀ ਜ਼ਿੰਦਗੀ ਤਾਂ ਖ਼ਰੀਦ ਲਈ ਪਰ ਗੁਜ਼ਰ ਗਿਆ ਬਾਪੂ ਮੈਨੂੰ ਇਕ ਹੀ ਉਲਾਂਭਾ ਦਿੰਦਾ ਰਹਿੰਦਾ ਹੈ, "ਜਾਹ ਪਰ੍ਹੇ ਰਾਇਆ! ਤੂੰ ਤਾਂ ਪੁਰਖਿਆਂ ਦੀ ਮਿੱਟੀ ਵੀ ਨਾ ਸਾਂਭ ਸਕਿਆ।"(5)

ਨਾਵਲ ਦੇ ਪੰਜਵੇ ਪੰਨ੍ਹੇ 'ਤੇ ਉਕੱਰੇ ਹੋਏ ਸਮਰਪਣ ਨੂੰ ਗਹੁ ਨਾਲ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਭਾਵੇਂ ਮਜ਼ਬੂਰੀ ਵਿੱਚ ਹੀ ਸਹੀ ਨਾਵਲਕਾਰ ਨੇ ਇੱਕ ਵਿੱਘਾ ਜ਼ਮੀਨ ਵੇਚ ਦਿੱਤੀ ਸੀ ਪਰ ਇਸਦਾ ਮਲਾਲ ਉਸਨੂੰ ਹਰ ਵਕਤ ਕੋਂਹਦਾ ਰਿਹਾ। ਆਪਣੇ ਪੁਰਖਿਆਂ ਦੀ ਮਿੱਟੀ ਸਾਂਭਣਾ ਕਿਸੇ ਲਈ ਈਮਾਨ ਦੀ ਗੱਲ ਹੁੰਦੀ ਹੈ ਤੇ ਕਿਸੇ ਲਈ ਨਿਰਪੁਰਾ ਜਜ਼ਬਾਤੀ ਪਾਗਲਪਨ- ਫ਼ਰਕ ਬਸ ਸੋਚ ਦਾ ਹੀ ਹੁੰਦਾ ਹੈ।

ਇਕ ਹੀ ਜਿਵੇਂ ਕਿ ਪਹਿਲਾਂ ਹੀ ਸਪੱਸ਼ਟ ਹੈ ਕਿ ਕਿਸੇ ਵੀ ਨਾਵਲ ਦੇ ਇੱਕ ਤੋਂ ਵੱਧ ਵਿਸ਼ੇ ਹੁੰਦੇ ਹਨ, ਪਰ ਪ੍ਰਧਾਨ ਵਿਸ਼ੇ ਇੱਕ-ਦੋ ਹੀ ਹੁੰਦੇ ਹਨ ਤੇ ਬਾਕੀ ਦੇ ਵਿਸ਼ੇ ਪ੍ਰਧਾਨ ਵਿਸ਼ਿਆਂ ਨਾਲ ਅੰਤਰ-ਸੰਬੰਧਿਤ ਹੁੰਦੇ ਹੋਏ ਉਹਨਾਂ ਦਾ ਸਮਰਥਨ ਕਰਦੇ ਹਨ। ਜਦੋਂ ਗੱਲ ਵਾਤਾਵਰਨ ਦੀ ਆਉਂਦੀ ਹੈ ਤਾਂ ਆਰੰਭ ਤੋਂ ਹੀ ਕੁਦਰਤ ਤੇ ਕਾਦਰ ਦੇ ਉਪਾਸਕ ਜ਼ਹਿਨ ਵਿੱਚ ਸਮਾਅ ਜਾਂਦੇ ਹਨ। ਗੁਰੂ ਸਾਹਿਬਾਨ, ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ, ਪ੍ਰੋ. ਮੋਹਨ ਸਿੰਘ, ਸ਼ਿਵ ਕੁਮਾਰ ਬਟਾਲਵੀ, ਅੰਮ੍ਰਿਤਾ ਪ੍ਰੀਤਮ, ਧਨੀ ਰਾਮ ਚਾਤ੍ਰਿਕ, ਸੁਰਜੀਤ ਪਾਤਰ ਆਦਿ ਅਨੇਕਾਂ ਸਾਹਿਤ ਸਿਰਜਕ ਨਜ਼ਰੀ ਪੈਂਦੇ ਹਨ। 20ਵੀਂ ਸਦੀ ਦੇ ਆਰੰਭ ਤੋਂ ਹੀ ਕੁਦਰਤੀ ਵਿਗਾੜਾਂ ਕਰਕੇ

ਵਾਤਾਵਰਨੀ ਅਸੰਤੁਲਨ ਪੈਦਾ ਹੋਣ ਲੱਗ ਪਿਆ ਸੀ। ਕਿਉਂਕਿ ਸਮਾਜ ਤੇ ਸਾਹਿਤ ਦਾ ਦੋ-ਤਰਫ਼ਾ ਅਤੇ ਪ੍ਰਤੱਖ ਸੰਬੰਧ ਹੈ। ਇਸ ਲਈ ਸਮਾਜ ਵਿੱਚ ਵਾਪਰਦੀ ਹਰ ਹਵੀ-ਨਵੀ ਨਾਲ ਸਾਹਿਤ ਅਸਰ-ਅੰਦਾਜ਼ ਹੁੰਦਾ ਹੈ ਅਤੇ ਸਾਹਿਤ ਵਿੱਚ ਏਨੀ ਸਮਰੱਥਾ ਸਮਾਈ ਹੋਈ ਹੁੰਦੀ ਹੈ ਕਿ ਇਹ ਸਮਾਜ ਵਿੱਚ ਲੋੜੀਂਦੇ ਪਰਿਵਰਤਨ ਲਿਆ ਸਕੇ। ਪੰਜਾਬੀ ਸਾਹਿਤ ਦੇ ਸਰੋਕਾਰਾਂ ਦੀ ਗੱਲ ਕੀਤੀ ਜਾਵੇ ਤਾਂ ਆਧੁਨਿਕਤਾਵਾਦ ਦੇ ਦੌਰ ਦੇ ਸਾਰੇ ਵਿਸ਼ੇ ਅਜੋਕੀਆਂ ਸਮਾਜਿਕ ਸੱਮਸਿਆਵਾਂ ਦੀ ਬਾਤ ਪਾਉਂਦੇ ਹਨ। ਵਾਤਾਵਰਨੀ ਸੰਕਟ ਵੀ ਸਮਾਜ ਲਈ ਸਭ ਤੋਂ ਵੱਡਾ ਖਤਰਾ ਬਣ ਗਿਆ ਹੈ। ਇਹ ਸਮਾਜ ਦਾ ਉਪਜਾਇਆ ਹੋਇਆ ਹੈ ਤੇ ਸਮਾਜ ਹੀ ਇਸ ਦੇ ਘਾਤਕ ਨੁਕਸਾਨ ਝੱਲ ਰਿਹਾ ਹੈ। ਸਮਾਜਿਕ ਸਰੋਕਾਰਾਂ ‘ਤੇ ਆਧਾਰਿਤ ਸਾਹਿਤ ਅੰਦਰ ਨਿਬੰਧਾਂ ਤੋਂ ਬਿਨਾਂ ਬਾਕੀ ਵਿਧਾਵਾਂ ਵਿੱਚ ਵਾਤਾਵਰਨੀ ਸੰਕਟ ਪੇਸ਼ ਕਰਨ ਦੀ ਤੋਰ ਅਜੇ ਬਹੁਤੀ ਤੇਜ਼ ਨਹੀਂ ਹੋਈ ਪਰ ਖੁਸ਼ਕਿਸਮਤੀ ਹੈ ਕਿ 21ਵੀਂ ਸਦੀ ਦੇ ਨਾਵਲੀ ਜਗਤ ਵਿੱਚ ਬਲਬੀਰ ਪਰਵਾਨਾ ਦੇ ਨਾਵਲ ‘ਬੰਜਰ ਧਰਤੀ’, ‘ਬਹੁਤ ਸਾਰੇ ਚੁਰਸਤੇ’, ਨੱਛਤਰ ਦਾ ਨਾਵਲ ‘ਕੈਂਸਰ ਟਰੇਨ’ ਅਤੇ ਜਸਵੀਰ ਸਿੰਘ ਰਾਣਾ ਦਾ ਨਾਵਲ ‘ਇੱਥੋਂ ਰੇਗਿਸਤਾਨ ਦਿੱਸਦਾ ਹੈ’, ਪਾਠਕਾਂ ਦੀ ਝੋਲੀ ‘ਚ ਪਏ ਹਨ। ਜਨ-ਜਾਗ੍ਰਿਤੀ ਲਈ ਇਹਨਾਂ ਨਾਵਲਾਂ ਦੀ ਸੌਗਾਤ ਇੱਕ ਚੰਗੀ ਪਹਿਲ-ਕਦਮੀ ਵਜੋਂ ਪਛਾਣੀ ਜਾ ਰਹੀ ਹੈ। ‘ਇੱਥੋਂ ਰੇਗਿਸਤਾਨ ਦਿੱਸਦਾ ਹੈ’, ਨਾਵਲ ਵਿੱਚ ਰਾਣਾ ਨੇ ਪੰਜਾਬ ਦੇ ਸਮੂਹ ਬਾਸ਼ਿੰਦਿਆਂ ਨੂੰ ਆਪਣੀ ਦਿੱਬ-ਦਿੱਖ ਨਾਲ ਭਵਿੱਖ ਵਿੱਚ ਪੰਜਾਬ ਦੇ ਰੇਗਿਸਤਾਨ ਵਿੱਚ ਤਬਦੀਲ ਹੋਣ ਦਾ ਦ੍ਰਿਸ਼ ਵਿਖਾਇਆ ਹੈ। ਜੇਕਰ ਪੰਜਾਬ ਦੇ ਵਸਨੀਕ ਵਾਤਾਵਰਨ ਨੂੰ ਉਜਾੜਣ ਤੋਂ ਨਾ ਹਟੇ ਤਾਂ ਪੰਜ ਪਾਣੀਆਂ ਦਾ ਰੇਤ ਹੋ ਜਾਣਾ ਯਕੀਨੀ ਹੈ। ਪ੍ਰਸਤੁਤ ਹੈ ਹਥਲੇ ਨਾਵਲ ਦਾ ਸਮੀਖਿਆਤਮਿਕ ਅਧਿਐਨ:

ਵਿਚਾਰ ਅਧੀਨ ਨਾਵਲ ਦਾ ਕੇਂਦਰੀ ਵਿਸ਼ਾ ਵਾਤਾਵਰਨੀ ਸੰਕਟ ਦੇ ਪਿਛੋਕੜ ਕਾਰਨ, ਅਣਗੌਲਿਆ ਵਤੀਰਾ ਅਤੇ ਸੁਲਝੇ ਸਾਮਾਧਾਨਾਂ ਵਿੱਚ ਸਮਾਇਆ ਹੋਇਆ ਹੈ। ਇਸ ਤੋਂ ਇਲਾਵਾ ਮਾਂ-ਬੋਲੀ ਪੰਜਾਬੀ ਦਾ ਸਤਿਕਾਰ, ਰਿਸ਼ਤੇ, ਸਿੱਖਿਆ-ਪ੍ਰਣਾਲੀ, ਨਸ਼ਾਖੋਰੀ, ਅਨੈਤਿਕ ਰਿਸ਼ਤੇ, ਗਰੀਬੀ, ਅਤਿ-ਆਧੁਨਿਕਤਾ ਅਤੇ ਮਹੱਤਵ-ਅਕਾਂਖਿਆ ਆਦਿ ਇਸ ਨਾਵਲ ਦੇ ਉਪ ਵਿਸ਼ੇ ਹਨ। ਵਾਤਾਵਰਨ ਅਤੇ ਪੰਜਾਬੀ ਬੋਲੀ, ਦੋਵੇਂ ਹੀ ਹਰ ਅਧਿਆਇ (ਕਾਂਡ) ਤੇ ਹਰ ਪੰਨੇ ‘ਤੇ ਹੱਥ ‘ਚ ਹੱਥ ਫੜੀ ਤੁਰੀ ਜਾਂਦੇ ਹਨ। ਇਸ ਨਾਵਲ ਵਿੱਚ ਰਾਣਾ ਨੇ

ਪਾਤਰ ਅਤੇ ਉਹਨਾਂ ਦੇ ਸਿਰਨਾਵਿਆਂ ਦੀ ਚੋਣ ਵੀ ਇਸ ਤਰ੍ਹਾਂ ਕੀਤੀ ਹੈ ਕਿ ਜਿਵੇਂ ਦੇਹੜੀ ਤੋਂ ਹੀ ਵਿਹੜੇ ਦੇ ਭਾਗ ਦਾ ਅੰਦਾਜ਼ਾ ਹੋ ਸਕੇ। ਪੂਰੇ ਨਾਵਲ ਵਿੱਚ ਤਿੰਨ ਤਰ੍ਹਾਂ ਤੇ ਪਾਤਰ ਕੰਮ ਕਰਦੇ ਹਨ। ਵਾਤਾਵਰਨ ਹਿਤੈਸ਼ੀ, ਵਾਤਾਵਰਨ ਵਿਰੋਧੀ ਅਤੇ ਪਰਿਵਰਤਨਸ਼ੀਲ ਪਾਤਰ-ਭਾਵ ਜਿਹੜੇ ਪਹਿਲਾਂ ਵਾਤਾਵਰਨ ਵਿਰੋਧੀ ਕਾਰਜ ਕਰਦੇ ਰਹੇ ਪਰ ਅਖ਼ੀਰ ਵਿੱਚ ਆ ਕੇ ਵਾਤਾਵਰਨ ਹਿਤੈਸ਼ੀ ਪਾਤਰਾਂ ਦੇ ਸਮਰਥਕ ਬਣ ਗਏ। ਪਹਿਲੀ ਸ਼੍ਰੇਣੀ ਵਿੱਚ ਨਾਵਲ ਦੀ ਨਾਇਕਾ ਨੀਤੀ ਹੈ-ਨੀਤੀ ਭਾਵ ਪਾਲਿਸੀ, ਨਿਯੋਜਤ ਢੰਗ-ਤਰੀਕਾ। ਨੀਤੀ ਚਾਹੁੰਦੀ ਹੈ ਕਿ ਸਰਕਾਰ ਤੇ ਆਮ ਵਿਅਕਤੀ ਵਾਤਾਵਰਨ ਅਤੇ ਮਾਂ-ਬੋਲੀ ਨੂੰ ਬਚਾਉਣ ਲਈ ਸੰਜਮ-ਭਰਪੂਰ ਨੀਤੀ ਨਾਲ ਜੀਣਾ ਸਿੱਖਣ, ਨੀਤੀ ਦੀ ਮਾਂ ਗੁਰਮੁਖਤਿਆਰ ਕੌਰ, ਜਿਹੜੀ ਗੁਰਮਤਿ ਦੇ ਸਿਧਾਤਾਂ ਅਨੁਸਾਰ ਰਿਸ਼ਤਿਆਂ, ਵਿਹਾਰਾਂ, ਮਾਂ ਬੋਲੀ ਤੇ ਚੁਗਿਰਦੇ ਦਾ ਸਨਮਾਨ ਕਰਦੀ ਹੈ। ਨੀਤੀ ਦਾ ਮੰਗੇਤਰ ਹੁਸਨਵੀਰ ਸਿੰਘ, ਜਿਸਨੂੰ ਨੀਤੀ ਪਿਆਰ ਨਾਲ 'ਖੋਜੀ' ਕਹਿੰਦੀ ਹੈ। ਉਹ ਪੀ.ਐਚ.ਡੀ. ਕਰ ਰਿਹਾ ਹੈ। ਖੋਜੀ ਇਸ ਨਾਵਲ ਦਾ ਨਾਇਕ ਹੈ ਤੇ ਨੀਤੀ ਦਾ ਸੱਚਾ ਸਾਥੀ ਹੈ। ਨੀਤੀ ਤੇ ਖੋਜੀ ਦੀ ਨਾ ਕੇਵਲ ਸੋਚ ਸਗੋਂ ਵਤੀਰੇ ਵੀ ਇਕਸੁਰ ਹਨ। ਡਾ. ਤ੍ਰਿਪਾਠੀ ਨੀਤੀ ਦਾ ਸਹਿਕਰਮੀ ਤੇ ਵਿਗਿਆਨ ਦਾ ਅਧਿਆਪਕ ਹੈ, ਉਹ ਨੀਤੀ ਅਤੇ ਖੋਜੀ ਦਾ ਸਾਂਝਾ ਦੋਸਤ ਹੈ। ਭਾਵੇਂ ਭਾਸ਼ਾ ਹੋਵੇ ਤੇ ਭਾਵੇਂ ਵਾਤਾਵਰਨ, ਉਹ ਹਰ ਨੁਕਤੇ ਦੀ ਪੈਰਵੀ ਵਿਗਿਆਨਕ ਢੰਗ ਨਾਲ ਕਰਦਾ ਹੈ। ਦੂਜੀ ਸ਼੍ਰੇਣੀ ਦੇ ਪਾਤਰਾਂ ਵਿੱਚ ਨੀਤੀ ਦੀ ਭਾਬੀ- 'ਰੂਪ-ਰੇਖਾ' ਜਿਹੜੀ ਸੂਰਤ ਵਜੋਂ ਬਹੁਤ ਸੋਹਣੀ ਪਰ ਸੀਰਤ ਵਜੋਂ ਬਹੁਤ ਕੋਝੀ ਹੈ; ਉਹ ਨਸ਼ੇੜੀ, ਬਦਕਾਰ, ਪਤੀ ਨੂੰ ਇਸ਼ਾਰਿਆਂ ਤੇ ਨਚਾਉਣ ਵਾਲੀ, ਪੈਸੇ ਖ਼ਾਤਰ ਰਿਸ਼ਤੇ ਵੇਚਣ ਵਾਲੀ, ਮਾਂ ਤੇ ਮਾਂ ਬੋਲੀ ਨੂੰ ਨਫ਼ਰਤ ਕਰਨ ਵਾਲੀ ਇੱਕ ਅਤਿ-ਆਧੁਨਿਕ ਔਰਤ ਹੈ। ਉਹ ਰਿਸ਼ਤਿਆਂ ਦੀ ਸੰਵੇਦਨਾ ਤੋਂ ਸੱਖਣੀ ਹੈ। ਨੀਤੀ ਦਾ ਭਰਾ ਰੁਪਿੰਦਰ (ਰੌਕੀ) ਉਸਦੇ ਲਗਾਏ ਹੋਏ ਨਸ਼ਿਆਂ ਦਾ ਆਦੀ ਹੋ ਚੁੱਕਾ ਹੈ। ਜ਼ਮੀਨ-ਘਰ ਵੇਚ ਕੇ ਉਹ ਰੂਪ-ਰੇਖਾ ਨੂੰ ਖੁਸ਼ ਕਰਨ 'ਤੇ ਲੱਗਾ ਰਹਿੰਦਾ ਹੈ। ਫਿਰ ਹੈ- ਰੁੱਖ ਕੱਟ ਕੇ ਧਰਤੀ ਨੂੰ ਮੁਰੰਡਣ ਵਾਲਾ ਪ੍ਰਕਾਸ਼ ਮੋਦੀ ਤੇ ਉਸਦਾ ਪੁੱਤਰ ਪ੍ਰਦੀਪ ਮੋਦੀ ਵੀ ਵਾਤਾਵਰਨ ਵਿਰੋਧੀ ਪਾਤਰਾਂ ਤੇ ਖੇਮੇ ਵਿੱਚ ਸ਼ਾਮਿਲ ਹਨ। ਪਰਿਵਰਤਕ ਪਾਤਰਾਂ ਵਿੱਚ ਬਿੰਦਰ ਕਾਮਰੇਡ, ਨੀਤੀ ਦਾ ਤਾਇਆ- ਹਰਦੇਵ ਸਿੰਘ ਅਤੇ ਪ੍ਰਦੀਪ ਮੋਦੀ ਸ਼ਾਮਿਲ ਹਨ; ਜਿਹੜੇ ਸਮੇਂ ਦੀ ਸੱਟ ਖਾ ਕੇ ਕੀਤੀਆਂ ਗਲਤੀਆਂ 'ਤੇ ਪਛਤਾਉਂਦੇ ਹਨ ਤੇ

ਭਵਿੱਖ ਲਈ ਸਹੀ ਕਦਮ ਚੁੱਕਣਾ ਲੋਚਦੇ ਹਨ। ਇਹਨਾ ਤੋਂ ਇਲਾਵਾਂ ਕੇਂਦਰੀ ਪਾਤਰਾਂ ਦੇ ਸਮਰਥਕ ਵਜੋਂ ਰੀਵਾ, ਬਚਨੀ ਬੁੜ੍ਹੀ, ਗੁਰਮੁੱਖ ਸਿੰਘ, ਕੀਰਤੀ, ਸਿਮਰ, ਵਿਦਿਆਰਥੀ, ਦਲੇਰ, ਮੰਤਰੀ, ਖੋਜੀ ਦਾ ਗਾਈਡ ਆਦਿ ਅਨੇਕਾਂ ਪਾਤਰ ਮੁੱਖ ਪਾਤਰਾਂ ਦੀ ਤੋਰ ਨੂੰ ਲਚਕ ਪ੍ਰਦਾਨ ਕਰਦੇ ਪ੍ਰਤੀਤ ਹੁੰਦੇ ਹਨ। ਸੰਪੂਰਨ ਨਾਵਲ ਵਿੱਚ ਪ੍ਰਤੀਕਾਤਮਿਕ ਸ਼ੈਲੀ ਦੁਆਰਾ ਵਿਸ਼ੇ ਨਾਲ ਸੰਬੰਧਿਤ ਨਕਸ਼ ਉਘਾੜੇ ਗਏ ਹਨ। ਉਮਰ-ਦਰਾਜ ਪਾਤਰਾਂ ਜਿਵੇਂ ਹਰਦੇਵ ਤਾਇਆ ਤੇ ਗੁਰਮੁਖਤਿਆਰ ਕੌਰ ਦੇ ਮੂੰਹੋਂ ਸੰਗਰੂਰ ਵਾਲੇ ਖੇਤਰ ਦੀ ਠੇਠ ਮਲਵਈ ਭਾਸ਼ਾ ਬੁਲਵਾਈ ਹੈ। ਨੌਜਵਾਨ ਵਰਗ ਦੇ ਪੰਜਾਬੀ ਪ੍ਰੇਮੀਆਂ ਕੋਲੋਂ ਨਾਵਲਕਾਰ ਨੇ ਸ਼ੁੱਧ ਕੇਂਦਰੀ ਪੰਜਾਬੀ ਅਖਵਾਈ ਹੈ। ਰੂਪ ਰੇਖਾ, ਵਿਕਾਸ ਜੈਨ ਅਤੇ ਪ੍ਰਦੀਪ ਮੋਦੀ ਪੰਜਾਬੀ ਵਿਰੋਧੀਆਂ ਵੱਲੋਂ ਅੰਗਰੇਜ਼ੀ, ਹਿੰਦੀ ਅਤੇ ਅਸ਼ੁੱਧ ਪੰਜਾਬੀ ਵਾਕ ਬੁਲਵਾਏ ਗਏ ਹਨ। ਹਥਲੇ ਨਾਵਲ ਦੀ ਸ਼ੈਲੀ ਦਾ ਸਭ ਤੋਂ ਮਹੱਤਵਪੂਰਨ ਗੁਣ ਇਸ ਵਿੱਚ ਦਿਲਚਸਪੀ ਦੀ ਭਰਪੂਰ ਮਾਤਰਾ ਦਾ ਹੋਣਾ ਹੈ। ਇਸ ਦਾ ਦਿਲਚਸਪ ਗੋਂਦ ਅਤੇ ਵਹਾਉ ਪਾਠਕ ਨੂੰ ਮਜ਼ਬੂਰ ਕਰਦਾ ਹੈ ਕਿ ਨਾਵਲ ਲਗਾਤਾਰ ਬੇਰੋਕ ਪੜ੍ਹਿਆ ਜਾਵੇ। ਨਾਵਲਕਾਰ ਜਸਵੀਰ ਸਿੰਘ ਰਾਣਾ ਦੁਆਰਾ ਵਰਤੀ ਗਈ ਅਲੰਕਾਰਿਕ ਤੇ ਮੁਹਾਵਰੇਦਾਰ ਭਾਸ਼ਾ ਪਾਤਰਾਂ ਦੇ ਸ਼ਬਦ-ਪ੍ਰਵਾਹ ਨੂੰ ਹੋਰ ਵੀ ਨਿਖਾਰ ਕੇ ਪੇਸ਼ ਕਰਦੀ ਹੈ। ਮਿਸਾਲ ਵਜੋਂ:

ਇਹ ਖ਼ੂਨ ਦੇ ਰਿਸ਼ਤੇ ਹੀ ਸਭ ਤੋਂ ਵੱਧ ਖ਼ੂਨ ਪੀਂਦੇ ਨੇ(18)

ਮਾਂ ਨੂੰ ਮਾਂ ਦੀ ਗਾਲ ਨਹੀਂ ਕੱਢੀਦੀ(21)

ਉਹ ਸ਼ੀਸ਼ੇ ਨਾਲ ਹੀ ਪੱਥਰ ਤੋੜਨ ਵਾਲੀ ਬਲਾ ਹੈ(22)

ਉਹ ਮੈਨੂੰ ਪਿੱਠ ਦਿਖਾ ਕੇ ਗਈ ਹੈ। ਮੈਨੂੰ ਪਿੱਠ ਦਿਖਾ ਕੇ ਜਾਣ ਵਾਲਾ ਬੰਦਾ ਕੁਦਰਤ ਤੋਂ ਕੋਹਾਂ ਦੂਰ ਖੜ੍ਹਾ ਨਜ਼ਰ ਆਉਂਦਾ ਹੈ(22)

ਪਾਣੀ ਨਾਲ ਮਰੀ ਖੇਤੀ ਪਾਣੀ ਨਾਲ ਹਰੀ ਹੁੰਦੀ ਹੈ(23)

ਬੂੰਦ-ਬੂੰਦ ਨਾਲ ਸਮੁੰਦਰ ਬਣਦਾ(31)

ਜਿਹੜਾ ਮਾਂ ਦਾ ਨਹੀਂ, ਉਹ ਕਿਸੇ ਥਾਂ ਦਾ ਨਹੀਂ(45)

ਭਿੰਦਰ ਕਾਮਰੇਡ ਦੀ ਹਾਜ਼ਰੀ ਨੇ ਬੰਦਿਆਂ ਅੰਦਰ ਗੈਰ-ਹਾਜ਼ਰ ਹੋਇਆ ਬੰਦਾ ਹਾਜ਼ਰ ਕਰ ਦਿੱਤਾ ਹੈ। (127)

ਕਹਿੰਦੇ ਹੁੰਦੇ ਨੇ ਕਿ ਆਪਣਾ ਮਾਰੂ ਤਾਂ ਛਾਵੇਂ ਈ ਸਿੱਟੂ(128)

ਜਦੋਂ ਆਪਣਾ ਸਿੱਕਾ ਖੋਟਾ ਬੇਗਾਨੇ ਨੂੰ ਕੀ ਦੋਸ਼(129)

ਨਾਵਲ ਦੇ ਆਰੰਭਿਕ ਪੰਨੇ ਦੀ ਪਹਿਲੀ ਹੀ ਸਤਰ ਤੇ ਪਿੱਪਲ ਨੰਬਰ 918 ਦਾ ਦ੍ਰਿਸ਼ ਉੱਭਰਦਾ ਹੈ। ਇੱਕ ਸੌ ਸੱਠ ਪੰਨਿਆਂ ਵਿੱਚ ਵਿਗਸੀ ਹੋਈ ਗਲਪ-ਕਥਾ ਅੰਦਰ ਵਾਤਾਵਰਨ ਨੂੰ ਬਣਾਉਣ ਤੇ ਵਿਗਾੜਨ ਵਾਲੀਆਂ ਸੋਚਾਂ ਅਤੇ ਕਾਰਵਾਈਆਂ ਦਾ ਵਿਸਥਾਰ ਹੈ। ਹਰੀ ਕ੍ਰਾਂਤੀ ਦੇ ਕਾਲੇ ਸੰਤਾਪ ਹੰਢਾਉਂਦੀ ਧਰਤੀ ਦੇ ਦੁੱਖ ਨੂੰ ਵੀ ਨੇੜੇ ਹੋ ਕੇ ਮਹਿਸੂਸਿਆ ਜਾ ਰਿਹਾ ਹੈ। ਹਰੀ ਕ੍ਰਾਂਤੀ ਦੇ ਜ਼ਹਿਰੀਲੇ ਨਤੀਜਿਆਂ ਨੂੰ ਨਜ਼ਰ-ਅੰਦਾਜ ਕਰਕੇ ਪੰਜਾਬ ਦੇ ਕਿਰਤੀ ਥੋੜ੍ਹ-ਚਿਰੇ ਲਾਭ ਵਿੱਚ ਗ੍ਰਸਤ ਹੋ ਰਹੇ ਹਨ। ਨਾਵਲ ਅੰਦਰ ਹਰੀ ਕ੍ਰਾਂਤੀ ਦੇ ਫਲਸਰੂਪ ਜੋ ਭਿਆਨਕ ਦ੍ਰਿਸ਼ ਉੱਭਰਦਾ ਹੈ ਉਸ ਦਾ ਜਿਕਰ ਇਸ ਤਰ੍ਹਾਂ ਹੈ:

ਕਿਸਾਨ ਭਰਾਵੋ!...ਅਸੀਂ ਤੁਹਾਡੇ ਲਈ ਇੱਕ ਨਵੀਂ ਕ੍ਰਾਂਤੀ ਲੈ ਕੇ ਆਏ ਹਾਂ।... ਇਸ ਦਾ ਨਾ ਹਰੀ ਕ੍ਰਾਂਤੀ ਹੈ...। ਇਹ ਕ੍ਰਾਂਤੀ ਐਸਾ ਰਾਮ-ਬਾਣ ਹੈ ਜਿਸ ਨੇ ਤੁਹਾਡੀ ਮਾੜ੍ਹੀ ਆਰਥਿਕਤਾ ਦੇ ਰਾਵਣ ਨੂੰ ਅੱਗ ਲਾ ਕੇ ਸਾੜ ਦੇਣਾ ਹੈ...? ਭਾਸ਼ਣ ਉਪਰੰਤ ਕਿੰਨਾ ਹੀ ਕੁੱਝ ਹੀ ਦਿੱਸਣ ਲੱਗਾ ਹੈ...ਬਲਦ...ਗੱਡੇ ਗਾਇਬ ਹੋ ਰਹੇ ਹਨ, ਹਲ-ਪੰਜਾਲੀਆਂ ਕੀਲੀਆਂ 'ਤੇ ਟੰਗੀਆਂ ਜਾ ਰਹੀਆਂ ਹਨ। ਮੋਟਰਾਂ ਚੱਲ ਰਹੀਆਂ ਹਨ। ਕਣਕ ਜੀਰੀ ਦੀ ਫਸਲ ਉੱਪਰ ਉੱਠ ਰਹੀ ਹੈ। ਫ਼ਸਲਾਂ ਵਿੱਚ ਰਸਾਇਣਿਕ ਖਾਦ ਡਿੱਗ ਰਹੀ ਹੈ। ਕੀੜੇ-ਮਾਰ ਦਵਾਈਆਂ ਦੀ ਸਪਰੇਅ ਹੋ ਰਹੀ ਹੈ...(38)

ਉਪਰੋਕਤ ਦੱਸੇ ਦ੍ਰਿਸ਼ ਅਨੁਸਾਰ ਹਰੀ ਕ੍ਰਾਂਤੀ ਦੇ ਸਿੱਟੇ ਭਿਆਨਕ ਨਿਕਲੇ ਹਨ ਅਤੇ ਧਰਤੀ ਹੇਠਲਾ ਪਾਣੀ ਹੋਰ ਡੂੰਘਾ ਚਲਾ ਗਿਆ ਹੈ। ਉੱਤੋਂ ਖੇਤਾਂ ਦੀ ਪਰਾਲੀ ਨੂੰ ਸਾੜ ਕੇ ਕੁਦਰਤੀ ਵਾਤਾਵਰਨ ਨੂੰ ਤਬਾਹ ਕਰਨ ਦੀ ਸੋਚ ਦਾ ਬਾਖ਼ੂਬੀ ਚਿਤਰਨ ਨਾਇਕਾ ਨੀਤੀ ਦੀ ਜ਼ੁਬਾਨੀ ਕੀਤਾ ਗਿਆ ਹੈ:

ਹਰਦੇਵ ਤਾਇਆ ਖੇਤਾਂ ਵਿੱਚ ਖੜ੍ਹਾ ਹੈ। ਉਸ ਦੇ ਹੱਥ ਵਿੱਚ ਮਾਚਿਸ ਹੈ। ਉਸਨੇ ਮਾਚਿਸ ਨਾਲ ਤੀਲੀ ਛੁਹਾਈ ਹੈ। ਵੱਢੀ ਹੋਈ ਫਸਲ ਦੇ ਕਚਰਿਆਂ ਨੂੰ ਅੱਗ ਲੱਗ ਗਈ ਹੈ। ਖੇਤ ਸੜਨ ਲੱਗੇ ਹਨ। ਧੂੰਏਂ ਦੇ ਗੁਬਾਰ ਉੱਡਣ ਲੱਗੇ ਹਨ। ਤਪਸ਼ ਵਧਣ ਲੱਗੀ ਹੈ। ਅੱਖਾ ਵਿਚੋਂ ਪਾਣੀ ਵਗਣ ਲੱਗਾ ਹੈ। ਲੋਕ ਖੰਘ ਰਹੇ ਹਨ। ਮੈਂ ਖੰਘਦੀ ਹੋਈ ਮੋਟਰ ਵਾਲੇ ਕੋਠੇ ਨੂੰ ਤੁਰ ਪਈ ਹਾਂ...(39)

ਹਰੇ ਜੰਗਲਾਂ ਦੀ ਮੂੰਹ-ਜ਼ੋਰ ਕਟਾਈ ਅਤੇ ਕੰਕਰੀਟ ਦੇ ਜੰਗਲਾਂ ਦੀ ਬੇਰੋਕ ਉਸਾਰੀ ਨੇ ਪੰਜਾਬ ਦੇ ਵਾਤਾਵਰਨ, ਸੱਭਿਆਚਾਰਕ, ਸਮਾਜਿਕ ਤੇ ਆਰਥਿਕ ਵਿਵਸਥਾ ਅਤੇ ਮਨੋਦਸ਼ਾ ਨੂੰ ਪੂਰੀ ਤਰ੍ਹਾਂ ਨਾਲ ਝੰਜੋੜ ਛੱਡਿਆ ਹੈ। ਜਦੋਂ ਨੀਤੀ ਤੇ ਉਸਦੀ ਮਾਂ ਰੁਪਿੰਦਰ (ਨੀਤੀ ਦੇ ਭਰਾ) ਨੂੰ ਰੁੱਖ ਵੱਢ ਕੇ ਵੇਚਣ ਤੋਂ ਵਰਜਦੀਆਂ ਹਨ ਤਾਂ ਰੁਪਿੰਦਰ ਉਹਨਾਂ ਦੀ ਗੱਲ 'ਤੇ ਕੰਨ ਨਹੀਂ ਧਰਦਾ। ਫਿਰ ਮਾਂ ਦੀ ਸੁਰਤੀ ਵਿੱਚ ਧਾਰਮਿਕ ਵਿਰਸੇ ਦੇ ਕੁੱਝ ਨਕਸ਼ ਇਸ ਤਰੀਕੇ ਨਾਲ ਉੱਭਰਦੇ ਹਨ ਤੇ ਉਹ ਕਹਿੰਦੀ ਹੈ:

ਭਾਈ ਸਿੰਘੋ...ਇੱਥੋਂ ਮਾਛੀਵਾੜੇ ਦਾ ਜੰਗਲ ਕਿੱਧਰ ਗਿਆ?...ਉਹ ਰੁੱਖ ਕਿੱਧਰ ਗਿਆ, ਜਿਸ ਹੇਠਾਂ ਟਿੰਡ ਦਾ ਸਿਰਹਾਣਾ ਲਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਰਾਮ ਕੀਤਾ ਸੀ?...ਸਿੰਘੋ ਤੁਸੀਂ ਕੁਝ ਬੋਲਦੇ ਕਿਉਂ ਨਹੀਂ...? ਮਾਂ ਦੇ ਅਜਿਹੇ ਪ੍ਰਸ਼ਨਵਾਚਕ ਭਾਵ ਸੁਣ ਕੇ ਨੀਤੀ ਦੀ ਸੂਰਤੀ ਵਿੱਚ ਨੀਲਾ ਘੋੜਾ ਦੌੜਨ ਲੱਗਾ ਹੈ। ਹਵਾ ਵਿੱਚ ਪੈੜਾਂ ਦੀ ਆਵਾਜ਼ ਗੂੰਜਣ ਲੱਗੀ ਹੈ। ਘੋੜਾ ਸਰਸਾ ਨਦੀ ਵਿੱਚ ਜਾ ਵੜਿਆ ਹੈ। ਨਦੀ ਸੁੱਕੀ ਪਈ ਹੈ। ਉਹ ਘੋੜੇ ਨੂੰ ਪੀਣ ਲੱਗੀ ਹੈ। ਘੋੜਾ ਰੇਤ ਵਿੱਚ ਦੌੜਨ ਲੱਗਾ ਹੈ, ਰੇਤ ਹਵਾ ਵਿੱਚ ਉੱਡਣ ਲੱਗੀ ਹੈ। ਫਿਰ ਮਾਂ ਅਫ਼ਸੋਸ ਵਿੱਚ ਬੋਲਦੀ ਹੈ ਜਿਹੜੀ ਨਦੀ ਵਿੱਚ ਗ੍ਰੰਥਾਂ ਦੇ ਵਰਕੇ ਰੁੜ੍ਹ ਗਏ ਤੀ!... ਇਨ੍ਹਾਂ ਨੇ ਤਾਂ ਉਹ ਨਦੀ ਛੱਡੀ...ਪਤਾ ਨਹੀਂ ਇਨ੍ਹਾਂ ਨੂੰ ਕਿੰਨੀ ਕੁ ਪਿਆਸ ਐ..(46)

ਨੀਤੀ ਅਨੁਸਾਰ ਉਸਦੀ ਭਾਬੀ ਰੂਪਰੇਖਾ ਨਹਾਉਣ ਲੱਗਿਆਂ ਘੰਟਾ-ਘੰਟਾ ਪਾਣੀ ਵਾਲਾ ਫੁਹਾਰਾ ਛੱਡੀ ਰੱਖਦੀ ਹੈ ਪਰ ਉਸਦੇ ਮਨ ਤੋਂ ਮੈਲ ਨਹੀਂ ਉਤਰਦੀ, ਜਦੋਂ ਉਹ ਫਲੱਸ਼ ਜਾਂਦੀ ਹੈ ਤਾਂ ਪਾਣੀ ਦੀ ਆਵਾਜ਼ ਸੁਣ ਕੇ ਨੀਤੀ ਥੱਕ ਜਾਂਦੀ ਹੈ ਪਰ ਭਾਬੀ ਪਾਣੀ ਡੋਲਦੀ ਨਹੀਂ ਥੱਕਦੀ। ਉਸਨੂੰ "ਬੈਡ ਸਮੈਲ" ਆਉਂਦੀ ਰਹਿੰਦੀ ਹੈ। ਨੀਤੀ ਭਾਬੀ ਦੀ ਇਸ ਗਲਤੀ ਨੂੰ ਵਰਜਦੀ ਹੋਈ ਕਹਿੰਦੀ ਹੈ:

ਐਨਾ ਪਾਣੀ ਨਾ ਡੋਲਿਆ ਕਰ ਭਾਬੀ....! ਇਕ ਦਿਨ ਨੱਕ ਭੁਬੋਣ ਲਈ ਪਾਣੀ ਨਹੀਂ ਲੱਭਣਾ...!(67)

ਨਾਵਲ ਦੇ ਤੇਹਰਵੇਂ ਕਾਂਡ ਵਿੱਚ ਪ੍ਰਦੀਪ ਮੋਦੀ (ਜੋ ਕਿ ਲੱਕੜੀ ਦਾ ਕਾਰੋਬਾਰੀ ਹੈ ਅਤੇ ਪ੍ਰਕਾਸ਼ ਮੋਦੀ ਦਾ ਮੁੰਡਾ ਹੈ) ਨੀਤੀ ਦੇ ਘਰ ਆ ਕੇ ਰੂਪਰੇਖਾ ਨੂੰ ਕਹਿੰਦਾ ਹੈ ਕਿ:

ਚੰਗਾ ਫਿਰ! ਮੈਂ ਚਲਦਾ ਭਾਬੀ ਜੀ, ਮੈਂ ਹੁਣ ਇੱਕ ਪਿੰਡ ਵਿੱਚ ਰੁੱਖ ਕਟਵਾਉਣ ਜਾਣਾ... ਇਹ ਵਾਕ ਸੁਣ ਕੇ ਨੀਤੀ ਦੇ ਕਲੇਜੇ 'ਤੇ ਇੰਝ ਆਰੀ ਚਲਦੀ ਹੈ, ਜਿਵੇਂ ਵੱਢੇ ਜਾ ਰਹੇ ਰੁੱਖਾਂ ਤੇ ਵੱਜਦੀ ਹੋਵੇ। ਉਹ ਰੋਹ 'ਚ ਆ ਕੇ ਮੋਦੀ ਨੂੰ ਪੁੱਛਣਾ ਲੋਚਦੀ ਹੈ ਕਿ : "ਉੱਤਰਾ-ਖੰਡ ਦੀ ਤ੍ਰਾਸਦੀ ਭੁੱਲ ਗਿਆ...?"(69)

ਉੱਤਰਾ-ਖੰਡ ਦੀ ਤ੍ਰਾਸਦੀ ਦਾ ਖ਼ਿਆਲ ਆਉਣ ਤੇ ਨੀਤੀ ਦਾ ਮਨ ਉਦਾਸ ਹੋ ਜਾਂਦਾ ਹੈ। ਤਬਾਹੀ ਦੇ ਮੰਜ਼ਰ ਉਸਦੇ ਜ਼ਹਿਨ ਵਿੱਚ ਤਾਜ਼ਾ ਹੋ ਜਾਂਦੇ ਹਨ। ਉੱਤਰਾ-ਖੰਡ ਦੀ ਤ੍ਰਾਸਦੀ ਦਾ ਪੰਜਾਬ ਵਿਚਲਾ ਰੀਮੇਕ ਉਹ ਵੱਟਸਐੱਪ ‘ਤੇ ਕਿਸੇ ਸਹੇਲੀ ਦੁਆਰਾ ਭੇਜੀ ਗਈ ਵੀਡੀਓ ਵਿੱਚ ਵੇਖਦੀ ਹੈ:

ਘਰ ਢਹਿ ਰਹੇ ਹਨ, ਹੋਟਲ ਡਿੱਗ ਰਹੇ ਹਨ। ਪਾਣੀ ਵਿੱਚ ਕਾਰਾਂ-ਗੱਡੀਆਂ ਨਾਲ ਲਾਸ਼ਾਂ ਤੈਰਦੀਆਂ ਜਾ ਰਹੀਆਂ ਹਨ। ਲਾਸ਼ਾਂ ਵੱਲ ਵੇਖ ਕੇ ਚੀਕਾਂ ਮਾਰਦਾ ਪ੍ਰਦੀਪ ਮੋਦੀ ਆਪਣੀ ਕਾਰ ਵੱਲ ਨੂੰ ਭੱਜਿਆ ਹੈ, ਉਸਦੀ ਕਾਰ ਪਾਰਕਿੰਗ ਵਿੱਚ ਖੜ੍ਹੀ ਹੈ। ਪਾਰਕਿੰਗ ਪਹਾੜੀ ਕਿਨਾਰੇ ਹੈ। ਉਸਦੇ ਪੁੱਜਣ ਤੋਂ ਪਹਿਲਾਂ ਹੀ ਧਰਤੀ ਫੱਟ ਗਈ ਹੈ। ਪਾਰਕਿੰਗ ਵਾਲੀ ਥਾਂ ਕਾਰ ਸਮੇਤ ਪਾਣੀ ਵਿੱਚ ਜਾ ਡਿੱਗੀ ਹੈ। ਵਾਪਿਸ ਭੱਜ ਰਹੇ ਮੋਦੀ ਦੇ ਪੈਰਾਂ ਹੇਠਲੀ ਧਰਤੀ ਵੀ ਫਟੀ ਹੈ। ਚੀਕਦੇ ਹੋਏ ਉਸਦਾ ਹੱਥ ਇੱਕ ਰੁੱਖ ਨੂੰ ਪੈ ਗਿਆ ਹੈ। ਹੇਠਾਂ ਪਾਣੀ ਸ਼ੂਕਦਾ ਹੈ, ਰੁੱਖ ਨਾਲ ਲਟਕਦਾ ਮੋਦੀ ਚੀਕ ਰਿਹਾ ਹੈ...ਬਚਾਓ!...ਬਚਾਓ...! ਬਚਾਓ...! ਬਚਾਓ ਦਸਤਾ ਮੋਦੀ ਨੂੰ ਬਚਾ ਕੇ ਹੈਲੀਕਾਪਟਰ 'ਚ ਉੱਠ ਗਿਆ ਹੈ(69)

ਮਨੁੱਖ ਨੂੰ ਬਚਾਉਣ ਵਾਲਾ ਰੁੱਖ ਕੁਝ ਦੇਰ ਬਾਅਦ ਆਪ ਵੀ ਸ਼ੂਕਦੇ ਪਾਣੀ ਵਿੱਚ ਡਿੱਗ ਪਿਆ। ਇਸ ਪ੍ਰਕਾਰ ਨਾਵਲ ਦੀ ਨਾਇਕਾ ਨੇ ਅਜੋਕੇ ਪ੍ਰਦੂਸ਼ਿਤ ਵਾਤਾਵਰਨ ਬਾਬਤ ਚੇਤਾਉਣ ਦੀ ਕੋਸ਼ਿਸ਼ ਕੀਤੀ ਹੈ ਕਿ ਜੇ ਹੁਣ ਵੀ ਨਾ ਸੰਭਲਿਆ ਗਿਆ ਤਾਂ ਭਵਿੱਖ ਵਿੱਚ ਇਸ ਤੋਂ ਵੀ ਮਾੜੀ ਵਾਪਰ ਸਕਦੀ ਹੈ।

ਨਾਵਲ ਦੇ ਚੌਦਵੇਂ ਕਾਂਡ ਵਿੱਚ ਦੱਸਿਆ ਗਿਆ ਹੈ ਕਿ ਖੋਜੀ ਨੀਤੀ ਨੂੰ ਵੱਟਸਐੱਪ 'ਤੇ ਇੱਕ ਗਰੁੱਪ-ਫੋਟੋ ਭੇਜਦਾ ਹੈ। ਉਸ ਵਿੱਚ ਬਹੁਤ ਸਾਰੇ ਲੋਕ ਕੰਨਾਂ ਨੂੰ ਸੁਣਨ ਵਾਲੀਆਂ ਮਸ਼ੀਨਾਂ ਲਾਈ ਖੜ੍ਹੇ ਹਨ। ਫੋਟੋ ਹੇਠਾਂ ਇੱਕ ਸਤਰ ਇਸ ਪ੍ਰਕਾਰ ਲਿਖੀ ਹੋਈ ਹੈ:

...ਪਰੈਸ਼ਰ ਹਾਰਨ ਵੱਜਣ ਕਾਰਨ ਇਨ੍ਹਾਂ ਲੋਕਾਂ ਨੂੰ ਉੱਚਾ ਸੁਣਨ ਲੱਗਾ ਹੈ(79)

ਇਸ ਨੂੰ ਵੇਖ ਕੇ ਨੀਤੀ ਮਨ ਵਿੱਚ ਤੁਲਨਾ ਕਰਦੀ ਹੈ ਕਿ ਫੋਟੋ ਵਿਚਲੇ ਬਹੁਤੇ ਨੌਜਵਾਨ ਸੁਣਨ ਵਾਲੀਆਂ ਮਸ਼ੀਨਾਂ ਨਾਲ ਹੀ ਸੁਣ ਸਕਦੇ ਹਨ ਤੇ ਇਸ ਤੋਂ ਵਿਪਰੀਤ ਉਸ ਦੇ ਮਾਂ ਦੇ ਕੰਨ ਬੁਢਾਪੇ ਵਿੱਚ ਵੀ ਬਿਲਕੁਲ ਸਿਹਤਮੰਦ ਹਨ ਅਤੇ ਨਿੱਕੀ ਤੋਂ ਨਿੱਕੀ ਆਵਾਜ਼ ਨੂੰ ਵੀ ਸਹੀ ਤਰ੍ਹਾਂ ਸੁਣਨ ਦੀ ਸਮਰੱਥਾ ਰੱਖਦੇ ਹਨ। ਨੀਤੀ ਤੇ ਉਸਦੀ ਮਾਂ ਨੂੰ ਮਿਲਣ ਆਇਆ ਤਾਇਆ ਹਰਦੇਵ ਉੱਚੀ-ਉੱਚੀ ਖੰਘਣ ਲੱਗਾ ਹੈ ਅਤੇ ਕਹਿੰਦਾ ਹੈ:

ਬੱਸ! ਹੁਣ ਸਾਹ ਘੁੱਟਦੈ!...ਪਤਾ ਨਹੀਂ ਗੁਰਮੁੱਖ ਸੱਚ ਈ ਕਹਿੰਦਾ ਤੀ...ਤੇ ਤੁਰਨ ਲੱਗਿਆਂ ਉਹ ਮੇਰੀ ਛਾਤੀ ਵੱਲ ਉਂਗਲੀ ਕਰ ਕੇ ਕਹਿੰਦਾ...ਖੇਤਾਂ ਨੂੰ ਅੱਗ ਲਾ-ਲਾ ਧੂੰਆਂ ਅੰਦਰ 'ਕੱਠਾ ਕਰੀ ਬੈਠਾਂ ਹਰਦੇਵ ਸਿਆਂ...ਨਿਕੰਮਾ ਜਿਮੀਂਦਾਰ ਨਿਕਲਿਆਂ ਤੂੰ...ਨਾ ਮੇਰੀ ਜ਼ਮੀਨ ਸਾਂਭ ਸਕਿਆ, ਨਾ ਹਵਾ...ਚੱਲ, ਹੁਣ ਰੁੱਖ ਤੇ ਪਾਣੀ ਸੰਭਾਲ ਕੇ ਰੱਖੀਂ(91)

ਉਪਰੋਕਤ ਹਵਾਲੇ ਸਦਕਾ ਨਾਵਲਕਾਰ ਨੀਤੀ ਦੇ ਤਾਏ ਹਰਦੇਵ ਸਿੰਘ ਤੇ ਨੀਤੀ ਦੇ ਸਵਰਗਵਾਸੀ ਪਿਤਾ ਗੁਰਮੁਖ ਸਿੰਘ ਦੇ ਜਜ਼ਬਾਤੀ ਵਾਰਤਾਲਾਪ ਦੁਆਰਾ ਵਾਤਾਵਰਨ ਨੂੰ ਸੰਭਾਲਣ ਅਤੇ ਸਿਹਤ ਬਚਾਉਣ ਦਾ ਸੁਨੇਹਾ ਦਿੰਦਾ ਹੈ। ਉੱਨੀਂਵੇਂ ਕਾਂਡ ਵਿੱਚ ਡਾ. ਤ੍ਰਿਪਾਠੀ ਦੁਆਰਾ ਕੈਮਰੇ 'ਚ ਰਿਕਾਰਡ ਕੀਤੇ ਦ੍ਰਿਸ਼ ਅੰਦਰ ਟਰੈਫਿਕ ਜਾਮ ਦਾ ਨਜ਼ਾਰਾ ਦਿਖਾਇਆ ਗਿਆ ਹੈ। ਵਾਹਨਾਂ ਚੋਂ ਨਿਕਲਦੇ ਜ਼ਹਿਰੀ ਧੂੰਏਂ, ਮੋਟਰਾਂ-ਗੱਡੀਆਂ ਦੇ ਚੀਕਦੇ ਹਾਰਨ ਅੱਖਾਂ ਅਤੇ ਦਿਮਾਗ ਨੂੰ ਚੜ੍ਹ ਰਹੇ ਨੇ, ਕੰਨਾਂ ਨੂੰ ਸੁੰਨ ਕਰ ਰਹੇ ਨੇ। ਇੱਕ ਹੋਰ ਦ੍ਰਿਸ਼ ਵਿੱਚ ਇਹ ਵਿਖਾਇਆ ਗਿਆ ਹੈ:

ਕੈਮੀਕਲ ਫੈਕਟਰੀ ਅੰਦਰ ਭੱਠੀ ਚੱਲ ਰਹੀ ਹੈ ਅਤੇ ਉਸ ਦਾ ਨਿਕਾਸਤ ਪਾਣੀ ਨਾਲੇ ਵਿੱਚ ਪੈ ਰਿਹਾ ਹੈ। ਨਾਲੇ ਦੀ ਪਟੜੀ ਤੇ ਉੱਗੇ ਰੁੱਖ ਸੜ ਰਹੇ ਹਨ। ਹਵਾ ਵਿੱਚ ਤੇਜ਼ਾਬੀ ਬਦਬੂ ਫੈਲੀ ਹੋਈ ਹੈ।

ਬਾਹਾਂ ਹੱਥਾਂ 'ਤੇ ਦਸਤਾਨੇ, ਚੁੰਨੀਆਂ/ਰੁਮਾਲਾਂ ਨਾਲ ਕੱਜੇ ਮੂੰਹ, ਫੇਸ-ਮਾਸਕ ਤੇ ਚਮੜੀ ਲਈ ਭਰਵੇਂ ਸਨਸਕਰੀਨ...ਸਭ ਕੁਝ ਮਨੁੱਖਾਂ ਹੱਥੋਂ ਉਜਾੜੇ ਗਏ ਵਾਤਾਵਰਨ ਦੀ ਮੋੜਵੀਂ ਭਾਜੀ ਹੈ(96)

ਸੜਕ ਕਿਨਾਰੇ ਮਣਾਂ-ਮੂੰਹੀਂ ਰੁੱਖ ਕੱਟੇ ਜਾ ਰਹੇ ਹਨ। ਸੜਕ-ਚੌੜਾ ਹੋਣ ਤਾਂ ਕੰਮ ਜੱਗੀ ਪੱਧਰ ‘ਤੇ ਚੱਲ ਰਿਹਾ ਹੈ। ਨੰਗ-ਮੁਨੰਗੀ ਸੜਕ ਸਖ਼ਤ ਧੁੱਪ ਵਿੱਚ ਮਿਰਗ-ਤ੍ਰਿਸ਼ਨਾ ਦਾ ਭਰਮ ਸਿਰਜ ਰਹੀ ਹੈ। ਪਿਆਸੇ ਲੋਕ ਪਾਣੀ ਸਮਝ ਕੇ ਪੀਣ ਲਈ ਰੁਕਦੇ ਹਨ...ਪਰ ਪਾਣੀ ਤਾਂ ਹੈ ਨਹੀਂ...ਨਿਰੀ ਧੁੱਪ ਹੈ...ਰੁੱਖਾਂ ਬਾਝੋਂ ਧੁੱਪ ਬਿਲਕੁਲ ਝੁਲਸਾ ਦੇਣ ਵਾਲੀ ਹੈ। ਜਦੋਂ ਵਿਕਾਸ ਦੇ ਅੱਥਰੇ ਘੋੜੇ 'ਤੇ ਬੈਠਾ ਮਨੁੱਖ ਪ੍ਰਕਿਰਤੀ ਨੂੰ ਲੁੱਟ-ਵੇਚ ਕੇ ਅਮੀਰ ਬਣਨਾ ਲੋਚਦਾ ਹੈ ਤਾਂ ਲਾਲਚ ਦੀ ਚਕਾਚੂੰਧ ਉਸਨੂੰ ਅਸਹਿ ਮਨੋਰੋਗਾਂ ਦਾ ਸ਼ਿਕਾਰ ਬਣਾ ਛੱਡਦੀ ਹੈ। ਅਜਿਹੀ ਅਵਸਥਾ ਦਾ ਜਕੜਿਆ ਹੋਇਆ ਪਾਤਰ ਪ੍ਰਦੀਪ ਮੋਦੀ ਹੈ। ਉਹ ਦੱਸਦਾ ਹੈ:

ਜਿਸ ਦਿਨ ਵੀ ਮੈਂ ਰੁੱਖ ਕੱਟਣ ਦਾ ਠੇਕਾ ਲੈਨਾਂ...ਉਸ ਰਾਤ ਕਮਰੇ ਵਿਚੋਂ ਰੁੱਖਾਂ ਦੇ ਤੁਰਨ ਦੀ ਆਵਾਜ਼ ਸੁਣਾਈ ਦੇਣ ਲੱਗਦੀ ਹੈ। ਨੀਂਦ ਦੀਆਂ ਗੋਲੀਆਂ ਲੈ ਜਦੋਂ ਜ਼ਰਾ ਕੁ ਨੀਂਦ ਆਉਣ ਲੱਗਦੀ ਹੈ ਤਾਂ ਸੁਪਨੇ ਵਿੱਚ ਪਾਣੀ ਦਾ ਗਿਲਾਸ ਚੁੱਕੀ ਖੜ੍ਹਾ ਬਾਬੂ ਜੀ (ਪ੍ਰਕਾਸ਼ ਮੋਦੀ) ਦਿਸਣ ਲੱਗਦੈ...ਉਸ ਤੋਂ ਗਿਲਾਸ ਫੜ੍ਹ ਕੇ ਜਦੋਂ ਪਾਣੀ ਪੀਣ ਲੱਗਦਾ ਹਾਂ ਤਾਂ ਕੋਲ ਪਈ ਪਤਨੀ ਮੈਨੂੰ ਜਗਾਉਂਦੀ ਐ...ਤੁਸੀਂ ਪਾਣੀ-ਪਾਣੀ...ਰੁੱਖ-ਰੁੱਖ ਬੋਲ ਕੇ ਚੀਕ ਕਿਉਂ ਰਹੇ ਸੀ...?(106)

ਅਵਸਾਦ ਵਿੱਚ ਘਿਰਿਆ ਪ੍ਰਦੀਪ ਮੋਦੀ ਫਿਰ ਕਿਸੇ ਹੋਰ ਦਿਨ ਦੀ ਘਟਨਾ ਸੁਣਾਉਂਦਾ ਹੈ ਕਿ ਉਹ ਰੁੱਖਾ ਦੀਆਂ ਲੱਕੜਾਂ ਵੇਚ ਕੇ ਕਾਰੋਬਾਰ ਕਰ ਰਿਹਾ ਸੀ ਅਤੇ ਬਦਲੇ ਵਿੱਚ ਲੱਕੜਾਂ ਨੇ ਉਸ ਨਾਲ ਦੁਸ਼ਮਣੀ ਕੱਢਣੀ ਸ਼ੁਰੂ ਕਰ ਦਿੱਤੀ ਸੀ। ਉਹ ਡਰ ਕੇ ਦੱਸਦਾ ਹੈ:

ਲੱਕੜ-ਸਟੋਰ ਵਿੱਚ ਰੁੱਖਾਂ ਦਾ ਕੱਟੀਆਂ ਹੋਈਆਂ ਲੱਕੜਾਂ ਤੁਰਨ ਲੱਗਦੀਆਂ ਹਨ...ਹਵਾ ਵਿੱਚ ਕੁਹਾੜੀਆਂ ਘੁੰਮਣ ਲੱਗਦੀਆਂ ਹਨ। ਇੱਕ ਮੋਟੀ ਸਾਰੀ ਲੱਕੜ ਛੱਤ ਨਾਲ ਜਾ ਚਿਪਕਦੀ ਹੈ..ਜਦੋਂ ਉਸਨੂੰ ਵੇਖਦਾ ਹਾਂ...ਮੇਰੇ ਗਰਦਨ ਦੁਆਲੇ ਇੱਕ ਰੱਸਾ ਲਿਪਟ ਜਾਂਦਾ ਐ..(109)

ਵਿਗੜੇ ਅਤੇ ਅਸੰਤੁਲਿਤ ਵਾਤਾਵਰਨ ਦੇ ਨਾਲ ਪ੍ਰਦੀਪ ਮੋਦੀ ਦਾ ਦਿਮਾਗੀ ਸੰਤੁਲਨ ਵੀ ਵਿਗੜ ਗਿਆ ਹੈ। ਜੇ ਇਸ ਨੂੰ ਸਮੇਂ ਸਿਰ ਨਾ ਸਾਂਭਿਆ ਗਿਆ ਤਾਂ ਆਉਣ ਵਾਲੇ ਸਮੇਂ ਵਿੱਚ ਗ਼ੈਰ-ਮੁਰੰਮਤਯੋਗ ਸੰਕਟ ਉੱਭਰ ਆਉਣਗੇ। ਇਸੇ ਤਰ੍ਹਾਂ ਜੇ ਵਾਤਾਵਰਨ ਨੂੰ ਨਾ ਸੁਧਾਰਿਆ ਗਿਆ ਤਾਂ ਸਮਾਜ ਦੀ ਭਵਿੱਖਤ ਪੀੜ੍ਹੀ ਪਾਣੀ ਦੀ ਬੂੰਦ-ਬੂੰਦ ਨੂੰ ਤਰਸੇਗੀ, ਹਵਾ ਦੇ ਬੁੱਲੇ ਨੂੰ ਬਿਲਪੇਗੀ ਅਤੇ ਭਵਿੱਖਤ ਤਬਾਹੀ ਦੇ ਦ੍ਰਿਸ਼ ਸੋਚ ਦੇ ਦਾਇਰੇ ਤੋਂ ਵੀ ਵੱਧ ਖ਼ਤਰਨਾਕ ਹੋ ਨਿਬੜਣਗੇ।  ਨਾਵਲ ਵਿੱਚ ਚਿਤਰੇ ਕੁਝ ਇੱਕ ਭਵਿੱਖਤ ਦ੍ਰਿਸ਼ ਮਿਸਾਲ ਦੇ ਤੌਰ ਤੇ ਪੇਸ਼ ਹਨ:

> ਵਾਹਿਗੁਰੂ ਜੀ ਕਾ ਖਾਲਸਾ! ਸ੍ਰੀ ਵਾਹਿਗੁਰੂ ਜੀ ਕੀ ਫਤਹਿ!...ਨਗਰ ਨਿਵਾਸੀਆਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਕਸੀਜਨ ਗੈਸ-ਸਿਲੰਡਰਾਂ ਦੀ ਟਰਾਲੀ ਦਰਵਾਜ਼ੇ ਪਹੁੰਚ ਚੁੱਕੀ ਹੈ...ਜਿਸ ਮਾਈ-ਭਾਈ ਨੂੰ ਸਾਹ ਔਖਾ ਆਉਂਦਾ...ਉਹ ਜਾ ਕੇ ਆਪਣਾ ਸਿਲੰਡਰ ਲੈ ਲੈਣ ਭਾਈ! ਪਾਠੀ ਦੀ ਆਵਾਜ਼ ਸੁਣ ਕੇ ਲੋਕਾਂ ਵਿੱਚ ਹਲਚਲ ਹੋਈ ਹੈ। ਪਲਾਂ 'ਚ ਹੀ ਸਿਲੰਡਰਾਂ ਵਾਲੀ ਟਰਾਲੀ ਖਾਲੀ ਹੋ ਗਈ ਹੈ। ਪਿੱਠਾਂ ਉੱਪਰ ਸਿਲੰਡਰ ਟੰਗੀਂ ਤੇ ਮੂੰਹਾਂ ਉੱਪਰ ਮਾਸਕ ਲਾਈਂ ਲੋਕਾਂ ਦੀ ਭੀੜ ਲੰਬੇ-ਲੰਬੇ ਸਾਹ ਲੈਣ ਲੱਗੀ ਹੈ(118)

ਉਪਰੋਕਤ ਹਵਾਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਜੇਕਰ ਅੱਜ ਕੱਲ੍ਹ ਚੱਲ ਰਹੇ ਕਰੋਨਾ ਕਾਲ ਦੀ ਬਿਖ਼ਮ ਸਥਿਤੀ ਵੱਲ ਧਿਆਨ ਕਰੀਏ ਤਾਂ ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਕੋਵਿਡ ਰੋਗੀਆਂ ਦੇ ਪਰਿਵਾਰ ਵਾਲੇ ਆਕਸੀਜਨ ਪ੍ਰਾਪਤ ਕਰਨ ਲਈ ਭਟਕ ਰਹੇ ਹਨ ਤਾਂ ਜੋ ਆਪਣੇ ਮੈਂਬਰ ਦੀ ਜਾਨ ਬਚਾਈ ਜਾ ਸਕੇ। ਕਰੋਨਾ ਕਾਲ ਵਿੱਚ ਫੈਲ ਰਹੀ ਅਵਿਵਸਥਾ ਨੇ ਨਾ ਸਿਰਫ਼ ਸਿਹਤ ਸਹੂਲਤਾਂ ਸਗੋਂ ਰਾਜਨੀਤਿਕ ਭ੍ਰਿਸ਼ਟਤਾ, ਗ਼ਰੀਬੀ ਅਤੇ ਕਾਲਾ ਬਜ਼ਾਰੀ ਦਾ ਕੌੜਾ ਸੱਚ ਵੀ ਉਭਾਰਿਆ ਹੈ। ਇਸ ਸੰਦਰਭ ਵਿੱਚ ਨਾਵਲਕਾਰ ਦੁਆਰਾ ਸਾਲ 2017 ਵਿੱਚ ਲਿਖਿਆ ਗਿਆ ਸੀ ਅਤੇ 2021 ਵਿੱਚ ਜੀਵਨ ਦੇਣ ਵਾਲੀ ਆਕਸੀਜਨ ਦੀ ਕਮੀ ਅਸਲ ਵਿੱਚ ਦਰਪੇਸ਼ ਹੋ ਚੁੱਕੀ ਹੈ। ਹਸਪਤਾਲਾਂ ਵਿੱਚ ਵੀ ਰੋਗੀਆਂ ਵਾਸਤੇ ਆਕਸੀਜਨ ਦੀ ਭਾਰੀ ਥੁੜ੍ਹ ਹੋ ਗਈ ਹੈ ਅਤੇ ਆਮ ਜਨਤਾ ਮਾਰੀ-ਮਾਰੀ ਫਿਰ ਰਹੀ ਹੈ। ਆਕਸੀਜਨ, ਦਵਾਈਆਂ, ਬੈੱਡ, ਟੀਕੇ; ਲਗਭਗ ਸਾਰਾ ਕੁੱਝ ਹੀ ਜਮ੍ਹਾਖੋਰੀ ਅਤੇ ਕਾਲ਼ਾ ਬਜ਼ਾਰੀ ਦੇ ਦਾਇਰੇ ਵਿੱਚ ਆ ਰਿਹਾ ਹੈ। ਨਾਵਲ ਦੇ ਇੱਕ ਦ੍ਰਿਸ਼ ਵਿੱਚ ਨੂੰਹ-ਪੁੱਤ ਤੋਂ

ਪਾਣੀ ਵਾਰ ਕੇ ਸ਼ਗਨ ਮਨਾ ਰਹੀ ਔਰਤ ਜਦੋਂ ਗੜਵੀ ਵਿਚੋਂ ਪਾਣੀ ਪੀਣ ਲੱਗਦੀ ਹੈ ਤਾਂ ਖਾਲੀ ਗੜਵੀ ਵੇਖ ਕੇ ਹੈਰਾਨ ਹੋ ਜਾਂਦੀ ਹੈ। ਉਸਨੂੰ ਬਾਕੀ ਦੀਆਂ ਹੱਸ ਕੇ ਕਹਿੰਦੀਆਂ ਹਨ:

> ਚਾਚੀ! ਪਾਣੀ ਮੁੱਕ ਗਿਆ, ਤੂੰ ਬੱਸ ਪਾਣੀ ਪੀਣ ਦੀ ਐਕਟਿੰਗ ਕਰ ਕੇ ਸ਼ਗਨ ਮਨਾ ਲੈ(145)
>
> ਹਵਾ ਵਿੱਚ ਲਾਸ਼ਾਂ ਦੀ ਦੁਰਗੰਧ ਹੈ, ਮੂੰਹ-ਸਿਰ ਲਪੇਟੀ ਬੰਦਿਆਂ ਦੀ ਟੋਲੀ ਚਾਰ-ਮਾਰਗੀ ਸੜਕ ਉੱਪਰ ਖੜ੍ਹੀ ਹੈ। ਉਹਨਾਂ ਦੇ ਹੱਥਾਂ ਵਿੱਚ ਹਥਿਆਰ ਹਨ। ਗੁਆਂਢੀ ਪਿੰਡ ਵਿੱਚ ਪਾਣੀ ਹੋਣ ਦੀ ਖ਼ਬਰ ਆਈ ਹੈ...ਉਸ ਉੱਪਰ ਹਮਲੇ ਦੀ ਤਿਆਰੀ ਹੈ...(151)

ਇਸ ਨਾਵਲ ਵਿੱਚ ਵਾਤਾਵਰਨੀ-ਸੰਕਟ ਦੇ ਮਾਰੂ ਵਰਤਾਰੇ ਤੋਂ ਸਫ਼ਰ ਤੈਅ ਕਰਵਾ ਕੇ ਪਾਠਕਾਂ ਨੂੰ ਚੇਤਨਾ ਦੇ ਹਾਂ-ਪੱਖੀ ਅਤੇ ਸੁਝਾਓ ਕੇਂਦਰਿਤ ਰਸਤੇ ਵਲ ਤੋਰਨ ਦੀ ਕਾਮਯਾਬ ਕੋਸ਼ਿਸ਼ ਹੋਈ ਹੈ। ਨੀਤੀ, ਖੋਜੀ, ਡਾ. ਤ੍ਰਿਪਾਠੀ, ਕਾਮਰੇਡ ਬਿੰਦਰ, ਨੀਤੀ ਦੀ ਮਾਂ, ਰੀਵਾ ਅਤੇ ਵਿਦਿਆਰਥੀ ਨਾਵਲ ਦੇ ਆਰੰਭ ਤੋਂ ਲੈ ਕੇ ਅਖ਼ੀਰ ਤੱਕ ਵਾਤਾਵਰਨ ਨੂੰ ਬਚਾਉਣ ਲਈ ਨਿਰੰਤਰ ਅਤੇ ਦ੍ਰਿੜ ਨਿਸ਼ਚੇ ਨਾਲ ਉਪਰਾਲੇ ਕਰਦੇ ਰਹੇ ਹਨ। ਅਮਲੀ ਰੂਪ ਵਿੱਚ ਵਾਤਾਵਰਨ ਦਿਵਸ ਮਨਾਉਣਾ, ਡਾ. ਬੋਸ ਦੇ ਵਿਸ਼ੇਸ਼ ਯੰਤਰਾਂ ਦੁਆਰਾ ਰੁੱਖਾਂ ਦੀ ਸੰਵੇਦਨਾ ਨੂੰ ਦਰਸਾਉਣਾ, ਖੋਜੀ ਅਤੇ ਨੀਤੀ ਦੀ ਮਾਂ ਦੇ ਮੂੰਹੋਂ ਬਾਰ-ਬਾਰ ਇਹ ਦ੍ਰਿੜਾਉਣਾ ਕਿ ਜੇਕਰ ਧਰਤ-ਵਿਰੋਧੀ ਧੜ੍ਹੇ ਦਾ ਕੰਮ ਰੁੱਖਾਂ ਨੂੰ ਵੱਢਣਾ ਹੈ ਤਾਂ ਉਹਨਾਂ ਦਾ ਕੰਮ ਵੱਧ ਤੋਂ ਵੱਧ ਰੁੱਖ ਲਗਾਉਣਾ ਹੈ। ਨੀਤੀ ਤੇ ਖੋਜੀ ਦੇ ਵਿਆਹ ਸਮਾਰੋਹ ਨੂੰ ਰੁੱਖ ਲਗਾ ਕੇ ਮਨਾਉਣਾ, ਮਾਂ ਦੇ ਸੰਸਕਾਰ ਵੇਲੇ ਬੋਹੜ ਲਗਾ ਕੇ ਸੁਚਾਰੂ ਸਮਾਧਾਨ ਪੇਸ਼ ਕਰਨਾ ਆਦਿ ਅਨੇਕਾਂ ਅਜਿਹੇ ਨੁਕਤੇ ਹਨ, ਜੋ ਨਾਵਲ ਦੀ ਕਥਾ ਨੂੰ ਦੁੱਖਾਂ 'ਚ ਘਿਰੀ ਹੋਈ ਨੂੰ ਵੀ ਅੰਤ ਨੂੰ ਸਾਕਾਰਾਤਮਿਕ ਬਣਾ ਦਿੰਦੇ ਹਨ।

ਆਪਣੇ ਵਿਚਾਰ ਨੂੰ ਖ਼ੂਬਸੂਰਤੀ ਨਾਲ ਪੇਸ਼ ਕਰਨ ਲਈ ਜਸਵੀਰ ਰਾਣਾ ਨੇ ਸੰਬੰਧਿਤ ਇਤਿਹਾਸਕ, ਮਿਥਿਹਾਸਕ ਸੱਭਿਆਚਾਰਕ, ਧਾਰਮਿਕ ਅਤੇ ਸਾਹਿਤਕ ਹਵਾਲਿਆਂ ਦਾ ਯੋਗ ਆਸਰਾ ਲਿਆ ਹੈ। ਕਿਤੇ ਵੇਦਾਂ-ਪੁਰਾਣਾ ਦਾ ਵੇਰਵਾ ਦਿੱਤਾ ਹੈ, ਕਦੇ ਮਿਰਜ਼ਾ-ਸਾਹਿਬਾਂ ਵਾਲੇ ਜੰਡ ਦੀ ਗੱਲ ਕੀਤੀ ਹੈ, ਕਿਤੇ ਲੋਕ-ਗੀਤਾਂ ਤੇ ਬੋਲੀਆਂ ਸਦਕਾ ਪ੍ਰਕਿਰਤੀ ਦੇ ਜਜ਼ਬਾਤ ਸਾਂਝੇ ਕੀਤੇ ਹਨ ਤੇ ਕਿਤੇ ਬੁੱਲ੍ਹੇ ਸ਼ਾਹ ਮੂੰਹੋਂ ਅਖਵਾਇਆ ਹੈ:

ਬੁੱਲ੍ਹਾ ਬੀ ਬੋਹੜ ਦਾ ਬੋਇਆ ਸੀ, ਉਹ ਬਿਰਛ ਵੱਡਾ ਜਾ ਹੋਇਆ ਸੀ, ਫਿਰ ਰਹਿ ਗਿਆ ਬੀ ਅਕਾਰਾ ਏ...ਇੱਕ ਅਲਫ਼ ਪੜ੍ਹੋ ਛੁਟਕਾਰਾ ਏ...(28)

ਵੇਦਾਂ ਤੇ ਪ੍ਰਾਚੀਨ ਯੁੱਗ ਤੋਂ ਲੈ ਕੇ ਅਜੋਕੀ ਪੀੜ੍ਹੀ ਦੇ ਹਿਸਾਬ-ਕਿਤਾਬ ਦੱਸ ਕੇ ਰਾਣੇ ਦੀ ਕਲਪਨਾ ਅਤੇ ਕਲਮ ਭਵਿੱਖਤ ਸਦੀਆਂ ਵਿੱਚ ਪਹੁੰਚ ਕਰਨ ਦੇ ਸਮਰੱਥ ਹੈ। "Every Dark Cloud has a Silver Line" ਦੇ ਕਥਨ ਅਨੁਸਾਰ ਨਾਵਲਕਾਰ ਨੇ ਭਾਵਪੂਰਨ ਸ਼ੈਲੀ ਤੇ ਕਮਾਲ ਦੀ ਕਲਪਨਾ ਸਦਕਾ ਨਿਰਾਸ਼ਾ ਵਿਚੋਂ ਵੀ ਆਸ਼ਾ ਦੀ ਪ੍ਰਗਟਾਵਾ ਕੀਤਾ ਹੈ। ਇਹ ਸੁਚਾਰੂ ਸੁਨੇਹਾ ਸਮੂਹ-ਪਾਠਕਾਂ ਲਈ ਇੱਕ ਮਕਸਦ ਬਣਾ ਕੇ ਪੇਸ਼ ਕੀਤਾ ਗਿਆ ਹੈ ਕਿ 'ਇੱਥੋਂ' ਭਾਵ ਮੌਜੂਦਾ ਸਮੇਂ/ਸਥਿਤੀ ਤੋਂ ਜੋ ਰੇਗਿਸਤਾਨ ਦਿਸ ਰਿਹਾ ਹੈ ਉਸਨੂੰ ਕੋਲ ਆ ਜਾਣ ਤੋਂ ਅਤੇ ਵਾਪਰਨ ਤੋਂ ਕਿਸ ਤਰ੍ਹਾਂ ਰੋਕਿਆ ਜਾਵੇ। ਜਸਵੀਰ ਰਾਣਾ ਦਾ ਪਲੇਠਾ ਨਾਵਲ 'ਇੱਥੋਂ ਰੇਗਿਸਤਾਨ ਦਿੱਸਦਾ ਹੈ' ਪੰਜਾਬੀ ਸਾਹਿਤ ਦੇ ਗਲਪੀ ਖੇਮੇ ਦਾ ਮਜ਼ਬੂਤ ਵਾਤਾਵਰਨੀ ਥੰਮ੍ਹ ਹੈ। ਇਸ ਵਿਚਲੀਆਂ ਸਾਹਿਤਕ ਵਿਸ਼ੇਸ਼ਤਾਈਆਂ ਦੇ ਨਾਲੋਂ-ਨਾਲ ਇਸ ਦੇ ਪ੍ਰਧਾਨ ਵਿਸ਼ੇ ਦੁਆਰਾ ਸੰਚਾਰਿਤ ਹੋਏ ਉਦੇਸ਼ ਨੂੰ ਪੂਰਾ ਕਰਨ ਦੀ ਭਰਪੂਰ ਲੋੜ ਹੈ।

ਅੱਜ ਦੇ ਇਸ ਕੰਪਿਊਟਰੀ ਯੁੱਗ ਵਿੱਚ ਮਨੁੱਖ ਨੇ ਜਿੱਥੇ ਟੈਕਨੋਲਜੀ ਅਤੇ ਮਸ਼ੀਨਰੀ ਪੱਖੋਂ ਬਹੁਤ ਤਰੱਕੀ ਕੀਤੀ ਹੈ, ਉਥੇ ਅੱਜ ਇਸ ਤਰੱਕੀ ਦੇ ਕਈ ਤਰ੍ਹਾਂ ਦੇ ਨੁਕਸਾਨ ਵੀ ਸਾਹਮਣੇ ਆ ਰਹੇ ਹਨ। ਅੱਜ ਦਾ ਮਨੁੱਖ ਲਾਲਚ ਵਿੱਚ ਆ ਕੇ ਕਾਦਰ ਦੀ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ। ਅੱਜ ਹਰ ਪਾਸੇ ਰੁੱਖ ਵੱਢੇ ਜਾ ਰਹੇ ਹਨ। ਧਰਤੀ ਦਿਨ-ਬ-ਦਿਨ ਬੰਜਰ ਹੋ ਰਹੀ ਹੈ। ਗ਼ਰਮੀ ਦੇ ਵੱਧ ਜਾਣ ਪਿੱਛੇ ਵੀ ਰੁੱਖਾਂ ਦੇ ਵੱਢੇ ਜਾਣ ਦਾ ਕਾਰਨ ਹੈ। ਤਾਹੀਂ ਅੱਜ ਅਨੇਕਾਂ ਜਾਨਲੇਵਾ ਬਿਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਨੂੰ ਆਪਣਾ ਆਲਾ-ਦੁਆਲਾ ਹਰਿਆ ਭਰਿਆ, ਸੁੰਦਰ ਤੇ ਰਮਣੀਕ ਬਣਾਉਣ ਦੀ ਲੋੜ ਹੈ। ਆਪਣੇ ਆਲੇ-ਦੁਆਲੇ ਵੱਧ ਤੋਂ ਵੱਧ ਰੁੱਖ ਲਗਾ ਕੇ ਵਧ ਰਹੀ ਤਪਸ਼ ਅਤੇ ਇਨ੍ਹਾਂ ਜਾਨਲੇਵਾ ਬਿਮਾਰੀਆਂ ਤੋਂ ਛੁਟਕਾਰਾ ਪਾ ਸਕਦੇ ਹਾਂ। ਇਸ ਮੁਹਿੰਮ ਨੂੰ ਆਪਣੇ ਘਰ ਤੋਂ ਸ਼ੁਰੂ ਕਰਕੇ ਖੇਤਾਂ, ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਤੀਕ ਲਿਜਾਣ ਦੀ ਲੋੜ ਹੈ।

ਇਸ ਕੰਮ ਲਈ ਸਾਡੇ ਪਿੰਡਾਂ ਦੀਆਂ ਪੰਚਾਇਤਾਂ, ਸਭਾ, ਸੁਸਾਇਟੀਆਂ ਅਤੇ ਸਮਾਜਕ ਸੰਸਥਾਵਾਂ ਨੂੰ ਵੀ ਅੱਗੇ ਆਉਣਾ ਪਵੇਗਾ ਜੋ ਕਿ ਸਮੇਂ ਦੀ ਮੁੱਖ ਲੋੜ ਹੈ।

'ਕੈਂਸਰ ਟਰੇਨ' ਵਿੱਚ ਪੇਸ਼ ਵਾਤਾਵਰਨਿਕ ਚੇਤਨਾ: 'ਕੈਂਸਰ ਟਰੇਨ' ਨਛੱਤਰ ਦਾ ਲਿਖਿਆ ਪ੍ਰਤੀਨਿਧ ਨਾਵਲ ਹੈ। ਪੰਜਾਬੀ ਕਹਾਣੀਆਂ ਅਤੇ ਨਾਵਲ ਦੇ ਖੇਤਰ ਵਿੱਚ ਨਛੱਤਰ ਦਾ ਵਿਸ਼ੇਸ਼ ਸਥਾਨ ਹੈ। ਤੰਗੀ ਭਰੇ ਪੇਂਡੂ ਜੀਵਨ ਵਿੱਚ ਜਿਉਂਦੇ ਹੋਏ ਨਛੱਤਰ ਨੇ ਨਿਰੰਤਰ ਸੰਘਰਸ਼ ਕਰਕੇ ਆਪਣਾ ਤੇ ਪਰਿਵਾਰ ਦਾ ਜੀਵਨ ਨਿਰਬਾਹ ਕੀਤਾ। ਸੰਘਰਸ਼ ਦੇ ਲੰਮੇਰੇ ਤਜ਼ਰਬੇ ਅਤੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਦਸਤਪੰਜਾ ਲੈਂਦਾ ਹੋਇਆ ਇਹ ਗਲਪਕਾਰ ਜੇਤੂ ਹੋ ਕੇ ਸਥਾਪਿਤ ਹੋਇਆ ਹੈ। ਬੈਂਕਿੰਗ ਸੇਵਾ ਤੋਂ ਰਿਟਾਇਰ ਹੋਣ ਮਗਰੋਂ ਵੀ ਨਿਰੰਤਰ ਸਾਹਿਤ ਰਚਨਾ ਕਰਦਾ ਆ ਰਿਹਾ ਹੈ। ਨਛੱਤਰ ਦੇ ਨਾਵਲ 'ਸਲੋਅ ਡਾਊਨ' ਨੂੰ ਸਾਹਿਤ ਆਕਦਮੀ ਪੁਰਸਕਾਰ ਮਿਲ ਚੁੱਕਿਆ ਹੈ। ਨਛੱਤਰ ਦੇ ਮੁੱਖ ਕਹਾਣੀ ਸੰਗ੍ਰਿਹ ਇਸ ਪ੍ਰਕਾਰ ਹਨ: 'ਧੁਖਦੇ ਚਿਹਰੇ'(1974), 'ਤੀਲ੍ਹਾ ਤੀਲ੍ਹਾ'(1982), 'ਜਿਊਣ ਜੋਗੇ'(1986), 'ਘੁੰਮਣ ਘੇਰੀ'(1991), 'ਹਾਰ ਜਿੱਤ'(2000), 'ਰੇਤ 'ਚ ਨਹਾਉਂਦੀਆਂ ਚਿੜੀਆਂ'(2014) ਅਤੇ 'ਇਕੱਤੀ ਕਹਾਣੀਆਂ'(2019) ਆਦਿ। ਅਨੁਵਾਦ ਦੇ ਖੇਤਰ ਵਿੱਚ ਨਛੱਤਰ ਨੇ ਕੁਝ ਕਹਾਣੀਆਂ ਅਤੇ ਨਾਵਲਾਂ ਦਾ ਹਿੰਦੀ ਵਿੱਚ ਵੀ ਅਨੁਵਾਦ ਕੀਤਾ ਹੈ ਜਿਵੇਂ: 'ਚਿਹਰੇ'(ਕਹਾਣੀਆਂ), 'ਸਲੋਅ ਡਾਊਨ'(ਨਾਵਲ), 'ਹਨੇਰੀਆਂ ਗਲੀਆਂ'(ਨਾਵਲ)। ਨਛੱਤਰ ਦੀ ਕਲਮ ਨਾਲ ਲਿਖੇ ਗਏ ਹੋਰ ਨਾਵਲ ਇਸ ਪ੍ਰਕਾਰ ਹਨ: 'ਬੁੱਢੀ ਸਦੀ ਦਾ ਮਨੁੱਖ'(1988), 'ਬਾਕੀ ਦਾ ਸੱਚ'(1994), 'ਨਿੱਕੇ ਨਿੱਕੇ ਅਸਮਾਨ'(2004), 'ਹਨੇਰੀਆਂ ਗਲੀਆਂ'(2007), 'ਸਲੋਅ ਡਾਊਨ'(2012) ਅਤੇ 'ਕੈਂਸਰ ਟਰੇਨ'(2017) ਵਾਤਾਵਰਨ ਸੰਕਟ ਦਾ ਵਿਸ਼ੇਸ਼ ਚਿਤਰਨ ਕਰਦਾ ਇਹ ਨਾਵਲ ਨਾ ਕੇਵਲ ਵਾਤਾਵਰਨ ਪ੍ਰਦੂਸ਼ਣ ਕਰਕੇ ਉਪਜੀਆਂ ਸਹਿਤ ਸਮੱਸਿਆਵਾਂ ਦਾ ਜ਼ਿਕਰ ਕਰਦਾ ਹੈ ਸਗੋਂ ਗ਼ਰੀਬ ਤੇ ਬਿਮਾਰ ਪੇਂਡੂ ਕਿਸਾਨਾਂ ਦੀਆਂ ਦੁਸ਼ਵਾਰੀਆਂ ਅਤੇ ਮਜ਼ਬੂਰੀਆਂ ਬਾਰੇ ਵੀ ਜਾਣੂ ਕਰਵਾਉਂਦਾ ਹੈ। ਨਾਵਲ ਦੇ ਅੰਤ ਵਿੱਚ ਨਿਰਾਸ਼ਾ ਵਿੱਚੋਂ ਉਪਜੀ ਆਸ਼ਾ ਦੀ ਕਿਰਨ ਵਾਂਗ ਨਛੱਤਰ ਨੇ ਨਾਵਲ ਦੇ ਮੁੱਖ ਪਾਤਰ

ਵੱਲੋਂ ਮੂਲ ਸਮੱਸਿਆ ਪ੍ਰਤੀ ਸਮਾਧਾਨ ਵੀ ਸੁਝਾਏ ਹਨ। ਪੇਸ਼ ਹੈ ਨਛੱਤਰ ਦੇ ਨਾਵਲ 'ਕੈਂਸਰ ਟਰੇਨ' ਵਿੱਚ ਪ੍ਰਸਤੁਤ ਵਾਤਾਵਰਨ ਚੇਤਨਾ ਦਾ ਅਧਿਐਨ:

ਨਾਵਲ ਦਾ ਮੁੱਖ ਪਾਤਰ ਅਮਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣੇ ਤੋਂ ਐੱਮ.ਐਸ.ਸੀ. ਕਰ ਰਿਹਾ ਹੈ। ਉਸ ਦੇ ਪ੍ਰੋਜੈਕਟ ਦਾ ਵਿਸ਼ਾ 'ਮਾਲਵੇ ਦੇ ਪਿੰਡਾਂ ਵਿੱਚ ਹੋ ਰਹੀਆਂ ਮੌਤਾਂ ਦੇ ਕਾਰਨਾਂ ਦੀ ਤਫਤੀਸ਼' ਹੈ। ਉਸ ਦਾ ਖੋਜ ਕਾਰਜ ਮਾਲਵੇ ਖੇਤਰ ਵਿੱਚ ਕੈਂਸਰ ਨਾਲ ਹੋਈਆਂ ਮੌਤਾਂ ਸੰਬੰਧੀ ਤੱਥ ਪੇਸ਼ ਕਰਨ ਬਾਰੇ ਹੈ।

ਇਸ ਸੰਦਰਭ ਵਿੱਚ ਅਮਨ ਨੂੰ ਬਹੁਤ ਵਾਰੀ ਪੀ.ਜੀ.ਆਈ., ਫ਼ਰੀਦਕੋਟ, ਮੁਕਤਸਰ, ਬਠਿੰਡਾ ਤੇ ਮਾਨਸਾ ਜ਼ਿਲ੍ਹਿਆਂ ਦੇ ਪਿੰਡਾਂ ਵਿੱਚ ਜਾਣਾ ਪੈਂਦਾ ਰਿਹਾ ਹੈ। ਉਸ ਨੂੰ ਅਜਨਬੀ ਜਾਣ ਕੇ ਕਿਸੇ ਵੀ ਪਿੰਡ 'ਚ ਸਹਿਯੋਗ ਨਾ ਮਿਲਣ ਕਰਕੇ ਅਮਨ ਦਾ ਹੌਂਸਲਾ ਡਿੱਗਣ ਲੱਗ ਜਾਂਦਾ ਹੈ। ਐਨ ਮੌਕੇ 'ਤੇ ਉਸਨੂੰ ਫਰਿਸ਼ਤੇ ਵਾਂਗ ਜਰਨੈਲ ਸਿੰਘ ਆਣ ਮਿਲਦਾ ਹੈ। ਮਾਲਵੇ ਦਾ ਪੁਸ਼ਤੈਨੀ ਵਸਨੀਕ ਜਰਨੈਲ ਸਮਾਜਿਕ ਤੌਰ 'ਤੇ ਬਹੁਤ ਸਰਗਰਮ ਹੈ। ਜਰਨੈਲ ਹਰ ਪਿੰਡ ਵਿੱਚ ਅਮਨ ਦੇ ਨਾਲ ਜਾ ਕੇ ਉਸਦੀ ਮੱਦਦ ਕਰਦਾ ਹੈ। ਆਪਣੇ ਅਧਿਐਨ ਲਈ ਉਸਨੇ ਮਾਲਵੇ ਦੇ ਚਾਰ ਹਾਈ-ਰਿਸਕ ਵਾਲੇ ਜ਼ਿਲ੍ਹੇ- ਫ਼ਰੀਦਕੋਟ, ਮੁਕਤਸਰ, ਬਠਿੰਡਾ ਅਤੇ ਮਾਨਸਾ ਚੁਣੇ। ਇਸੇ ਤਰ੍ਹਾਂ ਹੀ ਚਾਰ ਜ਼ਿਲ੍ਹੇ ਸੰਗਰੂਰ, ਬਰਨਾਲਾ, ਮੋਗਾ ਅਤੇ ਫਿਰੋਜ਼ਪੁਰ ਲੋਅ-ਰਿਸਕ ਵਾਲੇ ਜ਼ਿਲ੍ਹੇ ਸਨ। ਇਨ੍ਹਾਂ ਅੱਠਾਂ ਜ਼ਿਲ੍ਹਿਆਂ ਵਿੱਚੋਂ ਬਰਾਬਰ- ਬਰਾਬਰ ਦੇ ਤੀਹ-ਬੱਤੀ ਪਿੰਡਾਂ ਨੂੰ ਕੇਂਦਰਤ ਕਰਕੇ ਅਮਨ ਨੇ ਆਪਣਾ ਕੰਮ ਸ਼ੁਰੂ ਕਰ ਇਨ੍ਹਾਂ ਪਿੰਡਾਂ ਵਿੱਚ ਕੈਂਸਰ ਨਾਲ ਹੋਈਆਂ ਮੌਤਾਂ ਦੇ ਸਾਰੇ ਅੰਕੜੇ ਅਤੇ ਤੱਥ ਇੱਕਠੇ ਕੀਤੇ ਉਸਨੇ ਵਿਸ਼ਲੇਸ਼ਣ ਕੀਤਾ ਕਿ ਅਧਿਐਨ ਅਧੀਨ ਪਿੰਡਾਂ ਦੇ ਵਿੱਚ ਜਿੱਥੇ ਕਪਾਹ ਜਾਂ ਨਰਮਾ ਬੀਜਿਆ ਜਾਂਦਾ ਸੀ ਉਥੇ ਮੌਤਾਂ ਦੀ ਗਿਣਤੀ ਦੂਜੀਆਂ ਥਾਵਾਂ ਨਾਲੋਂ ਜ਼ਿਆਦਾ ਨਿਕਲੀ। ਕਪਾਹ ਅਤੇ ਨਰਮੇ ਦੀ ਫ਼ਸਲ ਉੱਤੇ ਕੀਤੇ ਜਾਂਦੇ ਕੀਟਨਾਸ਼ਕਾਂ ਦੇ ਛਿੜਕਾਓ ਅਤੇ ਬਹੁਤ ਜ਼ਿਆਦਾ ਰਸਾਇਣਕ ਖਾਦਾਂ ਦੀ ਵਰਤੋਂ ਕਾਰਨ ਕਿਹੜੀਆਂ-ਕਿਹੜੀਆਂ ਚੀਜ਼ਾਂ ਪ੍ਰਭਾਵਤ ਹੋਈਆਂ ਹਨ? ਇਸ ਤੱਥ ਨੂੰ ਜਾਨਣ ਲਈ ਉਸਨੇ ਉਨ੍ਹਾਂ ਖੇਤਾਂ ਦੀ ਮਿੱਟੀ, ਨਲਕਿਆਂ ਅਤੇ ਨਹਿਰਾਂ ਦਾ ਪੀਣ ਵਾਲਾ ਪਾਣੀ, ਗਊਆਂ/ਮੱਝਾਂ ਦਾ ਦੁੱਧ, ਸਬਜ਼ੀਆਂ ਅਤੇ ਪਸ਼ੂਆਂ ਦੇ ਖਾਣ

ਵਾਲੇ ਚਾਰੇ ਦੇ ਸੈਂਪਲ ਇਕੱਠੇ ਕੀਤੇ। ਇਸੇ ਤਰ੍ਹਾਂ ਦੇ ਸੈਂਪਲ ਉਸਨੇ ਉਨ੍ਹਾਂ ਪਿੰਡਾਂ ਵਿੱਚੋਂ ਵੀ ਲਏ ਜਿੱਥੇ ਨਰਮਾ ਜਾਂ ਕਪਾਹ ਨਹੀਂ ਸਗੋਂ ਕਣਕ ਜਾਂ ਝੋਨਾ ਬੀਜਿਆ ਜਾਂਦਾ ਸੀ।

ਜਦੋਂ ਉਹ ਇੱਕ ਪਿੰਡ ਵਿੱਚ ਜਰਨੈਲ ਨਾਲ ਕਿਸੇ ਬਜ਼ੁਰਗ ਤੋਂ ਪਿੰਡ ਵਿੱਚ ਕੈਂਸਰ ਨਾਲ ਮਰਨ ਵਾਲਿਆਂ ਬਾਰੇ ਪੁੱਛਣਾ ਚਾਹੁੰਦਾ ਹੈ ਤਾਂ ਬਜ਼ੁਰਗ ਉਨ੍ਹਾਂ ਨੂੰ ਇਹ ਕਹਿ ਕੇ ਟਾਲ ਦਿੰਦਾ ਹੈ ਕਿ ਉਹਨਾਂ ਦੇ ਪਿੰਡ ਕੋਈ ਅਜਿਹੀ ਬੀਮਾਰੀ ਨਾਲ ਨਹੀਂ ਮਰਿਆ ਤੇ ਨਾ ਹੀ ਕੋਈ ਪਿੰਡ 'ਚ ਜੇਰੇ ਇਲਾਜ ਹੈ। ਬਜ਼ੁਰਗ ਨੇ ਇਹ ਵੀ ਦੱਸਿਆ ਕਿ ਸਰਪੰਚ ਦੀ ਘਰਵਾਲੀ ਅਤੇ ਜੈਲਦਾਰ ਦੇ ਵੱਡੇ ਭਰਾ ਨੂੰ ਵੀ ਕੈਂਸਰ ਹੋਇਆ ਸੀ, ਪਰੰਤੂ ਪੈਸੇ ਦੀ ਖੁੱਲ੍ਹ ਕਰਕੇ ਕ੍ਰਮਵਾਰ ਚੰਡੀਗੜੋਂ ਤੇ ਦਿੱਲੀਓਂ ਇਲਾਜ ਕਰਵਾ ਕੇ ਦੋਵੇਂ ਮਰੀਜ਼ ਰਾਜੀ ਹੋ ਗਏ ਸਨ। ਬਜ਼ੁਰਗ ਦੁਆਰਾ ਪਿੰਡ ਵਿੱਚ ਕੈਂਸਰ ਰੋਗ ਹੋਣ ਦੀ ਗੱਲ ‘ਤੇ ਪਰਦਾ ਪਾਉਣ ਦਾ ਸਭ ਤੋਂ ਵੱਡਾ ਕਾਰਨ ਇਹ ਸੀ ਕਿ ਇਸ ਤਰ੍ਹਾਂ ਪਿੰਡ ਦੀ ਹਾਲਤ ਦਾ ਦੂਰ-ਦੂਰ ਤੱਕ ਪਤਾ ਲੱਗ ਜਾਵੇਗੀ। ਇਸ ਬਾਰੇ ਦੂਜੇ ਅਧਿਆਇ ਵਿੱਚ ਜਰਨੈਲ ਸਿੰਘ ਅਮਨ ਨੂੰ ਅਸਲੀ ਕਾਰਨ ਦੱਸਦਾ ਹੋਇਆ ਕਹਿੰਦਾ ਹੈ:

> ਪਿੰਡਾਂ ਦੇ ਲੋਕ ਏਸ ਲਈ ਵੀ ਸੱਚਾਈ ਨਹੀਂ ਦੱਸ ਰਹੇ ਕਿ ਗੱਲ ਦੂਰ ਤੱਕ ਜਾਏਗੀ ਅਤੇ ਉਨ੍ਹਾਂ ਦੇ ਪਿੰਡ ਦੀ ਬਦਨਾਮੀ ਹੋਏਗੀ ਜਿਸ ਕਾਰਨ ਉਨ੍ਹਾਂ ਦੇ ਮੁੰਡੇ-ਕੁੜੀਆਂ ਦੇ ਰਿਸ਼ਤੇ ਲੈਣੋਂ ਲੋਕ ਡਰਨਗੇ ਕਿ ਕਿਤੇ ਏਨ੍ਹਾਂ ਨੂੰ ਵੀ ਕੈਂਸਰ ਨਾ ਹੋਵੇ। ਏਸੇ ਲਈ ਬਜ਼ੁਰਗ ਸਚਾਈ ਨਹੀਂ ਸੀ ਦੱਸ ਰਿਹਾ ਜਦੋਂ ਕਿ ਇਹ ਗੱਲ ਰਿਕਾਰਡ ‘ਤੇ ਹੈ ਕਿ ਉਸ ਪਿੰਡ ਵਿੱਚ ਕੈਂਸਰ ਨਾਲ ਸਭ ਤੋਂ ਵੱਧ ਮੌਤਾਂ ਹੋਈਆਂ ਨੇ(17)

ਜਸਵੀਰ ਕੌਰ ਅਤੇ ਨਾਜਰ ਸਿੰਘ ਦੀ ਇਕਲੌਤੀ ਔਲਾਦ ਨਿਰਮਲ ਦਸਵੀਂ ਜਮਾਤ ਵਿੱਚ ਪੜ੍ਹਦੀ ਹੈ। ਉਹ ਵੀ ਕੈਂਸਰ ਦੀ ਜਕੜ੍ਹ ਵਿੱਚ ਆ ਜਾਂਦੀ ਹੈ। ਨਾਜਰ ਆਪਣੀ ਧੀ ਦੀਆਂ ਲਾਜ਼ਮੀ ਦਵਾਈਆਂ ਦਾ ਖ਼ਰਚਾ ਝੱਲਣੋਂ ਅਸਮਰੱਥ ਹੋ ਜਾਂਦਾ ਹੈ ਤੇ ਜ਼ਮੀਨ ਦਾ ਅਖ਼ੀਰਲਾ ਬਚਦਾ ਟੱਕ ਵੀ ਗਹਿਣੇ ਰੱਖਣ ਲਈ ਮਜ਼ਬੂਰ ਹੈ। ਧੀ ਸਾਹਮਣੇ ਸ਼ਰਮਿੰਦਾ ਹੋਇਆ ਘਰ ਸਮੇਂ ਸਿਰ ਨਹੀਂ ਪਰਤਦਾ ਕਿ ਨਿਰਮਲ ਨੂੰ ਕੀ ਜਵਾਬ ਦਵੇਗਾ ਕਿ ਅੱਜ ਵੀ ਦਵਾਈ ਕਿਉਂ ਨਹੀਂ ਆਈ...?

ਨਿਰਮਲ ਦੀ ਦਵਾਈ ਪਿਛਲੇ ਚਾਰ-ਪੰਜ ਦਿਨਾਂ ਤੋਂ ਖ਼ਤਮ ਹੋਈ ਪਈ ਸੀ। ਦਵਾਈ ਲੈਣ ਲਈ ਨਾਜਰ ਹਰ ਰੋਜ਼ ਦਿਨ ਚੜ੍ਹਦਿਆਂ ਹੀ ਘਰੋਂ ਤਾਂ ਨਿਕਲ ਜਾਂਦਾ ਪਰ ਸ਼ਾਮ ਪੈਣ ਤੱਕ ਉਹ ਦਵਾਈ ਨਾ ਮਿਲਣ ਕਾਰਨ ਖ਼ਾਲੀ ਹੱਥ ਹੀ ਵਾਪਸ ਪਰਤ ਆਉਂਦਾ। ਐਨੇ ਦਿਨਾਂ ਤੋਂ ਦੁਆਈ ਨਾ ਮਿਲਣ ਕਰਕੇ ਉਸਦੀ ਕੀ ਹਾਲਤ ਹੋ ਰਹੀ ਹੋਵੇਗੀ? ਕੀਹਦੇ ਕੀਹਦੇ ਕੋਲੋਂ ਉਧਾਰ ਫੜਾਂ?(21)

ਨਿਰਮਲ ਦਾ ਪਿਓ ਨਾਜਰ ਇੱਕ ਸਰਦਾ-ਪੁਜਦਾ ਕਿਸਾਨ ਸੀ। ਜਦੋਂ ਨਿਰਮਲ ਦੀ ਬਿਮਾਰੀ ਦਾ ਪਤਾ ਲੱਗਿਆ ਤਾਂ ਸਾਰੇ ਦੋਸਤਾਂ ਅਤੇ ਰਿਸ਼ਤੇਦਾਰਾਂ ਨੇ ਮੱਦਦ ਕੀਤੀ ਪਰ ਉਮਰਾਂ ਤਾਈ ਚਲਦੀ ਲੰਬੀ ਬਿਮਾਰੀ ਤਾਂ ਖੂਹ ਖਾਲੀ ਕਰ ਦਿੰਦੀ ਹੈ। ਹੌਲੀ-ਹੌਲੀ ਸਭ ਨੇ ਪਾਸਾ ਵੱਟਣਾ ਸ਼ੁਰੂ ਕਰ ਦਿੱਤਾ।

...ਪਰ ਜਿਉਂ-ਜਿਉਂ ਨਿਰਮਲ ਦੀ ਬਿਮਾਰੀ ਲੰਬੀ ਹੁੰਦੀ ਗਈ...ਤਿਉਂ-ਤਿਉਂ ਹੀ ਉਸਦੇ ਦੋਸਤ ਮਿੱਤਰ ਇੱਕ-ਇੱਕ ਕਰਕੇ ਉਸ ਤੋਂ ਵਿੱਥ ਬਣਾਉਣ ਲੱਗ ਪਏ(23)

ਨਿੱਕੀ ਉਮਰੇ ਆਪਣੀ ਧੀ ਨੂੰ ਲੱਗੇ ਰੋਗ ਨੇ ਨਾਜਰ ਸਿੰਘ ਦਾ ਲੱਕ ਤੋੜ ਕੇ ਰੱਖ ਦਿੱਤਾ। ਟੁੱਟੇ ਹੌਂਸਲੇ ਨਾਲ ਉਹ ਖੇਤਾਂ ਵੱਲ ਵੀ ਧਿਆਨ ਨਾ ਦੇ ਸਕਿਆ, ਫਲਸਰੂਪ ਦੇਖਭਾਲ ਤੋਂ ਬਿਨਾਂ ਫ਼ਸਲ ਖ਼ਰਾਬ ਹੁੰਦੀ ਗਈ ਤੇ ਇਸ ਪ੍ਰਕਾਰ ਉਸ ਦੇ ਪਰਿਵਾਰ ਨੂੰ ਦੋਹਰੀ ਸੱਟ ਦਾ ਸਾਹਮਣਾ ਕਰਨਾ ਪਿਆ। ਧੀ ਦੇ ਰੋਗ ਨਾਲ ਝੰਬੇ ਹੋਏ ਨਾਜਰ ਸਿਹੁੰ ਨੂੰ ਨਾ ਘਰੇ ਟਿਕਾਅ ਸੀ ਤੇ ਨਾ ਹੀ ਖੇਤ 'ਚ।

ਨਾਜਰ ਨੂੰ ਯਾਦ ਆਉਂਦਾ ਹੈ ਕਿ ਜ਼ਹਿਰੀ ਕੀਟਨਾਸ਼ਕਾਂ ਕਰਕੇ ਹੀ ਉਸਦੀ ਧੀ ਕੜਿੱਕੀ ਵਿੱਚ ਫਸ ਗਈ ਹੈ। ਫਸਲ ਦਾ ਵੱਧ ਝਾੜ ਪ੍ਰਾਪਤ ਕਰਨ ਲਈ ਅਤੇ ਕਪਾਹ ਨੂੰ ਸੁੰਢੀ ਤੋਂ ਬਚਾਉਣ ਲਈ ਹੋਰਾਂ ਕਿਸਾਨਾਂ ਦੀ ਦੇਖਾ-ਦੇਖੀ ਨਾਜਰ ਨੇ ਵੀ ਅਤਿ-ਕਿਰਿਆਸ਼ੀਲ ਰਸਾਇਣਾਂ ਦਾ ਪ੍ਰਯੋਗ ਕੀਤਾ। ਨਿਰਮਲ ਜਦੋਂ ਖੇਤ ਵਿੱਚ ਜਾਂਦੀ ਤਾਂ ਬਿਨਾਂ ਸਾਵਧਾਨੀ ਦੇ, ਸਿਰ-ਮੂੰਹ ਲਪੇਟੇ ਬਿਨਾਂ ਹੀ ਪੰਪ ਫੜ ਕੇ ਸਪਰੇਅ ਕਰਨ ਲੱਗ ਜਾਂਦੀ। ਸ਼ਾਇਦ ਇਸੇ ਕਰਕੇ ਨਿਰਮਲ ਇੰਨੀ ਛੋਟੀ ਉਮਰ ਵਿੱਚ ਹੀ ਇਸ ਖ਼ਤਰਨਾਕ ਰੋਗ ਦੀ ਸ਼ਿਕਾਰ ਹੋ ਗਈ। ਨਾਜਰ ਦੇ ਜ਼ਹਿਨ ਵਿੱਚ ਰਸਾਇਣਿਕ ਛਿੜਕਾਓ ਦੀਆਂ ਕਾਰਵਾਈਆਂ ਅਤੇ ਹੱਸਦੀ-ਖੇਡਦੀ ਧੀ ਦੇ ਬੋਲ ਇੰਝ ਗੂੰਝਣ ਲੱਗ ਜਾਂਦੇ ਹਨ:

ਦੂਸਰਿਆਂ ਵਾਂਗ ਨਾਜਰ ਨੇ ਵੀ ਸੁੰਡੀ ਨੂੰ ਮਾਰਨ ਲਈ ਕੀੜੇਮਾਰ ਦਵਾਈਆਂ ਦਾ ਛਿੜਕਾਓ ਕੀਤਾ...। ਲਿਆ ਡੈਡੀ! ਮੈਂ ਛਿੜਕਾਂ! ਉਨ੍ਹੀਂ ਦਿਨੀਂ ਜਦ ਕਦੇ ਆਪਣੀ ਮੰਮੀ ਨਾਲ ਨਿਰਮਲ ਖੇਤ ਜਾਂਦੀ ਤਾਂ ਉਹ ਜ਼ਬਰਦਸਤੀ ਦਵਾਈ ਛਿੜਕਣ ਵਾਲੇ ਪੰਪ ਨੂੰ ਹੱਥ ਪਾ ਲੈਂਦੀ(98)

ਜਦੋਂ ਅਮਨ ਤੇ ਜਰਨੈਲ ਹੋਰੀਂ ਉਕਤ ਪਿੰਡਾਂ ਵਿੱਚ ਕੈਂਸਰ ਦੇ ਫੈਲਣ ਬਾਰੇ ਪੜਚੋਲ ਕਰਦੇ ਹਨ ਤਾਂ ਪੜਚੋਲ ਕਰਨ ਉਪਰੰਤ ਕੁੱਝ ਹੈਰਾਨੀਜਨਕ ਤੱਥ ਉੱਭਰ ਕੇ ਸਾਹਮਣੇ ਆਉਂਦੇ ਨੇ। ਉਹਨਾਂ ਵਿੱਚੋਂ ਕੁਝ ਇੱਕ ਅੰਸ਼ ਇਸ ਪ੍ਰਕਾਰ ਹਨ:

ਮੇਰੇ ਵੱਲੋਂ ਹੁਣ ਤੱਕ ਇੱਕਠੇ ਕੀਤੇ ਗਏ ਤੱਥਾਂ ਨੂੰ ਵੇਖ ਕੇ ਲੱਗਦਾ ਹੈ ਕਿ ਨਰਮੇ ਦੀ ਫਸਲ ਉੱਤੇ ਕੀੜੇਮਾਰ ਦੁਆਈਆਂ ਦਾ ਅੰਨ੍ਹੇਵਾਹ ਛਿੜਕਾਅ ਅਤੇ ਲੋੜੋਂ ਵੱਧ ਖਾਦਾਂ ਦੀ ਵਰਤੋਂ ਵੀ ਮਾਲਵੇ ਦੇ ਪਿੰਡਾਂ ਵਿੱਚ ਕੈਂਸਰ ਨਾਲ ਹੋ ਰਹੀਆਂ ਮੌਤਾਂ ਦਾ ਇੱਕ ਕਾਰਨ ਹੋ ਸਕਦਾ ਹੈ(99)

ਅਮਨ ਦੇ ਪ੍ਰੋਜੈਕਟ ਦੀ ਰਿਪੋਰਟ ਅਨੁਸਾਰ ਖੋਜ ਅਧੀਨ ਪਿੰਡਾਂ ਵਿੱਚ ਲਗਭਗ ਹਰੇਕ ਘਰ ਦਾ ਘੱਟੋ-ਘੱਟ ਇੱਕ ਜੀਅ ਇਸ ਭਿਆਨਕ ਬਿਮਾਰੀ ਦੀ ਮਾਰ ਝੱਲ ਰਿਹਾ ਹੈ। ਇੱਕ ਵਾਰ ਜਰਨੈਲ ਨਾਲ਼ ਨਾਜਰ ਦੇ ਘਰ ਗਏ ਅਮਨ ਨੇ ਇਹ ਗੱਲ ਉਨ੍ਹਾਂ ਨਾਲ਼ ਸਾਂਝੀ ਕੀਤੀ। ਕਰਮੋ, ਬੰਸੋ, ਪਾਲੀ, ਬਲਦੇਵ ਦਾ ਬਾਪੂ ਮੱਘਰ, ਸੁੱਖੀ ਦਾ ਬਾਪੂ ਮਾਸਟਰ ਰਣਧੀਰ ਸਿੰਘ ਤੇ ਖ਼ੁਦ ਜਰਨੈਲ ਸਿੰਘ ਵੀ ਵਾਰੋ-ਵਾਰੀ ਨਿਰਮਲ ਵਾਂਗ ਦੁੱਖ ਭੋਗਦੇ ਹੋਏ ਤੁਰਦੇ ਲੱਗੇ। ਸੁੱਖੀ ਭਾਵੇਂ ਕਨੇਡਿਓਂ ਆਉਣ ਕਰਕੇ ਪਿਤਾ ਦਾ ਇਲਾਜ ਕੁਝ ਚੰਗੀ ਤਰ੍ਹਾਂ ਕਰਵਾ ਸਕਿਆ ਪਰ ਅਖ਼ੀਰ 'ਚ ਉਸਦੀ ਹਾਲਤ ਵੀ ਉਧਾਰ ਫੜ ਕੇ ਦਵਾਈਆਂ ਮੰਗਵਾਉਣ ਵਾਲੀ ਹੋ ਗਈ ਸੀ। ਸੁੱਖੀ ਦੇ ਪਰਿਵਾਰ ਤੋਂ ਬਿਨਾਂ ਨਾਵਲ ਦੇ ਬਾਕੀ ਕਿਰਦਾਰ ਗ਼ਰੀਬ ਪੇਂਡੂ ਹਨ। ਦਿਹਾੜੀਆਂ ਕਰਕੇ ਰੋਟੀ ਦਾ ਇੰਤਜ਼ਾਮ ਕਰਦੇ ਹਨ। ਅਨਪੜ੍ਹ ਹੋਣ ਕਰਕੇ ਨਾ ਹੀ ਚੰਗਾ ਰੁਜ਼ਗਾਰ ਹੈ ਤੇ ਨਾ ਹੀ ਉਹ ਇਸ ਬਿਮਾਰੀ ਬਾਬਤ ਜਾਗਰੂਕ ਹੀ ਹਨ।

ਜਦੋਂ ਅੱਠਵੇਂ ਅਧਿਆਇ ਵਿੱਚ ਅਮਨ ਦੀ ਪ੍ਰੇਮਿਕਾ ਹਰਮਨ ਗਿਲਾ ਕਰਦੀ ਹੈ ਕਿ ਉਹ ਪਿੰਡਾਂ ਦੇ ਮਰੀਜ਼ਾਂ ਨਾਲ ਹੀ ਨਾਤੇ ਜੋੜ ਕੇ ਬੈਠ ਗਿਆ ਤੇ ਉਸਨੂੰ ਭੁੱਲ ਗਿਆ ਹੈ ਤਾਂ ਉਹ ਉਦਾਸ ਹੋ ਕੇ ਦੱਸਦਾ ਹੈ:

> ਮੇਰੀ ਮਾਂ ਵਰਗੀ ਕਰਮੋ, ਜਿਸ ਦੀ ਬੱਚੇਦਾਨੀ ਵਿੱਚ ਕੈਂਸਰ ਏ, ਵਿਚਾਰੀ ਆਪਣੀ ਰੋਜ਼ੀ-ਰੋਟੀ ਲਈ ਮਨਰੇਗਾ ਸਕੀਮ ਵਿੱਚ ਦਿਹਾੜੀਆਂ ਕਰ ਰਹੀ ਏ। ਅਪ੍ਰੇਸ਼ਨ ਕਰਵਾ ਕੇ ਬੱਚੇਦਾਨੀ ਕਢਵਾਉਣੀ ਤਾਂ ਇੱਕ ਪਾਸੇ, ਪੈਸੇ ਨਾ ਹੋਣ ਕਾਰਨ ਪਿਛਲੇ ਛੇ-ਸੱਤ ਮਹੀਨਿਆਂ ਤੋਂ ਉਹ ਦੁਆਈ ਵੀ ਨਹੀਂ ਖ਼ਰੀਦ ਸਕੀ(54)

ਹਰਮਨ ਦੇ ਗਿਲੇ ਸ਼ਿਕਵੇ ਨੂੰ ਸੁਣ ਕੇ ਅਮਨ ਕੈਂਸਰ ਮਰੀਜ਼ਾਂ ਦੇ ਦੁੱਖ ਵਿੱਚ ਦੁਖੀ ਹੋਇਆ ਕੋਈ ਪ੍ਰਤੀਕਰਮ ਨਹੀਂ ਦਿੰਦਾ ਸਗੋਂ ਉਹ ਉਦਾਸ ਮਨ ਨਾਲ ਹਰਮਨ ਨੂੰ ਆਪਣੇ ਖ਼ਾਸ ਦੋਸਤਾਂ, ਪਿੰਡਾਂ ਦੇ ਭੋਲੇ-ਭਾਲੇ ਤੇ ਗ਼ਰੀਬ ਮਰੀਜ਼ਾਂ ਬਾਰੇ ਦੱਸਦਾ ਹੋਇਆ ਆਪਣੀ ਮਾਨਸਿਕ ਉਥਲ-ਪੁਥਲ ਨੂੰ ਬਿਆਨ ਕਰਦਾ ਹੈ। ਸਭ ਤੋਂ ਜ਼ਿਆਦਾ ਦੁੱਖ ਉਸ ਨੂੰ ਦਸਵੀਂ ਵਿੱਚ ਪੜ੍ਹਦੀ ਨਿਰਮਲ ਦਾ ਹੁੰਦਾ ਹੈ ਜਿਹੜੀ ਏਨੀ ਛੋਟੀ ਉਮਰੇ ਹੀ ਇਸ ਭਿਆਨਕ ਰੋਗ ਦੀ ਸ਼ਿਕਾਰ ਹੋ ਚੁੱਕੀ ਹੁੰਦੀ ਹੈ। ਉਹ ਦੱਸਦਾ ਹੈ:

> ਦਸਵੀਂ ਵਿੱਚ ਪੜ੍ਹਦੀ ਆਪਣੇ ਮਾਪਿਆਂ ਦੀ ਇਕਲੌਤੀ ਧੀ ਨਿਰਮਲ, ਜਿਸਦਾ ਏਸ ਬਿਮਾਰੀ ਕਾਰਨ ਪਿਛਲੇ ਨੌਂ-ਦਸ ਮਹੀਨਿਆਂ ਤੋਂ ਸਕੂਲ ਛੁੱਟਿਆ ਹੋਇਆ ਏ। ਉਸਦੇ ਬਾਪੂ ਕੋਲ ਦੋ ਕਿੱਲੇ ਜ਼ਮੀਨ ਏ, ਪਰ ਉਸ ਵਿੱਚੋਂ ਵੀ ਅੱਧੀ ਗਹਿਣੇ ਧਰੀ ਹੋਈ ਆ। ਘਰ ਦਾ ਗੁਜ਼ਾਰਾ ਬੜੀ ਹੀ ਮੁਸ਼ਕਲ ਨਾਲ਼ ਚੱਲਦਾ ਏ। ਕੁੜੀ ਦੇ ਇਲਾਜ ਲਈ ਦੁਆਈਆਂ ਜੋਗੇ ਪੈਸੇ ਉਨ੍ਹਾਂ ਕੋਲ ਨ੍ਹੀਂ। ਮੈਨੂੰ ਘਰ ਆਇਆ ਦੇਖ ਮੁਰਝਾਇਆ ਚਿਹਰਾ ਲਈ ਖੜ੍ਹੀ ਕੁੜੀ ਦੇ ਚਿਹਰੇ ਉੱਤੇ ਚਮਕ ਆ ਜਾਂਦੀ ਏ। ਮੈਨੂੰ 'ਵੀਰਾ ਵੀਰਾ' ਆਖਦੀ ਦਾ ਮੂੰਹ ਸੁਕਦਾ(54)

ਕਰਮੋ ਦੇ ਘਰਵਾਲੇ ਜਾਗਰ ਨੂੰ ਦਮੇ ਦੀ ਬਿਮਾਰੀ ਸੀ। ਥੋੜ੍ਹਾ ਜਿਹਾ ਕੰਮ ਕਰਨ ਤੇ ਹੀ ਉਸਨੂੰ ਸਾਹ ਚੜ੍ਹ ਜਾਂਦਾ ਸੀ। ਜਿਸ ਕਰਕੇ ਹਫ਼ਤੇ ਵਿੱਚ ਇੱਕ-ਦੋ ਦਿਨ ਦਿਹਾੜੀ ਤੋਂ ਛੁੱਟੀ ਕਰ ਲੈਂਦਾ ਸੀ। ਉਕਤ ਪਿੰਡਾਂ ਵਿੱਚ ਨਾ ਸਿਰਫ਼ ਕੈਂਸਰ ਸਗੋਂ ਦਮੇ, ਚਮੜੀ ਰੋਗ ਅਤੇ ਦਿਲ ਦੇ ਰੋਗਾਂ ਵਿੱਚ ਵੀ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਮੋਗਾ ਟੱਪਦਿਆਂ ਹੀ ਅਗਾਂਹ ਵਾਲੇ ਪਿੰਡ ਜਿਵੇਂ ਨੱਥੂ ਵਾਲਾ, ਕੋਟ ਭਾਈ, ਰੂੜੇਕੇ, ਗਿੱਲ, ਜੈਮਲਵਾਲਾ, ਆਦਿ ਪਿੰਡਾਂ ਵਿੱਚ ਜਾ ਕੇ ਵੇਖੀਏ ਤਾਂ ਸ਼ਹਿਰੀ ਮਾਲਵੇ, ਦੁਆਬੇ ਅਤੇ ਮਾਝੇ ਵਾਲੇ ਉੱਥੋਂ ਦਾ ਪੀਣ ਵਾਲਾ ਪਾਣੀ

ਵੀ ਨਹੀਂ ਪੀ ਸਕਦੇ। ਨਹਿਰਾਂ ਦੇ ਰਸਾਇਣ-ਮਿਸ਼ਰਤ ਪਾਣੀ ਨੂੰ ਪੀਣ ਲਈ ਲੋਕ ਮਜ਼ਬੂਰ ਹਨ। ਸ਼ੁੱਧ ਪੀਣਯੋਗ ਪਾਣੀ ਸਰਕਾਰੀ ਫਾਇਲਾਂ ਵਿੱਚ ਤਾਂ ਅਨੇਕਾਂ ਸਕੀਮਾਂ ਤਹਿਤ ਉਪਲੱਬਧ ਹੈ, ਪਰ ਪਿੰਡਾਂ ਵਿੱਚ ਬੰਦ ਪਏ ਆਰ. ਓ. ਟੈਂਕ ਬਿਨਾਂ ਸਾਫ਼-ਸਫਾਈ ਦੇ ਬਦਹਾਲ ਹੋਏ ਪਏ ਨੇ। ਪ੍ਰਦੂਸ਼ਿਤ ਪਾਣੀ ਪੀਣ ਨਾਲ ਅਨੇਕਾਂ ਬੀਮਾਰੀਆਂ ਨਾਲ ਲੋਕੀਂ ਬੀਮਾਰ ਹੋ ਰਹੇ ਹਨ। ਦਿਹਾੜੀਦਾਰ ਲੋਕਾਂ ਕੋਲ ਸਵੱਛ ਪਾਣੀ ਲੈਣ ਲਈ ਘਰਾਂ 'ਚ ਆਰ.ਓ. ਤੱਕ ਲਵਾਉਣ ਦੀ ਸਮਰੱਥਾ ਨਹੀਂ। ਕੈਂਸਰ ਦੀ ਪਕੜ ਵਿੱਚ ਆ ਚੁੱਕੇ ਮਰੀਜ਼ ਪਰਿਵਾਰਾਂ ਕੋਲ ਦਵਾਈਆਂ ਲੈਣ ਲਈ ਕਰਜ਼ੇ ਚੁੱਕਣੇ ਪੈ ਰਹੇ ਨੇ। ਸਰਕਾਰੀ ਗ੍ਰਾਂਟਾਂ ਗਰੀਬਾਂ ਨੂੰ ਅੰਗੂਠਾ ਦਿਖਾ ਕੇ ਸੇਠਾਂ ਤੇ ਰਸੂਖਵਾਨ ਲੋਕਾਂ ਦੇ ਢਿੱਡ ਭਰ ਰਹੀਆਂ ਪ੍ਰਤੀਤ ਹੁੰਦੀਆਂ ਹਨ। ਕਿਸੇ ਨੂੰ ਮਰ ਰਹੇ ਲੋਕਾਂ ਨਾਲ ਕੋਈ ਹਮਦਰਦੀ ਨਹੀਂ। ਛੇ ਕੁ-ਮਹੀਨੇ ਪਹਿਲਾਂ ਤਹਿਸੀਲੋਂ ਆਏ ਸਰਕਾਰੀ ਬੰਦਿਆਂ ਨੇ ਪਿੰਡਾਂ ਵਿੱਚ ਜਾ ਕੇ ਕੈਂਸਰ ਪੀੜਤ ਮਰੀਜ਼ਾਂ ਦੇ ਵੇਰਵੇ ਇਕੱਠੇ ਕਰਨੇ ਸ਼ੁਰੂ ਕੀਤੇ। ਉਸ ਤੋਂ ਬਾਅਦ ਪਰਿਵਾਰ ਦੇ ਮੁਖੀਏ ਤੋਂ ਕੈਂਸਰ ਪੀੜਤ ਮਰੀਜ਼ ਲਈ ਮਾਲੀ ਸਹਾਇਤਾ ਵਾਸਤੇ ਫਾਰਮ ਭਰਵਾਏ ਗਏ। ਉਹ ਕੰਮ ਮੁੱਕੇ ਨੂੰ ਵੀ ਕਈ ਮਹੀਨੇ ਹੋ ਗਏ ਪਰ ਮਾਮਲਾ ਅਜੇ ਵੀ ਵਿੱਚੇ ਹੀ ਲਟਕਿਆ ਰਹਿੰਦਾ ਹੈ।

ਆਪਣੇ ਪ੍ਰੋਜੈਕਟ ਦੇ ਆਰੰਭਿਕ ਦੌਰ ਵਿੱਚ ਜਦੋਂ ਅਮਨ ਨੂੰ ਕਿਸੇ ਪਿੰਡ ਵਿੱਚੋਂ ਉੱਥੋ ਦੇ ਵਸਨੀਕ ਅਜਨਬੀ ਜਾਣ ਕੇ ਕੋਈ ਜਾਣਕਾਰੀ ਮੁਹੱਈਆ ਕਰਵਾਉਣ ਵਿੱਚ ਸਹਿਯੋਗ ਨਹੀਂ ਕਰਦੇ ਤਾਂ ਅਮਨ ਨੂੰ ਲੱਗਣ ਲੱਗ ਜਾਂਦਾ ਹੈ ਕਿ ਖੇਤਰੀ ਕਾਰਜ ਵਾਲਾ ਖੋਜ ਵਿਸ਼ਾ ਚੁਣ ਕੇ ਉਸ ਕੋਲੋਂ ਭਾਰੀ ਗਲਤੀ ਹੋ ਗਈ ਹੈ। ਰੱਬ ਦੇ ਭੇਜੇ ਫਰਿਸ਼ਤੇ ਵਾਂਗ ਜਰਨੈਲ ਉਸ ਨੂੰ ਕਿਸੇ ਢਾਬੇ ‘ਤੇ ਅਚਾਨਕ ਮਿਲਦਾ ਹੈ ਅਤੇ ਉਸਦੀ ਮੱਦਦ ਕਰਨ ਲਈ ਵੱਧ ਤੋਂ ਵੱਧ ਸਹਿਯੋਗ ਕਰਨ ਦਾ ਭਰੋਸਾ ਦਿਵਾਉਂਦਾ ਹੈ। ਅਮਨ ਨੂੰ ਬਹੁਤ ਬਾਅਦ ਵਿੱਚੋਂ ਪਤਾ ਚਲਦਾ ਹੈ ਕਿ ਜਰਨੈਲ ਨੂੰ ਵੀ ਇਸ ਬਿਮਾਰੀ ਨੇ ਘੇਰਿਆ ਹੋਇਆ ਸੀ ਪਰ ਉਸ ਨੇ ਕਦੇ ਵੀ ਕਿਸੇ ਨੂੰ ਵੀ ਇਸ ਦੀ ਭਿਣਕ ਤੱਕ ਨਾ ਪੈਣ ਦਿੱਤੀ। ਜਰਨੈਲ ਦੇ ਮਿਲਾਪੜੇ ਸੁਭਾਅ ਦੀ ਪ੍ਰਸ਼ੰਸਾ ਕਰਦਾ ਹੋਇਆ ਅਮਨ ਦੱਸਦਾ ਹੈ:

> ਵੱਡੇ ਭਰਾਵਾਂ ਵਰਗਾ ਦੋਸਤ ਬਣ ਗਿਆ ਜਰਨੈਲ, ਜੇ ਨਾ ਮਿਲਦਾ ਤਾਂ ਮੈਂ ਆਪਣਾ ਕੰਮ ਕਰਨ ਬਾਰੇ ਕਦੇ ਵੀ ਨਾ ਸੋਚ ਸਕਦਾ। ਜਦੋਂ ਵੀ ਮੈਂ ਉਸਨੂੰ ਕਿਧਰੇ ਜਾਣ ਲਈ ਕਿਹਾ ਤਾਂ ਉਹ, ਬਿਨਾਂ ਕੋਈ ਸੁਆਲ ਕੀਤੇ, ਉੱਠ ਕੇ ਮੇਰੇ ਨਾਲ ਤੁਰਨ ਲਈ ਤਿਆਰ ਹੋ ਜਾਂਦਾ ਏ(54)

ਏਸੇ ਤਰ੍ਹਾਂ ਬੰਸੋ ਵੀ ਹੋਰ ਚੋਗਾਵੀਆਂ ਵਾਂਗ ਪਰਿਵਾਰ ਪਾਲਣ ਲਈ ਨਰਮਾ ਚੁਗਣ ਜਾਇਆ ਕਰਦੀ ਸੀ। ਕੀੜੇਮਾਰ ਦਵਾਈਆਂ ਦੇ ਘਾਤਕ ਅਸਰ ਹੋਰਨਾਂ ਵਾਂਗ ਧਰਤੀ ਹੇਠਲੇ ਪਾਣੀ, ਹਵਾ ਅਤੇ ਨਰਮੇ ਦੇ ਸਿੱਧੇ ਸੰਪਰਕ ਵਿੱਚ ਆਉਣ ਕਰਕੇ ਉਸਨੂੰ ਵੀ ਬੱਚੇਦਾਨੀ ਦਾ ਕੈਂਸਰ ਹੋ ਗਿਆ।

ਇੱਕ ਦਿਨ ਨਾਜਰ ਅਤੇ ਜਾਗਰ ਆਪਣੇ ਦੁੱਖ ਸੁੱਖ-ਸਾਂਝੇ ਕਰਨ ਲਈ ਖੇਤ ਵਿੱਚ ਬੈਠੇ ਗੱਲਾਂ ਕਰਦੇ ਹਨ। ਨਾਜਰ ਦੀ ਧੀ ਨੂੰ ਕੈਂਸਰ ਹੈ ਅਤੇ ਜਾਗਰ ਦੀ ਪਤਨੀ ਨੂੰ। ਦੋਵਾਂ ਦੀ ਮਾਨਸਿਕ ਅਤੇ ਆਰਥਿਕ ਸਥਿਤੀ ਵਿੱਚ ਕੋਈ ਖਾਸ ਅੰਤਰ ਨਹੀਂ ਰਿਹਾ। ਦੋਵੇਂ ਹੀ ਵਕਤ ਦੀ ਮਾਰ ਝੱਲ ਰਹੇ ਹੁੰਦੇ ਹਨ। ਉਹਨਾਂ ਦੀ ਬਾਤ-ਚੀਤ ਦੇ ਕੁੱਝ ਅੰਸ਼ ਉਹਨਾਂ ਦੀ ਮਨੋਦਸ਼ਾ ਨੂੰ ਇਸ ਪ੍ਰਕਾਰ ਬਿਆਨ ਕਰਦੇ ਹਨ:

> ਅਸਲ 'ਚ ਤਾਂ ਏਹਾ ਬਮਾਰੀਆਂ ਅਮੀਰਾਂ ਨੂੰ ਲੱਗਣੀਆਂ ਚਾਹੀਦੀਆਂ ਨੇ। ਆਪਾਂ ਗ਼ਰੀਬ ਆਦਮੀ ਤਾਂ ਐਵੇਂ ਈ ਲਪੇਟੇ 'ਚ ਆ ਜਾਨੇ ਆਂ। ਗ਼ਰੀਬ ਆਦਮੀ ਕਿੱਥੋਂ ਐਨੀਆਂ ਮੈਹੰਗੀਆਂ ਦੁਆਈਆਂ ਖ਼ਰੀਦ ਲਊ। ਮਾਤੜ੍ਹ ਸਾਥੀਆਂ ਕੋਲ ਤਾਂ ਕਦੇ-ਕਦੇ ਆਹ ਬਠਿੰਡੇ ਤੱਕ ਜਾਣ ਜੋਗਾ ਵੀ ਕਿਰਾਇਆ ਨ੍ਹੀਂ ਹੁੰਦਾ। ਅਮੀਰਾਂ ਨੂੰ ਤਾਂ ਐਹੋ ਜਿਹੀਆਂ ਬਮਾਰੀਆਂ ਲੱਗਦੀਆਂ ਈ ਨ੍ਹੀਂ। ਮਰਦੇ ਤਾਂ ਆਪਾਂ ਮਾੜੇ-ਧੀੜੇ ਈ ਆਂ।
>
> ਨਾਜਰ ਨੇ ਆਪਣਾ ਗਲਾਸ ਖ਼ਾਲੀ ਕਰ ਦਿੱਤਾ(98)

ਢਾਬੇ ਵਾਲੀ ਮੀਤੋ ਦਾ ਘਰਵਾਲਾ ਵੀ ਕੈਂਸਰ ਨਾਲ ਤੜਫ਼ਦਾ ਮਰ ਗਿਆ। ਬੱਚਿਆਂ ਨੂੰ ਪਾਲਣ ਲਈ ਮੀਤੋ ਤੇ ਉਸਦੀ ਸੱਸ ਨੇ ਨਿੱਕਾ ਜਿਹਾ ਚਾਹ-ਪਾਣੀ ਵਾਲਾ ਢਾਬਾ ਖੋਲਿਆ। ਇਸ ਬਾਬਤ ਜਰਨੈਲ ਕਹਿੰਦਾ ਹੈ ਬੜੇ ਅਫਸੋਸ ਨਾਲ ਅਮਨ ਨੂੰ ਦੱਸਦਾ ਹੈ:

> ਏਧਰਲੇ ਪਿੰਡਾਂ ਦਾ ਸ਼ਾਇਦ ਹੀ ਕੋਈ ਘਰ ਬਚਿਆ ਹੋਵੇ ਜਿੱਥੇ ਕੈਂਸਰ ਨੇ ਝਪੱਟਾ ਮਾਰ ਕੇ ਉਨ੍ਹਾਂ ਦੇ ਕਿਸੇ ਨਾ ਕਿਸੇ ਜੀਅ ਨੂੰ ਨਾ ਨਿਗਲਿਆ ਹੋਵੇ। ਏਸ ਪਰਿਵਾਰ ਨੂੰ ਹੀ ਦੇਖ ਲਓ। ਏਸ ਘਰ ਦੇ ਬੰਦੇ

ਦੇ ਚਲੇ ਜਾਣ ਤੇ ਪਿੱਛੇ ਰਹਿ ਗਈਆਂ ਔਰਤਾਂ ਨੂੰ ਆਪਣੇ ਪਰਿਵਾਰ ਦੇ ਰੋਟੀ-ਪਾਣੀ ਲਈ ਕੀ-ਕੀ ਪਾਪੜ ਵੇਲਣੇ ਪੈ ਰਹੇ ਨੇ। ਸਰਕਾਰੇ ਦਰਬਾਰੇ ਏਨ੍ਹਾਂ ਦੀ ਕੋਈ ਸੁਣਵਾਈ ਨ੍ਹੀ(109)

ਮਾਸਟਰ ਰਣਧੀਰ ਨੂੰ ਵਿਦਿਆਰਥੀ ਹੋਣ ਸਮੇਂ ਹੋਰਨਾਂ ਦੀ ਦੇਖਾ-ਦੇਖੀ ਸਿਗਰਟ ਪੀਣ ਦੀ ਲਤ ਲੱਗ ਗਈ ਸੀ। ਅਪ੍ਰੱਤਖ ਰੂਪ ਵਿੱਚ ਵਿਖਾਇਆ ਗਿਆ ਹੈ ਕਿ ਖਬਰੇ ਇਹੋ ਉਸਦੇ ਫੇਫੜਿਆਂ ਦੇ ਕੈਂਸਰ ਦਾ ਕਾਰਨ ਬਣਿਆ ਹੋਵੇਗਾ। ਬਾਹਰਲੇ ਦੇਸ਼ਾਂ ਵਿੱਚ ਲੋਕਾਂ ਦੀ ਸਿਹਤ ਸੰਭਾਲ ਦਾ ਜ਼ਿੰਮਾ ਸਰਕਾਰਾਂ ਦਾ ਏ ਪਰ ਇੱਕ ਆਪਣਾ ਮੁਲਕ ਆ ਜਿੱਥੇ ਅਣਗਿਣਤ ਲੋਕ ਬਿਮਾਰੀਆਂ ਅਤੇ ਭੁੱਖਮਰੀ ਨਾਲ਼ ਮਰ ਰਹੇ ਨੇ ਤੇ ਸਰਕਾਰਾਂ ਸੁੱਤੀਆਂ ਪਈਆਂ ਨੇ। ਜਦੋਂ ਜਰਨੈਲ, ਅਮਨ ਅਤੇ ਸੁੱਖੀ ਤਲਵੰਡੀ ਸਾਬੋ੍ਹ ਕਿਸੇ ਕੰਮ ਦੇ ਸਿਲਸਿਲੇ ਵਿੱਚ ਜਾਂਦੇ ਹਨ ਤਾਂ ਵਾਪਸੀ ਤੇ ਮੀਤੋ ਦੇ ਢਾਬੇ ਉੱਤੇ ਚਾਹ ਪੀਣ ਲਈ ਰੁਕਦੇ ਹਨ। ਉਹਨਾਂ ਦੀ ਗੱਲਬਾਤ ਦੇ ਕੇਂਦਰੀ ਵਿਸ਼ਾ ਮਾੜੀਆਂ ਸਿਹਤ ਸਹੂਲਤਾਂ, ਰਾਜਸੀ ਲਾਰੇ, ਕਮਜ਼ੋਰ ਪ੍ਰਬੰਧਨ, ਨਸ਼ਿਆਂ ਦੀ ਮਾਰ, ਗ਼ਰੀਬੀ ਅਤੇ ਸਬਸਿਡੀਆਂ ਦੇ ਲਾਲਚ ਅਧੀਨ ਆਏ ਪੰਜਾਬੀਆਂ ਦੀ ਮਾੜੀ ਸਥਿਤੀ ਦੁਆਲੇ ਹੀ ਘੁੰਮਦਾ ਹੈ। ਨਿਮਨ ਲਿਖੇ ਸੰਵਾਦ ਅਨੁਸਾਰ ਕੈਂਸਰ ਵਰਗੀਆਂ ਬਿਮਾਰੀਆਂ ਦੇ ਬਿਨਾਂ ਰੋਕ-ਟੋਕ ਅਤੇ ਤੇਜ਼ੀ ਨਾਲ ਫੈਲਣ ਦੇ ਪ੍ਰਤੱਖ ਅਤੇ ਅਪ੍ਰਤੱਖ ਕਾਰਨਾਂ ਨੂੰ ਇਸ ਪ੍ਰਕਾਰ ਉਘਾੜਿਆ ਗਿਆ ਹੈ:

> ਵੀਰ ਜੀ, ਤੀਹ-ਤੀਹ ਪਿੰਡਾਂ ਵਿੱਚ ਚੰਗਾ ਡਾਕਟਰ ਭਾਲਿਆ ਨ੍ਹੀਂ ਲੱਭਦਾ। ਸੇਹਤ ਸਹੂਲਤਾਂ ਦੇ ਨਾਂ ਤੇ ਅੱਠਾਂ-ਦਸਾਂ ਪਿੰਡਾਂ ਵਿੱਚ ਇੱਕ ਇੱਕ ਕਮਰੇ ਆਲਾ ਸੇਹਤ ਕੇਂਦਰ ਜ਼ਰੂਰ ਛੱਤ ਦਿੱਤਾ ਪਰ ਉੱਥੇ ਨਾ ਸਟਾਫ਼ ਏ ਅਤੇ ਨਾ ਦਵਾਈਆਂ ਨੇ। ਮੈਡੀਕਲ ਸਹੂਲਤਾਂ ਬਾਰੇ ਤਾਂ ਮੈਂ ਪਿਛਲੇ ਕੁਝ ਸਮੇਂ ਤੋਂ ਦੇਖ ਰਿਹਾਂ। ਪੂਰੇ ਮਾਲਵੇ ਵਿੱਚ ਕਿਧਰੇ ਵੀ ਕੋਈ ਚੰਗਾ ਹਸਪਤਾਲ ਦਿਖਾਈ ਨ੍ਹੀਂ ਦੇ ਰਿਹਾ। ਬਿਮਾਰੀ ਦੀ ਸੂਰਤ ਵਿੱਚ ਲੋਕ ਕਿੱਧਰ ਜਾਣ? ਆਪਣੇ ਅੱਖੀਂ ਦੇਖੇ ਬਾਰੇ ਬੋਲਦਿਆਂ ਸੁੱਖੀ ਦੇ ਬੋਲਾਂ ਵਿੱਚ ਗੁੱਸਾ ਸਾਫ਼ ਝਲਕ ਰਿਹਾ ਸੀ(112)

ਪਿਛਲੇ ਸਾਲੀਂ ਜਦੋਂ ਹੋਰਾਂ ਦੀ ਦੇਖਾ ਦੇਖੀ ਨਾਜਰ ਨੇ ਵੀ ਕਣਕ ਦੀ ਕਟਾਈ ਤੋਂ ਬਾਅਦ ਨਰਮੇ ਦਾ ਨਵਾਂ ਆਇਆ ਬੀ ਬੀਜਿਆ ਤਾਂ ਪਹਿਲੀ ਵਾਰ ਨਰਮੇ ਨੂੰ ਅੰਤਾਂ ਦਾ ਝਾੜ ਪਿਆ। ਨਰਮੇ ਦੇ ਮੋਟੇ-ਮੋਟੇ ਖਿੜੇ ਫੁੱਟਾਂ ਨੂੰ ਦੇਖ ਨਾਜਰ ਦਾ ਮਨ ਵੀ ਖਿੜ ਗਿਆ। ਮੰਡੀ ਗਿਆਂ ਨਰਮੇ ਦਾ ਭਾਅ ਵੀ ਚੰਗਾ ਮਿਲ ਗਿਆ।

ਜ਼ਹਿਰੀ ਰਸਾਇਣ ਮਿੱਟੀ 'ਚ ਰਲ ਕੇ ਧਰਤੀ ਦਾ ਕੁਦਰਤੀ ਉਪਜਾਊ-ਪੁਣਾ ਤੇ ਪੌਸ਼ਟਿਕ ਤੱਤਾਂ ਦਾ ਸੰਤੁਲਨ ਵਿਗਾੜ ਦਿੰਦੇ ਹਨ। ਬੇਲੋੜੀ ਤੇ ਹੱਦੋਂ-ਵੱਧ ਸਪਰੇਅ ਕਰਕੇ ਜ਼ਹਿਰੀ ਮਾਦਾ ਧਰਤੀ ਹੇਠਾਂ ਜਿਉਰ ਕੇ ਪਾਣੀ ਦੇ ਪੱਤਣਾਂ ਤਾਈਂ ਚਲਾ ਜਾਂਦਾ ਹੈ। ਉੱਥੋਂ ਨਲਕਿਆਂ, ਮੋਟਰਾਂ ਤੇ ਨਹਿਰਾਂ ਰਾਹੀਂ ਮੁੜ ਵਸਨੀਕਾਂ ਦੇ ਸਰੀਰ ਅੰਦਰ ਪ੍ਰਵੇਸ਼ ਜਾਂਦਾ ਹੈ। ਖ਼ਤਰਨਾਕ ਸਪਰੇਆਂ ਦੀ ਵਾਧੂ ਮਾਤਰਾ ਸਬਜ਼ੀਆਂ, ਦਾਲਾਂ ਤੇ ਅਨਾਜ ਰਾਹੀਂ ਮਨੁੱਖੀ ਸਰੀਰ ਵਿੱਚ ਇੱਕਠੀ ਹੋਣ ਲੱਗ ਪੈਂਦੀ ਹੈ। ਇਹਨਾਂ ਤੋਂ ਇਲਾਵਾ ਅਗਿਆਨਤਾ ਅਤੇ ਜਾਗਰੂਕਤਾ ਦੀ ਭਾਰੀ ਕਮੀ ਮਾਲਵੇ ਵਿੱਚ ਕੈਂਸਰ ਨਾਲ ਹੋ ਰਹੀਆਂ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਹੈ। ਇਸ ਪ੍ਰਥਾਇ ਲਿਖਿਆ ਗਿਆ ਹੈ:

> ਕਣਕ ਦਾ ਝਾੜ ਐਵੇਂ ਈ ਨ੍ਹੀਂ ਐਨਾ ਵਧ ਗਿਆ। ਟਨਾਂ ਦੇ ਹਿਸਾਬ ਨਾਲ਼ ਖਾਦਾਂ ਅਤੇ ਅੰਨ੍ਹੇਵਾਹ ਕੀਤੀਆਂ ਸਪਰੇਅ ਨੇ ਮਿੱਟੀ ਪਾਣੀ ਵਿੱਚ ਮਿਲ ਕੇ ਕਿਤੇ ਨਾ ਕਿਤੇ ਤਾਂ ਆਪਣਾ ਅਸਰ ਦਿਖਾਉਣਾ ਈ ਹੋਇਆ। ਹਰੀ ਕ੍ਰਾਂਤੀ ਤੋਂ ਬਾਅਦ ਨਰਮੇਂ ਦੀ ਫਸਲ ਬੀਜਣ ਵੱਲ ਕਿਸਾਨਾਂ ਦਾ ਝੁਕਾਅ ਵਧਣਾ ਅਤੇ ਉਸਤੋਂ ਪਿੱਛੋਂ ਫੈਲੀ ਕੈਂਸਰ ਦੀ ਬੀਮਾਰੀ ਬਾਰੇ ਵੱਖ-ਵੱਖ ਸਮਿਆਂ ‘ਤੇ ਕਾਮਰੇਡ ਅੱਛਰੂ ਦੀਆਂ ਆਖੀਆਂ ਇਹੋ ਜਿਹੀਆਂ ਗੱਲਾਂ ਨੂੰ ਲੋਕਾਂ ਨੇ ਉਦੋਂ ਹੱਸ ਕੇ ਆਈਆਂ ਗਈਆਂ ਕਰ ਦਿੱਤਾ(133)

ਉੱਧਰ ਜਦੋਂ ਗੇਜਾ ਆਪਣੀ ਪਤਨੀ ਬੰਸੋ ਨੂੰ ਪਹਿਲੀ ਵਾਰ ਬੀਕਾਨੇਰ ਦੇ ਹਸਪਤਾਲ ਵਿੱਚ ਡਾਕਟਰੀ ਨਿਰੀਖਣ ਲਈ ਲੈ ਕੇ ਜਾਂਦਾ ਹੈ ਤਾਂ ਬਠਿੰਡੇ ਦੇ ਰੇਲਵੇ ਸਟੇਸ਼ਨ ਤੇ ਹੀ ਉਸ ਦੀ ਮੁਲਾਕਾਤ ਆਪਣੇ ਹੀ ਪਿੰਡ ਦੇ ਬਲਬੀਰ ਨਾਲ ਹੋ ਜਾਂਦੀ ਹੈ। ਬਲਬੀਰ ਆਪਣੇ ਬਾਪੂ ਨੂੰ ਕਈ ਵਾਰੀ ਬੀਕਾਨੇਰ ਹਸਪਤਾਲ ਲੈ ਕੇ ਜਾ ਚੁੱਕਿਆ ਹੈ। ਇਸ ਕਰਕੇ ਉਸ ਨੂੰ ਪਹਿਲਾਂ ਤੋਂ ਹੀ ਇਸ ਬਾਬਤ ਸਾਰੀ ਜਾਣਕਾਰੀ ਹੈ। ਗੇਜੇ ਨੂੰ ਹੌਸਲਾ ਦਿੰਦਿਆਂ ਬਲਬੀਰ ਉਸ ਨੂੰ ਸਾਰਾ ਕੁਝ ਦੱਸਦਾ ਹੈ:

ਬਾਰਾਂ ਡੱਬਿਆਂ ਦੀ ਏਸ ਗੱਡੀ ਵਿੱਚ ਸੌ ਦੇ ਨੇੜੇ ਤੇੜੇ ਕੈਂਸਰ ਦੇ ਮਰੀਜ਼ ਹੁੰਦੇ ਨੇ। ਏਸੇ ਲਈ ਲੋਕਾਂ ਨੇ ਏਸ ਗੱਡੀ ਦਾ ਨਾਂ ਈ 'ਕੈਂਸਰ ਟਰੇਨ' ਰੱਖ ਦਿੱਤਾ ਏ। ਲਾਲਗੜ੍ਹ-ਅਬੋਹਰ ਤੋਂ ਚੱਲ ਕੇ ਆਈ ਗੱਡੀ ਬਠਿੰਡਿਓਂ ਸਾਢੇ ਕੁ ਨੌਂ ਵਜੇ ਚੱਲ ਕੇ ਸਵੇਰ ਦੇ ਪੌਣੇ ਸੱਤ ਵਜੇ ਬੀਕਾਨੇਰ ਦੇ ਸਟੇਸ਼ਨ ਤੇ ਜਾ ਪਹੁੰਚਦੀ ਹੈ(80)

ਗਰੀਬ ਪੇਂਡੂ ਲੋਕ ਜਿਸ ਰੇਲ ਗੱਡੀ ਵਿੱਚ 325 ਕਿਲੋਮੀਟਰ ਦਾ ਸਫ਼ਰ ਕਰਕੇ ਬੀਕਾਨੇਰ ਪਹੁੰਚਦੇ ਹਨ, ਉੱਥੇ ਜਾ ਕੇ ਉਹਨਾਂ ਨੂੰ ਲੱਗਦਾ ਹੈ ਕਿ ਸਾਰੀ ਦੁਨੀਆਂ ਹੀ ਕੈਂਸਰ ਦੀ ਮਰੀਜ਼ ਬਣ ਗਈ ਹੋਵੇ। ਲੋਕ ਤੜਕੇ ਛੇ ਵਜੇ ਤੋਂ ਹੀ ਲੰਮੀਆਂ ਕਤਾਰਾਂ ‘ਚ ਖਲ੍ਹੋ ਕੇ ਆਪਣੀ ਵਾਰੀ ਦਾ ਇੰਤਜ਼ਾਰ ਕਰਨ ਲੱਗ ਜਾਂਦੇ ਨੇ। ਅਬੋਹਰ ਤੋਂ ਜੋਧਪੁਰ ਜਾਣ ਵਾਲੀ ਇਸ ਰੇਲ-ਗੱਡੀ ਦਾ ਨਾਮ 'ਕੈਂਸਰ ਟਰੇਨ' ਇਸ ਲਈ ਪੈ ਗਿਆ ਕਿਉਂਕਿ ਇਸ ਵਿੱਚ ਹਰ ਰੋਜ਼ 50% ਯਾਤਰੀ ਕੈਂਸਰ ਦੇ ਰੋਗੀ ਹੁੰਦੇ ਹਨ ਤੇ ਬਾਕੀ ਉਹਨਾਂ ਦੇ ਪਰਿਵਾਰ ਵਿੱਚੋਂ ਕੋਈ ਨਾਲ ਜਾ ਰਿਹਾ ਹੁੰਦਾ ਹੈ। ਕੈਂਸਰ-ਰੋਗੀਆਂ ਲਈ ਇਸ ਗੱਡੀ ਵਿੱਚ ਕਿਰਾਇਆ ਮੁਆਫ਼ ਹੈ। ਅੱਗੋਂ ਬੀਕਾਨੇਰ ਹਸਪਤਾਲ ਵਿੱਚ ਘੱਟ ਖ਼ਰਚੇ ‘ਤੇ ਇਲਾਜ ਮਿਲਦਾ ਹੈ। ਟੈਸਟ ਵੀ ਮੁਫ਼ਤ ਵਰਗੇ ਹੀ ਕਰਵਾਏ ਜਾਂਦੇ ਹਨ। ਪਰ ਬਠਿੰਡਿਓਂ ਜਾਣ ਵਾਲੇ ਮਰੀਜ਼ਾਂ ਦੇ 6-7 ਦਿਨ ਰਿਪੋਰਟਾਂ ਆਉਣ ਮਗਰੋਂ ਦਵਾਈਆਂ ਲੈ ਕੇ ਮੁੜ ਆਉਣ ਨੂੰ ਲੱਗ ਜਾਂਦੇ ਨੇ। ਛੇ-ਸੱਤ ਹਜ਼ਾਰ ਇੱਕ ਵਾਰੀ 'ਚ ਲੱਗ ਜਾਂਦੇ ਨੇ ਤੇ ਦੁਬਾਰਾ ਤਿੰਨ ਮਹੀਨੇ ਬਾਅਦ ਬੁਲਾਏ ਜਾਣ ਵਾਲੇ ਬਹੁਤੇ ਲੋਕ ਪੈਸੇ ਦੀ ਥੁੜ੍ਹ ਕਰਕੇ ਜਾ ਨਹੀਂ ਸਕਦੇ।

ਪਹਿਲੀ ਵਾਰ ਜਦੋਂ ਅਮਨ ਜਾਗਰ ਅਤੇ ਕਰਮੋ ਦੀ ਬਿਮਾਰੀ ਬਾਰੇ ਤੱਥ ਇੱਕਠੇ ਕਰਨ ਉਹਨਾਂ ਦੇ ਘਰ ਗਿਆ ਤਾਂ ਅਮਨ ਬਿਮਾਰੀ ਨਾਲ ਸੰਬੰਧਤ ਰਸਮੀ ਸਵਾਲ ਪੁੱਛ ਕੇ ਗੱਲਬਾਤ ਅਗਾਂਹ ਤੋਰਦਾ ਹੈ। ਇਸ ਵਾਰਤਾ ਵਿੱਚ ਉਸ ਨੂੰ ਪਤਾ ਲੱਗਦਾ ਹੈ ਕਿ ਪੇਂਡੂ ਅਤੇ ਗਰੀਬ ਲੋਕ ਕੈਂਸਰ ਵਰਗੀ ਬਿਮਾਰੀ ਦਾ ਨਿਰੰਤਰ ਇਲਾਜ ਕਿਉਂ ਨਹੀਂ ਕਰਵਾ ਸਕਦੇ। ਇਸ ਮੁਲਾਕਾਤ ਦੇ ਅੰਤ ਵਿੱਚ ਉਹ ਇਹ ਸੋਚ ਕੇ ਆਪਣੀ ਜੇਬ ਵਿੱਚ ਹੱਥ ਪਾਉਂਦਾ ਹੈ ਕਿ ਕੁੱਝ ਪੈਸੇ ਦੇ ਉਹਨਾਂ ਦੀ ਮੱਦਦ ਕਰ ਸਕੇ ਪ੍ਰੰਤੂ ਅਮਨ ਨੂੰ ਇਹ ਸਮਝ ਆ ਜਾਂਦੀ ਹੈ ਕਿ

ਜਾਗਰ ਵਰਗੇ ਅਨੇਕਾਂ ਪਰਿਵਾਰਾਂ ਦੀਆਂ ਜ਼ਰੂਰਤਾਂ ਉਸ ਦੀ ਜੇਬ ਤੋਂ ਕਿਤੇ ਵੱਡੀਆਂ ਹਨ। ਉਹਨਾਂ ਦੇ ਦੁੱਖ ਸੁਣ ਕੇ ਅਮਨ ਨੂੰ ਬਹੁਤ ਦੁੱਖ ਲੱਗਦਾ ਹੈ। ਇਸ ਵਾਰਤਾਲਾਪ ਦੇ ਕੁਝ ਅੰਸ਼ ਇਸ ਪ੍ਰਕਾਰ ਪੇਸ਼ ਹਨ:

> ਬਮਾਰੀ ਤਾਂ ਪਤਾ ਨੀਂ ਕਦੋਂ ਦੀ ਲੱਗੀ ਹੋਈ ਆ ਪਰ ਸਾਲ ਕੁ ਪਹਿਲਾਂ ਜਦੋਂ ਬੀਕਾਨੇਰ ਹਸਪਤਾਲ ਗਏ, ਤਾਂ ਸਾਨੂੰ ਉਦੋਂ ਈ ਡਾਕਟਰ ਨੇ ਦੱਸਿਆ। “ਹੁਣ ਤੱਕ ਕਿੰਨੇ ਵਾਰ ਬੀਕਾਨੇਰ ਜਾ ਆਏ ਹੋ?" ਅਮਨ ਨੇ ਕਰਮੋ ਨੂੰ ਸੰਬੋਧਨ ਹੋ ਇਹ ਸੁਆਲ ਪੁੱਛਿਆ। "ਪੈਹਲੀ ਵਾਰ ਗਏ ਤਾਂ ਉੱਥੇ ਛੇ ਸੱਤ ਦਿਨ ਲੱਗ ਗੇ। ਤਿੰਨ ਮਹੀਨੇ ਦੀ ਦੁਆਈ ਦੇਣ ਤੋਂ ਬਾਅਦ ਉਨ੍ਹਾਂ ਨੇ ਫੇਰ ਦਖੌਣ ਲਈ ਕਿਹਾ।"(88)

> ਸਾਨੂੰ ਗ਼ਰੀਬਾਂ ਨੂੰ ਕੌਣ ਪੁੱਛਦਾ। ਏਥੇ ਤਾਂ ਹਰ ਰੋਜ਼ ਆਪੇ ਈ ਖੂਹ ਪੁੱਟ ਕੇ ਪਾਣੀ ਪੀਣਾ ਪੈਂਦਾ ਏ। ਟੀ.ਵੀ., ਅਖ਼ਬਾਰਾਂ ਵਾਲੇ ਵੀ ਕਈ ਵਾਰ ਆਏ ਨੇ। ਫ਼ੋਟੋਆਂ ਵੀ ਖਿੱਚੀਆਂ। ਹਾਲ ਚਾਲ ਵੀ ਪੁੱਛਿਆ ਪਰ ਉਸ ਤੋਂ ਬਾਅਦ ਕੋਈ ਨ੍ਹੀਂ ਆਇਆ। ਜਾਗਰ ਦੀ ਆਖੀ ਗੱਲ ਗੁਣ ਅਮਨ ਨੇ ਪਲ ਦੀ ਪਲ ਉਸਦੇ ਧੁੱਪਾਂ ਲੂਸੇ ਚਿਹਰੇ ਵੱਲ ਦੇਖਿਆ ਪਰ ਉਸਦੀ ਗੱਲ ਦਾ ਉਸ ਨੇ ਕੋਈ ਜੁਆਬ ਨਾ ਦਿੱਤਾ। (89)

ਦਿਹਾੜੀਆਂ ਕਰਕੇ ਰੋਟੀ ਦਾ ਜੁਗਾੜ ਕਰਨ ਵਾਲੇ ਗਰੀਬ ਪੇਂਡੂ ਮਰੀਜ਼ਾਂ ਨੂੰ ਰਿਪੋਰਟ ਦੇ ਸਿਲਸਿਲੇ ਵਿੱਚ ਅਮਨ ਨੂੰ ਸਵਾਲ ਪੁੱਛਣੇ ਪੈਂਦੇ ਹਨ। ਇਸ ਸਾਰੀ ਕਾਰਵਾਈ ਦੌਰਾਨ ਅਮਨ ਦਾ ਅੰਤਰ ਮਨ ਉਸ ਨੂੰ ਫਿਟਕਾਰਦਾ ਹੈ ਕਿ ਆਪਣੀ ਰਿਪੋਰਟ ਪੂਰੀ ਕਰਨ ਦੇ ਸਵਾਰਥ ਲਈ ਉਹ ਵੀ ਤਾਂ ਸਰਕਾਰੀ ਮਸ਼ੀਨਰੀ ਵਾਂਗ ਗਰੀਬ ਮਰੀਜ਼ਾਂ ਨੂੰ ਸਵਾਲ-ਜੁਵਾਬ ਕਰਕੇ ਉਹਨਾਂ ਦੇ ਦਿਲਾਂ ਵਿੱਚ ਆਸ ਜਗਾ ਦਿੰਦਾ ਹੈ ਪਰ ਅਸਲ ਵਿੱਚ ਉਹਨਾਂ ਦੀ ਕੋਈ ਮੱਦਦ ਨਹੀਂ ਕਰਦਾ। ਕੋਰੀ ਹਮਦਰਦੀ ਦੀ ਸਥਿਤੀ ਵਿੱਚ ਉਸ ਦਾ ਹਿਰਦਾ ਉਸ ਨੂੰ ਗਾਹੇ-ਬਗਾਹੇ ਤਾੜਦਾ ਰਹਿੰਦਾ ਹੈ:

> ਪਿੰਡ ਪਿੰਡ ਜਾ ਕੇ ਜੋ ਕੁਛ ਤੂੰ ਕਰ ਰਿਹਾ ਏਂ। ਉਹ ਵੀ ਤੂੰ ਆਪਣੀ ਡਿਗਰੀ ਪੂਰੀ ਕਰਨ ਲਈ ਕਰ ਰਿਹਾ ਏਂ। ਏਸ ਦਾ ਏਨ੍ਹਾਂ ਨੂੰ ਕੀ ਫ਼ਾਇਦਾ ਹੋਣਾ ਏ? ਆਪਣੇ ਅੰਦਰੋਂ ਆਈ ਆਵਾਜ਼ ਸੁਣ ਅਮਨ ਇਕਦਮ ਸੁਚੇਤ ਹੋ ਕੇ ਬੈਠ ਗਿਆ(90)

ਛੁੱਟੀਆਂ ਵਿੱਚ ਜਦੋਂ ਅਮਨ ਆਪਣੇ ਪਿੰਡ ਬੇਬੇ-ਬਾਪੂ ਨੂੰ ਮਿਲਣ ਜਾਂਦਾ ਹੈ ਤਾਂ ਉਸ ਦਾ ਬਾਪੂ ਅਮਨ ਨੂੰ ਕਹਿੰਦਾ ਹੈ ਕਿ ਅਖ਼ਬਾਰ ਵਿੱਚ ਨਰਮੇ ਦੇ ਕਿਸੇ ਨਵੇਂ ਬੀਜ ਬਾਰੇ ਦੱਸਿਆ ਗਿਆ ਹੈ ਜੋ ਬਹੁਤ ਵੱਧ ਝਾੜ ਦਿੰਦਾ ਹੈ। ਇਸ ਦੇ ਉੱਤਰ ਵਿੱਚ ਅਮਨ ਪਹਿਲੀ ਵਾਰ ਖੁੱਲ ਕੇ ਆਪਣੇ ਬਾਪੂ ਬੇਬੇ ਨੂੰ ਆਪਣੀ ਰਿਪੋਰਟ ਦੇ ਸਾਰੇ ਸਜੀਵ ਕਿਰਦਾਰਾਂ ਜੋ ਕਿ ਕੈਂਸਰ ਦੇ ਮਰੀਜ਼ ਹਨ, ਉਹਨਾਂ ਦੀ ਬਿਮਾਰੀ ਦੇ ਪਿਛੋਕੜ ਕਾਰਨਾਂ ਬਾਰੇ ਦੱਸਦਾ ਹੈ। ਉਹ ਆਪਣੇ ਬਾਪੂ ਨੂੰ ਪਿਆਰ ਨਾਲ ਵਰਜਦਾ ਹੈ ਕਿ ਵੱਧ ਝਾੜ ਦੇਣ ਵਾਲੇ ਬੀਜ ਦੀ ਜਗ੍ਹਾ ਉਸ ਬੀਜ ਦੀ ਬਿਜਾਈ ਕੀਤੀ ਜਾਵੇ ਜਿਸ ਵਿੱਚ ਰਸਾਇਣਾਂ ਦੀ ਲੋੜ ਨਾ ਪਵੇ। ਉਹ ਆਪਣੇ ਬੇਬੇ ਬਾਪੂ ਨੂੰ ਇਹ ਵੀ ਦੱਸਦਾ ਹੈ ਕਿ ਸੁਰੱਖਿਅਤ ਬੀਜ ਕਿੱਥੋ ਅਤੇ ਕਿਵੇਂ ਮਿਲਣਗੇ:

> ਪਿਛਲੇ ਦਿਨੀਂ ਨਰਮੇ ਦੇ ਕਿਸੇ ਨਵੇਂ ਬੀ ਬਾਰੇ ਮੈਂ ਅਖ਼ਬਾਰ ਵਿੱਚ ਪੜ੍ਹਿਆ ਏ। ਕੈਂਹਦੇ ਵਾਹਵਾ ਝਾੜ ਦਿੰਦਾ। ਸੋਚਦਾਂ, ਐਤਕੀਂ ਆਪਾਂ ਵੀ ਇੱਕ ਅੱਧ ਖੱਤਾ ਬੀਜ ਕੇ ਦੇਖੀਏ? ਬਾਪੂ ਨੇ ਉਸਦੇ ਲਾਗੇ ਪਈ ਕੁਰਸੀ ਉੱਤੇ ਬੈਠਦਿਆਂ ਉਸਨੂੰ ਪੁੱਛਿਆ। ਦੇਖੀਂ ਕਿਤੇ ਗ਼ਲਤੀ ਨਾ ਕਰ ਬੈਠਣਾ। ਕਪਾਹ ਨਰਮੇ ਦੇ ਪੱਟੇ ਤਾਂ ਲੋਕ ਪੈਹਲਾਂ ਈ ਤਾਬ ਨ੍ਹੀਂ ਆ ਰਹੇ। ਤਲਵੰਡੀ ਸਾਬੋ੍ ਵੱਲ ਦੇ ਪਿੰਡਾਂ ਵਿੱਚ ਘਰ-ਘਰ ਸੱਥਰ ਵਿਛੇ ਪਏ ਨੇ(152)
>
> ਏਸ ਵਾਰ ਮਾਰਚ ਵਿੱਚ ਲੱਗਣ ਵਾਲੇ ਕਿਸਾਨ ਮੇਲੇ 'ਤੇ ਝੋਨੇ ਦੀ ਇੱਕ ਨਵੀਂ ਕਿਸਮ ਦਾ ਬੀਅ ਕਿਸਾਨਾਂ ਨੂੰ ਵੇਚਿਆ ਜਾਵੇਗਾ। ਉਹ ਲੈ ਕੇ ਦਿੰਨਾ ਥੋਨੂੰ। ਉਸ ਵਿੱਚ ਨਾ ਤਾਂ ਕੋਈ ਰਸਾਇਣਿਕ ਖਾਦ ਪਾਉਣੀ ਏ ਅਤੇ ਨਾ ਹੀ ਕਿਸੇ ਕਿਸਮ ਦਾ ਛਿੜਕਾਓ ਕਰਨਾ ਏ। ਅੱਗੋਂ ਲਈ ਵੀ ਧਿਆਨ ਰੱਖਣਾ, ਹੋਰ ਜੇਹੜੀ ਵੀ ਫ਼ਸਲ ਬੀਜਣੀ ਏ ਉਸ ਵਿੱਚ ਸਿਰਫ਼ ਰੂੜੀ ਮਾਰਕਾ ਖਾਦ ਈ ਪਾਓ(153)

ਅਮਨ ਆਪਣੀ ਬੇਬੇ ਨਾਲ ਵੱਖ-ਵੱਖ ਪਿੰਡਾਂ ਦੇ ਕੈਂਸਰ ਮਰੀਜ਼ਾਂ ਦੀਆਂ ਗੱਲਾਂ ਸਾਂਝੀਆਂ ਕਰਦਾ ਹੈ ਜਿਹੜੇ ਰੋਗੀ ਹੋ ਕੇ ਦੁੱਖ ਭੋਗ ਰਹੇ ਹਨ। ਉਹ ਦੱਸਦਾ ਹੈ ਕਿ ਵੱਧ ਮੁਨਾਫ਼ਾ ਕਮਾਉਣ ਦੇ ਚੱਕਰ ਵਿੱਚ ਜਦੋਂ ਲੋਕ ਰਸਾਇਣਕ ਖਾਦਾਂ ਦੀ ਵਰਤੋਂ ਵਧੇਰੇ ਕਰਦੇ ਹਨ ਤਾਂ ਫਲਸਰੂਪ ਅਜਿਹੀਆਂ ਬਿਮਾਰੀਆਂ ਘੇਰਾ ਪਾ

ਲੈਂਦੀਆਂ ਹਨ। ਉਸਦੇ ਬੇਬੇ-ਬਾਪੂ ਬੜੇ ਧਿਆਨ ਨਾਲ ਅਮਨ ਦੀ ਗੱਲ ਸੁਣਦੇ ਅਤੇ ਸਮਝਦੇ ਹਨ ਅਤੇ ਉਸ ਨੂੰ ਕੈਂਸਰ ਪੀੜਤ ਇਲਾਕੇ ਦੇ ਲੋਕਾਂ ਖਾਤਰ ਭਲੇ ਦੇ ਕੰਮ ਕਰਨ ਲਈ ਉਤਸਾਹ ਦਿੰਦੇ ਹਨ:

> ਮਾਰ ਵਰਗੀ ਮਾਰ! ਕਪਾਹ ਬੀਜਣ ਆਲੇ ਪਿੰਡਾਂ ਵਿੱਚ ਤਾਂ ਕੋਈ ਵੀ ਘਰ ਬਚਿਆ ਨ੍ਹੀਂ ਜਿੱਥੇ ਏਸ ਬਮਾਰੀ ਨੇ ਇੱਕ-ਦੋ ਦੀ ਬਲੀ ਨਾ ਲਈ ਹੋਵੇ। ਅਮਨ ਦੀ ਗੱਲ ਸੁਣ ਬੀਬੀ ਨੇ ਉਸਦੇ ਚਿਹਰੇ ਉੱਤੇ ਨਜ਼ਰ ਟਿਕਾਅ ਬਹੁਤ ਹੈਰਾਨੀ ਨਾਲ਼ ਦੇਖਿਆ(153)

ਕੈਂਸਰ ਰੋਗ ਦੇ ਕਾਰਨਾਂ ਦੀ ਜਾਣਕਾਰੀ ਮੁਹੱਈਆ ਕਰਵਾਉਣ ਉਪਰੰਤ ਨਾਵਲਕਾਰ ਅਮਨ ਦੀ ਬੇਬੇ ਦੁਆਰਾ ਇਸ ਰੋਗ ਤੋਂ ਬਚਣ ਦੇ ਉਪਾਅ ਬਾਰੇ ਸਵਾਲ ਪੈਦਾ ਕੀਤਾ ਗਿਆ ਹੈ ਤਾਂ ਜੋ ਇਸ ਰੋਗ ਤੋਂ ਬਚਿਆ ਜਾ ਸਕੇ। ਜਦੋਂ ਅਮਨ ਦੀ ਬੇਬੇ ਫਿਕਰਮੰਦ ਹੋ ਕੇ ਪਿੰਡ ਵਾਲਿਆਂ ਦੀ ਇਸ ਸਮੱਸਿਆ ਦੇ ਉਪਾਅ ਬਾਰੇ ਪੁੱਛਦੀ ਹੈ ਤਾਂ ਅਮਨ ਉਸਨੂੰ ਸਥਿਤੀ ਤੋਂ ਜਾਣੂ ਕਰਵਾਉਂਦਾ ਹੈ ਕਿ ਅਜੇ ਤੱਕ ਤਾਂ ਕੋਈ ਪੁਖ਼ਤਾ ਉਪਾਅ ਨਹੀਂ ਦਿਸਦਾ ਲੱਗਦਾ।

> ਪਿਛਲੇ ਦਿਨੀਂ ਵਿਦੇਸ਼ਾਂ ਵਿੱਚ ਗਏ ਹੋਏ ਕੁਝ ਨੌਜਵਾਨਾਂ ਦੇ ਸਹਿਯੋਗ ਨਾਲ਼ ਇੱਕ ਸੰਸਥਾ ਨੇ ਤਲਵੰਡੀ ਸਾਬੋ੍ ਲਾਗੇ ਕੈਂਪ ਲਗਵਾਇਆ। ਉੱਥੇ ਆਲ਼ੇ-ਦੁਆਲ਼ੇ ਦੇ ਪਿੰਡਾਂ ਵਾਲਿਆਂ ਦੀ ਸੇਹਤ ਚੈੱਕ-ਅਪ ਮੁਫ਼ਤ ਕੀਤੀ ਗਈ ਅਤੇ ਇਸ ਬੀਮਾਰੀ ਤੋਂ ਬਚਣ ਦੇ ਉਪਾਵਾਂ ਬਾਰੇ ਵੀ ਦੱਸਿਆ ਗਿਆ। "ਐਹੋ ਜਿਹਾ ਇੱਕ ਕੈਂਪ ਆਪਣੇ ਏਧਰ ਨ੍ਹੀ ਲੱਗ ਸਕਦਾ?" "ਲੱਗ ਕਿਉਂ ਨ੍ਹੀਂ ਸਕਦਾ?" "ਆਪਣੇ ਏਧਰ ਵੀ ਲਗਵਾ ਜਾਰ ਐਹੋ ਜਿਹਾ ਕੈਂਪ। ਏਹ ਤਾਂ ਪੁੰਨ ਦਾ ਕੰਮ ਏ" (154)

ਅੰਤਾਂ ਦੇ ਦੁੱਖ, ਤੰਗੀ ਤੇ ਮਾਨਸਿਕ ਬੋਝਾਂ ਥੱਲੇ ਦੱਬੇ ਪਾਤਰ ਗਰੀਬ ਹਨ, ਰੋਗੀ ਹਨ, ਲਾਚਾਰ ਹਨ ਤੇ ਉਹਨਾਂ ਦੇ ਪਰਿਵਾਰ ਜਾਗਰੂਕ ਵੀ ਨਹੀਂ ਹਨ। ਕਿਸੇ ਸਮੱਸਿਆ ਬਾਰੇ ਸਭ ਤੋਂ ਪਹਿਲਾਂ ਕਦਮ ਉਸ ਬਾਰੇ ਗਿਆਨ ਹੋਣਾ ਹੁੰਦਾ ਹੈ- ਜੇਕਰ ਨਿਰਮਲ ਨੱਕ-ਮੂੰਹ ਢੱਕ ਕੇ ਛਿੜਕਾਅ ਕਰਿਆ ਕਰਦੀ ਤਾਂ ਅੱਜ ਆਪਣੀ ਪੜ੍ਹਾਈ ਦੇ ਸੁਫਨੇ ਪੂਰੇ ਕਰਦੀ ਤੇ ਮਾਂ-ਬਾਪ ਦਾ ਲਾਡ ਪ੍ਰਾਪਤ ਕਰ ਰਹੀ ਹੁੰਦੀ।

ਦੂਸਰਾ ਵੱਡਾ ਕਦਮ ਇਸ ਗੱਲ ਦੀ ਜਾਣਕਾਰੀ ਦੇਣਾ ਹੈ ਕਿ ਦਵਾਈਆਂ ਸਰਕਾਰੀ ਰੇਟਾਂ ਤੇ ਜਾਂ ਫਿਰ ਸਮਾਜ-ਸੇਵੀ ਸੰਸਥਾਵਾਂ ਤੋਂ ਕਿਵੇਂ ਅਤੇ ਕਿੱਥੋਂ ਮਿਲਣਗੀਆਂ।

ਤੀਸਰਾ ਕਦਮ ਇਹ ਹੋਣਾ ਚਾਹੀਦਾ ਹੈ ਕਿ ਕੈਂਸਰ ਦੀ ਪੁਸ਼ਟੀ ਕਰਨ ਵਾਲੇ ਅਤੇ ਰੋਗ ਨਾਲ ਸੰਬੰਧਿਤ ਸਾਰੇ ਮੈਡੀਕਲ ਟੈਸਟ ਬਿਲਕੁਲ ਮੁਫ਼ਤ ਕਰਵਾਏ ਜਾਣ। ਸਿਰਫ਼ ਬੀਕਾਨੇਰ ਹੀ ਕਿਉਂ ਸਗੋਂ ਮਾਲਵੇ ਦੇ ਏਨੇ ਵਿਸ਼ਾਲ ਖੇਤਰ ਵਿੱਚ ਵੀ ਇਸ ਪ੍ਰਕਾਰ ਦੇ ਸਸਤੇ ਅਤੇ ਵਧੀਆ ਇਲਾਜ ਦੇਣ ਵਾਲੇ ਹਸਪਤਾਲ ਹੋਣੇ ਚਾਹੀਦੇ ਹਨ।

ਚੌਥਾ ਕਦਮ ਕਿਸਾਨਾਂ ਨੂੰ ਸੰਪੂਰਨ ਜਾਣਕਾਰੀ ਮੁਹੱਈਆ ਕਰਾਉਣਾ ਹੈ ਕਿ ਫਸਲਾਂ ਨੂੰ ਬਦਲ ਕੇ ਬੀਜਣ, ਐਚ.ਵਾਈ.ਵੀ. ਬੀਜਾਂ ਦੇ ਵਿਕਲਪ ਅਜ਼ਮਾਉਣ, ਰਸਾਇਣਕ ਖਾਦਾਂ ਦੀ ਥਾਂ ਜੈਵਿਕ ਖੇਤੀ ਵੱਲ ਮੁੜਣ, ਖਾਦਾਂ ਤੇ ਸਪਰੇਆਂ ਦੇ ਖਾਲੀ ਹੋਏ ਡੱਬੇ ਹੋਰ ਕੰਮਾਂ ਲਈ ਮੁੜ ਵਰਤੋਂ ਵਿੱਚ ਬਿਲਕੁਲ ਵੀ ਨਾ ਲਿਆਉਣ।

ਨਾਵਲ ਦੇ ਅੰਤ ਵਿੱਚ ਅਨੇਕਾਂ ਪਾਤਰਾਂ ਦੀ ਤ੍ਰਾਸਦੀ ਨੂੰ ਮਹਿਸੂਸ ਕਰਦੇ ਹੋਏ ਮੁੱਖ ਪਾਤਰ ਅਮਨ ਨੂੰ ਉਸਦੀ ਰੂਹ ਲਾਹਨਤਾਂ ਪਾਉਂਦੀ ਹੈ ਕਿ ਉਹ ਮਹਿਜ਼ ਆਪਣੀ ਪ੍ਰੋਜੈਕਟ ਰਿਪੋਰਟ ਨੂੰ ਨੇਪਰੇ ਚੜ੍ਹਾਉਣ ਲਈ ਦੁਖੀਆਂ ਦੇ ਫੱਟ ਕੰਡੇ ਨਾਲ ਫ਼ਰੋਲ ਕੇ ਉਹਨਾਂ ਨੂੰ ਬੇਸਹਾਰਾ ਹੀ ਛੱਡ ਆਇਆ ਹੈ। ਬਹੁਤ ਹੀ ਮਾਯੂਸ ਹੋ ਚੁੱਕੇ ਅਮਨ ਨੂੰ ਇਹ ਲੱਗਦਾ ਹੈ ਕਿ ਉਹ ਬਹੁਤ ਸਵਾਰਥੀ ਤੇ ਬਦਨੀਤਾ ਮਨੁੱਖ ਬਣ ਗਿਆ ਹੈ। ਉਹ ਸੋਚਦਾ ਕਿ ਜੇਕਰ ਵਾਤਾਵਰਨ ਤੇ ਪੌਣ-ਪਾਣੀ ਇਸੇ ਰਫ਼ਤਾਰ ਨਾਲ ਵਿਗੜਦਾ ਗਿਆ ਤਾਂ ਪਿੰਡ ਤਾਂ ਕੀ ਸ਼ਹਿਰ ਵੀ ਨਹੀਂ ਬਚਣੇ...ਕੋਈ ਵੀ ਨਹੀਂ ਬਚਣਾ...ਫਿਰ ਕੀ ਹੀਲਾ ਬਣੇਗਾ...? ਬੀਕਾਨੇਰ ਵੱਲੋਂ ਆਈ ਮਰੀਜ਼ਾਂ ਨਾਲ਼ ਭਰੀ ਕੈਂਸਰ ਟਰੇਨ ਦਗੜ-ਦਗੜ ਕਰਦੀ ਪੰਜਾਬ ਦੇ ਪਿੰਡਾਂ ਵਿੱਚ ਘੁੰਮਦੀ ਉਸਨੂੰ ਦਿਖਾਈ ਦਿੰਦੀ ਹੈ। ਉਸਦੇ ਡੱਬਿਆਂ ਵਿੱਚੋਂ ਜਿੰਨੇ ਮਰੀਜ਼ ਉਤਰਦੇ ਉਸ ਨਾਲੋਂ ਜ਼ਿਆਦਾ ਹੋਰ ਚੜ੍ਹ ਜਾਂਦੇ। ਭਰੀ ਭਰਾਈ ਗੱਡੀ ਇੱਕ ਵਾਰ ਫੇਰ ਪਿਛਾਂਹ ਨੂੰ ਦੌੜਨ ਲੱਗਦੀ। ਗੱਡੀ ਅੱਗੇ ਲੱਗੇ ਇੰਜਣ ਦੀਆਂ ਤੇਜ਼-ਤੇਜ਼ ਕੂਕਾਂ ਅਮਨ ਕੇ ਕੰਨਾਂ ਵਿੱਚ ਗੂੰਜ ਰਹੀਆਂ ਸਨ। ਗੱਡੀ ਵਾਰ-ਵਾਰ ਇਧਰ ਉੱਧਰ ਚੱਕਰ ਕੱਢਦੀ ਰਹੀ ਪਰ ਮਰੀਜ਼ ਮੁੱਕ ਨਹੀਂ ਸਨ ਰਹੇ, ਜਿਵੇਂ ਪੂਰੇ ਦਾ ਪੂਰਾ ਪੰਜਾਬ ਹੀ ਕੈਂਸਰ ਨੇ ਆਪਣੀ ਲਪੇਟ ਵਿੱਚ ਲੈ ਲਿਆ ਹੋਵੇ। ਉਸਦੇ ਕੰਨਾਂ ਵਿੱਚ ਲਗਾਤਾਰ ਮਰੀਜ਼ਾਂ ਦੀਆਂ ਲਾਚਾਰ ਅਵਾਜ਼ਾਂ ਗੂੰਝਣ ਲੱਗ ਜਾਂਦੀਆਂ ਹਨ:

> ਪੁੱਤ ਸਾਨੂੰ ਤਾਂ ਆਥਣ ਸਵੇਰ ਦੀ ਰੋਟੀ ਦਾ ਫ਼ਿਕਰ ਈ ਪਿਆ ਰਹਿੰਦਾ ਏ। ਐਨੀਆਂ ਮਹਿੰਗੀਆਂ ਦੁਆਈਆਂ ਕਿਵੇਂ ਖਰੀਦੀਏ?.. ਰੇਲਿੰਗ ਨੂੰ ਹੱਥ ਪਾਈ ਖੜ੍ਹੇ ਅਮਨ ਦੇ ਕੰਨਾਂ ਨੂੰ ਕਰਮੋ ਦੇ ਇਹ ਬੋਲ ਇੱਕ ਵਾਰ ਫੇਰ ਸੁਣਾਈ ਦਿੱਤੇ(163)

ਉਸ ਰਾਤ ਆਪਣੀ ਡਾਇਰੀ ਦੇ ਇੱਕਲੇ-ਇੱਕਲੇ ਪੰਨੇ ਨੂੰ ਦੁਬਾਰਾ ਪੜ੍ਹਦਿਆਂ ਇੱਕ ਵਾਰ ਫੇਰ ਅਮਨ ਮਾਲਵੇ ਦੇ ਚੱਕ ਨਿਧਾਨਾ, ਗਿਜਲੇ ਵਾਲਾ, ਆਕਲੀਆ ਜਲਾਲ, ਚੇਤ ਸਿੰਘ ਵਾਲਾ, ਕੋਟ ਭਾਈ, ਘੁੱਦਾ, ਜੱਜਲ ਅਤੇ ਹੋਰ ਬਹੁਤ ਸਾਰੇ ਪਿੰਡਾਂ ਵਿੱਚ ਘੁੰਮਦਾ ਰਿਹਾ ਜਿੱਥੇ ਉਸ ਨੂੰ ਆਪਣੇ ਕੰਮ ਦੇ, ਸੰਬੰਧ ਵਿੱਚ ਪਤਾ ਨਹੀਂ ਕਿੰਨੀ ਕੁ ਵਾਰ ਜਾਣਾ ਪਿਆ। ਉਨ੍ਹਾਂ ਪਿੰਡਾਂ ਵਿੱਚੋਂ ਕੈਂਸਰ ਨਾਲ਼ ਮਰ ਗਏ ਤੀਵੀਆਂ ਮਰਦਾਂ ਦੇ ਅੰਕੜੇ ਇੱਕਠੇ ਕਰਦਿਆਂ ਕੈਂਸਰ ਨਾਲ਼ ਪੀੜਤ ਜਿਹੜੇ ਵੀ ਮਰੀਜ਼ ਅਮਨ ਦੇ ਸੰਪਰਕ ਵਿੱਚ ਆਏ ਉਨ੍ਹਾਂ ਨਾਲ਼ ਮਿਲਦੇ-ਗਿਲਦੇ ਅਤੇ ਉਨ੍ਹਾਂ ਦੀ ਬਿਮਾਰੀ ਬਾਰੇ ਗੱਲਾਂ ਕਰਦਿਆਂ ਅਮਨ ਨੂੰ ਲੱਗਣ ਲੱਗਦਾ ਜਿਵੇਂ ਉਹ ਸਾਰੇ ਉਸਦੇ ਆਪਣੇ ਸਕੇ-ਸਬੰਧੀ ਹੀ ਹੋਣ। ਉਸਨੂੰ ਆਪਣਾ ਤਨ-ਮਨ ਵੀ ਰੋਗੀ ਹੋ ਗਿਆ ਲੱਗਦਾ ਹੈ। ਸਭ ਤੋਂ ਵੱਧ ਝਟਕਾ ਉਸਨੂੰ ਉਦੋਂ ਲੱਗਾ ਜਦੋਂ ਉਸਨੂੰ ਜਰਨੈਲ ਦੇ ਚਲਾਣੇ ਤੋਂ ਬਾਅਦ ਪਤਾ ਲੱਗਾ ਕਿ ਜਰਨੈਲ ਵੀ ਇਸ ਭਿਆਨਕ ਬਿਮਾਰੀ ਨਾਲ ਪੀੜਤ ਸੀ:

> ਜਰਨੈਲ ਦੇ ਭੋਗ 'ਤੇ ਗਿਆਂ ਅਮਨ ਨੂੰ ਪਤਾ ਲੱਗਿਆ ਕਿ ਉਹ ਸਾਰੇ ਦੇ ਸਾਰੇ ਮਰੀਜ਼ ਹੁਣ ਇਸ ਦੁਨੀਆਂ 'ਤੇ ਨਹੀਂ ਰਹੇ। ਭੋਗ 'ਤੇ ਗਿਆਂ ਹੀ ਅਮਨ ਨੂੰ ਪਤਾ ਲੱਗਿਆ ਕਿ ਜਰਨੈਲ ਨੂੰ ਵੀ ਕੈਂਸਰ ਦੀ ਬੀਮਾਰੀ ਸੀ ਪਰ ਉਸ ਮਾਂ ਦੇ ਪੁੱਤ ਨੇ ਇੱਕ ਵਾਰ ਵੀ ਇਸਦਾ ਅਹਿਸਾਸ ਅਮਨ ਨੂੰ ਨਾ ਹੋਣ ਦਿੱਤਾ(165)
>
> ਜਿਉਂ-ਜਿਉਂ ਦਿਨ ਦਾ ਚੜ੍ਹਾਅ ਨੇੜੇ ਆ ਰਿਹਾ ਸੀ ਤਿਉਂ-ਤਿਉਂ ਹੀ ਉਦਾਸੀ ਅਮਨ ਦੇ ਜ਼ਿਹਨ ਉੱਤੇ ਭਾਰੂ ਹੁੰਦੀ ਚਲੀ ਗਈ ਇਸ ਦੇ ਨਾਲ ਹੀ ਉਸ ਦੇ ਆਲੇ-ਦੁਆਲੇ ਫੈਲਿਆ ਹਨ੍ਹੇਰਾ ਘਟਣ ਦੀ ਥਾਵੇਂ ਉਸ ਨੂੰ ਹੋਰ ਗਾੜ੍ਹਾ ਹੋ ਗਿਆ ਲੱਗਿਆ। ਕਿਸੇ ਪਾਸੇ ਵੀ ਚਾਨਣ ਦੀ ਕੋਈ ਰਿਸ਼ਮ ਨਾ ਦਿਖਾਈ ਦੇਣ ਕਾਰਨ ਉਸ ਨੂੰ ਲੱਗ ਰਿਹਾ ਸੀ ਜਿਵੇਂ ਜਰਨੈਲ ਵਰਗੇ ਵਧੀਆ ਬੰਦੇ ਦੇ ਤੁਰ ਜਾਣ ਤੋਂ ਬਾਅਦ ਉਹ

ਸਾਰੇ ਰਾਹ ਹਨੇਰੇ ਵਿੱਚ ਹੋਰ ਡੂੰਘਾ ਡੁੱਬ ਗਏ ਹੋਣ ਜਿਨ੍ਹਾਂ ਉੱਤੋ ਦੀ ਤੁਰ ਕੇ ਉਹ ਉੱਥੋਂ ਤੱਕ ਪਹੁੰਚਿਆ ਸੀ। ਅਮਨ ਨੂੰ ਬੜੀ ਦਰਦ ਭਰੀ ਯਾਦ ਆਈ ਕਿ ਆਖ਼ਰੀ ਸਮੇਂ ਜਰਨੈਲ ਵੀ ਇਸੇ ਤਰ੍ਹਾਂ ਹੀ ਤੜਫ਼ਿਆ ਹੋਏਗਾ?(167)

ਪਾਗਲਾਂ ਵਾਂਗ ਗੈਲਰੀ ਦੇ ਇੱਕ ਕੋਨੇ ਤੋਂ ਦੂਸਰੇ ਕੋਨੇ ਤੱਕ ਤੁਰੇ ਫਿਰਦਿਆਂ ਅਚਾਨਕ ਉਸਦੇ ਜ਼ਿਹਨ ਦੀ ਬੱਤੀ ਜਗੀ ਅਤੇ ਉਸ ਨੂੰ ਲੱਗਿਆ ਜਿਵੇਂ ਚਾਨਣ ਉਸਦੇ ਜ਼ਿਹਨ ਵਿੱਚ ਹੀ ਨਹੀਂ ਸਗੋਂ ਉਸਦੇ ਆਲੇ-ਦੁਆਲੇ ਵੀ ਫੈਲ ਗਿਆ ਹੋਵੇ। ਉਸ ਪਲ ਉਸ ਦੀਆਂ ਅੱਖਾਂ ਅੱਗੇ ਤਲਵੰਡੀ ਸਾਬੋ ਲਾਗਲੇ ਪਿੰਡ 'ਭਾਈ ਕੀ ਬਖ਼ਤੌਰ' ਦੇ ਉਸ ਸਰਕਾਰੀ ਸਕੂਲ ਦਾ ਉਹ ਦ੍ਰਿਸ਼ ਉਭਰ ਆਇਆ ਜਿੱਥੇ ਐਨ.ਆਰ.ਆਈਜ਼ ਦੇ ਸਹਿਯੋਗ ਨਾਲ ਇਲਾਕੇ ਦੇ ਕੁਝ ਅਗਾਂਹਵਧੂ ਨੌਜੁਆਨਾਂ ਅਤੇ ਇੱਕ ਕੈਂਸਰ ਰੋਕੋ ਸੰਸਥਾ ਨੇ ਰਲ ਕੇ ਕੈਂਸਰ ਦੀ ਬਿਮਾਰੀ ਨਾਲ ਲੜਨ ਲਈ ਇੱਕ ਜਾਗਰੂਕਤਾ ਕੈਂਪ ਲਾਇਆ।

ਇਸ ਨਾਵਲ ਵਿੱਚ ਇਹ ਦਿਖਾਇਆ ਗਿਆ ਹੈ ਕਿ ਕੈਂਸਰ ਪੀੜਤ ਲੋਕਾਂ ਦਰਮਿਆਨ ਰਹਿ-ਰਹਿ ਕੇ ਅਮਨ ਦਾ ਉਹਨਾਂ ਨਾਲ ਦਿਲ ਤੋਂ ਨਾਤਾ ਬਣ ਜਾਂਦਾ ਹੈ। ਉਹਨਾਂ ਮਰੀਜ਼ਾਂ ਦੇ ਦੁੱਖ ਅਮਨ ਨੂੰ ਆਪਣੇ ਹੀ ਦੁੱਖ ਮਹਿਸੂਸ ਹੁੰਦੇ ਹਨ। ਨਾਵਲ ਦੇ ਅੰਤ ਵਿੱਚ ਜਦੋਂ ਉਹ ਇਹ ਸੋਚਦਾ ਹੈ ਕਿ ਇਸ ਬਿਮਾਰੀ ਨੂੰ ਕਿਸ ਤਰ੍ਹਾਂ ਕਾਬੂ ਕੀਤਾ ਜਾਵੇ ਕਿਉਂਕਿ ਉਸ ਨੇ ਆਪਣੇ ਸਾਹਮਣੇ ਲਗਭਗ ਹਰ ਮਰੀਜ਼ ਨੂੰ ਚਲਾਣਾ ਕਰਦੇ ਦੇਖਿਆ ਜਾਂ ਸੁਣਿਆ ਸੀ। ਉਹ ਇਹ ਵੀ ਮਹਿਸੂਸ ਕਰਦਾ ਹੈ ਕਿ ਆਪਣੀ ਪ੍ਰੋਜੈਕਟ ਰਿਪੋਰਟ ਮੁਕੰਮਲ ਕਰਨ ਲਈ ਉਸ ਨੇ ਗ਼ਰੀਬ ਮਰੀਜ਼ਾਂ ਦੇ ਜ਼ਖ਼ਮਾਂ ਨੂੰ ਆਪਣੀ ਕਲਮ ਨਾਲ ਫਰੋਲਿਆ ਹੈ। ਆਤਮ-ਗਲਾਨੀ ਅਤੇ ਪਛਤਾਵੇਂ ਤੋਂ ਬਾਹਰ ਆਉਣ ਲਈ ਉਹ ਇਸ ਪ੍ਰਸੰਗ ਵਿੱਚ ਮਰੀਜ਼ਾਂ ਦੇ ਹਿੱਤ ਲਈ ਕੁਝ ਕਰਨਾ ਚਾਹੁੰਦਾ ਹੈ। ਇਸੇ ਸੋਚ-ਵਿਚਾਰ ਅਧੀਨ ਉਹ ਸਾਰੀ ਰਾਤ ਬੇਚੈਨ ਹੋਇਆ ਘੁੰਮਦਾ ਰਹਿੰਦਾ ਹੈ। ਤੜਕ-ਸਾਰ ਉਸ ਦੀ ਮੰਗੇਤਰ ਕੀਰਤੀ ਜਦੋਂ ਉਸ ਨੂੰ ਕੁਝ ਦੇਰ ਆਰਾਮ ਕਰਨ ਲਈ ਆਖਦੀ ਹੈ ਤਾਂ ਉਹ ਹਾਂ-ਪੱਖੀ ਸੋਚ ਨਾਲ ਇਸ ਪ੍ਰਕਾਰ ਜਵਾਬ ਦਿੰਦਾ ਹੈ:

ਕਮਲੀਏ, ਏਹ ਸੌਣ ਦਾ ਨ੍ਹੀਂ ਜਾਗਣ ਦਾ ਸਮਾਂ ਏ। ਇਹ ਆਖ ਅਮਨ ਦਾ ਮਨ ਕੀਤਾ ਕਿ ਉਹ ਸਾਹਮਣੇ ਖੜ੍ਹੀ ਕੀਰਤੀ ਨੂੰ ਘੁੱਟ ਕੇ ਆਪਣੀ ਗਲਵਕੜੀ ਵਿੱਚ ਲੈ ਲਵੇ ਪਰ ਉਸ ਵੇਲੇ ਉਹ ਅਜਿਹਾ ਨਾ ਕਰ ਸਕਿਆ ਕਿਉਂਕਿ ਉਹ ਅਜੇ ਅਮਨ ਤੋਂ ਕੁਝ ਦੂਰ ਸੀ(173)

ਅਚਾਨਕ ਅਮਨ ਦੇ ਜ਼ਹਿਨ ਵਿੱਚ ਪਸਰੇ ਹਨ੍ਹੇਰੇ ਨੂੰ ਤੇਜ਼ ਰੋਸ਼ਨੀ ਨੇ ਚੀਰ ਦਿੱਤਾ, ਉਸਨੂੰ ਯਾਦ ਆਇਆ ਕਿ ਹਨ੍ਹੇਰਾ ਜਿੰਨਾ ਮਰਜ਼ੀ ਡੂੰਘਾ ਹੋਵੇ, ਜੁਗਨੂੰ ਦੀ ਲੋਅ ਹਨ੍ਹੇਰੇ ਦਾ ਵਜੂਦ ਖ਼ਤਮ ਕਰ ਦਿੰਦੀ ਹੈ। ਦੀਵੇ ਤੋਂ ਦੀਵੇ ਤੇ ਅਨੇਕਾਂ ਦੀਵੇ ਬਾਲ ਕੇ ਹਰ ਥਾਂ, ਹਰ ਕੋਨਾ ਰੁਸ਼ਨਾਇਆ ਜਾ ਸਕਦਾ ਹੈ। ਕਨੇਡਾ ਮੁੜ ਗਏ ਸੁਖੀ ਅਤੇ ਉਸਦੇ ਦੋਸਤਾਂ ਵਲੋਂ ਪਹਿਲੀ ਵਾਰ 'ਭਾਈ ਕੀ ਬਖ਼ਤੌਰ' ਪਿੰਡ ਵਿੱਚ ਕੈਂਸਰ ਚੈੱਕਅਪ ਲਈ ਕੈਂਪ ਲਗਾਇਆ ਗਿਆ ਸੀ। ਐਨ.ਆਰ.ਆਈ. ਨੌਜਵਾਨਾਂ ਵਲੋਂ ਇੱਕ ਸੰਸਥਾ ਗਰੀਬ ਕੈਂਸਰ ਮਰੀਜ਼ਾਂ ਦੇ ਬਿਲਕੁਲ ਮੁਫ਼ਤ ਇਲਾਜ ਲਈ ਵੱਡਾ ਹਸਪਤਾਲ ਬਣਾਉਣਾ ਚਾਹੁੰਦੀ ਹੈ। ਇਸ ਬਾਬਤ ਨਾਵਲ ਦੇ ਮੁੱਖ ਪਾਤਰ ਅਮਨ ਮੂੰਹੋਂ ਅਜਿਹੇ ਉੱਦਮਾਂ ਦੀ ਪੇਸ਼ਕਾਰੀ ਕੀਤੀ ਗਈ ਹੈ:

ਏਹ ਸੰਸਥਾ ਆਪਣਾ ਹਸਪਤਾਲ ਬਣਾਉਣਾ ਚਾਹੁੰਦੀ ਏ ਜਿੱਥੇ ਕੈਂਸਰ ਦੇ ਨਾਲ-ਨਾਲ ਹੋਰ ਗੰਭੀਰ ਬਿਮਾਰੀਆਂ ਬਾਰੇ ਵੀ ਇਲਾਜ ਹੋਇਆ ਕਰੇਗਾ। ਉੱਥੇ ਜੈਨਰਿਕ ਦੁਆਈਆਂ ਨਾਲ ਮਰੀਜ਼ਾਂ ਦਾ ਇਲਾਜ ਕੀਤਾ ਜਾਏਗਾ। ਕਿਉਂਕਿ ਕੈਂਸਰ ਦੀ ਬਿਮਾਰੀ ਨਾਲ ਸਬੰਧਿਤ ਟੈਸਟ ਬਹੁਤ ਮਹਿੰਗੇ ਨੇ। ਉਹ ਸਭ ਏਥੇ ਮੁਫ਼ਤ ਕੀਤੇ ਜਾਣਗੇ। ਏਸ ਬਿਮਾਰੀ ਦੀਆਂ ਦੁਆਈਆਂ ਵੀ ਬਹੁਤ ਮਹਿੰਗੀਆਂ ਨੇ। ਉਹ ਦੁਆਈਆਂ ਸਸਤੇ ਮੁੱਲ਼ 'ਤੇ ਕਿੱਥੋਂ ਮਿਲਣੀਆਂ ਨੇ ਇਸ ਦੀ ਦੇਖਭਾਲ ਵੀ ਇਸੇ ਸੰਸਥਾ ਦੁਆਰਾ ਕੀਤੀ ਜਾਣੀ ਏ(169)

ਇਸ ਸਭ ਕੁਝ ਬਾਰੇ ਅਮਨ ਹੋਰਾਂ ਨੂੰ ਪ੍ਰਬੰਧਕਾਂ ਨੇ ਬਹੁਤ ਵਧੀਆ ਸਲੀਕੇ ਨਾਲ ਸਮਝਾਇਆ ਕਿ ਇੱਥੇ ਮਿਲਣ ਵਾਲੀਆਂ ਦੁਆਈਆਂ ਬਹੁਤ ਸਸਤੀਆਂ ਹੋਣਗੀਆਂ। ਹਸਪਤਾਲ ਦੀ ਬਿਲਡਿੰਗ ਲਈ ਜਲੰਧਰ ਦੇ ਨੇੜੇ ਪਲਾਟ ਖ਼ਰੀਦ ਲਿਆ ਗਿਆ ਏ। ਪ੍ਰਬੰਧਕਾਂ ਨੇ ਆਉਣ ਵਾਲੇ ਸਮੇਂ ਵਿੱਚ ਉਸ ਸੰਸਥਾ ਵੱਲੋਂ ਕੀਤੇ ਜਾਣ ਵਾਲੇ ਕੰਮਾਂ ਬਾਰੇ ਵੀ ਜਾਣਕਾਰੀ ਦਿੱਤੀ।

ਕੈਂਸਰ ਪੀੜਤ ਗਰੀਬ ਮਰੀਜ਼ਾਂ ਦੇ ਦੁੱਖ ਦਰਦ ਮਹਿਸੂਸ ਕਰਦੇ ਹੋਏ ਨਾਵਲ ਦੇ ਮੁੱਖ ਪਾਤਰ ਅਮਨ ਨੂੰ ਇੱਕ ਸੁਚਾਰੂ ਹੱਲ ਫੁਰਦਾ ਹੈ। ਉਹ ਇਹ ਵਿਚਾਰ ਕਰਦਾ ਹੈ ਕਿ ਵਿਹਾਰਿਕ ਤੌਰ 'ਤੇ ਇਨ੍ਹਾਂ ਮਰੀਜ਼ਾਂ ਦੀ ਮੱਦਦ ਕਰਨ ਲਈ ਪ੍ਰੋਜੈਕਟ ਰਿਪੋਰਟਾਂ ਤੋਂ ਵੀ ਵੱਧ ਲਾਜ਼ਮੀ ਉਹਨਾਂ ਲਈ ਸਸਤੇ ਇਲਾਜ, ਦਵਾਈਆਂ ਅਤੇ ਕੈਂਸਰ ਤੋਂ ਬਚਣ ਲਈ ਵੱਧ ਤੋਂ ਵੱਧ ਜਾਗਰੂਕਤਾ ਕੈਂਪ ਲਗਾਉਣੇ ਜ਼ਰੂਰੀ ਹਨ।

ਅੱਜ ਹਰ ਪਾਸੇ ਟੀ.ਵੀ., ਅਖ਼ਬਾਰਾਂ ਅਤੇ ਮੀਡੀਏ ਰਾਹੀਂ ਰੁੱਖਾਂ ਦੀ ਸਾਂਭ-ਸੰਭਾਲ ਨੂੰ ਲੈ ਕੇ ਬਹੁਤ ਪ੍ਰਚਾਰ ਹੋ ਰਿਹਾ ਹੈ, ਜਿਸ ਨਾਲ ਆਮ ਲੋਕਾਂ ਵਿੱਚ ਕਾਫ਼ੀ ਜਾਗ੍ਰਿਤਾ ਆਈ ਹੈ। ਲੋਕ ਪਹਿਲਾਂ ਨਾਲੋਂ ਰੁੱਖਾਂ ਦੀ ਸਾਂਭ-ਸੰਭਾਲ ਵਾਲੇ ਪਾਸੇ ਕਾਫ਼ੀ ਧਿਆਨ ਦੇ ਰਹੇ ਹਨ। ਸਰਕਾਰਾਂ, ਨਗਰ ਪੰਚਾਇਤਾਂ, ਵੈਲਫੇਅਰ ਸੁਸਾਇਟੀਆਂ ਅਤੇ ਹੋਰ ਸਮਾਜ- ਸੁਧਾਰ ਸੰਸਥਾਵਾਂ ਨੂੰ ਵੀ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ।

ਕੇਂਦਰੀ ਵਿਸ਼ਾ ਵਾਤਾਵਰਨ ਦਾ ਮੁੱਦਾ ਅੱਜ ਹਰ ਕਲਾਕਾਰ, ਚਿੰਤਕ, ਲੇਖਕ, ਰਹਿਨੁਮਾ ਅਤੇ ਸਮਾਜ ਸੁਧਾਰਕ ਸੰਸਥਾ ਦੇ ਚਿੰਤਨ ਦਾ ਬੁਨਿਆਦੀ ਸਰੋਕਾਰ ਹੈ ਜੋ ਅੱਜ ਧਰਤੀ 'ਤੇ ਸਾਡੇ ਜੀਵਨ ਦੀ ਹੋਂਦ ਨਾਲ ਜੁੜਿਆ ਹੋਇਆ ਹੈ। ਇਸ ਨਾਵਲ ਰਾਹੀਂ ਪਾਠਕ ਸਿਰਫ਼ ਇਹੀ ਨਹੀਂ ਜਾਨਣਗੇ ਕਿ ਸਾਡੇ ਸਾਹਿਤਕਾਰ ਤੇ ਕਵੀ ਇਸ ਮਸਲੇ ਬਾਰੇ ਕੀ ਮਹਿਸੂਸ ਕਰਦੇ ਹਨ ਸਗੋਂ ਉਨ੍ਹਾਂ ਨੂੰ ਖ਼ਤਰੇ ਵਿੱਚ ਪਏ ਹੋਏ ਵਾਤਾਵਰਨ ਨੂੰ ਬਚਾਉਣ ਲਈ ਕੁੱਝ ਕਰਨ ਦੀ ਪ੍ਰੇਰਨਾ ਵੀ ਮਿਲੇਗੀ।

ਇਨ੍ਹਾਂ ਪਗਡੰਡੀਆਂ ਤੇ ਤੁਰ ਕੇ ਅਮਨ ਦੁਆਰਾ ਨਾਵਲਕਾਰ ਸਮੂਹ ਪਾਠਕਾਂ ਨੂੰ ਚੇਤਾਉਣਾ ਚਾਹੁੰਦਾ ਹੈ ਕਿ ਸਾਵਧਾਨ ਰਹੋ, ਚੇਤੰਨ ਰਹੋ, ਰਸਾਇਣਾਂ ਦੀ ਵਰਤੋਂ ਤੋਂ ਪਰਹੇਜ਼ ਕਰੋ ਤੇ ਸੁਰੱਖਿਅਤ ਸਾਧਨਾਂ ਦੀ ਯੋਗ ਵਰਤੋਂ ਕਰੋ। ਦੂਸ਼ਿਤ ਧਰਤੀ, ਪਾਣੀ ਤੇ ਹਵਾ ਕਿਸੇ ਇੱਕ ਖੇਤਰ ਨੂੰ ਨਹੀਂ ਸਗੋਂ ਪੂਰੇ ਪੰਜਾਬ ਨੂੰ ਕਲਾਵੇ ਵਿੱਚ ਲੈ ਸਕਦੇ ਹਨ। ਆਪਣਾ ਆਪ ਬਚਾਉਣਾ ਹੈ ਤਾਂ ਪੰਜਾਬ ਬਚਾਓ ਤੇ ਵਾਤਾਵਰਨ ਬਚਾਓ।

### 3.3 ਵਰਤਮਾਨ ਦਹਾਕੇ ਦੀ ਪੰਜਾਬੀ ਕਹਾਣੀ ਵਿੱਚ ਪੇਸ਼ ਵਾਤਾਵਰਨਿਕ ਸੰਕਟ

ਵਾਤਾਵਰਨ ਸੰਕਟ ਦੇ ਸੰਦਰਭ ਵਿੱਚ ਜਸਵੀਰ ਸਿੰਘ ਦੀਦਾਰਗੜ੍ਹ ਦਾ ਪਲੇਠਾ ਕਹਾਣੀ-ਸੰਗ੍ਰਹਿ "ਪਵਣੁ ਗੁਰੂ ਪਾਣੀ ਪਿਤਾ" ਅਗਸਤ 2019 ਵਿੱਚ ਪ੍ਰਕਾਸ਼ਿਤ ਹੋਇਆ ਹੈ। ਲੋਕ ਰੰਗ ਪ੍ਰਕਾਸ਼ਨ, ਬਰਨਾਲਾ

ਦੁਆਰਾ ਪ੍ਰਕਾਸ਼ਿਤ ਹਥਲਾ ਕਹਾਣੀ ਸੰਗ੍ਰਹਿ ਵਾਤਾਵਰਨ ਚਿੰਤਾ ਅਤੇ ਚਿੰਤਨ ਦੇ ਪ੍ਰਸੰਗ ਵਿੱਚ ਲਿਖਿਆ ਗਿਆ ਹੈ। ਦਿਨ ਪ੍ਰਤੀਦਿਨ ਪ੍ਰਦੂਸ਼ਿਤ ਹੋ ਰਿਹਾ ਵਾਤਾਵਰਨ ਮਨੁੱਖੀ ਹੋਂਦ ਲਈ ਵੱਡਾ ਪ੍ਰਸ਼ਨ ਚਿੰਨ੍ਹ ਖੜਾ ਕਰ ਰਿਹਾ ਹੈ। ਅਜੋਕੀ ਪੀੜ੍ਹੀ ਨੂੰ ਭਵਿੱਖਤ ਪੀੜ੍ਹੀ ਦੇ ਸਾਹਮਣੇ ਮੁਜ਼ਰਿਮ ਹੋਣ ਤੋਂ ਬਚਾਉਣ ਲਈ ਵਾਤਾਵਰਨ ਸੰਕਟ ਪ੍ਰਤੀ ਲੋਕਾਈ ਨੂੰ ਜਗਾਉਣਾ ਨਿਹਾਇਤ ਜ਼ਰੂਰੀ ਹੈ। ਕੁਦਰਤੀ ਸ੍ਰੋਤਾਂ ਦੀ ਸੰਜਮ-ਭਰਪੂਰ ਵਰਤੋਂ, ਵਾਤਾਵਰਨ ਦੇ ਸੰਭਾਲ, ਵਿਹਾਰਿਕ, ਨਿਰੰਤਰ ਉਪਰਾਲੇ ਅਤੇ ਵਾਤਾਵਰਨ ਵਿਗਾੜ ਦੇ ਭਿਆਨਕ ਨਤੀਜਿਆਂ ਬਾਬਤ ਚੇਤਨਾ ਨੂੰ ਸੰਚਾਰਿਤ ਅਤੇ ਪ੍ਰਸਾਰਿਤ ਕਰਨ ਲਈ ਸਾਹਿਤ ਦਾ ਅਹਿਮ ਯੋਗਦਾਨ ਹੈ। ਇਸ ਪ੍ਰਤੀ ਸਾਹਿਤ ਦੀ ਕਹਾਣੀ ਵਿਧਾ ਵਿੱਚ ਵੀ ਰਚਨਾ ਹੋਣੀ ਜ਼ਰੂਰੀ ਹੈ। ਵਿਸ਼ੇਸ਼ ਕਰਕੇ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਭਾਵ 2010 ਹੁਣ ਤੱਕ ਕੋਈ ਵੀ ਅਜਿਹਾ ਪੰਜਾਬੀ ਕਹਾਣੀ ਸੰਗ੍ਰਹਿ ਨਹੀਂ ਸੀ ਉਪਲੱਬਧ ਹੋ ਸਕਿਆ ਜਿਸ ਵਿੱਚ ਵਾਤਾਵਰਨ ਸੰਕਟ ਦੀ ਪੇਸ਼ਕਾਰੀ ਕੀਤੀ ਗਈ ਹੋਵੇ ਜਾਂ ਜਿਸ ਵਿੱਚ ਵਾਤਾਵਰਨ ਸਮੱਸਿਆ ਨੂੰ ਨਿਯੰਤਰਿਤ ਕਰਨ ਲਈ ਅਪਣਾਏ ਜਾਣ ਯੋਗ ਸੁਝਾਵਾਂ ਦੀ ਤਜ਼ਵੀਜ਼ ਕੀਤੀ ਗਈ ਹੋਵੇ। ਉਂਝ ਵਾਤਾਵਰਨ ਨਾਲ ਸੰਬੰਧਿਤ ਕੁਝ ਕੁ ਮਿਆਰੀ ਕਹਾਣੀਆਂ ਜਿਵੇਂ- 'ਰੱਬ ਤੇ ਰੁੱਤਾਂ' (ਦਲੀਪ ਕੌਰ ਟਿਵਾਣਾ), 'ਡਾਰਕ ਜ਼ੋਨ' (ਜਸਵੀਰ ਸਿੰਘ ਰਾਣਾ), ਦੁਆਰਾ ਜ਼ਰੂਰ ਲਿਖੀਆਂ ਗਈਆਂ ਹਨ। ਅਜਿਹੀਆਂ ਕਹਾਣੀਆਂ ਬਹੁਤ ਵਧੀਆ ਚੇਤਨਾ ਪੈਦਾ ਕਰਦੀਆਂ ਹਨ। ਪ੍ਰੰਤੂ ਉਕਤ ਦੋਵੇਂ ਕਹਾਣੀਆਂ 2010 ਤੋਂ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਕਹਾਣੀਕਾਰ ਜਸਵੀਰ ਸਿੰਘ ਦੀਦਾਰਗੜ੍ਹ ਵਾਤਾਵਰਨ ਦੇ ਸਿੱਖਰ 'ਤੇ ਅੱਪੜ ਕੇ ਵਾਤਾਵਰਨੀ ਵਿਨਾਸ਼ ਦੇ ਦ੍ਰਿਸ਼ਟਾਂਤ ਪੇਸ਼ ਕੀਤੇ ਹਨ। ਇਹਨਾਂ ਦ੍ਰਿਸ਼ਾਂ ਨੂੰ ਚਿਤਰਨ ਕਰਨ ਦਾ ਮੰਤਵ ਪਾਠਕ ਨੂੰ ਡਰਾਉਣਾ ਨਹੀਂ, ਸਗੋਂ ਮਾਰੂ ਭਵਿੱਖ ਦੇ ਆ ਖਲ੍ਹੋਣ ਤੋਂ ਪਹਿਲਾਂ ਹੀ ਸਥਿਤੀ ਨੂੰ ਸੰਭਾਲ ਲੈਣ ਲਈ ਪ੍ਰੇਰਿਤ ਕਰਨਾ ਹੈ। ਜਿਵੇਂ ਅਰਸਤੂ ਨੇ ਦੁਖਾਂਤ ਨਾਟ ਵਿਖਾ ਕੇ ਦਰਸ਼ਕਾਂ ਅੰਦਰੋਂ ਡਰ, ਮਾਨਸਿਕ ਪੀੜ ਅਤੇ ਆਤਮ-ਵਿਸ਼ਵਾਸ਼ ਹੀਣਤਾ ਨੂੰ ਬਾਹਰ ਕੱਢ ਦੇਣ ਲਈ ਕਥਾਰਸਿਸ ਦਾ ਸਿਧਾਂਤ ਪ੍ਰਸਤੁਤ ਕੀਤਾ ਸੀ, ਜਿਵੇਂ ਕੰਡੇ ਦੀ ਚੋਭ ਨਾਲ ਹੀ ਚਮੜੀ ਵਿੱਚ ਖੁੰਭੇ ਹੋਣੇ ਕੰਡੇ ਨੂੰ ਕੱਢਿਆ ਜਾ ਸਕਦਾ ਹੈ, ਜਿਵੇਂ ਜ਼ਹਿਰ-ਮੌਰੇ ਵਿੱਚ ਜ਼ਹਿਰ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ, ਠੀਕ ਉਵੇਂ ਹੀ ਹਥਲੇ ਕਹਾਣੀ ਸੰਗ੍ਰਹਿ ਅੰਦਰ ਆਪਣੀ ਕਲਪਨਾ ਸ਼ਕਤੀ ਸਦਕਾ ਵਾਤਾਵਰਨ ਦੇ ਸੰਬੰਧ

ਵਿੱਚ ਭਵਿੱਖ ਦੇ ਭਿਆਨਕ ਦ੍ਰਿਸ਼ ਸਿਰਜੇ ਗਏ ਹਨ ਤਾਂ ਕਿ ਪਾਠਕ ਸਮੇਂ ਸਿਰ ਜਾਗ ਕੇ ਆਪਣੇ ਚੁਗਿਰਦੇ ਨੂੰ ਸੰਭਾਲਣ ਲਈ ਹੰਭਲੇ ਮਾਰਨ। ਇਸ ਕਹਾਣੀ ਸੰਗ੍ਰਹਿ ਕੁੱਲ ਤੇਰ੍ਹਾਂ ਕਹਾਣੀਆਂ ਹਨ ਅਤੇ ਲੱਗਭਗ ਸਾਰੀਆਂ ਕਹਾਣੀਆਂ ਵਾਤਾਵਰਨ ਦੇ ਪ੍ਰਦੂਸ਼ਣ, ਸੰਕਟ ਅਤੇ ਘਾਤਕ ਨਤੀਜਿਆਂ ਨਾਲ ਸੰਬੰਧਤ ਹਨ। ਪ੍ਰਸਤੁਤ ਕਹਾਣੀ ਸੰਗ੍ਰਹਿ ਪਵਣੁ ਗੁਰੂ ਪਾਣੀ ਪਿਤਾ ਵਿੱਚ ਪੇਸ਼ ਵਾਤਾਵਰਨ ਚੇਤਨਾ ਦਾ ਅਧਿਐਨ:

> ਹਰ ਦੂਜੀ ਮੌਤ ਦਾ ਕਾਰਨ ਵਾਤਾਵਰਨ ਦੇ ਵਿਗਾੜ ਅਤੇ ਪ੍ਰਦੂਸ਼ਿਤ ਖਾਣ-ਪੀਣ ਦੇ ਜ਼ਹਿਰ ਸਮਝੇ ਜਾ ਰਹੇ ਹਨ। ਮਨੁੱਖ ਹੀ ਨਹੀਂ, ਖੇਤੀਬਾੜੀ, ਜੰਗਲਾਂ, ਬਨਸਪਤੀ ਆਦਿ ਨੂੰ ਵੀ ਹਜ਼ਾਰਾਂ ਕਿਸਮ ਦੇ ਨਵੇਂ ਤੋਂ ਨਵੇਂ ਰੋਗ ਲੱਗ ਰਹੇ ਹਨ ਅਤੇ ਸਭ ਆਨ-ਸ਼ਾਨ ਨਾਲ ਮਰ ਰਹੇ ਹਨ। ਅਜੀਬ ਵਿਡੰਬਨਾ ਹੈ, ਸਭ ਆਪਣੀ ਕਰੂਰ ਹੋਣੀ ਨੂੰ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖਕੇ ਭਰਪੂਰ ਮਨੋਰੰਜਨ ਕਰਨ ਲੱਗੇ ਹੋਏ ਹਨ। ਸਾਨੂੰ ਨਾ ਆਪਣੀ ਤੇ ਨਾ ਹੀ ਕਿਸੇ ਹੋਰ ਦੀ ਕੋਈ ਫ਼ਿਕਰ ਹੈ(10)

ਵਰਤਮਾਨ ਸਦੀ ਵਿੱਚ ਮਨੁੱਖ ਦੀ ਲੋਭੀ ਸੋਚ ਕਰਕੇ ਸੰਸਾਰ ਪੱਧਰ ਤੇ ਵਾਤਾਵਰਨ ਦਾ ਸੰਕਟ ਐਨਾ ਫੈਲ ਚੁੱਕਾ ਹੈ ਕਿ ਮਨੁੱਖ, ਜਨੌਰ, ਰੁੱਖ, ਪੰਛੀ, ਪੌਣ-ਪਾਣੀ, ਜਲ ਸਰੋਤ, ਪਰਬਤ, ਜੰਗਲ, ਧਰਤੀ-ਆਕਾਸ਼ ਸਭ ਖ਼ਤਮ ਹੋਣ ਦੀ ਕਾਗਾਰ ‘ਤੇ ਪੁੱਜ ਚੁੱਕੇ ਹਨ। ਕਾਗਜ਼ਾਂ ਵਿੱਚ ਪਾਸ ਹੋਏ ਮਤੇ ਅਸਲ ਵਿੱਚ ਬਹੁਤੀ ਵਾਰ ਮੂੰਹ-ਭਾਰ ਡਿੱਗ ਪੈਂਦੇ ਹਨ। ਸਾਰਥਿਕ ਅਤੇ ਸੁਹਿਰਦ ਯਤਨ ਆਟੇ ਵਿੱਚ ਲੂਣ ਦੇ ਬਰਾਬਰ ਹੀ ਨਜ਼ਰ ਆਉਂਦੇ ਹਨ।

ਇਸ ਕਹਾਣੀ ਸੰਗ੍ਰਹਿ ਦੀ ਪਹਿਲੀ ਕਹਾਣੀ ਦਾ ਨਾਮ ‘ਪਾਣੀ ਪਿਤਾ’ ਹੈ। ਇਸ ਕਹਾਣੀ ਦੇ ਆਰੰਭ ਵਿੱਚ ਪਿੰਡ ਵਿੱਚ ਪਾਣੀ ਦੀ ਅਖ਼ੀਰਲੀ ਬੂੰਦ ਤੱਕ ਮੁੱਕ ਜਾਣ ਦਾ ਦ੍ਰਿਸ਼ ਉਸਾਰਿਆ ਗਿਆ ਹੈ। ਕਹਾਣੀ ਦਾ ਮੁੱਖ ਪਾਤਰ ਕਮਲ ਇੱਕ ਕਿਸਾਨ ਹੈ। ਕਹਾਣੀਕਾਰ ਨੇ ਇਸੇ ਪਾਤਰ ਕੋਲੋਂ ਮੈਂ-ਮੂਲਕ ਕਥਾ ਅਖਵਾਈ ਹੈ। ਪਾਣੀ ਦੀ ਥੁੜ੍ਹ ਕਰਕੇ ਖੇਤ ਤਾਂ ਪਹਿਲਾਂ ਹੀ ਬੰਜਰ ਬਣੀ ਜਾ ਰਹੇ ਸਨ। ਉਪਰੋਂ ਉਸ ਦੀ ਬੇਬੇ ਬੰਬ ਦੇ ਧਮਾਕਿਆਂ ਵਾਂਗ ਐਲਾਨ ਕਰਦੀ ਹੋਈ ਦੱਸਦੀ ਹੈ ਕਿ ਸਾਰੇ ਪਿੰਡ ਵਿੱਚ ਪਾਣੀ ਮੁੱਕ ਗਿਆ ਹੈ ਤੇ ਪੀਣ ਲਈ ਕਿਧਰੋਂ ਵੀ ਪਾਣੀ

ਦਾ ਤੁਪਕਾ ਨਹੀਂ ਮਿਲ ਰਿਹਾ। ਨੀਂਦ 'ਚੋਂ ਅੱਭੜਵਾਹੇ ਜਾਗਿਆ ਮੈਂ-ਪਾਤਰ ਬੇਬੇ ਦੀ ਚੀਖ਼-ਪੁਕਾਰ ਸੁਣ ਕੇ ਪਰੇਸ਼ਾਨ ਹੋਇਆ ਖਿੱਝ ਕੇ ਇਸ ਪ੍ਰਕਾਰ ਬੋਲਦਾ ਹੈ:

> ਟਿਕ ਜਿਆ ਕਰ ਬੀਬੀ, ਟਿਕ ਜਿਆ ਕਰ! ਸਾਰਾ ਖੇਤ ਹੀ ਸੁੱਕਿਆ ਤੇ ਪਾਟਿਆ ਪਿਆ। ਜਿੱਧਰ ਨਜ਼ਰ ਮਾਰੋ, ਖੇਤਾਂ ਵਿੱਚ ਤਾਂ ਰੁੱਖੀ–ਸੁੱਕੀ ਧੂੜ੍ਹ ਹੀ ਧੂੜ੍ਹ ਉੱਡਦੀ ਨਜ਼ਰ ਆਉਂਦੀ ਐ ਤੇ ਕਿਧਰੇ ਵੀ ਸਹੁੰ ਖਾਣ ਨੂੰ ਪਾਣੀ ਦੀ ਇੱਕ ਵੀ ਬੂੰਦ ਨ੍ਹੀਂ ਦਿਸਦੀ। ਨਾ ਮੀਂਹ ਪੈ ਰਹੇ ਨੇ, ਨਾ ਧਰਤੀ ਵਿੱਚੋਂ ਹੀ ਕੋਈ ਬੂੰਦ ਨਿੱਕਲ਼ ਰਹੀ ਹੈ। ਪੰਜ ਸੌ ਫੁੱਟ ਡੂੰਘਾ ਬੋਰ ਵੀ ਪਾਣੀ ਦੇਣ ਤੋਂ ਜਵਾਬ ਦੇ ਗਿਆ ਹੈ। ਲੱਗਦੈ ਧਰਤੀ ਹੀ ਖ਼ਾਲੀ ਹੋ ਗਈ ਹੈ ਤੇ ਹੁਣ ਜਦੋਂ ਬੇਵਸੀ ਹੀ ਹੋਈ ਪਈ ਆ ਤਾਂ ਹੋਰ ਕੀ ਦੱਸ ਮੈਂ ਫਾਹਾ ਲੈ 'ਲਾਂ ਹੁਣ? ਇੱਕ ਮਰਨਾ ਹੀ ਤਾਂ ਬਾਕੀ ਰਹਿ ਗਿਆ ਤੇ ਮੌਤ ਕਿਹੜਾ ਆਉਂਦੀ ਐ ਇੱਥੇ!(13)

ਬੇਬੇ ਦੀ ਡਰੀ ਆਵਾਜ਼ ਤੋਂ ਡਰ ਕੇ ਮੈਂ-ਪਾਤਰ ਅਤੇ ਉਸ ਦੀ ਪਤਨੀ ਘਰ ਵਿੱਚ ਪਾਣੀ ਭਾਲਦੇ ਭੱਜੇ ਫਿਰਦੇ ਹਨ। ਪਰ ਕਿਤੇ ਜਰ੍ਹਾ ਜਿੰਨਾਂ ਵੀ ਪਾਣੀ ਨਹੀਂ ਮਿਲਦਾ। ਹਰ ਪਾਸੇ ਹਾਹਾਕਾਰ ਮੱਚ ਜਾਂਦੀ ਹੈ। ਮਨੁੱਖ ਤਾਂ ਪਾਣੀ ਖੁਣੋਂ ਤਿਰਹਾਏ ਤੜਫਦੇ ਹੀ ਹਨ, ਪਸ਼ੂ ਵੀ ਪਿਆਸੇ ਹੋ ਕੇ ਪਾਣੀ ਤਰਸ ਰਹੇ ਹਨ। ਇਸ ਪ੍ਰਥਾਇ ਕਹਾਣੀ ਵਿੱਚ ਇਸ ਪ੍ਰਕਾਰ ਵਰਣਨ ਕੀਤਾ ਗਿਆ ਹੈ:

> ਸਾਰੇ ਪਸ਼ੂ ਵੀ ਬਹੁਤ ਬੇਚੈਨੀ ਵਿੱਚ ਰੰਭ ਕੇ ਰੱਸੇ ਤੁੜਾ ਰਹੇ ਹਨ। ਮੇਰੇ ਵੱਲ ਵੇਖ ਕੇ ਉਹਨਾਂ ਮੌਤ ਵਰਗਾ ਰਾਟ੍ਹ ਚੁੱਕ ਦਿੱਤਾ ਜਿਵੇਂ ਕੂਕ ਰਹੇ ਹੋਣ- "ਪਾਣੀ-ਪਾਣੀ...!" ਤੇ ਫ਼ਿਰ ਬੇਬਸੀ ਭਰੀ ਮਾਰੂ ਬੇਚੈਨੀ ਨਾਲ਼ ਰੋਣ ਹਾਕੇ ਹੋ ਗਏ ਹੋਣ। ਉਹਨਾਂ ਦੀ ਤੜਪ ਤੋਂ ਲੱਗਿਆ ਜਿਵੇਂ ਮੌਤ ਦਾ ਤਾਂਡਵ ਸ਼ੁਰੂ ਹੋ ਚੁੱਕਾ ਹੋਵੇ। ਅੱਖਾਂ ਵਿੱਚੋਂ ਦਰਦ ਭਰੇ ਅੱਥਰੂ ਚੋਅ ਰਹੇ ਹਨ(15)

ਮੈਂ-ਪਾਤਰ ਦੇ ਬੇਬੇ-ਬਾਪੂ ਜੁਆਕਾਂ ਕੋਲ ਆ ਬੈਠਦੇ ਹਨ ਤੇ ਮੈਂ-ਪਾਤਰ ਤੇ ਉਸਦੀ ਪਤਨੀ ਪਾਣੀ ਲਿਆਉਣ ਲਈ ਪਿੰਡ ਵੱਲ ਨੂੰ ਭੱਜਦੇ ਹਨ। ਇਸ ਰੌਲੇ-ਗੌਲੇ ਵਿੱਚ ਜੁਆਕ ਡਰ ਕੇ ਜਾਗ ਜਾਂਦੇ ਹਨ ਤੇ ਉੱਠਦੇ ਸਾਰ ਹੀ ਪੀਣ ਨੂੰ ਪਾਣੀ ਮੰਗਦੇ ਹਨ, ਪਰ ਪਾਣੀ ਅਸਲੋਂ ਹੀ ਮੁੱਕ ਚੁੱਕਾ ਹੁੰਦਾ ਹੈ। ਇਸ ਮਾਰਮਿਕ ਸਥਿਤੀ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ:

ਦਿੰਨੇ ਆਂ ਪੁੱਤ ਪਾਣੀ...ਠੰਢਾ-ਠੰਢਾ ਸ਼ਰਬਤ ਵਰਗਾ! ਕਹਿ ਕੇ ਬੇਬੇ ਨੇ ਕਾਹਲ਼ੀ ਨਾਲ਼ ਬੱਚੇ ਕਲਾਵੇ ਵਿੱਚ ਇਸ ਤਰ੍ਹਾਂ ਘੁੱਟ ਲਏ, ਜਿਵੇਂ ਉਸਨੂੰ ਅੱਜ ਕੋਈ ਬਹੁਤ ਹੀ ਭਿਆਨਕ ਅਣਹੋਣੀ ਦਿਖਾਈ ਦੇ ਰਹੀ ਹੋਵੇ ਤੇ ਆਪਣੇ ਕੇਲਾਂ ਕਰਦੇ ਟੱਬਰ ਨੂੰ ਹੁਣੇ ਹੀ ਰੱਬ ਦੇ ਅਚਿੰਤੇ ਬਾਜ਼ ਪੈਣੇ ਹੋਣ। ਉਸਨੇ ਮੂੰਹ ਇੰਝ ਘੁੱਟ ਲਿਆ ਜਿਵੇਂ ਅੰਦਰੋਂ ਲੱਖਾਂ ਹੰਝੂ-ਹਾਉਕੇ ਬਾਹਰ ਆਉਣੋਂ ਰੋਕੇ ਹੋਣ(15)

ਡਰੇ-ਸਹਿਮੇ ਬੱਚੇ ਵਾਰ-ਵਾਰ ਪਾਣੀ ਦੀ ਮੰਗ ਕਰਦੇ ਹਨ, ਪਰ ਪਾਣੀ ਤਾਂ ਹੈ ਹੀ ਨਹੀਂ। ਬੇਬੇ ਹੁਰਾਂ ਦੇ ਹੌਂਸਲੇ ਅਤੇ ਲਾਡ-ਦੁਲਾਰ ਵੀ ਬੱਚਿਆਂ ਦੀ ਤ੍ਰੇਹ ਨੂੰ ਤ੍ਰਿਪਤ ਕਰਨੋ ਅਸਮਰੱਥ ਸਨ। ਹਾਲੋਂ-ਬੇਹਾਲ ਹੋਏ ਬੱਚੇ ਕੁਰਲਾ ਕੇ ਦਾਦਾ-ਦਾਦੀ ਅੱਗੇ ਵਿਆਕੁਲ ਹੋ ਕੇ ਬੇਨਤੀ ਕਰਦੇ ਹਨ:

ਅੰਮੀ ਜੀ !ਛੇਤੀ ਛੇਤੀ ਠੰਢਾ ਪਾਣੀ ਲੈ ਕੇ ਆਉਣਾ ਪਲੀਜ਼, ਪਿਆਸ ਬਹੁਤ ਜ਼ੋਰ ਦੀ ਲੱਗੀ ਐ ਗਲ਼ ਸੁੱਕੀ ਜਾਂਦਾ, ਜਾਨ ਨਿੱਕਲ਼ੀ ਜਾਂਦੀ ਆ! ਬੇਟੀ ਦੀ ਆਵਾਜ਼ ਵੀ ਕੰਨਾਂ ਵਿੱਚ ਆ ਵੱਜਦੀ ਹੈ- ਮੰਮਾ...! ਅੱਜ ਪਹਿਲਾਂ ਮੈਨੂੰ ਦਿਓ ਪਾਣੀ, ਇਹ ਰੋਜ਼ ਪਹਿਲਾਂ ਪੀਂਦੈ, ਮੈਨੂੰ ਕਦੇ ਨ੍ਹੀਂ ਪੀਣ ਦਿੰਦਾ, ਅੱਜ ਮੇਰੀ ਵਾਰੀ ਹੈ, ਮੈਂ ਹੀ ਪਹਿਲਾਂ ਪੀਵਾਂਗੀ...!!(16)

ਓਧਰ ਦੂਜੇ ਪਾਸੇ ਪਿੰਡ ਵਿੱਚ ਪਾਣੀ ਲੱਭਣ ਗਏ ਮੈਂ-ਪਾਤਰ ਅਤੇ ਉਸਦੀ ਪਤਨੀ ਪਾਣੀ ਖ਼ਾਤਰ ਥਾਂ-ਥਾਂ ਭਟਕਦੇ ਫਿਰਦੇ ਹਨ। ਸਾਰੇ ਪਿੰਡ ਵਾਸੀਆਂ ਦਾ ਵੀ ਇਹੋ ਹਾਲ ਹੈ। ਮੈਂ-ਪਾਤਰ ਨੂੰ ਚੇਤੇ ਆਉਂਦਾ ਹੈ ਕਿ ਹਵਾ, ਪਾਣੀ ਤੇ ਰੁੱਖਾਂ ਦੀ ਬੇਅਦਬੀ ਸਦਕਾ ਹੀ ਚੁਗਿਰਦੇ ਦੀ ਇੰਨੀ ਮਾੜੀ ਸਥਿਤੀ ਹੋ ਚੁੱਕੀ ਹੈ। ਜਿਨ੍ਹਾਂ ਲੋਕਾਂ ਨੇ ਧੜੱਲੇ ਨਾਲ ਪਾਣੀ ਦੀ ਬਰਬਾਦੀ ਕੀਤੀ, ਜਿਨ੍ਹਾਂ ਨੇ ਹਿੱਕ ਦੇ ਜੋਰ 'ਤੇ ਰੁੱਖ ਵੱਢ ਛੱਡੇ ਤੇ ਜਿਹੜੇ ਢੀਠ ਲੋਕ ਵਾਤਾਵਰਨ-ਪ੍ਰੇਮੀਆਂ ਦੇ ਸਮਝਾਏ ਜਾਣ 'ਤੇ ਵੀ ਅਥੱਰੇ ਘੋੜੇ ਵਾਗੂੰ ਅੜੇ ਰਹੇ ਅੱਜ ਉਹਨਾਂ ਦੀਆਂ ਲਾਪਰਵਾਹੀਆਂ ਕਰਕੇ ਹੀ ਪਾਣੀ ਦੀ ਅਖ਼ਰੀਲੀ ਬੂੰਦ ਵੀ ਸੁਫਨਾ ਬਣ ਗਈ ਜਾਪਦੀ ਹੈ। ਕੱਲ ਤੱਕ ਅਜਿਹੇ ਬੇਰਹਿਮ ਲੋਕ ਵਾਤਾਵਰਨ-ਪ੍ਰੇਮੀਆਂ ਨੂੰ ਟਿੱਚਰਾਂ ਕਰਦੇ ਫ਼ਿਰਦੇ ਸਨ ਅੱਜ ਪਾਣੀ ਮੁੱਕਦਾ-ਮੁੱਕਦਾ ਵੀ ਉਹਨਾਂ ਨੂੰ ਅੰਗੂਠਾ ਦਿਖਾ ਗਿਆ ਹੈ। ਪਿੰਡ ਵਿੱਚ ਤਾਂ ਹਾਲਾਤ ਬਹੁਤ ਹੀ ਜ਼ਿਆਦਾ ਗੰਭੀਰ ਨੇ। ਸੁੱਕੇ ਬੁੱਲ੍ਹ, ਵੀਰਾਨ ਅੱਖਾਂ, ਤਰਸਯੋਗ ਚਿਹਰੇ 'ਪਾਣੀ!!ਪਾਣੀ!!' ਕੂਕਦੇ ਕੁੱਝ ਹੋਰ ਹੀ ਤਰ੍ਹਾਂ ਲੱਗੇ ਹਨ। ਪਰ ਇਹ ਸਭ ਤਾਂ ਓਹੀ

ਲੋਕ ਨੇ ਜੋ ਪਾਣੀ ਦੀ ਸਦਾ ਹੀ ਬੇਰਹਿਮੀ ਨਾਲ ਬੇਅਦਬੀ ਕਰਦੇ ਰਹੇ ਨੇ। ਕਦੇ ਵੀ ਬੱਚਤ ਨਹੀਂ ਕੀਤੀ ਇਹਨਾਂ ਨੇ। ਜੇ ਕਦੇ ਕੋਈ ਕਹਿੰਦਾ ਵੀ ਸੀ ਤਾਂ ਹੱਸ ਛੱਡਦੇ ਸੀ। ਮਖ਼ੌਲ ਕਰਦੇ ਤੇ ਬੋਲ-ਕੁਬੋਲ ਵੀ ਬੋਲਦੇ ਸਨ। ਅਸਲ ਵਿੱਚ ਇਹਨਾਂ ਨੂੰ ਇਸ ਭਿਆਨਕਤਾ ਦਾ ਸੁਪਨੇ ਵਿੱਚ ਵੀ ਖਿਆਲ ਤੱਕ ਨਹੀਂ ਹੋਣਾ। ਇਹਨਾਂ ਕਦੇ ਕਿਤੇ ਕੋਈ ਰੁੱਖ ਲਗਾਉਣ, ਮੀਂਹ ਦਾ ਪਾਣੀ ਧਰਤੀ ਵਿੱਚ ਰੀਚਾਰਜ ਕਰਨ ਤੇ ਬਚਾਉਣ ਦਾ ਮਹੱਤਵ ਵੀ ਨਹੀਂ ਸੀ ਸਮਝਿਆ।

ਜਿਉਂ ਹੀ ਮੈਂ-ਪਾਤਰ ਨੂੰ ਯਾਦ ਆਉਂਦਾ ਹੈ ਕਿ ਉਸ ਦੇ ਬੱਚੇ ਪਾਣੀ ਲਈ ਵਿਲਕ ਰਹੇ ਹੋਣਗੇ ਤਾਂ ਉਹ ਹੋਰ ਤੇਜ਼ੀ ਨਾਲ ਦੌੜ ਕੇ ਪਾਣੀ ਲੱਭਦਾ ਫਿਰਦਾ ਹੈ। ਪਾਣੀ ਦੀ ਤਲਾਸ਼ ਵਿੱਚ ਭੱਜਦੇ ਫਿਰਦੇ ਸਾਰੇ ਪਿੰਡ ਵਾਸੀ ਬੁਰੀ ਤਰ੍ਹਾਂ ਨਾਲ ਹਫ਼ ਜਾਂਦੇ ਹਨ। ਨੱਸ-ਭੱਜ ਕੇ ਪਿਆਸ ਹੋਰ ਵੀ ਵੱਧ ਗਈ ਹੈ। ਤ੍ਰੇਹੀ ਜਿੰਦ ਮ੍ਰਿਗ-ਤ੍ਰਿਸ਼ਨਾ ਦੇ ਭਰਮ ਪੈਦਾ ਕਰ ਰਹੀ ਹੈ। ਪਾਣੀ ਨੂੰ ਪ੍ਰਾਪਤ ਕਰਨ ਲਈ ਲੋਕ ਮਾਰੇ-ਮਾਰੇ ਫਿਰ ਰਹੇ ਹਨ। ਪਾਣੀ ਦੀ ਭਟਕਣਾ ਨੇ ਸਭ ਨੂੰ ਤੜਫ਼ਾ ਛੱਡਿਆ ਹੈ। ਅਜਿਹੀ ਮਨੋਦਸ਼ਾ ਦਾ ਵਰਣਨ ਕਹਾਣੀ ਵਿੱਚ ਇਸ ਪ੍ਰਕਾਰ ਕੀਤਾ ਗਿਆ ਹੈ:

> ਹੁਣ ਮੇਰੀ ਸ਼ਕਤੀ ਵੀ ਪੂਰੀ ਤਰ੍ਹਾਂ ਗੁੰਮ ਹੁੰਦੀ ਤੇ ਦਿਮਾਗ ਮਰਦਾ ਜਾ ਰਿਹਾ ਹੈ, ਬੁੱਲ੍ਹਾਂ ਉੱਤੇ ਮੋਟੀ ਪੇਪੜੀ ਜੰਮ ਗਈ ਹੈ। ਹਿਰਦੇ ਵਿੱਚੋਂ ਮਿਰਗ ਤ੍ਰਿਸ਼ਨਾ ਭਟਕ ਉੱਠੀ ਹੈ। ਹੁਣ ਜਿੱਧਰ ਨਜ਼ਰ ਫੇਰਦਾ ਹਾਂ, ਚਾਰੇ ਪਾਸੇ ਪਾਣੀ ਹੀ ਪਾਣੀ ਦਿਖਾਈ ਦਿੰਦਾ ਹੈ...ਦਿਲ ਕਰਦੈ ਸਾਰਾ ਪਾਣੀ ਕੱਲਾ ਹੀ ਪੀ ਜਾਵਾਂ। ਭੱਜਦਾ ਹਾਂ ਪਰ ਰੇਤ ਦਾ ਵਿਸ਼ਾਲ ਮਾਰੂਥਲ ਮੂੰਹ ਚਿੜਾਉਂਦਾ ਹੈ। ਭਰਮ ਭੁਲੇਖੇ ਵੀ ਅੱਜ ਹੀ ਖੇਡਾਂ ਖੇਡ ਰਹੇ ਨੇ(17)

ਵਾਤਾਵਰਨ ਪ੍ਰਤੀ ਸੰਵੇਦਨਹੀਣ ਹੋ ਚੁੱਕੀ ਲੁਕਾਈ ਨੂੰ ਹਲੂਣ ਕੇ ਜਗਾਉਣ ਦੀ ਲੋੜ ਹੈ। ਇਸ ਪ੍ਰਥਾਇ ਕਹਾਣੀਕਾਰ ਨੇ ਵੀਭਤਸ ਭਾਵ ਡਰਾਉਣੇ ਦ੍ਰਿਸ਼ਾਂ ਦਾ ਪ੍ਰਯੋਗ ਵੀ ਕੀਤਾ ਹੈ। ਇਨਸਾਨਾਂ ਵੱਲੋਂ ਪਸ਼ੂਆਂ ਜਾਂ ਹੋਰ ਇਨਸਾਨਾਂ ਦਾ ਲਹੂ ਪੀ ਕੇ ਪਿਆਸ ਬੁਝਾਉਣ ਦੀ ਕਲਪਨਾ ਵੀ ਬੜੀ ਭਿਆਨਕ ਅਤੇ ਦਰਦਨਾਕ ਹੈ। ਪ੍ਰੰਤੂ ਅਜਿਹੇ ਦ੍ਰਿਸ਼ ਉਭਾਰ ਕੇ ਕਹਾਣੀਕਾਰ ਨੇ ਸਾਡੀ ਸੁਤੀ ਹੋਈ ਬੁੱਧ-ਬਿਬੇਕ ਨੂੰ ਝੰਜੋੜ ਕੇ ਜਗਾਉਣ ਦਾ ਕੰਮ

ਕੀਤਾ ਹੈ ਤਾਂ ਜੋ ਪਾਣੀ ਦੀ ਪਿਆਸ ਪਾਣੀ ਨਾਲ ਹੀ ਬੁਝਾਈ ਜਾ ਸਕੇ। ਪ੍ਰਸਤੁਤ ਹਨ ਕਹਾਣੀ ਵਿੱਚੋਂ ਅਜਿਹੇ ਕੁਝ ਦ੍ਰਿਸ਼ਟਾਂਤ:

> ਪਿੰਡ ਦੇ ਇਸ ਪਾਸੇ ਅਜੀਬ ਹੀ ਕਿਸਮ ਦਾ ਰੌਲ਼ਾ ਪੈ ਰਿਹਾ ਹੈ। ਬਹੁਤ ਸਾਰੇ ਲੋਕ ਡੰਗਰ-ਪਸ਼ੂਆਂ ਦਾ ਲਹੂ ਕੱਢ ਰਹੇ ਨੇ ਤੇ ਲਹੂ ਲੈਣ ਵਾਲਿਆਂ ਦੀ ਵੀ ਬਹੁਤ ਹੀ ਵੱਡੀ ਭੀੜ ਹੈ। ਲਹੂ ਹੀ ਕੀ, ਜੇ ਅੱਜ ਇੱਥੇ ਜ਼ਹਿਰ ਦਿੱਤੀ ਜਾਂਦੀ ਹੁੰਦੀ ਤਾਂ ਵੀ ਲੋਕਾਂ ਨੇ ਧੱਕੇ-ਮੁੱਕੀ ਹੋ ਕੇ ਮਰਨਾ ਸੀ। ਲੋਕਾਂ ਦੇ ਮਨਾਂ ਵਿੱਚ ਕਾਹਲ਼ ਤੇ ਚਿਹਰਿਆਂ ਉੱਤੇ ਦਹਿਸ਼ਤ ਹੈ। ਮੈਂ ਦੇਖਿਆ ਮੇਰੀ ਪਤਨੀ ਵੀ ਲਹੂ ਲੈਣ ਲਈ ਵਿੱਚੇ ਹੀ ਖੜ੍ਹੀ ਹੈ। ਉਸਨੂੰ ਦੇਖ ਕੇ ਤਾਂ ਮੇਰੀ ਧਾਹ ਹੀ ਨਿੱਕਲ਼ ਗਈ(18)

ਪਾਣੀ ਨਾ ਮਿਲਣ ਜੀ ਸੂਰਤ ਵਿੱਚ ਬਿਲਪਦੇ ਬੱਚਿਆਂ ਦੀ ਤਰਸਯੋਗ ਅਤੇ ਮਾਰਮਿਕ ਅਵਸਥਾ ਦਾ ਬਿਰਤਾਂਤ ਦਿੱਤਾ ਗਿਆ ਹੈ। ਪਾਣੀ ਦੀ ਅਣਹੋਂਦ ਵਿੱਚ ਬੱਚੇ ਖਾਲੀ ਬਾਲਟੀ ਵਿੱਚੋਂ ਪਾਣੀ ਪੀਣ ਦਾ ਕੇਵਲ ਐਕਸ਼ਨ ਕਰਨ ਲੱਗ ਜਾਂਦੇ ਹਨ। ਇਹ ਵੇਖ ਕੇ ਮੈਂ-ਪਾਤਰ ਐਨਾ ਦੁਖੀ ਹੋ ਜਾਂਦਾ ਹੈ ਕਿ ਪਿਆਸ ਬੁਝਾਉਣ ਲਈ ਕਲਪਨਾ ਵਿੱਚ ਆਪਣੀ ਹੀ ਬਾਂਹ ਦਾ ਚੱਕ ਭਰ ਲੈਂਦਾ ਹੈ ਪਰ ਖ਼ੂਨ ਵੀ ਜੰਮ ਗਿਆ ਪ੍ਰਤੀਤ ਹੁੰਦਾ ਹੈ। ਅੱਜ ਤੀਕਰ ਅੱਗ ਲੱਗ ਜਾਣ ‘ਤੇ ਦੁਰਘਟਨਾ ਘਟਦੀ ਸੁਣੀ ਜਾਂਦੀ ਰਹੀ ਹੈ, ਪਾਣੀ ਨਾਲ ਹੜ੍ਹ ਜਾਂ ਸੋਕੇ ਦੀ ਮਾਰ ਬਾਰੇ ਸੁਣਿਆ ਜਾਂਦਾ ਰਿਹਾ ਹੈ, ਭੂਚਾਲ ਅਤੇ ਤੂਫ਼ਾਨਾਂ ਦੀ ਤਬਾਹੀ ਬਾਰੇ ਜ਼ਿਕਰ ਹੁੰਦੇ ਆਏ ਸਨ, ਪ੍ਰੰਤੂ ਧਰਤੀ ਤੋਂ ਪਾਣੀ ਦੇ ਬਿਲਕੁੱਲ ਮੁੱਕ ਜਾਣ ਦੀ ਗੱਲ ਤਾਂ ਸਾਹ ਸੁਕਾ ਦੇਣ ਵਾਲੀ ਹੈ। ਬੇਚਾਰਗੀ ਅਤੇ ਮਜ਼ਬੂਰੀ ਦੇ ਹਾਵ-ਭਾਵ ਇਸ ਪ੍ਰਕਾਰ ਪੇਸ਼ ਕੀਤੇ ਗਏ ਹਨ:

> ਬੱਚੇ ਓਵੇਂ ਹੀ ਆਪਸ ‘ਚ ਝਗੜ ਰਹੇ ਤੇ ਪਾਣੀ ਪੀਣ ਦਾ ਨਾਟਕ ਕਰ ਰਹੇ ਨੇ। ਉਹਨਾਂ ਤੋਂ ਬਚਾ ਕੇ ਮੈਂ ਗਲ਼ਾ ਤਰ ਕਰਨ ਲਈ ਆਪਣੀ ਬਾਂਹ ਦਾ ਹੀ ਚੱਕ ਭਰਦਾ ਹਾਂ, ਪਰ ਖ਼ੂਨ ਵੀ ਨਦਾਰਦ ਹੈ। ਹੁਣ ਤਾਂ ਸਿਰਫ਼ ਪਤਨੀ ਤੋਂ ਹੀ ਓੜਕਾਂ ਦੀ ਆਸ ਹੈ। ਕੀ ਪਤਾ ਉਸਨੂੰ ਕਿਧਰੋਂ ਦੋ ਬੂੰਦਾਂ ਮਿਲ਼ ਗਈਆਂ ਹੋਣ। ਜੇ ਮਿਲ਼ ਗਈਆਂ ਉਹ ਆਪ ਨਹੀਂ ਪੀਵੇਗੀ, ਬੱਚਿਆਂ ਦੇ ਮੋਹ ਵਿੱਚ ਭਿੱਜੀ ਘਰ ਵੱਲ ਹੀ ਦੌੜੇਗੀ(21)

ਮੀਡੀਆ ਦੇ ਨਿਰਪੱਖ ਹੋਣ ਦੇ ਘੁਣ-ਯੁਕਤ ਦਾਅਵੇ ਉੱਤੇ ਟਕੋਰ ਲਗਾਉਂਦਾ ਹੋਇਆ ਕਹਾਣੀਕਾਰ ਦੱਸਦਾ ਹੈ ਕਿ ਪਿੰਡ ਵਿੱਚੋਂ ਪਾਣੀ ਦੀ ਅਣਹੋਂਦ ਹੋ ਜਾਣ ਮਗਰੋਂ ਮੈਂ-ਪਾਤਰ ਇਸ ਆਸ ਨਾਲ ਟੀ.ਵੀ. ਲਗਾਉਂਦਾ ਹੈ ਕਿ ਮਤੇ ਪ੍ਰਸ਼ਾਸਨ ਵੱਲੋਂ ਪਾਣੀ ਮੁਹੱਈਆ ਕਰਵਾਉਣ ਦੀ ਕੋਈ ਘੋਸ਼ਣਾ ਹੀ ਹੋ ਜਾਵੇ, ਪਰ ਮੀਡੀਆ ਦੇ ਘਿਨੌਣੇ ਚਿਹਰੇ ਅਤੇ ਪ੍ਰਬੰਧਨ ਦੀਆਂ ਬੇਤੁਕੀਆਂ ਦਲੀਲਾਂ ਤੋਂ ਤੰਗ ਹੋ ਕੇ ਮੈਂ-ਪਾਤਰ ਝੂਰਦਾ ਹੋਇਆ ਉਹਨਾਂ ਨੂੰ ਲਾਹਨਤਾਂ ਪਾਉਂਦਾ ਹੈ। ਨਿਮਨ ਲਿਖਤ ਸਤਰਾਂ ਇਹੀ ਵਿਚਾਰ ਪੇਸ਼ ਕਰਦੀਆਂ ਹਨ ਕਿ ਕਿਵੇਂ ਪਾਣੀ ਖੁਣੋਂ ਮੌਤ ਦੇ ਮੂੰਹ ਵਿੱਚ ਜਾ ਰਹੇ ਲੋਕਾਂ ਦੀ ਮਜ਼ਬੂਰੀ ਦੇ ਭਾਂਬੜ ਨਾਲ ਟੀ.ਵੀ. ਚੈਨਲ ਵਾਲੇ ਕਿਵੇਂ ਆਪਣੀਆਂ ਰੋਟੀਆਂ ਸੇਕ ਰਹੇ ਹਨ:

> ਟੀ.ਵੀ. 'ਆੱਨ' ਕਰਦਾ ਹਾਂ। ਪਾਣੀ ਦੀ ਬਰਬਾਦੀ ਉੱਤੇ ਅੱਛੀ-ਖ਼ਾਸੀ ਬਹਿਸ ਭਖ਼ੀ ਹੋਈ ਹੈ, ਮਾਹਿਰ ਤੇ ਰਿਪੋਰਟਰ ਇੱਕ ਦੂਜੇ 'ਤੇ ਜ਼ਖਮੀ ਸ਼ੇਰਾਂ ਵਾਂਗ ਝਪਟ ਰਹੇ ਨੇ। ਇਹਨਾਂ ਨੂੰ ਹੁਣੇ ਜਾਗ ਆਈ ਲੱਗਦੀ ਹੈ। ਪਾਣੀ ਦੀ ਬਰਬਾਦੀ ਦੇ ਦ੍ਰਿਸ਼ ਦਿਖਾਏ ਜਾ ਰਹੇ ਨੇ। ਕ੍ਰਿਕਟ ਮੈਦਾਨਾਂ ਦੇ ਘਾਹ ਉੱਤੇ ਰੋਜ਼ਾਨਾ ਫਜ਼ੂਲ ਛਿੜਕਾਅ, ਲੀਡਰਾਂ, ਵਪਾਰੀਆਂ ਦੇ ਲਾਅਨਾਂ ਵਿੱਚ ਪਾਣੀ ਦੀ ਬਰਬਾਦੀ, ਧਾਰਮਿਕ ਸਥਾਨਾਂ, ਫੈਕਟਰੀਆਂ, ਬਰਾਂਡਿਡ ਬੋਤਲਾਂ, ਝੋਨੇ, ਸਫੈਦੇ, ਰੋਜਾਨਾ ਗੱਡੀਆਂ ਫ਼ਰਸ਼ਾਂ 'ਤੇ ਆਮ ਵਰਤੋਂ ਵਿੱਚ ਹਰ ਪਾਸੇ ਬੇਰਹਿਮੀ ਨਾਲ਼ ਬਰਬਾਦੀ ਉੱਤੇ ਮਾਹਿਰ ਚੀਕਾਂ ਮਾਰ ਰਹੇ ਨੇ(23)

ਕਿਸੇ ਹੋਰ ਚੈਨਲ ਉੱਤੇ ਕੁਹਰਾਮ ਭਰਿਆ ਦ੍ਰਿਸ਼ ਵਿਖਾਇਆ ਜਾ ਰਿਹਾ ਹੈ, ਜਿਸ ਵਿੱਚ ਬੱਚੇ ਦੀ ਬਾਰੰਬਾਰ ਕੀਤੀ ਗਈ ਪਾਣੀ ਦੀ ਮੰਗ ਤੋਂ ਦੁੱਖੀ ਹੋ ਕੇ ਬਾਪ ਹੀ ਬੱਚੇ ਨੂੰ ਮਾਰ ਕੇ ਉਸਦਾ ਲਹੂ ਪੀ ਕੇ ਖ਼ੁਦ ਦੀ ਪਿਆਸ ਨੂੰ ਤ੍ਰਿਪਤ ਕਰਨਾ ਚਾਹੁੰਦਾ ਹੈ। ਇਹ ਕੈਸੀ ਪਿਆਸ ਹੋਈ ਜੋ ਆਪਣੇ ਜਿਗਰ ਦੇ ਟੁਕੜਿਆਂ ਨੂੰ ਮਾਰ-ਮੁਕਾ ਕੇ ਸ਼ਾਂਤ ਹੋ ਜਾਵੇਗੀ? ਇਸ ਭਿਆਨਕ ਦ੍ਰਿਸ਼ ਦੇ ਗਲਤ ਪ੍ਰਭਾਵ ਕਿਤੇ ਬੱਚਿਆਂ ਦੇ ਦਿਲੋਂ-ਦਿਮਾਗ ਉੱਤੇ ਨਾ ਪੈ ਜਾਣ, ਇਸ ਮੰਤਵ ਨਾਲ ਮੈਂ ਪਾਤਰ ਟੀ.ਵੀ. ਬੰਦ ਕਰਨ ਲਈ ਉੱਠਦਾ ਹੈ ਤਾਂ ਬੱਚੇ ਆਪਣੇ ਪਾਪਾ ਤੋਂ ਡਰ ਕੇ ਦੂਰ ਨੱਸ ਜਾਂਦੇ ਹਨ ਅਤੇ ਮਾਫ਼ੀ ਮੰਗਦੇ ਹੋਏ ਕਹਿੰਦੇ ਹਨ ਕਿ ਸਾਨੂੰ ਪਾਣੀ ਨਹੀਂ ਚਾਹੀਦਾ, ਪਾਣੀ ਤਾਂ

ਗੰਦਾ ਹੁੰਦਾ ਹੈ-ਅਸੀਂ ਨਹੀਂ ਪੀਣਾ ਪਰ ਸਾਨੂੰ ਮਾਰਿਓਂ ਨਾ। ਬੱਚਿਆਂ ਦੀਆਂ ਲੇਰੀਆਂ ਸੁਣ ਕੇ ਮੈਂ-ਪਾਤਰ ਜਿਵੇਂ ਪੱਥਰ ਵਾਂਗ ਜੜ੍ਹ ਹੋ ਜਾਂਦਾ ਹੈ।

ਫਿਰ ਮੈਂ ਪਾਤਰ ਨੂੰ ਮਹਿਸੂਸ ਹੁੰਦਾ ਹੈ ਕਿ ਜਿਵੇਂ ਸਭ ਕੁੱਝ ਖ਼ਤਮ ਹੋ ਗਿਆ ਹੈ, ਪਾਣੀ ਬਾਝੋਂ ਤੜਫ ਕੇ ਹੌਲੀ-ਹੌਲੀ ਸਭ ਮਰ ਗਏ ਹਨ, ਵੱਢ-ਟੁੱਕ ਹੋਣ ਤੋਂ ਬਾਅਦ ਹੁਣ ਇੱਕ ਸਹਿਮਨੁਮਾ ਸੁੰਨ ਵਰਤ ਚੁੱਕੀ ਸੀ। ਇਸ ਸੰਨਾਟੇ ਵਿੱਚ ਤੂਫ਼ਾਨ ਦੇ ਗੁਜ਼ਰ ਜਾਣ ਤੋਂ ਬਾਅਦ ਦੀ ਚੁੱਪ ਸੀ ਅਤੇ ਨਾਲ ਹੀ ਹੋਰ ਤੂਫ਼ਾਨਾਂ ਦੇ ਆ ਜਾਣ ਦੀ ਆਹਟ ਸੀ। ਇਸ ਪ੍ਰਥਾਇ ਕਹਾਣੀਕਾਰ ਨੇ ਮੈਂ-ਪਾਤਰ ਕੋਲੋਂ ਹੇਠਾਂ ਲਿਖੇ ਸ਼ਬਦ ਅਖਵਾਏ ਹਨ:

> ਪਿੰਡ ਵੱਲੋਂ ਵੀ ਸ਼ੋਰ ਬਿਲਕੁੱਲ ਬੰਦ ਹੋ ਗਿਆ ਅਤੇ ਅੰਦਰ ਟੀ.ਵੀ. ਦਾ ਰੌਲ਼ਾ-ਗੌਲ਼ਾ ਵੀ ਮੁੱਕ ਗਿਆ ਹੈ। ਬਾਹਰੋਂ ਬਿਲਕੁੱਲ ਖ਼ਾਲੀ ਹੱਥ ਪਤਨੀ ਪੂਰੀ ਧੁਆਂਖੀ ਤੇ ਹਫ਼ੀ ਹੋਈ ਮੇਰੀਆਂ ਬਾਹਾਂ ਵਿੱਚ ਝੂਲ ਗਈ ਹੈ। ਉਹ ਜਗ੍ਹਾ-ਜਗ੍ਹਾ ਤੋਂ ਖਾਧੀ ਹੋਈ ਹੈ। ਸਿਰਫ ਇੱਕ ਨਜ਼ਰ ਉਸਦੀ ਬੱਚਿਆਂ ਦੀ ਰਾਖ਼ ਉੱਤੇ ਪਈ ਹੈ ਤੇ ਉਹ ਉੱਥੇ ਹੀ ਘੱਗੀ ਤੇ ਮਰੀ ਚੀਕ ਮਾਰ ਕੇ ਡਿੱਗ ਪਈ ਹੈ। ਮੈਂ ਵੀ ਡਿੱਗ ਪਿਆ ਹਾਂ(26)

ਇੰਨੇ ਨੂੰ ਕਹਾਣੀ ਦੇ ਸਿਖਰ ਉੱਤੇ ਪੁੱਜ ਕੇ ਮੈਂ-ਪਾਤਰ ਬੱਦਲਾਂ ਦੇ ਗਰਜ਼ਣ ਦੀ ਜ਼ਬਰਦਸਤ ਆਵਾਜ਼ ਨਾਲ ਜਾਗ ਜਾਂਦਾ ਹੈ। ਮੈਂ-ਪਾਤਰ ਆਪਣੇ ਪਿੰਡੇ ਉੱਤੇ ਆਏ ਪਸੀਨੇ ਨੂੰ ਪਿਆਸ ਬੁਝਾਉਣ ਲਈ ਚੱਟਣ ਲੱਗਦਾ ਹੈ, ਫਿਰ ਉਸ ਨੂੰ ਹੋਸ਼ ਆਉਂਦਾ ਹੈ ਕਿ ਪਿਛਲੇ ਪਹਿਰ ਤੋਂ ਜੋ ਤਬਾਹੀਕੁੰਨ ਦ੍ਰਿਸ਼ ਉਹ ਵੇਖਦਾ ਅਤੇ ਭੁਗਤਦਾ ਆ ਰਿਹਾ ਹੈ, ਉਹ ਮਹਿਜ਼ ਇੱਕ ਸੁਪਨਾ ਹੀ ਸੀ। ਬੱਤੀ ਜਗਾ ਕੇ ਉਹ ਵੇਖਦਾ ਹੈ ਕਿ ਪਤਨੀ ਬੱਚਿਆਂ ਨਾਲ ਸੁੱਖ ਦੀ ਨੀਂਦ ਸੁੱਤੀ ਹੋਈ ਹੈ। ਉਸਨੂੰ ਬਹੁਤ ਸਕੂਨ ਮਿਲਦਾ ਹੈ ਕਿ ਉਸਦਾ ਪਰਿਵਾਰ ਸੁਫ਼ਨੇ ਵਾਲੀ ਤ੍ਰਾਸਦੀ ਤੋਂ ਬਚਿਆ ਹੋਇਆ ਹੈ। ਫਿਰ ਉਸਨੂੰ ਗੁਰੂ ਘਰ ਤੋਂ ਆਸਾ ਦੀ ਵਾਰ ਦਾ ਸ਼ਬਦ ਸੁਣਾਈ ਦਿੰਦਾ ਹੈ-'ਪਹਿਲਾ ਪਾਣੀ ਜੀਓ ਹੈ, ਜਿਤ ਹਰਿਆ ਸਭ ਕੋਇ....!'

ਮੈਂ-ਪਾਤਰ ਦੀ ਬੇਬੇ ਜਪੁਜੀ ਸਾਹਿਬ ਦਾ ਪਾਠ ਕਰਦੀ ਹੋਈ ਇਸ਼ਨਾਨ ਕਰਦੀ ਹੈ। ਸੁਫ਼ਨੇ ਤੋਂ ਸਬਕ ਲੈ ਕੇ ਮੈਂ-ਪਾਤਰ ਕੁੱਲ ਲੁਕਾਈ ਨੂੰ ਗਫ਼ਲਤ ਦੀ ਨੀਂਦ ਚੋਂ ਸਚੇਤ ਕਰਨ ਅਤੇ ਪਾਣੀ ਬਚਾਉਣ ਲਈ ਲਾਮਬੰਦ ਕਰਦਾ ਹੈ। ਮਨੁੱਖ ਖੁਸ਼ਫਹਿਮੀ ਦਾ ਸ਼ਿਕਾਰ ਹੋ ਕੇ ਸੁਫ਼ਨਮਈ ਨੀਂਦ ਵਿੱਚ ਵਿਚਰਦਾ ਰਹਿੰਦਾ ਹੈ ਕਿ ਸਭ ਕੁਝ

ਠੀਕ-ਠਾਕ ਹੈ, ਕੁਝ ਵੀ ਨਹੀਂ ਵਿਗੜਿਆ। ਉਸਦੀ ਸਿਰਜੀ ਸੋਚ ਹੈ ਕਿ ਕੁਝ ਵੀ ਬੁਰਾ ਨਹੀਂ ਹੋਵੇਗਾ, ਉਹ ਕਿਆਸ ਲਗਾ ਕੇ ਖੁਸ਼ ਹੈ ਕਿ ਪਾਣੀ ਨਹੀਂ ਮੁੱਕ ਸਕਦਾ ਤੇ ਕੁਝ ਵੀ ਵਿਸ਼ੇਸ਼ ਕਰਨ ਦੀ ਅਜੇ ਕੋਈ ਲੋੜ ਨਹੀਂ ਪਰ ਅਸਲ ਚਿੰਤਨ ਇਹ ਹੋਣਾ ਚਾਹੀਦਾ ਹੈ ਕਿ ਜੇਕਰ ਲਾਪ੍ਰਵਾਹੀ ਕਰਕੇ ਸੱਚਮੁੱਚ ਹੀ ਪਾਣੀ ਮੁੱਕ ਗਿਆ ਤਾਂ ਫਿਰ ਕੋਈ ਕੀ ਕਰੇਗਾ। ਅੰਕੜੇ ਤਾਂ ਇਹੀ ਸਮਝਾਉਂਦੇ ਹਨ ਕਿ ਧਰਤੀ ਹੇਠਲਾ ਪਾਣੀ ਘੱਟ ਰਿਹਾ ਹੈ, ਬੋਰ ਡੂੰਘੇ ਜਾ ਰਹੇ ਹਨ ਅਤੇ ਪਾਣੀ ਦੇ ਪੱਤਣਾਂ ਵਿੱਚ ਜ਼ਹਿਰੀਲੇ ਮਾਦੇ ਮਿਸ਼ਰਤ ਹੋ ਚੁੱਕੇ ਹਨ ਜੇਕਰ ਹੁਣ ਵੀ ਸੁੱਤੇ-ਸੁੱਤੇ ਹੁਸੀਨ ਸੁਫ਼ਨਿਆਂ ਤੋਂ ਨਾ ਜਾਗੇ ਤਾਂ ਹੋਣੀ ਨੇ ਜਾਗਣ ਦਾ ਮੌਕਾ ਵੀ ਨਹੀਂ ਦੇਣਾ ਅਤੇ ਮੌਤ ਦੀ ਨੀਂਦ ਸੁਆ ਛੱਡਣਾ ਹੈ।

ਮੈਂ-ਪਾਤਰ ਪਾਣੀ ਮੁੱਕ ਜਾਣ ਵਾਲੇ ਸੁਪਨੇ ਨੂੰ ਕਦੇ ਵੀ ਨਾ ਸੱਚ ਹੋ ਸਕਣ ਲਈ ਤੌਹਈਆ ਕਰਦਾ ਹੈ ਕਿ ਹੁਣ ਤੋਂ ਹੀ ਉਹ ਪਾਣੀ ਨੂੰ ਬਚਾਉਣ, ਵਾਤਾਵਰਨ ਨੂੰ ਸੰਭਾਲਣ ਅਤੇ ਸਮਾਜ ਨੂੰ ਇਸ ਪ੍ਰਤੀ ਜਾਗ੍ਰਿਤ ਕਰਨ ਲਈ ਆਪਣੇ ਪਰਿਵਾਰ ਸਮੇਤ ਨਿਰੰਤਰ ਹੰਭਲੇ ਮਾਰੇਗਾ। ਇਸ ਪ੍ਰਕਾਰ ਇਹ ਲਹਿਰ ਸਾਰੇ ਪਾਸੇ ਸੰਚਾਰਿਤ ਹੋ ਜਾਵੇਗੀ:

> ਸੱਚੀਂ ਬਹੁਤ ਕੁੱਝ ਕਰਨ ਵਾਲਾ ਹੈ, ਜਿਸ ਵੱਲੋਂ ਬਿਲਕੁੱਲ ਅਵੇਸਲੇ ਹਾਂ!.. ਮੈਂ ਤੇ ਮੇਰਾ ਪਰਿਵਾਰ ਅਵੇਸਲੇ ਨਹੀਂ ਹੋਵਾਂਗੇ, ਹੋਰ ਵੀ ਲਹਿਰ ਉਸਾਰਨ ਦੇ ਫੁਰਨੇ ਫੁਰਦੇ ਹਨ(28)

'ਕਰਕ ਕਰੇਜੇ ਮਾਹਿ' ਜਸਵੀਰ ਸਿੰਘ ਦੀਦਾਰਗੜ੍ਹ ਦੇ ਕਹਾਣੀ ਸੰਗ੍ਰਹਿ ਵਿੱਚ ਦਰਜ ਦੂਜੀ ਕਹਾਣੀ ਹੈ। ਇਸ ਕਹਾਣੀ ਦਾ ਧੁਰਾ ਪਾਣੀ ਦੀ ਥੁੜ੍ਹ, ਜ਼ਹਿਰੀਲੇ ਖਾਧ-ਪਦਾਰਥ, ਭੈੜੀ ਰਾਜਨੀਤੀ ਦੇ ਦਾਅ-ਪੇਚ, ਨਸ਼ਿਆਂ ਦੀ ਮਾਰ ਅਤੇ ਰੁੱਖਾਂ ਦੀ ਬਦਖੋਈ ਦੁਆਲੇ ਘੁੰਮਦਾ ਨਜ਼ਰ ਆਉਂਦਾ ਹੈ। ਕਹਾਣੀਕਾਰ ਵਜੋਂ ਸਿਰਜਣਾ ਕਾਰਜ ਆਰੰਭ ਕਰਨ ਤੋਂ ਪਹਿਲਾ ਦੀਦਾਰਗੜ੍ਹ ਇੱਕ ਕਵੀ ਹੈ, ਉਸ ਨੂੰ ਗੁਰਮਤਿ ਸੰਗੀਤ ਅਤੇ ਸ਼ਾਸ਼ਤਰੀ ਸੰਗੀਤ ਦੀ ਡੂੰਘੀ ਸੂਝ ਹੈ। ਉਸ ਦਾ ਕਵੀ ਹਿਰਦਾ ਵਾਤਾਵਰਨ ਦੀ ਹਰ ਵੇਦਨਾ ਨੂੰ ਮਹਿਸੂਸਦਾ ਹੈ ਅਤੇ ਵਾਤਾਵਰਨ ਦਾ ਹਾਣੀ ਬਣ ਕੇ ਉਸ ਨੂੰ ਮੁੜ-ਸੁਰਜੀਤ ਕਰਨਾ ਲੋਚਦਾ ਹੈ। ਇਸ ਕਹਾਣੀ ਨੂੰ ਰੰਗ-ਮੰਚ 'ਤੇ ਖੇਡੇ ਜਾਣਯੋਗ ਨਾਟਕ ਵਾਂਗ ਲਿਖਿਆ ਗਿਆ ਹੈ। ਜੁਗਤਾਂ ਵਜੋਂ ਪਿੱਛਲ-ਝਾਤ ਅਤੇ ਸੁਫ਼ਨ ਲੋਕ ਵਾਲੀਆਂ

ਪ੍ਰਭਾਵੀ ਤਕਨੀਕਾਂ ਦੀ ਭਰਪੂਰ ਵਰਤੋਂ ਕੀਤੀ ਗਈ ਹੈ। ਪੂਰੀ ਕਹਾਣੀ ਵਿੱਚ ਵਾਤਾਵਰਨ ਦੇ ਪ੍ਰਸੰਗ ਵਿੱਚ ਮੁੱਖ ਪਾਤਰ ਵੱਲੋਂ ਉਚਾਰੀਆਂ ਗਈਆਂ ਕਾਵਿ-ਸਤਰਾਂ ਕਹਾਣੀ ਵਿੱਚ ਕਾਵਿਕ-ਰਸ ਭਰ ਦਿੰਦੀਆਂ ਹਨ। ਕਹਾਣੀ ਨੂੰ ਪੜ੍ਹਦਿਆਂ ਪਾਠਕ ਸਾਹਮਣੇ ਦ੍ਰਿਸ਼ਾਂ, ਪਾਤਰਾਂ ਅਤੇ ਚੁਗਿਰਦੇ ਦੀ ਜਿਵੇਂ ਵੀਡੀਓ ਹੀ ਬਣ ਕੇ ਆ ਜਾਂਦੀ ਹੈ।

ਕਹਾਣੀ ਦਾ ਆਰੰਭ ਇੱਕ ਕਮਲੇ-ਰਮਲੇ ਵੱਲੋਂ ਗੀਤ ਗਾਉਂਦੇ ਹੋਏ ਹੁੰਦਾ ਹੈ। ਇਹੋ ਕਮਲਾ ਕਹਾਣੀ ਦਾ ਮੁੱਖ ਪਾਤਰ ਹੈ; ਜਿਸ ਨੂੰ ਲੋਕ ਪਾਗਲ ਸਮਝਦੇ ਹਨ। ਮੈਂ-ਮੂਲਕ ਕਥਾ-ਵਾਚਨ ਵਿਧੀ ਅਨੁਸਾਰ ਕਹਾਣੀ ਦਾ ਪ੍ਰਵਾਹ ਹੁੰਦਾ ਹੈ। ਅਸਲ ਵਿੱਚ ਕਮਲਾ ਹੋਇਆ ਬੰਦਾ (ਮੁੱਖ ਪਾਤਰ) ਪਾਗਲ ਨਹੀਂ ਹੁੰਦਾ, ਬਸ ਲੋਕਾਂ ਦੁਆਰਾ ਕੀਤੀ ਜਾ ਰਹੀ ਵਾਤਾਵਰਨ ਦੀ ਦੁਰਗਤ ਅਤੇ ਅੰਤਾਂ ਦੀ ਲਾਪਰਵਾਹੀ ਕਰਕੇ ਅਸਾਵੀਂ ਮਨੋ-ਸਥਿਤੀ ਦਾ ਸ਼ਿਕਾਰ ਹੋ ਜਾਂਦਾ ਹੈ। ਉੱਜੜ ਗਏ ਰੁੱਖਾਂ ਦੇ ਦਰਦ ਨੂੰ ਮਹਿਸੂਸ ਕਰਕੇ ਉਹ ਆਪ ਵੀ ਪਾਗਲ ਜਿਹਾ ਬਣ ਕੇ ਘੁੰਮਦਾ ਹੈ, ਪਰ ਉਸ ਦਾ ਦਿਮਾਗੀ ਤਵੱਜ਼ੁਨ ਬਿਲਕੁੱਲ ਠੀਕ ਹੁੰਦਾ ਹੈ ਅਤੇ ਉਹ ਵਾਤਾਵਰਨ ਪ੍ਰਤੀ ਚਿੰਤਤ ਹੋ ਕੇ ਸਾਰੇ ਪਿੰਡ ਨੂੰ ਚੇਤੰਨ ਕਰਨਾ ਚਾਹੁੰਦਾ ਹੈ। ਪਹਿਲੇ ਦ੍ਰਿਸ਼ ਵਿੱਚ ਉਹ ਗੀਤ ਗਾਉਂਦਾ ਹੈ:

ਹੋ...ਓ...! ਹੋ...ਓ...!!

ਇੱਕ ਟਾਹਣੀ ਏ ਅਨਾਰਾਂ ਦੀ ਓ,

ਘਰ-ਘਰ ਵੱਧ ਰਹੀ ਆ ਓਇ ਹੁਣ,

ਗਿਣਤੀ ਦੀ ਬਿਮਾਰਾਂ ਦੀ ਓ...!

ਗਿਣਤੀ ਬਿਮਾਰਾਂ ਦੀ ਕਹਿ ਕੇ ਮੇਰੇ ਨਰੋਆ ਗੱਚ ਭਰ ਆਇਆ ਤੇ ਲਹੂ ਭਿੱਜੀ ਲੇਰ ਉੱਠਣ ਗਈ। ਦਿਲ ਕੀਤਾ- ਰੱਜ ਕੇ ਰੋਵਾਂ, ਛਾਤੀ ਪਿੱਟਾਂ ਤੇ ਕੀਰਨੇ ਪਾਵਾਂ।(29)

ਕੀ ਬੱਚੇ, ਕੀ ਜਵਾਨ, ਕੀ ਔਰਤ ਜਾਂ ਮਰਦ- ਸਾਰੇ ਉਸ ਨੂੰ ਪਾਗਲ-ਪਾਗਲ ਕਹਿ ਕੇ ਉਸ ਦਾ ਮਖ਼ੌਲ ਉਡਾਉਂਦੇ ਰਹਿੰਦੇ ਹਨ। ਖ਼ਾਸ ਤੌਰ 'ਤੇ ਬੱਚਿਆਂ ਵਾਸਤੇ ਉਹ ਮਨੋਰੰਜਨ ਦਾ ਸਾਧਨ ਬਣਿਆ ਰਹਿੰਦਾ ਹੈ। ਜਦੋਂ ਉਹ ਪਿੱਤਲ ਦੇ ਟੁੱਟੇ-ਭੱਜੇ ਥਾਲ ਨੂੰ ਵਜਾਉਂਦਾ ਹੋਇਆ ਵਾਤਾਵਰਨਿਕ ਗੀਤ ਗਾਉਂਦਾ ਤੁਰਿਆ ਜਾਂਦਾ ਹੈ ਤਾਂ ਨਿਆਣੇ ਉਸ ਦੇ ਮਗਰ-ਮਗਰ ਦੌੜਦੇ ਹਨ। ਆਪਣਾ ਮਨ-ਪਰਚਾਵਾ ਕਰਦੇ ਉਹ ਆਖਦੇ ਹਨ:

> ਪਾਗਲ ਓਏ...ਪਾਗਲ ਆ ਗਿਆ...ਪਾਗਲ ਓਏ..ਇਹ ਅੱਜ ਆਖੂ ਕਿ ਤੇਜ਼ਾਬੀ ਬਾਰਿਸ਼ ਹੋਣ ਹੀ ਵਾਲੀ ਹੈ, ਓੜ ਲੱਗਣ, ਰੁੱਖ ਸੁੱਕਣ, ਪਾਣੀ ਮੁੱਕਣ ਵਾਲਾ ਹੈ, ਭੱਜ ਲਓ ਓਇ ਲੋਕੋ ਜਾਂ ਕਹੂ ਪੂੰਜੀਵਾਦ ਕੁੱਖ ਵਿੱਚ ਜਵਾਕਾਂ ਨੂੰ ਮਾਰ ਰਿਹਾ ਹੈ, ਛੋਟੇ-ਵੱਡੇ ਸਭ ਮਾਰੇ ਜਾ ਰਿਹੇ ਹਾਂ, ਪਤਾ ਨਹੀਂ ਕੀ-ਕੀ ਆਖੂ..ਹਾਹਾਹਾਹ...!(29)

ਇਸ ਕਹਾਣੀ ਵਿੱਚ ਨਾਟਕ ਵਾਂਗ ਵੱਖ-ਵੱਖ ਦ੍ਰਿਸ਼ ਉਭਾਰੇ ਗਏ ਹਨ। ਸਾਰੇ ਦ੍ਰਿਸ਼ ਅਤੇ ਸਾਰੇ ਹੀ ਨੁਕਤੇ ਅੰਤਰ-ਸੰਬੰਧਿਤ ਹਨ ਅਤੇ ਕਿਵੇਂ ਨਾ ਕਿਵੇਂ ਵਾਤਾਵਰਨ ਨਾਲ ਜਾ ਜੁੜਦੇ ਹਨ। ਪਿੰਡ ਵਿੱਚ ਹੋਕਾ ਦਿੰਦਾ ਮੈਂ-ਪਾਤਰ ਆਪਣੀ ਜਾਨੇ ਲੋਕਾਂ ਨੂੰ ਸਮਝਾਉਂਦਾ ਫਿਰਦਾ ਹੈ। ਉਹ ਇੱਕ ਘਰ ਦੇ ਵਿਹੜੇ ਵਿੱਚ ਇੱਕ ਬੇਬੇ ਨੂੰ ਵੱਡੇ ਆਕਾਰ ਦੀਆਂ ਸ਼ਿਮਲਾ ਮਿਰਚਾਂ ਚੀਰਦੇ ਵੇਖ ਲੈਂਦਾ ਹੈ। ਸਪਰੇਆਂ ਅਤੇ ਜ਼ਹਿਰੀ ਟੀਕਿਆਂ ਦੇ ਪ੍ਰਭਾਵ ਕਰਕੇ ਫਲਾਂ ਅਤੇ ਸ਼ਬਜ਼ੀਆਂ ਨੂੰ ਰਾਤੋ-ਰਾਤ ਵੱਡ-ਆਕਾਰੇ ਕਰ ਲਿਆ ਜਾਂਦਾ ਹੈ। ਉਸ ਬੇਬੇ ਦੇ ਪਰਿਵਾਰ ਨੂੰ ਬਚਾਉਣ ਲਈ ਉਹ ਬੇਬੇ ਹੱਥੋਂ ਸਬਜ਼ੀ ਵਾਲਾ ਬੋਹੀਆ ਖੋਹ ਕੇ ਬਾਹਰ ਨਾਲੀ ਵਿੱਚ ਸੁੱਟ ਦਿੰਦਾ ਹੈ। ਇਸ ਦੇ ਪ੍ਰਤੀਕਰਮ ਵਜੋਂ ਬੇਬੇ ਕੀ ਕਰਦੀ ਹੈ, ਉਹ ਇਸ ਪ੍ਰਕਾਰ ਵਰਣਿਤ ਹੈ:

> ਮਨ ਵਿੱਚ ਪਤਾ ਨਹੀਂ ਕੀ ਝੱਲ ਉੱਠਿਆ, ਸ਼ਬਜ਼ੀ ਖੋਹ ਕੇ ਨਾਲੀ ਵਿੱਚ ਮਾਰੀ ਤੇ ਬੇਪਰਵਾਹ ਹੋ ਗਾਉਣ ਲੱਗਿਆ-
>
> ਹੋ...! ਜਿੰਦ ਵਿਹਲਾਂ ਦਿੱਤੀ ਗਾਲ਼-ਗਾਲ਼!
>
> ਤੇ ਜ਼ਹਿਰਾਂ ਲੱਦੇ ਥਾਲ਼-ਥਾਲ਼!
>
> ਰੇਹ-ਸਪ੍ਰੇਹਾਂ ਖਾਂਦੇ ਹਾਂ, ਕੌਲੀ ਵਿੱਚ ਪਾਈ ਦਾਲ-ਦਾਲ!
>
> ਬੇਬੇ ਨੂੰ ਤਾਂ ਅੰਤਾਂ ਦਾ ਰੋਹ ਚੜ੍ਹ ਗਿਆ। ਗੁੱਸੇ ਵਿੱਚ ਭਿੱਜੀ ਉਹ ਹਥਲੀ ਕਰਦ ਚੁੱਕੀ ਮਾਰਨ ਨੂੰ ਆਈ। ਮੈਂ ਸਿਰ ਉੱਤੇ ਪੈਰ ਰੱਖ ਕੇ ਭੱਜ ਲਿਆ(30)

ਕੁਝ ਅੱਗੇ ਜਾ ਕੇ ਮੈਂ-ਪਾਤਰ ਪਿੰਡ ਦੀ ਸੱਥ ਵਿੱਚ ਪੁੱਜਦਾ ਹੈ। ਉੱਥੇ ਕਈ ਨੌਜਵਾਨ ਅਤੇ ਅਧੱਖੜ ਬੰਦੇ ਤਾਸ਼ ਖੇਡੀ ਜਾਂਦੇ ਹਨ। ਜਦੋਂ ਮੈਂ-ਪਾਤਰ ਬੋਹੜ ਉਗਾਉਣ ਦੀ ਅਤੇ ਪਾਣੀ ਦੀ ਬੂੰਦ-ਬੂੰਦ ਬਚਾਉਣ ਦੀ

ਮੱਤ ਗੀਤ ਗਾ ਕੇ ਦਿੰਦਾ ਹੈ ਤਾਂ ਮੰਡੀਰ ਉਸਦੇ ਵਿਰੁੱਧ ਭੜਕ ਜਾਂਦੀ ਹੈ। ਕਈ ਉਸਦੇ ਗੀਤ ਵਿਚਲੇ ਭਾਵ ਨੂੰ ਸਮਝੇ ਬਿਨਾਂ ਹੀ ਪਾਗਲ-ਪਾਗਲ ਕਹਿ ਕੇ ਉਸ 'ਤੇ ਹੱਸਦੇ ਰਹਿੰਦੇ ਹਨ। ਢਾਣੀ ਵਿੱਚੋਂ ਕੋਈ ਇਹ ਵੀ ਕਹਿੰਦਾ ਹੈ ਇਸ ਪਾਗਲ ਨੂੰ ਸਿਰਫ਼ ਥੱਪੜਾਂ ਦੀ ਕਸਰ ਹੈ। ਬੇਤੁਕੀਆਂ ਗੱਲਾਂ ਕਰਦਾ ਕਿ 'ਰੁੱਖ ਲਗਾਓ-ਪੁੱਤ ਬਚਾਓ'। ਭਲਾ ਵਿਕਾਸ ਤਾਂ ਡੂੰਘੀਆਂ ਮੋਟਰਾਂ ਲੱਗ ਕੇ ਹੁੰਦਾ ਹੈ, ਡਿਜ਼ੀਟਲ ਜ਼ਿੰਦਗੀ ਰਾਹੀਂ ਹੁੰਦਾ ਹੈ। ਵਾਤਾਵਰਨ ਦਾ ਸਰਬਨਾਸ਼ ਕਰਕੇ ਵਿਕਾਸ ਦੀ ਦੁਹਾਈ ਦੇਣ ਵਾਲਾ ਆਖਦਾ ਹੈ ਕਿ:

> ਇਹਦੇ ਦੋ ਮਾਰੋ ਥੱਪੜ...ਸਭ ਪਾਗਲਪਨ ਨੱਠ 'ਜੂ! ਇਹਨੂੰ ਕੋਈ ਪੁੱਛੇ ਬਈ ਇੱਕ ਬੂੰਦ ਪਾਣੀ ਦੀ ਬਚਾ ਕੇ ਤੂੰ ਕਿਹੜੇ ਪਿਓ ਦੀਆਂ ਨਸਲਾਂ ਤੇ ਫ਼ਸਲਾਂ ਬਚਾ ਲਏਂਗਾ? ਫ਼ਸਲਾਂ ਬੂੰਦ ਪਾਣੀ ਨਾਲ਼ ਨਹੀਂ, ਵੱਡੀਆਂ ਸਬਮਰਸੀਬਲ ਮੋਟਰਾਂ ਦੇ ਵੱਡੇ ਧਲਾਕਿਆਂ ਨਾਲ਼ ਪਲਦੀਆਂ ਨੇ! ਨਾਲ਼ੇ ਕਿਹੜੇ ਬੋਹੜ ਤੇ ਕਿਹੜੇ ਪੋਤੇ... ਹੁਣ ਪੋਤੇ ਬੋਹੜਾਂ ਥੱਲੇ ਨ੍ਹੀ, ਦਿਓ ਕੱਦ ਏ.ਸੀਆਂ ਥੱਲੇ ਬਹਿੰਦੇ ਨੇ। ਬੋਹੜ ਵੀ ਸਰਕਾਰ ਤੇ ਲੋਕਾਂ ਨੇ ਛੱਡੇ ਕੋਈ ਨਹੀਂ, ਸਭ ਚਿੱਪ 'ਤੇ...ਦੇਸ਼ ਤਰੱਕੀ-ਵਿਕਾਸ ਕਰ ਰਿਹਾ ਹੈ। ਜੇ ਵਿਕਾਸ ਕਰਨਾ, ਰੁੱਖ ਤੇ ਪੌਣ-ਪਾਣੀਆਂ ਦੀ ਬਲੀ ਤਾਂ ਦੇਣੀ ਹੀ ਪਏਗੀ(31)

ਇੱਕ ਹੋਰ ਦ੍ਰਿਸ਼ ਵਿੱਚ ਨਸ਼ਿਆਂ ਦੀ ਮਾਰ ਹੇਠ ਲਤਾੜੀ ਜਾ ਰਹੀ ਨੌਜਵਾਨ ਵਰਗ ਦੀ ਮਾੜੀ ਹਾਲਤ ਦਾ ਬਿਰਤਾਂਤ ਪੇਸ਼ ਕੀਤਾ ਗਿਆ ਹੈ। ਨਸ਼ਿਆਂ ਦਾ ਕੋਹੜ ਵਧਾਉਣ ਲਈ ਮੈਂ-ਪਾਤਰ ਸਰਕਾਰਾਂ ਨੂੰ ਦੋਸ਼ੀ ਠਹਿਰਾਉਂਦਾ ਹੈ। ਉਸ ਅਨੁਸਾਰ ਬੇਰੁਜ਼ਗਾਰੀ ਵਧਾਉਣ ਵਾਲੀਆਂ ਕੋਝੀਆਂ ਨੀਤੀਆਂ, ਸ਼ੋਸ਼ਿਆਂ ਅਤੇ ਆਧੁਨਿਕਤਾ ਦੇ ਪਰਚਮ ਹੇਠ ਰਸੂਖ਼ਦਾਰ ਸਖ਼ਸ਼ੀਅਤਾਂ ਵੱਲੋਂ ਵਿਹਲੀ ਲੀਡਰੀ, ਨਸ਼ੇਖੋਰੀ ਦੀ ਬਾਣ ਪਵਾ ਕੇ ਨਵੀਂ ਪਨੀਰੀ ਦਾ ਭਵਿੱਖ ਤਬਾਹ ਕੀਤਾ ਜਾ ਰਿਹਾ ਹੈ। ਅਗਲੀ ਕੜੀ ਵਿੱਚ ਮੈਂ-ਪਾਤਰ ਨੂੰ ਜੋ ਵੇਖ ਕੇ ਦਰਦ ਹੁੰਦਾ ਹੈ ਉਹ ਇਸ ਪ੍ਰਕਾਰ ਹੈ:

> ਪਰਲੇ ਬੰਨੇ ਕੰਧ ਨਾਲ਼ ਢਾਅ ਲਾਈ ਬੈਠਾ ਪੰਦਰਾਂ ਕੁ ਸਾਲ ਦਾ ਬੱਚਾ ਨਸ਼ੇ ਵਿੱਚ ਝੂਮਦਾ ਤੱਕ ਕੇ ਰੂਹ ਕੰਬ ਗਈ, ਦਿਲ ਪਾਟਣ ਵਾਲ਼ਾ ਹੋ ਗਿਆ। ਲੱਗਿਆ ਕਾਬੁਲ ਕੰਧਾਰ ਤੱਕ

> ਧਾਕ ਜਮਾਉਣ ਵਾਲ਼ਾ ਹਰੀ ਸਿੰਘ ਨਲੂਆ, ਸਿਆਸਤ ਨੇ ਬਚਪਨ 'ਚ ਹੀ ਕਤਲ ਕਰ ਦਿੱਤਾ(32)

ਪਿੰਡ ਦੇ ਇੱਕ ਹੋਰ ਪਾਸੇ ਕਿਸੇ ਘਰ ਦੀ ਸੁਆਣੀ ਮੋਟੀ ਜਿਹੀ ਪਾਇਪ ਲੈ ਕੇ ਵਿਹੜਾ ਧੋ ਰਹੀ ਹੁੰਦੀ ਹੈ। ਮੈਂ-ਪਾਤਰ ਦੇ ਮਨ 'ਚ ਵਿਚਾਰ ਆਉਂਦਾ ਹੈ ਕਿ ਉਸਦਾ ਪਾਈਪ ਖੋਹ ਕੇ ਭੱਜ ਜਾਵੇ ਤੇ ਉਸਦਾ ਪਾਣੀ ਬਰਬਾਦ ਕਰਨ ਵਾਲਾ ਕੰਮ ਰੋਕ ਦੇਵੇ।

ਹਥਲੀ ਕਹਾਣੀ ਵਿੱਚ ਕਹਾਣੀਕਾਰ ਨੇ ਸੁਫਨ-ਜੁਗਤ ਦਾ ਪ੍ਰਯੋਗ ਵੀ ਕੀਤਾ ਹੈ। ਉਸਨੂੰ ਨਜ਼ਰ ਆਉਂਦਾ ਹੈ ਕਿ ਪਾਣੀ ਦੀ ਤੋਟ ਕਰਕੇ ਲੋਕਾਂ ਦੇ ਨਿੱਤਨੇਮ, ਕਾਰ-ਵਿਹਾਰ, ਰੀਤੀ-ਰਿਵਾਜ਼, ਪਹਿਰਾਵੇ, ਖਾਣ-ਪੀਣ, ਬੋਲਚਾਲ ਆਦਿ ਸਭ ਕੁਝ ਹੀ ਬਦਲ ਜਾਂਦਾ ਹੈ। ਉਹ ਖ਼ਿਆਲਾਂ-ਖੁਆਬਾਂ ਵਿੱਚ ਅਜਿਹਾ ਦ੍ਰਿਸ਼ ਸਿਰਜਦਾ ਹੈ ਜਿਸ ਵਿੱਚ ਵਿਆਹ-ਮੌਕਿਆਂ 'ਤੇ ਰਿਸ਼ਤੇਦਾਰਾਂ ਅਤੇ ਮੂੰਹ-ਮੁਲਾਇਜ਼ਿਆਂ ਵੱਲੋਂ ਸ਼ਗਨ ਤੇ ਨੈਗਿਆਂ ਦੀ ਥਾਂ ਪਾਣੀ ਦੇ ਲੈਣ-ਦੇਣ ਦਾ ਹਿਸਾਬ-ਕਿਤਾਬ ਕੀਤਾ ਜਾ ਰਿਹਾ ਹੁੰਦਾ ਹੈ:

> ਨੀ ਇੰਨਾ ਕੁ ਹੀ ਪਾਣੀ, ਅੱਧਾ ਗਲਾਸ ਹੀ? ਅਸੀਂ ਥੋਡੇ ਵਿਆਹ 'ਚ ਅੱਧਾ ਡੋਲੂ ਦੇ ਕੇ ਆਏ ਸੀ! ਸ਼ਰਮ ਕਰੋ ਕੁਝ...!" ਵਿਆਹ ਵਾਲ਼ੇ ਘਰ ਦਾ ਦ੍ਰਿਸ਼ ਹੈ। ਬੀਬੀ ਗੁੱਸੇ 'ਚ ਭਖ ਉੱਠੀ।-"ਕੀ ਕਰੀਏ ਭੈਣੇ...! ਜੇ ਮੀਂਹ ਪੈਣ ਤਾਂ ਹੀ ਪਾਣੀ ਦਾ ਘੁੱਟ ਮਿਲ਼ੇ, ਸਾਡਾ ਤਾਂ ਆਪ ਮੁੱਕਣ ਵਾਲ਼ਾ ਹੈ। ਦਾਣੇ ਵੀ ਨਹੀਂ ਹਨ ਘਰੇ, ਨਾ ਮੱਕੀ, ਬਾਜਰਾ ਹੋਇਆ, ਨਾ ਕੁਝ ਹੋਰ, ਭੁੱਖੇ ਮਰਦੇ ਆਂ! ਜੇ ਛੇਤੀ ਮੀਂਹ ਪੈ ਗਏ ਤਾਂ...ਤੇਰਾ ਅੱਧਾ ਡੋਲੂ ਖ਼ਰਾ ਹੈ, ਦੇਣਾ ਹੀ ਦੇਣਾ(34)

ਵਿਆਹ ਸ਼ਾਦੀਆਂ ਵੇਲੇ ਮੇਲ ਵਿੱਚ ਆਏ ਲੋਕ ਪੰਜਾਬ ਦੇ ਚੰਗੇ ਵੇਲਿਆਂ ਨੂੰ ਯਾਦ ਕਰ-ਕਰ ਝੂਰਦੇ ਹਨ ਕਿ ਕਦੇ ਪੰਜਾਬ ਵਿੱਚ ਖੁੱਲ੍ਹਾ-ਡੁੱਲ੍ਹਾ ਪਾਣੀ ਹੋਇਆ ਕਰਦਾ ਸੀ। ਲੋਕ ਹਰ ਗੁਰਪਰਬ ਅਤੇ ਤਿਉਹਾਰਾਂ ਨੂੰ ਮਨਾਉਣ ਲਈ ਛਬੀਲਾਂ ਅਤੇ ਭੰਡਾਰੇ ਲਗਾਉਂਦੇ ਸੀ। ਉਦੋਂ ਤਾਂ ਉਲਟਾ ਵਿਆਹ-ਢੰਗਾਂ ਦੇ ਦਿਨ ਨੂੰ ਲੋਕ ਪੁੱਠੀ ਤਵੀ ਪਾ ਕੇ ਅਰਦਾਸ ਕਰਕੇ ਮੀਂਹ ਬੰਨ੍ਹਦੇ ਸਨ ਕਿ ਜੇਕਰ ਇੱਕਠ ਹੋਏ ਵਿੱਚ ਮੀਂਹ ਪੈ ਗਿਆ ਤਾਂ ਪ੍ਰਬੰਧ ਕਰਨੇ ਔਖੇ ਹੋ ਜਾਣਗੇ ਪਰ ਅੱਜਕਲ੍ਹ ਤਾਂ ਪੰਜਾਂ ਪਾਣੀਆਂ ਦਾ ਸਿਰਨਾਵਾਂ ਧਾਰੀ ਬੈਠਾ ਪੰਜਾਬ ਪਾਣੀ ਖੁਣੋਂ ਢੁੰਡਿਆ

ਪਿਆ ਹੈ। ਵਿਆਹ ਸ਼ਾਦੀ ਵਾਲੇ ਇੱਕ ਘਰ ਵਿੱਚ ਪਾਣੀ ਦੀ ਕਿੱਲਤ ਦਾ ਦ੍ਰਿਸ਼ ਇਸ ਪ੍ਰਕਾਰ ਪੇਸ਼ ਕੀਤਾ ਗਿੱਆ ਹੈ :

> ਬਰਾਤ ਆਉਣ ਵਾਲ਼ੀ ਹੈ, ਇੱਥੇ ਪਾਣੀ ਦਾ ਕਾਲ ਪਿਆ ਹੋਇਆ, ਚਾਹ ਜੋਗਾ ਵੀ ਨਹੀਂ ਹੈਗਾ..ਕਈ ਕੁਝ ਬਣਾਉਣ ਵਾਲ਼ਾ ਪਿਆ, ਅਸੀਂ ਤਾਂ ਪਕੌੜੇ ਵੀ ਨਹੀਂ ਬਣਾਉਂਦੇ..ਵਾਰ-ਵਾਰ ਤ੍ਰੇਹ ਲੱਗੂ..ਪਾਣੀ ਬਿਨ ਔਖਾ..ਕਿੱਥੋਂ ਦੇਵਾਂਗੇ(34)

ਬਰਾਤੀਆਂ ਵਿੱਚ ਕੋਈ ਵੀ ਇਸ਼ਨਾਨ ਕਰਕੇ ਨਹੀਂ ਆਉਂਦਾ ਕਿਉਂ ਜੁ ਪਾਣੀ ਹੀ ਮੁੱਕ ਚਲਿਆ। ਲਾੜਾ ਵੀ ਨਹਾਏ ਬਿਨ੍ਹਾਂ ਹੀ ਆ ਜਾਂਦਾ ਹੈ। ਉਹਨਾਂ ਵਿੱਚੋਂ ਇੱਕ ਸਿਆਣਾ ਬਰਾਤੀ ਹੋਰਨਾਂ ਨੂੰ ਪੁਰਾਣੇ ਸਮੇਂ ਦੇ ਪੰਜਾਬ ਦੀ ਖੁਸ਼ਹਾਲੀ ਦਾ ਜ਼ਿਕਰ ਬੜੇ ਦਿਲਕਸ਼ ਅੰਦਾਜ਼ ਵਿੱਚ ਇਸ ਪ੍ਰਕਾਰ ਕਰਦਾ ਹੈ:

> ਓਇ, ਕਹਿੰਦੇ ਕਦੇ ਆਪਣੀ ਇਸ ਧਰਤੀ 'ਚ ਵੀ ਬਹੁਤ ਪਾਣੀ ਸੀ ਤੇ ਕਿਸੇ ਕਿਸਮ ਦੀ ਕੋਈ ਦਿੱਕਤ ਹੀ ਨਹੀਂ ਹੁੰਦੀ..ਖੇਤ, ਘਰ, ਟੈਂਕੀਆਂ ਭਰੀਆਂ ਹੁੰਦੀਆਂ ਸਨ, ਨਹਿਰਾਂ, ਦਰਿਆ ਵੀ ਉੱਛਲਦੇ ਸਨ। ਲੋਕ ਦਿਨ 'ਚ ਕਈ-ਕਈ ਵਾਰ ਨਹਾਉਂਦੇ, ਰੱਜ ਕੇ ਪੀਂਦੇ, ਡੋਲ੍ਹਦੇ, ਕੱਪੜੇ ਧੋਂਦੇ ਸਨ। ਮੌਜਾਂ ਹੀ ਮੌਜਾਂ ਸੀ, ਕੋਈ ਘਾਟ ਨਹੀਂ ਸੀ। ਫੇਰ ਦੇਖਦੇ ਹੀ ਦੇਖਦੇ ਕੁਝ ਸਾਲਾਂ ਵਿੱਚ ਹੀ ਇਹ ਪੰਜ ਦਰਿਆਵਾਂ ਦੀ ਧਰਤੀ ਬੂੰਦ-ਬੂੰਦ ਨੂੰ ਤਰਸ ਗਈ ਤੇ ਇੱਕ ਦਿਨ ਕੰਗਾਲ ਹੀ ਹੋ ਗਈ(35)

ਮੈਂ-ਪਾਤਰ ਨੂੰ ਵਿਖਾਈ ਦਿੰਦਾ ਹੈ ਕਿ ਧਾਰਮਿਕ-ਅਸਥਾਨਾਂ ਉੱਤੇ ਮਾਇਆ ਜਾਂ ਅਨਾਜ ਦੇ ਦਾਨ ਤੋਂ ਵੱਧ ਸੰਗਤਾਂ ਨੂੰ ਜਲ-ਦਾਨ ਦੀ ਅਪੀਲ ਕੀਤੀ ਜਾਣ ਲੱਗ ਪਈ ਹੈ। ਉਸਨੂੰ ਇਹ ਵੀ ਨਜ਼ਰ ਆਉਂਦਾ ਹੈ ਕਿ ਡਾਕਟਰ, ਵਕੀਲ, ਅਫ਼ਸਰ ਤੇ ਲੀਡਰ ਸਭ ਪਾਣੀ ਦੀ ਰਿਸ਼ਵਤ ਮੰਗ ਕੇ ਆਪਣੀ ਡਿਊਟੀ ਕਰਦੇ ਹਨ। ਧੀਆਂ ਦੇ ਗ਼ਰੀਬ ਮਾਪੇ ਰੱਬ ਨੂੰ ਅਰਜ਼ੋਈ ਕਰਦੇ ਹਨ ਕਿ ਮੀਂਹ ਪੈ ਜਾਵੇ ਤਾਂ ਧੀ ਨੂੰ ਵਿਆਹ ਦਈਏ ਕਿਉਂਕਿ ਵਿਆਹ ਵੇਲੇ ਲੋੜੀਂਦੇ ਪਾਣੀ ਦਾ ਜੁਗਾੜ ਉਹਨਾਂ ਕੋਲ ਨਹੀਂ ਹੁੰਦਾ। ਲੋਕ ਦਾਜ, ਮਿਲਣੀਆਂ ਅਤੇ ਵਾਰਨਿਆਂ ਵਿੱਚ ਨੋਟਾਂ ਨੂੰ ਛੱਡ ਕੇ ਪਾਣੀ ਦੀ ਮੰਗ ਕਰ ਰਹੇ ਹਨ:

ਜੇ ਚਾਰ ਕਣੀਆਂ ਡਿੱਗ ਪੈਣ ਕੁੜੀ ਦੇ ਹੱਥ ਪੀਲੇ ਕਰ ਦੇਈਏ। ਅਗਲੇ ਦਾਜ 'ਚ ਹਜ਼ਾਰ ਲਿਟਰ ਪਾਣੀ ਮੰਗਦੇ ਨੇ, ਕਿੱਥੋਂ ਦੇਈਏ,ਆਪਦਾ ਹੀ ਵੇਲ਼ਾ ਪੂਰਾ ਨ੍ਹੀਂ ਹੁੰਦਾ..ਕਹਿੰਦੇ ਸੱਸ-ਸਹੁਰੇ ਲਈ ਪੰਜ ਸੌ ਲੀਟਰ ਪਾਣੀ..ਚਾਲ਼ੀ ਮਿਲਣੀਆਂ ਤੇ ਹੋਰ ਖ਼ਾਸ ਰਿਸ਼ਤੇਦਾਰਾਂ ਨੂੰ ਇੱਕ-ਇੱਕ ਕੈਂਪਰ। ਹਲ਼ਕੇ ਹੀ ਪਏ ਨੇ ਲੋਕ! ਅਸੀਂ ਕਿਹਾ ਗਹਿਣੇ ਪੁਆਂ 'ਲੋ ਜਿੰਨੇ ਮਰਜ਼ੀ ਪਾਣੀ ਦੀ ਬੂੰਦ ਵੀ ਨਹੀਂ ਦੇ ਸਕਦੇ। ਰਿਸ਼ਤਾ ਟੁੱਟ ਗਿਆ, ਜਿਹੜੇ ਆਪ ਤਿਹਾਏ ਮਰਦੇ ਨੇ, ਸਾਡੀ ਕੁੜੀ ਨੂੰ ਕੀ ਪਿਆਉਣਗੇ ਨੰਗ-ਮਲੰਗ(35)

ਸੁਫਨਮਈ ਸੋਚਾਂ ਵਿਚ ਵਿਚਰਦੀ ਇੱਕ ਬੀਬੀ ਆਪਣੀ ਗੁਆਂਢਣ ਸਹੇਲੀ ਨੂੰ ਦੱਸਦੀ ਹੈ ਕਿ ਰਾਤੀਂ ਸੁਪਨੇ ਵਿੱਚ ਉਸਨੇ ਮੁੜ ਤੋਂ ਹਰਿਆ-ਭਰਿਆ ਪੰਜਾਬ ਵੇਖਿਆ। ਜਦੋਂ ਅੱਖ ਖੁੱਲੀ ਤਾਂ ਏਨ੍ਹਾਂ ਜਲਸ਼ਾਰ ਸੁਫਨਾ ਟੁੱਟਣ 'ਤੇ ਉਹ ਦੁਖੀ ਹੋ ਕੇ ਬਿਆਨ ਕਰਦੀ ਹੈ ਕਿ ਰਾਤ ਕਿੰਨਾ ਹੀ ਮੀਂਹ ਪਿਆ, ਆਪਣੇ ਸਾਰੇ ਪਿੰਡ ਨੇ ਜਮ੍ਹਾਂ ਕਰ ਲਿਆ। ਫ਼ਸਲਾਂ ਵੀ ਉੱਠ ਖੜ੍ਹੀਆਂ..ਅੱਖ ਖੁੱਲ੍ਹੀ, ਓਹੀ ਹਾਲ..ਸਭ ਪਾਸੇ ਸੁਕਪਕਾ...। ਇੱਕ ਹੋਰ ਥਾਈਂ ਮੈਂ-ਪਾਤਰ ਨੂੰ ਗਲੀਆਂ ਵਿੱਚ ਇੱਕ ਫੇਰੀ ਵਾਲਾ ਵਪਾਰੀ ਅਜਿਹਾ ਕੱਪੜਾ ਵੇਚਣ ਦਾ ਹੋਕਾ ਦੇ ਰਿਹਾ ਸੁਣਾਈ ਦਿੰਦਾ ਹੈ ਕਿ ਜਿਸ ਨੂੰ ਵਰਤਣ ਨਾਲ ਸਰੀਰ ਦੀ ਮੈਲ ਪਾਣੀ-ਸਾਬਣ ਤੋਂ ਬਿਨਾਂ ਹੀ ਲੱਥ ਜਾਵੇਗੀ ਤੇ ਮੈਂ-ਪਾਤਰ ਸੁਣ ਕੇ ਹੈਰਾਨ-ਪਰੇਸ਼ਾਨ ਹੋ ਜਾਂਦਾ ਹੈ ਕਿ ਫੇਰੀ ਵਾਲਾ ਇੱਕ ਗਲਾਸ ਪਾਣੀ ਬਦਲੇ ਵੀਹ ਮੀਟਰ ਕੱਪੜਾ ਵੇਚ ਰਿਹਾ ਹੈ:

ਮੈਲ਼ ਦੀਆਂ ਬੱਤੀਆਂ ਲਾਹੁਣ ਵਾਲ਼ਾ ਕੱਪੜਾ ਲੈ 'ਲੋ ਭਾਈ। ਇੱਕ ਗਲਾਸ ਪਾਣੀ ਦਾ ਵੀਹ ਮੀਟਰ ਕੱਪੜਾ... ! ਇਸ ਕੱਪੜੇ ਨਾਲ਼ ਨਹਾਤੇ ਹੋਈਏ! ਕੋਈ ਫੇਰ ਵਾਲ਼ਾ ਹੋਕਾ ਦਿੰਦਾ ਹੈ(36)

ਸਾਰੇ ਪਾਸੇ ਟੁੰਡ-ਮਰੁੰਡੀ ਬਨਸਪਤੀ ਦਾ ਬੋਲਬਾਲਾ ਹੈ ਖੇਤੀ, ਸੜਕਾਂ, ਅਨਾਜ, ਫਲ, ਫੁੱਲ, ਸਬਜ਼ੀਆਂ ਸਭ ਸੜ-ਸੁੱਕ ਕੇ ਖ਼ਾਤਮੇ ਦੇ ਕਗਾਰ 'ਤੇ ਪੁੱਜ ਚੁੱਕੇ ਹਨ। ਮੈਂ-ਪਾਤਰ ਸੋਚਦਾ ਹੈ ਕਿ ਜੇਕਰ ਹੁਣ ਮੀਂਹ ਨਾ ਪਿਆ ਤਾਂ ਸਭ ਕੁਝ ਖ਼ਤਮ ਹੀ ਹੋ ਜਾਵੇਗਾ। ਇਹ ਸੋਚ ਕੇ ਉਸਦੀ ਰੂਹ ਕੰਬ ਜਾਂਦੀ ਹੈ। ਉਹ ਅੱਖਾਂ ਖੋਲ੍ਹਦਾ ਹੈ ਤੇ ਵਾਹਿਗੁਰੂ ਨੂੰ ਯਾਦ ਕਰਕੇ ਬਾਣੀ ਦਾ ਧਿਆਨ ਕਰਦਾ ਹੋਇਆ ਉਚਾਰਦਾ ਹੈ- 'ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤ ਮਹਤ'

ਉਸ ਦੁਆਰਾ ਗੁਰਬਾਣੀ ਉਚਾਰੇ ਜਾਣ ‘ਤੇ ਉਸ ਕੋਲ ਖੜ੍ਹੇ ਬੱਚੇ ਕਹਿੰਦੇ ਹਨ ਕਿ ਇਹ ਪਾਗਲ ਨਹੀਂ ਸਗੋਂ ਇਹ ਤਾਂ ਸਿਆਣਾ ਬੰਦਾ ਹੈ। ਮੈਂ-ਪਾਤਰ ਬੱਚਿਆਂ ਨੂੰ ਪਿਆਰ ਨਾਲ ਆਪਣੇ ਕੋਲ ਬੁਲਾ ਕੇ ਉਹਨਾਂ ਦੇ ਨਾਮ ਪੁੱਛਦਾ ਹੈ ਉਹਨਾਂ ਦਾ ਹੌਂਸਲਾ ਵਧਾ ਕੇ ਧਰਤੀ ਨੂੰ ਮੁੜ-ਸੁਰਜੀਤ ਕਰਨ ਲਈ ਭਵਿੱਖ ਦੀਆਂ ਯੋਜਨਾਵਾਂ ਵਿੱਚ ਉਹਨਾਂ ਨੂੰ ਸ਼ਾਮਲ ਕਰਦਾ ਹੈ। ਭਵਿੱਖ ਦੇ ਯੋਧਿਆਂ ਨੂੰ ਨਾਲ ਲੈ ਕੇ ਉਹ ਅੱਜ ਦਾ ਮੂੰਹ-ਮੱਥਾ ਨਿਖਾਰਨ ਲਈ ਰਣਨੀਤੀ ਤਿਆਰ ਕਰਦਾ ਹੈ:

> ਮੈਂ ਉਹਨਾਂ ਨੂੰ ਪਿਆਰ ਦਿੱਤਾ ਤੇ ਧਰਤ ਦੇ ਹਾਲਾਤ ਪਲਟਣ ਲਈ ਇਸ਼ਾਰੇ ਮਾਤਰ ਸੱਦਾ ਦਿੱਤਾ, ਉਹ ਸ਼ਕਤੀਸ਼ਾਲੀ ਯੋਧੇ ਇਸ ਲਈ ਤਿਆਰ ਨੇ(37)

ਮੈਂ-ਪਾਤਰ ਪਿੰਡ ਵਾਲਿਆਂ ਨੂੰ ਜਾਗ੍ਰਿਤ ਕਰਦਾ-ਕਰਦਾ ਥੱਕ-ਹਾਰ ਕੇ ਇੱਕ ਬੋਹੜ ਦੀ ਛਾਵੇਂ ਆ ਕੇ ਬੈਠ ਜਾਂਦਾ ਹੈ। ਜਦੋਂ ਉਹ ਬੋਹੜ ਨੂੰ ਗਹੁ ਨਾਲ ਵੇਖਦਾ ਹੈ ਤਾਂ ਉਸ ਨੂੰ ਮਹਿਸੂਸ ਹੁੰਦਾ ਹੈ ਜੀਕਣ ਉਦਾਸ ਹੋਇਆ ਬੋਹੜ ਟਾਹਣੀ ਉੱਤੇ ਬੈਠੀ ਨਿੱਕੀ ਜਿਹੀ ਚਿੜੀ ਨਾਲ ਆਪਣਾ ਦੁੱਖ ਫਰੋਲਦਾ ਹੋਵੇ। ਅੱਗੋਂ ਚਿੜੀ ਵੀ ਮਨੁੱਖਾਂ ਦੀ ਦਿੱਤੀ ਹੋਈ ਬੇਕਦਰੀ ਤੋਂ ਪਰੇਸ਼ਾਨ ਹੋ ਕੇ ਆਪਣੀ ਪੀੜ੍ਹ ਬੋਹੜ ਨਾਲ ਸਾਂਝੀ ਕਰਦੀ ਹੈ। ਉਹਨਾਂ ਦੇ ਸੰਵਾਦ ਦੌਰਾਨ ਰੌਣ-ਹਾਕੀ ਹੋਈ ਸਲ੍ਹਾਬੀ ਪੌਣ ਦਾ ਭੁਲੇਖਾ ਪਾਉਂਦਾ ਹੈ ਅਤੇ ਬੋਹੜ ਉਸ ਦੇ ਗਲ ਲਗ ਕੇ ਡੁਸਕਦਾ ਪ੍ਰਤੀਤ ਹੁੰਦਾ ਹੈ। ਪੌਣ ਜਿਸ ਤਰ੍ਹਾਂ ਸਾਰੇ ਚੁਗਿਰਦੇ ਦਾ ਨਾਸ ਵੱਜ ਜਾਣ ਦਾ ਰੋਸ ਇਉਂ ਪ੍ਰਗਟ ਕਰ ਰਹੀ ਹੋਵੇ:

> ਸੱਚੀ ਗੱਲ ਆ... ਇਹਨਾਂ ਤਾਂ ਆਪਣੇ ਦਰਵੇਸ਼ ਪਾਣੀ ਦੀ ਜਾਨ ਵੀ ਲੈਣੀ ਕੀਤੀ ਹੋਈ ਹੈ। ਕੈਮਿਕਲੀ ਜ਼ਹਿਰਾਂ ਨਾਲ਼ ਕੈਂਸਰ ਦੀ ਭੇਂਟ ਚਾੜ੍ਹ ਦਿੱਤਾ..ਰੰਗ ਭੂਤ ਵਰਗਾ ਕਾਲ਼ਾ ਹੋ ਗਿਆ, ਜਿਵੇਂ ਪਾਣੀ ਨਾ ਹੋ ਕੇ ਜ਼ਹਿਰੀਲਾ ਲਾਵਾ ਹੋਵੇ(38)

ਕਿਉਂਕਿ ਮੈਂ-ਪਾਤਰ ਸੰਗੀਤ ਪ੍ਰੇਮੀ ਹੈ, ਇਸੇ ਲਈ ਉਹ ਆਪਣੇ ਸੁਨੇਹਿਆਂ ਨੂੰ ਸੰਚਾਰਿਤ ਕਰਨ ਲਈ ਗੀਤਾਂ ਦਾ ਮਾਧਿਅਮ ਚੁਣਦਾ ਹੈ। ਅੰਤਾਂ ਦੀ ਗਰਮੀ ਅਤੇ ਦਰਦ ਦਾ ਝੰਭਿਆ ਹੋਇਆ ਉਹੋ ਸਿਖਰ ਦੁਪਹਿਰ ਨੂੰ ਵੀ ਰਾਗ ਮਲ੍ਹਾਰ ਗਾਉਣ ਦਾ ਅਸਫਲ ਯਤਨ ਕਰਨ ਲੱਗ ਜਾਂਦਾ ਹੈ। ਉਸ ਨੂੰ ਪਤਾ ਹੈ ਕਿ ਰਾਗ ਮਲ੍ਹਾਰ

ਬਰਸਾਤਾਂ ਦੀ ਖੁਸ਼ੀ ਮਨਾਉਣ ਲਈ ਗਾਇਆ ਜਾਂਦਾ ਹੈ, ਇੱਕ ਤਰ੍ਹਾਂ ਨਾਲ ਔੜ ਵਿੱਚ ਮਲ੍ਹਾਰ ਗਾਉਣ ਦੀ ਮੈਂ-ਪਾਤਰ ਦੀ ਕਵਾਯਦ ਸੁਖਨ-ਸੁਨੇਹੇ ਦੀ ਕਾਮਨਾ ਹੀ ਹੈ। ਜਦੋਂ ਉਹ ਪਿੰਡ ਵਾਸੀਆਂ ਨੂੰ ਕੈਮੀਕਲ ਯੁਕਤ ਖਾਣੇ, ਫਲ ਅਤੇ ਸਬਜ਼ੀਆਂ ਖਾਂਦੇ ਵੇਖਦਾ ਹੈ ਤਾਂ ਸੋਚਦਾ ਹੈ ਕਿ ਕਿਉਂ ਨਾ ਆਪਣਾ ਜੈਵਿਕ ਸਬਜ਼ੀਆਂ ਵਾਲਾ ਸਟੋਰ ਹੀ ਖੋਲ ਲਵੇ ਅਤੇ ਲੋਕਾਂ ਨੂੰ ਸੁਰੱਖਿਅਤ ਸਬਜ਼ੀਆਂ ਵੇਚੇ। ਅਨਾਜ ਤੇ ਸਬਜ਼ੀਆਂ ਉਗਾਉਣ ਵਾਲਿਆਂ ਅਤੇ ਖ਼ਰੀਦਾਰਾਂ ਵੱਲੋਂ ਇਸ ਸੰਦਰਭ ਵਿੱਚ ਅਣਗੌਲੇ ਵਰਤਾਰੇ ਕਰਕੇ ਕਦੇ ਉਹ ਸੋਚਦਾ ਹੈ ਕਿ ਫਲ ਸਬਜ਼ੀਆਂ ਵੇਚਣ ਤੋਂ ਚੰਗਾ ਹੈ ਕਿ ਉਹ ਕਫ਼ਨ ਹੀ ਵੇਚਣ ਲੱਗ ਪਵੇ, ਕਿਉਂ ਜੋ ਵਿਗੜ ਰਹੇ ਵਾਤਾਵਰਨ ਨੇ ਹੌਲੀ-ਹੌਲੀ ਸਾਰਾ ਪੰਜਾਬ ਖਾ ਹੀ ਤਾਂ ਜਾਣਾ ਹੈ। ਕਫ਼ਨ ਵੇਚਣ ਲਈ ਜਿਵੇਂ ਉਹ ਹੋਕਾ ਦੇ ਰਿਹਾ ਹੋਵੇ:

> ਕਫ਼ਨ ਲੈ 'ਲੋ.. ਸਭ ਤੋਂ ਵਧੀਆ ਤਾਜ਼ੇ-ਤਾਜ਼ੇ ਰੇਸ਼ਮੀ ਕਫ਼ਨ..ਮੁਲਾਇਮ ਕਫ਼ਨ .. ਬਜ਼ਾਰ ਨਾਲੋਂ ਸਸਤੇ ਕਫ਼ਨ.. ! ਦੋ ਕਫ਼ਨਾਂ ਨਾਲ਼ 'ਫੁੱਲ' ਚੁਗਣ ਵਾਲ਼ੀ ਪੋਟਲੀ ਮੁਫ਼ਤ..ਆਜੋ ਆਜੋ, ਮੌਤ ਯੁੱਗ ਸ਼ੁਰੂ ਹੋਣ ਵਾਲ਼ਾ ਹੈ... !!(41)

ਖਿਆਲਾਂ ਵਿੱਚ ਹੀ ਹੋਕਾ ਦੇ ਕੇ ਉਹ ਥੱਕ-ਅੱਕ ਜਾਂਦਾ ਹੈ ਪਰ ਕੋਈ ਵੀ ਕਫ਼ਨ ਲੈਣ ਲਈ ਉਸ ਕੋਲ ਨਹੀਂ ਆਉਂਦਾ। ਉਸ ਦੀ ਕਲਪਨਾ ਸ਼ਕਤੀ ਵਿੱਚ ਇੱਕ ਪਰਵਾਸੀ ਬਜ਼ੁਰਗ ਉਸ ਨੂੰ ਆ ਕੇ ਦੱਸਦਾ ਹੈ ਕਿ ਕਫ਼ਨ ਤਾਂ ਇੱਥੇ ਬਹੁਤ ਪਹਿਲਾਂ ਹੀ ਲੀਡਰ ਮੁਫ਼ਤ ਵੰਡ ਗਏ ਸੀ। ਸਾਰੇ ਲੋਕ ਮਰ-ਖੱਪ ਚੁੱਕੇ ਹਨ। ਹੁਣ ਕਫ਼ਨ ਲੈਣ ਜੋਗਾ ਕੋਈ ਰਿਹਾ ਹੀ ਨਹੀਂ। ਉਸ ਦੀ ਗੱਲ ਸੁਣ ਕੇ ਮੈਂ-ਪਾਤਰ ਗੁੱਸੇ ਨਾਲ ਬੋਲਦਾ ਹੈ ਕਿ ਮੈਂ ਤਾਂ ਦੇਸੀ ਖਾਦ ਵਾਲੇ ਫ਼ਲ ਅਤੇ ਸ਼ਬਜ਼ੀਆਂ ਵੇਚ ਰਿਹਾ ਹਾਂ ਨਾ ਕਿ ਕਫ਼ਨ। ਉਸ ਦੀ ਗੱਲ ਸੁਣ ਕੇ ਪਰਵਾਸੀ ਬੜੀ ਜੋਰ ਦੀ ਠਹਾਕਾ ਮਾਰ ਕੇ ਹੱਸਦਾ ਹੈ ਅਤੇ ਉਸਦੇ ਸੱਚ ਨੂੰ ਵੀ ਝੂਠ ਬਣਾ ਦਿੰਦਾ ਹੈ। ਖਿਆਲਾਂ ਵਿੱਚੋਂ ਬਾਹਰ ਆ ਕੇ ਜਦੋਂ ਮੈਂ –ਪਾਤਰ ਘਬਰਾ ਕੇ ਆਪਣੇ ਥਾਲ ਵੱਲ ਤੱਕਦਾ ਹੈ ਤਾਂ ਉਸ ਵਿੱਚ ਸ਼ਬਜ਼ੀਆਂ ਹੀ ਹੁੰਦੀਆਂ ਹਨ। ਉਹ ਨਿਸ਼ਚਾ ਕਰਦਾ ਹੈ ਕਿ ਮੈਂ ਆਪਣੇ ਲੋਕਾਂ ਨੂੰ ਮੌਤ ਦੇ ਮੂੰਹ ਵਿੱਚ ਨਹੀਂ ਜਾਣ ਦੇਵਾਂਗਾ।

ਹਥਲੀ ਕਹਾਣੀ ਵਿੱਚ ਦੀਦਾਰਗੜ੍ਹ ਨੇ ਵਿਅੰਗਤਾਮਕ ਤ੍ਰਾਸਦੀ ਦਾ ਸਫ਼ਲ ਚਿਤਰਨ ਕੀਤਾ ਹੈ। ਪਿੰਡ ਦੇ ਲੋਕਾਂ ਨੂੰ ਪਾਗਲ ਦਿਖਣ ਵਾਲਾ ਮੈਂ-ਪਾਤਰ ਅਸਲ ਵਿੱਚ ਪ੍ਰਸਥਿਤੀਆਂ ਦਾ ਝੰਭਿਆ ਹੋਇਆ ਹੈ। ਉਸ ਨੂੰ

ਆਪਣੀ ਧਰਤੀ, ਪੌਣ-ਪਾਣੀ, ਰੁੱਖ-ਬੂਟੇ, ਖਾਣ-ਪਾਣ, ਸੱਭਿਆਚਾਰ, ਅਰਥ-ਵਿਵਸਥਾ ਅਤੇ ਆਪਣੀ ਮਿੱਟੀ ਦਾ ਫ਼ਿਕਰ ਹੈ। ਇਹਨਾਂ ਫ਼ਿਕਰਾਂ ਦੇ ਕਰਕੇ ਉਹ ਹੋਰਨਾਂ ਵਾਂਗ ਲਾਪਰਵਾਹ ਅਤੇ ਸਵੈ-ਕੇਂਦਰਿਤ ਬਣ ਕੇ ਨਹੀਂ ਜੀ ਰਿਹਾ। ਉਹ ਆਪਣੇ ਗੀਤਾਂ ਰਾਹੀਂ ਉਹਨਾਂ ਲੋਕਾਂ ਨੂੰ ਵੀ ਸੁਰੱਖਿਆਤ ਜਿਉਣ ਦਾ ਸੰਕੇਤ ਦਿੰਦਾ ਹੈ ਜਿਹੜੇ ਉਹਨੂੰ ਮਾਰਨ ਕੁੱਟਣ ਲਈ ਉਤਾਵਲੇ ਰਹਿੰਦੇ ਹਨ। ਭਾਵਨਾਤਮਕ ਤੌਰ ‘ਤੇ ਵੇਖਣ ਨਾਲ ਸਮਝ ਆਉਂਦੀ ਹੈ ਕਿ ਪਾਗਲ ਮੈਂ-ਪਾਤਰ ਨਹੀਂ, ਸਗੋਂ ਪਾਗਲ ਤਾਂ ਉਹ ਲੋਕ ਨੇ ਜਿਹੜੇ ਉਹਦੀ ਗੱਲ ਨਹੀਂ ਸਮਝਦੇ। ਮੈਂ-ਪਾਤਰ ਦੇ ਕਲੇਜੇ ਵਿੱਚ ਵਾਤਾਵਰਨ ਨੂੰ ਲੈ ਕੇ ਜਿਹੜਾ ਦਰਦ ਹੈ ਉਹੀ ਉਸ ਨੂੰ ਅਸਹਿਜ ਕਰਕੇ ਰੱਖਦਾ ਹੈ।

ਕਰਕ ਤੋਂ ਭਾਵ ਹੈ ਰਹਿ-ਰਹਿ ਕੇ ਚੀਸਾਂ ਪਾਉਣ ਵਾਲੀ ਪੀੜ, ਜਿਹੜੀ ਕਿਤੇ ਡੂੰਘੀ ਲਹਿ ਗਈ ਹੋਵੇ। ਜੀਵਨ ਦੀਆਂ ਬੁਨਿਆਦੀ ਸਥਿਤੀਆਂ ਦਾ ਵਿਗੜ ਜਾਣਾ ਕਿਸੇ-ਕਿਸੇ ਨੂੰ ਹੀ ਹਲੂਣਦਾ ਹੈ ਅਤੇ ਭਵਿੱਖ ਦੇ ਦਰਦ ਦਾ ਅਹਿਸਾਸ ਕਰਵਾਉਂਦਾ ਹੈ। ਅਜਿਹੇ ਵਿਰਲੇ ਕੁਦਰਤ-ਪ੍ਰੇਮੀ ਹਿਰਦੇ ਹੀ ਭਵਿੱਖਤ ਸੰਤਾਪ ਨੂੰ ਮਿਟਾ ਕੇ ਸਰਬੱਤ ਦੇ ਭਲੇ ਲਈ ਵਾਤਾਵਰਨ ਨੂੰ ਮੁੜ-ਸੁਰਜੀਤ ਕਰਨਾ ਲੋਚਦੇ ਹਨ।

ਜਸਵੀਰ ਸਿੰਘ ਦੀਦਾਰਗੜ੍ਹ ਦੇ ਕਹਾਣੀ ਸੰਗ੍ਰਹਿ ਦੀ ਤੀਜੀ ਕਹਾਣੀ ਦਾ ਨਾਮ ਹੈ- ‘ਮਾਰੂ ਨਾਦ’। ਇਸ ਕਹਾਣੀ ਵਿੱਚ ਆਉਣ ਵਾਲੇ ਸਮੇਂ ਦੇ ਵਾਤਾਵਰਨਿਕ ਵਿਗਾੜ ਕਰਕੇ ਭਿਆਨਕ ਨਤੀਜਿਆਂ ਦਾ ਕਲਾਤਮਿਕ ਦ੍ਰਿਸ਼ਟਾਂਤ ਪੇਸ਼ ਕੀਤਾ ਗਿਆ ਹੈ। ਆਲਮੀ ਤਪਸ਼ ਦੇ ਵਧਣ ਕਰਕੇ ਭਵਿੱਖ ਕਾਲ ਵਿੱਚ ਤਾਪਮਾਨ ਦਾ ਖ਼ਤਰਨਾਕ ਪੱਧਰ ਤੱਕ ਵੱਧ ਜਾਣਾ ਮਨੁੱਖੀ ਹੋਂਦ ਲਈ ਵੱਡਾ ਪ੍ਰਸ਼ਨ ਚਿੰਨ੍ਹ ਖੜ੍ਹਾ ਕਰ ਰਿਹਾ ਹੈ। ਕਹਾਣੀ ਦਾ ਘਟਨਾ ਕ੍ਰਮ ਇੱਕ ਬਹੁਤ ਆਧੁਨਿਕ ਅਤੇ ਏ.ਸੀ. ਸਹੂਲਤਾਂ ਨਾਲ ਲੈਸ ਸਕੂਲ ਦੇ ਦ੍ਰਿਸ਼ ਤੋਂ ਆਰੰਭ ਹੁੰਦਾ ਹੈ। ਗਰਮੀ ਦੀ ਰੁੱਤ ਵਿੱਚ ਤਾਪਮਾਨ ਬਹੁਤ ਵੱਧ ਗਿਆ ਹੈ। ਸਕੂਲ ਜਾਣ ਲਈ ਬੱਚੇ ਏ.ਸੀ. ਬੱਸਾਂ ਵਿੱਚ ਚੜ੍ਹ ਕੇ ਸਕੂਲ ਪਹੁੰਚਦੇ ਹਨ। ਸਕੂਲ ਵਿੱਚ ਅਚਾਨਕ ਬਿਜਲੀ ਦੀ ਖ਼ਰਾਬੀ ਆ ਜਾਣ ਕਰਕੇ ਸਕੂਲ ਦੇ ਏ.ਸੀ. ਬੰਦ ਹੋ ਜਾਂਦੇ ਹਨ। ਜਦੋਂ ਤੱਕ ਬਿਜਲੀ ਦੀ ਖ਼ਰਾਬੀ ਠੀਕ ਨਹੀਂ ਹੋ ਜਾਂਦੀ ਏ.ਸੀ. ਚੱਲਣੇ ਵੀ ਨਹੀਂ ਸਨ। ਅਜੋਕੀ ਪੀੜ੍ਹੀ ਸਹੂਲਤਾਂ ‘ਤੇ ਏਨੀ ਨਿਰਭਰ ਹੋ ਗਈ ਹੈ ਕਿ ਉਹ ਏ.ਸੀ. ਨਹੀਂ ਚਲਾਉਂਦੀ ਸਗੋਂ ਏ.ਸੀ. ਅਜੋਕੀ ਪੀੜ੍ਹੀ ਨੂੰ ਚਲਾ ਰਹੇ ਹਨ। ਘਰ ਏ.ਸੀ., ਕਾਰ ਏ.ਸੀ., ਸ਼ਾਪਿੰਗ ਮਾਲ ਏ.ਸੀ., ਸਕੂਲ ਬੱਸ ਏ.ਸੀ., ਸਕੂਲ ਏ.ਸੀ.,

ਟਿਊਸ਼ਨ ਸੈਂਟਰ ਏ.ਸੀ.- ਏ.ਸੀ. ਦੀ ਆਦੀ ਹੋ ਚੁੱਕੀ ਅਜੋਕੀ ਪੀੜ੍ਹੀ ਕੁਝ ਮਿੰਟ ਵੀ ਏ.ਸੀ. ਬਿਨਾਂ ਨਹੀਂ ਰਹਿ ਸਕਦੀ ਅਤੇ ਹਾਲੋਂ-ਬੇਹਾਲ ਹੋ ਜਾਂਦੀ ਹੈ। ਏ.ਸੀ. ਕਮਰੇ ਤੇ ਅੰਦਰ ਤਾਂ ਤਾਪਮਾਨ ਘੱਟ ਕਰਕੇ ਕਮਰੇ ਨੂੰ ਠੰਢਾ ਕਰ ਦਿੰਦੇ ਹਨ ਪਰ ਕਮਰੇ ਤੋਂ ਬਾਹਰਲੇ ਤਾਪਮਾਨ ਨੂੰ ਗਰਮ ਹਵਾ ਸਿੱਟ ਕੇ ਹੋਰ ਵੀ ਵਧਾ ਦਿੰਦੇ ਹਨ। ਇਕ ਪ੍ਰਥਾਇ ਕਹਾਣੀ ਵਿੱਚ ਦੱਸਿਆ ਗਿਆ ਹੈ ਕਿ:

> ਇਹ ਸਭ ਬੱਚੇ ਘਰ, ਗੱਡੀ, ਸਕੂਲ ਵਿੱਚ ਵਾਤਾਨਕੂਲ ਸਿਸਟਮ ਵਿੱਚ ਰਹਿਣ ਦੇ ਆਦੀ ਨੇ ਤੇ ਸਕੂਲ ਦੇ ਕੁਝ ਮਿੰਟਾਂ ਦੇ ਖ਼ਰਾਬ ਲਾਈਟ ਸਿਸਟਮ ਨੇ ਇਹਨਾਂ ਦੀ ਜਾਨ ਇੱਕ ਦਮ ਹੀ ਮੁੱਠੀ 'ਚ ਕਰ ਦਿੱਤੀ ਹੈ ਤੇ ਬੁਰੀ ਤਰ੍ਹਾਂ ਨਾਲ ਤੜਪਦੇ ਝੱਲੇ ਨਹੀਂ ਜਾ ਰਹੇ(43)

ਸਕੂਲ ਆਧੁਨਿਕ ਸਹੂਲਤਾਂ ਨਾਲ ਲੈੱਸ ਹੈ ਪਰ ਬਿਜਲੀ ਦੀ ਖ਼ਰਾਬੀ ਪੈ ਜਾਣ ਕਰਕੇ ਸਾਰੇ ਏ.ਸੀ. ਬੰਦ ਹੋ ਗਏ ਹਨ। ਬੱਚੇ ਗਰਮੀ ਵਿੱਚ ਤਰਲੋ-ਮੱਛੀ ਹੁੰਦੇ ਹੋਏ ਚੀਕ-ਚੀਕ ਕੇ ਅਧਿਆਪਕਾਂ ਨੂੰ ਏ.ਸੀ. ਚਲਵਾਉਣ ਲਈ ਕਹਿ ਰਹੇ ਹਨ। ਸਕੂਲ ਕਾਫ਼ੀ ਵੱਡਾ ਹੈ ਪਰ ਸਜਾਵਟੀ ਅਤੇ ਬਨਾਉਟੀ ਪੌਦਿਆਂ ਦੀ ਬਹੁਤਾਤ ਹੋਣ ਦੇ ਬਾਵਜੂਦ ਸੰਘਣੀ ਛਾਂ ਅਤੇ ਠੰਢੜੀ ਹਵਾ ਦੇਣ ਵਾਲੇ ਰੁੱਖ ਨਹੀਂ ਲਗਾਏ ਗਏ। ਅਤਿ-ਆਧੁਨਿਕ ਸੋਚ ਵੱਡੇ-ਵੱਡੇ ਰੁੱਖਾਂ ਨੂੰ ਬੇਕਾਰ ਸਮਝਦੀ ਹੈ ਅਤੇ ਬੋਨਸਾਈ ਵਾਲੇ ਬੂਟਿਆਂ ਨੂੰ ਤਹਿਜ਼ੀਬ-ਪ੍ਰਸਤ ਸਮਝਿਆ ਜਾਂਦਾ ਹੈ। ਸਕੂਲ ਦਾ ਦ੍ਰਿਸ਼-ਚਿਤਰਨ ਕਰਦਿਆਂ ਦੱਸਿਆ ਗਿਆ ਹੈ ਕਿ:

> ਹਵਾ ਵੀ ਬਿਲਕੁੱਲ ਬੰਦ ਹੈ ਤੇ ਸੂਰਜ ਸਵੇਰ ਤੋਂ ਹੀ ਅੱਗ ਦੇ ਗੋਲ਼ੇ 'ਚ ਤਬਦੀਲ ਹੋ ਗਿਆ ਹੈ। ਸਕੂਲ 'ਚ ਸਜਾਵਟੀ ਪੌਦਿਆਂ ਦੀ ਤਾਂ ਬਹੁਤਾਤ ਹੈ ਪਰ ਵੱਡੇ ਤੇ ਸੰਘਣੀ ਛਾਂ ਵਾਲਾ ਕੋਈ ਇੱਕ ਵੀ ਰੁੱਖ ਨਹੀਂ। ਇਸ ਪੱਖੋਂ ਸਕੂਲ ਪੂਰਾ ਹੀ ਘੋਨ-ਮੋਨ ਹੋਇਆ ਪਿਆ ਹੈ(43)

ਗਰਮੀ ਦਾ ਪ੍ਰਕੋਪ ਇੰਨਾ ਵੱਧ ਗਿਆ ਹੈ ਕਿ ਬਦਹਵਾਸ ਹੋ ਕੇ ਕੁਝ ਬੱਚਿਆਂ ਨੇ ਆਪਣੇ ਕੱਪੜੇ ਤੱਕ ਪਾੜ ਦਿੱਤੇ ਹਨ ਤੇ ਕੁਝ ਰੋ ਰਹੇ ਹਨ। ਸਾਰੇ ਪਾਸੇ ਬੱਚਿਆਂ ਦੀ ਬੇਵੱਸੀ ਅਤੇ ਚੀਕ-ਪੁਕਾਰ ਦਾ ਮੰਜ਼ਰ ਹੈ। ਰੁੱਖਾਂ ਦੀ ਬੇਕਦਰੀ ਕਰਨ ਵਾਲਿਆਂ ਦੀ ਵੀ ਜਾਨ ਹੁਣ ਫਾਹੇ ਵਿੱਚ ਆਈ ਹੋਈ ਹੈ। ਕਹਾਣੀ ਦੇ ਮੁੱਖ ਪਾਤਰ ਦੇ ਸ਼ਬਦਾਂ ਵਿੱਚ ਵਾਤਾਵਰਨ ਤੋਂ ਬੇਮੁੱਖ ਹੋ ਕੇ ਚੱਲਣ ਵਾਲੇ ਕਾਰਿਆਂ ਬਾਬਤ ਇੰਝ ਦੱਸਿਆ ਗਿਆ ਹੈ:

> ਜਿਸ ਤੇਜ਼ੀ ਨਾਲ ਰੁੱਖ ਪੁੱਟ-ਪੁੱਟ ਕੇ ਏ.ਸੀ. ਤੇ ਕੰਕਰੀਟ ਦੇ ਜੰਗਲ ਬੀਜੇ ਜਾ ਰਹੇ ਹਨ ਲੱਗਦੈ ਜਲਦੀ ਹੀ ਇਹ ਹਾਲਾਤ ਦਫ਼ਤਰਾਂ, ਘਰਾਂ ਤੇ ਹੋਰ ਉਹਨਾਂ ਸਭ ਥਾਵਾਂ ਉੱਤੇ ਕਹਿਰ ਮਚਾਉਣ ਲਈ ਤਿਆਰ ਹੈ, ਜਿੱਥੇ ਰੁੱਖਾਂ ਨੂੰ ਬੇਲੋੜੇ ਤੇ ਗੰਦ ਪਾਉ ਜਾਂ ਘਰਾਂ ਦੀ ਸ਼ਾਨ ਖ਼ਰਾਬ ਕਰਨ ਵਾਲੇ ਸਮਝ ਕੇ ਉਨ੍ਹਾਂ ਦੀਆਂ ਜੜ੍ਹਾਂ ਪੁੱਟੀਆਂ ਜਾਣਗੀਆਂ। ਰੁੱਖਾਂ ਦੀਆਂ ਪੁੱਟੀਆਂ ਜੜ੍ਹਾਂ ਨਾਲ ਮਨੁੱਖਾਂ ਦੀਆਂ ਜੜ੍ਹਾਂ ਵੀ ਪੁੱਟ ਹੋ ਸਕਦੀਆਂ ਹਨ(43)

ਏਨੇ ਨੂੰ ਪਰਾ-ਵੈਂਗਣੀ ਕਿਰਨਾਂ ਸੁੱਟਦਾ ਸੂਰਜ ਸਿਰ ਤੇ ਆਣ ਚੜਿਆ ਹੈ। ਬੱਚੇ, ਸਕੂਲ ਸਟਾਫ਼, ਮਾਪੇ ਹਰ ਕੋਈ ਬੇਹੋਸ਼ ਹੋਣ ਦੇ ਕਗਾਰ 'ਤੇ ਪੁੱਜ ਗਿਆ ਹੈ। ਜਿਹੜੇ ਲੋਕ ਵਾਤਾਵਰਨ ਨੂੰ ਬਚਾਉਣ ਲਈ ਚਿੰਤਤ ਹਨ, ਉਹ ਆਟੇ ਵਿੱਚ ਲੂਣ ਦੇ ਸਮਾਨ ਹਨ। ਬਾਕੀ ਸਭ ਤਾਂ ਵਾਤਾਵਰਨ ਤੋਂ ਉਪਰਾਮ ਹੋ ਕੇ ਲੰਮੀਆਂ ਤਾਣ ਕੇ ਗੂੜ੍ਹੀ ਨੀਂਦ ਸੁੱਤੇ ਪਏ ਹਨ।

ਵਾਤਾਵਰਨ ਪ੍ਰਦੂਸ਼ਣ ਨੂੰ ਵਧਾਉਣ ਲਈ ਜ਼ੁੰਮੇਵਾਰ ਕਾਰਕਾਂ ਵਿੱਚ ਪੂੰਜੀਵਾਦ, ਤਕਨੀਕੀ ਵਿਕਾਸ, ਰੁੱਖਾਂ ਦਾ ਉਜਾੜਾ ਅਤੇ ਵਾਤਾਵਰਨ ਪ੍ਰਤੀ ਲਾਪਰਵਾਹੀ ਨੂੰ ਮੰਨਿਆ ਜਾ ਰਿਹਾ ਹੈ। ਇਹਨਾਂ ਵਿਚਾਰਾਂ ਨੂੰ ਦ੍ਰਿੜ ਕਰਨ ਲਈ ਮੈਂ-ਪਾਤਰ ਨੇ ਆਪਣੇ ਵਿਚਾਰ ਇਸ ਪ੍ਰਕਾਰ ਸਾਂਝੇ ਕੀਤੇ ਹਨ:

> ਵਿਕਾਸ ਦੇ ਦੈਂਤ ਖ਼ਾਸਾ ਭੂਸਰਿਆ, ਕੰਕਰੀਟ ਦੇ ਜੰਗਲ਼ਾਂ ਦਾ ਫਰਲਾ ਉੱਚਾ ਕਰਨ ਲਈ ਤੇ ਕਾਰਪੋਰੇਟੀ ਜਗਤ ਦੀ ਭੁੱਖੀ ਤੇ ਵੱਡੇ ਢਿੱਡ ਵਾਲੀ ਜੇਬ੍ਹ ਭਰਨ ਲਈ ਚੱਕਵੇਂ ਪੈਰੀਂ, ਹਰਲ-ਹਰਲ ਕਰਦਾ ਧਰਤੀ ਦੀ ਕੁੱਖ ਪਾੜਦਾ, ਰੁੱਖਾਂ ਦੇ ਕਤਲ ਕਰਦਾ, 'ਆਦਮਬੋਅ-ਆਦਮਬੋਅ' ਦੀਆਂ ਕੂਕਾਂ ਮਾਰ ਕੇ ਆਪਣੀ ਭਰਵੀਂ ਹਾਜ਼ਰੀ ਭਰ ਰਿਹਾ ਹੈ। ਇਸ ਸਾਰੇ ਰੌਲ਼ੇ-ਕਚੌਲ਼ੇ ਵਿੱਚ ਆਪਣਾ ਮੂਲ ਗੁਆ ਚੁੱਕਾ ਬੁੱਢਾ ਬੋਹੜ ਚੌਫਾਲ ਪਿਆ ਹੈ(45)

'ਮਾਰੂ ਨਾਦ' ਕਹਾਣੀ ਵਿੱਚ ਨਾਟਕੀ ਜੁਗਤ ਵਾਂਗ ਪ੍ਰਦੂਸ਼ਣ ਦੀ ਮਾਰ ਦੇ ਪ੍ਰਭਾਵ ਅਤੇ ਇਸ ਪ੍ਰਤੀ ਸਮਾਜ ਨੂੰ ਜਗ੍ਰਿਤ ਕਰਨ ਦੇ ਦ੍ਰਿਸ਼ ਵੀ ਪੇਸ਼ ਕੀਤੇ ਗਏ ਹਨ। ਕਣਕ ਦੀ ਨਾੜ ਅਤੇ ਜੀਰੀ ਦੀ ਪਰਾਲੀ ਨੂੰ ਅੱਗ ਲੱਗੀ ਹੋਵੇ ਜਾਂ ਫਿਰ ਕਾਰਖਾਨਿਆਂ ਦੀਆਂ ਚਿਮਨੀਆਂ ਵਿੱਚੋਂ ਨਿਕਲਦਾ ਤੇਜ਼ਾਬੀ ਧੂਆਂ ਹੋਵੇ; ਸਾਰੀ

ਹਰਿਆਲੀ, ਜੀਵ-ਜੰਤੂਆਂ ਅਤੇ ਖੁਸ਼ੀਆਂ-ਖੇੜਿਆਂ ਨੂੰ ਹੜੱਪ ਕਰ ਜਾਣ ਲਈ ਆਮਦਾ ਹਨ। ਧੂੰਏਂ ਦੇ ਗੁਬਾਰ ਸਾਹ-ਘੁੱਟਦੇ ਹਨ ਅਤੇ ਕਈ ਤਰ੍ਹਾਂ ਦੀਆਂ ਬਿਮਾਰੀਆਂ ਦਾ ਕਾਰਨ ਬਣਦੇ ਹਨ। ਇਸ ਤਰ੍ਹਾਂ ਦੀ ਵਿਚਾਰਗੋਈ ਕਰਨ ਲਈ ਮੈਂ-ਪਾਤਰ ਦੱਸਦਾ ਹੈ ਕਿ:

> ਗਾੜੇ ਕਾਲ਼ੇ-ਚਿੱਟੇ ਧੂੰਏਂ ਨੂੰ ਬੇਹੱਦ ਮੁਸ਼ਕਿਲਾਂ ਨਾਲ ਪਾਰ ਕਰਕੇ ਨਰ ਟਟੀਹਰੀ ਨੇ ਉੱਚੀ ਸਾਰੀ ਜਾਨ ਹੂਲਵੀਂ ਧਾਹ ਮਾਰ ਕੇ ਸਾਰੇ ਆਲ਼ੇ-ਦੁਆਲ਼ੇ ਨੂੰ ਮਹਾਂਕੰਬਣੀ ਛੇੜ ਦਿੱਤੀ। ਇਸ ਖੇਤ ਵਿੱਚੋਂ ਅੱਗ ਹੁਣ ਬੁੱਝ ਹੀ ਚੁੱਕੀ ਹੈ ਤੇ ਹੋਰ ਪਾਸੇ ਖੇਤਾਂ ਵਿੱਚ ਲੱਗ ਜਾਂ ਬੁਝ ਰਹੀ ਹੈ। ਖ਼ਤਰਨਾਕ ਧੂੰਏਂ ਨੇ ਸਾਫ਼ ਵਾਤਾਵਰਨ ਦਾ ਗਲ਼ ਵੱਢ ਸੁੱਟਿਆ(46)

ਖੇਤਾਂ ਵਿੱਚ ਲੱਗੀ ਅੱਗ ਕਰਕੇ ਫਸਲਾਂ ਦੇ ਕਈ ਮਿੱਤਰ ਕੀੜੇ-ਮਕੌੜੇ, ਨਿੱਕੇ-ਨਿੱਕੇ ਪੰਛੀ ਝੁਲਸ ਜਾਂਦੇ ਹਨ। ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਮਾਦਾ ਟਟੀਹਰੀ ਅਤੇ ਉਸਦੇ ਬੱਚੇ ਅੱਗ ਵਿੱਚ ਸੜ ਕੇ ਮਰ ਜਾਂਦੇ ਹਨ ਤੇ ਨਰ ਟਟੀਹਰੀ ਇਸ ਗੱਲ ਨੂੰ ਸਹਿਣ ਕਰਨੋ ਅਸਮਰੱਥ ਲੱਗਦਾ ਹੈ। ਟਟੀਹਰੀ ਦੇ ਪਰਿਵਾਰ ਉਜੜਣ ਦਾ ਮਾਰਮਿਕ ਦ੍ਰਿਸ਼ ਉਕਤ ਪੰਕਤੀਆਂ ਵਿੱਚ ਚਿਤਰਿਆ ਗਿਆ ਹੈ।

ਪ੍ਰਦੂਸ਼ਣ ਅਤੇ ਧੂੰਏ ਦੀ ਮਿਕਦਾਰ ਦੇ ਅਨੁਪਾਤ ਵਿੱਚ ਰੁੱਖਾਂ ਦੀ ਗਿਣਤੀ ਬਹੁਤ ਹੀ ਘੱਟ ਰਹੀ ਹੈ। ਵਾਤਾਵਰਨ ਨੂੰ ਸੰਤੁਲਿਤ ਰੱਖਣ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਰੁੱਖ ਹੀ ਨਿਭਾਉਂਦੇ ਹਨ। ਪਰ ਦੁਖਾਂਤ ਇਹ ਹੈ ਕਿ ਮਨੁੱਖ ਉਹਨਾਂ ਨੂੰ ਹੀ ਵੱਢ-ਟੁੱਕ ਰਿਹਾ ਹੈ, ਜਿਹੜੇ ਉਸ ਦੇ ਜੀਵਨ ਨੂੰ ਸੁਰੱਖਿਅਤ ਕਰਦੇ ਹਨ:

> ਉਂਝ ਵੀ ਸਰਕਾਰ ਦੀਆਂ ਕਿਸਾਨ ਤੇ ਲੋਕ ਮਾਰੂ ਨੀਤੀਆਂ ਦੀ ਉਪਜ ਇਹ ਖੇਤਾਂ, ਫੈਕਟਰੀਆਂ, ਮਸ਼ੀਨਰੀ, ਸ਼ੈਲਰਾਂ, ਰੇਲ ਗੱਡੀਆਂ, ਪਲਾਸਟਿਕ ਆਦਿਕ ਦਾ ਧੂੰਆਂ ਤਾਂ ਰੋਜ਼ ਹੀ ਹਰਲ-ਹਰਲ ਕਰਦਾ ਭੱਜਿਆ ਫਿਰਦਾ ਰਹਿੰਦਾ ਹੈ। ਜਿੰਨੀ ਵੱਡੀ ਧੂੰਏ ਤੇ ਪ੍ਰਦੂਸ਼ਣ ਦੀ ਫ਼ੌਜ ਹੈ, ਇਸਦੇ ਮੁਕਾਬਲੇ ਲਈ ਰੁੱਖ ਨਾਮਾਤਰ ਹੀ ਦਿਸਦੇ ਨੇ(47)

ਵਾਤਾਵਰਨ ਪ੍ਰਤੀ ਪ੍ਰਚਾਰ ਜੁਗਤ ਵਿੱਚ ਕੁਝ ਨੌਜਵਾਨਾਂ ਦੀ ਟੋਲੀ ਇੱਕ ਪੁੱਛਿਆ ਦੇਣ ਵਾਲੀ ਸਾਧਵੀ ਦੇ ਦਰਬਾਰ ਵਿੱਚ ਪੁੱਜ ਜਾਂਦੀ ਹੈ। ਸਾਧਵੀ ਦੇ ਹੀ ਭੇਖਾਂ ਦਾ ਪ੍ਰਯੋਗ ਕਰਦੇ ਹੋਏ ਟੋਲੀ ਅਜਿਹਾ ਸਾਧਨ

ਅਪਣਾਉਂਦੀ ਹੈ ਕਿ ਉੱਥੇ ਹਾਜ਼ਰ ਹਰ ਇੱਕ ਮਨੁੱਖ ਵਾਤਾਵਰਨ ਨੂੰ ਬਚਾਉਣ ਦਾ ਨਿਸ਼ਚਾ ਕਰ ਲੈਂਦਾ ਹੈ। ਇਸ ਹੈਰਾਨੀਕੁੰਨ ਪ੍ਰਯੋਗ ਦਾ ਸੰਖੇਪ ਵਰਣਨ ਕਹਾਣੀ ਵਿੱਚ ਇਸ ਪ੍ਰਕਾਰ ਕੀਤਾ ਗਿਆ ਹੈ:

> ਹਰਮਨ ਨੇ ਖ਼ੂਬਸੂਰਤ ਮੰਝੀ ਅਦਾਕਾਰੀ ਦਾ ਪ੍ਰਗਟਾਵਾ ਕਰਦਿਆਂ ਕਾਫ਼ੀ ਹਿਰਦੇ-ਵੇਦਕ ਚੀਕਾਂ ਮਾਰੀਆਂ ਤੇ ਫ਼ਿਰ ਉੱਠ ਕੇ ਖੜ੍ਹੀ ਹੋ ਗਈ ਜਿਵੇਂ ਸੱਚੀਂ ਉਸ 'ਚ ਕੋਈ 'ਛਾਇਆ' ਪ੍ਰਵੇਸ਼ ਕਰ ਗਈ ਹੋਵੇ। ਉਹ ਪੂਰੀ ਭਰਵੀਂ ਮਰਦਾਨਾ ਆਵਾਜ਼ ਵਿੱਚ ਦਹਾੜੀ- "ਮੈਂ ਦਰਵਾਜ਼ੇ ਵਾਲਾ ਪਿੱਪਲ਼ ਹਾਂ, ਪਿੱਪਲ਼ ਪਾਪਿਓ..! ਤੁਸੀਂ ਮੇਰੀਆਂ ਜੜ੍ਹਾਂ ਪੁੱਟ ਤੀਆਂ ਜ਼ਾਲਮੋਂ.. ਛੱਡਦਾ ਨ੍ਹੀਂ ਮੈਂ ਕਿਸੇ ਨੂੰ ਵੀ.. 'ਕੱਲੇ-'ਕੱਲੇ ਦਾ ਖ਼ੂਨ ਪੀਣਾ ਥੋਡਾ...ਵੇਚ ਤੇ ਡਕਾਰ ਗਏ ਮੈਨੂੰ... ਖੇਤਾਂ 'ਚੋਂ, ਘਰਾਂ 'ਚੋਂ, ਰਾਹਾਂ 'ਚੋਂ, ਸਾਡੀਆਂ ਨਸਲਾਂ ਤਬਾਹ ਕਰਨ 'ਤੇ ਲੱਗੇ ਓ ਬੇਸ਼ਰਮ ਲੋਕੋ, ਤਪਸ਼ ਨਾਲ ਲੜਦਿਆਂ ਦੀਆਂ ਸਾਡੀਆਂ ਉਮਰਾਂ ਲੰਘ ਗਈਆਂ ਤੇ ਆਕਸੀਜਨ ਦੇ-ਦੇ ਕੇ ਥੋਡੇ ਦਾਦੇ-ਪੜਦਾਦਿਆਂ ਨੂੰ ਜੀਵਨ ਦਿੱਤਾ। ਥੋਨੂੰ ਪਾਲ਼ਿਆ, ਥੋਡੇ ਪੁੱਤ-ਪੋਤਿਆਂ, ਪੜੋਤਿਆਂ ਨੂੰ ਛਾਵਾਂ, ਪਿਆਰ ਤੇ ਜੀਵਨ ਦਿੰਦੇ ਕੀ ਮਾੜਾ ਕਰਦੇ ਸੀ ਥੋਡਾ...ਜੋ ਸਾਡੇ ਏਨੇ ਵੱਡੇ ਵੈਰੀ ਬਣ ਗਏ?(48)

ਜਦੋਂ ਵਾਤਾਵਰਨ-ਪ੍ਰੇਮੀ ਟੋਲੀ ਦੀ ਮੈਂਬਰ ਹਰਮਨ ਓਪਰੀ ਕਸਰ ਦਾ ਨਾਟਕ ਕਰਦੇ ਹੋਏ ਮਰ-ਮੁੱਕ ਚੁੱਕੇ ਪਿੱਪਲ਼ ਦੀ ਆਤਮਾ ਕੋਲੋਂ ਲੋਕਾਂ ਨੂੰ ਤਾੜਦੇ ਹੋਏ ਸੰਦੇਸ਼ ਦਿੰਦੀ ਹੈ ਤਾਂ ਸਾਧਵੀ ਚਿਮਟਾ ਅਤੇ ਤ੍ਰਿਸ਼ੂਲ ਚੁੱਕ ਕੇ ਹਰਮਨ ਬਨਾਮ ਪਿੱਪਲ਼ ਦੀ ਆਤਮਾ ਨੂੰ ਸੋਧਣ ਦਾ ਉਪਕ੍ਰਮ ਕਰਨ ਲਗਦੀ ਹੈ ਤਾਂ ਹਰਮਨ ਹੋਰ ਵੀ ਕ੍ਰੋਧਿਤ ਹੋ ਕੇ ਸਾਧਵੀ ਨੂੰ ਹੀ ਸੋਧ ਛੱਡਦੀ ਹੈ:

> ਮੈਨੂੰ ਹੱਥ ਨਾ ਲਾਈ ਪਾਪਣੇ...ਰਗਾਂ ਮਸਲ 'ਦੂੰ ਸਭ ਦੀਆਂ...ਸਾਡੀਆਂ ਜੜ੍ਹਾਂ ਪੁੱਟ-ਪੁੱਟ ਰੱਜੇ ਨੀਂ ਹਾਲੇ...(49)

ਜਦੋਂ ਸੰਗਤ ਵਿੱਚ ਬੈਠੀਆਂ ਬੀਬੀਆਂ ਹਰਮਨ ਵਿੱਚ ਪ੍ਰਵੇਸ਼ ਕੀਤੀ ਅਖੌਤੀ ਪਿੱਪਲ਼ ਦੀ ਆਤਮਾ ਦੇ ਰੋਸ ਤੋਂ ਡਰ ਕੇ ਰੁੱਖ ਬਚਾਉਣ ਅਤੇ ਹੋਰ ਰੁੱਖ ਲਗਾਉਣ ਦੀ ਗੱਲ ਕਬੂਲ ਕਰਦੀਆਂ ਹਨ ਤਾਂ ਕਹਾਣੀ ਦਾ ਮੁੱਖ ਪਾਤਰ ਆਪਣੇ ਟੋਲੇ ਦੀ ਰਵਾਨਗੀ ਤੋਂ ਪਹਿਲਾਂ ਸਾਧਵੀ ਦੇ ਖੇਮੇ ਵਿੱਚ ਬੈਠੀਆਂ ਬੀਬੀਆਂ ਨੂੰ ਮੁਖਾਤਿਬ

ਹੋ ਕੇ ਬਚਨ ਲੈਂਦਾ ਹੈ ਕਿ ਜੇਕਰ ਬੇਵਕਤ ਮੌਤ ਮਰੇ ਪਿੱਪਲ਼ ਦੀ ਆਤਮਾ ਦੇ ਕ੍ਰੋਪ ਤੋਂ ਬਚੇ ਰਹਿਣਾ ਹੈ ਰੁੱਖ ਲਗਾਉਣੇ ਵੀ ਹਨ, ਪਾਲਣੇ ਵੀ ਹਨ ਅਤੇ ਉਹਨਾਂ ਦੀ ਰਾਖੀ ਵੀ ਕਰਨੀ ਹੈ:

> ਮੈਂ ਬੀਬੀਆਂ ਵੱਲ ਅਹੁਲਿਆ- "ਤੁਸੀਂ ਥੋਡੇ ਟੱਬਰ ਤੇ ਰਿਸ਼ਤੇਦਾਰ ਪੁੱਟੋਗੇ ਰੁੱਖਾਂ ਨੂੰ...?? "ਉਹ ਮਿਆਂਕਣ ਲੱਗੀਆਂ...- "ਨਹੀਂ ਜੀ... ਨਹੀਂ ਜੀ...!" ਘਰਾਂ 'ਚ ਲਾਵੋਂਗੀਆਂ ਤੇ ਸੰਭਾਲ਼ੋਗੀਆਂ ਸਾਨੂੰ...?" ਉਹ ਹਾਂਜੀ ਹਾਂਜੀ ਕਰਨ ਲੱਗੀਆਂ। ਆਪਣਾ ਸੁਨੇਹਾ ਪਾਖੰਡ ਦੀ ਦੁਕਾਨ 'ਤੇ ਪਾਖੰਡ ਦੀ ਭਾਸ਼ਾ 'ਚ ਦੇ ਕੇ, ਅਸੀਂ ਹੌਲ਼ੀ-ਹੌਲ਼ੀ ਸਹਿਜ ਹੋਣ ਲੱਗੇ(49)

ਦੂਜੀ ਪ੍ਰਚਾਰ ਜੁਗਤ ਦੇ ਦ੍ਰਿਸ਼ ਵਿੱਚ ਕਿਸੇ ਮੱਠ ਵਿੱਚ ਘੋਰੀ ਬਾਬੇ ਦੀ ਬਰਸੀ ਉੱਤੇ ਅੰਤਾਂ ਦਾ ਇੱਕਠ ਵਿਖਾਇਆ ਗਿਆ ਹੈ। ਕਹਿਰਾਂ ਦੀ ਗਰਮੀ ਵਿੱਚ ਵੀ ਭਾਰੀ ਗਿਣਤੀ ਵਿੱਚ ਸੰਗਤਾਂ ਜੁੜੀਆਂ ਹਨ। ਸਟੇਜ ਢਾਡੀ-ਕਵੀਸ਼ਰ, ਧਾਰਮਿਕ ਆਗੂ, ਨੇਤਾ ਅਤੇ ਵਿਖਿਆਤ ਬੁਲਾਰਿਆਂ ਨਾਲ ਭਰਿਆ ਪਿਆ ਹੈ। ਸਟੇਜ-ਸੈਕਟਰੀ ਨੇ ਕਹਾਣੀ ਦੇ ਮੈਂ-ਪਾਤਰ ਨੂੰ ਭਾਸ਼ਣ ਲਈ ਸਿਰਫ਼ ਪੰਜ ਮਿੰਟ ਹੀ ਦਿੱਤੇ ਹਨ। ਆਪਣੇ ਪੰਜਾਂ ਮਿੰਟਾਂ ਦੇ ਭਾਸ਼ਣ ਦੁਆਰਾ ਮੈਂ-ਪਾਤਰ ਬੜੀ ਵਧੀਆ ਪ੍ਰਚਾਰ ਜੁਗਤ ਲਗਾ ਕੇ ਇੱਕਠ ਨੂੰ ਵਾਤਾਵਰਨ ਸੰਭਾਲਣ ਦੀ ਪ੍ਰੇਰਨਾ ਕਰਦਾ ਹੈ। ਇਸ ਅਨੋਖੀ ਤਰਕੀਬ ਸਦਕਾ ਉਹ ਘੋਰੀ ਬਾਬੇ ਦੀ ਵਡਿਆਈ ਵੀ ਕਰ ਦਿੰਦਾ ਹੈ ਤੇ ਉਨ੍ਹਾਂ ਦੀ ਵਡਿਆਈ ਕਰਦੇ ਹੋਏ ਆਪਣਾ ਅਸਲੀ ਸੁਨੇਹਾ ਵੀ ਲੋਕਾਂ ਤੀਕ ਪੁਚਾ ਦਿੰਦਾ ਹੈ:

> 'ਸੰਗਤ ਜੀ...! ਥੋਨੂੰ ਪਤਾ ਘੋਰੀ ਬਾਬਾ ਜੀ ਕਿਉਂ ਘੋਰੀ ਸਨ ਤੇ ਇਸ਼ਨਾਨ ਕਿਉਂ ਨਹੀਂ ਸਨ ਕਰਦੇ...?' ਸਟੇਜ 'ਤੇ ਬੈਠੇ ਸੇਵਾਦਾਰਾਂ ਤੇ ਸਭ ਖੜ੍ਹੇ-ਬੈਠੇ ਲੋਕਾਂ ਨੇ ਕੰਨ ਚੁੱਕ ਲਏ। ਅੱਗੇ ਮੈਂ ਘੋਰੀ ਬਾਬੇ ਬਾਰੇ ਕਾਲਪਨਿਕ ਪਰ ਬਹੁਤ ਜ਼ਰੂਰੀ ਪੰਜਾਹ ਕੁ ਸ਼ਬਦਾਂ ਦੀ ਸਾਖੀ ਘੜੀ। ਬੋਲਾਂ ਨੂੰ ਮਿਠਾਸ ਤੇ ਭਾਵੁਕਤਾ ਦੀ ਚਾਸ਼ਨੀ 'ਚ ਲਬੇੜ ਕੇ ਮੈਂ ਬੋਲਿਆ- "ਉਹ ਸਾਡੇ ਤੁਹਾਡੇ ਬੱਚਿਆਂ ਲਈ, ਆਉਣ ਵਾਲ਼ੇ ਸਮੇਂ ਲਈ ਪਾਣੀ ਦੀ ਇੱਕ-ਇੱਕ ਬੂੰਦ ਬਚਾਉਣਾ ਚਾਹੁੰਦੇ ਸਨ। ਉਹਨਾਂ ਨੂੰ ਮਨੁੱਖੀ ਜ਼ਿੰਦਗੀ 'ਚ ਰੁੱਖਾਂ, ਪੌਣ-ਪਾਣੀ ਦੀ ਮਹੱਤਤਾ ਦਾ ਪੂਰਾ ਗਿਆਨ ਸੀ। ਉਹ ਵਾਤਾਵਰਨ ਦੀ ਸ਼ੁੱਧਤਾ ਲਈ

ਹਮੇਸ਼ਾ ਹੀ ਰੁੱਖ ਲਗਾਉਂਦੇ ਤੇ ਇਹਨਾਂ ਨੂੰ ਰੱਬੀ ਰੂਪ ਜਾਣ ਕੇ ਬੱਚਿਆਂ ਵਾਂਗ ਪਾਲਣ ਪੋਸ਼ਣ ਕਰਦੇ ਸਨ(51)

ਬਾਬਿਆਂ ਦੀ ਸ਼ਲਾਘਾ ਉਪਰੰਤ ਉਹ ਵਰਤਮਾਨ ਸਮੇਂ ਦੇ ਵਾਤਵਰਨਿਕ ਸੰਕਟਾਂ ਬਾਰੇ ਸਭ ਨੂੰ ਜਾਣੂ ਕਰਵਾਉਂਦਾ ਹੈ। ਉੱਨੀਵੀਂ ਸਦੀ ਤੋਂ ਆਰੰਭ ਹੋਇਆ ਆਲਮੀ ਤਪਸ਼ ਦਾ ਕਹਿਰ ਭਿਆਨਕ ਦੈਂਤ ਬਣ ਚੁੱਕਿਆ ਹੈ, ਓਜ਼ੋਨ ਪਰਤ ਬੋਦੇ ਕਪੜੇ ਵਾਂਗ ਛਿੱਜੀ ਪਈ ਹੈ, ਜੀਵਨ ਦੇ ਪ੍ਰਮੁੱਖ ਸ੍ਰੋਤ ਹਵਾ, ਮਿੱਟੀ ਤੇ ਪਾਣੀ ਪਲੀਤੇ ਜਾ ਰਹੇ ਹਨ। ਵਾਤਾਵਰਨ ਪ੍ਰਦੂਸ਼ਨ ਵਧਣ ਕਰਕੇ ਸਾਹ ਦੀ ਤਕਲੀਫ਼, ਅੱਖਾਂ ਵਿੱਚ ਜਲਣ, ਚਮੜੀ ਤੇ ਫੇਫੜੇ ਦੇ ਰੋਗ, ਸੁਣਨ ਸਮਰੱਥਾ ਦਾ ਘਟਣਾ, ਖ਼ੂਨ ਦਾ ਦਬਾਓ ਵਧਣਾ, ਸਿਰ ਪੀੜ, ਅਵਸਾਦ ਤੇ ਹੋਰ ਪਤਾ ਨੀ ਕੀ-ਕੀ ਰੋਗ ਬਣ ਕੇ ਫੁੱਟਣ ਲੱਗ ਪਿਆ ਹੈ। ਪਲਾਸਟਿਕ ਦਾ ਅਤਿ-ਪ੍ਰਯੋਗ, ਡਾਇਪਰ-ਡੰਪ, ਕੂੜੇ-ਕਚਰੇ ਦੇ ਵੱਡੇ-ਵੱਡੇ ਢੇਰ, ਖੇਤਾਂ ਵਿੱਚ ਸੜਦੀਆਂ ਨਾੜਾਂ ਤੇ ਪਰਾਲੀਆਂ, ਕੀਟ-ਨਾਸ਼ਕਾਂ ਦੇ ਖੁੱਲ੍ਹੇ ਸਪਰੇਅ- ਸਭ ਰਲ-ਮਿਲ ਕੇ ਸਾਰਿਆਂ ਦਾ ਜੀਣਾ ਦੁਸ਼ਵਾਰ ਕਰੀ ਜਾ ਰਹੇ। ਇਹਨਾਂ ਸੰਕਟਾਂ ਨੂੰ ਕਾਬੂ ਕਰਨ ਲਈ ਮੈਂ-ਪਾਤਰ ਹਾਜ਼ਰ ਸੰਗਤਾਂ ਨੂੰ ਸੰਦੇਸ਼ ਦਿੰਦਾ ਹੈ:

> ਪੂਰੇ ਦੇਸ਼ 'ਚ ਰੁੱਖ ਵੇਚ ਕੇ ਨਾ ਕੋਈ ਬਾਦਸ਼ਾਹ ਬਣਿਆ ਹੈ ਤੇ ਨਾ ਕੋਈ ਬਣੇ। ਪੈਸੇ ਕਮਾਉਣ ਲਈ ਹੋਰ ਸਾਧਨ ਖੋਜੇ ਜਾ ਸਕਦੇ ਹਨ। ਲੱਗੇ ਰੁੱਖਾਂ ਦੀ ਸੰਭਾਲ਼ ਤੇ ਮਨੁੱਖ ਵੱਲੋਂ ਲਗਾਏ ਗਏ ਰੁੱਖਾਂ ਦੀ ਸਦੀਵੀ ਸੇਵਾ ਬਾਰੇ ਦੱਸਿਆ ਹੈ ਕਿ ਜਦੋਂ ਅਸੀਂ ਇਸ ਸੰਸਾਰ 'ਤੇ ਨਹੀਂ ਰਹਾਂਗੇ; ਰੁੱਖ ਉਸ ਵੇਲ਼ੇ ਵੀ ਸਾਡੇ ਵੱਲੋਂ ਮਨੁੱਖਤਾ ਦੀ ਸੇਵਾ ਕਰਨਗੇ; ਉਹ ਛਾਂ, ਫ਼ਲ-ਫੁੱਲ, ਆਕਸੀਜਨ ਦੇਣਗੇ ਤੇ ਵਾਤਾਵਰਨ ਸਾਫ਼ ਰੱਖਣਗੇ। ਮੀਂਹ ਪੈਣਗੇ ਤੇ ਆਉਣ ਵਾਲ਼ੀਆਂ ਪੀੜ੍ਹੀਆਂ ਨੂੰ ਪੌਣ-ਪਾਣੀ ਦਾ ਕੋਈ ਸੰਕਟ ਨਹੀਂ ਹੋਵੇਗਾ, ਨਸਲਾਂ-ਫਸਲਾਂ ਵੱਧਣਗੀਆਂ-ਫੁੱਲਣਗੀਆਂ(51)

ਕਹਾਣੀ ਅੰਦਰ ਵਾਤਾਵਰਨ ਜਾਗਰੂਕਤਾ ਸੰਬੰਧੀ ਇੱਕ ਨਾਟਕ ਦਾ ਮੰਚਨ ਹੁੰਦੇ ਵਿਖਾਇਆ ਗਿਆ ਹੈ। ਮੈਂ-ਪਾਤਰ ਅਤੇ ਉਸ ਦੀ ਪੂਰੀ ਟੀਮ ਕਹਾਣੀ ਦੇ ਥੀਮ ਉੱਤੇ ਮੰਚਨ ਆਰੰਭ ਕਰਦੀ ਹੈ। ਨਾਟਕ ਦੇ ਪਹਿਲੇ ਦ੍ਰਿਸ਼ ਵਿੱਚ ਪ੍ਰਕਿਰਤੀ ਆਪਣੇ ਸੁਭਾਵਿਕ ਸੁਹੱਪਣ ਨਾਲ ਸ਼ਿੰਗਾਰੀ ਹੋਈ ਵਿਖਾਈ ਗਈ ਹੈ। ਕੁੜੀਆਂ ਪੀਘਾਂ

ਛੂਟਦੀਆਂ ਹਨ, ਕੱਤਦੀਆਂ-ਬੁਣਦੀਆਂ ਹਨ, ਖੇਤਾਂ ਵਿੱਚ ਹਲ਼ ਚੱਲ ਰਹੇ ਹਨ, ਪੌਣ-ਪਾਣੀ ਸ਼ੁੱਧ ਅਤੇ ਸਾਵਾਂ ਹੈ, ਹਰ ਪਾਸੇ ਖੁਸ਼ਹਾਲੀ ਦਾ ਭੰਡਾਰ ਹੈ, ਕਿੱਧਰੇ ਕੋਈ ਥੁੜ ਨਹੀਂ ਹੈ। ਇਸ ਤੋਂ ਬਾਅਦ ਕੁਦਰਤ ਨਾਲ ਛੇੜਖਾਨੀ, ਪੈਸੇ ਪਿੱਛੇ ਕੁਦਰਤ ਦੀ ਲੁੱਟ-ਖੋਹ, ਰੁੱਖਾਂ ਦੀ ਅੰਨ੍ਹੇਵਾਹ ਕਟਾਈ, ਲਾਪਰਵਾਹੀ ਅਤੇ ਆਰੋਪ-ਪ੍ਰਤੀ ਆਰੋਪ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ।

ਪਲੇਅ ਦੇ ਆਖ਼ਰੀ ਦ੍ਰਿਸ਼ ਵਿੱਚ ਗਾੜ੍ਹੇ ਧੂੰਏ ਦਾ ਦ੍ਰਿਸ਼ ਚਿਤਰਿਆ ਜਾਂਦਾ ਹੈ। ਪ੍ਰਦੂਸ਼ਿਤ ਵਾਤਾਵਰਨ ਨੇ ਲੋਕਾਂ ਦੇ ਸਾਹ ਘੁੱਟਣੇ ਆਰੰਭ ਕਰ ਦਿੱਤੇ ਹਨ। ਹਰ ਉਮਰ ਦੇ ਵਸਨੀਕਾਂ ਦਾ ਸਾਹ ਔਖਾ ਹੋ ਰਿਹਾ ਹੈ। ਲੋਕ ਖੰਘਦੇ-ਖੰਘਦੇ ਹੀ ਸਾਹ ਉਖਾੜ ਬੈਠਦੇ ਹਨ, ਬਚੇ-ਖੁਚੇ ਰੁੱਖ ਪ੍ਰਦੂਸ਼ਣ ਦੇ ਜਿੰਨ੍ਹ ਦਾ ਹਰ ਹੀਲੇ ਮੁਕਾਬਲਾ ਕਰਦੇ ਨਜ਼ਰ ਆ ਰਹੇ ਹਨ। ਰੁੱਖ ਵੀ ਵੱਡੇ-ਟੁੱਕੇ ਜਾਣ ਕਰਕੇ ਕੁਰਲਾ ਰਹੇ ਹਨ। ਰੁੱਖਾਂ ਦੀ ਜੁਬਾਨੀ ਮਨੁੱਖਾਂ ਪ੍ਰਤੀ ਉਹਨਾਂ ਦਾ ਤਰਲਾ ਤੇ ਕ੍ਰੋਧ ਇਸ ਪ੍ਰਕਾਰ ਪ੍ਰਸਤੁਤ ਕੀਤੇ ਗਏ ਹਨ:

> ਹਾਏ ਓ..ਜ਼ਾਲਿਮੋ! ਨਾ ਮਾਰੋ..! ਅਸੀਂ ਤੁਹਾਡੇ ਦੁਸ਼ਮਣ ਨਹੀਂ ਹਾਂ..। ਇੱਕ ਰੁੱਖ ਚੌਫਾਲ ਪਿਆ ਗਿੜਗਿੜਾ ਹੀ ਪਿਆ। ਉਸਦੀ ਹਿੱਕ ਚੀਰਵੀਂ ਧਾਹ ਨੇ ਕਾਇਨਾਤ ਨੂੰ ਕੰਬਣੀ ਛੇੜ ਦਿੱਤੀ। ਚਾਰੇ ਪਾਸੇ ਸਹਿਮ ਫੈਲ ਗਿਆ। ਫਿਰ ਅਚਾਨਕ ਉਸ ਨੂੰ ਪਤਾ ਨਹੀਂ ਕੀ ਹੋਇਆ, ਉਹ ਰੋਂਦਾ-ਰੋਂਦਾ ਹੱਸ ਪਿਆ! -"ਹਾਹਾਹਾਹਾ...! ਤੁਸੀਂ ਸਾਡੀਆਂ ਨਹੀਂ ਆਪਣੀਆਂ ਤੇ ਆਪਣੀਆਂ ਨਸਲਾਂ ਦੀਆਂ ਜੜ੍ਹਾਂ ਵੱਢ ਰਹੇ ਓ ਓਏ ਲੋਕੋ..(53)

ਉੱਪਰ ਵਰਣਿਤ ਦ੍ਰਿਸ਼ ਦੇਖ ਕੇ ਮੈਂ-ਪਾਤਰ ਦੇ ਬੱਚੇ ਬੇਚੈਨ ਹੋ ਜਾਂਦੇ ਹਨ। ਦੌੜ ਕੇ ਆਪਣੇ ਪਿਤਾ ਕੋਲ ਜਾ ਕੇ ਕਹਿੰਦੇ ਹਨ ਕਿ ਤੁਸੀਂ ਰੁੱਖਾਂ ਨੂੰ ਮਰਨ ਨਾ ਦਿਓ ਸਗੋਂ ਸਾਰੇ ਰੁੱਖਾਂ ਦੀ ਰਾਖੀ ਕਰੋ। ਨਾਟਕ ਦੇ ਇੱਕ ਦ੍ਰਿਸ਼ ਵਿੱਚ ਇਹ ਵਿਖਾਇਆ ਗਿਆ ਹੈ ਕਿ ਕਲੋਰੋਫਲੋਰੋ ਕਾਰਬਨਾਂ ਨੇ ਸਾਰਾ ਚੁਗਿਰਦਾ ਆਪਣੇ ਗਲੇਂਵੇਂ ਵਿੱਚ ਲੈ ਲਿਆ ਹੈ। ਪ੍ਰਸ਼ਾਸਨ ਦੇ ਵਿਕਾਸ ਦੇ ਨਾਅਰੇ ਹੇਠ ਸੜਕਾਂ ਚੌੜੀਆਂ ਹੋਣ ਦਾ ਕੰਮ ਜ਼ੋਰਾਂ 'ਤੇ ਚੱਲ ਰਿਹਾ ਹੈ, ਵਰ੍ਹਿਆਂ ਤੋਂ ਛਾਵਾਂ ਵੰਡਦੇ ਸੰਘਣੇ ਰੁੱਖ ਜੜ੍ਹਾਂ ਤੋਂ ਹੀ ਪੁੱਟੇ ਜਾ ਰਹੇ ਹਨ। ਟੁੰਡ-ਮੁਰੰਡੀਆਂ ਸੜਕਾਂ ਉੱਤੇ ਤਪਸ਼ ਦਾ ਪਹਿਰਾ

ਚੱਲ ਰਿਹਾ ਹੈ। ਮਨੁੱਖਾਂ ਸਮੇਤ ਸਾਰੇ ਜੀਵ-ਜੰਤੂਆਂ ਦੀਆਂ ਜਾਨਾਂ ਨੂੰ ਵਖ਼ਤ ਪਿਆ ਹੋਇਆ ਹੈ। ਸਭ ਪਾਸੇ ਹਾਹਾਕਾਰ ਮਚੀ ਹੋਈ ਹੈ:

> ਸੂਰਜ ਹੋਰ ਤਿੱਖਾ ਹੋ ਕੇ ਧਰਤ ਦਾ ਸਾਰਾ ਪਾਣੀ ਪੀਣ ਲੱਗਾ ਹੈ। ਇੱਕ ਪਾਸੇ ਕਹਿਰਾਂ ਦੀ ਤੇਜ਼ਾਬੀ ਬਾਰਿਸ਼ ਸ਼ੁਰੂ ਹੋ ਜਾਂਦੀ ਹੈ ਜਿਸ ਨਾਲ ਧਰਤੀ ਉੱਬਲਣ ਲੱਗੀ ਹੈ। ਬੁੱਢੇ ਬਿਰਖ ਦੇ ਪੁੱਤ-ਪੋਤਰੇ ਬਹਾਦਰੀ ਨਾਲ ਮੈਦਾਨ ‘ਚ ਆ ਕੇ ਬੇਖ਼ੌਫ ਹੋ ਕੇ ਸਿਦਕ ਦਿਲੀ ਨਾਲ ਡਟੇ ਹੋਏ ਹਨ। ਉਹਨਾਂ ਦੀਆਂ ਜੜ੍ਹਾਂ ‘ਤੇ ਇਲੈਕਟ੍ਰਾਨਿਕ ਆਰੇ ਗੂੰਜਾਂ ਪੁੱਟ ਰਹੇ ਹਨ; ਫਿਰ ਵੀ ਉਹ ਮਨੁੱਖਤਾ ਦੀ ਸੇਵਾ ਹਿੱਤ ਪੂਰੀ ਤਨਦੇਹੀ ਤੇ ਸੁਹਿਰਦਤਾ ਨਾਲ ਲੜ ਰਹੇ ਨੇ ਤੇ ਮਰ ਰਹੇ ਨੇ(55)

ਏਨ੍ਹਾ ਮਾਰਮਿਕ ਦ੍ਰਿਸ਼ ਵੇਖ ਕੇ ਮੈਂ-ਪਾਤਰ ਦੀ ਬੇਟੀ ਤੇ ਬੇਟੇ ਨੇ ਕੁਝ ਸਲਾਹ ਕੀਤੀ ਹੈ ਕਿ ਕਿਵੇਂ ਰੁੱਖਾਂ ਦੀ ਕਤਲੋਗਾਰਤ ਅਤੇ ਪ੍ਰਦੂਸ਼ਣ ਨੂੰ ਰੋਕਿਆ ਜਾਵੇ। ਬੱਚਿਆਂ ਨੂੰ ਜਦੋਂ ਉਹਨਾਂ ਦਾ ਪਾਪਾ ਦਰਸ਼ਕਾਂ ਵਿੱਚ ਜਾ ਕੇ ਬੈਠ ਜਾਣ ਦੀ ਹਦਾਇਤ ਕਰਦਾ ਹੈ ਤਾਂ ਉਹ ਦੋਵੇਂ ਸਾਫ਼ ਇਨਕਾਰ ਕਰਦੇ ਹੋਏ ਆਖਦੇ ਹਨ ਕਿ ਉਹ ਹੋਰਨਾਂ ਵਾਂਗ ਮਰੇ ਹੋਏ ਜ਼ਮੀਰ ਵਾਲੇ ਨਹੀਂ ਕਿ ਚੁਗਿਰਦੇ ਨੂੰ ਆਪਣੀਆਂ ਅੱਖਾਂ ਸਾਹਮਣੇ ਪਲੀਤ ਹੁੰਦਾ ਵੇਖਣਗੇ ਸਗੋਂ ਉਹ ਤਾਂ ਜਦੋਂ ਤੱਕ ਜਿਊਂਦੇ ਰਹਿਣਗੇ ਉਦੋਂ ਤੱਕ ਰੁੱਖਾਂ ਨੂੰ ਬਚਾਉਣ ਲਈ ਹਰ ਹੀਲੇ ਸੰਘਰਸ਼ ਕਰਦੇ ਰਹਿਣਗੇ। ਇਹ ਕਹਿਣ ਮਗਰੋਂ ਦੋਵੇਂ ਬੱਚੇ ਬੜੀ ਦ੍ਰਿੜਤਾ ਅਤੇ ਬਹਾਦਰੀ ਨਾਲ ਨਾਟਕ ਨੂੰ ਹਕੀਕਤ ਵਿੱਚ ਤਬਦੀਲ ਕਰ ਦਿੰਦੇ ਹਨ:

> ਬੇਟੀ ਭੱਜ ਕੇ ਬੜੀ ਫੁਰਤੀ ਨਾਲ ਟਪੂਸੀ ਮਾਰ ਕੇ ਸਟੇਜ ‘ਤੇ ਚੜ੍ਹ ਗਈ ਤੇ ਉਸ ਨੇ ਕੁਹਾੜੀ ਵਾਲੇ ਨੂੰ ਅਚਨਚੇਤ ਧੱਕਾ ਮਾਰ ਕੇ ਪਰ੍ਹੇ ਸੁੱਟ ਦਿੱਤਾ ਤੇ ਨੰਨ੍ਹੇ ਪੌਦੇ ਨੂੰ ਕਲਾਵੇ ‘ਚ ਲੈ ਕੇ ਉਸ ਦੀ ਢਾਲ ਬਣ ਗਈ..ਬੇਟਾ ਵੀ ਉਸ ਦੇ ਪਿੱਛੇ ਛੋਟੀ ਤੇ ਵਿੰਗੀ ਜਿਹੀ ਸੋਟੀ ਲੈ ਕੇ ਇੰਝ ਖੜ੍ਹ ਗਿਆ ਕਿ ਆਵੇ ਜੇ ਕਿਸੇ ਦੀ ਹਿੰਮਤ ਹੈ; ਅਸੀ ਪਾੜ ਕੇ ਰੱਖ ਦਿਆਂਗੇ। ਦੋਵਾਂ ਦੀਆਂ ਅੱਖਾਂ ‘ਚੋਂ ਲਾਲ-ਲਾਲ ਲਹੂ ਚੋਣ ਲੱਗਾ ਹੈ(56)

ਇਸ ਪ੍ਰਕਾਰ ਕਹਾਣੀ 'ਮਾਰੂ ਨਾਦ' ਵਿੱਚ ਅਜੋਕੇ ਵਾਤਾਵਰਨ ਦੇ ਵਿਭਿੰਨ ਪੱਖਾਂ ਤੋਂ ਜਾਣੂ ਕਰਵਾ ਕੇ ਨਿਵੇਕਲੀਆਂ ਪ੍ਰਚਾਰ ਜੁਗਤਾਂ ਰਾਹੀਂ ਪਾਠਕਾਂ ਨੂੰ ਸੁਝਾਊ ਸੰਦੇਸ਼ ਵੀ ਸੰਚਾਰਿਤ ਕੀਤੇ ਗਏ ਹਨ। ਨਿੱਕੇ-ਨਿੱਕੇ ਬੱਚਿਆਂ ਰਾਹੀਂ ਵਾਤਾਵਰਨ ਬਚਾਉਣ ਲਈ ਪ੍ਰਤੀਬੱਧਤਾ ਅਤੇ ਸੰਘਰਸ਼ ਨੂੰ ਪੇਸ਼ ਕਰਕੇ ਸਮੂਹ ਨਾਗਰਿਕਾ ਨੂੰ ਪ੍ਰੇਰਨਾ ਦਿੱਤੀ ਗਈ ਹੈ। ਵਾਤਾਵਰਨ ਪ੍ਰੇਮੀ ਨੌਜਵਾਨ ਵਰਗ ਦੁਆਰਾ ਸਮਕਾਲੀ ਰਾਜਨੀਤਿਕ, ਧਾਰਮਿਕ ਅਤੇ ਸਮਾਜਿਕ ਅਦਾਰਿਆਂ ਵੱਲੋਂ ਪ੍ਰਦੂਸ਼ਣ ਕਾਬੂ ਕਰਨ ਲਈ ਵਿਚਾਰਨ ਯੋਗ ਨੁਕਤੇ ਉਲੀਕੇ ਗਏ ਹਨ।

ਦੀਦਾਰਗੜ੍ਹ ਦੇ ਕਹਾਣੀ ਸੰਗ੍ਰਹਿ 'ਪਵਣੁ ਗੁਰੂ ਪਾਣੀ ਪਿਤਾ' ਵਿੱਚ ਦਰਜ ਚੌਥੀ ਕਹਾਣੀ 'ਕੌਫ਼ੀ ਕਲਰ ਵਾਟਰ' ਹੈ। ਜਲ ਪ੍ਰਦੂਸ਼ਣ ਦੇ ਭਿਆਨਕ ਨਤੀਜਿਆਂ ਦਾ ਬਿਰਤਾਂਤ ਪੇਸ਼ ਕਰਦੀ ਇਹ ਕਹਾਣੀ ਬੜਾ ਮਾਰਮਿਕ ਚਿੱਤਰ ਉਲੀਕਦੀ ਹੈ। ਜ਼ਹਿਰੀਲੇ ਰਸਾਇਣਾਂ ਦੇ ਧਰਤੀ ਅੰਦਰ ਜਿਊਰਨ ਕਰਕੇ ਅਤੇ ਤੇਜ਼ਾਬੀ ਰਸਾਇਣਾਂ ਦੇ ਜਲ-ਸ੍ਰੋਤਾਂ ਵਿੱਚ ਮਿਸ਼ਰਤ ਹੋਣ ਕਰਕੇ ਪੀਣਯੋਗ ਪਾਣੀ ਵੀ ਦੂਸ਼ਿਤ ਹੋ ਚੁੱਕਿਆ ਹੈ। ਨਿਰਮਲ, ਸ਼ੁੱਧ, ਪਾਰਦਰਸ਼ੀ ਅਤੇ ਸੁਰੱਖਿਅਤ ਜਲ ਵੀ ਮਲੀਨ ਹੋ ਕੇ ਗੂੜ੍ਹੇ ਭੂਰੇ ਰੰਗ ਦਾ ਭਾਵ ਕੌਫ਼ੀ ਵਰਗੇ ਰੰਗ ਦਾ ਹੋਣ ਲੱਗ ਪਿਆ ਹੈ। ਉਦਯੋਗਾਂ ਵਿੱਚੋਂ ਭਿਆਨਕ ਤਰਲ ਪਦਾਰਥਾਂ ਦੀ ਜਲ-ਸ੍ਰੋਤਾਂ ਅੰਦਰ ਕੀਤੀ ਜਾ ਰਹੀ ਨਿਕਾਸੀ ਕਰਕੇ ਲਗਭਗ ਪੂਰਾ ਹੀ ਪੰਜਾਬ ਪਾਣੀ ਦੀ ਤੰਗੀ ਨਾਲ ਜੂਝ ਰਿਹਾ ਹੈ। ਸਵੱਛ ਪਾਣੀ ਦੀ ਬੇਕਦਰੀ ਨਾਲ ਪੰਜ ਦਰਿਆਵਾਂ ਦੇ ਪੁੱਤ ਬੂੰਦ-ਬੂੰਦ ਪਾਣੀ ਨੂੰ ਤਰਸਣ ਵਾਲੀ ਸਥਿਤੀ ਵਿੱਚ ਪੁੱਜ ਰਹੇ ਹਨ।

ਵਿਚਾਰ ਅਧੀਨ ਕਹਾਣੀ ਵਿੱਚ ਮੈਂ-ਪਾਤਰ ਦਾ ਬੇਟਾ ਅਤੇ ਬੇਟੀ ਟਿਊਬਵੈੱਲ ਹੇਠ ਨਹਾ ਕੇ ਮਸਤੀ ਕਰਦੇ ਹੁੰਦੇ ਹਨ। ਖੇਡਦੇ-ਖੇਡਦੇ ਉਹ ਕੁਝ ਘੁੱਟ ਪਾਣੀ ਦੇ ਪੀ ਵੀ ਲੈਂਦੇ ਹਨ। ਘਰ ਆ ਕੇ ਰੋਟੀ ਖਾਂਦਿਆਂ ਸਾਰ ਹੀ ਦੋਵੇਂ ਬੱਚੇ ਤੜਫਣ ਲੱਗ ਜਾਂਦੇ ਹਨ। ਉਹਨਾਂ ਦੀ ਚਮੜੀ ਉੱਤੇ ਅਚਾਨਕ ਹੀ ਧੱਫੜ ਪੈ ਜਾਂਦੇ ਹਨ, ਬੋਲਣ ਦੀ ਸਮਰੱਥਾ ਖ਼ਤਮ ਹੋ ਜਾਂਦੀ ਹੈ ਤੇ ਖ਼ੂਨ ਦੀਆਂ ਉਲਟੀਆਂ ਆਉਣ ਲੱਗ ਜਾਂਦੀਆਂ ਹਨ। ਉਹਨਾਂ ਨੂੰ ਤੁਰੰਤ ਹਸਪਤਾਲ ਪਹੁੰਚਾਇਆ ਜਾਂਦਾ ਹੈ। ਡਾਕਟਰਾਂ ਵੱਲੋਂ ਘਰ ਖਾਲੀ ਕਰ ਦੇਣ ਵਾਲੇ ਖਰਚੇ, ਬੱਚਿਆਂ ਦੀ ਗੰਭੀਰ ਹਾਲਤ, ਪਾਣੀ ਦੀ ਕਿੱਲ੍ਹਤ ਅਤੇ ਅੰਤਾਂ ਦੀ ਵੇਦਨਾ ਨਾਲ ਕਹਾਣੀ ਦਾ ਘਟਨਾਕ੍ਰਮ ਚਲਦਾ ਹੈ। ਹਸਪਤਾਲ ਵਿੱਚ ਮੈਂ-ਪਾਤਰ ਦੀ ਪਤਨੀ ਦਾ ਬੱਚਿਆਂ ਦੀ ਸੁੱਖ-ਸਾਂਦ ਪੁੱਛਣ ਲਈ ਕਈ ਵਾਰ ਫੋਨ ਆਉਂਦਾ ਹੈ:

> ਕਿਵੇਂ ਨੇ ਜੀ ਹੁਣ ਆਪਣੇ ਨੰਣੇ-ਨੰਣੇ ਬੱਚੇ..? ਛੇਤੀ ਦੱਸੋ, ਸਿਹਤ 'ਚ ਕਿੰਨਾ ਕੁ ਫ਼ਰਕ ਪਿਆ ਹੈ? ਕੁਝ ਬੋਲਣ ਲੱਗੇ ਨੇ ਕਿ ਹਾਲੇ ਓਵੇਂ ਹੀ ਨੇ..? ਖ਼ੂਨ ਦੀਆਂ ਉਲਟੀਆਂ ਬੰਦ ਹੋਈਆਂ? ਚਮੜੀ ਦੇ ਧੱਫੜਾਂ-ਖ਼ੁਰਕ ਨੂੰ ਕੁਛ ਫ਼ਰਕ ਪਿਆ? ਕੁਝ ਬੋਲੇ ਤੇ ਖਾਧਾ-ਪੀਤਾ ਕਿ ਨਹੀਂ?(57)

ਅਸੀਂ ਪੂਰੀ ਕੋਸ਼ਿਸ਼ ਕਰ ਰਹੇ ਹਾਂ ਪਰ ਕੁਝ ਵੀ ਹੋ ਸਕਦਾ ਹੈ- ਇਹੀ ਰਸਮੀ ਜਿਹੇ ਸ਼ਬਦ ਬੋਲ ਕੇ ਡਾਕਟਰ ਅਤੇ ਹਸਪਤਾਲ ਦਾ ਸਟਾਫ਼ ਢੇਰ ਸਾਰੇ ਕਾਗਜ਼ਾਂ ਉੱਤੇ ਮੈਂ-ਪਾਤਰ ਦੇ ਦਸਤਖ਼ਤ ਕਰਵਾਈ ਜਾਂਦਾ ਹੈ। ਮੈਂ ਪਾਤਰ ਆਪਣੇ ਬੱਚਿਆਂ ਦੀ ਜਾਨ ਦੀ ਸਲਾਮਤੀ ਲਈ ਦਿਲ ਵਿੱਚ ਰੱਬ ਅੱਗੇ ਅਰਦਾਸਾਂ ਕਰਦਾ ਹੈ। ਦਿਲੋਂ ਟੁੱਟਿਆ ਪਿਆ ਹੈ ਪਰ ਮਾਂ ਦਾ ਦਿਲ ਤਿੜਕਣ ਤੋਂ ਬਚਾਉਣ ਲਈ ਉਹ ਜਿਗਰਾ ਇੱਕਠਾ ਕਰਕੇ ਉਸ ਦੇ ਫੋਨ ਦਾ ਜਵਾਬ ਹੌਂਸਲੇ ਨਾਲ ਇਸ ਪ੍ਰਕਾਰ ਦਿੰਦਾ ਹੈ:

> ਉਹ ਬਿਲਕੁੱਲ ਠੀਕ ਨੇ, ਤੂੰ ਚਿੰਤਾ ਨਾ ਕਰ..! ਡਾਕਟਰ ਕਹਿੰਦਾ ਜਲਦੀ ਠੀਕ ਹੋ ਜਾਣਗੇ। ਠੀਕ ਹੀ ਨੇ, ਅੰਮੀ-ਅੰਮੀ ਕਰਦੇ ਨੇ; ਜਦੋਂ ਠੀਕ ਹੋ ਜਾਣਗੇ ਲੈ ਆਵਾਂਗੇ; ਮਾਮੂਲੀ ਬਿਮਾਰੀ ਹੀ ਤਾਂ ਹੈ; ਕੋਈ ਜਿਆਦਾ ਨਹੀਂ; ਅੱਜਕੱਲ੍ਹ ਇਹ ਆਮ ਹੀ ਹੋ ਜਾਂਦਾ ਇਸ ਤਰ੍ਹਾਂ..(58)

ਫੋਨ ਬੰਦ ਕਰਦਿਆਂ ਸਾਰ ਹੀ ਮੈਂ-ਪਾਤਰ ਵੇਖਦਾ ਹੈ ਕਿ ਹਸਪਤਾਲ ਵਿੱਚ ਇੱਕ ਹੋਰ ਐਂਬੂਲੈਂਸ ਦਾ ਦਾਖ਼ਲ ਹੋਈ ਹੈ, ਹਸਪਤਾਲ ਸਟਾਫ਼ ਨੂੰ ਜਿਵੇਂ ਪੈਸਾ ਦੇਣ ਵਾਲਾ ਇੱਕ ਹੋਰ ਗਾਹਕ ਮਿਲ ਗਿਆ ਹੋਵੇ। ਵਕਤ ਦੇ ਮਾਰੇ ਲੋਕ ਆਪਣੇ ਬਿਮਾਰ, ਜ਼ਖ਼ਮੀ ਤੇ ਲਾਚਾਰ ਪਰਿਵਾਰਕ ਮੈਂਬਰਾਂ ਨੂੰ ਲੈ ਕੇ ਹਸਪਤਾਲਾਂ ਵੱਲ ਭੱਜਦੇ ਫਿਰਦੇ ਹਨ। ਹਰ ਸਾਹ ਨਾਲ ਆਸ ਜਿਉਂਦੀ ਰੱਖਣ ਦਾ ਸਿਲਸਿਲਾ ਜਾਰੀ ਹੈ। ਹਸਪਤਾਲਾਂ ਵਿੱਚ ਪੁੱਜ ਕੇ ਇਉਂ ਮਹਿਸੂਸ ਹੋਣ ਲੱਗਦਾ ਹੈ ਕਿ ਸਾਰਾ ਸੰਸਾਰ ਹੀ ਦੁੱਖਾਂ ਵਿੱਚ ਫਸਿਆ ਪਿਆ ਹੈ। ਹਸਪਤਾਲ ਦੇ ਦ੍ਰਿਸ਼ ਦਾ ਵਰਨਣ ਕਹਾਣੀ ਵਿੱਚ ਇਸ ਪ੍ਰਕਾਰ ਕੀਤਾ ਗਿਆ ਹੈ:

> ਓਧਰ ਬੜੀ ਹੀ ਤੇਜ਼ੀ ਨਾਲ ਚੀਕਾਂ ਮਾਰਦੀ ਕੋਈ ਐਂਬੂਲੈਂਸ ਆਈ ਹੈ, ਜਿਸ 'ਚ ਪਤਾ ਨਹੀਂ ਕਿਸ ਦੇ ਜਿਗਰ ਦੇ ਟੁੱਕੜੇ ਕਿਸ ਬਿਮਾਰੀ 'ਚ ਹੋਣਗੇ; ਰੱਬ ਖ਼ੈਰ ਹੀ ਕਰੇ। ਇੱਥੇ ਨਿੱਕੇ-ਨਿੱਕੇ ਬਿਮਾਰ ਬੱਚੇ ਰੋਜ਼ ਦਰਜਨਾਂ ਦੀ ਗਿਣਤੀ 'ਚ ਆਉਂਦੇ ਹਨ। ਪਤਾ ਨਹੀਂ ਕੀ ਆਬੋ-ਹਵਾ ਵਿਗੜੀ ਹੈ? ਫੁੱਲ ਕਲੀਆਂ

ਵਰਗੇ ਪੋਟਾ-ਪੋਟਾ ਬੱਚੇ ਵੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਨੇ। ਇੱਧਰ ਗ੍ਰਾਹਕ ਦੇਖ ਕੇ ਸਮੂਹ ਸਟਾਫ਼ ਨੂੰ ਅੰਤਾਂ ਦਾ ਚਾਅ ਚੜ੍ਹ ਗਿਆ ਹੋਵੇਗਾ, ਪਰ ਸਭ ਨੇ ਮੂੰਹਾਂ 'ਤੇ ਨਕਲੀ ਗੰਭੀਰਤਾ ਤੇ ਫ਼ਿਕਰ ਦਾ ਨਕਾਬ ਚੜਾ ਕੇ ਭੱਜ ਨੱਠ ਸ਼ੁਰੂ ਕਰ ਦਿੱਤੀ ਹੋਵੇਗੀ। ਇਹ ਭੱਜ-ਨੱਠ ਪੈਸਾ ਕਮਾਉਣ ਦੀ ਹੈ ਕਿ ਜਿੰਦ ਬਚਾਉਣ ਦੀ? ਕੋਈ ਮਰੇ ਕੋਈ ਜੀਵੇ ਹਸਪਤਾਲ ਘੋਲ ਰੁਪਈਏ ਪੀਵੇ(58)

ਜਦੋਂ ਮੈਂ-ਪਾਤਰ ਦੁੱਖ ਦਾ ਸਤਾਇਆ ਹੋਇਆ ਪਾਣੀ ਪੀਣ ਲਈ ਉੱਥੇ ਲੱਗੇ ਵਾਟਰ-ਕੂਲਰ ਵੱਲ ਵੱਧਦਾ ਹੈ ਤਾਂ ਪਾਣੀ ਲਈ ਲੰਮੀ ਕਤਾਰ ਲੱਗੀ ਵੇਖ ਕੇ ਉਹ ਹੈਰਾਨ-ਪਰੇਸ਼ਾਨ ਹੋ ਜਾਂਦਾ ਹੈ। ਉੱਥੇ ਖੜ੍ਹਾ ਹਸਪਤਾਲ ਦਾ ਇੱਕ ਕਰਮਚਾਰੀ ਮਰੀਜ਼ਾਂ ਨਾਲ ਆਏ ਹੋਏ ਲੋਕਾਂ ਨੂੰ ਬਹੁਤਾ ਪਾਣੀ ਲੈਣ ਤੋਂ ਬੜੀ ਸਖ਼ਤੀ ਨਾਲ ਵਰਜਦਾ ਹੈ। ਵਕਤ ਦੇ ਸ਼ਿੰਕਜੇ ਵਿੱਚ ਫ਼ਸੀ ਹੋਈ ਜਨਤਾ ਪਾਣੀ ਖੁਣੋਂ ਬੇਹਾਲ ਹੋਈ ਜਾਪਦੀ ਹੈ ਤੇ ਉਪਰੋਂ ਹਸਪਤਾਲ ਕਰਮਚਾਰੀ ਦੇ ਕੁਰੱਖ਼ਤ ਬੋਲ ਉਹਨਾਂ ਦਾ ਕਾਲਜਾ ਭੁੰਨੀ ਜਾ ਰਹੇ ਹਨ:

ਓ ਥੋਨੂੰ ਸੁਣਦਾ ਨਹੀਂ, ਮੈਂ ਕੀ ਭੌਂਕੀ ਜਾਂਦਾ...? ਲਾਈਨ 'ਚ ਲੱਗੋ ਤੇ ਬੋਤਲਾਂ ਵਾਲੇ ਪਰ੍ਹੇ ਹੋਵੋ...ਇੱਥੇ ਪੀਣ ਨੂੰ ਪਾਣੀ ਮਸਾਂ ਮਿਲਦਾ ਇਹ ਦੋ-ਦੋ ਲਿਟਰ ਦੀਆਂ ਬੋਤਲਾਂ ਚੁੱਕੀ ਫਿਰਦੇ ਨੇ...ਜਿਵੇਂ ਪਾਣੀ ਦਾ ਲੰਗਰ ਲੱਗਿਆ ਹੁੰਦਾ ਹੈ...ਧੱਕਾ ਨਾ ਕਰੋ ਓਏ, ਪਾਣੀ ਸਿਰਫ਼ ਦੋ-ਦੋ ਘੁੱਟ ਹੀ ਮਿਲੂ, ਜੇ ਵੱਧ ਲੈਣਾ ਕੰਟੀਨ 'ਚ ਜਾਓ ਤੇ ਖਰੀਦੋ...!(59)

ਪਾਣੀ ਦੀ ਭਾਲ ਵਿੱਚ ਜਦੋਂ ਕੁਝ ਲੋਕਾਂ ਨੇ ਕੰਟੀਨ ਵੱਲ ਰੁਖ਼ ਕੀਤਾ ਤਾਂ ਉੱਥੇ ਖਾਣ-ਪੀਣ ਦੀ ਹਰੇਕ ਵਸਤੂ ਨੂੰ ਜਿਵੇਂ ਸੋਨੇ ਦੀ ਝਾਲ ਚੜ੍ਹੀ ਹੋਵੇ। ਸਭ ਕੁਝ ਹੀ ਵਿੱਤੋਂ ਵੱਧ ਮਹਿੰਗਾ ਵਿਕ ਰਿਹਾ ਸੀ। ਮਰਦਾ ਕੀ ਨਾ ਕਰਦਾ ਦੇ ਕਥਨ ਅਨੁਸਾਰ ਲੋਕ ਮਹਿੰਗੇ ਭਾਅ ਦਾ ਪਾਣੀ ਪੀ ਰਹੇ ਹਨ। ਕੰਟੀਨ ਦੇ ਦ੍ਰਿਸ਼ ਦਾ ਚਿਤਰਨ ਕਹਾਣੀ ਅੰਦਰ ਇਸ ਪ੍ਰਕਾਰ ਕੀਤਾ ਗਿਆ ਹੈ:

ਕੰਟੀਨ 'ਤੇ ਤਾਂ ਹਰ ਚੀਜ਼ ਨੂੰ ਅੱਡ ਅੱਗ ਲੱਗੀ ਹੋਈ ਹੈ। ਪਾਣੀ ਦੀ ਨਿੱਕੀ ਜਿਹੀ ਬੋਤਲ ਹਜ਼ਾਰ ਰੁਪਏ ਦੀ ਮਿਲ ਰਹੀ ਹੈ। ਹੁਣ ਉਹ ਵੀ ਮੁਕਣ ਕਿਨਾਰੇ ਹੋਣ ਕਾਰਨ ਰੇਟ ਹੋਰ ਵੀ ਵੱਧ ਰਿਹਾ ਹੈ।

> ਕਮਾਲ ਹੈ, ਪੰਜ ਦਰਿਆਵਾਂ ਦੀ ਧਰਤੀ 'ਤੇ ਪਾਣੀ ਵੀ ਸੋਨੇ ਤੋਂ ਮਹਿੰਗਾ ਵਿਕਣ ਲੱਗਾ ਹੈ। ਪਾਣੀ ਦੇ ਲੰਗਰ ਲਗਾਉਣ ਵਾਲੇ ਲੋਕ ਹੁਣ ਬੂੰਦ-ਬੂੰਦ ਨੂੰ ਤਰਸਣਗੇ!!(59)

ਮੈਂ-ਪਾਤਰ ਬੱਚਿਆਂ ਬਾਰੇ ਸੋਚ-ਸੋਚ ਕੇ ਜਿਵੇਂ ਪਥਰਾਅ ਗਿਆ ਹੈ। ਬੱਚਿਆਂ ਦੀ ਯਾਦ ਨੇ ਉਸ ਦੀ ਭੁੱਖ-ਪਿਆਸ ਹੀ ਮਿਟਾ ਛੱਡੀ ਹੈ। ਵੇਟਿੰਗ ਹਾਲ ਵਿੱਚ ਬੈਠਿਆਂ ਹੀ ਉਸ ਨੂੰ ਇੱਕ ਹੋਰ ਬੱਚੇ ਦਾ ਮੁਰਦਾ ਸਰੀਰ ਵਿਖਾਈ ਦਿੱਤਾ, ਜਿਸ ਨੇ ਥੋੜ੍ਹੀ ਦੇਰ ਪਹਿਲਾਂ ਹੀ ਕੈਮੀਕਲ ਯੁਕਤ ਲਾਲ ਤਰਬੂਜ਼ ਖਾਦਾ ਸੀ। ਇਸੇ ਤਰ੍ਹਾਂ ਸ਼ਹਿਰੋਂ ਖ਼ਰੀਦੇ ਕੇਲੇ ਖਾ ਕੇ ਇੱਕ ਨਿੱਕਾ ਜਿਹਾ ਜੁਆਕ ਤੜਫ਼-ਤੜਫ਼ ਕੇ ਦਮ ਤੋੜ ਚੁੱਕਾ ਸੀ। ਸੈਂਕੜੇ ਬੱਚੇ ਜ਼ਹਿਰੀ ਪਾਣੀ ਪੀ-ਪੀ ਕੇ ਜਾਨਾਂ ਗੁਆ ਰਹੇ ਹਨ। ਮੈਂ-ਪਾਤਰ ਨੂੰ ਰਹਿ-ਰਹਿ ਕੇ ਆਪਣੇ ਬੱਚੇ ਯਾਦ ਆਉਂਦੇ ਹਨ ਜੋ ਕਿ ਮਸ਼ੀਨਾਂ ਵਿੱਚ ਘਿਰੇ ਹੋਏ ਹਨ। ਉਸ ਦੇ ਵਿਚਾਰਾਂ ਵਿੱਚ ਬੱਚਿਆਂ ਦੀ ਯਾਦ ਨਿਰੰਤਰ ਬਣੀ ਹੋਈ ਹੈ:

> ਪਿਆਸ ਨੇ ਮੇਰੇ ਅੰਦਰ ਅੱਗ ਲਗਾ ਦਿੱਤੀ ਹੈ, ਪਰ ਮੇਰੇ ਅੰਦਰ ਇੱਕ ਘੁੱਟ ਵੀ ਨਹੀਂ ਲੰਘਣੀ। ਭਰਾ ਰੋਟੀ ਲੈ ਕੇ ਆਇਆ ਹੈ, ਮੇਰਾ ਸਾਢੂ ਤੇ ਸਾਲਾ ਰੋਟੀ ਖਾਣ ਲੱਗੇ ਹਨ ਪਰ ਮੇਰੇ ਤੋਂ ਨਹੀਂ ਖਾ ਹੋਣੀ। ਰੋਜ਼ ਹੀ ਬੱਚੇ ਮੇਰੇ ਨਾਲ ਹੀ ਖਾਂਦੇ ਹਨ ਪਰ ਅੱਜ...! ਬੁਰਾ ਖਿਆਲ ਆਇਆ ਹੈ, ਮੇਰਾ ਗੱਚ ਭਰ ਗਿਆ। ਖ਼ਾਲੀ-ਖ਼ਾਲੀ ਅੱਖਾਂ ਨਾਲ ਐਮਰਜੈਂਸੀ ਵਾਰਡ ਵੱਲ ਵੇਖਣ ਲੱਗਾ ਹਾਂ ਜਿਵੇਂ ਹੁਣੇ ਹੀ ਬੱਚੇ "ਪਾਪਾ-ਪਾਪਾ" ਕਰਦੇ ਬਾਹਰ ਭੱਜੇ ਆਉਣਗੇ ਤੇ ਮੇਰੇ ਗਲੇ ਨੂੰ ਧਾਹ ਕੇ ਚਿਬੜ ਜਾਣਗੇ, ਪਰ ਬੱਚੇ ਨਹੀਂ ਨਰਸ ਆਈ ਹੈ। ਉਸ ਨੇ ਅਕਾਰਨ ਹੀ ਮੈਨੂੰ ਖਾਣ ਲਈ ਕਿਸੇ ਦਵਾਈ ਦੀ ਖੁਰਾਕ ਦੇ ਕੇ ਇੱਕ ਟੀਕਾ ਲਗਾ ਦਿੱਤਾ ਹੈ। ਪਤਾ ਨਹੀਂ ਕੀ ਸੋਚ ਕੇ ਦਿਲ ਹਿਲ ਗਿਆ ਹੈ ਤੇ ਅੱਖਾਂ ਭਰ ਆਈਆਂ ਹਨ।(59)

ਨਾਲ ਦੀਆਂ ਕੁਰਸੀਆਂ ਤੇ ਬੈਠੇ ਹੋਏ ਲੋਕਾਂ ਵਿੱਚੋਂ ਕੋਈ ਕਿਸੇ ਆਏ ਹੋਏ ਮਹਿਮਾਨ ਨੂੰ ਪੁੱਛ ਰਿਹਾ ਸੀ ਕਿ ਉਹ ਚਾਹ ਪੀਣਾ ਪਸੰਦ ਕਰੇਗਾ ਕਿ 'ਕੌਫ਼ੀ'। ਕੌਫ਼ੀ ਸ਼ਬਦ ਸੁਣਦਿਆਂ ਹੀ ਮੈਂ-ਪਾਤਰ ਦੇ ਸੀਨੇ ਵਿੱਚ ਕਹਿਰਾਂ ਦਾ ਦਰਦ ਉੱਠਿਆ ਹੈ। ਉਸ ਦੇ ਬੇਜਾਨ ਹੋਏ ਦਿਮਾਗ਼ ਵਿੱਚ ਆਪਣੇ ਬੱਚਿਆਂ ਦੇ ਬੇਹੋਸ਼ ਹੋ ਜਾਣ ਤੋਂ ਇੱਕ ਦਮ

ਪਹਿਲਾਂ ਦੇ ਦ੍ਰਿਸ਼ ਮੁੜ-ਸੁਰਜੀਤ ਹੋ ਜਾਂਦੇ ਹਨ। ਬੇਹੋਸ਼ ਹੋ ਜਾਣ ਤੋਂ ਪਹਿਲਾਂ ਉਸ ਦੇ ਬੇਟੇ ਦੇ ਆਖ਼ਰੀ ਸ਼ਬਦਾਂ ਨੂੰ ਇਸ ਪ੍ਰਕਾਰ ਯਾਦ ਕਰਦਾ ਹੈ:

ਮੇਰੇ ਬੇਟੇ ਨੇ ਵੀ ਤਾਂ ਆਖ਼ਿਰ ਵੇਲੇ ਇਹੀ ਲਫ਼ਜ਼ ਬੋਲਿਆ ਸੀ। ਉਸ ਤੋਂ ਬਾਅਦ ਉਸ ਕੋਲੋ ਬੋਲ ਨਹੀਂ ਸੀ ਹੋਇਆ। 'ਡੈਡੀ....ਕੌਫ਼ੀ ਕਲਰ ਵਾਟਰ..' ਇਸ ਗੱਲ ਦੀ ਉਦੋਂ ਮੈਨੂੰ ਕੋਈ ਸਮਝ ਨਾ ਲੱਗੀ। ਇਹ ਬੋਲਦਿਆਂ ਸਾਰ ਹੀ ਉਸ ਨੂੰ ਖ਼ੂਨ ਦੀਆਂ ਉਲਟੀਆਂ ਲੱਗੀਆਂ ਤੇ ਬੰਦ ਨਾ ਹੋਈਆਂ। ਉਹ ਆਪ ਆਬੋਲ ਹੋ ਗਿਆ ਤੇ ਮੈਨੂੰ ਕਰ ਗਿਆ। ਡਾਕਟਰ ਨੇ ਹੀ ਦੱਸਿਆ ਸੀ ਕਿ ਬੱਚੇ ਬਹੁਤ ਜ਼ਹਿਰੀਲੇ ਕੈਮੀਕਲ ਵਾਲਾ ਪਾਣੀ ਪੀ ਗਏ ਨੇ ਤੇ ਉਸ ਪਾਣੀ ਨੇ ਅੰਦਰੋਂ-ਬਾਹਰੋਂ ਇਹ ਕੋਮਲ ਫੁੱਲ ਝੁਲਸਾ ਕੇ ਰੱਖ ਦਿੱਤੇ ਨੇ(60)

ਆਪਣੇ ਨੰਨ੍ਹੇ-ਮੁੰਨ੍ਹੇ ਬੱਚਿਆਂ ਦਾ ਦੁੱਖ ਮਹਿਸੂਸ ਕਰਕੇ ਉਸਦੀਆਂ ਭੁੱਬਾਂ ਬਾਰ-ਬਾਰ ਨਿਕਲਦੀਆਂ ਹਨ। ਉਹ ਰੱਬ ਨੂੰ ਬੇਨਤੀਆਂ ਕਰਦਾ ਹੈ ਕਿ ਉਸਨੂੰ ਹੌਂਸਲਾ ਪ੍ਰਦਾਨ ਕਰੇ। ਉਸਨੂੰ ਯਾਦ ਆਉਂਦੇ ਹਨ ਪਿੰਡ ਦੇ ਵਾਤਾਵਰਨ-ਪ੍ਰੇਮੀਆਂ ਦਾ ਉਹ ਪਰਉਪਕਾਰੀ ਟੋਲਾ, ਜਿਹੜਾ ਹਰ ਪਿੰਡ ਵਾਸੀ ਨੂੰ ਪਾਣੀ ਬਚਾਉਣ, ਰੁੱਖ ਲਗਾਉਣ ਤੇ ਪੌਣ-ਪਾਣੀ ਨੂੰ ਸਵੱਛ ਰੱਖਣ ਦਾ ਸੁਨੇਹਾ ਦਿੰਦਾ ਰਹਿੰਦਾ ਸੀ। ਉਦੋਂ ਉਹਨਾਂ ਸੁਹਿਰਦ ਵਾਤਾਵਰਨ ਪ੍ਰੇਮੀਆਂ ਦੀ ਗਲ ਨੂੰ ਕੋਈ ਤਰਜੀਹ ਨਹੀਂ ਸੀ ਦਿਆ ਕਰਦਾ, ਉਲਟੇ ਉਹਨਾਂ ਦਾ ਮਖ਼ੌਲ ਉਡਾਇਆ ਜਾਂਦਾ ਸੀ। ਪਰ ਉਹ 'ਧਰਤੀ-ਪੁੱਤਰ' ਬਿਨਾਂ ਕਿਸੇ ਭੰਡੀ ਦੀ ਪਰਵਾਹ ਦੇ ਅੱਜ ਵੀ ਚੁਗਿਰਦੇ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਡੂੰਘੀ ਹਨ੍ਹੇਰੀ ਰਾਤ ਵਿੱਚ ਉਹ ਅਜੇ ਵੀ ਚਾਨਣ-ਮੁਨਾਰੇ ਬਣ ਕੇ ਭਵਿੱਖ ਦੇ ਪੰਧ ਨੂੰ ਰੁਸ਼ਨਾ ਰਹੇ ਹਨ। ਇਹਨਾਂ ਵਿਚਾਰਾਂ ਦੀ ਲੜੀ ਨੂੰ ਘਰੋਂ ਉਸਦੀ ਪਤਨੀ ਦੀ ਫੋਨ ਦੀ ਘੰਟੀ ਤੋੜਦੀ ਹੈ। ਉਹ ਘਬਰਾਈ ਹੋਈ ਪਿੰਡ ਵਿੱਚ ਵਿਗੜ ਰਹੇ ਹਾਲਾਤਾਂ ਬਾਰੇ ਇਸ ਪ੍ਰਕਾਰ ਬਿਆਨ ਕਰਦੀ ਹੈ:

ਜੀ! ਆਪਣੇ ਪਿੰਡ ਅੱਧੀ ਰਾਤ ਨੂੰ ਗੁਰਦੁਆਰੇ ਰੇਡੀਓ 'ਚ ਅਨਾਊਂਸ ਕੀਤਾ ਹੈ, ਕਿ ਕੋਈ ਵੀ ਪਾਣੀ ਨਾ ਵਰਤੇ, ਧਰਤੀ ਦੇ ਸਾਰੇ ਪਾਣੀ 'ਚ ਫੈਕਟਰੀ ਦਾ ਜ਼ਹਿਰ ਰਲ਼ ਗਿਆ ਹੈ, ਪਤਾ ਨਹੀਂ ਕਿੱਥੋਂ

ਲਿਆ ਕੇ ਤਿੰਨ ਤਿੰਨ ਲੀਟਰ ਵਰਤਣ ਨੂੰ ਦੇਣਗੇ। ਤਿੰਨ ਲੀਟਰ ਵੀ ਪਤਾ ਨਹੀਂ ਮਿਲੂ ਕਿ ਨਹੀਂ ਜਾਂ ਤਕੜੇ ਲੋਕ ਹੀ ਹੱਕ ਮਾਰ ਜਾਣਗੇ, ਪਤਾ ਨਹੀਂ, ਇਹ ਹੋਰ ਈ ਪੰਗਾ ਪੈ ਗਿਆ ਜੇ!(62)

ਪਤਨੀ ਕੋਲੋਂ ਆਪਣੇ ਪਿੰਡ ਦੀ ਖ਼ਸਤਾ ਹਾਲਤ ਸੁਣ ਕੇ ਮੈਂ-ਪਾਤਰ ਨੂੰ ਆਪਣੇ ਬਾਪੂ ਦੀਆਂ ਗੱਲਾਂ ਤੇ ਉਸਦੀ ਵਿਚਾਰਧਾਰਾ ਦਾ ਚੇਤਾ ਆਉਂਦਾ ਹੈ। ਰੁੱਖਾਂ ਦੇ ਤਣੇ/ਟਾਹਣੀਆਂ ਤਾਂ ਕੀ ਉਹ ਤਾਂ ਪੱਤੇ ਤੋੜਣ ਵਾਲਿਆਂ ਨਾਲ ਵੀ ਲੜ ਪੈਂਦਾ ਹੁੰਦਾ ਸੀ। ਬਾਪੂ ਦੀ ਦੂਰ-ਦ੍ਰਿਸ਼ਟੀ ਤੇ ਆਧੁਨਿਕ ਪੀੜ੍ਹੀ ਦੀ ਸੌੜੀ ਮਾਨਸਿਕਤਾ ਆਪਸ ਵਿੱਚ ਕਦੇ ਮੇਚ ਹੀ ਨਾ ਆ ਸਕੀ ਤੇ ਇਸੇ ਵਿੱਥ ਵਿਚਕਾਰ ਪੂਰਾ ਪੰਜਾਬ ਰੇਗਿਸਤਾਨ ਬਣ ਜਾਣ ਵੱਲ ਵਧੀ ਜਾ ਰਿਹਾ ਹੈ:

ਬਾਪੂ ਕਹਿੰਦਾ ਹੁੰਦਾ ਸੀ- ਪਾਣੀ ਤਾਂ ਅੰਮ੍ਰਿਤ ਹੁੰਦਾ...ਜੀਵਨ ਦੇਣ ਵਾਲ਼ਾ..ਪਾਣੀ ਕਦੇ ਕਿਸੇ ਦਾ ਜੀਵਨ ਨਹੀਂ ਲੈਂਦਾ; ਇਸ ਜੀਵਨ ਦਾਤੇ ਦੀ ਸੰਭਾਲ ਕਰਨੀ ਚਾਹੀਦੀ ਹੈ। ਪਾਣੀ ਤੇ ਰੁੱਖਾਂ ਨਾਲ ਹੀ ਜ਼ਿੰਦਗੀ ਹੈ; ਇਹੀ ਸਾਡੇ ਮਾਪੇ ਨੇ। ਬਾਪੂ ਨੇ ਪਿੰਡ 'ਚ ਜਨਕਤ ਥਾਵਾਂ 'ਤੇ ਬਹੁਤ ਪਿੱਪਲ, ਬਰੋਟੇ, ਨਿੰਮ ਲਗਾਏ ਸਨ। ਉਹ ਕਿਸੇ ਨੂੰ ਵੀ ਕਿਸੇ ਰੁੱਖ ਦਾ ਪੱਤਾ ਤੱਕ ਨਹੀਂ ਤੋੜਨ ਦਿੰਦਾ; ਲੜ ਪੈਂਦਾ ਸੀ, ਓਦੋਂ ਤਾਂ ਉਸਦੀ ਲੜਾਈ ਸਾਨੂੰ ਬਹੁਤ ਬੁਰੀ ਲੱਗਦੀ ਸੀ, ਅੱਜ ਬਾਪੂ ਦੀ ਲੜਾਈ ਦੇ ਅਰਥ ਸਮਝ ਆ ਰਹੇ ਨੇ(63)

ਸੰਕਲਪਾਂ-ਵਿਕਲਪਾਂ, ਵੇਦਨਾ ਤੇ ਸੰਵੇਦਨਾ 'ਚੋਂ ਗੁਜ਼ਰ ਰਹੇ ਮੈਂ-ਪਾਤਰ ਨੂੰ ਮਹਿਸੂਸ ਹੋਣ ਲੱਗਦਾ ਹੈ ਕਿ ਸ਼ਾਇਦ ਉਸਦੇ ਬੱਚੇ ਜ਼ਿੰਦਗੀ ਦੀ ਜੰਗ ਹਾਰ ਗਏ ਹਨ ਤੇ ਉਹ ਜਿਉਂਦੇ ਜੀਅ ਮਰ ਗਿਆ ਹੈ। ਉਸਦੇ ਰਿਸ਼ਤੇਦਾਰਾਂ ਦੀ ਵਧ ਰਹੀ ਹਲਚਲ, ਫੋਨ ਕਾਲਾਂ, ਥੱਬਾ ਕਾਗਜ਼ਾਂ ਉੱਤੇ ਕਰਵਾਏ ਗਏ ਉਸਦੇ ਹਸਤਾਖ਼ਰ ਤੇ ਦਿਲ ਨੂੰ ਪੈਂਦੇ ਹੌਲ਼ ਇਸ਼ਾਰਾ ਕਰ ਰਹੇ ਹਨ ਕਿ ਉਸਦੇ ਬੱਚੇ ਹੁਣ ਇਸ ਦੁਨੀਆਂ 'ਤੇ ਨਹੀਂ ਰਹੇ। ਇਸ ਦੁਖਦ ਦ੍ਰਿਸ਼ ਨੂੰ ਕਹਾਣੀ ਵਿੱਚ ਇਸ ਪ੍ਰਕਾਰ ਪੇਸ਼ ਕੀਤਾ ਗਿਆ ਹੈ:

ਕਰੀਬ ਡੇਢ ਘੰਟੇ ਤੋਂ ਮੇਰੇ ਨਾਲ਼ ਆਏ ਰਿਸ਼ਤੇਦਾਰਾਂ 'ਚ ਭੱਜ ਨੱਠ ਕਾਫ਼ੀ ਵੱਧ ਗਈ ਹੈ ਤੇ ਉਹ ਕਾਫ਼ੀ ਘਬਰਾਹਟ ਅਤੇ ਸਦਮੇ 'ਚ ਲੱਗ ਰਹੇ ਨੇ। ਮੇਰੇ ਤੋਂ ਬਚਾ ਕੇ ਫ਼ੋਨ ਕਰ ਤੇ ਸੁਣ ਰਹੇ ਨੇ, ਕੁਝ

ਹਦਾਇਤਾਂ ਦੇ-ਲੈ ਰਹੇ ਨੇ। ਲੱਗਦਾ ਹੈ, ਭਾਣਾ ਤਾਂ ਵਾਪਰ ਗਿਆ ਹੈ। ਮੇਰੇ ਬੱਚੇ ਹੁਣ ਇਸ ਸੰਸਾਰ 'ਤੇ ਨਹੀਂ ਰਹੇ। ਮੈਂ ਭੁੱਬਾਂ ਮਾਰ ਕੇ ਰੋ ਪਿਆ ਹਾਂ(63)

ਸਭਨਾ ਸੁਹਰੇ ਵੰਞਣਾ ਸਭ ਮੁਕਲਾਵਣਹਾਰ ਦੇ ਵਾਕ ਅਨੁਸਾਰ ਜੋ ਇਸ ਸੰਸਾਰ 'ਤੇ ਆਇਆ ਹੈ ਉਸਦੀ ਵਾਪਸੀ ਵੀ ਨਿਸ਼ਚਤ ਹੈ ਪਰ ਆਪਣੇ ਹੱਥੀਂ ਸਿੰਜੀ ਫਸਲ ਨੂੰ ਪੁੰਗਰਨ ਦੀ ਉਮਰੇ ਹੀ ਉਜੜਦੇ ਵੇਖਣਾ ਮਾਪਿਆਂ ਤੋਂ ਸਹਾਰਿਆ ਨਹੀਂ ਜਾਂਦਾ। ਆਪਣੇ ਬੱਚਿਆਂ ਨੂੰ ਆਪਣੇ ਹੱਥੀਂ ਸੰਸਾਰ ਤੋਂ ਵਿਦਾ ਹੁੰਦੇ ਵੇਖਣ ਦਾ ਦੁੱਖ ਆਪਣੇ ਮਰਨ ਤੋਂ ਵੀ ਵਧ ਤਕਲੀਫ਼ਦੇਹ ਹੁੰਦਾ ਹੈ। ਜਦੋਂ ਬੱਚਿਆਂ ਦੇ ਮ੍ਰਿਤਕ ਸਰੀਰ ਹਸਪਤਾਲ ਵਲੋਂ ਪਰਿਵਾਰ ਨੂੰ ਸਪੁਰਦ ਕੀਤੇ ਜਾਂਦੇ ਹਨ ਤਾਂ ਅਸਮਾਨ ਪਾੜਵੀਂ ਚੀਕ ਨਾਲ ਮੈਂ-ਪਾਤਰ ਦਾ ਅੰਦਰ ਚਿੱਥੜੇ-ਚਿੱਥੜੇ ਹੋ ਜਾਂਦਾ ਹੈ। ਆਪਣੇ ਮਾਸੂਮ ਬਾਲਕਾਂ ਦੇ ਚਲਾਣੇ ਦੀ ਖ਼ਬਰ ਨਾਲ ਹਰ ਮਾਤਾ-ਪਿਤਾ ਦੇ ਦਿਲ 'ਤੇ ਮਣਾ-ਮੂੰਹੀ ਬੋਝ ਪੈ ਜਾਣਾ ਤਾਂ ਸੁਭਾਵਿਕ ਹੀ ਹੈ। ਪਿੰਡ ਰਵਾਨਗੀ ਤੋਂ ਪਹਿਲਾਂ ਮੈਂ ਪਾਤਰ ਨੂੰ ਕੁਝ ਹੋਰ ਟੀਕੇ ਲਗਾਏ ਗਏ ਹਨ। ਜ਼ਾਹਿਰ ਹੈ ਅੰਤਾਂ ਦੇ ਜ਼ਹਿਨੀ ਦਰਦ ਦੀ ਦਵਾ ਕੀਤੀ ਜਾ ਰਹੀ ਹੈ। ਪਰ ਅਜਿਹੇ ਕਿਸੇ ਵੀ ਦਰਦ ਦੀ ਦਵਾ ਕਿਸੇ ਟੀਕੇ ਜਾਂ ਕੈਪਸੂਲ ਵਿੱਚ ਨਹੀਂ ਪਾਈ ਜਾ ਸਕਦੀ। ਮੈਂ-ਪਾਤਰ ਦਾ ਦਿਮਾਗੀ ਤਵੱਜ਼ੁਨ ਬੋਝ ਦੇ ਮਾਰੇ ਅਸਥਿਰ ਹੋ ਗਿਆ ਹੈ। ਇਸੇ ਲਈ ਬੱਚਿਆਂ ਦੀ ਲੋਥਾਂ ਨੂੰ ਵੱਖਰੀ ਗੱਡੀ ਵਿੱਚ ਭੇਜਿਆ ਗਿਆ ਹੈ ਅਤੇ ਮੈਂ-ਪਾਤਰ ਦਾ ਸਾਲਾ ਅਤੇ ਸਾਢੂ ਉਸ ਨਾਲ ਵੱਖਰੀ ਗੱਡੀ ਵਿੱਚ ਰਵਾਨਾ ਹੋਏ ਹਨ।

ਨਰਸਰੀ ਕੋਲੋਂ ਲੰਘਦਿਆਂ ਉਸਨੂੰ ਬਾਪੂ ਹੱਥੀਂ ਲਗਾਏ ਬੋਹੜ ਤੇ ਪਿੱਪਲ ਬਹੁਤ ਯਾਦ ਆਏ ਹਨ। ਖੁਸ਼ਹਾਲ ਚੁਗਿਰਦਾ ਤੇ ਖੁਸ਼ੀਆਂ-ਖੇੜਿਆਂ ਨਾਲ ਵਸਦਾ ਪਰਿਵਾਰ ਬੜਾ ਚੇਤੇ ਆਇਆ ਹੈ। ਗੱਡੀ ਰੋਕ ਕੇ ਮੈਂ-ਪਾਤਰ ਨੇ ਕੁਝ ਬੋਹੜ, ਪਿੱਪਲ ਤੇ ਨਿੰਮ ਦੇ ਬੂਟੇ ਖ਼ਰੀਦੇ ਹਨ। ਉਹ ਬੱਚਿਆਂ ਦੇ ਸੰਸਕਾਰ ਤੋਂ ਪਹਿਲਾਂ ਉਹਨਾਂ ਦੇ ਹੱਥ ਲਗਵਾ ਕੇ ਤ੍ਰਿਵੈਣੀ ਨਾਲ ਸਾਰਾ ਪਿੰਡ ਹਰਿਆ-ਭਰਿਆ ਕਰ ਦੇਣਾ ਚਾਹੁੰਦਾ ਹੈ। ਅਜਿਹੀ ਦੁੱਖ ਦੀ ਘੜੀ ਵਿੱਚ ਵੀ ਉਸਦੀ ਪਰਉਪਕਾਰੀ ਸੋਚ ਇਸ ਪ੍ਰਕਾਰ ਵਿਚਾਰ ਕਰਦੀ ਹੈ:

ਗੱਡੀ ਨਰਸਰੀ ਕੋਲ਼ ਰੋਕ ਕੇ ਕੁਝ ਬੋਹੜ ਖ਼ਰੀਦੇ ਨੇ। ਬੱਚਿਆਂ ਦੇ ਸੰਸਕਾਰ ਤੋਂ ਪਹਿਲਾਂ ਇਹਨਾਂ ਦੀਆਂ ਨੰਨ੍ਹੀਆਂ ਲਾਸ਼ਾਂ ਦੇ ਹੱਥੀਂ ਲਗਵਾਉਣ ਦਾ ਇੱਕ ਸੁੰਦਰ ਖ਼ਿਆਲ ਆਇਆ ਹੈ, ਹਾਲਾਂਕਿ ਅਜਿਹੇ

ਸਮੇਂ ‘ਚ ਇਹ ਅਤਿ ਮੁਸ਼ਕਿਲ ਲੱਗਦਾ ਹੈ ਪਰ ਜਨ ਜਾਗ੍ਰਿਤੀ ਲਈ ਮੈਨੂੰ ਇਹ ਕੁਝ ਅੱਜ ਹੀ ਕਰਨਾ ਹੋਏਗਾ, ਕਿਸੇ ਨੂੰ ਤਾਂ ਪਹਿਲ ਕਰਨੀ ਹੀ ਹੋਏਗੀ...! ਬੋਹੜ, ਪਿੱਪਲ਼ ਤੇ ਨਿੰਮ ਖ਼ਰੀਦ ਕੇ ਅੱਖਾਂ ‘ਚੋਂ ਦਿਲ ਦਾ ਦਰਦ ਡੁੱਲ੍ਹ ਗਿਆ ਹੈ(64)

ਰੁੱਖ-ਬੂਟੇ ਖ਼ਰੀਦ ਕੇ ਜਦੋਂ ਉਹ ਅੱਗੇ ਵੱਧਦੇ ਹਨ ਤਾਂ ਡਰਾਇਵਰ ਅਚਾਨਕ ਜ਼ੋਰ ਨਾਲ ਬਰੇਕ ਮਾਰਦਾ ਹੈ। ਰਸਤੇ ਵਿੱਚ ਸਕੂਲੋਂ ਵਾਪਸ ਆ ਰਹੇ ਬੱਚੇ ਰੁੱਖਾਂ ਵਿਹੀਣ ਸੜਦੀ ਸੜਕ ‘ਤੇ ਖੜੇ ਹਨ। ਗਰਮੀ ਨਾਲ ਉਹ ਸਾਰੇ ਭੁੰਨ ਹੋ ਰਹੇ ਹਨ। ਕਿਸੇ ਬੱਚੇ ਦੇ ਸਾਇਕਲ ‘ਚ ਖ਼ਰਾਬੀ ਆ ਜਾਣ ਕਰਕੇ ਉਹ ਧੁੱਪ ਵਿੱਚ ਹੀ ਖੜ੍ਹੇ ਹਨ ਤੇ ਪਾਣੀ ਦੀ ਪੁਕਾਰ ਕਰ ਰਹੇ ਹਨ। ਮੈਂ-ਪਾਤਰ ਦੇ ਸਾਥੀਆਂ ਨੇ ਆਪਣਾ ਪਾਣੀ ਉਹਨਾਂ ਬੱਚਿਆਂ ਨੂੰ ਦੇ ਦਿੱਤਾ ਹੈ ਤੇ ਆਪ ਅੱਗੇ ਚੱਲ ਪਏ ਹਨ। ਥੋੜਾ ਅੱਗੇ ਜਾਣ ‘ਤੇ ਉਹਨਾਂ ਨੇ ਇੱਕ ਕਾਰ ਖੜ੍ਹੀ ਵੇਖੀ ਤੇ ਮੱਦਦ ਲਈ ਰੁੱਕ ਗਏ ਹਨ। ਆਪਣੇ ਦੋ ਬੱਚਿਆਂ ਨਾਲ ਖੜ੍ਹੀ ਇੱਕ ਔਰਤ ਪਾਣੀ ਲਈ ਮਦਦ ਮੰਗ ਰਹੀ ਹੈ। ਪਰ ਉਹਨਾਂ ਕੋਲ ਤਾਂ ਪਾਣੀ ਹੁਣ ਹੈ ਹੀ ਨਹੀਂ। ਇਸ ਬਿਰਤਾਂਤ ਨੂੰ ਕਹਾਣੀ ਵਿੱਚ ਇਸ ਪ੍ਰਕਾਰ ਪੇਸ਼ ਕੀਤਾ ਗਿਆ ਹੈ:

ਔਰਤ ਬਹੁਤ ਡਰੀ ਲੱਗਦੀ ਹੈ, ਵੱਡੇ ਬੱਚੇ ਦੀਆਂ ਬਾਹਾਂ ਉਸਨੇ ਚੁੰਨੀ ਨਾਲ਼ ਘੁੱਟ ਕੇ ਬੰਨ੍ਹੀਆਂ ਹੋਈਆਂ ਹਨ। ਉਹ ਦੀਨ-ਹੀਨ ਹੋਈ ਸਾਡੇ ਤੋਂ ਪਾਣੀ ਮੰਗਦੀ ਹੈ। ਪਾਣੀ ਦੀ ਤਾਂ ਹੁਣ ਸਾਡੇ ਕੋਲ਼ ਇੱਕ ਵੀ ਬੂੰਦ ਨਹੀਂ, ਆਪਣੀ ਬੇਵਸੀ ‘ਤੇ ਦੁੱਖ ਵੀ ਹੁੰਦਾ ਹੈ। ਔਰਤ ਦੱਸਦੀ ਹੈ ਕਿ ਬੱਚੇ ਨੂੰ ਬੇਹੱਦ ਪਿਆਸ ਲੱਗੀ ਹੈ ਜੋ ਸਹਿ ਨਹੀਂ ਹੋ ਰਹੀ ਸੀ ਤੇ ਉਹ ਕਿਸੇ ਤਰ੍ਹਾਂ ਪੈਟਰੋਲ ਕੱਢ ਕੇ ਪਿਆਸ ਬੁਝਾਉਣ ਲਈ ਬਜ਼ਿੱਦ ਹੈ। ਬੱਚੇ ਨੂੰ ਸ਼ਾਇਦ ਨਹੀਂ ਪਤਾ ਕਿ ਪੈਟਰੋਲ ਪਿਆਸ ਨਹੀਂ, ਜ਼ਿੰਦਗੀ ਹੀ ਬੁਝਾਉਂਦਾ ਹੈ। ਅੰਦਰ ਅੱਗ ਲਗਾ ਕੇ ਫੂਕ ਸੁੱਟੇਗਾ। ਕੀ ਹੁਣ ਲੋਕ ਇੰਞ ਮਰਨਗੇ। ਇਹ ਹੋਣੀ ਹੋਵੇਗੀ ਸਾਡੀਆਂ ਨਸਲਾਂ-ਫਸਲਾਂ ਦੀ...!(65)

ਔਰਤ ਅਤੇ ਉਸ ਦੇ ਦੋ ਬੱਚਿਆਂ ਨੂੰ ਗੱਡੀ ਵਿੱਚ ਬਿਠਾ ਲਿਆ ਜਾਂਦਾ ਹੈ ਤਾਂ ਜੋ ਪਾਣੀ ਭਾਲ ਕੇ ਉਹਨਾਂ ਨੂੰ ਪੀਣ ਲਈ ਦਿੱਤਾ ਜਾ ਸਕੇ। ਪੂਰੇ ਪਿੰਡ ਵਿੱਚ ਕਿਸੇ ਨਲਕੇ, ਖੂਹ ਜਾਂ ਟੂਟੀ ਤੋਂ ਪਾਣੀ ਦੀ ਛਿੱਟ ਵੀ ਨਹੀਂ

ਮਿਲ ਰਹੀ। ਕੀ ਨਿਆਣੇ ਤੇ ਕੀ ਸਿਆਣੇ ਪਾਣੀ ਬਿਨਾਂ ਸਾਰੇ ਲੋਕ ਤ੍ਰਿਹਾਏ ਪਏ ਹਨ। ਕਿਸੇ ਨੂੰ ਸਮਝ ਨਹੀਂ ਆ ਰਹੀ ਕਿ ਜੀਵਨ ਨੂੰ ਬਚਾਈ ਰੱਖਣ ਲਈ ਕੀ ਕੁਝ ਕੀਤਾ ਜਾਵੇ। ਪਾਣੀ ਦੀ ਭਾਲ ਵਿੱਚ ਮੈਂ-ਪਾਤਰ ਤੇ ਉਸ ਦੇ ਰਿਸ਼ਤੇਦਾਰ ਕਾਰ ਨੂੰ ਤੇਜ਼ ਗਤੀ ਨਾਲ ਭਜਾਉਂਦੇ ਹਨ। ਰਸਤੇ ਵਿੱਚ ਉਹ ਇੱਕ ਕਿਸਾਨ ਨੂੰ ਆਪਣੇ ਖੇਤ ਵਿੱਚ ਬੈਠਿਆ ਵੇਖਦੇ ਹਨ, ਉਹ ਕਿਸਾਨ ਕੱਦੂ ਖਾ ਕੇ ਆਪਣੀ ਪਿਆਸ ਬੁਝਾਉਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ। ਕੋਲ ਆ ਕੇ ਗੱਡੀ ਰੁਕਣ ‘ਤੇ ਉਹ ਮੈਂ-ਪਾਤਰ ਹੁਰਾਂ ਪਾਸੋਂ ਪੀਣ ਨੂੰ ਪਾਣੀ ਮੰਗਦਾ ਹੈ। ਇਸ ਸੰਵੇਦਨਸ਼ੀਲ ਵੇਦਨਾ ਦਾ ਬਿਰਤਾਂਤ ਕਹਾਣੀਕਾਰ ਇਸ ਪ੍ਰਕਾਰ ਕਰਦਾ ਹੈ:

> ਉਹ ਬੈਠਾ ਪੱਕਿਆ ਕੱਦੂ ਖਾ ਰਿਹਾ ਹੈ। ਗੱਡੀ ਰੁਕਣ ਸਾਰ ਉਹ ਉੱਠ ਖੜ੍ਹਾ ਹੁੰਦਾ ਹੈ ਤੇ ਸਾਡੇ ਬੋਲਣ ਤੋਂ ਪਹਿਲ਼ਾ ਹੀ ਬੋਲ ਉੱਠਦੈ- “ਪਾਣੀ ਦੀ ਘੁੱਟ ਮਿਲੂ ਸਰਦਾਰੋ.. ਕੱਦੂ ਖਾ ਕੇ ਪਿਆਸ ਮਿਟਾ ਰਿਹਾਂ, ਮੋਟਰ ਦਾ ਪਾਣੀ ਘਸਮੈਲ਼ਾ ਜਿਹਾ ਹੋਇਆ ਲੱਗਦਾ, ਜ਼ਹਿਰੀ ਜਿਹਾ, ਕਹਿੰਦੇ ਕਈ ਪਿੰਡਾਂ ਦਾ ਪਾਣੀ ਜ਼ਹਿਰੀ ਹੋ ਗਿਆ। ਮੈਂ ਪੀਤਾ ਨਹੀਂ, ਕਿਤੇ ਮਰ ਹੀ ਨਾ ਜਾਵਾਂ। ਹੁਣ ਜੇ ਪਾਣੀ ਪੀਂਦਾ ਹਾਂ ਤਾਂ ਵੀ ਮਰਦਾ ਤੇ ਜੇ ਨਹੀਂ ਪੀਂਦਾ ਤਾਂ ਵੀ ਮਰਦਾ ਹਾਂ(66)

ਮੈਂ-ਪਾਤਰ ਸੋਚਦਾ ਹੈ ਕਿ ਪਾਣੀ ਤੋਂ ਵਿਹੀਣ ਖੇਤੀ ਵਿੱਚ ਅੱਗੋਂ ਵਾਸਤੇ ਕੱਦੂ ਵੀ ਕਿਵੇਂ ਉੱਗਣਗੇ? ਕੱਦੂਆਂ ਦੁਆਰਾ ਪਿਆਸ ਬੁਝਾਉਣ ਦਾ ਕ੍ਰਮ ਵੀ ਕਿੰਨੀ ਕੁ ਦੇਰ ਹੋਰ ਚੱਲੇਗਾ? ਔਰਤ ਦਾ ਬੱਚਾ ਗੱਡੀ ਵਿੱਚੋਂ ਉਤਰ ਤੇ ਬਜ਼ੁਰਗ ਕਿਸਾਨ ਹੱਥੋ ਕੱਦੂ ਝਪਟ ਲੈਂਦਾ ਹੈ ਅਤੇ ਪਿਆਸ ਬੁਝਾਉਣ ਦਾ ਯਤਨ ਕਰਦਾ ਹੈ। ਔਰਤ ਵੀ ਕੱਦੂ ਖਾ ਕੇ ਆਪਣਾ ਗਲਾ ਤਰ ਕਰਕੇ ਦੱਸਦੀ ਹੈ ਕਿ ਹੁਣ ਤੱਕ ਵੀ ਉਹਨਾਂ ਕੋਲੋਂ ਉਸ ਨੂੰ ਮੱਦਦ ਨਾ ਮਿਲਦੀ ਤਾਂ ਉਹ ਆਪਣਾ ਪਿਸ਼ਾਬ ਪੀਣ ਬਾਰੇ ਹੀ ਸੋਚ ਰਹੀ ਸੀ।

ਏਨੇ ‘ਚ ਮੈਂ-ਪਾਤਰ ਦੇ ਭਰਾ ਦਾ ਘਰੋਂ ਫੋਨ ਆਉਂਦਾ ਹੈ। ਫੋਨ ਤੇ ਉਸ ਦਾ ਭਰਾ ਦੱਸਦਾ ਹੈ ਕਿ ਪਾਣੀ ਬਿਨਾਂ ਪਿੰਡ ਵਿੱਚ ਬਹੁਤ ਬੁਰਾ ਹਾਲ ਹੋਇਆ ਪਿਆ ਹੈ। ਅਫ਼ਸੋਸ ਲਈ ਘਰੇ ਆਏ ਲੋਕਾਂ ਲਈ ਪਾਣੀ ਦਾ ਪ੍ਰਬੰਧ ਕਰਨਾ ਬਹੁਤ ਵੱਡੀ ਸਮੱਸਿਆ ਬਣ ਗਿਆ ਹੈ। ਮੈਂ-ਪਾਤਰ ਦੇ ਭਰਾ ਦੁਆਰਾ ਦੱਸੇ ਗਏ ਭਿਆਨਕ ਸੱਚਾਂ ਦੀ ਜਾਣਕਾਰੀ ਇਸ ਪ੍ਰਕਾਰ ਪੇਸ਼ ਕੀਤੀ ਗਈ ਹੈ:

ਪਿੰਡ ਪਾਣੀ ਬਿਨ ਬਹੁਤ ਬੁਰਾ ਹਾਲ ਹੈ। ਘਰੇ ਬਹੁਤ ਇੱਕਠ ਹੈ। ਇੰਨੇ ਲੋਕਾਂ ਲਈ ਪਾਣੀ ਦਾ ਪ੍ਰਬੰਧ ਮੁੱਖ ਮਸਲਾ ਹੈ। ਉਹ ਦੱਸ ਰਿਹਾ ਹੈ ਕਿ ਸਰਪੰਚ ਨੇ ਕਿਸੇ ਲੀਡਰ ਦੀ ਸਿਫ਼ਾਰਸ਼ ਨਾਲ, ਇਸ ਸ਼ਰਤ ‘ਤੇ ਕਿ ਚੋਣਾਂ ‘ਚ ਅਸੀਂ ਘਰ ਦੀਆਂ ਵੋਟਾਂ ਉਸਨੂੰ ਦੇਵਾਂਗੇ, ਪੰਜਾਹ ਹਜ਼ਾਰ ‘ਚ ਤਿੰਨ ਕੈਂਪਰ ਸ਼ਹਿਰੋਂ ਮੰਗਵਾ ਲਏ ਨੇ। ਬੱਚਿਆਂ ਨੂੰ ਬਿਨ ਇਸ਼ਨਾਨ ਕੀਤੇ ਸੰਸਕਾਰ ਕਰਨ ਬਾਰੇ ਪੁੱਛ ਰਿਹਾ ਹੈ।? ਮੈਂ ਮਰੀ ਆਵਾਜ਼ ‘ਚ ਸਿਰਫ਼ ਇੰਨਾ ਹੀ ਆਖਦਾ ਹਾਂ- “ਜਿਵੇਂ ਥੋਨੂੰ ਠੀਕ ਲੱਗਦਾ ਕਰ ਲੋ” ਤੇ ਮੇਰੀਆਂ ਭੁੱਬਾਂ ਨਿੱਕਲ਼ ਜਾਂਦੀਆਂ ਨੇ(67)

ਰਸਤੇ ਵਿੱਚ ਇੱਕ ਸੁੱਕ ਗਿਆ ਬੋਹੜ ਦੇਖ ਮੈਂ-ਪਾਤਰ ਨੂੰ ਗੱਡੀ ਵਿੱਚ ਰੱਖੇ ਬੋਹੜ ਯਾਦ ਆ ਜਾਂਦੇ ਹਨ। ਜੋ ਉਸ ਨੇ ਆਪਣੇ ਬੱਚਿਆਂ ਦੀਆਂ ਨੰਨ੍ਹੀਆਂ ਲਾਸ਼ਾ ਦਾ ਹੱਥ ਲਵਾ ਕੇ ਲਗਾਉਣੇ ਹਨ। ਉਸ ਦੇ ਕਾਲਜੇ ਨੂੰ ਧੂਹ ਪੈਂਦੀ ਹੈ ਕਿ ਉਸ ਦੇ ਲਾਏ ਹੋਏ ਬੋਹੜ ਪਾਣੀ ਬਿਨਾਂ ਕਿਵੇਂ ਨਿੱਸਰਨਗੇ...? ਕਿਵੇਂ ਠੰਢੜੀ ਛਾਂ ਦੇਣਗੇ, ਕਿਵੇਂ ਪੀਂਘਾ ਦਾ ਸਬੱਬ ਬਣਨਗੇ, ਕਿਵੇਂ ਪੰਛੀਆਂ ਦਾ ਬਸੇਰਾ ਬਣਨਗੇ, ਕਿਵੇਂ ਬਜ਼ੁਰਗਾਂ ਦੇ ਦੁੱਖ-ਸੁੱਖ ਦੀ ਗਵਾਹੀ ਭਰਿਆ ਕਰਨਗੇ...? ਉਹ ਸੋਚਦਾ ਹੈ ਕਿ ਮੀਂਹ ਤਾਂ ਰੁੱਖਾਂ ਕਰਕੇ ਹੀ ਵਰਸਦਾ ਹੁੰਦਾ ਪਰ ਪਾਣੀ ਦੀ ਅਣਹੋਂਦ ਵਿੱਚ ਬੋਹੜ, ਪਿੱਪਲ ਤੇ ਨਿੰਮ ਨੂੰ ਕਿਵੇਂ ਸਿੰਚਾਈ ਮਿਲੇਗੀ। ਇੱਥੇ ਇਹ ਗੱਲ ਵਿਸ਼ੇਸ਼ ਤੌਰ ‘ਤੇ ਵਿਚਾਰਨਯੋਗ ਹੈ ਕਿ ਆਪਣੇ ਨੰਨ੍ਹੇ-ਮੁੰਨ੍ਹੇ ਕੋਮਲ ਬੱਚੇ ਗੁਆ ਕੇ ਵੀ ਮੈਂ-ਪਾਤਰ ਸਮਾਜ ਦੇ ਹੋਰ ਨੰਨ੍ਹੇ-ਮੁੰਨ੍ਹੇ ਫੁੱਲਾਂ ਦਾ ਭਵਿੱਖ ਸੁਖਾਵਾਂ ਬਣਾਉਣ ਲਈ ਯਤਨਸ਼ੀਲ ਹੋਣਾ ਲੋਚਦਾ ਹੈ। ਉਸ ਨੂੰ ਹਜ਼ਾਰਾਂ ਸਾਲ ਬਾਅਦ ਦਾ ਆਪਣਾ ਪੰਜਾਬ ਨਜ਼ਰ ਆਉਣ ਲੱਗਾ ਪੈਂਦਾ ਹੈ ਜੋ ਕਿ ਪੱਥਰ-ਪਿੰਜਰ ਹੋ ਚੁੱਕਾ ਹੁੰਦਾ ਹੈ। ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਦੇ ਫ਼ਲਸਰੂਪ ਪੰਜ ਦਰਿਆਵਾਂ ਦਾ ਬਾਦਸ਼ਾਹ- ‘ਪੰਜਾਬ’ ਰੇਤੀਲੇ ਅਤੇ ਪਥਰੀਲੇ ਖੰਡਰਾਂ ਵਿੱਚ ਤਬਦੀਲ ਹੋ ਜਾਂਦਾ ਹੈ। ਉਸ ਦੀ ਸੋਚ ਵਿੱਚ ਇਹ ਮਹਿਸੂਸ ਹੁੰਦਾ ਹੈ ਕਿ ਬਹੁਤ ਸਾਰੇ ਸਕੂਲੀ ਵਿਦਿਆਰਥੀ ਇਤਿਹਾਸਿਕ ਟੂਰ ਲਈ ਪੰਜਾਬ ਦੀ ਧਰਤੀ ‘ਤੇ ਸੁੰਨ੍ਹ ਹੋਏ ਖੜ੍ਹੇ ਹਨ ਅਤੇ ਉਹਨਾਂ ਦਾ ਗਾਈਡ ਇਸ ਧਰਤੀ ਦੇ ਚੰਗੇਰੇ ਸਮੇਂ ਬਾਰੇ ਬੱਚਿਆਂ ਨੂੰ ਜਾਣਕਾਰੀ ਮੁਹੱਈਆ ਕਰਵਾਉਂਦਾ ਹੈ। ਮੈਂ-ਪਾਤਰ ਦੀ ਸੋਚ ਵਿਚਲੇ ਦ੍ਰਿਸ਼ ਇਸ ਪ੍ਰਕਾਰ ਉਘਾੜੇ ਗਏ ਹਨ:

ਇਹ ਉਹ ਧਰਤੀ ਹੈ ਜਿੱਥੇ ਲੱਖਾਂ ਸਾਲ ਪਹਿਲਾਂ ਭਰਪੂਰ ਤੰਦਰੁਸਤ ਜੀਵਨ ਹੁੰਦਾ ਸੀ। ਪਾਣੀ ਤੇ ਬਾਣੀ ਦੇ ਨਿਰਮਲ ਦਰਿਆ ਵਹਿੰਦੇ ਪਏ ਸਨ। ਪਰ ਲੀਡਰਸ਼ਿਪ ਤੇ ਲੋਕਾਂ 'ਚ ਪੈਸੇ ਨੂੰ ਲੈ ਕੇ ਅੰਨ੍ਹੀ ਦੌੜ ਕਾਰਨ ਕੁਝ ਸੋਮੇ ਸੁੱਕ-ਮੁੱਕ ਗਏ, ਕੁਝ ਇਹਨਾਂ ਆਪ ਜ਼ਹਿਰੀਲੇ ਕਰ ਲਏ, ਇੰਝ ਬਹੁਤ ਜਲਦੀ ਨਾਲ਼ ਇੱਕ ਦਿਨ ਆਇਆ ਤੇ ਸਭ ਕੁਝ ਖ਼ਤਮ ਹੋ ਗਿਆ(68)

ਸੰਸਕਾਰ ਦੇ ਵੇਲੇ ਮੈਂ-ਪਾਤਰ ਦੇ ਰਿਸ਼ਤੇਦਾਰ ਬੱਚਿਆਂ ਦੇ ਸੰਸਕਾਰ ਲਈ ਲੱਕੜਾਂ ਦਾ ਪ੍ਰਬੰਧ ਕਰਨ ਜਾਂਦੇ ਹਨ। ਨਿੰਮੋਝੂਣਾ ਹੋਇਆ ਮੈਂ-ਪਾਤਰ ਮਨ ਹੀ ਮਨ ਇਹ ਖਾਹਿਸ਼ ਕਰਦਾ ਹੈ ਕਿ ਲੱਕੜਾਂ ਹੀ ਜੇ ਕੁਝ ਗਿੱਲੀਆਂ ਹੋਣ ਤਾਂ ਬੱਚਿਆਂ ਦੇ ਮ੍ਰਿਤਕ ਸਰੀਰ ਉਹਨਾਂ ਲੱਕੜਾਂ ਦੀ ਨਮੀ ਤੋਂ ਹੀ ਇਸ਼ਨਾਨ ਦਾ ਘਾਟਾ ਪੂਰਾ ਕਰ ਲੈਣਗੇ ਕਿਉਂਕਿ ਪਾਣੀ ਦੀ ਕਿਲਤ ਨੂੰ ਵੇਖਦੇ ਹੋਏ ਉਹਨਾਂ ਸਾਰਿਆਂ ਨੇ ਬੱਚਿਆਂ ਦੇ ਸੰਸਕਾਰ ਤੋਂ ਪਹਿਲਾਂ ਇਸ਼ਨਾਨ ਕਰਵਾਉਣ ਦੀ ਰੀਤ ਨੂੰ ਰੱਦ ਕਰਨ ਬਾਰੇ ਸੋਚਿਆ ਸੀ।

ਹਥਲੀ ਕਹਾਣੀ ਵਿੱਚ ਪ੍ਰਦੂਸ਼ਣ ਦੇ ਪ੍ਰਭਾਵ ਹੇਠ ਦੁੱਖਾਂ ਦੀ ਚਰਮ-ਸੀਮਾ ਭੋਗ ਰਹੇ ਪਰਿਵਾਰ ਦੀ ਦਸ਼ਾ ਦਾ ਵਰਣਨ ਕੀਤਾ ਗਿਆ ਹੈ। ਇੱਕ ਪਰਿਵਾਰ ਦੀ ਹੋਣੀ ਦਾ ਦ੍ਰਿਸ਼ ਉਲੀਕ ਕੇ ਕਹਾਣੀਕਾਰ ਨੇ ਆਉਣ ਵਾਲੇ ਸਮੇਂ ਵਿੱਚ ਪੰਜਾਬ ਦੇ ਹਰ ਪਰਿਵਾਰ ਦੀ ਹੋਣੀ ਦੀ ਭਵਿੱਖਬਾਣੀ ਕਰ ਦਿੱਤੀ ਹੈ। ਕਹਾਣੀ ਭਾਵੇਂ ਦੁਖਾਂਤਕ ਹੈ ਪਰ *Every Dark Cloud has a Silver line* ਦੇ ਵਿਚਾਰ ਅਨੁਸਾਰ ਇਸ ਦੁੱਖ ਦੀ ਘੜੀ ਵਿੱਚ ਵੀ ਮੈਂ-ਪਾਤਰ ਵਾਤਾਵਰਨ-ਹਿਤੈਸ਼ੀ ਕੁਝ ਅਜਿਹੇ ਫੈਸਲੇ ਲੈਂਦਾ ਹੈ ਜਿਸ ਨਾਲ ਹੋਰਨਾਂ ਪਰਿਵਾਰਾਂ ਦੇ ਭਵਿੱਖ ਨੂੰ ਕੁੱਝ ਸੁਰੱਖਿਆ ਮਿਲ ਸਕੇ। ਨਿਰਾਸ਼ਾ ਵਿੱਚ ਵੀ ਆਸ਼ਾ ਦੀ ਲਿਸ਼ਕੋਰ ਦਿਖਾਉਣਾ ਇਸ ਕਹਾਣੀ ਦੀ ਵਿੱਲਖਣਤਾ ਹੈ। ਆਪਣੇ ਵਾਤਾਵਰਨ- ਮੈਤ੍ਰੀ ਉਪਰਾਲਿਆਂ ਕਰਕੇ ਕਹਾਣੀਕਾਰ ਪਾਠਕਾਂ ਨੂੰ ਹਰ ਹਾਲ ਵਾਤਾਵਰਨ ਸੰਭਾਲਣ ਹਿੱਤ ਹਾਂ-ਪੱਖੀ ਸੁਝਾਓ ਅਤੇ ਸੁਨੇਹਾ ਦਿੰਦਾ ਹੈ।

ਹਥਲੇ ਕਹਾਣੀ ਸੰਗ੍ਰਿਹ ਦੀ ਕਹਾਣੀ 'ਸਿੱਧਰੀ ਬਹੂ' ਪਾਣੀ ਦੀ ਥੁੜ੍ਹ, ਸੰਘਰਸ਼ਮਈ ਕਿਰਸਾਨੀ ਅਤੇ ਅਖੌਤੀ ਜੱਟਵਾਦ ਦਾ ਵਿਰੋਧ ਪ੍ਰਸਤੁਤ ਕਰਨ ਵਾਲੀ ਕਹਾਣੀ ਹੈ। ਗ਼ਰੀਬ ਪਰ ਮਿਲਾਪੜੇ ਕਿਸਾਨੀ ਪਰਿਵਾਰ ਵਿੱਚ ਪਲੀ ਕਹਾਣੀ ਦੀ ਨਾਇਕਾ 'ਪਿੰਕੋ' ਬਚਪਨ ਤੋਂ ਹੀ ਗੁਣੀ, ਸੁਘੜ-ਸਿਆਣੀ ਅਤੇ ਪੜ੍ਹਨ ਵਿੱਚ ਹੁਸ਼ਿਆਰ

ਸੀ। ਸ਼ਰੀਕੇਬਾਜ਼ਾਂ ਦੁਆਰਾ ਉਸਦੇ ਪਿਤਾ ਤੇ ਨਿੱਕੇ ਵੀਰ ਦਾ ਕਤਲ ਕੀਤੇ ਜਾਣ ਮਗਰੋਂ ਮਾਂ ਵੀ ਸਦਮੇ ਨਾਲ ਚਲਾਣਾ ਕਰ ਗਈ। ਉਪਰੰਤ ਗ਼ਰੀਬ ਨਾਨਕਿਆਂ ਕੋਲ ਰਹਿ ਕੇ ਜ਼ਿੰਦਗੀ ਦੀ ਸਖ਼ਤੀ ਨੂੰ ਬਰਦਾਸ਼ਤ ਕਰਨਾ ਸਿੱਖਿਆ ਤੇ ਭਾਣਾ ਮੰਨ ਕੇ ਰੱਬ ਦੀ ਰਜ਼ਾ ਵਿੱਚ ਹਾਂ-ਪੱਖੀ ਸੋਚ ਨਾਲ ਵੱਡੀ ਹੋਈ। ਨਾਨਕਿਆਂ ਨੇ ਦੱਸਵੀਂ ਤੱਕ ਪੜਾਉਣ ਮਗਰੋਂ ਉਸਦਾ ਵਿਆਹ ਮਨਦੀਪ ਨਾਂ ਦੇ ਲੜਕੇ ਨਾਲ ਕਰਵਾ ਦਿੱਤਾ, ਜੋ ਕਿ ਗ਼ਰੀਬ ਤੇ ਕਰਜ਼ਾਈ ਸੀ ਅਤੇ ਸ਼ਰੀਕੇਦਾਰਾਂ ਹੱਥੋਂ ਜ਼ਮੀਨ ਦੀ ਕਾਣੀ-ਵੰਡ ਦਾ ਸ਼ਿਕਾਰ ਸੀ। ਮਜ਼ਬੂਤ ਇਰਾਦਿਆਂ ਵਾਲੀ ਪਿੰਕੋ ਨੇ ਹੌਲ਼ੀ-ਹੌਲ਼ੀ ਪਿਆਰ ਅਤੇ ਵਿਸ਼ਵਾਸ ਨਾਲ ਆਪਣੇ ਪਤੀ ਨੂੰ ਅਖੌਤੀ ਜੱਟਵਾਦ ਦੀ ਸ਼ੂੰ-ਫਾਂ 'ਚੋਂ ਕੱਢ ਕੇ ਸਕਾਰਾਤਮਿਕ ਪਾਸੇ ਵੱਲ ਮੋੜ ਲਿਆ। ਉਹ ਆਪਣੇ ਪਤੀ ਦਾ ਹਰ ਤਰ੍ਹਾਂ ਨਾਲ ਸਹਾਰਾ ਬਣੀ, ਖੇਤ ਵਿੱਚ ਵੀ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਵਿਆਹ ਤੋਂ ਕੁਝ ਸਮਾਂ ਬਾਅਦ ਹੀ ਉਹਨਾਂ ਦੀ ਬੰਜਰ ਜ਼ਮੀਨ ਵਿੱਚੋਂ ਸਬਜ਼ੀਆਂ ਦੀ ਕਾਸ਼ਤ ਮਿਲਣ ਲੱਗ ਪਈ। ਲੋਕਾਂ ਦੇ ਤਾਹਨਿਆਂ-ਮਿਹਣਿਆਂ ਦਾ ਜਵਾਬ ਨਾ ਦਿੰਦੇ ਹੋਏ ਦੰਪਤੀ ਨੇ ਸਬਰ ਤੇ ਸਿਰੜ ਨਾਲ ਖੇਤੀ ਅਤੇ ਪਸ਼ੂ-ਪਾਲਣ ਦੇ ਖੇਤਰ ਵਿੱਚ ਮਾਨਯੋਗ ਸਥਾਨ ਪ੍ਰਾਪਤ ਕਰ ਲਿਆ ਸੀ।

ਇਸ ਕਹਾਣੀ ਵਿੱਚ ਦੀਦਾਰਗੜ੍ਹ ਨੇ ਕਹਾਣੀ ਦੀ ਮੁੱਖ ਪਾਤਰ 'ਪਿੰਕੋ' ਨੂੰ ਕੇਂਦਰ ਵਿੱਚ ਰੱਖ ਕੇ ਉਸ ਮੂੰਹੋਂ ਕਥਾ ਅਖਵਾਈ ਹੈ। ਕਹਾਣੀ ਵਿੱਚ ਫ਼ਲੈਸ਼-ਬੈਕ ਵਿਧੀ ਅਤੇ ਬਿਰਤਾਂਤਕ ਵਿਧੀ ਦਾ ਸਫ਼ਲ ਪ੍ਰਯੋਗ ਕੀਤਾ ਗਿਆ ਹੈ। ਵਾਤਾਵਰਨ ਦੀਆਂ ਸਮੱਸਿਆਵਾਂ ਨੂੰ ਕਾਬੂ ਕਰਨ ਲਈ ਨਿਰੰਤਰ ਘਾਲਣਾ, ਕੁਦਰਤੀ ਸ੍ਰੋਤਾਂ ਦੀ ਸੰਜਮ-ਭਰਪੂਰ ਵਰਤੋਂ ਅਤੇ ਸਾਦੀ ਰਹਿਣੀ-ਬਹਿਣੀ ਸਦਕਾ ਔਖੇ ਵਕਤ ਨੂੰ ਵੀ ਸੁਖ਼ਾਲਾ ਕੀਤਾ ਜਾ ਸਕਦਾ ਹੈ। ਕਹਾਣੀ ਵਿਚਲੀ ਸਤਰ "ਰੇਤਾਂ ਵਾਰ ਬੰਨੇ ਦੀਏ ਮਾਏ, ਨੀ ਬੰਨਾ ਤੇਰਾ ਬਾਹਰ ਖੜ੍ਹਾ।" ਟੈਗ ਲਾਈਨ ਵਾਂਗ ਪਾਠਕਾਂ ਨੂੰ ਚੇਤਾ ਕਰਵਾਉਂਦੀ ਪ੍ਰਤੀਤ ਹੁੰਦੀ ਹੈ ਕਿ ਪਾਣੀ ਦੀ ਬਰਬਾਦੀ ਕਰਨੋਂ ਜੇਕਰ ਨਾ ਹਟੇ ਤਾਂ ਭਵਿੱਖ ਵਿੱਚ ਪਾਣੀ ਦੀ ਵੀ ਅਣਹੋਂਦ ਬਣ ਜਾਵੇਗੀ। ਪਾਣੀ ਦੀਆਂ ਅਸੰਖ ਬਰਕਤਾਂ ਨੂੰ ਯਾਦ ਕਰਦੀ ਹੋਈ ਪਿੰਕੋ ਮਨੁੱਖਾਂ ਦੁਆਰਾ ਪਲੀਤ ਕੀਤੇ ਜਾ ਰਹੇ ਕੁਦਰਤੀ ਸ੍ਰੋਤਾਂ ਦੇ ਦੁਰਉਪਯੋਗ ਕਰਕੇ ਲੁਪਤ ਹੋਣ ਦੇ ਕਿਨਾਰੇ ਪੁਚਾ ਦਿੱਤੇ ਆਬ-ਏ-ਹਯਾਤ ਸ੍ਰੋਤਾਂ ਨੂੰ ਮੁੜ ਸੁਰਜੀਤ ਕਰਨਾ ਚਾਹੁੰਦੀ ਹੈ।

ਕਹਾਣੀ ਦੇ ਇੱਕ ਦ੍ਰਿਸ਼ ਵਿੱਚ ਇਹ ਵਿਖਾਇਆ ਗਿਆ ਹੈ ਕਿ ਪਿੰਕੋ ਗਰਭਵਤੀ ਹੈ, ਉਸ ਦੇ ਪੇਟ 'ਚ ਪਲ ਰਹੇ ਬੱਚੇ ਨੂੰ ਉਹ ਸਿਹਤਮੰਦ, ਅਕਲਮੰਦ ਅਤੇ ਵਾਤਾਵਰਨ ਪ੍ਰਤੀ ਸੁਚਾਰੂ ਬਣਾਉਣਾ ਚਾਹੁੰਦੀ ਹੈ। ਪਰ ਵਾਤਾਵਰਨ ਦੇ ਅਜੋਕੇ ਗੰਧਲੇਪਣ ਤੋਂ ਉਹ ਕਈ ਵਾਰ ਡਰ ਵੀ ਜਾਂਦੀ ਹੈ ਕਿ ਖ਼ਬਰੇ ਬੱਚੇ ਦੇ ਜਨਮ ਹੋਣ ਤੱਕ ਪਾਣੀ ਮੁੱਕ ਹੀ ਨਾ ਜਾਵੇ। ਪਾਣੀ ਦੇ ਖ਼ਤਮ ਹੋ ਜਾਣ ਦੇ ਖ਼ਿਆਲ ਆਉਣ ਨਾਲ ਕਿੰਨਾ ਹੀ ਕੁੱਝ ਪਿੰਕੋ ਦੇ ਦਿਮਾਗ ਵਿੱਚ ਘੁੰਮ ਜਾਂਦਾ ਹੈ:

> ਸਕੂਲ 'ਚ ਪੜ੍ਹੀ ਪਿਆਸੇ ਕਾਂ ਦੀ ਕਹਾਣੀ ਯਾਦ ਆ ਗਈ। ਉਸਨੂੰ ਤਾਂ ਪਾਣੀ ਮਿਲ਼ ਹੀ ਗਿਆ ਸੀ, ਆਉਣ ਵਾਲ਼ੀਆਂ ਨਸਲਾਂ ਨੂੰ ਕਿਸੇ ਘੜੇ 'ਚੋਂ ਬਚਿਆ ਪਾਣੀ ਕੀ, ਧਰਤੀ 'ਚੋਂ ਮਿਲਣ ਦੀ ਸੰਭਾਵਨਾ ਵੀ ਦਮ ਤੋੜਦੀ ਜਾ ਰਹੀ ਹੈ। ਪੌਣ-ਪਾਣੀ ਖੁਣੋਂ ਹੁਣੇ ਹੀ ਹਾਲਾਤ ਬਦਰੰਗ ਹੁੰਦੇ ਜਾ ਰਹੇ ਨੇ(102)

ਆਪਣੇ ਪਤੀ ਨੂੰ ਫੋਕਾ ਅਡੰਬਰ ਤਿਆਗ ਕੇ ਖੇਤਾਂ ਵਿੱਚ ਸੁੱਚੀ ਕਿਰਤ ਕਰਨ ਲਈ ਪਿੰਕੋ ਹੌਂਸਲਾ ਵੀ ਦਿੰਦੀ ਹੈ। ਅਤੇ ਉਸਦਾ ਸਾਥ ਵੀ ਨਿਭਾਉਂਦੀ ਹੈ। ਨਵੀਆਂ ਨਵੀਆਂ ਅਤੇ ਨਿੱਕੀਆਂ-ਨਿੱਕੀਆਂ ਜੁਗਤਾਂ ਨਾਲ ਦੀਪੇ (ਪਿੰਕੋ ਦਾ ਪਤੀ ਮਨਦੀਪ) ਨਾਲ ਹਰ ਵਕਤ ਖਲੋਂਦੀ ਹੈ। ਘਰ ਦੇ ਕੰਮ-ਕਾਰ ਵੀ ਕਰਦੀ ਹੈ ਅਤੇ ਖੇਤਾਂ ਵਿੱਚ ਵੀ ਦੀਪੇ ਦਾ ਹੱਥ ਵਟਾਉਂਦੀ ਹੈ। ਭਾਵੇਂ ਸਖ਼ਤ ਮਿਹਨਤਕਸ਼ੀ ਹੋਵੇ ਜਾਂ ਫਿਰ ਮਾਨਸਿਕ ਆਸਰਾ, ਉਹ ਆਪਣੇ ਪਤੀ ਨੂੰ ਕਦੇ ਵੀ ਡੋਲ੍ਹਣ ਨਹੀਂ ਦਿੰਦੀ। ਇਸ ਗੱਲ ਦਾ ਪ੍ਰਗਟਾਵਾ ਹੇਠਾਂ ਵਰਣਿਤ ਸਤਰਾਂ ਦੁਆਰਾ ਹੋ ਜਾਂਦਾ ਹੈ:

> ਵਿਆਹ ਤੋਂ ਤੀਜੇ ਦਿਨ ਬਾਅਦ ਹੀ ਰੇਤੀਲੇ ਖੇਤ ਨੂੰ ਆਪਣਾ ਮਾਂ-ਪਿਓ ਜਾਣ ਕੇ ਅਸੀਂ ਧਰਤੀ ਨਮਸਕਾਰੀ ਤੇ ਸਿਰਜਣਹਾਰ ਦੀ ਇਸ ਅਮੁੱਲ ਦੇਣ ਦਾ ਲੱਖ-ਲੱਖ ਸ਼ੁਕਰਾਨਾ ਕੀਤਾ। ਬੇਕਾਰ ਪਏ ਨਿੱਕੇ ਜਿਹੇ ਇਸ ਟੁਕੜੇ ਨੂੰ ਸੋਨਾ ਉਗਲਣ ਲਾਉਣਾ ਸੀ; ਇਸ ਤੋਂ ਹੀ ਜਿੰਦਗੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰਨ ਲਈ ਨਰੋਆ ਕਦਮ ਪੁੱਟਣਾ ਸੀ; ਰੱਜਕੇ ਮਿਹਨਤ ਕਰਨੀ ਸੀ(106)

ਹੌਲੀ-ਹੌਲੀ ਟੱਬਰ ਦੇ ਦਿਨ ਬਦਲਣ ਲੱਗੇ। ਸਬਜ਼ੀਆਂ ਤੋਂ ਮੁਨਾਫ਼ਾ ਮਿਲਣ ਲੱਗਾ। ਦੀਪਾ ਖੇਤੀਬਾੜੀ ਦੀਆਂ ਸੁਚਾਰੂ ਤੇ ਜੈਵਿਕ ਤਕਨੀਕਾਂ ਬਾਰੇ ਵੱਧ ਤੋਂ ਵੱਧ ਤੋਂ ਸਿੱਖਣ ਲੱਗ ਪਿਆ। ਚਾਰ ਪੈਸੇ ਜੁੜੇ, ਸਿਰ ਚੜ੍ਹਿਆ

ਕਰਜ਼ਾ ਲੱਥਣਾ ਸ਼ੁਰੂ ਹੋ ਗਿਆ। ਘਰੇ ਡੰਗਰ-ਵੱਛੂ ਆ ਗਏ, ਦੁੱਧ, ਦਹੀ ਘਿਓ ਖੁੱਲ੍ਹਾ ਹੋਣ ਲੱਗ ਪਿਆ। ਦੋਵਾਂ ਦੀ ਮਿਹਨਤ ਰੰਗ ਵਿਖਾਉਣ ਲੱਗ ਪਈ ਸੀ। ਦੂਰ-ਦੁਰਾਡਿਓਂ ਖੇਤੀ ਅਫ਼ਸਰ, ਖੋਜੀ ਤੇ ਹੋਰ ਕਿਸਾਨ ਉਹਨਾਂ ਦੇ ਖੇਤਾਂ ਵਿੱਚ ਸਿਖਲਾਈ ਲੈਣ ਲਈ ਆਉਂਦੇ ਰਹਿੰਦੇ ਸਨ। ਇਸ ਸੰਦਰਭ ਵਿੱਚ ਪਿੰਕੋ ਖੁਸ਼ੀ ਨਾਲ ਦੱਸਦੀ ਹੈ ਕਿ ਉਹਨਾਂ ਦੀ ਮਿਹਨਤ ਨੂੰ ਰੱਬ ਨੇ ਫ਼ਲ ਪਾਇਆ ਉਹ ਆਪਣੀ ਖੁਸ਼ੀ ਨੂੰ ਸਾਂਝਾ ਕਰਦੇ ਹੋਏ ਬਿਆਨ ਕਰਦੀ ਹੈ:

> ਅੱਜ ਮਨਦੀਪ ਕੁਦਰਤੀ ਖੇਤੀਬਾੜੀ ਦਾ ਸਫ਼ਲ ਕਿਸਾਨ ਬਣਨ ਵੱਲ ਵੱਧ ਰਿਹਾ ਹੈ। ਇਨਾਮ-ਸਨਮਾਨ ਵੀ ਮਿਲਦੇ ਰਹਿੰਦੇ ਨੇ। ਦੂਰੋਂ-ਦੂਰੋਂ ਕਿਸਾਨ ਸਲਾਹਾਂ ਲੈਣ ਲਈ ਆਉਂਦੇ ਨੇ, ਮਾਹਿਰ ਖੇਤ ਦੇਖਣ ਤੁਰੇ ਰਹਿੰਦੇ ਨੇ। ਸਮਾਜ ਸੁਧਾਰਾਂ ਦੀ ਜੋਤ ਵੀ ਜਗਦੀ ਰਹਿੰਦੀ ਹੈ ਅਤੇ ਇਸ ਵਿੱਚ ਜਜ਼ਬਾਤਾਂ ਦਾ ਤੇਲ ਵੀ ਪਾਈ ਰੱਖਦੇ ਹਾਂ। ਅੱਗੇ ਹੀ ਅੱਗੇ ਵੱਧਦੇ ਜਾ ਰਹੇ ਹਾਂ। ਅੱਜ ਵੀ ਮਨਦੀਪ ਮੀਂਹ ਦਾ ਪਾਣੀ ਧਰਤੀ ਵਿੱਚ ਰੀਚਾਰਜ ਕਰਨ ਤੇ ਘੱਟ ਪਾਣੀ ਵਾਲੀਆਂ ਹੋਰ ਫ਼ਸਲਾਂ ਦੀ ਜਾਣਕਾਰੀ ਲੈਣ ਲਈ ਗਿਆ ਹੋਇਆ ਹੈ(107)

ਉਹਨਾਂ ਕਦੇ ਰਸਾਇਣ ਦਵਾਈਆਂ ਦੀ ਵਰਤੋਂ ਨਹੀਂ ਸੀ ਕੀਤੀ ਤੇ ਨਾ ਹੀ ਧਨ ਕਮਾਉਣ ਲਈ ਬੇਇਮਾਨੀ ਵੱਲ ਗਰਕੇ ਗਏ। ਪਹਿਲਾਂ-ਪਹਿਲ ਉਹਨਾਂ ਨੇ ਘੱਟ ਪਾਣੀ ਨਾਲ ਨਿੱਸਰਨ ਵਾਲੀਆਂ ਸਬਜ਼ੀਆਂ ਉਗਾਈਆਂ। ਉਹਨਾਂ ਦਾ ਮੰਤਵ ਕਮਾਈ ਕਰਨ ਦੇ ਨਾਲੋਂ-ਨਾਲ ਰਸਾਇਣ-ਮੁਕਤ ਪੈਦਾਵਾਰ ਵੀ ਕਰਨਾ ਸੀ। ਮੁੱਢਲੇ ਦੌਰ 'ਚ ਸਾਈਕਲ ਉੱਤੇ ਢੋਲ ਰੱਖ ਕੇ 'ਕੱਲੀ-'ਕੱਲੀ ਵੇਲ ਨੂੰ ਸਿੰਜਦੇ, ਦੇਸੀ ਖਾਦ ਪਾਉਂਦੇ। ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਕੇ ਜੇਬ ਭਰਨ ਨਾਲੋਂ ਤੰਦਰੁਸਤ ਸਮਾਜ ਦੀ ਸਿਰਜਨਾ ਉਹਨਾਂ ਦਾ ਮੁੱਖ ਮਕਸਦ ਰਿਹਾ। ਇਸ ਲਈ ਨਾ ਕਦੇ ਰੇਹ-ਸਪਰੇਹ ਛਿੜਕਦੇ; ਨਾ ਵੇਲਾਂ ਨੂੰ ਟੀਕੇ ਲਗਾਉਂਦੇ।

ਇਸ ਪ੍ਰਕਾਰ ਮਨਦੀਪ ਅਤੇ ਪਿੰਕੋ ਦੀ ਅਣਥੱਕ ਮਿਹਨਤ ਦਾ ਫ਼ਲ ਹੌਲੀ-ਹੌਲੀ ਮਿਲਣਾ ਸ਼ੁਰੂ ਹੋ ਗਿਆ ਸੀ। ਉਹਨਾਂ ਦੀ ਸੱਚੀ-ਸੁੱਚੀ ਕਿਰਤ ਦਾ ਹੁਣ ਮੁੱਲ਼ ਪੈਣ ਲੱਗ ਪਿਆ ਸੀ। ਮਿਹਨਤ ਕਰਦੇ ਰਹਿਣ ਕਰਕੇ ਮਨਦੀਪ ਮਾਨਸਿਕ ਅਤੇ ਸਰੀਰਕ ਤੌਰ 'ਤੇ ਵਧੇਰੇ ਸਿਹਤਮੰਦ ਅਤੇ ਖੁਸ਼ ਰਹਿਣ ਲੱਗ ਪਿਆ ਸੀ।

ਪਿੰਕੋ ਦੇ ਸਾਥ ਨੇ ਉਸ ਨੂੰ ਨਿਰਾਸ਼ਾ ਵਿੱਚੋਂ ਕੱਢ ਕੇ ਹਾਂ-ਪੱਖੀ ਰਸਤੇ ਤੇ ਤੋਰ ਲਿਆ ਸੀ। ਮਨਦੀਪ ਵਿੱਚ ਸੁੱਚੀ ਕਿਰਤ ਦੀ ਰੰਗਤ ਚੜ੍ਹਨ ਲੱਗ ਪਈ ਸੀ ਤੇ ਪਿੰਕੋ ਆਪਣੇ ਪਤੀ ਦੇ ਇਸ ਸੁਖਾਵੇਂ ਪਰਿਵਰਤਨ ਨੂੰ ਵੇਖ ਕੇ ਬਹੁਤ ਸੰਤੁਸ਼ਟ ਹੁੰਦੀ ਸੀ। ਇਸ ਪ੍ਰਥਾਇ ਉਸਦੇ ਬੋਲ ਨੇ:

> ਉਹ ਦਿਨੋਂ-ਦਿਨ ਨਵਾਂ, ਨਰੋਆ ਤੇ ਸਹਿਜ ਹੁੰਦਾ ਜਾ ਰਿਹਾ ਸੀ। ਮੈਂ ਵੀ ਮੋਹ-ਪਿਆਰ ਕਰਦੀ, ਹਰ ਪਲ, ਕਦਮ-ਦਰ-ਕਦਮ ਮੋਢਾ ਜੋੜ ਕੇ ਉਸ ਦੇ ਨਾਲ ਚਲਦੀ। ਉਹ ਗਰੀਬ ਲੋਕਾਂ ਨੂੰ ਘੱਟ ਰੇਟ ਤੇ ਸਬਜ਼ੀ ਦਿੰਦਾ, ਕਈਆਂ ਤੋਂ ਕੁਝ ਨਾ ਲੈਂਦਾ ਜਾਂ ਨਿਗੂਣੇ ਪੈਸੇ ਲੈਂਦਾ। ਗੁਜ਼ਰ ਬਹੁਤ ਵਧੀਆ ਚਲ ਪਈ। ਕੰਮ ਵਧਦਾ ਹੀ ਜਾ ਰਿਹਾ ਹੈ ਅਤੇ ਸੁੱਚੀ ਕਿਰਤ ਸਦਕਾ ਪਿੰਡ 'ਚੋਂ ਹੀ ਦਰਜਨਾਂ ਲੋਕਾਂ ਨੂੰ ਰੁਜ਼ਗਾਰ ਦੇਣ ਦੇ ਵੀ ਸਮਰੱਥ ਹੋਏ ਹਾਂ(109)

ਹੱਥ ਸੌਖਾ ਹੋਣ ਤੋਂ ਬਾਅਦ ਪਿੰਕੋ ਆਪਣੀ ਨਨਾਣ ਨੂੰ ਵੀ ਰੀਝ ਨਾਲ ਪੜ੍ਹਾਈ ਕਰਨ ਦੀ ਸਹੂਲਤ ਦਿੰਦੀ ਹੈ ਤੇ ਆਪ ਵੀ ਅੱਗੇ ਪੜ੍ਹ ਕੇ ਅਧਿਆਪਕਾ ਬਣਨਾ ਚਾਹੁੰਦੀ ਹੈ। ਕਹਾਣੀ ਦੇ ਅਖ਼ੀਰ 'ਚ ਪਿੰਕੋ ਆਪਣੇ ਅਜਨਮੇ ਬੱਚੇ ਨਾਲ ਸੁਰੱਖਿਤ ਭਵਿੱਖ ਦੀ ਯੋਜਨਾ ਬਣਾਉਂਦੀ ਹੋਈ ਅਨੇਕਾਂ ਨਿੱਕੀਆਂ-ਨਿੱਕੀਆਂ ਗੱਲਾਂ ਕਰਦੀ ਹੈ। ਉਹ ਆਪਣੇ ਬੱਚੇ ਦੇ ਜਨਮ ਤੋਂ ਪਹਿਲਾਂ ਹੀ ਉਸ ਨੂੰ ਆਸ਼ਾਵਾਦੀ, ਆਤਮ ਵਿਸ਼ਵਾਸੀ, ਦਲੇਰ, ਸੁਹਿਰਦ ਅਤੇ ਵਾਤਾਵਰਨ ਪ੍ਰੇਮੀ ਬਣਾਉਣਾ ਚਾਹੁੰਦੀ ਹੈ। ਇਸੇ ਮਨੋਰਥ ਲਈ ਉਹ ਆਪਣੇ ਬੱਚੇ ਨਾਲ ਆਪਣੇ ਵਿਚਾਰਾਂ ਦੀ ਸਾਂਝ ਇਸ ਪ੍ਰਕਾਰ ਪਾਉਂਦੀ ਹੈ:

> ਪਤੈ? ਹਾਲ ਹੀ 'ਚ, 'ਗ੍ਰੀਨ ਪੀਸ ਅਤੇ ਏਅਰ ਵਿਜ਼ੂਅਲ' ਦੀ ਰਿਪੋਰਟ ਮੁਤਾਬਕ ਵਿਸ਼ਵ ਦੇ ਸਭ ਤੋਂ ਵੱਧ 30 ਪ੍ਰਦੂਸ਼ਿਤ ਸ਼ਹਿਰਾਂ 'ਚੋਂ 22 ਸ਼ਹਿਰ ਭਾਰਤ ਦੇ ਹਨ ਜੋ ਬੇਹੱਦ ਚਿੰਤਾ ਤੇ ਚਿੰਤਨ ਦਾ ਵਿਸ਼ਾ ਹੈ। ਕੁਦਰਤ ਪਲ ਪ੍ਰਤੀ ਪਲ ਗੁੱਝੇ ਇਸ਼ਾਰੇ ਕਰਦੀ ਆ ਰਹੀ ਹੈ। ਮਨੁੱਖ ਮਹਾਂਵਿਨਾਸ਼ ਦੀ ਕਗਾਰ 'ਤੇ ਪੁੱਜ ਚੁੱਕਾ ਹੈ। ਕੋਈ ਪਤਾ ਨਹੀਂ ਕਿਹੜੇ ਵੇਲੇ ਕੁਦਰਤ ਸਭ ਕੁਝ ਤਹਿਸ-ਨਹਿਸ ਕਰ ਦੇਵੇ। ਮਨੁੱਖ ਨੇ ਜੰਗਲ ਕੱਟ-ਕੱਟ ਕੇ ਕੰਕਰੀਟ ਦੇ ਜੰਗਲ ਉਸਾਰ ਲਏ ਹਨ। ਓਜੋਨ ਪਰਤ ਵਿੱਚ ਸੁਰਾਖ ਵੱਡਾ ਹੋ ਰਿਹਾ ਹੈ(118)

ਉਹ ਪਤੀ ਨਾਲ ਆਪਣੇ ਜੱਦੀ ਪੇਕੇ ਪਿੰਡ ਜਾ ਕੇ ਤਕਰੀਬਨ ਸੌ ਬੂਟੇ ਜਿਹਨਾਂ ਵਿੱਚ ਪਿੱਪਲ, ਨਿੰਮ, ਬਰੋਟੇ ਤੇ ਹੋਰ ਫ਼ਲਦਾਰ ਰੁੱਖ ਸਨ, ਲਗਾ ਕੇ ਆਉਂਦੀ ਹੈ। ਆਖਿਰ ਪੇਕੇ-ਘਰ ਦੇ ਪੌਣ-ਪਾਣੀ ਦੀ ਸੁੱਖ ਵੀ ਧੀਆਂ ਹੀ ਲੋੜਦੀਆਂ ਹਨ। ਮਾਂ-ਬਾਪੂ ਦੀਆਂ ਯਾਦਾਂ ਨੂੰ ਪਿੰਕੋ ਬਾਗ਼-ਬਗ਼ੀਚੀਆਂ ਨਾਲ ਸਿੰਜਣਾ ਚਾਹੁੰਦੀ ਹੈ।

ਨਾਇਕਾ ਨੂੰ ਗੁਆਂਢ 'ਚ ਡੀ.ਜੇ. 'ਤੇ ਇੱਕ ਗੀਤ ਵੱਜਦਾ ਸੁਣੀਂਦਾ ਹੈ। 'ਪਾਣੀ ਪੰਜ ਦਰਿਆਵਾਂ ਵਾਲਾ ਜ਼ਹਿਰੀ ਹੋ ਗਿਆ'। ਪਾਣੀ ਦੀ ਬਰਬਾਦੀ ਬਾਰੇ ਉਹ ਬਚਪਨ ਤੋਂ ਹੀ ਸੰਜੀਦਗੀ ਨਾਲ ਚਿੰਤਨ ਕਰਦੀ ਰਹੀ ਹੈ। ਵਿਆਹ ਮਗਰੋਂ ਜਦੋਂ ਸੱਸ ਪਾਣੀ ਵਾਰ ਕੇ ਸ਼ਗਨ ਮਨਾਉਂਦੀ ਹੁੰਦੀ ਹੈ ਤਾਂ ਵੀ ਭਰ ਰਿਸ਼ਤੇਦਾਰੀ ਵਿਚਕਾਰ ਆਪਣੀ ਸੱਸ ਨੂੰ ਗੜਵੀ ਵਾਲਾ ਪਾਣੀ ਵਿਅਰਥ ਡੋਲਣ ਦੀ ਬਜਾਏ ਕਿਸੇ ਰੁੱਖ-ਬੂਟੇ ਨੂੰ ਸਿੰਜਣ ਲਈ ਕਹਿ ਦਿੰਦੀ ਹੈ । ਉਸਦੇ ਇਸ ਸੁਝਾਉ ਨਾਲ ਉੱਥੇ ਹਾਜ਼ਰ ਸਾਰੀਆਂ ਔਰਤਾਂ ਗੜਵੀ ਕੁ ਪਾਣੀ ਬਚਾਉਣ ਦਾ ਉਪਦੇਸ਼ ਦੇਣ ਵਾਲੀ ਨਵੀਂ ਆਈ ਬਹੂ ਨੂੰ 'ਸਿਧਰੀ ਬਹੂ' ਆਖ ਕੇ ਛੇੜਦੀਆਂ ਹਨ। ਇਸ ਪ੍ਰਕਾਰ ਸਹੁਰੇ ਪਿੰਡ ਵਿੱਚ ਉਸਦਾ ਅਸਲ ਨਾਮ ਗੁਆਚ ਜਾਂਦਾ ਹੈ ਤੇ 'ਸਿਧਰੀ ਬਹੂ' ਦਾ ਨਵਾਂ ਸਿਰਨਾਵਾਂ ਮਿਲ ਜਾਂਦਾ ਹੈ, ਪਰ ਕਹਾਣੀ ਪੜ੍ਹਣ ਉਪਰੰਤ ਇਹ ਸਮਝ ਆਉਂਦਾ ਹੈ ਕਿ ਸਿਧਰੀ ਬਹੂ ਨੇ ਸਿੱਧਰੇ-ਪੱਧਰੇ ਢੰਗ ਨਾਲ ਜੀਵਨ ਜਿਉਂਦੇ ਹੋਏ, ਸੰਘਰਸ਼ਾਂ ਨਾਲ ਸਿੰਜ ਕੇ ਬੰਜਰ ਖੇਤਾਂ ਨੂੰ ਖ਼ੁਸ਼ਹਾਲ ਬਣਾਇਆ ਆਪਣੇ ਪਤੀ ਨੂੰ 'ਹਰਾ ਸੋਨਾ' ਉਪਜਾਉਣ ਦੇ ਸਿੱਧੇ ਰਾਹ ਪਾਇਆ। ਨਿੱਤ ਕੰਨੀਂ ਪੈਂਦੇ ਤਾਹਨਿਆਂ ਨੂੰ ਅਣਗੌਲਿਆਂ ਕਰਕੇ ਸਮਾਜ- ਸੇਵਾ ਅਤੇ ਚੁਗਿਰਦੇ ਦੀ ਸੇਵਾ ਕਰਕੇ ਇੱਕ ਵਿੱਲਖਣ ਮਿਸਾਲ ਬਣੀ। ਕਾਸ਼ ਕਿ ਜੇ ਇਸ ਕਹਾਣੀ ਦਾ ਮੁੱਖ ਪਾਤਰ ਪਿੰਕੋ ਸਿਧਰੀ ਹੈ ਤਾਂ ਪੰਜਾਬ ਦੀ ਅਤੇ ਦੇਸ਼ ਦੀ ਹਰ ਨੂੰਹ ਤੇ ਹਰ ਧੀ 'ਸਿਧਰੀ' ਹੋਵੇ। ਵਾਕਈ ਦੇਸ਼ ਨੂੰ ਭਿਆਨਕ ਸੰਕਟਾਂ ਤੋਂ ਬਚਾਉਣ ਲਈ ਨਿਰੰਤਰ ਤੇ ਸੱਚੇ ਉਪਰਾਲੇ ਕਰਨੇ ਹੀ ਪੈਣਗੇ, ਲੋਕਾਂ ਦੀਆਂ ਫਾਲਤੂ ਗੱਲਾਂ ਵੀ ਸੁਣਨੀਆਂ ਪੈਣਗੀਆਂ ਪਰ ਯਕੀਨਨ ਨਤੀਜੇ ਚੰਗੇ ਹੀ ਆਉਣਗੇ।

ਹੌਲੀ-ਹੌਲੀ ਮਨਦੀਪ ਪਿੰਕੋ ਦੇ ਸਾਥ ਨਾਲ ਆਪਣਾ ਸੁਭਾਅ ਤੇ ਜੀਵਨ-ਜਾਚ ਵਾਤਾਵਰਨ ਨੂੰ ਪਿਆਰ ਕਰਨ ਵਾਲਾ ਬਣਾ ਲੈਂਦਾ ਹੈ। ਉਹ ਜ਼ਿੰਦਗੀ ਦੇ ਪੰਧ ਨੂੰ ਹਾਂ-ਪੱਖੀ ਬਣਾ ਲੈਂਦਾ ਹੈ। ਫੋਕੀ ਤੇ ਫੱਕਰ ਟੌਹਰ ਛੱਡ

ਕੇ ਉਹ ਸੰਜੀਦਾ, ਸੰਜਮੀ ਤੇ ਸੁਹਿਰਦ ਇਨਸਾਨ ਬਣ ਜਾਂਦਾ ਹੈ। ਕਹਾਣੀ ਦਾ ਸਿਖ਼ਰ ਸੰਦੇਸ਼ ਮਨਦੀਪ ਦੇ ਇਹਨਾਂ ਸ਼ਬਦਾਂ ਦੁਆਰਾ ਪ੍ਰਸਾਰਿਤ ਹੁੰਦਾ ਹੈ:

ਸਿੱਧਰੀ ਤੂੰ ਨਹੀਂ, ਸਿੱਧਰੇ ਤਾਂ ਲੋਕ ਨੇ ਜੋ ਤੈਨੂੰ ਸਮਝ ਨਹੀਂ ਸਕੇ ਤੇ ਬਾਅਦ ਵਿੱਚ ਹੱਸ ਪਿਆ(107)

'ਧਰਤੀ ਪਤਨ' ਜਸਵੀਰ ਸਿੰਘ ਦੀਦਾਰਗੜ੍ਹ ਦੇ ਕਹਾਣੀ ਸੰਗ੍ਰਿਹ ਦੇ ਛੇਵੀਂ ਕਹਾਣੀ ਹੈ। ਇਹ ਕਹਾਣੀ ਭਵਿੱਖ ਦੀ ਸਭ ਤੋਂ ਵੱਧ ਭਿਆਨਕ ਸਮੱਸਿਆ- ਆਲਮੀ ਤਪਸ਼ ਦਾ ਦ੍ਰਿਸ਼ਟਾਂਤ ਪੇਸ਼ ਕਰਦੀ ਹੈ। ਵਾਤਾਵਰਨ ਦਾ ਵਿਗਾੜ ਮੁੱਖ ਰੂਪ ਵਿੱਚ ਰੁੱਖਾਂ ਦੀ ਕਟਾਈ, ਪ੍ਰਦੂਸ਼ਣ, ਮਨਸੂਈ ਵਰਤਾਰਿਆਂ ਅਤੇ ਅਣਗਿਹਲੀ ਕਰਕੇ ਹੁੰਦਾ ਹੈ। ਜਿਸ ਪ੍ਰਕਾਰ ਬਨਸਪਤੀ ਦਾ ਸਫ਼ਾਇਆ ਕਰਕੇ ਮਨੁੱਖ ਆਧੁਨਿਕ ਅਤੇ ਸੱਭਿਅਕ ਹੋਣ ਦਾ ਭਰਮ ਸਿਰਜਦਾ ਆਇਆ ਹੈ, ਉਸ ਦੇ ਨਤੀਜੇ ਵਜੋਂ ਹੀ ਜੀਵ-ਜੰਤੂਆਂ, ਪੰਛੀਆਂ ਆਦਿ ਦੀਆਂ ਪ੍ਰਜਾਤੀਆਂ ਨੂੰ ਤਾਂ ਨਿਸ਼ਚਤ ਹੀ ਖ਼ਤਰਾ ਪਿਆ ਹੈ ਤੇ ਫ਼ਲਸਰੂਪ ਮਨੁੱਖੀ ਸਿਹਤ-ਸੰਕਟ ਦੇ ਕੁਝ ਪ੍ਰਤੱਖ ਅਤੇ ਕੁਝ ਅਪ੍ਰਤੱਖ ਮਾਮਲੇ ਵੀ ਸਾਹਮਣੇ ਆਏ ਹਨ। ਆਲਮੀ ਤਪਸ਼ ਜਿਸਨੂੰ ਹੁਣ ਤੱਕ ਗਲੋਬਲ ਵਾਰਮਿੰਗ ਕਹਿ ਕੇ ਜਾਣਿਆ ਜਾਂਦਾ ਰਿਹਾ ਹੈ, ਮਾਹਿਰਾਂ ਅਨੁਸਾਰ ਹੁਣ ਇਸਨੂੰ ਗਲੋਬਲ ਵਾਰਮਿੰਗ ਦੀ ਬਜਾਏ ਗਲੋਬਲ ਹੀਟਿੰਗ ਕਿਹਾ ਜਾਣਾ ਉਚਿਤ ਹੈ, ਕਿਉਂਕਿ ਵਾਤਾਵਰਨ ਦੀ ਸਥਿਤੀ ਗਲੋਬਲ ਹੀਟਿੰਗ ਭਾਵ ਗਰਮੀ ਦਾ ਤੇਜ਼ੀ ਨਾਲ ਲਗਾਤਾਰ ਵਧਦੇ ਜਾਣਾ, ਵਾਰਮਿੰਗ ਨਾਲੋਂ ਕਿਤੇ ਵੱਧ ਘਾਤਕ ਹੈ।

ਕਹਾਣੀ 'ਮਾਰੂ ਨਾਦ' ਵਾਂਗ ਹੀ 'ਧਰਤੀ ਪਤਨ' ਸਿਰਲੇਖ ਹੇਠ ਲਿਖੀ ਕਹਾਣੀ ਧਰਤੀ ਦੇ ਅੱਗ ਵਾਂਗ ਤਪਣ ਦਾ ਸੰਤਾਪ ਬਿਆਨ ਕਰਦੀ ਹੈ। ਜਿੱਥੇ ਮਾਰੂ ਨਾਦ ਕਹਾਣੀ ਵਿੱਚ ਮਨੁੱਖੀ ਕੁਤਾਹੀਆਂ ਕਰਕੇ ਧਰਤੀ ਦੇ ਤਾਪਮਾਨ ਵਿੱਚ ਵਾਧੇ ਦੇ ਮਧਿਆਮ ਦਰਜੇ ਦੇ ਸੰਕੇਤ ਪੇਸ਼ ਕੀਤੇ ਗਏ ਹਨ, ਉੱਥੇ 'ਧਰਤੀ ਪਤਨ' ਕਹਾਣੀ ਵਿੱਚ ਧਰਤੀ ਦੇ ਤਾਪਮਾਨ ਵਿੱਚ ਭਿਆਨਕ ਸਿਖ਼ਰ ਦਾ ਵਾਧਾ ਅਤੇ ਜ਼ਿੰਦਗੀ ਦੇ ਖ਼ਾਤਮੇ ਦਾ ਦ੍ਰਿਸ਼ਟਾਂਤ ਪੇਸ਼ ਕੀਤਾ ਗਿਆ ਹੈ। 'ਧਰਤੀ ਪਤਨ' ਵਾਤਾਵਰਨ ਵਿੱਚ ਅਸਹਿਣਯੋਗ ਵਾਧੇ ਦੇ ਕੁਪ੍ਰਭਾਵਾਂ ਨੂੰ ਬਿਆਨ ਕਰਨ ਵਾਲੀ ਕਹਾਣੀ ਹੈ। ਮੌਸਮਾਂ ਦੀ ਵੰਨ-ਸੁਵੰਨਤਾ ਕਰਕੇ ਭਾਰਤ ਦੇਸ਼ ਦੀ ਵਿਸ਼ੇਸ਼ਤਾ ਮੰਨ੍ਹੀ ਜਾਂਦੀ ਰਹੀ ਹੈ, ਪਰ ਜੇਕਰ ਸਾਲ ਦੇ ਬਾਰਾਂ ਮਹੀਨੇ ਹੀ ਤਪਣੇ ਆਰੰਭ ਹੋ ਜਾਣ ਜਾਂ ਫਿਰ ਗਰਮੀ ਰੁੱਤੇ ਤਾਪਮਾਨ ਏਨ੍ਹਾ ਵਧ ਜਾਵੇ

ਕਿ ਚਮੜੀ ਪੰਘਰਨ ਲੱਗ ਜਾਵੇ ਤਾਂ ਫਿਰ ਧਰਤੀ ਉੱਪਰ ਜੀਵਾਂ ਦੇ ਜੀਵਨ ਦੀ ਸਹਿਹੋਂਦ 'ਤੇ ਇੱਕ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਜਾਵੇਗਾ। ਧਰਤੀ ਦੇ ਪਤਨ ਦਾ ਵੱਡਾ ਕਾਰਨ ਹਰ ਨਿੱਕੇ ਵੱਡੇ ਵਾਤਾਵਰਨ-ਵਿਰੋਧੀ ਕਾਰਿਆਂ ਕਰਕੇ ਪ੍ਰਿਥਵੀ ਦੇ ਤਾਪਮਾਨ ਵਿੱਚ ਖ਼ਤਰਨਾਕ ਪੱਧਰ ਦਾ ਵਾਧਾ ਹੋਣਾ ਹੈ। ਹਥਲੀ ਕਹਾਣੀ ਵਿੱਚ ਚਰਮ-ਸੀਮਾ ਉੱਤੇ ਪੁੱਜ ਚੁੱਕੇ ਤਾਪਮਾਨ ਦੇ ਪਿਛੋਕੜ ਕਾਰਨ, ਪ੍ਰਭਾਵ ਤੇ ਉਪਾਅ ਵੱਲ ਧਿਆਨ ਦਵਾਇਆ ਗਿਆ ਹੈ।

ਸਵੇਰੇ ਸਾਰ ਹੀ ਗਰਮੀ ਦਾ ਪ੍ਰਭਾਵ ਏਨਾ ਤੀਖਣ ਹੋ ਜਾਂਦਾ ਹੈ ਕਿ ਮੈਂ-ਪਾਤਰ ਦੀ ਪਤਨੀ ਦੀ ਘਰ ਦੇ ਕੰਮ ਕਰਦਿਆਂ ਹਾਲਤ ਖਸਤਾ ਹੋ ਜਾਂਦੀ ਹੈ। ਸਾਹ ਚੜ੍ਹਣ ਲੱਗ ਜਾਂਦਾ ਹੈ ਤੇ ਪਸੀਨੇ ਨਾਲ ਬੁਰਾ ਹਾਲ ਹੋ ਜਾਂਦਾ ਹੈ। ਉਸਦੀ ਵਿਗੜਦੀ ਹਾਲਤ ਦਾ ਬਿਆਨ ਇਹਨਾਂ ਸਤਰਾਂ ਨਾਲ ਪੇਸ਼ ਕੀਤਾ ਗਿਆ ਹੈ:

> ਸਿਖ਼ਰ ਦੀ ਗਰਮੀ- ਸਰਦੀ ਦੀ ਜ਼ਰਾ ਜਿੰਨੀ ਵੀ ਪਰਵਾਹ ਨਾ ਮੰਨਣ ਵਾਲੀ ਪਤਨੀ ਅੱਜ ਇਸ ਤਰ੍ਹਾਂ ਦੀ ਮਰੀ ਆਵਾਜ਼ 'ਚ ਬੋਲਦੀ ਤੇ ਹੌਂਕਦੀ ਹੈ ਜਿਵੇਂ ਤਪਦੇ ਮਾਰੂਥਲਾਂ 'ਚ ਬਹੁਤ ਲੰਬੀ ਦੌੜ ਲਗਾ ਕੇ ਆਈ ਹੋਵੇ। ਪਸੀਨੇ ਨਾਲ਼ ਪੂਰੀ ਤਰ੍ਹਾਂ ਗੜੁੱਚ ਹੋਈ ਨੁੱਚੜ ਹੀ ਰਹੀ ਹੈ। ਮੇਰਾ ਵੀ ਤਾਂ ਇਹੋ ਹਾਲ ਹੈ। ਸਰੀਰ ਤਪ ਰਿਹਾ ਹੈ(79)

ਦੋਵੇਂ ਜੀਆਂ ਦਾ ਹਾਲ ਗਰਮੀ ਕਰਕੇ ਖ਼ਰਾਬ ਹੋ ਰਿਹਾ ਹੈ। ਬੱਚਿਆਂ ਦਾ ਵੀ ਸਕੂਲ 'ਚ ਗਰਮੀ ਕਰਕੇ ਦਮ ਘੁੱਟਦਾ ਹੋਵੇਗਾ, ਇਹ ਸੋਚ-ਸੋਚ ਕੇ ਦੋਵੇਂ ਪਰੇਸ਼ਾਨ ਹੋ ਜਾਂਦੇ ਹਨ। ਸੂਲਾਂ-ਚੋਭਦੀ ਗਰਮੀ ਦਾ ਸਹੀ ਕਿਆਸ ਲਗਾਉਣ ਲਈ ਮੈਂ-ਪਾਤਰ ਮੋਬਾਇਲ ਜ਼ਰੀਏ ਮੌਜੂਦਾ ਤਾਪਮਾਨ ਵੇਖਣ ਲੱਗਦਾ ਹੈ। ਕਮਰੇ ਵਿੱਚ ਪਿਆ ਮੋਬਾਇਲ ਵੀ ਉਸਨੂੰ ਚੁੱਕਣ ਲੱਗਿਆ ਵਧੇਰੇ ਗਰਮ ਜਾਪਦਾ ਹੈ। ਉਸ ਨੂੰ ਜਾਣ ਕੇ ਬੜੀ ਹੈਰਾਨੀ-ਪ੍ਰੇਸ਼ਾਨੀ ਹੁੰਦੀ ਹੈ ਕਿ ਤੜਕੇ ਹੀ ਤਾਪਮਾਨ 60 ਡਿਗਰੀ ਸੈਲਸੀਅਸ ਪੁੱਜ ਚੁੱਕਾ ਹੈ:

> ਮੈਂ ਮੋਬਾਇਲ ਤੇ ਅੱਜ ਦਾ ਤਾਪਮਾਨ ਚੈੱਕ ਕਰਨ ਲੱਗਦਾ ਹਾਂ, ਮੋਬਾਇਲ ਵੀ ਕੁਝ ਜਿਆਦਾ ਹੀ ਗਰਮ ਲੱਗਾ ਜਿਵੇਂ ਗਰਮ ਤਵੇ 'ਤੇ ਸੇਕਿਆ ਹੁੰਦਾ ਹੈ। ਅੱਜ ਦਾ ਮੌਸਮ ਦੇਖਦਾ ਹਾਂ; ਮੇਰੀ ਨਿਗਾਹ ਸਕ੍ਰੀਨ ਤੇ ਜੰਮ ਗਈ ਹੈ। ਹਿਰਦੇ 'ਚੋਂ ਚੀਖ਼ ਉਬਲਣ ਵਾਲੀ ਹੋ ਗਈ। ਤਾਪਮਾਨ ਤਾਂ ਸਵੇਰੇ ਹੀ 60 ਸੈਲਸੀਅਸ ਡਿਗਰੀ ਟੱਪਣ ਨੂੰ ਫਿਰਦਾ ਏ। ਸਦਾ ਸਭ ਦੀ ਤਰੱਕੀ ਦੀ ਕਾਮਨਾ ਕਰਨ ਵਾਲ ਦਿਲ

ਅੱਜ ਦੁਆ ਕਰਦਾ ਹੈ ਕਿ ਤਾਪਮਾਨ ਦੀ ਬਿਲਕੁੱਲ ਤਰੱਕੀ ਨਾ ਹੋਵੇ ਸਗੋਂ ਇਹ ਇਕਦਮ ਬਹੁਤ ਹੇਠਾਂ ਆ ਜਾਵੇ(29)

ਵਧ ਚੁੱਕੇ ਤਾਪਮਾਨ ਦੀ ਤਪਸ਼ ਨਾਲ ਮੈਂ-ਪਾਤਰ ਦਾ ਸਰੀਰ ਬਿਮਾਰ ਹੋ ਰਿਹਾ ਹੈ ਅਤੇ ਇਸਦੇ ਨਾਲ ਹੀ ਅਸਿਹ ਤਪਸ਼ ਕਰਕੇ ਸਭ ਕੁਝ ਨਸ਼ਟ ਹੋ ਜਾਣ ਦੇ ਅੰਦੇਸ਼ੇ ਨਾਲ ਉਸਦੀ ਸਤਿਆ ਸੂਤੀ ਜਾ ਰਹੀ ਹੈ। ਇਸ ਖ਼ਦਸ਼ੇ ਦੀ ਪੇਸ਼ਕਾਰੀ ਇਸ ਪ੍ਰਕਾਰ ਕੀਤੀ ਗਈ ਹੈ:

ਧਰਤੀ ਦਾ ਪਤਨ ਨੇੜੇ ਮਹਿਸੂਸ ਕਰਕੇ ਮੇਰਾ ਗਲਾ ਖੁਸ਼ਕ ਹੋ ਕੇ ਸੁੱਕਣ ਲੱਗਾ ਹੈ। ਇਸ ਤੋਂ ਪਹਿਲਾਂ ਕਿ ਮੈਂ ਕੁਝ ਬੋਲਦਾ, ਸਕੂਲ ਦੀ ਬੱਸ ਆ ਖੜ੍ਹੀ ਤੇ ਬੱਚਿਆਂ ਨੂੰ ਜਲਦੀ ਨਾਲ ਸੁੱਟ ਕੇ ਇੰਝ ਭੱਜ ਗਈ ਜਿਵੇਂ ਇੱਥੇ ਹੁਣੇ ਹੀ ਅੱਗ ਲੱਗਣ ਵਾਲੀ ਹੋਵੇ ਜਾਂ ਕੋਈ ਪਰਮਾਣੂ ਬੰਬ ਫੱਟਣ ਵਾਲਾ ਹੋਵੇ(80)

ਉਨ੍ਹੀਂਵੀਂ ਸਦੀ ਦੇ ਅਖ਼ੀਰਲੇ ਅੱਧ ਤੋਂ ਆਰੰਭ ਹੋ ਕੇ ਵਰਤਮਾਨ ਤੱਕ ਸਭ ਨੂੰ ਖ਼ਬਰ ਹੈ ਕਿ ਵਾਤਾਵਰਨ ਕਿਵੇਂ ਅਤੇ ਕਿਉਂ ਖ਼ਰਾਬ ਹੋ ਰਿਹਾ ਹੈ...ਇਸਦੇ ਕੀ-ਕੀ ਨਤੀਜੇ ਹੋ ਸਕਦੇ ਹਨ ਅਤੇ ਇਸ ਤੋਂ ਕਿਵੇਂ ਸੁਰੱਖਿਤ ਰਿਹਾ ਜਾ ਸਕਦਾ ਹੈ। ਗੱਲ ਭਾਵੇਂ ਆਮ ਵਰਗ ਦੀ ਹੋਵੇ, ਅਫ਼ਸਰ ਵਰਗ ਦੀ, ਭਾਵੇਂ ਟੀ.ਵੀ. ਚੈਨਲ ਅਤੇ ਕਾਰੋਬਾਰੀ ਜਗਤ ਦੀ ਹੋਵੇ; ਵਾਤਾਵਰਨ ਸੰਕਟ ਬਾਬਤ ਹਰ ਕਿਸੇ ਕੋਲ ਵਿਚਾਰ-ਵਟਾਂਦਰੇ ਕਰਨ ਲਈ ਵਿੱਤੋਂ ਵੱਧ ਗਿਆਨ ਹੈ ਪਰੰਤੂ ਜਦੋਂ ਬਿਆਨਾਂ ਤੋਂ ਅੱਗੇ ਤੁਰ ਕੇ ਵਿਹਾਰਕ ਅਮਲਾਂ ਦੀ ਗੱਲ ਆਉਂਦੀ ਹੈ ਤਾਂ ਭੀੜ ਖਿੰਡ-ਪੁੰਡ ਜਾਂਦੀ ਹੈ। ਵਾਤਾਵਰਨ ਦੇ ਭਖ਼ਦੇ ਮੁੱਦੇ ਉੱਤੇ ਵੀ ਕੁਝ ਵਰਗ ਰੋਟੀਆਂ ਸੇਕਣੋਂ ਗੁਰੇਜ਼ ਨਹੀਂ ਕਰਦੇ, ਉਹਨਾਂ ਨੂੰ ਲੱਗਦਾ ਹੈ ਕਿ ਧਰਤੀ ਦੇ ਸੜਣ-ਬਲਣ ਜਾਂ ਬੰਬ ਵਾਂਗ ਫੱਟਣ ਤੋਂ ਪਹਿਲਾਂ ਹੀ ਉਹ ਹਵਾਈ ਜਹਾਜ਼ ਵਿੱਚ ਚੜ੍ਹ ਕੇ ਖ਼ਤਰੇ ਤੋਂ ਦੂਰ ਚਲੇ ਜਾਣਗੇ, ਪਰ ਉਹ ਭੁੱਲ ਜਾਂਦੇ ਹਨ ਕਿ ਪਲੀਤੇ ਵਾਂਗ ਬਲ ਰਹੀ ਧਰਤ ਨੇ ਦੇਸ਼ਾਂ ਦੇ ਭੂਗੋਲਿਕ ਨਕਸ਼ੇ ਮੁਤਾਬਿਕ ਨਹੀਂ ਸਗੋਂ ਸਮੁੱਚੇ ਰੂਪ ਵਿੱਚ ਹੀ ਫੱਟ ਜਾਣਾ ਹੈ। ਆਰੋਪ ਪ੍ਰਤੀ ਆਰੋਪ ਲਗਾਉਣ ਦਾ ਸਿਲਸਿਲਾ ਸਦਾ ਚਲਦਾ ਹੀ ਰਹਿੰਦਾ ਹੈ। ਇਸੇ ਸੰਦਰਭ ਵਿੱਚ ਕਹਾਣੀਕਾਰ ਨੇ ਇਸ ਪ੍ਰਕਾਰ ਬਿਆਨ ਕੀਤਾ ਹੈ :

ਸਾਰੀਆਂ ਹੀ ਰਾਜਨੀਤਿਕ ਪਾਰਟੀਆਂ ਦੇ ਲੀਡਰ ਜਿਨ੍ਹਾਂ ਨੂੰ ਵੋਟਾਂ, ਕੁਰਸੀਆਂ ਅਤੇ ਵਿਰੋਧੀ ਧਿਰ ਨੂੰ ਮਾਤ ਦੇਣ ਤੋਂ ਬਿਨਾਂ ਕੁਝ ਵੀ ਨਜ਼ਰ ਨਹੀਂ ਆਉਂਦਾ, ਉਹ ਸਿਰਫ਼ ਚਿੰਤਾ ਹੀ ਜ਼ਾਹਿਰ ਕਰ ਰਹੇ ਹਨ। ਬਹੁਤ ਸਾਰੇ ਫਿਲਮੀ ਐਕਟਰਾਂ, ਗਾਇਕਾਂ ਤੇ ਹੋਰ ਵੱਡੇ ਕਲਾਕਾਰਾਂ ਨੇ ਆਪਣੇ-ਆਪਣੇ ਪੇਜਾਂ ਉੱਤੇ ਅੰਤਾਂ ਦੀ ਗਰਮੀ ਲਈ ਦੇਸ਼ ਵਾਸੀਆਂ ਨੂੰ ਦੋਸ਼ੀ ਗਰਦਾਨਿਆ ਹੈ। ਬਹੁਤ ਸਾਰੀਆਂ ਕੰਪਨੀਆਂ ਨੇ ਇਸ ਤੋਂ ਬਚਣ ਲਈ ਸੈਕੜੇਂ ਉਪਕਰਨ ਵੀ ਕੱਢ ਮਾਰੇ ਹਨ(30)

ਗਰਮੀ ਦੀ ਕਲਪੀ ਮੈਂ-ਪਾਤਰ ਦੀ ਪਤਨੀ ਰਸੋਈ ਦੇ ਸਾਰੇ ਵਿਅੰਜਨਾਂ ਦੇ ਖ਼ਰਾਬ ਹੋ ਜਾਣ ਕਰਕੇ ਦੁੱਖੀ ਹੁੰਦੀ ਹੈ। ਮੈਂ-ਪਾਤਰ ਨੂੰ ਅਭਾਸ ਹੈ ਕਿ ਆਉਣ ਵਾਲੇ ਵਕਤ ਵਿੱਚ ਸਭ ਕੁਝ ਖ਼ਤਮ ਹੀ ਹੋ ਜਾਣ ਵਾਲਾ ਹੈ:

ਪਤਨੀ ਦੁੱਧ, ਦਹੀਂ ਅਤੇ ਹੋਰ ਖਾਧ ਪਦਾਰਥਾਂ 'ਚ ਆ ਰਹੀ ਖ਼ਰਾਬੀ ਬਾਰੇ ਗੱਲ ਕਰ ਰਹੀ ਹੈ। ਕਹਿਣਾ ਚਾਹੁੰਦਾ ਹਾਂ ਕਿ ਦੁੱਧ ਦਹੀਂ ਤਾਂ ਕੀ, ਹੁਣ ਤਾਂ ਕਿਸੇ ਵੇਲੇ ਆਪਾਂ ਵੀ ਬਾਰੂਦ ਭਰੇ ਮਨੁੱਖੀ ਬੰਬ ਵਾਂਗ ਫੱਟ ਸਕਦੇ ਹਾਂ। ਸੋਚਦਾ ਹਾਂ, ਪੁਰਾਤਨ ਚੱਜ ਆਚਾਰ ਛੱਡ ਕੇ ਹੀ ਇਹ ਬਿਖੜੇ ਹਾਲਾਤ ਝੋਲੀ ਪਏ ਨੇ। ਨਵੀਨਤਮ ਉਪਕਰਨਾਂ ਨੇ ਕੁਦਰਤ ਤੇ ਮਨੁੱਖ ਨੂੰ ਮਲੀਆਮੇਟ ਹੀ ਕਰ ਦਿੱਤਾ ਹੈ(85)

ਕਹਾਣੀ ਵਿੱਚ ਦੱਸਿਆ ਗਿਆ ਹੈ ਕਿ ਪ੍ਰਿਥਵੀ ਦਾ ਤਾਪਮਾਨ ਅਚਾਨਕ ਇੱਕ ਦਿਨ ਵਿੱਚ ਹੀ ਸੱਠ ਡਿਗਰੀ ਸੈਲਸੀਅਸ ਨਹੀਂ ਪਹੁੰਚ ਗਿਆ, ਕਿਧਰੇ ਪਲਾਂ-ਛਿਣਾਂ ਵਿੱਚ ਹੀ ਹਵਾ ਸਾਹ-ਘੋਟੂ ਨਹੀਂ ਬਣ ਗਈ ਅਤੇ ਕਿਤੇ ਇੱਕ ਦਿਨ ਅੰਦਰ ਹੀ ਪਾਣੀ ਵਿੱਚ ਜ਼ਹਿਰ ਤਾਂ ਨਹੀਂ ਘੁਲ ਗਈ। ਇਹ ਤਾਂ ਲੰਮੇ ਸਮੇਂ ਦੀ ਧੀਮੀ ਪ੍ਰਕ੍ਰਿਆ ਕਰਕੇ ਵਾਪਰਨ ਲੱਗਿਆ ਹੈ। ਜੇਕਰ ਸਮੇਂ ਨੂੰ ਸੰਭਾਲਦੇ ਹੋਏ ਸਾਰੇ ਜਣੇ ਆਪਣਾ-ਆਪਣਾ ਫ਼ਰਜ਼ ਨਿਭਾਉਣ ਲਈ ਇਮਾਨਦਾਰੀ ਨਾਲ ਨਿਰੰਤਰ ਜੁਟੇ ਰਹਿੰਦੇ ਤਾਂ ਕਾਫ਼ੀ ਕੁਝ ਬਚ ਵੀ ਸਕਦਾ ਸੀ। ਪਰ ਲੋਕਾਈ ਦੀ ਅਵੇਸਲੇ ਰਹਿਣ ਦੀ ਆਦਤ ਨੇ ਹੁਣ ਸਭ ਕੁਝ ਧੁਆਂਖਣ ਦੀ ਜਿਵੇਂ ਸਹੁੰ ਹੀ ਚੁੱਕ ਲਈ ਹੈ:

ਇਹਨਾਂ ਹਾਲਾਤਾਂ ਦੇ ਆਸਾਰ ਤਾਂ ਕਈ ਦਿਨਾਂ ਤੋਂ ਲੱਗ ਰਹੇ ਸਨ। ਪਰ ਇੱਥੇ ਇਹ ਸਭ ਕੁਝ ਸਮਝਣ-ਬੁੱਝਣ ਦੀ ਕਿਸੇ ਨੂੰ ਪ੍ਰਵਾਹ ਅਤੇ ਵਿਹਲ ਹੀ ਕਿੱਥੇ ਹੈ। ਮੌਸਮ ਵਿਭਾਗ ਨੇ ਵੀ ਚਿਤਾਵਨੀ ਦਿੱਤੀ ਹੋਈ ਸੀ, ਜੋ ਲੋਕਾਂ ਨੇ ਮਜਾਕ 'ਚ ਹੀ ਉੱਡਾ ਦਿੱਤੀ। ਅਸਲ ਵਿੱਚ ਆਪਣੇ ਨਾਲ ਜੁੜੇ ਮਸਲਿਆਂ ਨੂੰ ਅਸੀਂ

ਕਦੇ ਵੀ ਗੰਭੀਰਤਾ ਨਾਲ ਨਹੀਂ ਲੈਂਦੇ ਕਿਉਂਕਿ 'ਆਪਾਂ ਕੀ ਲੈਣਾ' ਸਾਡੇ ਲਹੂ ਵਿੱਚ ਰਚਿਆ ਹੋਇਆ ਹੈ। ਕਿਤੇ ਇੱਕ ਦਿਨ 'ਚ ਤਾਂ ਨਹੀਂ ਅਸੀਂ ਇਸ ਹਾਲਾਤ ਨੂੰ ਪਹੁੰਚ ਗਏ(85)

ਮੈਂ-ਪਾਤਰ ਯਾਦ ਕਰਦੇ ਹੋਏ ਪਛਤਾਵਾ ਪ੍ਰਗਟ ਕਰਦਾ ਹੈ ਕਿ ਜੇਕਰ ਪਾਣੀ ਸਿਰ ਤੋਂ ਦੀ ਲੰਘਣ ਤੋਂ ਪਹਿਲਾਂ ਵਾਤਾਵਰਨ ਉੱਦਮੀਆਂ ਤੋਂ ਸੇਧ ਲੈ ਕੇ ਉਹਨਾਂ ਦੇ ਪਾਏ ਪੂਰਨਿਆਂ ਉੱਤੇ ਚੱਲੇ ਹੁੰਦੇ ਤਾਂ ਧਰਤੀ ਦਾ ਨਾਸ ਹੋਣੋ ਸ਼ਾਇਦ ਬਚ ਸਕਦਾ ਸੀ। ਕੁਝ ਇੱਕ ਚੋਣਵੇਂ ਵਾਤਾਵਰਨ ਪ੍ਰੇਮੀਆਂ ਦੁਆਰਾ ਕੀਤੀ ਗਈ ਲਗਾਤਾਰ ਘਾਲਣਾ ਦਾ ਹਵਾਲਾ ਦਿੰਦੇ ਹੋਏ ਉਹ ਦੱਸਦਾ ਹੈ ਕਿ:

> ਅਜਿਹੇ ਸਮੇਂ ਵਿੱਚ ਭਗਤ ਪੂਰਨ ਸਿੰਘ, ਸੰਤ ਬਲਵੀਰ ਸਿੰਘ ਸੀਚੇਵਾਲ, ਸੇਵਾ ਸਿੰਘ ਖਡੂਰ ਸਾਹਿਬ, ਲੱਖਾ ਸਿੰਘ ਜੀ ਕਲੇਰਾਂ, ਬੀਬੀ ਇੰਦਰਜੀਤ ਕੌਰ ਪਿੰਗਲਵਾੜੇ ਵਾਲੇ, ਮਹੰਤ ਹਰਪਾਲ ਦਾਸ ਅਮਾਮਗੜ੍ਹ ਵਾਲਿਆਂ ਦੀਆਂ ਕੁਦਰਤ ਪ੍ਰਤੀ ਕੀਤੀਆਂ ਗਈਆਂ ਸੇਵਾਵਾਂ ਨੂੰ ਯਾਦ ਕਰਕੇ ਝੂਰਿਆ ਵੀ ਜਾ ਰਿਹਾ ਹਾਂ ਕਿ ਸਮਾਂ ਰਹਿੰਦੇ ਇਹਨਾਂ ਮਹਾਂਪੁਰਸ਼ਾਂ ਦੇ ਸੰਦੇਸ਼ ਕਿਉਂ ਨਹੀਂ ਅਪਣਾਏ ਗਏ। ਪਰ ਹੁਣ ਕੀ ਹੋ ਸਕਦਾ ਹੈ, ਜਦੋਂ ਬਲਦੀ ਦੇ ਬੁੱਥੇ ਆ ਹੀ ਗਏ ਹਾਂ(86)

ਸੋਚਾਂ ਦੀ ਤੰਦ ਇੱਕ ਜ਼ਬਰਦਸਤ ਧਮਾਕੇ ਨਾਲ ਟੁੱਟ ਜਾਂਦੀ ਹੈ। ਅੰਤਾਂ ਦੀ ਗਰਮੀ ਕਰਕੇ ਬਿਜਲੀ ਦਾ ਟਰਾਂਸਫਾਰਮਰ ਸੜ ਜਾਂਦਾ ਹੈ। ਅੱਗ ਦੀਆਂ ਲਪਟਾਂ ਵਿੱਚੋਂ ਉੱਠਿਆ ਬਦਬੂਦਾਰ ਧੂੰਆਂ ਸਾਰੇ ਚੁਗਿਰਦੇ ਨੂੰ ਆਪਣੀ ਲਪੇਟ ਵਿੱਚ ਲੈ ਲੈਂਦਾ ਹੈ। ਕਿਸੇ ਅਣਹੋਣੀ ਘਟਨਾ ਦੇ ਪੂਰਵ ਆਗਮਨ ਦਾ ਸੰਕੇਤ ਇਸ ਪ੍ਰਕਾਰ ਬਿਆਨ ਕੀਤਾ ਗਿਆ ਹੈ:

> ਸਾਹਮਣੇ ਬਿਜਲੀ ਦਾ ਟਰਾਂਸਫਾਰਮਰ ਧੂ-ਧੂ ਕਰਕੇ ਜਲ ਰਿਹਾ ਹੈ। ਤਾਰਾਂ ਮੱਚ ਰਹੀਆਂ ਨੇ, ਅਚਾਨਕ ਲਾਈਟ ਬੰਦ ਹੋ ਜਾਣ ਕਰਕੇ ਜਾਨ ਹੀ ਨਿਕਲਣ ਵਾਲੀ ਹੋ ਗਈ ਹੈ। ਬਹੁਤ ਵਾਰ ਪਾਣੀ ਪੀ ਕੇ ਵੀ ਧਰਵਾਸ ਨਹੀਂ ਮਿਲ ਰਿਹਾ। ਇਸ ਤਰ੍ਹਾਂ ਲੱਗਦਾ ਹੈ ਜਿਵੇਂ ਪਾਣੀ ਪੇਟ ਵਿੱਚ ਜਾਣ ਤੋਂ ਪਹਿਲਾਂ ਜੀਭ ਤੋਂ ਹੀ ਕਿੱਧਰੇ ਉੱਡ ਰਿਹਾ ਹੋਵੇ(87)

ਦੀਦਾਰਗੜ੍ਹ ਨੇ ਕਹਾਣੀ ਵਿਚਲੇ ਪਾਤਰਾਂ ਕੋਲੋਂ ਵਿਸ਼ੇਸ਼ ਸੰਕਟਮਈ ਹਾਲਤਾਂ ਨਾਲ ਜੂਝਣ ਲਈ ਅਤੇ ਘਬਰਾਹਟ ਤੋਂ ਬਚਣ ਲਈ ਕੁਝ ਮਨੋਵਿਗਿਆਨਕ ਉਪਰਾਲੇ ਕਰਵਾਏ ਹਨ। ਸਿਖ਼ਰਾਂ ਦੇ ਤਾਪਮਾਨ ਕਰਕੇ ਬੱਚਿਆਂ ਦਾ ਤ੍ਰਾਹ ਨਿਕਲਿਆ ਪਿਆ ਹੈ। ਇਸ ਤੋਂ ਬਚਣ ਲਈ ਬੱਚਿਆਂ ਦੀ ਮਾਂ ਖੇਸ ਨੂੰ ਪਾਣੀ ਵਿੱਚ ਭਿਉਂ ਕੇ ਬੱਚਿਆਂ ਨੂੰ ਠੰਡਕ ਦਾ ਅਹਿਸਾਸ ਕਰਵਾ ਰਹੀ ਹੈ। ਗਿੱਲੇ ਖੇਸ ਲਪੇਟ ਕੇ ਰੇੜ੍ਹੀ ਵਾਲਿਆਂ ਦੀ ਗਿੱਲੇ ਲਾਲ ਕੱਪੜੇ ਅੰਦਰ ਘੜੇ ਵਾਲੀ ਕੁਲਫ਼ੀ ਦੀ ਯਾਦ ਆਉਂਦੀ ਹੈ। ਅੰਤਾਂ ਦੀ ਖ਼ੌਫਨਾਕ ਸਥਿਤੀ ਵਿੱਚ ਨਿਆਣਿਆਂ ਦਾ ਦਿਲਚਸਪ ਤਰੀਕੇ ਨਾਲ ਧਿਆਨ ਰੱਖਦੀ ਹੋਈ ਮਾਂ ਖ਼ੁਦ ਫ਼ਿਕਰਾਂ ਵਿੱਚ ਡੁੱਬੀ ਜਾ ਰਹੀ ਹੈ।

> ਲਓ ਮੇਰੇ ਨੋਣਿਓ.. ਅੱਜ ਤੁਹਾਡੀ ਕੁਲਫੀ ਜਮਾ ਦੇਵਾ ਠੰਢੀ-ਠੰਢੀ; ਇਹ ਰਹੀ ਤੁਹਾਡੀ ਫਰਿਜ ਤੇ ਤੁਸੀਂ ਹੋਏ ਨੋਣੀ-ਨੋਣੀ ਤੇ ਠੰਢੀ-ਠੰਢੀ ਕੁਲਫੀ। ਠੰਢੇ ਖੇਸਾਂ ਦੀ ਫਰਿਜ ਵਿੱਚ ਬੈਠੇ ਬੱਚੇ ਰਾਹਤ ਮਹਿਸੂਸ ਕਰ ਰਹੇ ਨੇ। ਇਹ ਤਕਨੀਕ ਵੀ ਬਹੁਤੀ ਕਾਰਗਾਰ ਤੇ ਟਿਕਾਊ ਨਹੀਂ ਹੈ ਕਿਉਂਕਿ ਅੱਗ ਵਾਂਗ ਭੱਖਦੇ ਕਮਰੇ ਵਿੱਚ ਪਾਣੀ ਵਿੱਚ ਗਿੱਲੇ ਕੀਤੇ ਖੇਸ ਵੀ ਜਲਦੀ ਹੀ ਗਰਮ ਹੋ ਜਾਣਗੇ(88)

ਨੇੜੇ ਢੁੱਕਦੀ ਆ ਰਹੀ ਕਿਆਮਤ ਬਾਰੇ ਸੋਚ ਕੇ ਮੈਂ-ਪਾਤਰ ਨੂੰ ਆਪਣੇ ਪਰਿਵਾਰ ਦਾ ਅੰਤ ਹੋਰ ਵੀ ਡਰਾਉਣਾ ਲੱਗਣ ਲੱਗਾ ਹੈ। ਪਾਣੀ ਦੀ ਟੈਂਕੀ, ਪੱਖੇ, ਮੋਬਾਇਲ ਫੋਨ, ਚਾਰਜਰ, ਟਿਊਬ ਲਾਈਟਾਂ ਤੇ ਇੱਥੋਂ ਤੱਕ ਕਿ ਖਾਧ-ਪਦਾਰਥ ਸਭ ਕੁਝ ਪਿਘਲਣ ਤੇ ਉਬਲਣ ਦੇ ਕਗਾਰ ‘ਤੇ ਪੁੱਜ ਗਏ ਲੱਗਦੇ ਹਨ। ਏਨ੍ਹੇ ਨੂੰ ਗੁਆਂਢ ‘ਚੋਂ ਬਹੁਤ ਜ਼ੋਰ ਦੀ ਕੁਝ ਫਟਣ ਦੀ ਅਵਾਜ਼ ਆਉਂਦੀ ਹੈ:

> ਠਾਹ... ਅਚਾਨਕ ਬਹੁਤ ਵੱਡਾ ਪਟਾਕਾ ਪੈਂਦਾ ਹੈ। ਦੂਰ ਕਿਸੇ ਕੋਠੀ ‘ਚ ਕੋਈ ਸਿਲੰਡਰ ਫੱਟ ਕੇ ਛੱਤ ਪਾੜਦਾ ਹੋਇਆ, ਪਾਣੀ ਵਾਲੀ ਟੈਂਕੀ ਭੰਨ ਗਿਆ ਤੇ ਪਾਣੀ ਡੁੱਲ੍ਹਣ ਲੱਗਾ। ਮੈਨੂੰ ਉਸ ਪਰਿਵਾਰ ਦੀ ਫਿਕਰ ਹੋਈ ਅਤੇ ਉਹਨਾਂ ਦੇ ਜੁਆਕਾਂ ‘ਤੇ ਤਰਸ ਆਇਆ। ਸਾਡਾ ਕਮਰਾ ਐਵੇਂ ਗਰਮ ਹੋ ਗਿਆ ਜਿਵੇਂ ਮਾਈਕਰੋਵੇਵ ਸਿਰੇ ‘ਤੇ ਕਰ ਦਿੱਤਾ ਹੋਵੇ। ਪਿਛਲੇ ਕਮਰੇ ਵਿੱਚੋਂ ਸਿਲੰਡਰ ‘ਚੋਂ ਗੈਸ ਲੀਕ ਹੋਣੀ ਸ਼ੁਰੂ ਹੋ ਗਈ ਹੈ। ਕਾਲ ਸਿਰ ‘ਤੇ ਹੀ ਪਹੁੰਚਿਆ ਲੱਗਾ(88)

ਇਸ ਘਟਨਾ ਤੋਂ ਬਾਅਦ ਮੈਂ-ਪਾਤਰ ਬੁਰੀ ਤਰ੍ਹਾਂ ਨਾਲ ਡਰ ਜਾਂਦਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਇੱਕ ਸਿਲੰਡਰ ਫੱਟਣ ਨਾਲ ਇਹ ਕਿਰਿਆ ਅੱਗੇ ਦੀ ਅੱਗੇ ਹੀ ਵਧੀ ਜਾਣੀ ਹੈ। ਗੈਸ ਸਿਲੰਡਰਾਂ ਦੀ ਤ੍ਰਾਸਦਿਕ ਹੋਣੀ ਬਾਰੇ ਸੋਚ ਕੇ ਉਹ ਅੰਦਰ ਤੱਕ ਹਿੱਲ ਜਾਂਦਾ ਹੈ:

> ਠਾਹ...! ਠਾਹ...!! ਪਿੰਡ ਵੱਲੋਂ ਸਿਲੰਡਰ ਫਟਣ ਦੀਆਂ ਆਵਾਜਾਂ ਆਉਣ ਲੱਗੀਆਂ ਨੇ, ਪੈਟਰੋਲ ਪੰਪ ਕੋਲ ਵੀ ਬਹੁਤ ਵੱਡਾ ਧਮਾਕਾ ਹੋ ਕੇ ਅੱਗ ਅਸਮਾਨ ਨੂੰ ਚੜ੍ਹ ਚੁੱਕੀ ਹੈ। ਗਰਿੱਡ ਵਾਲੇ ਪਾਸਿਓਂ ਵੀ ਜ਼ਬਰਦਸਤ ਵਿਸਫੋਟ ਹੋਇਆ ਲੱਗਿਆ(89)

ਏਨ੍ਹੇ ਨੂੰ ਓਹੀ ਹੋਇਆ ਜਿਸ ਦਾ ਉਸ ਨੂੰ ਡਰ ਸੀ। ਹੌਲੀ-ਹੌਲੀ ਪਿੰਡ ਵੱਲੋਂ ਇੱਕ ਤੋਂ ਬਾਅਦ ਇੱਕ ਸਿਲੰਡਰਾਂ ਦੇ ਫੱਟਣ ਦੀਆਂ ਆਵਾਜ਼ਾਂ ਆਉਣ ਲੱਗੀਆਂ ਹਨ। ਹੋਰ ਤਾਂ ਹੋਰ ਪੈਟਰੋਲ ਪੰਪਾਂ ਅੰਦਰ ਵੀ ਤੇਲ ਸੜਨ ਲੱਗਾ ਹੈ। ਸਾਰੇ ਪਾਸੇ ਧੂੰਏਂ ਦੇ ਗੁਬਾਰ ਉੱਡਦੇ ਹੋਏ ਵਾਯੂਮੰਡਲ ਵਿੱਚ ਫੈਲ ਰਹੇ ਹਨ:

> ਅੱਖਾਂ ਤੇ ਕੰਨ ਬੰਦ ਕਰਕੇ ਧਰਤੀ ਦੇ ਬਹਿ ਜਾਓ...ਆਖ਼ਰੀ ਵਕਤ ਆ ਗਿਆ ਹੈ। ਆਪਣਾ ਹੀ ਨਹੀਂ ਸਾਰੇ ਸੰਸਾਰ ਦਾ ਆਖ਼ਰੀ ਵਕਤ ਆ ਗਿਆ ਹੈ। ਠਾਹ...ਠਾਹ...ਧੜਾਅਮ...ਧੜਾਅਮ... ਲੱਗਦਾ ਘਰ ਵਾਲੇ ਸਿਲੰਡਰ ਫੱਟ ਗਏ ਨੇ ਤੇ ਸਾਰਾ ਘਰ ਇੱਕ ਦਮ ਅੱਗ ਦੀ ਲਪੇਟ ਵਿੱਚ ਆ ਗਿਆ ਹੈ। ਆਖ਼ਰੀ ਚੀਕਾਂ ਮਾਰਦੇ ਹਾਂ...ਧਰਤੀ ਧੂ-ਧੂ ਕਰਕੇ ਜਲ ਰਹੀ ਹੈ(90)

ਕਹਾਣੀ ਦੇ ਸਿਖ਼ਰ ‘ਤੇ ਅੱਪੜ ਕੇ ਵੀਭਤਸ ਰਸ ਦਾ ਬੋਲਬਾਲਾ ਹੋ ਜਾਂਦਾ ਹੈ। ਜਦੋਂ ਅੰਤਾਂ ਦੀ ਗਰਮੀ ਕਰਕੇ ਸਭ ਕੁਝ ਪੰਘਰਨ ਤੇ ਫ਼ਟਣ ਵਾਲਾ ਹੋ ਗਿਆ ਤਾਂ ਮੈਂ-ਪਾਤਰ ਨੂੰ ਪਤਾ ਲੱਗ ਜਾਂਦਾ ਹੈ ਕਿ ਉਹਨਾਂ ਸਾਰਿਆਂ ਦਾ ਆਖ਼ਰੀ ਵਕਤ ਜਾ ਪੁੱਜਾ ਹੈ ਤੇ ਹੁਣ ਜਿਉਣ ਦੀ ਕੋਈ ਵੀ ਕੋਸ਼ਿਸ਼ ਨਾਕਾਮ ਹੀ ਹੋ ਰਹੀ ਹੈ। ਕਹਾਣੀ ਦੇ ਦੁਖਾਂਤਕ ਅੰਤ ਦਾ ਦ੍ਰਿਸ਼ਟਾਂਤ ਸਿਰਜ ਕੇ ਦੀਦਾਰਗੜ੍ਹ ਅਵੇਸਲੇ ਹੋ ਚੁੱਕੇ ਪਾਠਕਾਂ ਨੂੰ ਵਾਤਾਵਰਨ ਪ੍ਰਤੀ ਚੰਗੀ ਤਰ੍ਹਾਂ ਹਲੂਣਨਾ ਚਾਹੁੰਦਾ ਹੈ। ਏਨੇ ਦੁਖਾਦਾਇਕ ਅੰਤ ਬਾਰੇ ਦ੍ਰਿਸ਼ ਸਿਰਜ ਕੇ ਉਹ ਡਰਾਉਣਾ ਨਹੀਂ ਚਾਹੁੰਦਾ ਸਗੋਂ ਅਜਿਹੀ ਵਿਨਾਸ਼ਕਾਰੀ ਸਥਿਤੀ ਤੋਂ ਹਮੇਸ਼ਾ ਸੁਰੱਖਿਤ ਰਹਿਣ ਲਈ ਸੁਹਿਰਦ ਤੇ ਨਿਰੰਤਰ ਘਾਲਣਾ ਕਰਨ ਲਈ ਪ੍ਰੇਰਨਾ ਪ੍ਰਸਾਰਿਤ ਕਰਦਾ ਹੈ।

ਕਹਾਣੀ ਸੰਗ੍ਰਿਹ ਵਿਚਲੀ ਕਹਾਣੀ 'ਅੰਧਰਾਤਾ' ਅਪ੍ਰਤੱਖ ਰੂਪ ਵਿੱਚ ਵਾਤਾਵਰਨ ਨਾਲ ਸੰਬੰਧਤ ਹੈ। ਨਿਰੋਲ ਚੁਗਿਰਦੇ ਨਾਲ ਮਤਰੇਆ ਭਾਵ ਰੱਖ ਕੇ ਮੋਬਾਇਲ ਫੋਨ, ਕੰਪਿਊਟਰ ਅਤੇ ਹੋਰ ਆਧੁਨਿਕ ਸੰਚਾਰ ਉਪਕਰਨਾਂ ਦੇ ਹੱਦੋਂ ਵੱਧ ਪ੍ਰਯੋਗ ਨਾਲ ਗੰਭੀਰ ਸਮੱਸਿਆਵਾਂ ਉਪਜਦੀਆਂ ਹਨ। ਇਹਨਾਂ ਸਮੱਸਿਆਵਾਂ ਵਿੱਚੋਂ ਕੁਝ ਪ੍ਰਮੁੱਖ ਬਿਮਾਰੀਆਂ ਅੱਖਾਂ, ਚਮੜੀ ਅਤੇ ਦਿਮਾਗ ਨਾਲ ਸੰਬੰਧਿਤ ਹਨ। ਹਥਲੀ ਕਹਾਣੀ ਦਾ ਮੁੱਖ ਪਾਤਰ ਆਧੁਨਿਕ ਯੁੱਗ ਦਾ ਕਵੀ ਹੈ, ਉਹ ਆਪਣੀ ਹਰ ਨਵੀਂ ਰਚਨਾ ਨੂੰ ਮੋਬਾਇਲ ਫੋਨ 'ਤੇ ਟਾਈਪ ਕਰ ਕੇ ਫੇਸਬੁੱਕ ਆਦਿ ਸੋਸ਼ਲ ਮੀਡੀਆ ਉੱਤੇ ਪੋਸਟ ਕਰਨ ਦਾ ਤੇ ਪਾਠਕਾਂ ਦੁਆਰਾ ਪ੍ਰਸ਼ੰਸਾਯੋਗ ਟਿੱਪਣੀਆਂ ਅਤੇ ਵਾਹਵਾਹੀ ਪ੍ਰਾਪਤ ਕਰਨ ਦਾ ਸ਼ੌਕੀਨ ਹੈ। ਉਹ ਆਪਣੀ ਹਰ ਨਵੀਂ ਪਾਈ ਗਈ ਪੋਸਟ ਬਾਬਤ ਪ੍ਰਾਪਤ ਪ੍ਰਤੀਕਰਮ ਵੇਖਣ ਦਾ ਆਦੀ ਹੋ ਚੁੱਕਾ ਹੈ। ਇਸ ਪ੍ਰਕਾਰ ਉਹ ਆਪਣੀਆਂ ਕੁਦਰਤੀ ਲੋੜਾਂ ਤੇ ਪਰਿਵਾਰ ਪ੍ਰਤੀ ਕਰਤੱਵਾਂ ਨੂੰ ਵਿਸਾਰ ਕੇ ਕੇਵਲ ਫੋਨ ਦੀ ਸਕਰੀਨ ਨਾਲ ਹੀ ਦਿਨ-ਰਾਤ ਰੁੱਝਿਆ ਰਹਿੰਦਾ ਹੈ। ਇਸ ਪ੍ਰਕਾਰ ਲੰਮੇ ਸਮੇਂ ਤੀਕਰ ਕਰਦੇ ਰਹਿਣ ਨਾਲ ਉਹ ਅੰਧਰਾਤੇ ਦਾ ਸ਼ਿਕਾਰ ਹੋ ਜਾਂਦਾ ਹੈ। ਜਦੋਂ ਅੱਖਾਂ ਦਾ ਰੋਗੀ ਹੋਣ 'ਤੇ ਉਹ ਡਾਕਟਰ ਕੋਲ ਪੁੱਜਦਾ ਹੈ ਤਾਂ ਨਿਰੀਖਣ ਕਰਣ ਉਪਰੰਤ ਡਾਕਟਰ ਦੇ ਬੋਲ ਉਸ ਦੇ ਦਿਮਾਗ ਦੀ ਬੱਤੀ ਨੂੰ ਇੰਝ ਬੰਦ ਕਰ ਦਿੰਦੇ ਹਨ:

> ਤੇਰੀਆਂ ਅੱਖਾਂ ਮੋਬਾਇਲ ਦੀ ਤੇਜ਼ ਰੌਸ਼ਨੀ ਕਾਰਨ ਅੰਦਰੋਂ ਬੁਰੀ ਤਰ੍ਹਾਂ ਪਾਟ ਕੇ ਨਿਗ੍ਹਾ ਬੰਦ ਹੋ ਗਈ ਤੇ ਦੁਨੀਆਂ 'ਚ ਇਸ ਦਾ ਕਿਤੇ ਵੀ ਕੋਈ ਹੱਲ ਨਹੀਂ ਹੈ। ਰਾਤਾਂ ਨੂੰ ਲਾਈਟ ਬੰਦ ਕਰਕੇ ਬਿਸਤਰ ਵਿੱਚ ਪਏ ਹੀ ਬੇਲੋੜਾ ਮੋਬਾਇਲ ਚਲਾਉਣ ਨਾਲ ਇਹ ਹਾਦਸਾ ਵਾਪਰਿਆ ਹੈ(120)

ਇਸ ਕਹਾਣੀ ਵਿੱਚ ਮੈਂ-ਪਾਤਰ ਦੇ ਸਰੀਰਕ ਅੰਧਰਾਤੇ ਦੀ ਮਿਸਾਲ ਦੁਆਰਾ ਆਧੁਨਿਕ ਵਰਗ ਦੇ ਮਾਨਸਿਕ ਅੰਧਰਾਤੇ ਦੀ ਪੇਸ਼ਕਾਰੀ ਵੀ ਕੀਤੀ ਗਈ ਹੈ ਕਿ ਨੌਜਵਾਨ ਵਰਗ ਪੂਰਾ ਗਿਆਨਵਾਨ ਹੈ ਕਿ ਰੁੱਖਾਂ ਨੂੰ ਬਰਬਾਦ ਕਰਕੇ ਤੇ ਪੌਣ-ਪਾਣੀ ਨੂੰ ਮਲੀਨ ਕਰਕੇ ਅਸੀਂ ਆਪਣੇ ਅੰਤ ਨੂੰ ਨੇੜੇ ਬੁਲਾ ਰਹੇ ਹਾਂ, ਪਰ ਫਿਰ ਵੀ ਮੋਬਾਇਲ ਫੋਨਾਂ, ਸਕਰੀਨ ਦੀਆਂ ਰੇਡਿਏਸ਼ਨਾਂ ਤੋਂ ਪਲ ਭਰ ਲਈ ਵੀ ਦੂਰ ਨਹੀਂ ਹੋ ਸਕਦੇ। ਇਸ ਪ੍ਰਕਾਰ ਇਹਨਾਂ ਉਪਕਰਨਾਂ ਦੀ ਗਿਰਫ਼ਤ ਵਿੱਚ ਅਜੋਕੀ ਪੀੜ੍ਹੀ ਨਸ਼ੇੜੀਆਂ ਵਾਂਗ ਗਲਤਾਣ ਹੋਈ ਜਾ ਰਹੀ ਹੈ। ਕੋਈ

ਮੁਨਾਫ਼ਾਖੋਰ ਜਦੋਂ ਹਰੇ-ਭਰੇ ਰੁੱਖਾਂ ਨੂੰ ਕਟਵਾਉਂਦਾ ਹੈ ਤਾਂ ਮੋਬਾਇਲ ਫੋਨਾਂ ਨਾਲ ਲੈਸ ਆਧੁਨਿਕ ਪੀੜ੍ਹੀ ਉਸ ਵਰਤਾਰੇ ਨੂੰ ਰੋਕਣ ਦੀ ਬਜਾਏ ਘਟਨਾਕ੍ਰਮ ਦੀ ਵੀਡਿਓ ਬਣਾ ਕੇ ਸੋਸ਼ਲ ਮੀਡੀਆ 'ਤੇ ਪੋਸਟ ਕਰਨਾ ਹੀ ਆਪਣੇ ਫ਼ਰਜ਼ ਦੀ ਪੂਰਤੀ ਸਮਝਦੀ ਹੈ। ਇਸ ਬੇਲੋੜੀ ਅਲਾਮਤ ਦਾ ਵੇਰਵਾ ਅੱਖਾਂ ਦੇ ਮਾਹਿਰ ਡਾਕਟਰ ਦੇ ਮੂੰਹੋਂ ਅਖਵਾ ਕੇ ਕਹਾਣੀਕਾਰ ਇਸ ਪ੍ਰਕਾਰ ਦਿੰਦਾ ਹੈ:

> ਦੁਨੀਆਂ ਵਿੱਚ ਇਸ ਤਰ੍ਹਾਂ ਮੋਬਾਇਲਾਂ, ਕੰਪਿਊਟਰਾਂ, ਲੈਪਟੌਪਾਂ ਨਾਲ ਖ਼ਤਮ ਹੋਈ ਨਿਗ੍ਹਾ ਦਾ ਕੋਈ ਹੱਲ ਨਹੀਂ। ਜੇ ਹੈ ਤਾਂ ਉਹ ਇੰਨਾਂ ਮਹਿੰਗਾ ਆ ਕਿ ਤੁਹਾਡੇ ਵਰਗੇ ਆਮ ਲੋਕਾਂ ਦੇ ਵੱਸ ਦੀ ਗੱਲ ਨਹੀਂ ਹੈ। ਸਾਰੀ ਦੁਨੀਆਂ ਜਲਦੀ ਹੀ ਅਜੀਬ ਅੰਧਰਾਤੇ ਦੀ ਅੰਨ੍ਹੀ ਗਲੀ ਵਿੱਚ ਗਰਕਣ ਵੱਲ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ। ਤੂੰ ਹੀ ਨਹੀਂ, ਦੁਨੀਆਂ ਭਰ ਵਿੱਚ ਹੁਣ ਅੰਨ੍ਹੇ ਹੀ ਅੰਨ੍ਹੇ ਵਿੱਚ ਵਜਦੇ ਫਿਰਨਗੇ(120)

ਮੋਬਾਇਲ ਫੋਨਾਂ ਅਤੇ ਮੋਬਾਇਲ ਟਾਵਰਾਂ ਵਿੱਚੋਂ ਨਿਕਲਦੇ ਖ਼ਤਰਨਾਕ ਵਿਕਰਨਾਂ ਬਾਰੇ ਸੁਚੇਤ ਕਰਦਾ ਹੋਏ ਕਹਾਣੀਕਾਰ ਨੇ ਦੇਰ ਰਾਤ ਤੱਕ ਬੇਵਜਾਹ ਮੋਬਾਇਲ ਚਲਾਉਣ ਵਾਲੇ ਲੋਕਾਂ ਬਾਰੇ ਇਸ ਪ੍ਰਕਾਰ ਦੱਸਿਆ ਹੈ:

> ਅਜੇ ਵੀ ਬਹੁਤ ਲੋਕ ਮੋਬਾਇਲਾਂ ਨੂੰ ਚਿੰਬੜੇ ਹੋਏ ਨੇ। ਬੈਟਰੀਆਂ ਲੋਅ ਹੋਣ ਕਾਰਨ, ਰੇਡੀਏਸ਼ਨ ਕਿਰਨਾਂ ਕੱਚੇ ਨੂੰ ਚਬਾਉਣਾ ਚਾਹੁੰਦੀਆਂ ਨੇ। ਮੋਬਾਇਲਾਂ ਨੂੰ ਚਿੰਬੜੇ ਮੁਲਖ਼ ਨੂੰ ਕੋਈ ਪਰਵਾਹ ਨਹੀਂ। ਇੱਕ-ਦੋ ਬੈਟਰੀਆਂ ਪਟਾਕਾ ਪਾਉਣ ਵਾਲੀਆਂ ਨੇ, ਖ਼ੁਦਾ ਖ਼ੈਰ ਕਰੇ(120)

ਜੇਬਾਂ ਤੋਂ ਫੱਕਰ ਮੈਂ-ਪਾਤਰ ਜਦੋਂ ਅੱਖਾਂ ਵੱਲੋਂ ਮੁਥਾਜ ਹੋ ਜਾਂਦਾ ਹੈ ਤਾਂ ਉਹ ਫਿਰ ਉਸਦੇ ਰਿਸ਼ਤੇਦਾਰ, ਅਸੰਖ ਪਾਠਕ ਅਤੇ ਹੱਥੀਂ ਲਿਖਿਆ ਸਾਹਿਤ ਵੀ ਉਸਦੀਆਂ ਅੱਖਾਂ ਦੀ ਰੌਸ਼ਨੀ ਮੋੜ ਕੇ ਨਹੀਂ ਲਿਆ ਸਕਦੇ। ਜਿਸ ਫੇਸਬੁਕ 'ਤੇ ਉਹ ਬੜੇ ਜ਼ੋਰ-ਸ਼ੋਰ ਨਾਲ ਕਵਿਤਾਵਾਂ ਪਾਇਆ ਕਰਦਾ ਸੀ, ਉਸੇ ਫੇਸਬੁੱਕ ਤੇ ਉਹ ਆਪਣੀ ਬੇਟੀ ਨੂੰ ਕਹਿ ਕੇ ਮੋਬਾਇਲ ਦੀ ਸੀਮਤ ਵਰਤੋਂ ਕਰਨ ਦਾ ਸੰਦੇਸ਼ ਪਾਉਣ ਦੀ ਵਕਾਲਤ ਕਰਦਾ ਹੈ। ਅੰਧਰਾਤੇ ਦੇ ਸ਼ਿਕਾਰ ਹੋ ਕੇ ਉਸ ਨੂੰ ਸਿਹਤ ਦੇ ਅਸਲੀ ਅਰਥ ਸਮਝ ਆਉਂਦੇ ਹਨ। ਉਹ ਇਸ ਤਰ੍ਹਾਂ ਸੰਦੇਸ਼ ਉਪਲੱਬਧ ਕਰਵਾਉਂਦਾ ਹੈ:

ਮੋਬਾਇਲ ਦੀ ਬੇਲੋੜੀ ਵਰਤੋਂ ਤੋਂ ਬਚੋ, ਨਹੀਂ ਤਾਂ ਅੰਨ੍ਹੇ ਹੋ ਜਾਓਗੇ ਤੇ ਅੰਨ੍ਹੇ ਮਨੁੱਖ ਦਾ ਦੁਨੀਆਂ ਵਿੱਚ ਕੋਈ ਵੀ ਆਪਣਾ ਨਹੀਂ ਹੁੰਦਾ। ਉਹ ਉਮਰ ਭਰ ਘੱਟਾ ਹੀ ਢੋਂਦਾ ਹੈ ਅਤੇ ਪੈਰ-ਪੈਰ 'ਤੇ ਡਿੱਗਦਾ-ਢਹਿੰਦਾ ਕੁੱਤੇ ਤੋਂ ਵੀ ਭੈੜੀ ਮੌਤ ਮਰਦਾ ਹੈ(121)

'ਅਬ ਜੂਝਨ ਕੋ ਦਾਓ' ਕਹਾਣੀ ਅੰਦਰ ਸਮੂਹ ਲੋਕਾਈ ਨੂੰ ਗੁਰੂ ਪਾਤਸ਼ਾਹ ਦੇ ਗੁਰਮਤਿ ਸਿਧਾਂਤਾਂ ਨੂੰ ਜੀਵਨ ਵਿੱਚ ਧਾਰਨ ਕਰਦੇ ਹੋਏ ਵਾਤਾਵਰਨ ਦੀ ਸੰਭਾਲ ਕਰਨ ਦੀ ਪ੍ਰੇਰਨਾ ਦਿੱਤੀ ਗਈ ਹੈ। ਇਸ ਕਹਾਣੀ ਵਿੱਚ 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ' ਦੇ ਮਹਾਨ ਸੰਦੇਸ਼ ਨੂੰ ਪ੍ਰਸਾਰਿਤ ਕਰਨ ਲਈ ਵਿਹਾਰਕ ਉਪਰਾਲਿਆਂ ਦੀ ਪੇਸ਼ਕਾਰੀ ਕੀਤੀ ਗਈ ਹੈ। ਕਹਾਣੀ ਵਿੱਚ ਗੁਰੂ-ਘਰ ਦਾ ਸੇਵਕ ਸੰਗਤ ਨੂੰ ਪੌਣ-ਪਾਣੀ ਬਚਾਉਣ ਲਈ ਨਿਰੰਤਰ ਸੇਵਾ ਕਰਨ ਲਈ ਇਸ ਪ੍ਰਕਾਰ ਪ੍ਰੇਰਨਾ ਕਰਦਾ ਹੈ:

ਗੁਰੂ ਪਿਆਰੀ ਸੰਗਤ ਜੀਓ, ਅੱਜ ਸਮੁੱਚੀ ਮਨੁੱਖਤਾ ਨੂੰ ਪ੍ਰਦੂਸ਼ਿਤ ਵਾਤਾਵਰਨ ਦੇ ਅਜਗਰ ਤੋਂ ਬਚਾਉਣ ਲਈ ਇੱਕ ਮਹਾਂਬਲੀ ਯੋਧੇ ਦੀ ਕੁਦਰਤ ਨੂੰ ਲੋੜ ਹੈ। ਨਿੱਤਰੋ ਕੋਈ ਗੁਰੂ ਦਾ ਪਿਆਰਾ, ਜੋ ਇਸ ਅਜਗਰ ਨੂੰ ਮਾਰ ਘੱਤੇ ਅਤੇ ਗੁਰੂ ਸਾਹਿਬ ਜੀ ਦੇ 'ਪਵਣੁ ਗੁਰੂ ਪਾਣੀ ਪਿਤਾ, ਮਾਤਾ ਧਰਤਿ ਮਹਤੁ' ਨੂੰ ਦੁਨੀਆਂ ਭਰ ਵਿੱਚ ਪ੍ਰਸਾਰ ਸਕੇ ਅਤੇ ਵੱਡੀ ਲੋਕ ਲਹਿਰ ਇਸ ਤਰ੍ਹਾਂ ਖੜੀ ਕਰ ਸਕੇ ਕਿ

ਵਿਸ਼ਵ ਦੀਆਂ ਸਰਕਾਰਾਂ ਵਾਤਾਵਰਨ ਨੂੰ ਮੁੱਖ ਮਸਲਾ ਸਮਝ ਕੇ ਫੌਰੀ ਕਦਮ ਚੁੱਕਣ(134)

ਵਰਤਮਾਨ ਸਥਿਤੀ ਵਿੱਚ ਵਾਤਵਰਨ ਬਾਰੇ ਭਾਵਪੂਰਨ ਲੈਕਚਰ ਦੇ ਕੇ ਮੈਂ-ਪਾਤਰ ਵਿਸਥਾਰ ਸਹਿਤ ਸੰਗਤ ਨੂੰ ਕੁਦਰਤ ਦੇ ਅਨਮੋਲ ਪਹਿਲੂਆਂ ਬਾਰੇ ਜਾਣੂ ਕਰਵਾਉਂਦਾ ਹੈ। ਨਾਲ ਹੀ ਉਹ ਇਹ ਵੀ ਸੁਚੇਤ ਕਰਦਾ ਹੈ ਕਿ ਅਜੋਕੀ ਖੇਤੀ ਆਧੁਨਿਕ ਢੰਗ-ਤਰੀਕੇ ਅਸਲ ਵਿੱਚ ਕੁਦਰਤ ਦੇ ਸਹਿਜ ਸਮਤੋਲ ਨੂੰ ਬਰਬਾਦ ਕਰ ਰਹੇ ਹਨ। ਪਿੰਡ ਦਾ ਪ੍ਰਧਾਨ ਕਥਾ ਵਾਚਕ ਭਾਵ ਮੈਂ-ਪਾਤਰ ਦੁਆਰਾ ਚਲਾਈ ਗਈ ਵਾਤਵਰਨ-ਹਿਤੈਸ਼ੀ ਮੁਹਿੰਮ ਦਾ ਵਿਰੋਧ ਕਰਦਾ ਰਹਿੰਦਾ ਹੈ। ਉਹ ਨਿਸਵਾਰਥ ਕੀਤੀ ਅਤੇ ਮੰਗੀ ਜਾ ਰਹੀ ਇਸ ਪ੍ਰਤੀ ਹੱਥੀਂ ਸੇਵਾ ਨੂੰ ਰਾਜਨੀਤਿਕ ਤੱਕੜੀ ਵਿੱਚ ਤੋਲ ਕੇ ਕੱਖੋਂ-ਹੌਲੀ ਸਿੱਧ ਕਰਨਾ ਚਾਹੁੰਦਾ ਹੈ। ਉਹ ਰੁੱਖੇ ਬੋਲਾਂ ਨਾਲ ਮੈਂ-ਪਾਤਰ ਨੂੰ ਨੇਕ ਕੰਮ ਕਰਨ ਤੋਂ ਰੋਕਣ ਦੀ ਕੋਸ਼ਿਸ਼ ਇਸ ਪ੍ਰਕਾਰ ਕਰਦਾ ਹੈ:

ਗਿਆਨੀ ਜੀ! ਇਹ ਕੁਝ ਇੱਥੇ ਨਹੀਂ ਚੱਲਣਾ, ਨਵੀਆਂ ਹੀ ਰੀਤਾਂ ਤੋਰੀ ਜਾ ਰਹੇ ਓ। ਗੁਰੂਘਰ 'ਚ ਹੀ ਅਜੇ ਕਿੰਨੇ ਕੰਮ ਕਰਨ ਵਾਲੇ ਹਨ ਤੇ ਤੁਸੀਂ ਪਿੰਡ ਦੀ ਸਫ਼ਾਈ ਦੀ ਮੁਹਿੰਮ ਵੀ ਸ਼ੁਰੂ ਕਰਨ ਲੱਗੇ ਓ; ਸਾਥੋਂ ਪੁੱਛੇ ਬਗੈਰ ਬੂਟਾ-ਪ੍ਰਸ਼ਾਦ ਵੀ ਸ਼ੁਰੂ ਕਰ ਰਹੇ ਓ ਤੇ ਇਹ ਸਭ ਮਨਮਨਰਜ਼ੀਆਂ...! ਸਵੇਰ ਵੇਲੇ ਕੀਤਾ ਫੋਨ ਸ਼ਾਇਦ ਤੁਸੀਂ ਭੁੱਲ ਗਏ? ਪ੍ਰਧਾਨ ਕਮਰੇ 'ਚ ਆ ਕੇ ਪੂਰਾ ਭਖ਼ਿਆ ਹੋਇਆ ਬੋਲਿਆ(140)

ਹਨੇਰੀ-ਝੱਖੜ ਨਾਲ ਕੂਲੇ ਅਤੇ ਲਚਕਦਾਰ ਬੂਟੇ ਨਹੀਂ ਟੁੱਟਿਆ ਕਰਦੇ ਸਗੋਂ ਸੁੱਕੜ ਤੇ ਰੁੱਖੜ ਬੂਟੇ ਹੀ ਟੁੱਟਦੇ ਵਿਖਦੇ ਹਨ। ਮੈਂ-ਪਾਤਰ ਵਰਗੇ ਉੱਦਮੀਆਂ ਦੁਆਰਾ ਆਰੰਭੀ ਗਈ ਜਨ-ਜਾਗ੍ਰਿਤੀ ਦੀ ਲੜੀ ਵਿੱਚ ਅਨੇਕਾਂ ਉਲਝਣਾਂ, ਵਿਰੋਧਾਂ, ਤਾਹਨਿਆਂ ਅਤੇ ਅਸਹਿਯੋਗ ਦਾ ਸਾਹਮਣਾ ਬਹਾਦਰੀ ਅਤੇ ਨਿਰੰਤਰ ਘਾਲਣਾ ਨਾਲ ਕਰਨਾ ਪੈਣਾ ਹੈ, ਤਾਂ ਹੀ ਕੁਝ ਬਣ ਸਕੇਗਾ। ਸੁਝਾਓ-ਮੂਲਕ ਨਿਸ਼ਾਨਦੇਹੀਆਂ ਕਰਦਾ ਹੋਇਆ ਮੈਂ-ਪਾਤਰ ਵਾਤਾਵਰਨ ਪ੍ਰਤੀ ਸੇਵਾ ਮੁਹਿੰਮ ਬਾਰੇ ਇਸ ਪ੍ਰਕਾਰ ਜਾਣਕਾਰੀ ਦਿੰਦਾ ਹੈ:

ਪਿੰਡ ਦੇ ਉਹਨਾਂ ਸਥਾਨਾਂ ਦੀ ਨਿਸ਼ਾਨਦੇਹੀ ਕਰਨੀ ਹੈ ਜਿਹੜੇ ਫ਼ਲ, ਫੁੱਲਦਾਰ, ਤਿਰਬੈਣੀ ਆਦਿਕ ਲਈ ਯੋਗ ਹੋਣ। ਮੀਂਹ ਦਾ ਪਾਣੀ ਧਰਤੀ ਵਿੱਚ ਰੀਚਾਰਜ ਕਰਨ 'ਤੇ ਵੀ ਵਿਸ਼ੇਸ਼ ਜ਼ੋਰ ਦੇਣਾ ਹੈ। ਸਕੂਲ, ਡਿਸਪੈਂਸਰੀ, ਹਸਪਤਾਲ ਆਦਿ ਲਈ ਵੀ ਬਣਦੇ ਯਤਨ ਜਲਦੀ ਕਰਨੇ ਹਨ। ਪਸ਼ੂ, ਪੰਛੀਆਂ ਪ੍ਰਤੀ ਪਿਆਰ ਉਤਪੰਨ ਕਰਨ ਲਈ ਵੱਖਰੇ ਕਾਰਜ ਉਲੀਕਣੇ ਹਨ(141)

ਵਾਯੂਮੰਡਲ ਵਿੱਚ ਅੰਤਾਂ ਦੇ ਪ੍ਰਦੂਸ਼ਣ ਸਦਕਾ ਹਰ ਇਨਸਾਨ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਬਿਮਾਰੀਆਂ ਨੇ ਘੇਰ ਰੱਖਿਆ ਹੈ। ਜਦੋਂ ਵਾਤਾਵਰਨ ਸ਼ੁੱਧ ਹੁੰਦਾ ਸੀ ਤਾਂ ਮਹਿਕਦੀ ਪੌਣ, ਬਨਸਪਤੀ ਅਤੇ ਜੀਵ-ਜੰਤੂਆਂ ਨੂੰ ਨਵੇਂ-ਨਰੋਏ ਕਰਦੀ ਰਹਿੰਦੀ ਸੀ। ਸਾਹ ਲੈਣਾ ਤਾਂ ਜੀਵਨ ਦੀ ਮੁੱਢਲੀ ਲੋੜ ਹੈ। ਸਾਹ ਲੈਣ ਲਈ ਜਦੋਂ ਸ਼ੁੱਧ ਵਾਯੂ ਨਾ ਮਿਲੇ ਤਾਂ ਫਿਰ ਕੀ ਰੁੱਖ ਤੇ ਕੀ ਮਨੁੱਖ- ਸਭ ਕੁਮਲਾ ਹੀ ਜਾਣਗੇ। ਕਹਾਣੀ 'ਸਾਹਾਂ 'ਚ ਘੁੱਲੀ ਮੌਤ' ਵਾਯੂ ਪ੍ਰਦੂਸ਼ਣ ਦੇ ਕੁਪ੍ਰਭਾਵਾਂ ਦਾ ਬਿਰਤਾਂਤ ਪ੍ਰਸਤੁਤ ਕਰਨ ਦੇ ਨਾਲ ਨਾਲ ਉਚਿਤ ਸੁਝਾਵਾਂ ਦਾ ਮਾਡਲ ਵੀ ਪੇਸ਼

ਕਰਦੀ ਹੈ। ਆਰੰਭਿਕ ਦ੍ਰਿਸ਼ ਵਿੱਚ ਮਾਨਵੀਕ੍ਰਿਤ ਕੀਤਾ ਹੋਇਆ ਪਿੰਡ ਗੰਧਲੇ ਵਾਯੂਮੰਡਲ ਕਰਕੇ ਰੋਗੀ ਹੋਇਆ ਵਿਖਾਇਆ ਗਿਆ ਹੈ:

> ਰੋਗਾਂ ਨੇ ਗੋਰਾ ਰੰਗ ਸ਼ਾਹ ਕਾਲਾ ਕਰ ਦਿੱਤਾ, ਲਹੂ ਚੂਸ ਤੇ ਹੱਡ ਚੂੰਡ ਲਏ। ਨਕਲੀ ਦਵਾ ਦੇ ਥੱਬੇ ਖਾਂਦਾ ਹਾਂ ਪਰ ਮਾਸਾ ਵੀ ਫ਼ਰਕ ਨਹੀਂ। ਮੈਨੂੰ ਚੂੰਡ ਕੇ ਲੀਡਰ, ਨਿੱਜੀ ਹਸਪਤਾਲ ਤੇ ਹੋਰ ਅਦਾਰੇ ਵੱਡੇ ਤੇ ਹੋਰ ਵਿਸ਼ਾਲ ਹੋ ਰਹੇ ਨੇ। ਮੂੰਹ ਤੇ ਧੂੜ੍ਹ ਮਿੱਟੀ ਦੇ ਪਹਾੜ ਜੰਮਣ ਕਰਕੇ ਬੇਪਛਾਣ ਹੋ ਗਿਆ ਹਾਂ। ਸੰਘ ਵਿੱਚ ਗਾੜ੍ਹਾ ਚਿੱਟਾ-ਕਾਲਾ ਧੂੰਆਂ ਘੁਲ਼ਦਾ ਰਹਿੰਦਾ ਹੈ(150)

ਸਾਵੀ ਧਰਤੀ ਦੇ ਸੁਰੱਖਿਅਤ ਚੁਗਿਰਦੇ ਨੂੰ ਯਾਦ ਕਰਕੇ ਮੈਂ-ਪਾਤਰ; ਵਰਤਮਾਨ ਹਾਲਤਾਂ ਵੇਖ ਕੇ ਦੁੱਖ ਭੋਗਦਾ ਹੋਇਆ ਝੂਰਦਾ ਰਹਿੰਦਾ ਹੈ। ਉਸਨੂੰ ਯਾਦ ਆਉਂਦਾ ਹੈ ਕਿ ਹਰੀ ਭਰੀ ਧਰਤੀ ਵਿੱਚ ਪੌਣ-ਪਾਣੀ ਸ਼ੁੱਧ ਸੀ, ਧੁੱਪ ਵਿੱਚ ਨਿੱਘ ਸੀ ਤੇ ਜੀਵਨ ਦੀ ਹਰ ਜ਼ਰੂਰਤ ਨੂੰ ਸਾਦਗੀ ਵਾਲੇ ਢੰਗ ਨਾਲ ਪੂਰਾ ਕਰ ਲਿਆ ਜਾਂਦਾ ਸੀ। ਲੇਖਕ ਯਾਦਾਂ ਦੀ ਲੜੀ ਨੂੰ ਇਸ ਪ੍ਰਕਾਰ ਜੋੜਦਾ ਹੈ:

> ਕਦੇ ਨਾਜ਼ੁਕ ਪੌਣ ਅਠਖੇਲੀਆਂ ਕਰਦੀ ਤੇ ਸੀਟੀਆਂ ਵਜਾਉਂਦੀ ਗੀਤ ਗਾਉਂਦੀ ਹੁੰਦੀ ਸੀ, ਅੱਜ ਕਾਲ਼ੀ ਬੋਲ਼ੀ ਹੋਈ ਮੇਰੀ ਗਲ਼ ਨੂੰ ਚਿੱਬੜ ਕੇ ਰੋਂਦੀ ਹੈ। ਪੌਣ ਨੇ ਅਕਾਸ਼ ਚੀਰਵੀਂ ਧਾਹ ਮਾਰੀ ਹੈ, ਸੁੱਕੇ ਰੁੱਖਾਂ ਦਾ ਦਿਲ ਬਹਿ ਗਿਆ ਹੈ। ਕੋਈ ਵੇਲਾ ਸੀ, ਪੌਣ ਸ਼ਕਤੀਸ਼ਾਲੀ ਹੁੰਦੀ ਸੀ। ਇਹ ਮੋਇਆਂ ਵਿੱਚ ਜਾਨ ਪਾ ਕੇ ਯੁੱਗਾਂ ਦੇ ਥਕੇਵੇਂ ਲਾ ਦਿੰਦੀ ਸੀ ਪਰ ਹੁਣ ਇਹ ਕੁਝ ਹੋਰ ਹੀ ਹੋ ਗਈ ਹੈ। ਕਦੇ ਮੋਏ ਜਿਵਾਉਂਦੀ ਸੀ, ਹੁਣ ਜਿਉਂਦਿਆਂ ਨੂੰ ਮਾਰਦੀ ਹੈ। ਖੌਰੇ ਕੀ ਮਾਰ ਪਈ ਹੈ, ਸੁਭਾਅ ਹੀ ਉਲਟ ਗਿਆ(152)

ਵਿਚਾਰ ਅਧੀਨ ਕਹਾਣੀ ਵਿੱਚ ਦੀਦਾਰਗੜ੍ਹ ਨੇ ਆਪਣੇ ਆਲੇ-ਦੁਆਲੇ ਵਿੱਚੋਂ ਦ੍ਰਿਸ਼ਟਾਂਤ ਪੇਸ਼ ਕਰਦੇ ਹਨ। ਹਵਾ ਪ੍ਰਦੂਸ਼ਨ ਪੈਦਾ ਕਰਨ ਲਈ ਹਰ ਇੱਕ ਨਿੱਕੇ-ਵੱਡੇ ਕਾਰਨ ਦਾ ਜ਼ਿਕਰ ਕੀਤਾ ਹੈ। ਪਿੰਡ ਦਾ ਮਾਨਵੀਕਰਨ ਕਰਦੇ ਹੋਏ ਕਹਾਣੀਕਾਰ ਨੇ ਪ੍ਰਦੂਸ਼ਣ ਨਾਲ ਹੋ ਰਹੀ ਔਕੜ ਦੀ ਪੇਸ਼ਕਾਰੀ ਕੀਤੀ ਹੈ। ਪਿੰਡ ਆਪਣੀ ਜ਼ੁਬਾਨੀ ਦੱਸਦਾ ਹੈ:

ਮੱਛਰਾਂ ਤੋਂ ਬਚਾਓ ਲਈ ਆਲ-ਆਊਟ, ਫਾਸਟ ਕਾਰਡ, ਕਛੂਏ, ਧੂਫਾਂ, ਪਾਥੀਆਂ ਆਦਿ ਜਲ ਰਹੀਆਂ ਹਨ ਅਤੇ ਧੂੰਏ ਦੇ ਬੁੱਕ ਮੇਰੀ ਪਾਟੀ ਹਿੱਕ 'ਤੇ ਸੁੱਟੇ ਜਾ ਰਹੇ ਹਨ। ਮੱਠੀ-ਮੱਠੀ ਠੰਢ ਉੱਤਰ ਰਹੀ ਹੈ, ਬਹੁਤ ਸਾਰੇ ਲੋਕ ਅੰਗੀਠੀਆਂ ਬਾਲਣਗੇ, ਬਹੁਤੇ ਘਰਾਂ ਵਿੱਚ ਸਵੇਰ ਤੋਂ ਹੀ ਪਾਥੀ ਵਾਲੇ ਗੀਜ਼ਰ ਅਥਾਹ ਧੂੰਏ ਦੀ ਸੇਵਾ ਸ਼ੁਰੂ ਕਰਨਗੇ। ਬੁਰੀਂ ਤਰ੍ਹਾਂ ਡਰੀ ਪੌਣ ਨੂੰ ਮੈਂ ਆਪਣੀ ਹਿੱਕ ਨਾਲ ਘੁੱਟ ਲਿਆ(153)

ਅਜਿਹਾ ਨਹੀਂ ਹੈ ਕਿ ਪ੍ਰਦੂਸ਼ਣ ਦੀ ਰੋਕਥਾਮ ਲਈ ਸਰਕਾਰੀ ਅਦਾਰੇ ਕੁਝ ਵੀ ਨਹੀਂ ਕਰ ਰਹੇ ਪਰ ਪ੍ਰਦੂਸ਼ਣ ਦਾ ਦੈਂਤ ਏਨ੍ਹਾ ਵਿਸ਼ਾਲ ਹੋ ਚੁੱਕਾ ਹੈ ਕਿ ਸਰਕਾਰੀ ਅਤੇ ਗੈਰ-ਸਰਕਾਰੀ ਸੰਗਠਨਾਂ ਨੂੰ ਰਲ਼-ਮਿਲ਼ ਕੇ ਇਸਦੇ ਖ਼ਿਲਾਫ ਮੁਹਿੰਮ ਛੇੜਣੀ ਪੈਣੀ ਹੈ। ਕੁਝ ਕੁ ਵਿਹਾਰਕ ਅੜਚਣਾਂ ਦਾ ਹੱਲ ਨਾ ਮਿਲਣ ਕਰਕੇ ਲੋਕਾਂ ਦੁਆਰਾ ਸਰਕਾਰੀ ਆਦੇਸ਼ਾਂ ਪ੍ਰਤੀ ਲਾਪਰਵਾਹੀ ਵਾਲਾ ਰਵੱਈਆ ਵੇਖਣ ਨੂੰ ਮਿਲ ਹੀ ਜਾਂਦਾ ਹੈ:

ਨੈਸ਼ਨਲ ਗਰੀਨ ਟਿਬ੍ਰਿਊਨਲ ਦੇ ਪ੍ਰਦੂਸ਼ਣ ਦੀ ਰੋਕਥਾਮ ਲਈ ਨਿਰਦੇਸ਼ਾਂ ਨੇ, ਕਿਸਾਨਾਂ ਵਿੱਚ ਖਲਬਲੀ ਮਚਾ ਦਿੱਤੀ ਹੈ। ਉਹ ਕਾਫੀ ਡਰੇ, ਫਿਰ ਉਹਨਾਂ ਸੱਥ ਵਿੱਚ ਇੱਕਜੁੱਟ ਹੋ ਕੇ, ਨਿਰਦੇਸ਼ਾਂ ਦੀਆਂ ਧੱਜੀਆਂ ਉੱਡਾ ਕੇ ਪਰਾਲੀ ਨੂੰ ਫੂਕਣ ਦਾ ਫੈਸਲਾ ਲੈਂਦੇ ਹੋਏ ਜੈਕਾਰੇ ਛੱਡ ਦਿੱਤੇ। ਕਾਫੀ ਦੇਰ ਰੌਲਾ ਵੀ ਪੈਂਦਾ ਰਿਹਾ(153)

ਬਹੁਤੇ ਨੌਜਵਾਨਾਂ ਵੱਲੋਂ ਪ੍ਰਿਥਵੀ ਨੂੰ ਹਰਿਆ-ਭਰਿਆ ਰੱਖਣ ਦਾ ਉਪਰਾਲਾ ਕੇਵਲ ਸ਼ੋਸ਼ਲ ਮੀਡੀਆ 'ਤੇ ਪੋਸਟਰ ਪਾ ਕੇ ਖ਼ਤਮ ਕਰ ਦਿੱਤਾ ਜਾਂਦਾ ਹੈ। ਜਦੋਂ ਹੱਥੀ ਕੰਮ ਕਰਨ ਦਾ ਵੇਲਾ ਆਉਂਦਾ ਹੈ ਤਾਂ ਆਨੇ-ਬਹਾਨੇ ਸਭ ਖਿਸਕ ਹੀ ਜਾਂਦੇ ਹਨ। ਪਿੰਡ ਦੇ ਛੱਪੜਾਂ, ਖੂਹ ਤੇ ਸੂਏ ਲੋਕਾਂ ਦੀ ਬੇਕਦਰੀ ਦਾ ਸ਼ਿਕਾਰ ਹੋ ਚੁੱਕੇ ਹਨ। ਡੀਕ ਲਾ ਕੇ ਧਰਤੀ ਦੀ, ਹਿੱਕ ਵਿੱਚੋਂ ਪਾਣੀ ਪੀ ਜਾਣ ਵਾਲੇ ਟਿਊਬਵੈੱਲਾਂ ਨੇ ਛੋਟੇ-ਛੋਟੇ ਜਲ-ਸ੍ਰੋਤਾਂ ਨੂੰ ਲੋਕਾਂ ਦੀ ਨਜ਼ਰਾਂ ਵਿੱਚ ਅਣਗੌਲਿਆ ਹੀ ਕਰ ਛੱਡਿਆ ਹੈ। ਪਿੰਡ ਦੱਸਦਾ ਹੈ ਕਿ:

ਛੱਪੜਾਂ ਦਾ ਪਾਣੀ ਵੀ ਕਾਲ਼ਾ ਹੋ ਗਿਆ ਹੈ ਤੇ ਉੱਤੇ ਕਾਈ ਜੰਮ ਗਈ ਹੈ। ਲਿਫ਼ਾਫ਼ੇ ਤੇ ਹੋਰ ਕਈ ਕੁਝ ਨਾਲ ਇਹ ਮੂੰਹ-ਜ਼ੋਰ ਹੋਏ ਦਿੱਸਦੇ ਨੇ। ਸਭ ਬੜੀ ਸ਼ਾਨ ਨਾਲ ਮਰ ਰਹੇ ਹਨ। ਕਿਸੇ ਦੇ ਕੰਨ ਉੱਤੇ

ਜੂੰ ਨਹੀਂ ਸਰਕਦੀ। ਅਣਗਿਣਤ ਘਰਾਂ ਦੇ ਕੂਲਰਾਂ, ਫਰਿੱਜਾਂ ਦੇ ਪਿੱਛਲੇ ਹਿੱਸੇ, ਟਾਇਰਾਂ, ਪਸ਼ੂਆਂ ਨੂੰ ਪਿਲਾਉਣ ਵਾਲੇ ਪਾਣੀ ਦੀਆਂ ਖੇਲਾਂ ਵਿੱਚ ਮੱਛਰ ਆਪਣਾ ਲਾਰਵਾ ਛੱਡ ਕੇ ਖੁਸ਼ੀ ਮਹਿਸੂਸ ਕਰਦੇ ਨੇ। ਡਰੇ ਸੁੱਕੇ ਖੜ੍ਹੇ ਬੋਹੜ ਵੱਲ ਵੇਖ ਦਿਲ 'ਚ ਹਉਕਾ ਨਿਕਲ ਜਾਂਦਾ ਹੈ(155)

ਪਿੰਡ ਆਪਣੀ ਜ਼ੁਬਾਨੀ ਮੈਂ-ਪਾਤਰ ਨਾਲ ਦੁਖ ਵੰਡਦਾ ਹੈ। ਉਹ ਬੀਤੇ ਚੰਗੇ ਸਮੇਂ ਨੂੰ ਯਾਦ ਕਰਕੇ ਅਜੋਕੇ ਡਾਵਾਂਡੋਲ ਹੋਏ ਪਏ ਚੁਗਿਰਦੇ ਨਾਲ ਤੁਲਨਾ ਕਰਦਾ ਹੈ। ਉਸ ਅਨੁਸਾਰ ਵਾਯੂ ਪ੍ਰਦੂਸ਼ਣ, ਜਲ ਪ੍ਰਦੂਸ਼ਣ, ਭੂਮੀ ਪ੍ਰਦੂਸ਼ਣ ਤੇ ਸ਼ੋਰ ਪ੍ਰਦੂਸ਼ਣ ਵੱਖਰੇ-ਵੱਖਰੇ ਨਹੀਂ ਸਗੋਂ ਸਾਰੇ ਕਿਵੇਂ ਨਾ ਕਿਵੇਂ ਇੱਕ ਦੂਜੇ ਨੂੰ ਹੋਰ ਤਾਕਤਵਰ ਬਣਾ ਰਹੇ ਹਨ। ਟੋਭੇ ਵਿੱਚ ਸੁੱਟੇ ਪਲਾਸਟਿਕ ਦੇ ਲਫ਼ਾਫ਼ੇ ਤੇ ਕਚਰਾ ਕੇਵਲ ਪਾਣੀ ਨੂੰ ਹੀ ਨਹੀਂ ਸਗੋਂ ਭੂਮੀ ਤੇ ਹਵਾ ਨੂੰ ਵੀ ਦੂਸ਼ਿਤ ਕਰ ਰਹੇ ਹਨ। ਸ਼ੋਰ ਪ੍ਰਦੂਸ਼ਣ ਇੱਕਲਾ ਘੱਟ-ਵੱਧ ਹੀ ਆਉਂਦਾ ਹੈ। ਇਹ ਆਪਣੇ ਨਾ ਅਸਿੱਧੇ ਰੂਪ ਵਿੱਚ ਹੋਰ ਪ੍ਰਕਾਰ ਦੇ ਪ੍ਰਦੂਸ਼ਣਾਂ ਨੂੰ ਵੀ ਨਾਲ ਲੈ ਕੇ ਆਉਂਦਾ ਹੈ। ਇਸ ਬਾਰੇ ਸਾਂਝ ਪਾਉਂਦਾ ਹੋਇਆ ਪਿੰਡ ਦੱਸਦਾ ਹੈ ਕਿ:

> ਸੱਚ ਦੱਸਾਂ? ਮੈਨੂੰ ਤਾਂ 'ਹਾਰਨਾਂ' 'ਚੋਂ ਵੀ ਗਾਲ੍ਹਾਂ ਹੀ ਸੁਣਦੀਆਂ ਨੇ, ਜੋ ਇਹ ਅੱਗੇ ਜਾ ਰਹੀ ਗੱਡੀ ਤੋਂ ਰਾਹ ਲੈਣ ਲਈ ਕੱਢ ਰਹੇ ਹੁੰਦੇ ਨੇ। ਮੇਰੇ ਸਿਰ 'ਤੇ ਰੁੱਖਾਂ ਦੀ ਬੜੀ ਗਾੜ੍ਹੀ ਛਾਂ ਸੀ। ਵੱਡਾ ਰੋਡ ਬਣਾਉਣ ਵੇਲੇ ਸਭ ਕਤਲ ਕਰ ਦਿੱਤੇ। ਮੇਰੇ ਤੋਂ ਚਾਰ ਕੁ ਕਦਮ ਅੱਗੇ ਕਿਸੇ ਨੇ ਪੰਜ-ਸੱਤ ਇੱਟਾਂ ਦੀ ਮਟੀ ਬਣਾਈ ਸੀ, ਓਥੋਂ ਰੋਡ 'ਚ ਵਿੰਗ ਪਾ ਦਿੱਤਾ ਹੈ। ਉੱਥੋਂ ਹੁਣ ਹਾਦਸੇ ਹੁੰਦੇ ਤੇ ਵੈਣ ਪੈਂਦੇ ਰਹਿੰਦੇ ਨੇ(161)

ਪਿੰਡ ਦੱਸਦਾ ਹੈ ਕਿ ਪਿਛਲੇ ਕਈ ਦਹਾਕਿਆਂ ਤੋਂ ਕੁਦਰਤੀ ਸ੍ਰੋਤਾਂ ਦੀ ਅੰਨ੍ਹੇਵਾਹ ਵਰਤੋਂ ਅਤੇ ਪ੍ਰਦੂਸ਼ਣ ਦੇ ਵਾਧੇ ਕਰਕੇ ਹਵਾ ਵੀ ਸਾਹ-ਘੋਟੂ ਹੋ ਚੁੱਕੀ ਹੈ, ਪਾਣੀ ਜ਼ਹਿਰੀਲਾ ਹੋ ਚੁੱਕਾ ਹੈ। ਕੁਝ ਪਰਚਿਤ ਅਤੇ ਕੁਝ ਅਪਰਚਿਤ ਰੋਗਾਂ ਨੇ ਪੂਰੀ ਮਨੁੱਖਤਾ ਨੂੰ ਆਪਣੇ ਜਾਲ ਵਿੱਚ ਫਸਾ ਲਿਆ ਹੈ। ਹੁਣ ਤਾਂ ਪਤਾ ਹੀ ਨਹੀਂ ਲੱਗਦਾ ਕਿ ਇਸ ਅਸੰਤੁਲਿਤ ਵਾਤਾਵਰਨ ਵਿੱਚ ਕਿਹੜੀ ਬਿਮਾਰੀ ਪਸ਼ੂ-ਪੰਛੀਆਂ ਤੋਂ ਮਨੁੱਖਾਂ ਨੂੰ ਲੱਗ ਰਹੀ ਹੈ ਤੇ ਕਿਹੜੀ ਮਨੁੱਖਾਂ ਕੋਲੋ ਜਨੌਰਾਂ ਨੂੰ ਲੱਗ ਰਹੀ ਹੈ।

ਅਕਸਰ ਪੜ੍ਹਣ ਸੁਣਨ ਨੂੰ ਮਿਲਦਾ ਹੈ ਕਿ ਕਿਸਾਨਾਂ ਦੁਆਰਾ ਪਰਾਲੀ ਸਾੜਣ ਕਰਕੇ ਦੂਰ ਤੱਕ ਗਹਿਰ ਚੜ੍ਹੀ ਰਹਿੰਦੀ ਹੈ। ਦੱਸਿਆ ਜਾਂਦਾ ਹੈ ਕਿ ਦਿੱਲੀ, ਗੁੜਗਾਵਾਂ ਤੇ ਨੋਇਡਾ 'ਚ ਫੈਲੀ ਧੁੰਦ ਦੇ ਗੁਬਾਰ ਪੰਜਾਬ ਤੇ ਹਰਿਆਣੇ ਦੇ ਖੇਤਾਂ 'ਚੋਂ ਆਉਂਦੇ ਹਨ ਪਰ ਕਿਸਾਨੀ ਦੇ ਮੱਥੇ ਸਾਰਾ ਦੋਸ਼ ਮੜ੍ਹ ਦੇਣ ਵਾਲੇ ਇਹ ਭੁੱਲ ਜਾਂਦੇ ਹਨ ਕਿ ਪੰਜਾਬ ਦਾ ਧੂੰਆਂ ਦਿੱਲੀ ਤੱਕ ਪਹੁੰਚਾਉਣ ਵਾਲੀ ਇੱਕ ਪਾਸੜ ਹਵਾ ਕੀ ਸਦਾ ਇੱਕੋ ਦਿਸ਼ਾ ਵਿੱਚ ਚੱਲਦੀ ਹੈ? ਕੀ ਪਰਾਲੀ ਸਾੜਣ ਤੋਂ ਪਿੱਛੋਂ ਇਨ੍ਹਾਂ ਵੱਡੇ ਸ਼ਹਿਰਾਂ ਦੇ ਉਦਯੋਗ ਅਤੇ ਸਨਅਤੀ ਅਦਾਰੇ ਪ੍ਰਦੂਸ਼ਣ ਨੂੰ ਵਧਾਉਣ ਵਿੱਚ ਕੋਈ ਯੋਗਦਾਨ ਨਹੀਂ ਪਾ ਰਹੇ? ਜਮਨਾ ਦੇ ਪਾਣੀ ਵਿੱਚ ਤੈਰ ਰਹੀ ਵਿਨਾਸ਼ਕਾਰੀ ਝੱਗ ਕਿਹੜੇ-ਕਿਹੜੇ ਕਾਰਨਾ ਕਰਕੇ ਹੋ ਰਹੀ ਹੈ। ਦਿੱਲੀ ਦੇ ਕਸ਼ਮੀਰੀ ਗੇਟ ਵਾਲੇ ਬੱਸ ਸਟੈਂਡ ਦੁਆਲੇ ਤਕਰੀਬਨ ਦੋ ਕੁ ਕਿਲੋਮੀਟਰ ਦੇ ਘੇਰੇ ਤੱਕ ਸਾਹ ਘੁੱਟਵੀਂ ਬਦਬੂਦਾਰ ਹਵਾ ਉਦੋਂ ਵੀ ਹੁੰਦੀ ਹੈ ਜਦੋਂ ਝੋਨੇ ਅਤੇ ਕਣਕ ਦੇ ਝਾੜ ਦਾ ਮੌਸਮ ਨਾ ਵੀ ਹੁੰਦਾ ਹੋਵੇ।

ਕਹਾਣੀ ਦੇ ਅਖ਼ੀਰ ਵਿੱਚ ਸਕੂਲੀ ਬੱਚਿਆਂ ਅਤੇ ਉਹਨਾਂ ਦੇ ਅਧਿਆਪਕਾਂ ਦੁਆਰਾ ਵਾਤਾਵਰਨ ਨੂੰ ਮੁੜ ਸੁਰਜੀਤ ਕਰਨ ਲਈ ਸੁਚਾਰੂ ਕਦਮ ਚੁੱਕਦੇ ਵਿਖਾਇਆ ਗਿਆ ਹੈ।

ਖੋਜ ਵਿਸ਼ੇ ਦਾ ਸੰਬੰਧ ਦੂਸ਼ਿਤ ਵਾਤਾਵਰਨ ਦੇ ਫਲਸਰੂਪ ਉਪਜਦੀਆਂ ਸਿਹਤ-ਸਮੱਸਿਆਵਾਂ ਨਾਲ ਹੈ। ਕਰੋਨਾ ਮਹਾਂਮਾਰੀ ਦੇ ਘਾਤਕ ਪ੍ਰਭਾਵਾਂ ਕਾਰਨ ਵਿਸ਼ਵ ਭਰ ਵਿੱਚ ਬਹੁਤ ਨੁਕਸਾਨ ਹੋਇਆ ਹੈ। ਇਸ ਪ੍ਰਸੰਗ ਵਿੱਚ ਕਾਫ਼ੀ ਸਾਹਿਤ ਪ੍ਰਕਾਸ਼ਿਤ ਹੋਇਆ ਹੈ। ਬਹੁਤ ਸਾਰੀਆਂ ਰਚਨਾਵਾਂ ਸੋਸ਼ਲ ਮੀਡੀਆ ਤੇ ਅਖ਼ਬਾਰਾਂ ਵਿੱਚ ਵੀ ਪ੍ਰਕਾਸ਼ਿਤ ਹੋ ਰਹੀਆਂ ਹਨ। ਇਹਨਾਂ ਵਿੱਚੋਂ ਕੁੱਝ ਰਚਨਾਵਾਂ (ਕਹਾਣੀ ਤੇ ਕਵਿਤਾ) ਨੂੰ ਅਧਿਐਨ ਵਿੱਚ ਸ਼ਾਮਿਲ ਕੀਤਾ ਜਾ ਰਿਹਾ ਹੈ ਤਾਂ ਜੋ ਵਰਤਮਾਨ ਸਿਹਤ ਐਮਰਜੈਂਸੀ ਤੇ ਭਵਿੱਖਤ ਸੰਕਟਾਂ ਤੋਂ ਬਚਣ ਲਈ ਆਮ ਲੋਕਾਂ ਨੂੰ ਭਰਪੂਰ ਗਿਆਨ ਹੋ ਜਾਵੇ ਅਤੇ ਨਤੀਜੇ ਵਜੋਂ ਸੰਤੁਲਿਤ ਵਾਤਾਵਰਨ ਨੂੰ ਬਣਾਉਣ ਲਈ ਪ੍ਰਯਤਨ ਕੀਤੀ ਜਾ ਸਕਣ।

ਡਾ. ਦੇਵਿੰਦਰ ਪਾਲ ਸਿੰਘ ਦੁਆਰਾ ਭਾਰਤ ਦੇ ਸੂਰਜੀ ਊਰਜਾ ਦੇ ਪ੍ਰਸਿੱਧ ਖੋਜ ਵਿਗਿਆਨੀ ਡਾ. ਸੁਦਰਸ਼ਨ ਚੌਧਰੀ ਨਾਲ ਕੀਤੀ ਮੁਲਾਕਾਤ 'ਰਹੱਸਮਈ ਸੂਰਜੀ ਧੱਬੇ ਤੇ ਕੋਵਿਡ-19 ਮਹਾਂਮਾਰੀ' ਵਿੱਚ ਇਹ

ਸਪੱਸ਼ਟ ਕੀਤਾ ਗਿਆ ਹੈ ਕਿ ਸੂਰਜ ਦੇ ਚੁੰਬਕੀ ਖੇਤਰ ਵਿੱਚ ਗਰਮ ਸੂਰਜੀ ਗੈਸਾਂ ਦੇ ਪ੍ਰਵਾਹ ਵਿੱਚ ਆਉਂਦੀ ਤਬਦੀਲੀ ਕਰਕੇ ਸੂਰਜੀ ਧੱਬੇ ਪੈਦਾ ਹੋ ਜਾਂਦੇ ਹਨ। ਅਜਿਹੇ ਸੂਰਜੀ ਧੱਬਿਆਂ ਦਾ ਵਰਤਾਰਾ ਲਗਭਗ ਹਰ ਗਿਆਰਾਂ ਸਾਲਾਂ ਬਾਅਦ ਦੁਬਾਰਾ ਵਾਪਰਦਾ ਹੈ। ਇਹ ਧੱਬੇ ਧਰਤੀ ਦੇ ਚੁੰਬਕੀ ਖੇਤਰ ਵਿੱਚ ਵਿਘਨ ਪੈਦਾ ਕਰਨ ਦੀ ਯੋਗਤਾ ਰੱਖਦੇ ਹਨ। ਇਹ ਰੇਡਿਓ-ਤਰੰਗਾਂ ਦੇ ਪ੍ਰਸਾਰ ਵਿੱਚ ਅਵਰੋਧ ਪੈਦਾ ਕਰ ਦਿੰਦੇ ਹਨ, ਇਹ ਪਾਵਰ-ਗਰਿੱਡਾਂ, ਉਪਗ੍ਰਿਹਾਂ ਨਾਲ ਸੰਬੰਧਿਤ ਕਾਰਜਾਂ ਵਿੱਚ ਗੜਬੜੀ ਕਰ ਸਕਦੇ ਹਨ। ਡਾ. ਚੌਧਰੀ ਬਿਆਨ ਕਰਦੇ ਹਨ ਕਿ ਸਿਹਤ ਖ਼ਰਾਬ ਕਰਨ ਵਾਲੇ ਵਿਸ਼ਾਣੂ ਜੋ ਮਹਾਂਮਾਰੀ ਦਾ ਰੂਪ ਧਾਰਨ ਕਰ ਸਕਦੇ ਹਨ, ਉਹ ਸੂਰਜੀ ਧੱਬਿਆਂ ਨਿਊਨਤਮ ਸੰਖਿਆ ਹੋਣ ਕਰਕੇ ਆ ਸਕਦੇ ਹਨ। ਫਰਵਰੀ 2020 ਵਿੱਚ ਵਿਗਿਆਨੀਆਂ ਨੂੰ ਕੋਈ ਸੂਰਜੀ ਧੱਬਾ ਨਜ਼ਰ ਨਹੀ ਆਇਆ। ਅਜਿਹੀ ਸਥਿਤੀ ਵਿੱਚ ਕਾਸਮਿਕ ਕਿਰਨਾਂ ਦੇ ਨਾਲ ਖ਼ਤਰਨਾਕ ਰੋਗਾਣੂ ਧਰਤੀ ਦੀ ਸਤ੍ਹਾ ਉੱਪਰ ਪੁੱਜ ਜਾਂਦੇ ਹਨ। ਕਰੋਨਾ ਮਹਾਂਮਾਰੀ ਲਈ ਵੀ ਸੂਰਜੀ ਧੱਬਿਆਂ ਦੀ ਥੁੜ੍ਹ ਨੂੰ ਕਾਰਨ ਮੰਨ੍ਹਿਆ ਜਾਂਦਾ ਹੈ।

ਭੌਤਿਕ-ਵਿਗਿਆਨੀ ਤੇ ਪੰਜਾਬੀ ਦੇ ਵਿਖਿਆਤ ਗਲਪਕਾਰ ਦਾ ਦੇਵਿੰਦਰਪਾਲ ਸਿੰਘ ਨੇ ਕਰੋਨਾ ਵਾਇਰਸ ਨਾਲ ਸੰਬੰਧਿਤ ਤਿੰਨ ਕਹਾਣੀਆਂ 'ਕਿਧਰੇ ਦੇਰ ਨਾ ਹੋ ਜਾਏ', 'ਤਾਲਾ-ਬੰਦੀ' ਤੇ 'ਕਰੋਨਾ... ਕਰੋਨਾ... ਗੋ ਅਵੇ ' ਪੰਜਾਬੀ ਕਹਾਣੀ ਡਾਟ ਕਾਮ ਵਿੱਚ ਪ੍ਰਕਾਸ਼ਿਤ ਹੋਈਆਂ ਹਨ। ਕਹਾਣੀ 'ਕਿਧਰੇ ਦੇਰ ਨਾ ਹੋ ਜਾਏ ' ਵਿੱਚ ਡਾ. ਸਿੰਘ ਨੇ ਕਰੋਨਾ ਵਾਇਰਸ ਦੇ ਘਾਤਕ ਪ੍ਰਭਾਵ ਦੀ ਪੇਸ਼ਕਾਰੀ ਕੀਤਾ ਗਿਆ ਹੈ। ਜੈਵਿਕ-ਜੰਗਾਂ ਕਰਦੇ ਹੋਏ ਕੁੱਝ ਤੰਗਦਿਲ ਸੱਤਾਧਾਰੀਆਂ ਦੁਆਰਾ ਵਿਸ਼ਵ ਦੀ ਪ੍ਰਭੂਸੱਤਾ ਨੂੰ ਪ੍ਰਗਟਾਉਂਦੇ ਹੋਏ ਘਟਨਾਕ੍ਰਮ ਦੀ ਪੇਸ਼ਕਾਰੀ ਹੈ। ਕਹਾਣੀ ਵਿੱਚ ਕਰੋਨਾ ਵਾਇਰਸ ਦੇ ਸੂਖ਼ਮ ਵਿਸ਼ਾਣੂਆਂ ਬਾਰੇ ਜਾਣਕਾਰੀ ਪ੍ਰਸਤੁਤ ਕਰਦਾ ਹੋਇਆ ਵਿਗਿਆਨੀ ਆਪਣੇ ਕਰੂਰ ਸੋਚ ਵਾਲੇ ਮਿੱਤਰ (ਲੀਓ) ਨੂੰ ਦੱਸਦਾ ਹੈ ਕਿ :

> ਗੰਭੀਰ ਮੁਦਰਾ ਵਿੱਚ ਟਿਊਬ ਨੂੰ ਹੱਥ ਵਿੱਚ ਫੜੀ ਯੰਗ ਸੂ ਸੋਚ ਰਿਹਾ ਸੀ, "ਹਾਂ, ਇਸ ਵਿੱਚ ਮਹਾਂਮਾਰੀ ਕੈਦ ਹੈ। ਇਸ ਛੋਟੀ ਜਿਹੀ ਟਿਊਬ ਦੇ ਦ੍ਰਵ ਨੂੰ , ਜੋ ਕਿਧਰੇ ਕਿਸੇ ਵੀ ਖਾਣ ਵਾਲੀ ਚੀਜ਼ ਵਿੱਚ ਰਲਾ ਦੇਵੇ, ਤਾਂ ਇਸ ਵਿੱਚਲੇ ਸੂਖ਼ਮ ਵਿਸ਼ਾਣੂ, ਜਿਨ੍ਹਾਂ ਦੀ ਨਾ ਤਾਂ ਕੋਈ ਮਹਿਕ ਹੈ ਤੇ ਨਾ ਹੀ

ਸੁਆਦ, ਅਤੇ ਜਿਨ੍ਹਾਂ ਨੂੰ ਦੇਖਣ ਲਈ ਬਹੁਤ ਹੀ ਸ਼ਕਤੀਸ਼ਾਲੀ ਖੁਰਦਬੀਨ ਦੀ ਲੋੜ ਪੈਂਦੀ ਹੈ, "ਬੱਸ ਜਾਉ ਤੇ ਵਧੋ ਫੁੱਲੋ।" ਕਹਿੰਦਿਆਂ ਹੀ ਤੁਰੰਤ ਦਮ-ਘੋਟੂ, ਦਰਦਨਾਕ ਤੇ ਭਿਆਨਕ ਮੌਤ ਦਾ ਕਹਿਰ ਸ਼ਹਿਰ ਉੱਤੇ ਢਾਹਣਾ ਸ਼ੁਰੂ ਕਰ ਦੇਣਗੇ।

ਕਹਾਣੀ ਦੇ ਸਿਖ਼ਰ 'ਤੇ ਅੱਪੜ ਕੇ ਇਹ ਵਿਖਾਇਆ ਗਿਆ ਹੈ ਕਿ ਸ਼ੈਤਾਨ-ਦਿਮਾਗੀ ਲੀਓ ਵਾਇਰਸ ਨਾਲ ਭਰੀ ਟੈਸਟ-ਟਿਊਬ ਨੂੰ ਮੀਟ ਦੀਆਂ ਅਨੇਕਾਂ ਦੁਕਾਨਾਂ 'ਤੇ ਚੋਰੀ ਨਾਲ ਡੋਲ੍ਹ ਦਿੰਦਾ ਹੈ ਤੇ ਵਿਸ਼ਵ-ਤਬਾਹੀ ਦਾ ਮੁੱਢ ਬੰਨ੍ਹ ਦਿੰਦਾ ਹੈ। ਸਭ ਜਗ੍ਹਾ 'ਤੇ ਵਿਸ਼ਾਣੂਆਂ ਦਾ ਫੈਲਾਅ ਕਰ ਕੇ ਉਹ ਟੈਸਟ-ਟਿਊਬ ਨੂੰ ਆਪ ਵੀ ਮੂੰਹ ਲਗਾ ਦਿੰਦਾ ਹੈ। ਇਸ ਵਰਤਾਰੇ ਦਾ ਅੰਦਾਜ਼ਾ ਜਦੋਂ ਵਿਗਿਆਨੀ ਨੂੰ ਲੱਗ ਜਾਂਦਾ ਹੈ ਤਾਂ ਉਸਦੇ ਇਹ ਬੋਲ ਪਾਠਕਾਂ ਨੂੰ ਸੁਚੇਤ ਕਰਦੇ ਪ੍ਰਤੀਤ ਹੁੰਦੇ ਹਨ:

> ਸਾਨੂੰ ਮੌਜੂਦਾ ਹਾਲਾਤ ਉੱਤੇ ਫੋਕਸ ਕਰਨਾ ਹੋਵੇਗਾ। ਹੋਰ ਮਾਹਿਰਾਂ ਨੂੰ ਵੀ ਆਉਣ ਵਾਲੇ ਹਾਲਾਤਾਂ ਬਾਰੇ ਸੁਚੇਤ ਕਰਨ ਦੀ ਲੋੜ ਹੋਵੇਗੀ। ਹੋਰ ਤਾਂ ਹੋਰ ਇਸ ਵਕਤ ਦੀ ਸਭ ਤੋਂ ਵੱਡੀ ਸਮੱਸਿਆ ਤਾਂ ਹੈ ਉਹ ਵਾਇਰਸ ਦਾ ਐਂਟੀਡੋਟ ਲੱਭਣਾ। ਪਰ ਅਜਿਹਾ ਕਰਨ ਤੋਂ ਪਹਿਲਾਂ ਉਸ ਦਾ ਨਵਾਂ ਸੈਂਪਲ ਵੀ ਤਿਆਰ ਕਰਨਾ ਹੋਵੇਗਾ। ਸੱਚ ਹੀ ਬਹੁਤ ਕੰਮ ਹੈ। ਚਲੋ ਜਲਦੀ ਚਲੋ ਪ੍ਰਯੋਗਸ਼ਾਲਾ ਨੂੰ। ਕਿੱਧਰੇ ਦੇਰ ਨਾ ਹੋ ਜਾਏ।

ਅਗਲੀ ਕਹਾਣੀ 'ਤਾਲਾ-ਬੰਦੀ' ਵਿੱਚ ਕੋਵਿਡ-19 ਮਹਾਂਮਾਰੀ ਦੌਰਾਨ ਭਾਰਤ ਦੀ ਰਾਜਨੀਤਿਕ ਤੇ ਸਮਾਜਿਕ ਸਥਿਤੀ 'ਤੇ ਵਿਅੰਗਾਤਮਕ ਚੋਟ ਕੀਤੀ ਗਈ ਹੈ। ਪਾਤਰ ਗੁਰਮੀਤ ਸਿੰਘ ਇੱਕ ਕਵੀ ਹੈ। ਇੱਕਲਾ ਆਪਣੇ ਘਰ ਵਿੱਚ ਉਹ ਤਿੰਨ-ਚਾਰ ਹਫ਼ਤਿਆਂ ਤੋਂ ਬੰਦ ਸੀ। ਇੱਕ ਦਿਨ ਰਾਤ ਨੂੰ ਹਵਾ ਖਾਣ ਲਈ ਸਤਲੁਜ ਦੇ ਕੰਢੇ ਸੈਰ ਕਰਨ ਨਿਕਲ ਜਾਂਦਾ ਹੈ । ਲਾਕਡਾਊਨ ਕਰੇ ਸਥਾਨਕ ਪੁਲਿਸ ਦੇ ਸਖ਼ਤ ਰਵੱਈਏ ਸਦਕਾ ਮੁੱਖ ਪਾਤਰ ਨੂੰ ਧੱਕਾ-ਜ਼ੋਰੀ ਨਾਲ ਗ੍ਰਿਫ਼ਤਾਰ ਕਰਕੇ ਥਾਣੇ ਪਹੁੰਚਾ ਦਿੱਤਾ ਜਾਂਦਾ ਹੈ। ਬਾਲਕਾਂ ਲਈ ਲਿਖੀ ਗਈ ਕਹਾਣੀ 'ਕਰੋਨਾ...ਕਰੋਨਾ...ਗੋ ਅਵੇ' ਵਿੱਚ ਕਰੋਨਾ ਵਾਇਰਸ ਨਾਲ ਸੰਬੰਧਿਤ ਬਾਲ-ਮਾਨਸਿਕਤਾ ਦਾ ਭਰਪੂਰ ਵਰਨਣ ਕੀਤਾ ਗਿਆ ਹੈ। ਤਿੰਨੋਂ ਬੱਚਿਆਂ ਦੀ ਆਪਣੇ ਮਾਤਾ-ਪਿਤਾ ਨਾਲ ਹੋਈ ਵਾਰਤਾਲਾਪ ਦੁਆਰਾ

ਕਰੋਨਾ ਵਾਇਰਸ ਦੇ ਲੱਛਣਾਂ, ਪ੍ਰਭਾਵਾਂ, ਬਚਾਓ-ਸਾਧਨਾਂ ਤੇ ਹੋਰ ਸਾਵਧਾਨੀਆਂ ਬਾਰੇ ਰੋਚਕ ਢੰਗ ਨਾਲ ਸਮਝਾਇਆ ਗਿਆ ਹੈ। ਕਰੋਨਾ ਵਾਇਰਸ ਤੋਂ ਬਚਣ ਲਈ ਕੀ ਕੁੱਝ ਕੀਤਾ ਜਾ ਸਕਦਾ ਹੈ ਉਸ ਬਾਰੇ ਇਸ ਕਹਾਣੀ ਵਿੱਚ ਬਾਖ਼ੂਬੀ ਸਮਝਾਇਆ ਗਿਆ ਹੈ।

**3.4 ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਪੰਜਾਬੀ ਗਲਪ ਦੀ ਸਾਰਥਿਕਤਾ**

ਡਾ.ਜੋਗਿੰਦਰ ਸਿੰਘ ਨਹਿਰੂ ਨੇ ਆਪਣੀ ਪੁਸਤਕ 'ਕਹਾਣੀ ਦੀ ਵਿਧਾ' ਵਿੱਚ ਕਹਾਣੀ ਦੀ ਪ੍ਰਕਿਰਤੀ ਬਾਰੇ ਵਿਚਾਰ ਪ੍ਰਸਤੁਤ ਕਰਨ ਲਈ ਵਿਖਿਆਤ ਸਹਿਤ ਚਿੰਤਕ ਡਾ. ਹਰਭਜਨ ਦੀ ਵਿਚਾਰਧਾਰਾ ਦੇ ਹਵਾਲੇ ਦਿੰਦੇ ਹੇ ਆਖਦੇ ਹਨ:

> ਡਾ.ਹਰਿਭਜਨ ਸਿੰਘ ਕਹਾਣੀ ਨੂੰ ਲਗਭਗ ਸਾਰੇ ਰੂਪਾਂ ਵਿੱਚੋਂ ਵਧੇਰੇ ਸਹਿਜ ਅਤੇ ਪ੍ਰਕਿਰਤਕ ਮੰਨਦੇ ਹਨ। ਕਹਾਣੀ ਦੀ ਸਹਿਜ ਪ੍ਰਕਿਰਤੀ ਇਤਨੀ ਸਪੱਸ਼ਟ ਅਤੇ ਸਰਲ ਹੈ ਕਿ ਕਹਾਣੀਕਾਰਾਂ ਅਤੇ ਕਹਾਣੀ ਕਲਾ ਦੇ ਹਿਮਾਇਤੀਆਂ ਨੂੰ ਇਸ ਉੱਪਰ ਉਚੇਚਾ ਜ਼ੋਰ ਦੇਣ ਦੀ ਲੋੜ ਪ੍ਰਤੀਤ ਨਹੀਂ ਹੋਈ। ਸਹਿਜ-ਸੁੰਦਰ ਅਤੇ ਸਾਧਾਰਨ-ਸੰਤੁਲਿਤ ਹੋਣ ਦੇ ਨਾਲ-ਨਾਲ ਕਹਾਣੀ ਸਾਰੇ ਸਾਹਿਤ ਰੂਪਾਂ ਵਿੱਚ ਸਭ ਤੋਂ ਵਧੀਕ ਆਜ਼ਾਦ ਵੀ ਹੈ(32)

ਸੂਖ਼ਮ ਪੱਧਰ ਉੱਤੇ ਪੰਜਾਬੀ ਕਹਾਣੀ ਵਿੱਚ ਵਾਤਾਵਰਨ ਬਾਰੇ ਬਹੁਤਾ ਲਿਖਿਆ ਹੀ ਨਹੀਂ ਗਿਆ। ਇਸ ਦਾ ਵੱਡਾ ਕਾਰਨ ਕਹਾਣੀ ਖੇਤਰ ਲਈ ਪ੍ਰਸਤੁਤ ਹੋਰ ਵੰਨ-ਸੁਵੰਨੇ ਵਿਸ਼ਿਆਂ ਦੀ ਬਹੁਤਾਤ ਵੀ ਹੈ ਤੇ ਉੱਨੀਂਵੀਂ ਸਦੀ ਤੱਕ ਪੰਜਾਬ ਦੇ ਰਹਿਤਲ ਦਾ ਆਮ ਤੌਰ ਤੇ ਵਾਜਿਬ ਰਹਿਣਾ ਵੀ ਇੱਕ ਕਾਰਨ ਹੈ। ਇਸੇ ਸੰਦਰਭ ਵਿੱਚ ਡਾ.ਹਰਿਭਜਨ ਆਪਣੀ ਪੁਸਤਕ 'ਕਹਾਣੀ ਦੀ ਵਿਧਾ' ਵਿੱਚ ਆਪਣਾ ਮਤ ਇਉਂ ਪੇਸ਼ ਕਰਦੇ ਹਨ:

> ਪੰਜਾਬ ਦੇ ਭੋਇ-ਮੰਡਲ ਜਾਂ ਮੌਸਮ ਨੇ ਪੰਜਾਬੀ ਕਹਾਣੀ ਵਿੱਚ ਪਛਾਨਣਯੋਗ ਹਿੱਸਾ ਨਹੀਂ ਪਾਇਆ। ਹਥੇਲੀ ਵਾਂਗ ਸਪਾਟ, ਸਮਤਲ ਵਿਛੀ ਪੰਜਾਬ ਦੀ ਧਰਤੀ ਲਗਭਗ ਬੇਨਕਸ਼ ਹੈ, ਉਹ ਹਰ ਥਾਂ ਇਕੋ ਜਿਹੀ ਹੈ। ਨਾ ਇੱਥੇ ਉੱਚੇ ਪਰਬਤ, ਨਾ ਡੂੰਘੀਆਂ ਖੱਡਾਂ, ਨਾ ਸਮੁੰਦਰ, ਨਾ ਝੀਲਾਂ, ਨਾ ਬਰੇਤੇ, ਨਾ ਰੱਖਾਂ, ਨਾ ਬੇਲੇ, ਨਾ ਜੰਗਲ। ਪੰਜਾਬ ਦੇ ਅਤਿਅੰਤ ਸਭਿਅ ਭੋਇੰ –ਮੰਡਲ ਤੇ ਮੌਸਮ ਨੇ ਪੰਜਾਬੀ

ਸਾਹਿਤ ਅਤੇ ਸੰਸਕ੍ਰਿਤੀ ਨੂੰ ਸਹਿਜ ਸੰਤੁਲਨ ਦੇ ਨੇੜੇ ਰੱਖਿਆ ਹੈ। ਉਸ ਦਾ ਕਹਾਣੀ ਸਾਹਿਤ ਵੀ ਅਤੀਵਾਦ ਨੂੰ ਛੱਡ ਕੇ ਮੱਧ-ਮਾਰਗ ਦੇ ਨੇੜੇ-ਤੇੜੇ ਰਿਹਾ ਹੈ(40)

ਡਾ. ਹਰਿਭਜਨ ਦੇ ਉਪਰੋਕਤ ਵਿਚਾਰ ਨਾਲ ਕੁਝ ਵਿਦਵਾਨ ਪੂਰੀ ਤਰ੍ਹਾਂ ਸਹਿਮਤ ਨਹੀਂ ਹਨ। ਬੇਸ਼ੱਕ ਪੰਜਾਬ ਦੀ ਧਰਤੀ ਦੀ ਭੂਗੋਲਿਕ ਸਥਿਤੀ ਲਗਭਗ ਇੱਕ ਸਮਾਨ ਹੈ। ਫਿਰ ਵੀ ਵਿਸ਼ਵ ਪੱਧਰ 'ਤੇ ਪੈਦਾ ਹੋਈ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਤੋਂ ਪੰਜਾਬ ਦੀ ਧਰਤੀ ਅਭਿੱਜ ਨਹੀਂ ਰਹਿ ਸਕਦੀ। ਵਾਤਾਵਰਨ ਦੇ ਅਜਿਹੇ ਸੰਕਟਮਈ ਦੌਰ ਵਿੱਚ ਇਸ ਸਰੋਕਾਰ ਬਾਰੇ ਪੰਜਾਬੀ ਕਹਾਣੀ ਦਾ ਘੱਟ ਲਿਖਿਆ ਜਾਣਾ ਅਸਲ ਵਿੱਚ ਨਿਰਾਸ਼ਾਜਨਕ ਹੈ।

ਖੋਜ ਅਧੀਨ ਅਜੇ ਤੱਕ ਦੋ ਨਾਵਲ 'ਕੈਂਸਰ ਟਰੇਨ' ਅਤੇ 'ਇਥੋਂ ਰੇਗਿਸਤਾਨ ਦਿਸਦਾ ਹੈ' ਸ਼ਾਮਿਲ ਕੀਤੇ ਗਏ ਹਨ। ਦੋਵੇਂ ਹੀ ਸਾਲ 2017 ਵਿੱਚ ਪ੍ਰਕਾਸ਼ਿਤ ਹੋਏ ਹਨ, ਦੋਵੇਂ ਹੀ ਮਾਲਵੇ ਦੇ ਰਹਿਤਲ, ਸੱਭਿਆਚਾਰ ਅਤੇ ਕਿਰਸਾਨੀ ਪਿਛੋਕੜ ਨਾਲ ਸੰਬੰਧਤ ਹਨ। ਇਹਨਾਂ ਨਾਵਲਾਂ ਵਿੱਚ ਜਿੱਥੇ ਪੰਜਾਬ ਦੇ ਵਿਗੜ ਰਹੇ ਵਾਤਾਵਰਨ ਬਾਰੇ ਚਿੰਤਾ ਹੈ ਉੱਥੇ ਪ੍ਰਦੂਸ਼ਣ ਦੇ ਕਾਰਨਾਂ ਤੇ ਸੰਭਾਵਿਤ ਸਮਾਧਾਨਾਂ ਦਾ ਚਿੰਤਨ ਹੋਇਆ ਵੀ ਮਿਲਦਾ ਹੈ। 'ਕੈਂਸਰ ਟਰੇਨ' ਨਾਵਲ ਵਿੱਚ ਵਾਤਾਵਰਨ ਪ੍ਰਦੂਸ਼ਣ ਨਾਲ ਜੁੜੀਆਂ ਗੰਭੀਰ ਸਿਹਤ ਸਮੱਸਿਆਵਾਂ ਦਾ ਭਾਵਪੂਰਨ ਚਿਤਰਨ ਕੀਤਾ ਗਿਆ ਹੈ। ਗ਼ਰੀਬ ਪੇਂਡੂ ਕਿਸਾਨ ਦੋ ਵਕਤ ਦੀ ਰੋਟੀ ਕਮਾਉਣ ਲਈ ਕੈਂਸਰ ਰੋਗੀ ਹੋਣ ਦੇ ਬਾਵਜੂਦ ਸਖ਼ਤ ਮਿਹਨਤ ਕਰਦੇ ਵਿਖਾਏ ਗਏ ਹਨ। ਇਹਨਾਂ ਲੋਕਾਂ ਕੋਲ ਇਲਾਜ ਕਰਵਾਉਣ ਜੋਗੇ ਪੈਸੇ ਤਾਂ ਕੀ ਬੀਕਾਨੇਰ ਹਸਪਤਾਲ ਪੁੱਜਣ ਜੋਗੇ ਪੈਸੇ ਵੀ ਨਹੀਂ ਹੁੰਦੇ। ਸਰਕਾਰੀ ਫੰਡ ਤਹਿਤ ਅਜਿਹੇ ਮਰੀਜ਼ਾਂ ਦੀ ਮਾਲੀ ਮੱਦਦ ਵਿੱਚ ਅਕਸਰ ਹੁੰਦੀ ਦੇਰੀ ਅਤੇ ਹੇਰਾ-ਫ਼ੇਰੀ ਮਰੀਜ਼ਾਂ ਦੇ ਪਰਿਵਾਰਾਂ ਲਈ ਚਿੰਤਾ ਦਾ ਵਿਸ਼ਾ ਬਣੀ ਰਹਿੰਦੀ ਹੈ। ਸਰਕਾਰੀ ਕੋਸ਼ ਵਿੱਚੋਂ ਮੱਦਦ ਲੋਕਾਂ ਤਾਈਂ ਪਹੁੰਚਾਉਣ ਵਾਲਾ ਹਾਕਮ ਵਰਗ ਜ਼ਰੂਰਤਮੰਦ ਮਰੀਜ਼ਾਂ ਨੂੰ ਇੰਝ ਸਮਝਦਾ ਹੈ ਜਿਵੇਂ ਆਪਣੀ ਜੇਬ ਵਿੱਚੋ ਉਹਨਾਂ ਲਈ ਦਾਨ-ਪੁੰਨ ਕਰ ਰਿਹਾ ਹੋਵੇ। ਮਰੀਜ਼ਾਂ ਨੂੰ ਆਰਥਿਕ ਸਹਾਇਤਾ ਦੇਣ ਲਈ ਕੁਝ ਸੱਤਾਧਾਰੀ ਆਪਣੇ ਜਨਮਦਿਨ ਵਰਗੇ ਵਿਸ਼ੇਸ਼ ਸਮਾਗਮਾਂ ਲਈ ਰਾਖਵਾਂ ਰੱਖਦੇ ਹਨ ਅਤੇ ਮੱਦਦ ਲਈ ਤੜਫਦੇ ਮਰੀਜ਼ਾਂ ਨੂੰ ਲਟਕਾਉਂਦੇ ਰਹਿੰਦੇ ਹਨ।

ਆਰਥਿਕ ਸਹਾਇਤਾ ਨੂੰ ਤਰਸਦੇ ਲੋਕ ਕਦੇ ਆਪਣੀ ਹੋਣੀ 'ਤੇ ਝੂਰਦੇ ਹਨ। ਨਾਵਲ ਦਾ ਮੁੱਖ ਪਾਤਰ ਆਪਣੇ ਖੋਜ ਪ੍ਰੋਜੈਕਟ ਦੇ ਸੰਦਰਭ ਵਿੱਚ ਤੱਥ ਤੇ ਜਾਣਕਾਰੀਆਂ ਇੱਕਠੀਆਂ ਕਰਦਾ-ਕਰਦਾ ਭਾਵਨਾਤਮਿਕ ਰੂਪ ਵਿੱਚ ਵੀ ਕੈਂਸਰ-ਗ੍ਰਸਤ ਪਰਿਵਾਰਾਂ ਨਾਲ ਇਉਂ ਜੁੜ ਜਾਂਦਾ ਹੈ ਜਿਵੇਂ ਕਿ ਉਹ ਸਾਰੇ ਉਸਦੇ ਆਪਣੇ ਹੀ ਰਿਸ਼ਤੇਦਾਰ ਹੋਣ। ਰਿਪੋਰਟ ਲਈ ਅੰਕੜੇ ਇੱਕਠੇ ਕਰਦਿਆਂ ਉਸ ਨੂੰ ਵਾਰ-ਵਾਰ ਅਹਿਸਾਸ ਹੁੰਦਾ ਹੈ ਕਿ ਉਹ ਇਹਨਾਂ ਸਾਰੇ ਮਰੀਜ਼ਾਂ ਦੀ ਸਹਾਇਤਾ ਕਰਨਾ ਚਾਹੁੰਦਾ ਹੈ ਪਰ ਸਮੱਸਿਆ ਦਾ ਖੇਤਰ ਇੰਨਾ ਵਿਸ਼ਾਲ ਹੈ ਤੇ ਮਰੀਜ਼ਾਂ ਦੀ ਗਿਣਤੀ ਏਨੀ ਵੱਧ ਹੈ ਕਿ ਅਮਨ ਦੀ ਪੂਰੀ ਤਨਖਾਹ ਨਾਲ ਵੀ ਪੂਰਾ ਨਹੀਂ ਪੈ ਸਕਦਾ। ਇਸੇ ਓਚੱੜਚਿੱਤੀ ਵਾਲੀ ਸਥਿਤੀ ਵਿੱਚ ਮਰੀਜ਼ ਤਾਂ ਮਰੀਜ਼ ਉਹ ਆਪ ਵੀ ਡੂੰਘੀ ਨਮੋਸ਼ੀ ਦਾ ਸ਼ਿਕਾਰ ਹੋ ਜਾਂਦਾ ਹੈ। ਉਸਦਾ ਅੰਤਰ ਮਨ ਉਸ ਨੂੰ ਕੋਂਹਦਾ ਹੈ ਕਿ ਮਹਿਜ਼ ਰਿਪੋਰਟ ਤਿਆਰ ਕਰਨ ਲਈ ਉਸ ਨੇ ਅਨੇਕਾਂ ਮਰੀਜ਼ਾਂ ਦੇ ਅੱਲੇ ਜ਼ਖ਼ਮਾਂ ਨੂੰ ਆਸ ਦੀ ਕਿਰਨ ਵਿਖਾ ਕੇ ਮੁੜ-ਮੁੜ ਫੋਲਿਆ ਹੈ। ਉਸ ਦਾ ਹਿਰਦਾ ਉਸ ਨੂੰ ਰੱਜ-ਰੱਜ ਕੇ ਲਾਹਨਤਾਂ ਪਾਉਂਦਾ ਹੈ। ਨਾਵਲ ਦੇ ਅਖੀਰ ਵਿੱਚ ਉਸ ਨੂੰ ਪੂਰਾ ਪੰਜਾਬ ਹੀ ਇਸ ਭਿਆਨਕ ਰੋਗ ਦੇ ਸ਼ਿੰਕਜੇ ਵਿੱਚ ਜਕੜਿਆ ਪ੍ਰਤੀਤ ਹੁੰਦਾ ਹੈ। ਹੁਣ ਉਹ ਰਿਪੋਰਟ ਪੂਰੀ ਕਰਨ ਦੀ ਦਸਤਾਵੇਜ਼ੀ ਕਾਰਵਾਈ ਤੋਂ ਬਿਨਾਂ ਵੀ ਇਸ ਗੰਭੀਰ ਸਮੱਸਿਆ ਦੇ ਹੱਲ ਭਾਲਣ ਦੀ ਕੋਸ਼ਿਸ਼ ਕਰਦਾ ਹੈ। ਹਨੇਰੇ ਵਿੱਚ ਆਸ ਦੀ ਕਿਰਨ ਵਾਂਗ ਉਸ ਨੂੰ ਅਤੀਤ ਵਿੱਚ ਲੱਗੇ ਇੱਕਾ-ਦੁੱਕਾ ਕੈਂਸਰ ਜਾਗਰੂਕਤਾ ਕੈਂਪ, ਮੁਫ਼ਤ ਚੈਕਅੱਪ ਕੈਂਪ ਅਤੇ ਦਵਾਈਆਂ ਤਕਸੀਮ ਕਰਨ ਵਾਲੇ ਕੈਂਪ ਯਾਦ ਆਉਂਦੇ ਹਨ। ਆਪਣੇ ਪਰਵਾਸੀ ਵਾਕਿਫ਼ਕਾਰਾਂ ਦੀ ਵਿੱਤੀ ਮੱਦਦ ਨਾਲ ਉਹ ਇਸ ਸੰਬੰਧੀ ਵਧੇਰੇ ਕੈਂਪ ਲਗਵਾਉਣਾ ਅਤੇ ਸਸਤੇ ਇਲਾਜ ਦੇਣ ਵਾਲੇ ਹਸਪਤਾਲ ਬਣਾਉਣਾ ਲੋਚਦਾ ਹੈ। ਬਿਨਾਂ ਸ਼ੱਕ ਇਸ ਨਾਵਲ ਦੇ ਅਖੀਰ ਵਿੱਚ ਅਮਨ ਦੇ ਅੰਤਰ-ਦਵੰਦ ਵਿੱਚੋਂ ਉਪਜਿਆ ਹਾਂ-ਪੱਖੀ ਹੁੰਗਾਰਾ ਚੇਤਨਾ ਦੀ ਅਸੀਮ ਸੰਭਵਾਨਾ ਸਾਂਭੀ ਬੈਠਾ ਹੈ। ਮਾਲਵੇ ਦੀ ਕੈਂਸਰ ਪੱਟੀ ਬਾਰੇ ਲਿਖਿਆ ਗਿਆ ਇਹ ਨਾਵਲ ਮਹਿਜ਼ ਕਾਲਪਨਿਕ ਪ੍ਰਗਟਾਵਾ ਨਹੀਂ ਸਗੋਂ ਸੱਚ ਆਧਾਰਿਤ ਸੰਕਟ ਦੀ ਲਿਖਤੀ ਪੇਸ਼ਕਾਰੀ ਹੈ। ਨਿਸ਼ਚਿਤ ਹੀ ਇਸ ਨਾਵਲ ਵਿੱਚ ਵਾਤਾਵਰਨ ਦੇ ਸੰਦਰਭ ਵਿੱਚ ਚੇਤਨਾ ਪ੍ਰਸਾਰਿਤ ਕਰਨ ਦੀ ਸਾਰਥਿਕਤਾ ਅਤੇ ਸਮੱਰਥਾ ਹੈ।

ਜਸਵੀਰ ਰਾਣਾ ਦਾ ਨਾਵਲ 'ਇੱਥੋ ਰੇਗਿਸਤਾਨ ਦਿਸਦਾ ਹੈ' ਦਾ ਧੁਰਾ ਵਾਤਵਰਨ ਅਤੇ ਮਾਂ ਬੋਲੀ ਦੁਆਲੇ ਹੀ ਘੁੰਮਦਾ ਹੈ। ਤੇਤੀ ਕਾਂਡਾਂ ਵਿੱਚ ਵੰਡਿਆ ਅਤੇ ਇੱਕ ਸੌ ਸੱਠ ਪੰਨ੍ਹਿਆਂ 'ਤੇ ਵਿਗਸਿਆ ਇਹ ਨਾਵਲ ਨਵੀਨ ਜੁਗਤਾਂ ਅਤੇ ਪ੍ਰਯੋਗਾਂ ਨਾਲ ਲੈੱਸ ਹੋ ਕੇ ਬੇਸ਼ੱਕ ਆਧੁਨਿਕ ਬੋਧ ਵਾਲਾ ਨਾਵਲ ਹੋ ਨਿਬੜਿਆ ਹੈ ਪਰ ਫਿਰ ਵੀ ਇਹ ਪੰਰਪਰਾ ਅਤੇ ਪਰਿਆਵਰਣ ਦੀ ਸੁੱਖ ਲੋੜਦਾ ਰਹਿੰਦਾ ਹੈ। ਨਾਵਲ ਵਿੱਚ ਕੀਤੇ ਗਏ ਨਵੇਂ ਉਪਰਾਲੇ ਪਾਠਕਾਂ ਦੀ ਇਕਾਗਰਤਾ ਨੂੰ ਵਿਸ਼ੇਸ਼ ਤੌਰ 'ਤੇ ਖਿੱਚਦੇ ਪ੍ਰਤੀਤ ਹੁੰਦੇ ਹਨ। ਨੀਤੀ ਦੀ ਸੋਚ ਲੜੀ ਵਿੱਚ ਉਭੱਰਦਾ ਵਿਗਿਆਨੀ ਡਾਕਟਰ ਬੋਸ ਸਪੈਸ਼ਲ ਯੰਤਰ ਲਗਾ ਕੇ ਰੁੱਖਾਂ ਦੀ ਜੀਵਨ-ਰੇਖਾ ਨੂੰ ਵਾਚਦਾ ਹੈ। ਜਦੋਂ ਉਹ ਨੀਤੀ ਦੇ ਹੱਥਾਂ ਵਿੱਚ ਕੁਹਾੜੀ ਫੜ੍ਹਾ ਕੇ ਰੁੱਖਾਂ ਵੱਲ ਵੱਧਣ ਦੀ ਹਿਦਾਇਤ ਕਰਦਾ ਹੈ ਤਾਂ, ਜਿਸ ਰੁੱਖ ਕੋਲ ਨੀਤੀ ਜਾ ਖਲੋਂਦੀ ਹੈ, ਉਸੇ ਰੁੱਖ 'ਤੇ ਲੱਗਿਆ ਮੀਟਰ ਅਸਹਿਜ ਰੀਡਿੰਗ ਦਿਖਾ ਦਿੰਦਾ ਹੈ। ਉਸਦੇ ਲਾਗੇ ਖੜੇ ਬਾਕੀ ਦੇ ਰੁੱਖਾਂ 'ਤੇ ਲੱਗੇ ਯੰਤਰ ਸਧਾਰਨ ਰੀਡਿੰਗ ਦਿਖਾਉਂਦੇ ਹਨ। ਇਸ ਪ੍ਰਯੋਗ ਤੋਂ ਡਾਕਟਰ ਬੋਸ ਇਹ ਸਿੱਧ ਕਰਨਾ ਚਾਹੁੰਦਾ ਹੈ ਕਿ ਨੀਤੀ ਕੇਵਲ (ਝੂਠੀ-ਮੂਠੀ ਹੀ) ਰੁੱਖ ਵੱਢਣ ਦਾ ਖ਼ਿਆਲ ਮਨ ਵਿੱਚ ਧਾਰ ਕੇ ਇੱਕ ਰੁੱਖ ਕੋਲ ਆ ਖ਼ਲੋਈ ਹੈ, ਅਜੇ ਵੱਢਿਆ ਨਹੀਂ, ਕੇਵਲ ਮਨ ਦੇ ਵਿਚਾਰ ਤੋਂ ਡਰ ਕੇ ਰੁੱਖ ਅਸਹਿਜ ਹੋ ਗਿਆ ਹੈ ਤੇ ਡਰ ਕੇ ਕੰਬਣ ਲੱਗਾ ਹੈ। ਜੇਕਰ ਮਾਨਸਿਕ ਵਿਕਾਰਾਂ ਦੀਆਂ ਤਰੰਗਾਂ ਧੁਨੀ ਤਰੰਗਾਂ ਵਾਂਗ ਵਾਤਾਵਰਨ ਵਿੱਚ ਪਸਾਰ ਕਰਦੀਆਂ ਹਨ ਤਾਂ ਰੁੱਖਾਂ ਦੇ ਵੱਢੇ ਜਾਣ ਦਾ ਸੰਤਾਪ ਫਿਰ ਸਮਾਜ ਨੂੰ ਹਿਲਾ ਕੇ ਕਿਵੇਂ ਨਹੀਂ ਰੱਖ ਸਕਦਾ? ਵਾਤਾਵਰਨ ਵੱਲੋਂ ਲਾਪਰਵਾਹ ਹੋ ਕੇ ਮਨੁੱਖ ਚੈਨ ਦੀ ਨੀਂਦ ਕਦੋ ਕੁ ਤੱਕ ਸੌਂ ਸਕਦਾ ਹੈ। ਉਕਤ ਪ੍ਰਯੋਗਾਂ ਤੋਂ ਬਿਨਾਂ ਕਾਰੋਬਾਰੀ ਮੋਦੀ ਨੂੰ ਅਜੀਬ ਕਿਸਮ ਦੇ ਦਬਾਅ ਆਉਣਾ, ਹਰਦੇਵ ਤਾਏ ਦੇ ਸੁਫ਼ਨਿਆਂ ਵਿੱਚ ਅਕਸਰ ਨੀਤੀ ਦੇ ਪਿਤਾ ਦਾ ਆ ਕੇ ਵਾਤਾਵਰਨ-ਹਿਤੈਸ਼ੀ ਵਿਚਾਰ ਦੱਸਣਾ, ਖੋਜੀ ਤੇ ਨੀਤੀ ਦਾ ਪਰਸਪਰ ਵਾਤਾਵਰਨ ਦੇ ਸੰਦਰਭ ਵਿੱਚ ਚਿੱਠੀ-ਪੱਤਰੀ ਕਰਨਾ, ਵਿਆਹ ਸਾਮਾਰੋਹ ਨੂੰ ਰੁੱਖ-ਬੂਟੇ ਲਗਾ ਕੇ ਸਾਦੇ ਢੰਗ ਨਾਲ ਆਯੋਜਿਤ ਕਰਨਾ, ਮਾਂ ਦੇ ਸੰਸਕਾਰ ਸਮੇਂ ਬੋਹੜ ਲਗਾ ਕੇ ਘੜੇ ਨੂੰ ਭੰਨ੍ਹਣ ਦੀ ਬਜਾਏ ਘੜੇ ਦਾ ਪਾਣੀ ਬੋਹੜ ਸਿੰਜਣ ਲਈ ਵਰਤਣਾ ਆਦਿ ਅਨੇਕਾਂ ਹੀ ਸੰਕੇਤਕੀ-ਚੁੰਬਕ ਨਾਵਲ ਅੰਦਰ ਮੌਜੂਦ ਹਨ, ਜਿਹੜੇ ਸਹਿਜ-ਸੁਭਾ ਹੀ ਪਾਠਕਾਂ ਨੂੰ ਆਪਣੇ ਵੱਲ ਖਿੱਚਦੇ ਹਨ ਤੇ ਇੱਕੋ ਬੈਠਕ ਵਿੱਚ ਪੂਰੀ ਪੁਸਤਕ ਪੜ੍ਹਣ ਦੀ ਚਾਟ

ਲਾਉਂਦੇ ਹਨ। ਮੁਹਾਵਰੇਦਾਰ ਸ਼ੈਲੀ, ਆਧੁਨਿਕ ਬੋਧ ਦੀ ਸ਼ਬਦ ਵਰਤੋਂ ਤੇ ਵੱਖ-ਵੱਖ ਦ੍ਰਿਸ਼/ਨੁਕਤੇ ਉਘਾੜ ਕੇ ਨਾਵਲਕਾਰ ਨੇ ਚੇਤਨਾ ਪ੍ਰਸਾਰਿਤ ਕਰਨ ਵਾਲੇ ਢੰਗ ਅਸਲੋਂ ਨਵੇਂ ਆਪਣਾਏ ਹਨ। ਨਾਵਲ ਵਿੱਚ ਪੰਜ ਦਰਿਆਵਾਂ ਦੀ ਧਰਤੀ ਦਾ ਰੇਗਿਸਤਾਨ 'ਚ ਤਬਦੀਲ ਹੋਣੋਂ ਬਚਾਉਣ ਦਾ ਨਾਅਰਾ ਹੈ। ਭਵਿੱਖਤ ਸੰਕਟ ਦੇ ਨਕਸ਼ਾਂ ਵਿੱਚ ਖ਼ਾਲੀ ਗੜਵੀ ਲੈ ਕੇ ਬੰਨ੍ਹੇ-ਬੰਨ੍ਹੀ ਦੇ ਸਿਰ ਤੋਂ ਪਾਣੀ ਵਾਰ ਕੇ ਪੀਣ ਦੀ ਐਕਟਿੰਗ ਹੈ। ਲਾਗਲੇ ਪਿੰਡਾਂ ਉੱਤੇ ਪਾਣੀ ਦੀ ਲੁੱਟ ਕਰਨ ਦੇ ਆਸ਼ੇ ਨਾਲ ਹਮਲੇ ਦੀ ਤਿਆਰੀ ਵੀ ਵਿਖਾਈ ਗਈ ਹੈ। ਪੂਰੇ ਨਾਵਲ ਦਾ ਸਾਰ-ਤੱਤ ਅਖ਼ੀਰਲੀਆਂ ਦੋ ਸਤਰਾਂ ਵਿੱਚ ਸਮਾਇਆ ਹੋਇਆ ਹੈ ਜਦੋਂ ਅਰਥੀ ਤੋਂ ਅਚਾਨਕ ਉੱਠ ਬੈਠੀ ਨੀਤੀ ਦੀ ਮਾਂ ਬੋਲ ਪੈਂਦੀ ਹੈ ਕਿ: "ਉਹ ਤਾਂ ਜਮਦੂਤ ਗਲ਼ਤੀ ਨਾਲ ਲੈ ਗਏ ਤੀ!... ਮੈਨੂੰ ਛੱਡ ਕੇ ਜਾਣ ਲੱਗੇ ਕਹਿੰਦੇ ਮੌਤ ਤਾਂ ਕਿਸੇ ਹੋਰ ਦੀ ਆਈ ਐ!!" *ਕਿਸੇ ਹੋਰ* ਦਾ ਇਸ਼ਾਰਾ ਉਹਨਾਂ ਲੋਕਾਂ ਦੇ ਗੁੱਟ ਤੋਂ ਹੈ, ਜਿਹੜੇ ਵਾਤਾਵਰਨ ਨੂੰ ਜੁੱਤੀ ਦੀ ਨੋਕ 'ਤੇ ਰੱਖ ਕੇ ਬਰਬਾਦ ਕਰੀ ਜਾ ਰਹੇ ਹਨ, ਜਿਹੜੇ ਸਾਹ ਤਾਂ ਪਿੱਪਲ ਦੀ ਛਾਵੇਂ ਲੈਂਦੇ ਹਨ, ਪਰ ਗੁਣਗਾਨ ਏ.ਸੀ. ਦਾ ਕਰਦੇ ਹਨ। ਜਿਹੜੇ ਮਾਂ, ਧਰਤੀ ਮਾਂ ਤੇ ਮਾਂ-ਬੋਲੀ ਤੋਂ ਬੇਮੁੱਖ ਹੋ ਕੇ ਪੁੱਤੋਂ ਕਪੁੱਤ ਬਣਦੇ ਜਾ ਰਹੇ ਹਨ...ਅਸਲ ਵਿੱਚ ਮੌਤ ਤਾਂ ਉਹਨਾਂ ਦੀ ਆਈ ਸਮਝੋ। ਜਿਹਨਾਂ ਦੇ ਦਿਲ ਵਿੱਚ ਚੁਗਿਰਦੇ ਲਈ ਮੋਹ-ਪਿਆਰ ਮਰ ਚੁੱਕਾ ਹੈ। ਉਹ ਤਾਂ ਕਦੋਂ ਦੇ ਜ਼ਿੰਦਾ ਤੇ ਮਸ਼ੀਨੀ ਲਾਸ਼ਾਂ ਬਣ ਚੁੱਕੇ ਹਨ। ਜੇਕਰ ਉਹ ਨਾ ਸੁਧਰੇ ਤਾਂ ਆਉਣ ਵਾਲੇ ਕੁਝ ਹੀ ਸਮੇਂ ਅੰਦਰ ਉਹ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਮਰ-ਮੁੱਕ ਜਾਣਗੇ। ਅਤੀਤ ਬਣ ਜਾਣਗੇ ਤੇ ਫਿਰ ਸੰਭਲ ਨਾ ਸਕਣਗੇ।

ਇਸ ਪ੍ਰਕਾਰ ਇਹ ਨਾਵਲ ਵਾਤਾਵਰਨ ਦੇ ਸੰਦਰਭ ਵਿੱਚ ਪਾਠਕਾਂ ਨੂੰ ਦਿਲਚਸਪ ਪਰੰਤੂ ਜ਼ੋਰਦਾਰ ਝਟਕੇ ਦੇ ਕੇ ਹਲੂਣਦਾ ਪ੍ਰਤੀਤ ਹੁੰਦਾ ਹੈ। ਪਰੰਤੂ ਇਸ ਦਾ ਘਟਨਾਕ੍ਰਮ ਏਨ੍ਹਾ ਸੁਭਾਵਿਕ ਅਤੇ ਲਚੀਲਾ ਹੈ ਕਿ ਚੇਤਨਾ ਦਾ ਪ੍ਰਸਾਰ ਵੀ ਕਰਦਾ ਹੈ ਤੇ ਪਤਾ ਵੀ ਨਹੀਂ ਚਲਦਾ। ਸੋ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਵਾਤਾਵਰਨ ਦੇ ਪ੍ਰਸੰਗ ਵਿੱਚ ਇੱਕੀਵੀਂ ਸਦੀ ਦੇ ਪੰਜਾਬੀ ਗਲਪ ਦੀ ਸਮਰੱਥਾ ਖੁੱਲ੍ਹ ਕੇ ਪਾਠਕਾਂ ਤੇ ਖੋਜਾਂ ਦੇ ਸਾਹਮਣੇ ਪ੍ਰਗਟ ਹੋ ਰਹੀ ਹੈ। ਇਸ ਵਿੱਚ ਜਨ ਸਧਾਰਨ ਨੂੰ ਵਾਤਾਵਰਨ ਪ੍ਰਤੀ ਚੇਤੰਨ ਕਰਨ ਦਾ ਗੁਣ ਸੁਭਾਵਿਕ ਰੂਪ ਵਿੱਚ ਸ਼ਾਮਿਲ ਹੈ।

## ਅਧਿਆਇ ਚੌਥਾ : ਪੰਜਾਬੀ ਨਿਬੰਧ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ

ਵਾਤਾਵਰਨ ਚੇਤਨਾ ਸੰਬੰਧੀ ਸਾਹਿਤ ਅੰਦਰ ਵਿਸ਼ੇਸ਼ ਕਰ ਕੇ ਨਿਬੰਧਾਂ ਵਿੱਚ ਅੱਗੋਂ ਭਿੰਨ-ਭਿੰਨ ਪ੍ਰਕਾਰ ਦੇ ਨਿਬੰਧ ਲਿਖੇ ਗਏ ਹਨ। ਨਿਰੋਲ ਵਿਗਿਆਨਕ ਪਹੁੰਚ ਵਾਲੇ ਨਿਬੰਧਾਂ ਵਿੱਚ ਵਾਤਾਵਰਨ ਦੇ ਅੰਸ਼, ਅੰਕੜੇ, ਕੁਦਰਤੀ ਸਮਤੋਲ ਅਤੇ ਪ੍ਰਦੂਸ਼ਣ ਮਾਤਰਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਕੁਝ ਨਿਬੰਧ ਸੱਭਿਆਚਾਰ ਨਾਲ ਜੋੜ ਕੇ ਵਾਤਾਵਰਨ ਨੂੰ ਸੰਭਾਲਣ ਦੀ ਬਾਤ ਪਾਉਂਦੇ ਪ੍ਰਤੀਤ ਹੁੰਦੇ ਹਨ। ਕੁਝ ਹੋਰ ਪ੍ਰਕਾਰ ਦੇ ਨਿਬੰਧਾਂ ਵਿੱਚ ਵਿਗੜ ਰਹੇ ਵਾਤਾਵਰਨ ਦੀ ਸਮੱਸਿਆ ਨੂੰ ਨਜਿੱਠਣ  ਲਈ ਚੇਤਾਵਨੀ-ਮੂਲਕ ਅਤੇ ਸੁਝਾਓ-ਮੂਲਕ ਵਾਰਤਕ ਲਿਖੀ ਗਈ ਹੈ।  ਕੁਲ ਮਿਲਾ ਕੇ ਖੋਜ ਕਾਰਜ ਵਿੱਚ ਸ਼ਾਮਿਲ ਨਿਬੰਧ ਵਾਤਾਵਰਨ ਨਾਲ ਪ੍ਰਤੱਖ ਰੂਪ ਵਿੱਚ ਸੰਬੰਧਿਤ ਹਨ ਅਤੇ ਵਾਤਾਵਰਨ ਦੇ ਨਿਰੋਲ ਸਰੂਪ ਅਤੇ ਅਸੰਤੁਲਿਤ ਸਥਿਤੀ ਦਾ ਬਿਆਨ ਕਰਦੇ ਹਨ।  ਇਹ ਨਿਬੰਧ ਖ਼ਤਰੇ ਬਾਰੇ ਚੇਤੰਨ ਵੀ ਕਰਦੇ ਹਨ ਅਤੇ ਭਿਆਨਕ ਭਵਿੱਖ ਤੋਂ ਬਚਣ ਲਈ ਸਮਾਧਾਨਾਂ ਦੀ ਨਿਸ਼ਾਨਦੇਹੀ ਵੀ ਕਰਦੇ ਹੋਏ ਜਨ-ਜਾਗ੍ਰਿਤੀ ਦੀ ਮੁਹਿੰਮ ਵਿੱਚ ਸ਼ਾਨਦਾਰ ਯੋਗਦਾਨ ਪਾ ਰਹੇ ਹਨ।

ਪੰਜਾਬੀ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਵਿੱਚ ਸਮਕਾਲ ਦੀਆਂ ਵਿਭਿੰਨ ਸਮੱਸਿਆਵਾਂ ਬਾਰੇ ਰਚਨਾ ਹੋਈ ਮਿਲਦੀ ਹੈ। ਪਰੰਤੂ ਇੱਕੀਵੀਂ ਸਦੀ ਦੀ ਸਭ ਤੋਂ ਵੱਧ ਭੱਖਵੀਂ ਸਮੱਸਿਆ ਵਾਤਾਵਰਨ ਸੰਕਟ ਬਾਬਤ ਭਾਵੇਂ ਨਿਬੰਧਾਂ ਵਿੱਚ ਕਾਫ਼ੀ ਕੁਝ ਲਿਖਿਆ ਗਿਆ ਹੈ ਪਰ ਕਵਿਤਾ, ਕਹਾਣੀ ਤੇ ਨਾਵਲ ਵਿੱਚ ਅਜੇ ਪ੍ਰਕਾਸ਼ਨਾ ਬਹੁਤ ਘੱਟ ਹੋਈ ਹੈ। ਵਾਤਾਵਰਨ ਪ੍ਰਦੂਸ਼ਣ ਕੇਵਲ ਯੂ. ਐਨ ਦੀ ਵਿਚਾਰ-ਅਧੀਨ ਸਮੱਸਿਆ ਵੀ ਨਹੀਂ ਹੈ ਤੇ ਨਾ ਹੀ ਇਹ ਵਿਕਸਤ ਦੇਸ਼ਾਂ ਜਾਂ ਵਿਕਾਸਸ਼ੀਲ ਦੇਸ਼ਾਂ ਦੀ ਸਮੱਸਿਆ ਹੈ, ਸਗੋਂ ਇਹ ਤਾਂ ਪੂਰੇ ਵਿਸ਼ਵ ਦੀ ਹੈ।  ਇਹ ਹਰ ਖ਼ਾਸੋ-ਆਮ ਦੀ ਬੜੀ ਵੱਡੀ ਸਮੱਸਿਆ ਹੈ। ਇਸ ਪ੍ਰਤੀ ਬਹੁਤੇ ਲੋਕ ਅਜੇ ਚੇਤੰਨ ਹੀ ਨਹੀਂ ਹਨ। ਆਮ ਤੌਰ ‘ਤੇ ਇਹ ਵਿਚਾਰ ਬਣਾ ਲਿਆ ਜਾਂਦਾ ਹੈ ਕਿ ਵਾਤਾਵਰਨ ਪ੍ਰਤੀ ਸੰਬੰਧਿਤ ਅਦਾਰੇ, ਵਿਭਾਗ ਜਾਂ ਮੰਤਰਾਲੇ ਹੀ ਜਨ-ਚੇਤਨਾ ਫੈਲਾਉਣ ਲਈ ਉਪਰਾਲੇ ਕਰਨਗੇ, ਪਰ ਹਰ ਸੰਸਥਾ ਦੇ ਨਾਲ-ਨਾਲ ਮਨੁੱਖ ਦਾ ਵੀ ਇਹ ਕਰਤੱਵ ਹੈ ਕਿ ਵਾਤਾਵਰਨ ਨੂੰ ਬਚਾਉਣ ਲਈ ਨਿੱਜੀ ਉਪਰਾਲੇ ਕਰੇ। ਸਾਹਿਤ ਤਾਂ ਸਮਾਜ ਦਾ ਸ਼ੀਸ਼ਾ ਹੈ। ਸਮਾਜ ਵਿੱਚ ਵਾਪਰਦੀ ਹਰ ਹਵੀ-ਨਵੀ ਦਾ ਪ੍ਰਭਾਵ ਸਾਹਿਤ ਉੱਤੇ ਪੈਂਦਾ ਹੈ ਅਤੇ ਸਾਹਿਤ ਦਾ ਸੁਖਾਵਾਂ ਪ੍ਰਭਾਵ ਵੀ ਸਮਾਜ

ਗ੍ਰਹਿਣ ਕਰਦਾ ਰਹਿੰਦਾ ਹੈ ਅਜੋਕੀ ਸਦੀ ਦੇ ਜੀਵੰਤ ਮੁੱਦਿਆਂ, ਜਿਵੇਂ, ਬੇਗਾਨਗੀ, ਮਾਨਸਿਕ ਰੋਗ, ਟੁੱਟਦੀ ਮਾਨਸਿਕਤਾ, ਉੱਚ-ਅਕਾਂਖਿਆ, ਬਦਲਦੇ ਪਰਿਵਾਰਕ ਪਰਿਵੇਸ਼, ਤਿੜਕਦੀ ਵਿਆਹ-ਸੰਸਥਾ, ਪਰਿਵਰਤਿਤ ਹੁੰਦੇ ਧਾਰਮਿਕ ਅਤੇ ਸਮਾਜਿਕ ਰਿਵਾਜ਼, ਨਾਰੀਵਾਦ ਦਲਿਤ ਚੇਤਨਾ ਆਦਿ ਉੱਤੇ ਨਿਬੰਧਕਾਰੀ ਹੋਈ ਹੈ। ਹੋਰਨਾਂ ਵਿਸ਼ਿਆਂ ਵਾਂਗ ਸੰਵੇਦਨਸ਼ੀਲ ਵਾਤਾਵਰਨਿਕ ਸੰਕਟ ਬਾਰੇ ਹੋਰਨਾਂ ਭਾਸ਼ਾਵਾਂ ਵਾਂਗ ਪੰਜਾਬੀ ਸਾਹਿਤ ਵਿੱਚ ਯੋਗ ਸਥਾਨ ਮਿਲਣਾ ਚਾਹੀਦਾ ਹੈ। ਪੰਜਾਬੀ ਪਾਠਕਾਂ ਨੂੰ ਇਸ ਪ੍ਰਤੀ ਜਾਗਰੂਕ ਕਰਵਾਉਣ ਦਾ ਕਰਤੱਵ ਪੰਜਾਬੀ ਸਾਹਿਤ ਦੇ ਮੋਢਿਆਂ ਉੱਪਰ ਵੀ ਹੈ। ਵਾਤਾਵਰਨਿਕ ਪੰਜਾਬੀ ਸਾਹਿਤ ਬੇਸ਼ੱਕ ਅੰਤਰ-ਅਨੁਸ਼ਾਸਨੀ ਵਿਸ਼ਾ ਹੈ, ਕਿਉਂਕਿ ਵਾਤਾਵਰਨ ਬਾਰੇ ਵਿਗਿਆਨਕ ਤੱਥ ਹੋਰਨਾਂ ਅਨੁਸ਼ਾਸਨਾਂ ਜਿਵੇ: ਭੂਗੋਲ, ਜੀਵ-ਵਿਗਿਆਨ ਤੇ ਕੀਟ-ਵਿਗਿਆਨ ਆਦਿ ਖੇਤਰਾਂ ਤੋਂ ਪ੍ਰਾਪਤ ਹੁੰਦੇ ਹਨ ਪਰ ਅਸਲ ਵਿੱਚ ਚੇਤਨਾ ਦੀ ਅਲਖ ਜਗਾਉਣ ਲਈ ਪੰਜਾਬੀ ਸਾਹਿਤ ਦੇ ਮਾਧਿਅਮ ਦੀ ਸਖ਼ਤ ਲੋੜ ਹੈ। ਨਿਬੰਧ ਵਿਧਾ ਪੰਜਾਬੀ ਸਾਹਿਤ ਵਿੱਚ ਹਰਮਨ ਪਿਆਰੀ ਵਿਧਾ ਹੋ ਨਿਬੜੀ ਹੈ। ਕਵਿਤਾ ਵਿੱਚ ਜਿੱਥੇ ਦਿਲ ਦੇ ਵਲਵਲੇ ਭਾਰੂ ਹੁੰਦੇ ਹਨ ਉੱਥੇ ਨਿਬੰਧਾਂ ਵਿੱਚ ਦਿਮਾਗ ਵੀ ਸ਼ਾਮਿਲ ਹੁੰਦਾ ਹੈ। ਨਿਬੰਧ ਵਿਧਾ ਵਿੱਚ ਸਾਹਿਤ ਦੇ ਰਸ ਦੇ ਨਾਲ-ਨਾਲ ਬੁੱਧੀ ਤੱਤ ਦੀ ਵੀ ਪ੍ਰਧਾਨਤਾ ਸ਼ਾਮਿਲ ਹੁੰਦੀ ਹੈ। ਇਸ ਪ੍ਰਕਾਰ ਨਿਬੰਧਕਾਰੀ ਵਿੱਚ ਕਲਾ ਪੱਖ ਦੇ ਨਾਲ ਨਾਲ ਵਿਅਕਤੀ ਬੌਧਿਕਤਾ ਨੂੰ ਵੀ ਮਾਣ ਸਕਦਾ ਹੈ। ਜੇਕਰ ਨਿਬੰਧ ਨੂੰ ਰੌਚਿਕਤਾ ਤੇ ਜਾਣਕਾਰੀ ਦਾ ਸੁਮੇਲ ਆਖਿਆ ਜਾਵੇ ਤਦ ਵੀ ਉਚਿਤ ਹੋਵੇਗਾ।

ਨਿਬੰਧ ਬਾਰੇ ਅਧਿਐਨ ਕਰਨ ਤੋਂ ਪਹਿਲਾਂ ਇਸ ਦੀ ਪਰਿਭਾਸ਼ਾ ਬਾਰੇ ਜਾਣ ਲੈਣਾ ਲਾਜ਼ਮੀ ਹੈ। ਨਿਬੰਧ ਨੂੰ ਪਰਿਭਾਸ਼ਿਤ ਕਰਨ ਲੱਗਿਆਂ ਪੂਰਬੀ ਅਤੇ ਪੱਛਮੀ ਵਿਦਵਾਨਾਂ ਨੇ ਵੱਖ-ਵੱਖ ਤਰ੍ਹਾਂ ਦੇ ਮੱਤ ਪ੍ਰਗਟਾਏ ਹਨ। ਡਾ. ਰਤਨ ਸਿੰਘ ਜੱਗੀ ਆਪਣੀ ਪੁਸਤਕ 'ਸਾਹਿਤਕ ਕੋਸ਼ ਪਰਿਭਾਸ਼ਕ ਸ਼ਬਦਾਵਲੀ' ਵਿੱਚ ਨਿਬੰਧ ਨੂੰ ਪ੍ਰਭਾਸ਼ਿਤ ਕਰਦੇ ਹੋਏ ਲਿਖਦੇ ਹਨ ਕਿ:

> ਸ਼ਾਬਦਿਕ ਤੌਰ ਤੇ ਨਿਬੰਧ ਦਾ ਮੌਲਿਕ ਅਰਥ ਹੈ ਬੰਨ੍ਹਣਾ, ਸੰਸਕ੍ਰਿਤ ਵਿੱਚ ਨਿਬੰਧ ਸ਼ਬਦ ਦਾ ਪ੍ਰਯੋਗ ਲਿਖੇ ਹੋਏ ਭੋਜ ਪੱਤਰਾਂ ਨੂੰ ਸਵਾਰ ਕੇ, ਪਰੋ ਕੇ, ਸਾਂਭ ਕੇ ਰੱਖਣ ਲਈ ਕੀਤਾ ਜਾਂਦਾ ਸੀ(539)

ਪੁਰਾਤਨ ਸਮਿਆਂ ਵਿੱਚ ਮਨੁੱਖ ਲਿਖਣ ਲਈ ਤਾਲ ਦੇ ਪੱਤਿਆਂ, ਸੂਤੀ ਕਪੱੜਿਆਂ, ਚਮੜੇ, ਭੋਜ-ਪੱਤਰਾਂ ਤੇ ਰੇਸ਼ਮੀ ਕੱਪੜੇ ਆਦਿ ਦੀ ਵਰਤੋਂ ਕਰਦਾ ਸੀ। ਪ੍ਰੰਤੂ ਕਿਤੇ ਨਾ ਕਿਤੇ ਇਹਨਾਂ ਪੱਤਰਾਂ ਦੇ ਨਸ਼ਟ ਹੋਣ ਦਾ ਡਰ ਮਨੁੱਖ ਦੇ ਅੰਦਰ ਬਣਿਆ ਰਹਿੰਦਾ ਸੀ। ਇਹਨਾਂ ਦੀ ਸਾਂਭ-ਸੰਭਾਲ ਲਈ ਉਸਨੇ ਇਹਨਾਂ ਨੂੰ ਸਿਓਂ ਕੇ ਪੁਸਤਕ ਦਾ ਰੂਪ ਦੇਣ ਦੀ ਕਿਰਿਆ ਨੂੰ 'ਨਿਬੰਧ' ਕਿਹਾ ਜਾਂਦਾ ਹੈ। ਉਸ ਤੋਂ ਬਾਅਦ ਚੰਗੀ ਤਰ੍ਹਾਂ ਨਾਲ ਬੰਨ੍ਹੇ, ਗੁੰਦੇ ਅਤੇ ਸੰਗ੍ਰਹਿ ਕੀਤੇ ਜਾਣ ਵਾਲੇ ਭਾਵਾਂ ਵਾਲੀ ਰਚਨਾ ਨੂੰ ਨਿਬੰਧ ਕਿਹਾ ਜਾਣ ਲੱਗ ਪਿਆ। ਖੋਜ ਪਤ੍ਰਿਕਾ ਦੇ ਨਿਬੰਧ ਵਿਸ਼ੇਸ਼ ਅੰਕ ਵਿੱਚ ਡਾ. ਆਸ਼ਾਨੰਦ  ਵੋਹਰਾ ਖੋਜ ਪ੍ਰਤਿਕਾ ਨਿਬੰਧ  ਅੰਕ ਵਿਸ਼ੇਸ਼ ਵਿੱਚ ਆਪਣੇ ਖੋਜ ਭਰਪੂਰ ਲੇਖ 'ਨਿਬੰਧ: ਸਰੂਪ ਅਤੇ ਸੰਰਚਨਾ' ਅਧੀਨ ਨਿਬੰਧ ਦੀ ਉੱਤਪਤੀ ਬਾਰੇ ਜਾਣਕਾਰੀ ਪ੍ਰਦਾਨ ਕਰਦੇ ਹੋਏ ਲਿਖਦੇ ਹਨ ਕਿ:

> ਆਧੁਨਿਕ ਕਾਲ ਵਿੱਚ 'ਨਿਬੰਧ' ਅੰਗਰੇਜੀ ਦੇ 'Essay'  ਸ਼ਬਦ ਦਾ ਰੂਪਾਂਤਰ ਹੈ। ਫ੍ਰੈਂਚ ਵਿੱਚ ਇਸਨੂੰ 'Essai' ਕਹਿੰਦੇ ਹਨ। ਇਹ ਦੋਵੇਂ ਸ਼ਬਦ ਲੈਟਿਨ ਦੇ ਸ਼ਬਦ 'Exagium' ਤੋਂ ਨਿਕਲੇ ਹਨ। ਇਸ ਮੂਲ ਲੈਟਿਨ ਸ਼ਬਦ ਦਾ ਅਰਥ ਹੈ- 'ਜਤਨ', ਕਿਸੇ ਵਿਸ਼ੇ ਜਾਂ ਸਮੱਸਿਆ ਦੇ ਗਿਆਨ ਦਾ ਜਾਂ ਉਸਦੇ ਗੁਣਾਂ ਤੇ ਦੋਸ਼ਾਂ ਆਦਿ ਦੇ 'ਸੰਤੁਲਨ' ਦਾ ਯਤਨ ਕਰਨਾ ਹੈ। ਇਹ ' ਨਿਬੰਧ' ਸ਼ਬਦ ਅਨੇਕ ਅਰਥਾਂ ਵਿੱਚ ਭਾਰਤੀ ਸਾਹਿਤ ਵਿੱਚ ਪ੍ਰਯੁਕਤ ਹੋਇਆ ਮਿਲਦਾ ਹੈ(2)

ਨਿਬੰਧ ਕਲਾ ਦਾ ਪਿਤਾਮਾ ਫਰਾਂਸ ਦੇ ਪ੍ਰਸਿੱਧ ਲੇਖਕ ਮੋਨਤੇਨ (Montaigne)  ਨੂੰ ਮੰਨਿਆ ਜਾਂਦਾ ਹੈ। ਜਿਸਦਾ ਪਹਿਲਾਂ ਨਿਬੰਧ ਸੰਗ੍ਰਹਿ 1580 ਵਿੱਚ ਪ੍ਰਕਾਸ਼ਿਤ ਹੋਇਆ। ਮੋਨਤੇਨ ਨੇ ਆਪਣੇ ਨਿਬੰਧਾਂ ਦੀ ਪੁਸਤਕ 'ਐਸੇਜ਼' (Essays) ਸਿਰਲੇਖ ਹੇਠ ਛਾਪੀ। ਇਹਨਾਂ ਨਿਬੰਧਾਂ ਵਿੱਚ ਗੱਲਬਾਤੀ ਢੰਗ ਅਤੇ ਪਾਠਕ ਨਾਲ ਨੇੜਤਾ ਦੇ ਗੁਣਾਂ ਨਾਲ ਵਿਅਕਤੀਗਤ ਨਿਬੰਧਾਂ ਦਾ ਮੁੱਢ ਬੱਝਦਾ ਹੈ। ਇਨਸਾਇਕਲੋਪੀਡੀਆ ਆਫ਼ ਅਮੈਰਿਕਾਨਾ ਦੇ ਭਾਗ ਦਸ ਵਿੱਚ ਉਸਦੀ ਰਚਨਾ ਨੂੰ ਉਸਦੇ ਨਿੱਜੀ ਭਾਵਾਂ, ਵਿਚਾਰਾਂ, ਤਜ਼ਰਬਿਆਂ, ਪਿਆਰ, 'ਸੁਸਤੀ ਬਾਰੇ', 'ਹੰਕਾਰ ਬਾਰੇ', 'ਈਮਾਨ ਬਾਰੇ' ਆਦਿ ਦੇ ਅੰਤਰ-ਸੰਬੰਧਾਂ ਦੇ ਸਮਾਵੇਸ਼ ਵਜੋਂ ਅੰਕਿਤ ਕੀਤਾ ਗਿਆ ਹੈ। ਇਹਨਾਂ ਨਿਬੰਧਾਂ

ਵਿੱਚ ਗੱਲਬਾਤੀ ਢੰਗ ਅਤੇ ਪਾਠਕ ਨਾਲ ਨੇੜਤਾ ਦੇ ਗੁਣਾਂ ਨਾਲ ਵਿਅਕਤੀਗਤ ਨਿਬੰਧਾਂ ਦਾ ਮੁੱਢ ਬੱਝਦਾ ਹੈ(562)

ਸੈਮੂਅਲ ਜਾਨਸਨ (Samuel Johnson) ਨੇ ਆਪਣੀ ਪੁਸਤਕ 'Introduction of the Study of Literature' ਅਧੀਨ ਨਿਬੰਧ ਦੇ ਗੁਣ ਦੱਸਦੇ ਹੋਏ ਬਿਆਨ ਕੀਤਾ ਹੈ ਕਿ:

> ਨਿਬੰਧ ਮਨ ਦਾ ਬੇਲਗਾਮ ਵੇਗ ਹੈ ਜੋ ਵਿਵਸਥਿਤ ਅਤੇ ਸੰਗਲੀਬੱਧ ਨਾ ਹੋ ਕੇ ਅਵਿਵਸਥਿਤ ਅਤੇ ਅਣਪਚਿਆ ਹੁੰਦਾ ਹੈ(331)

ਡਬਲਿਯੂ.ਐਚ.ਹਡਸਨ ਦੇ ਸ਼ਬਦਾਂ ਵਿੱਚ- 'ਨਿਬੰਧ ਸਹੀ ਅਰਥਾਂ ਵਿੱਚ ਵਿਅਕਤੀਗਤ ਰਚਨਾ ਹੁੰਦੀ ਹੈ।' ਹਰਬਰਟ ਰੀਡ ਦਾ ਮੱਤ ਹੈ- 'ਨਿਬੰਧ ਉਸ ਵਿਚਾਰ ਜਾਂ ਅਹਿਸਾਸ ਨੂੰ ਵਿਅਕਤ ਕਰਨ ਦਾ ਉਪਰਾਲਾ ਹੈ ਜੋ ਚਿਰਾਂ ਤੋਂ ਮਨ ਵਿੱਚ ਅਣਬਿਆਨਿਆ ਹੀ ਪਿਆ ਰਹਿੰਦਾ ਹੈ।' ਨਿਬੰਧ ਦਾ ਪ੍ਰਯੋਜਨ ਦੱਸਦੇ ਹੋਏ ਗਲਪਕਾਰ ਵਿਰਜੀਨੀਆ ਵੂਲਫ ਨੇ ਕਿਹਾ ਹੈ-'ਨਿਬੰਧ ਦਾ ਕਾਰਜ ਇਹ ਹੈ ਕਿ ਉਹ ਸਾਨੂੰ ਆਪਣੇ ਅੰਦਰ ਵਲੇਟ ਲਵੇ ਅਤੇ ਸਾਨੂੰ ਆਪਣੀ ਵਿਚਾਰ-ਵਲਗਣ ਵਿੱਚ ਬੰਦ ਕਰ ਲਵੇ।' ਆਕਸਫੋਰਡ ਡਿਕਸਨਰੀ ਵਿੱਚ ਨਿਬੰਧ ਬਾਰੇ ਲਿਖਿਆ ਹੈ- 'ਨਿਬੰਧ ਕਿਸੇ ਵਿਸ਼ੇਸ਼ ਵਿਸ਼ੇ ਜਾਂ ਵਿਸ਼ੇ ਦੀ ਸ਼ਾਖਾ ਬਾਰੇ ਦਰਮਿਆਨੇ ਆਕਾਰ ਦੀ ਇੱਕ ਰਚਨਾ ਦਾ ਨਾਮ ਹੈ।' ਨਿਬੰਧ ਇੱਕ ਛੋਟੀ ਗੱਦ ਰਚਨਾ ਹੈ ਜਿਸ ਵਿੱਚ ਲੇਖਕ ਕਿਸੇ ਵਿਸ਼ੇ ਬਾਰੇ ਆਪਣੇ ਵਿਚਾਰਾਂ ਦੀ ਅਭਿਵਿਅਕਤੀ ਤਰਤੀਬ ਵਿੱਚ ਕਲਾਤਮਕ ਢੰਗ ਨਾਲ ਕਰਦਾ ਹੈ। ਇਹ ਰਚਨਾ ਗਿਆਨ ਵਰਧਕ ਹੁੰਦੀ ਹੈ। ਨਿਬੰਧ ਲਈ ਲੇਖਕ ਦਾ ਗਿਆਨ ਵਿਸ਼ਾਲ ਹੋਣਾ ਜ਼ਰੂਰੀ ਹੈ ਅਤੇ ਉਸ ਦੀ ਲਿਖਣ ਸ਼ੈਲੀ ਵਿੱਚ ਪ੍ਰੋੜਤਾ ਹੋਣੀ ਜ਼ਰੂਰੀ ਹੈ। ਡਾ. ਜੀਤ ਸਿੰਘ ਜੋਸ਼ੀ ਨੇ ਬੜੇ ਖ਼ੂਬਸੂਰਤ ਅਦਾਜ਼ ਵਿੱਚ ਵਾਰਤਕ ਅਤੇ ਨਿਬੰਧ ਨੂੰ ਸੰਕਲਪਿਤ ਕਰਨ ਲਈ ਆਪਣੀ ਪੁਸਤਕ 'ਪੰਜਾਬੀ ਅਧਿਐਨ ਤੇ ਅਧਿਆਪਨ: ਬਦਲਦੇ ਪਰਿਪੇਖ' ਵਿੱਚ ਦਰਜ ਕੀਤਾ ਹੈ ਕਿ:

> ਨਿਬੰਧ ਪੰਜਾਬੀ ਵਾਰਤਕ ਦਾ ਅਤਿ ਸੁਧਰਿਆ, ਸੰਵਰਿਆ ਅਤੇ ਵਿਕਸਿਤ ਰੂਪ ਹੁੰਦਾ ਹੈ। ਮੰਨਿਆ ਜਾਂਦਾ ਹੈ ਕਿ ਜਦੋਂ ਕਿਸੇ ਸਾਹਿਤ ਦਾ ਵਿਕਾਸ ਆਪਣੇ ਸਿਖ਼ਰ 'ਤੇ ਪੁੱਜ ਜਾਵੇ ਤਾਂ ਵਾਰਤਕ ਜਨਮ

ਲੈਂਦੀ ਹੈ ਅਤੇ ਜਦੋਂ ਵਾਰਤਕ ਪ੍ਰੌਢ ਅਵਸਥਾ ਵਿੱਚ ਪਹੁੰਚ ਜਾਵੇ ਤਾਂ ਨਿਬੰਧ ਦਾ ਜਨਮ ਹੁੰਦਾ ਹੈ(367)

ਐਨਸਕਲੋਪੀਡੀਆ ਅਮੈਰਿਕਾਨਾ (Encyclopedia Americana) ਵਿੱਚ ਨਿਬੰਧ ਦੀ ਪਰਿਭਾਸ਼ਾ ਇਸ ਪ੍ਰਕਾਰ ਦਿੱਤੀ ਗਈ ਹੈ। ਨਿਬੰਧ ਜ਼ਿਆਦਾਤਰ ਤੇ ਸਾਹਿਤਕਾਰ ਦੇ ਮਾਨਸਿਕ ਸੋਚ ਦਾ ਨਤੀਜਾ ਹੁੰਦੇ ਹਨ। ਜਿਸਦਾ ਜ਼ਿਕਰ ਕਰਦਿਆਂ ਕਿਹਾ ਗਿਆ ਹੈ ਕਿ:

> ਨਿਬੰਧ ਇੱਕ ਸੰਖੇਪ ਰਚਨਾ ਹੁੰਦੀ ਹੈ, ਜਿਸ ਵਿੱਚ ਲੇਖਕ ਦੀ ਸ਼ਖਸੀਅਤ ਦਾ ਪ੍ਰਕਾਸ਼, ਜ਼ਿੰਦਗੀ ਦੇ ਅਰਥਾਂ ਬਾਰੇ ਸੁਝਾਈਆਂ ਉਸਦੀਆਂ ਸੋਚਾਂ ਰਾਹੀਂ (ਭਾਵ ਅੰਤਰਮੁਖੀ) ਜਾਂ ਵਸਤਾਂ ਬਾਰੇ ਕੀਤੇ ਨਿਰੀਖਣ (ਭਾਵ ਬਾਹਰਮੁਖੀ) ਰਾਹੀਂ ਹੁੰਦਾ ਹੈ। ਇਹੋ ਜਿਹੀ ਰਚਨਾ ਆਮ ਤੌਰ ਤੇ ਰਸੀ ਪੱਕੀ ਸੋਚ ਦਾ ਨਤੀਜਾ ਹੁੰਦੀ ਹੈ(589)

ਡਾ. ਜੀਤ ਸਿੰਘ ਸੀਤਲ ਦੇ ਮਤ ਅਨੁਸਾਰ ਪੁਸਤਕ ‘ਵਾਰਤਕ ਸ਼ੈਲੀ’ ਵਿੱਚ ਪੇਸ਼ ਕੀਤਾ ਗਿਆ ਹੈ ਕਿ:

> ਹਰ ਉਸ ਛੋਟੀ ਕਲਪਨਾ ਰਹਿਤ ਪਰ ਸੰਗਠਿਤ ਵਾਰਤਕ ਰਚਨਾ ਨੂੰ ਨਿਬੰਧ ਕਹਿ ਸਕਦੇ ਹਾਂ ਜਿਸ ਵਿੱਚ ਕਿਸੇ ਹੱਦ ਤੱਕ ਗੁੰਝਲ ਹੋਵੇ, ਪਰ ਜਿਹੜੀ ਇੱਕੋ ਵਿਸ਼ੇ ਦਾ ਵਿਸ਼ਲੇਸ਼ਣ ਕਰਦੀ ਹੋਵੇ(19)

ਡਾ. ਹਰਚਰਨ ਸਿੰਘ ਨੇ ਆਪਣੀ ਆਲੋਚਨਾਤਮਕ ਪੁਸਤਕ ‘ਪੰਜਾਬੀ ਵਾਰਤਕ ਦਾ ਜਨਮ ਅਤੇ ਵਿਕਾਸ’ ਅਧੀਨ ਨਿਬੰਧ ਦਾ ਸਿਧਾਂਤਕ ਪਰਿਪੇਖ ਬੜੀ ਬਾਰੀਕਬੀਨੀ ਨਾਲ ਪੇਸ਼ ਕੀਤਾ ਹੈ। ਲੇਖਕ ਅਨੁਸਾਰ:

> ਨਿਬੰਧ ਕਿਸੇ ਘਟਨਾ, ਵਸਤੂ, ਵਿਅਕਤੀ ਜਾਂ ਸਿਧਾਂਤ ਬਾਰੇ ਆਪਣੇ ਵਿਚਾਰਾਂ ਨੂੰ ਨਿੱਜੀ ਢੰਗ ਨਾਲ ਲੜੀਬੱਧ ਕਰਨ ਦਾ ਨਾਂ ਹੈ। ਅਸਲ ਵਿੱਚ ਨਿਬੰਧ ਉਸ ਵਾਰਤਕ ਰਚਨਾ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਕਿਸੇ ਵਿਸ਼ੇ ‘ਤੇ ਵਿਸਥਾਰਪੂਰਵਕ ਗੰਭੀਰ ਵਿਚਾਰ ਨਿੱਜੀ ਸ਼ੈਲੀ ਵਿੱਚ ਪੇਸ਼ ਕੀਤੇ ਗਏ ਹੋਣ(174)

ਡਾ. ਸਵਿੰਦਰ ਸਿੰਘ ਉੱਪਲ ਨੇ ਨਿਬੰਧ ਨੂੰ ਪਰਿਭਾਸ਼ਿਤ ਕਰਦਿਆਂ ਆਪਣੀ ਪੁਸਤਕ ‘ਪ੍ਰਸਿੱਧ ਪੰਜਾਬੀ ਨਿਬੰਧਕਾਰ’ ਵਿੱਚ ਲਿਖਿਆ ਹੈ ਕਿ:

ਨਿਬੰਧ ਵਾਰਤਕ ਦਾ ਉਹ ਰੂਪ ਹੈ ਜਿਸ ਵਿੱਚ ਨਿਬੰਧਕਾਰ ਕਿਸੇ ਵਿਸ਼ੇ ਬਾਰੇ ਆਪਣੇ ਮੌਲਿਕ ਅਤੇ ਕੀਮਤੀ ਵਿਚਾਰਾਂ ਨੂੰ ਤਰਤੀਬ, ਰੌਚਿਕਤਾ ਤੇ ਸੰਜਮਤਾ ਰਾਹੀਂ ਢੁੱਕਵੇਂ ਅਤੇ ਹੌਲੇ ਫੁੱਲ ਸ਼ਬਦਾਂ ਦਾ ਜਾਮਾ ਪੁਆ ਕੇ ਆਪਣੀ ਨਿੱਜੀ ਜ਼ਿੰਦਗੀ ਦੀ ਮੋਹਰ ਲਗਾ ਦਿੰਦਾ ਹੈ(11)

ਬਾਬੂ ਗੁਲਾਬ ਰਾਏ  ਰਚਿਤ ਪੁਸਤਕ 'ਕਵਯ ਦੇ ਰੂਪ' ਅਨੁਸਾਰ:

ਨਿਬੰਧ ਉਸ ਗੱਦ ਰਚਨਾ ਨੂੰ ਕਹਿੰਦੇ ਹਨ ਜਿਸ ਵਿੱਚ ਇੱਕ ਸੀਮਤ ਆਕਾਰ ਦੇ ਅੰਦਰ ਕਿਸੇ ਵਿਸ਼ੇ ਦਾ ਵਰਣਨ ਇੱਕ ਵਿਸ਼ੇਸ਼ ਨਿੱਜੀਪਨ, ਸੁਤੰਤਰਤਾ, ਸੁਹਿਰਦਤਾ, ਸਜੀਵਤਾ ਅਤੇ ਸਮਬੱਧਤਾ ਨਾਲ ਕੀਤਾ ਗਿਆ ਹੋਵੇ(221)

ਨਿਬੰਧ ਵਿੱਚ ਘੱਟ ਤੋਂ ਘੱਟ ਸ਼ਬਦਾਂ ਵਿੱਚ ਵੱਡੀ ਤੋਂ ਵੱਡੀ ਗੱਲ ਕਹਿਣ ਦਾ ਬਲ ਹੁੰਦਾ ਹੈ। ਇਨ੍ਹਾਂ ਵਿਚਾਰਾਂ ਦੀ ਲੜੀ ਨੂੰ ਅਗਾਂਹ ਤੋਰਦੇ ਹੋਏ ਡਾ. ਭੁਪਿੰਦਰ ਸਿੰਘ ਗਰੋਵਰ ਖੋਜ ਪੱਤ੍ਰਿਕਾ ਨਿਬੰਧ ਅੰਕ ਵਿੱਚ ਸਪੱਸ਼ਟ ਕਰਦੇ ਹਨ ਕਿ:

ਨਿਬੰਧ ਸੀਮਿਤ ਆਕਾਰ ਵਾਲੀ, ਆਪਣੇ ਆਪ ਵਿੱਚ ਸੰਪੂਰਨ, ਇੱਕ ਅਜਿਹੀ ਵਾਰਤਕ ਰਚਨਾ ਦਾ ਦੂਜਾ ਨਾਂ ਹੈ, ਜਿਸ ਵਿੱਚ ਨਿਬੰਧਕਾਰ ਆਪਣਾ ਨਿੱਜ ਤੋਂ ਵਿਅਕਤੀਤਵ, ਦ੍ਰਿਸ਼ਟੀਕੋਣ ਤੋਂ ਭਾਵ ਸੰਬੰਧੀ ਵਿਸ਼ੇ ਬਾਰੇ ਇੱਕ ਸਰਲ, ਸਪੱਸ਼ਟ, ਸੁਹਿਰਦ ਪਰ ਦਲੀਲ ਭਰਪੂਰ ਵਿਚਾਰ ਲੜੀ ਦੇ ਰੂਪ ਵਿੱਚ ਪੇਸ਼ ਕਰਦਾ ਹੈ(23)

ਉਪਰੋਕਤ ਪਰਿਭਾਸ਼ਾਵਾਂ ਦੇ ਵਿਸਤ੍ਰਿਤ ਅਧਿਐਨ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਵੱਖ-ਵੱਖ ਵਿਦਵਾਨਾਂ ਨੇ ਜੋ ਨਿਬੰਧ ਸੰਬੰਧੀ ਆਪਣੇ ਵਿਚਾਰ ਪ੍ਰਗਟਾਏ ਹਨ ਉਹਨਾਂ ਵਿੱਚੋਂ ਹੇਠ ਲਿਖੀਆਂ ਗੱਲਾਂ ਮੁੱਖ ਰੂਪ ਵਿੱਚ ਉੱਘੜ ਕੇ ਸਾਹਮਣੇ ਆਉਂਦੀਆਂ ਹਨ ਕਿ ਨਿਬੰਧ ਦਾ ਸੰਬੰਧ ਕਿਸੇ ਨਾ ਕਿਸੇ ਵਿਚਾਰ ਜਾਂ ਭਾਵ ਨਾਲ ਹੁੰਦਾ ਹੈ। ਨਿਬੰਧ ਉਸ ਰਚਨਾ ਨੂੰ ਕਹਿ ਸਕਦੇ ਹਾਂ, ਜਿਹੜੀ ਪ੍ਰੇਰਨਾ ਦੇ ਸਕਦੀ ਹੋਵੇ ਨਿਬੰਧਕਾਰ ਅਤੇ ਪਾਠਕ ਦੋਵੇਂ ਹੀ ਪੇਸ਼ ਕੀਤੇ ਗਏ ਵਿਚਾਰਾਂ ਪ੍ਰਤੀ ਸੁਚੇਤ ਹੋਣੇ ਜ਼ਰੂਰੀ ਹਨ।

ਇੱਕੀਵੀਂ ਸਦੀ ਦੇ ਵਰਤਮਾਨ ਦਹਾਕੇ ਦੇ ਨਿਬੰਧਕਾਰੀ ਪ੍ਰਸੰਗ ਪਿਛਲੇਰੇ ਪ੍ਰਸੰਗਾਂ ਨਾਲੋਂ ਕੁਝ ਵੱਖਰੇ ਹੋਣਗੇ ਕਿਉਂਕਿ ਸਮੇਂ ਅਤੇ ਸਥਿਤੀਆਂ ਦੇ ਪਰਿਵਰਤਨ ਦੇ ਨਾਲ ਸਾਹਿਤ ਵਿੱਚ ਵੀ ਪਰਿਵਰਤਨ ਆਉਂਦਾ ਹੈ। ਹਥਲੇ ਖੋਜ ਕਾਰਜ ਦਾ ਆਧਾਰ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਨਵੀਨ ਨਿਬੰਧਕਾਰੀ ਦੇ ਸਾਰੇ ਇਤਿਹਾਸਿਕ, ਸਿਧਾਂਤਕ, ਵਿਸ਼ਾਗਤ ਤੇ ਕਲਾਤਮਕ ਪੱਖਾਂ ਨੂੰ ਉਜਾਗਰ ਕਰਨਾ ਹੈ, ਸੋ ਲੋੜ ਹੈ ਕਿ ਨਿਬੰਧਾਂ ਨੂੰ ਅਜੋਕੇ ਦੌਰ ਦੀਆਂ ਪ੍ਰਸਥਿਤੀਆਂ ਨਾਲ ਅੰਤਰ-ਸੰਬੰਧਿਤ ਕਰਕੇ ਵਿਚਾਰਿਆ ਜਾਵੇ। ਇਸ ਪ੍ਰਕਾਰ ਨਿਬੰਧ ਦਾ ਸਮਕਾਲੀ ਗਿਆਨ-ਵਿਗਿਆਨ ਅਤੇ ਹੋਰ ਸਰੋਕਾਰਾਂ ਨੂੰ ਅੰਤਰ-ਸੰਬੰਧ ਸੱਪਸ਼ਟ ਹੋ ਸਕਣਗੇ।

ਪਹਿਲਾਂ ਸਿਰਫ਼ ਕਾਵਿ-ਵਿਧਾ ਅਧੀਨ ਹੀ ਸਾਹਿਤ ਸਿਰਜਣਾ ਹੁੰਦੀ ਸੀ, ਪਰ ਬਹੁਤ ਸਾਰੀਆਂ ਤਬਦੀਲੀਆਂ ਨਾਲ ਸਾਹਿਤ ਦੇ ਵਿਭਿੰਨ ਰੂਪ ਹੋਂਦ ਵਿੱਚ ਆਏ। ਇਨ੍ਹਾਂ ਵਿੱਚੋਂ ਆਧੁਨਿਕ ਯੁੱਗ ਦੇ ਸੰਦਰਭ ਵਿੱਚ ਵਾਰਤਕ ਦਾ ਪ੍ਰਮੁੱਖ ਸਥਾਨ ਹੈ ਅਤੇ ਵਾਰਤਕ ਵਿੱਚ ਨਿਬੰਧ ਵਿਧਾ ਦੀ ਪ੍ਰਮੁੱਖਤਾ ਹੈ। ਨਿਬੰਧ ਵਿਧਾ ਵਿੱਚ ਸਾਹਿਤ ਰਸ ਦੇ ਨਾਲ-ਨਾਲ ਬੁੱਧੀ ਤੱਤ ਵੀ ਸ਼ਾਮਿਲ ਹੁੰਦਾ ਹੈ। ਨਿਯਮਾਂ ਦੇ ਵਿੱਚ ਬੰਨ੍ਹਿਆ ਹੋਇਆ ਜਾਣਕਾਰੀ ਭਰਪੂਰ ਲੇਖ ਹਮੇਸ਼ਾ ਹੀ ਪਾਠਕਾਂ ਨੂੰ ਅਕੇਵੇਂ ਤੋਂ ਬਚਾਉਂਦਾ ਹੋਇਆ ਆਨੰਦ ਦੇ ਸਫ਼ਰ ਵਿੱਚ ਨਾਲ ਲੈ ਤੁਰਦਾ ਹੈ। ਸਮਕਾਲੀ ਯੁੱਗ ਗਿਆਨ-ਵਿਗਿਆਨ ਦਾ ਯੁੱਗ ਹੈ ਤੇ ਗਿਆਨ-ਵਿਗਿਆਨ ਦੇ ਪ੍ਰਗਟਾਅ ਲਈ ਸਾਹਿਤ ਵਿੱਚ ਨਿਬੰਧ ਨੂੰ ਸਭ ਤੋਂ ਢੁੱਕਵੀਂ ਤੇ ਮਹੱਤਵਪੂਰਨ ਵਿਧਾ ਕਿਹਾ ਜਾਂਦਾ ਹੈ। ਪੰਜਾਬੀ ਵਾਰਤਕ ਪੰਜਾਬੀ ਕਵਿਤਾ ਨਾਲੋਂ ਬਹੁਤ ਦੇਰ ਬਾਅਦ ਹੋਂਦ ਵਿੱਚ ਆਈ। ਸਮਝਿਆ ਜਾਂਦਾ ਹੈ ਕਿ ਕਵਿਤਾ ਦੀ ਵਿਆਖਿਆ ਕਰਨ ਦੀ ਲੋੜ ਵਿੱਚੋਂ ਹੀ ਵਰਤਕ ਦਾ ਜਨਮ ਹੋਇਆ। ਪੁਰਾਤਨ ਪੰਜਾਬੀ ਵਾਰਤਕ ਦੇ ਸਾਰੇ ਗੱਦ ਰੂਪ ਜਿਵੇਂ ਜਨਮ ਸਾਖੀ, ਗੋਸ਼ਟੀਆਂ, ਟੀਕੇ, ਪਰਚੀਆਂ ਆਦਿ ਇਸੇ ਗੱਲ ਵੱਲ ਇਸ਼ਾਰਾ ਕਰਦੇ ਹਨ। 19ਵੀਂ ਸਦੀ ਦੇ ਦੂਜੇ ਅੱਧ ਵਿੱਚ ਨਵੀਨ ਪੰਜਾਬੀ ਵਾਰਤਕ ਦਾ ਜਨਮ ਹੋਇਆ। ਇਸ ਵਿੱਚ ਧਰਮ ਵਿਆਖਿਆਵਾਂ ਦੇ ਨਾਲ-ਨਾਲ ਨਾਟਕ, ਗਲਪ ਤੇ ਨਿਬੰਧਾਂ ਦੀ ਰਚਨਾ ਹੋਣ ਲੱਗ ਪਈ। ਕੁਝ ਸਮੇਂ ਬਾਅਦ ਇਸ ਵਿੱਚ ਜੀਵਨੀ, ਸਵੈ-ਜੀਵਨੀ, ਰੇਖਾ-ਚਿੱਤਰ, ਸਫ਼ਰਨਾਮੇ, ਸੰਸਮਰਨ ਆਦਿ ਸਾਹਿਤਕ ਰੂਪ ਲਿਖੇ ਜਾਣ ਲੱਗ ਪਏ। ਪੰਜਾਬੀ ਵਿੱਚ ਨਿਬੰਧਕਾਰੀ ਦੀ ਪ੍ਰਕਾਰ ਵੰਡ ਬਾਰੇ ਵਿਦਵਾਨਾਂ ਨੇ ਹੇਠ ਲਿਖੇ ਅਨੁਸਾਰ ਵਿਚਾਰ ਪੇਸ਼ ਕੀਤੇ ਹਨ:

ਧਾਰਮਿਕ ਨਿਬੰਧ: ਇਹ ਨਿਬੰਧ ਦਾ ਮੁੱਢਲਾ ਰੂਪ ਹੈ ਜਿਹੜਾ ਮੁੱਖ ਰੂਪ ਵਿੱਚ ਸਿੰਘ ਸਭਾ ਲਹਿਰ ਦੇ ਪ੍ਰਭਾਵ ਅਧੀਨ ਹੋਂਦ ਵਿੱਚ ਆਇਆ। ਇਹ ਮੁੱਖ ਤੌਰ ‘ਤੇ ਈਸਾਈ ਮਿਸ਼ਨਰੀਆਂ ਦੇ ਪ੍ਰਤਿਕਰਮ ਵਿੱਚੋਂ ਪੈਦਾ ਹੋਇਆ। ਡਾ.ਭਾਈ ਵੀਰ ਸਿੰਘ, ਪ੍ਰੋ. ਸਾਹਿਬ ਸਿੰਘ, ਡਾ. ਬਲਬੀਰ ਸਿੰਘ, ਡਾ. ਭਾਈ ਜੋਧ ਸਿੰਘ ਇਸੇ ਵੰਨਗੀ ਦੇ ਨਿਬੰਧਕਾਰ ਹਨ। ਇਸ ਵੰਨਗੀ ਦੇ ਨਿਬੰਧ ਰਚਣ ਵਾਲਿਆਂ ਵਿੱਚ ਡਾ. ਸ਼ੇਰ ਸਿੰਘ, ਸ਼ਮਸ਼ੇਰ ਸਿੰਘ, ਅਸ਼ੋਕ, ਪਿਆਰਾ ਸਿੰਘ ਪਦਮ, ਪ੍ਰਿੰਸੀਪਲ ਸਤਿਬੀਰ ਸਿੰਘ ਵੀ ਸ਼ਾਮਲ ਹਨ।

ਰੁਮਾਂਟਿਕ ਨਿਬੰਧ: ਇਸ ਵੰਨਗੀ ਦੇ ਨਿਬੰਧ ਰਵਾਇਤੀ ਵਿਸ਼ੇ ਨੂੰ ਤਿਆਗ ਕੇ ਰੁਮਾਂਟਿਕ ਅੰਦਾਜ਼ ਵਿੱਚ ਦਿਲਚਸਪ ਵੇਰਵੇ ਦੇਣ ਵਿੱਚ ਵਿਸ਼ਵਾਸ ਰੱਖਦੇ ਹਨ। ਇਸ ਵਿੱਚ ਰਹੱਸਵਾਦੀ ਤੇ ਸ਼ਰਧਾਮੁਖ ਭਾਵਨਾ ਦਾ ਅਭਾਵ ਹੁੰਦਾ ਹੈ। ਇਹ ਲੌਕਿਕ ਸੰਸਾਰ ਦੀ ਚੀਜ਼ ਹਨ। ਇਸ ਵੰਨਗੀ ਦੇ ਨਿਬੰਧਾਂ ਦਾ ਆਰੰਭ ਪ੍ਰੋ. ਪੂਰਨ ਸਿੰਘ ਦੇ ‘ਖੁੱਲ੍ਹੇ ਲੇਖਾਂ’ ਨਾਲ ਹੁੰਦਾ ਹੈ। ਇਨ੍ਹਾਂ ਵਿੱਚ ਧਾਰਮਿਕ ਰੰਗਤ ਨਾਲੋਂ ਸਾਹਿਤਕਤਾ ਅਤੇ ਸਦਾਚਾਰਕਤਾ ਵਧੇਰੇ ਹੈ। ਪੂਰਨ ਸਿੰਘ ਤੋਂ ਅਗਲਾ ਪੜਾਅ ਗੁਰਬਖਸ਼ ਸਿੰਘ ਪ੍ਰੀਤਲੜੀ ਨਾਲ ਆਰੰਭ ਹੁੰਦਾ ਹੈ। ਆਧੁਨਿਕ ਨਿਬੰਧਾਂ ਦਾ ਆਰੰਭ ਗੁਰਬਖਸ਼ ਸਿੰਘ ਨਾਲ ਹੀ ਹੁੰਦਾ ਹੈ। ਇਸੇ ਪਰੰਪਰਾ ਵਿੱਚ ਕਿਰਪਾਲ ਸਿੰਘ ਕਸੇਲ ਦੇ ‘ਇੰਦਰ ਧਨੁਸ਼’ ਵਿਚਲੇ ਨਿਬੰਧ ਰੱਖੇ ਜਾ ਸਕਦੇ ਹਨ।

ਯਥਾਰਥਵਾਦੀ ਨਿਬੰਧ: ਇਸ ਵੰਨਗੀ ਦੀ ਸ਼ੁਰੂਆਤ ਲਾਲ ਸਿੰਘ ਕਮਲਾ ਅਕਾਲੀ ਨਾਲ ਹੁੰਦੀ ਹੈ। ‘ਮੌਤ ਰਾਣੀ ਦਾ ਘੁੰਡ’, ‘ਜੀਵਨ ਨੀਤੀ’, ‘ਮਨ ਦੀ ਮੌਜ’, ਇਸੇ ਰੰਗਤ ਦੇ ਨਿਬੰਧ ਹਨ। ਇਨ੍ਹਾਂ ਨਿਬੰਧਾਂ ਵਿੱਚ ਜਾਣਕਾਰੀ ਦਿੰਦਾ ਹੋਇਆ ਵੀ ਨਿਬੰਧਕਾਰ ਆਪਣੇ ਬਿਆਨ ਨੂੰ ਢਿੱਲਾ ਨਹੀਂ ਹੋਣ ਦਿੰਦਾ। ਕਮਲਾ ਅਕਾਲੀ ਤੋਂ ਹੀ ਹਲਕੇ ਫੁਲਕੇ ਮੱਧਮ ਵਿਅੰਗ ਤੇ ਠੇਠ ਮੁਹਾਵਰੇਦਾਰ ਨਿਬੰਧਾਂ ਦਾ ਆਰੰਭ ਹੋ ਜਾਂਦਾ ਹੈ ਪਰ ਇਸ ਪ੍ਰਵਿਰਤੀ ਦਾ ਸਿਖ਼ਰ ਪ੍ਰਿੰਸੀਪਲ ਤੇਜਾ ਸਿੰਘ ਤੱਕ ਪੁੱਜ ਕੇ ਆਉਂਦਾ ਹੈ।

ਗਿਆਨਮਈ ਨਿਬੰਧ: ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਪ੍ਰਿੰਸੀਪਲ ਗੁਰਬਚਨ ਸਿੰਘ ਤਾਲਿਬ, ਕਪੂਰ ਸਿੰਘ ਆਈ.ਸੀ.ਐੱਸ., ਡਾ. ਨਰਿੰਦਰ ਸਿੰਘ ਕਪੂਰ ਦੇ ਨਿਬੰਧ ਇਸੇ ਸ਼ਾਖਾ ਵਿੱਚ ਸ਼ਾਮਿਲ ਕੀਤੇ ਜਾ ਸਕਦੇ ਹਨ।

ਹਲਕੇ ਫੁਲਕੇ ਨਿਬੰਧ: ਕੁਲਬੀਰ ਸਿੰਘ ਕਾਂਗ ਇਸ ਵੰਨਗੀ ਦੇ ਨਿਬੰਧ ਦਾ ਆਰੰਭ ਕਰਨ ਵਾਲਾ ਹੈ। ਡਾ. ਸੋਹਿੰਦਰ ਸਿੰਘ ਬੇਦੀ, ਪ੍ਰਿੰਸੀਪਲ ਸਰਵਣ ਸਿੰਘ, ਲਾਭ ਸਿੰਘ ਸੰਧੂ ਨੇ ਸਭਿਆਚਾਰਕ ਰੰਗਤ ਵਾਲੇ ਨਿਬੰਧਾਂ ਦੀ ਰਚਨਾ ਕੀਤੀ ਹੈ। ਅੱਜਕਲ੍ਹ ਗਿਆਨ ਵਿਗਿਆਨ ਨਾਲ ਸੰਬੰਧਿਤ ਨਿਬੰਧ ਵੀ ਲਿਖੇ ਮਿਲਦੇ ਹਨ। ਪੰਜਾਬੀ ਵਿੱਚ ਦੂਜੇ ਸਾਹਿਤ ਰੂਪਾਂ ਦੇ ਮੁਕਾਬਲੇ ਨਿਬੰਧ ਰਚਨਾ ਦੀ ਸਥਿਤੀ ਤਸੱਲੀ ਬਖਸ਼ ਹੈ। ਇਸ ਦਾ ਭਵਿੱਖ ਵੀ ਸੁਨਹਿਰਾ ਹੋਣ ਦੀ ਉਮੀਦ ਹੈ।

ਪੰਜਾਬੀ ਵਿੱਚ ਮੌਲਿਕ ਨਿਬੰਧ ਰਚਨਾ ਪੱਤਰਕਾਰੀ ਦੇ ਰੂਪ ਵਿੱਚ ਸ਼ੁਰੂ ਹੋਈ। ਕੁਝ ਲੇਖਕਾਂ ਨੇ ਸਪਤਾਹਿਕ ਅਤੇ ਮਾਸਿਕ ਪੱਤਰਾਂ ਵਿੱਚ ਨਿਬੰਧ ਲਿਖਣੇ ਸ਼ੁਰੂ ਕੀਤੇ। ਉਹਨਾਂ ਲੇਖਕਾਂ ਵਿੱਚ ਮੁੱਖ ਤੌਰ ਤੇ ਬਿਸ਼ਨ ਦਾਸ ਪੁਰੀ, ਯੋਗੀ ਸ਼ਿਵ ਨਾਥ, ਭਾਈ ਮੋਹਨ ਸਿੰਘ ਵੇਦ, ਜੀ.ਬੀ.ਸਿੰਘ, ਕਰਨਲ ਭੋਲਾ ਨਾਥ, ਅਕਾਲੀ ਮੰਗਲ ਸਿੰਘ, ਸਰਦੂਲ ਸਿੰਘ ਕਵੀਸ਼ਰ, ਗਿਆਨੀ ਖਜਾਨ ਸਿੰਘ ਅਤੇ ਭਾਈ ਸੇਵਾ ਸਿੰਘ ਦੇ ਨਾਮ ਵਰਣਨ ਯੋਗ ਹਨ। ਬਿਹਾਰੀ ਲਾਲ ਪੁਰੀ (1830-1884), ਨੂੰ ਪੰਜਾਬੀ ਦੀ ਪਹਿਲਾ ਸਥਾਪਿਤ ਨਿਬੰਧਕਾਰ ਕਿਹਾ ਜਾ ਸਕਦਾ ਹੈ। ਉਸ ਦੇ ਨਿਬੰਧਾਂ ਵਿੱਚ ਦਲੀਲਾਂ ਦੇ ਆਧਾਰ ਉੱਤੇ ਵਿਸ਼ਿਆਂ ਦੀ ਸਪੱਸ਼ਟਤਾ ਕੀਤੀ ਗਈ ਹੈ। ਸਮਕਾਲੀ ਸਮਾਜਿਕ ਸਮੱਸਿਆਵਾਂ ਨਾਲ ਸੰਬੰਧਿਤ ਉਸ ਦੇ ਨਿਬੰਧਾ ਵਿੱਚੋਂ ਗਿਆਨਮਈ ਜਾਣਕਾਰੀ ਮਿਲਦੀ ਹੈ। 'ਵਿਦਿਆ ਰਤਨਾਕਰ', 'ਸੱਤਯ', 'ਗਿਆਨ ਮਾਲਾ', 'ਅਨੇਕ ਦਰਸ਼ਨ', 'ਚਰਿਤਾਵਲੀ', 'ਅਨੇਕਾਰਥੀ' ਅਤੇ 'ਵਿਚਾਰ ਕੁੰਡਲੀ' ਉਹਨਾਂ ਦੇ ਨਿਬੰਧ ਸੰ੍ਰਗਿਹ ਹਨ। ਗਿਆਨੀ ਦਿੱਤ ਸਿੰਘ (1853-1901) ਪੰਜਾਬੀ ਦੇ ਮੁੱਢਲੇ ਨਿਬੰਧਕਾਰਾਂ ਵਿੱਚੋਂ ਹਨ। ਆਪ ਦੇ ਨਿਬੰਧ ਸਧਾਰਨ ਵਿਸ਼ਿਆਂ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਵੀ ਰੌਚਕ ਹਨ। ਆਦਰਸ਼ਵਾਦੀ ਅਤੇ ਸਮਾਜਿਕ ਵਿਸ਼ੇ ਆਪ ਜੀ ਦੇ ਨਿਬੰਧਾਂ ਦਾ ਕੇਂਦਰ ਬਿੰਦੂ ਹਨ। ਉਹਨਾਂ ਦੇ ਨਿਬੰਧ ਸੰ੍ਰਗਹਿ ਹਨ: 'ਕੁਝ ਲੇਖ', 'ਰੇਤੇ ਵਿੱਚ ਖੂਹਾਂ' ਅਤੇ 'ਹਿੰਦੁਸਤਾਨ ਵਿੱਚ ਧਰਮ'। ਡਾ. ਚਰਨ ਸਿੰਘ (1853 - 1908) ਪੰਜਾਬੀ ਵਿੱਚ ਹਾਸਰਸ ਉਪਜਾਉਣ ਵਾਲੇ ਅਤੇ ਸੰਜੀਦਾ ਵਿਸ਼ਿਆਂ 'ਤੇ ਲਿਖਣ ਵਾਲੇ ਨਿਬੰਧਕਾਰ ਹਨ। 'ਮਹਾਰਾਣੀ ਸ਼ਰਾਬ ਕੌਰ' ਨਿਬੰਧ ਵਿੱਚ ਉਹਨਾਂ ਨੇ ਨਸ਼ਿਆਂ ਦੇ ਸੇਵਨ ਨਾਲ ਹੁੰਦੇ ਨੁਕਸਾਨ ਬਾਰੇ ਦੱਸਿਆ ਹੈ। 'ਸ੍ਰੀ ਗੁਰੂ ਗ੍ਰੰਥ ਬਾਣੀ ਬਿਉਰਾ', 'ਗੁਰਮਤ ਸੰਗੀਤ ਨਿਰਣੈ' ਅਤੇ 'ਸ਼ਬਦ ਵ੍ਰਿਤੀ ਪ੍ਰਕਾਸ਼' ਉਹਨਾਂ

ਦੇ ਵਰਣਨ ਯੋਗ ਨਿਬੰਧ ਸੰਗ੍ਰਿਹ ਹਨ। ਭਾਈ ਵੀਰ ਸਿੰਘ (1872-1957) ਦਾ ਪੰਜਾਬੀ ਨਿਬੰਧਕਾਰੀ ਵਿੱਚ ਵਿਸ਼ੇਸ਼ ਸਥਾਨ ਹੈ। ਆਪ ਦੇ ਨਿਬੰਧਾਂ ਦਾ ਮੁੱਖ ਉਦੇਸ਼ ਧਾਰਮਿਕ ਭਾਵਾਂ ਲਈ ਪ੍ਰੇਰਨਾ ਦੇਣਾ ਹੈ। 'ਪ੍ਰਾਰਥਨਾ' ਉਹਨਾਂ ਦਾ ਸਭ ਤੋਂ ਪਹਿਲਾ ਨਿਬੰਧ ਹੈ। 'ਗੁਰੂ ਨਾਨਕ ਚਮਤਕਾਰ', 'ਅਸ਼ਟ ਗੁਰੂ ਚਮਤਕਾਰ' ਅਤੇ 'ਕਲਗੀਧਰ ਚਮਤਕਾਰ' ਪੁਸਤਕਾਂ ਵਿਚਲੀਆਂ ਸਾਖੀਆਂ ਵੀ ਨਿਬੰਧਾਂ ਦਾ ਸੁੰਦਰ ਨਮੂਨਾ ਪੇਸ਼ ਕਰਦੀਆਂ ਹਨ। ਪ੍ਰਿੰਸੀਪਲ ਸਾਹਿਬ ਸਿੰਘ (1872-1977) ਭਾਈ ਵੀਰ ਸਿੰਘ ਦੇ ਧਾਰਮਿਕ ਨਿਬੰਧਾਂ ਵਿੱਚੋਂ ਵਿਸਥਾਰਮਈ ਅਤੇ ਮਹੱਤਵਪੂਰਨ ਜਾਣਕਾਰੀ ਮਿਲਦੀ ਹੈ। ਆਪ ਜੀ ਦੇ ਨਿਬੰਧ ਸੰ੍ਗਹਿ ਇਸ ਪ੍ਰਕਾਰ ਹਨ: 'ਧਾਰਮਿਕ ਲੇਖ', 'ਗੁਰਬਾਣੀ ਦੇ ਇਤਿਹਾਸ ਬਾਰੇ', 'ਗੁਰਮਤ ਪ੍ਰਕਾਸ਼', 'ਸਰਬੱਤ ਦਾ ਭਲਾ', 'ਧਰਮ ਤੇ ਸਦਾਚਾਰ', 'ਸਿੱਖੀ ਸਿਦਕ ਨਾ ਹਾਰੇ'।

ਪ੍ਰੋ. ਪੂਰਨ ਸਿੰਘ (1881-1931) ਨੇ ਕਾਵਿਮਈ ਸ਼ੈਲੀ ਵਿੱਚ ਨਿਬੰਧਕਾਰੀ ਵੀ ਕੀਤੀ। ਆਪ ਦੇ ਪ੍ਰਮੁੱਖ ਨਿਬੰਧ ਸੰਗ੍ਰਹਿ 'ਖੁੱਲ੍ਹੇ ਲੇਖ', 'ਵਤਨ ਦਾ ਪਿਆਰ', 'ਕਵਿਤਾ', 'ਕਵੀ ਦਾ ਦਿਲ', 'ਮਿੱਤਰਤਾ' ਅਤੇ 'ਮਜ਼ਹਬ' ਹਨ। ਐਸ.ਐਸ.ਚਰਨ ਸਿੰਘ ਸ਼ਹੀਦ (1881-1935) ਨੇ ਪੰਜਾਬੀ ਵਿੱਚ ਹਾਸ-ਵਿਅੰਗ ਵਾਲੇ ਨਿਬੰਧ ਲਿਖਣ ਦੀ ਪਿਰਤ ਪਾਈ। ਉਨ੍ਹਾਂ ਦੇ ਨਿਬੰਧਾਂ ਦੀ ਸ਼ੈਲੀ ਬਿਰਤਾਂਤਕ ਹੈ। 'ਬਾਬਾ ਵਰਿਆਮਾ' ਉਹਨਾਂ ਦੇ ਨਿਬੰਧਾਂ ਦਾ ਵਿਸ਼ੇਸ਼ ਪਾਤਰ ਹੈ ਜਿਸ ਦਾ ਕਾਰਜ ਪਾਠਕ ਨੂੰ ਲਗਾਤਾਰ ਹਸਾਉਣਾ ਹੈ। ਉਹਨਾਂ ਦੇ ਨਿਬੰਧ 'ਮੌਜੀ' ਅਤੇ 'ਹੰਸ' ਪਰਚਿਆਂ ਵਿੱਚ ਪ੍ਰਕਾਸ਼ਤ ਹੁੰਦੇ ਰਹੇ। ਭਾਈ ਮੋਹਨ ਸਿੰਘ ਵੈਦ (1888-1938) ਦੇ ਨਿਬੰਧਾਂ ਵਿੱਚ ਭਿੰਨ-ਭਿੰਨ ਵਿਸ਼ਿਆਂ ਬਾਰੇ ਡੂੰਘਾਈ ਨਾਲ ਵਿਚਾਰ-ਵਟਾਂਦਾਰਾ ਕੀਤਾ ਗਿਆ ਹੈ। 'ਕਰਮਯੋਗ', 'ਸਿਆਣੀ ਮਾਤਾ', 'ਸੁਖੀ ਪਰਿਵਾਰ', 'ਪਛਤਾਵਾ', 'ਕਪਟੀ ਮਿੱਤਰ' ਅਤੇ 'ਕਮਾਈ ਦੀ ਬਰਕਤ' ਉਹਨਾਂ ਦੀਆਂ ਵਰਣਨਯੋਗ ਰਚਨਾਵਾਂ ਹਨ। ਡਾ. ਭਾਈ ਜੋਧ ਸਿੰਘ (1882- 1981) ਦੀ ਨਿਬੰਧਕਾਰੀ ਦਾ ਵਿਸ਼ਾ ਗੁਰਮਤਿ ਵਿਚਾਰਧਾਰਾ ਨਾਲ ਸੰਬੰਧਿਤ ਹੈ। 'ਸਿੱਖੀ ਕੀ ਹੈ', 'ਬਾਣੀ ਭਗਤਾਂ', 'ਨਵਾਬਖਾਂ', 'ਗੁਰਮਤ ਨਿਰਣਯ', 'ਪ੍ਰਾਚੀਨ ਬੀੜਾਂ ਬਾਰੇ' ਅਤੇ 'ਪੰਜਾਬ ਦੀ ਬੋਲੀ' ਉਹਨਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ। ਸ.ਕਰਮ ਸਿੰਘ ਹਿਸਟੋਰੀਅਨ (1884-1930) ਦੇ ਨਿਬੰਧ ਇਤਿਹਾਸਿਕ ਜਾਣਕਾਰੀ ਵਾਲੇ ਹਨ। ਉਸ ਦੇ ਨਿਬੰਧਾਂ ਦਾ ਵਧੇਰੇ

ਸੰਬੰਧ ਗੁਰੂ-ਇਤਿਹਾਸ ਨਾਲ ਹੈ। 'ਬੰਦਾ ਬਹਾਦਰ', 'ਕੱਤਕ ਕਿ ਵਿਸਾਖ', 'ਜੀਵਨ ਹਰਨਾਮ ਕੌਰ', 'ਬੰਦਾ ਕੌਣ ਥਾ', 'ਮਹਾਰਾਜਾ ਆਲਾ ਸਿੰਘ', 'ਗੁਰਪੁਰਬ ਨਿਰਣੈ', 'ਅਮਰ ਖਾਲਸਾ' ਅਤੇ 'ਗੁਰ ਗਾਥਾ' ਉਹਨਾਂ ਦੀਆਂ ਵਰਣਨ ਯੋਗ ਰਚਨਾਵਾਂ ਹਨ।

ਪ੍ਰਿੰਸੀਪਲ ਤੇਜਾ ਸਿੰਘ (1893-1958) ਨੇ ਪੰਜਾਬੀ ਵਿੱਚ ਅੰਗਰੇਜੀ ਸਾਹਿਤ ਦੇ ਪ੍ਰਭਾਵ ਅਧੀਨ ਲਿਖਣਾ ਸ਼ੁਰੂ ਕੀਤਾ। ਉਹਨਾਂ ਦੇ ਨਿਬੰਧ ਸੰਗ੍ਰਹਿ 'ਸ਼ਹਿਰ ਦਾ ਨਲਕਾ', 'ਗੁਸਲਖਾਨਾ', 'ਸਾਊਪੁਣਾ', 'ਵਿਹਲੀਆਂ ਗੱਲਾਂ', 'ਸਹਿਜ-ਸੁਭਾ', 'ਨਵੀਆਂ ਸੋਚਾਂ', 'ਸੱਭਿਆਚਾਰ' ਆਦਿ ਹਨ। ਗੁਰਬਖਸ਼ ਸਿੰਘ ਪ੍ਰੀਤਲੜੀ (1895-1977) ਨੇ ਪੰਜਾਬੀ ਵਿੱਚ ਪੱਛਮੀ ਸੱਭਿਅਤਾ ਦੇ ਪ੍ਰਭਾਵ ਅਧੀਨ ਨਿਬੰਧਕਾਰੀ ਆਰੰਭ ਕੀਤੀ। ਉਸ ਨੇ ਪ੍ਰੰਪਰਾਵਾਦੀ ਲੀਕ ਤੋਂ ਹੱਟ ਕੇ ਆਪਣੇ ਨਿਬੰਧਾਂ ਨੂੰ ਲਿਖਿਆ। ਰੌਮਾਂਚ ਅਤੇ ਜੀਵਨ ਨੇੜਤਾ ਉਸ ਦੇ ਨਿਬੰਧਾਂ ਦੀ ਵਿਸ਼ੇਸ਼ਤਾ ਹੈ। 'ਪ੍ਰੀਤ ਮਾਰਗ', 'ਸਾਵੀ ਪੱਧਰੀ ਜਿੰਦਗੀ', ਮੇਰੀਆਂ ਅਭੁੱਲ ਯਾਦਾਂ', 'ਚੰਗੇਰੀ ਦੁਨੀਆਂ', 'ਖੁਸਹਾਲ ਜੀਵਨ', 'ਭੱਖਦੀ ਜੀਵਨ ਚੰਗਿਆੜੀ', 'ਨਵੀਂ ਤੱਕੜੀ ਦੁਨੀਆਂ', ਨਵਾਂ ਸ਼ਿਵਾਲਾ', 'ਪਰਮ ਮਨੁੱਖ', 'ਸਵੈ-ਪੂਰਨਤਾ ਦੀ ਲਗਨ', 'ਮੇਰੇ ਝਰੋਖੇ ਤੋਂ', 'ਇੱਕ ਦੁਨੀਆਂ ਦੇ ਤੇਰ੍ਹਾਂ ਸੁਪਨੇ', 'ਕੁਦਰਤੀ ਮਜ਼ਹਬ', 'ਜਿੰਦਗੀ ਦੀ ਰਾਸ', 'ਖੁੱਲ੍ਹਾ ਦਰ' 'ਫੈਸਲੇ ਦੀ ਘੜੀ', 'ਮਨੋਹਰ ਸਖਸ਼ੀਅਤ', 'ਤਾਜ ਤੇ ਸਰੂ', 'ਰੀਝਾਂ ਦੀ ਖੱਡੀ', 'ਇੱਕ ਝਾਤ ਪੂਰਬ-ਪੱਛਮ 'ਤੇ, 'ਦੁਨੀਆਂ ਇੱਕ ਮਹਾਨ', ਜ਼ਿੰਦਗੀ ਦੀ ਕਵਿਤਾ', 'ਬੰਦੀ-ਛੋੜ', 'ਸਰਬਪੱਖੀ ਨਾਇਕ', 'ਇੱਕ ਜੱਗ ਸਾਡਾ' ਅਤੇ 'ਸਾਡੇ ਵਾਰਸ' ਉਹਨਾਂ ਦੇ ਨਿਬੰਧ ਸੰਗ੍ਰਹਿ ਹਨ। ਆਪਣੇ ਨਿਬੰਧਾਂ ਵਿੱਚ ਪ੍ਰੀਤਲੜੀ ਨੇ ਜਿੱਥੇ ਮਨੁੱਖੀ ਆਦਰਸ਼ਵਾਦ ਦੀ ਪ੍ਰਸਤੁਤੀ ਕੀਤੀ ਹੈ, ਉੱਥੇ ਮਾਨਵਵਾਦ ਲਈ ਆਵਾਜ਼ ਉਠਾਈ ਹੈ ਅਤੇ ਸ਼ਾਂਤ ਜੀਵਨ ਜਿਊਣ ਵਾਸਤੇ ਪ੍ਰੇਰਨਾ ਵੀ ਦਿੱਤੀ ਹੈ। ਰੌਚਕਤਾ ਉਸ ਦੇ ਨਿਬੰਧਾਂ ਦੀ ਵਿਸ਼ੇਸ਼ਤਾ ਹੈ।

ਡਾ. ਬਲਬੀਰ ਸਿੰਘ (1897-1974): ਨੇ ਪੰਜਾਬੀ ਵਿੱਚ ਵਿਗਿਆਨਕ ਅਤੇ ਦਾਰਸ਼ਨਿਕ ਨਿਬੰਧ ਲਿਖੇ। ਉਨ੍ਹਾਂ ਦੇ ਨਿਬੰਧਾਂ ਵਿੱਚ ਬੌਧਿਕਤਾ ਵੀ ਹੈ ਤੇ ਕਈ ਥਾਵਾਂ ਤੇ ਉਨ੍ਹਾਂ ਦੇ ਨਿਬੰਧ ਸਨਾਤਨੀ ਪ੍ਰੰਪਰਾ ਨਾਲ ਜਾ ਰਲਦੇ ਹਨ। ਬਲਬੀਰ ਸਿੰਘ ਨੇ ਚਾਰ ਨਿਬੰਧ ਸੰਗ੍ਰਹਿ ਪ੍ਰਕਾਸ਼ਤ ਕਰਵਾਏ 'ਚਰਨ ਹਰੀ ਵਿਸਥਾਰ',

'ਕਲਮ ਦੀ ਕਰਾਮਾਤ', 'ਲੰਮੀ ਨਦਰ', ਅਤੇ 'ਸ਼ੁੱਧ ਸਰੂਪ'। ਉਨ੍ਹਾਂ ਦੇ ਨਿਬੰਧ ਧਾਰਮਕ ਵਿਸ਼ਿਆਂ ਨਾਲ ਵੀ ਸੰਬੰਧਤ ਹਨ। ਉਹ ਆਪਣੇ ਨਿਬੰਧਾਂ ਵਿੱਚ ਇਤਿਹਾਸਕਿ/ਮਿਥਿਹਾਸਕ ਹਵਾਲੇ ਦੇ ਕੇ ਆਪਣੇ ਮੱਤ ਦੀ ਪੁਸ਼ਟੀ ਕਰਦੇ ਹਨ। 'ਆਦਰਸ਼ ਦੀ ਸ਼ਕਤੀ', 'ਸਰਬਕਾਲ', 'ਸੱਚ ਦੀ ਸੂਰਤ', 'ਕਰਮ ਨਾਮ', 'ਗੁਰਮੁਖ', 'ਰਬਾਬ', 'ਕਾਠ ਦੀ ਘੋੜੀ' ਅਤੇ ਸੇਵਾ ਕਮਾਈ' ਉਨ੍ਹਾਂ ਦੇ ਚਰਚਿਤ ਨਿਬੰਧ ਹਨ।

ਨਾਨਕ ਸਿੰਘ (1897-1971) ਨੂੰ ਪੰਜਾਬੀ ਸਾਹਿਤ ਵਿੱਚ ਇੱਕ ਸਥਾਪਿਤ ਗਲਪਕਾਰ ਵਜੋਂ ਜਾਣਿਆ ਜਾਂਦਾ ਹੈ। ਆਪ ਨੇ ਕਈ ਨਿਬੰਧ ਵੀ ਲਿਖੇ। ਉਸ ਦੇ ਨਿਬੰਧਾਂ ਦੇ ਵਿਸ਼ੇ ਆਮ ਜੀਵਨ ਵਿੱਚੋਂ ਹੋਣ ਕਰਕੇ ਪਾਠਕਾਂ 'ਤੇ ਤੀਖਣ ਪ੍ਰਭਾਵ ਪਾਉਂਦੇ ਹਨ। 'ਚੜ੍ਹਦੀ ਕਲਾ' ਉਸ ਦਾ ਪ੍ਰਕਾਸ਼ਿਤ ਨਿਬੰਧ ਸੰਗ੍ਰਹਿ ਹੈ। ਹਰਿੰਦਰ ਸਿੰਘ ਰੂਪ (1907-1954) ਦੇ ਨਿਬੰਧ ਸੰਜੀਦਾ ਵੀ ਹਨ ਅਤੇ ਹਾਸ-ਰਸ ਨਾਲ ਭਰਪੂਰ ਵੀ ਹਨ। 'ਰੂਪ-ਰੰਗ', 'ਚੁੰਝਾਂ ਪਹੁੰਚੇ' ਅਤੇ 'ਸਿੱਖ ਤੇ ਸਿੱਖੀ' ਉਹਨਾਂ ਦੇ ਤਿੰਨ ਨਿਬੰਧ ਸੰਗ੍ਰਹਿ ਹਨ। ਉਹਨਾਂ ਦੇ ਨਿਬੰਧਾਂ ਵਿੱਚ ਮੌਲਿਕਤਾ ਅਤੇ ਨਵੀਨਤਾ ਉਹਨਾਂ ਨੂੰ ਪ੍ਰਭਾਵਸ਼ਾਲੀ ਬਣਾਉਂਦੀ ਹੈ। 'ਗਾਲ੍ਹੜ ਕੋਹੜ ਕਿਰਲੀ', 'ਸਿਊਂਕ', 'ਧੂੰਆਂ', 'ਗੁੱਲੀ ਡੰਡਾ', 'ਲੂਣ ਦੀਆਂ ਸੇਵੀਆਂ', 'ਲਾਟੂ' ਅਤੇ 'ਨਕਲ' ਉਹਨਾਂ ਦੇ ਪ੍ਰਸਿੱਧ ਨਿਬੰਧ ਸੰਗ੍ਰਹਿ ਹਨ। ਐਸ.ਐਸ.ਅਮੋਲ: ਦੇ ਨਿਬੰਧ ਕਾਵਿ-ਮਈ ਸ਼ੈਲੀ ਵਿੱਚ ਲਿਖੇ ਗਏ ਹਨ। 'ਅਮੋਲ ਪੰਜਾਬੀ ਲੇਖ', 'ਆਦਰਸ਼ ਪੰਜਾਬੀ ਲੇਖ', 'ਮੇਰੇ ਚੋਣਵੇਂ ਨਿਬੰਧ' ਅਤੇ 'ਲੇਖ ਪਟਾਰੀ' ਉਹਨਾਂ ਦੀਆਂ ਨਿਬੰਧ ਪੁਸਤਕਾਂ ਹਨ। ਡਾ.ਮਹਿੰਦਰ ਸਿੰਘ ਰੰਧਾਵਾ (1909- 1986) ਪੰਜਾਬੀ ਲੋਕਧਾਰਾ ਦੇ ਮੁੱਦਈ ਰਹੇ ਹਨ। ਉਹਨਾਂ ਦੀ ਪੁਸਤਕ 'ਬਿਊਟੀਫੁਲ ਟ੍ਰੀਜ਼ ਐਂਡ ਗਾਰਡਨਜ਼' ਦਾ ਪੰਜਾਬੀ ਵਿੱਚ 'ਸੁੰਦਰ ਰੁੱਖ ਤੇ ਬਾਗ' ਸਿਰਲੇਖ ਹੇਠ ਅਨੁਵਾਦ ਹੋਇਆ। ਇਸ ਪੁਸਤਕ ਵਿੱਚ ਪ੍ਰਕਿਰਤੀ ਨਾਲ ਸੰਬੰਧਤ ਨਿਬੰਧ ਹਨ। ਡਾ. ਜੀਤ ਸਿੰਘ ਸੀਤਲ ਦੇ ਨਿਬੰਧ ਸਾਹਿਤ ਜਗਤ ਵਿੱਚ ਬਹੁਤ ਚਰਚਿਤ ਰਹੇ ਹਨ। 'ਮਿੱਤਰ ਅਸਾਡੇ ਸੇਈ' ਅਤੇ 'ਰਹਿਣ ਦਿਵਸ' ਉਹਨਾਂ ਦੇ ਦੋ ਨਿਬੰਧ ਸੰਗ੍ਰਹਿ ਹਨ। ਆਪ ਦੇ ਨਿਬੰਧ ਕਵਿਤਾ ਵਰਗੀ ਰਵਾਨੀ ਵਾਲੇ ਹਨ। ਕਵਿਤਰੀ ਵਜੋਂ ਪ੍ਰਸਿੱਧ ਅੰਮ੍ਰਿਤਾ ਪ੍ਰੀਤਮ ਨੇ ਵੀ ਪੰਜਾਬੀ ਨਿਬੰਧ ਲਿਖੇ ਹਨ। 'ਕਿਰਮਚੀ ਲਕੀਰਾਂ', ਮੋਮਬੱਤੀਆਂ ਦਾ ਭੇਤ', 'ਕਾਲਾ ਗੁਲਾਬ' ਅਤੇ 'ਸਫ਼ਰਨਾਮਾ' ਉਸ ਦੇ ਨਿਬੰਧ ਸੰਗ੍ਰਹਿ ਹਨ।

## 4.1 ਇੱਕੀਵੀਂ ਸਦੀ ਦੇ ਪੰਜਾਬੀ ਨਿਬੰਧ ਦੇ ਵਿਸ਼ੇਸ਼ ਝੁਕਾਅ

ਡਾ. ਕੁਲਬੀਰ ਸਿੰਘ ਕਾਂਗ ਨੇ ਪੰਜਾਬੀ ਵਿੱਚ ਲਲਿਤ ਨਿਬੰਧ ਲਿਖੇ ਹਨ। ਪ੍ਰਤੀਕਮਈ ਅਤੇ ਕਾਵਿ-ਮਈ ਸ਼ੈਲੀ ਡਾ. ਕਾਂਗ ਨੂੰ ਵਿਲੱਖਣ ਸਥਾਨ ਦਿਵਾਉਂਦੀ ਹੈ। ਡਾ. ਕਾਂਗ ਦੇ ਨਿਬੰਧ ਸੰਗ੍ਰਹਿ ਹਨ: 'ਨਾਦ-ਅਨਾਹਦ', 'ਨਦੀ ਕਿਆਰੇ ਪਿਆਸਾ ਮਨੁੱਖ', 'ਸੋਗੀ ਸੰਗੀਤ ਦਾ ਜਾਦੂ' ਅਤੇ 'ਉਦਾਸ ਦਰੱਖਤਾਂ ਦੇ ਮੌਨ ਨਗਮੇ' ਆਪ ਦੇ ਨਿਬੰਧ ਲਘੂ ਆਕਾਰ ਦੇ ਹੁੰਦੇ ਹੋਏ ਵੀ ਵਿਸ਼ੇ ਨਾਲ ਪੂਰਾ ਨਿਆਂ ਕਰਦੇ ਹਨ। ਇੱਕੀਵੀਂ ਸਦੀ ਦੇ ਪ੍ਰਮੁੱਖ ਪੰਜਾਬੀ ਨਿਬੰਧ: ਸੰਤੋਖ ਸਿੰਘ ਧੀਰ ਦਾ ਚਾਰਵਰ੍ਹੇ (2002), ਕੈਲਾਸ਼ਪੁਰੀ ਦਾ 'ਮੇਰੀ ਵਾਰਤਕ' (2002), ਟੀ.ਆਰ ਸ਼ਰਮਾ ਦਾ 'ਜੀਵਨ ਦੀ ਸਰਗਰਮੀ' (2000), ਡਾ. ਦਲੀਪ ਕੌਰ ਟਿਵਾਣਾ ਦਾ 'ਤੇਰੇ ਮੇਰੇ ਸਰੋਕਾਰ' (2002), ਨਰਿੰਜਨ ਸਿੰਘ ਨੂਰ ਦਾ 'ਜਲਾ ਵਤਨ-ਪੰਜਾਬੀ' (2000), ਅਜੀਤ ਸਿੰਘ ਚੰਦਨ ਦਾ 'ਵਗਦੇ ਪਾਣੀਆਂ ਦਾ ਗੀਤ' (2001), 'ਜ਼ਿੰਦਗੀ ਦੇ ਮਿੱਠੇ ਚਸ਼ਮੇ' (2004), 'ਮਨ ਜਿਨ੍ਹਾਂ ਦੇ ਚੰਬਾ ਖਿੜਿਆ'' (2007), ਜ਼ਿੰਦਗੀ ਦੀਆਂ ਸਦੀਵੀ ਖੁਸ਼ੀਆਂ' (2009), 'ਉਦਾਸ ਹੋਣਾ ਮਨ੍ਹਾ ਹੈ' (2011) ਨਰਿੰਦਰ ਘੁਗਿਆਣਵੀ 'ਜੱਜ ਦਾ ਅਰਦਲੀ' (2001), 'ਮਾਨ ਪੰਜਾਬ ਦੇ' (2001), 'ਸੱਚੇ ਦਿਲੋਂ'(2002) ਸੋਹਣ ਸਿੰਘ ਕਾਦਰੀ 'ਕਰਤਾ ਹੁਣ ਖਿਣ' (2001) ਜਸਵੰਤ ਸਿੰਘ ਵਿਰਦੀ ਦਾ 'ਤਿਨ ਧੰਨ ਜਣੇਂਦੀ ਮਾਓ' (2002) ਬਰਜਿੰਦਰ ਸਿੰਘ ਹਮਦਰਦ ਦਾ 'ਜੋਤ ਜਗਦੀ ਰਹੇਗੀ '(2002) 'ਬੱਲੀਏ ਕਣਕ ਦੀਏ' (2002) ਸੂਫੀ ਅਮਰਜੀਤ ਦਾ 'ਹੁਣ-ਖਿਣ' (2001) ਹਰੀਸ਼ ਮਲਹੋਤਰਾ ਦਾ 'ਬਰਤਾਨਵੀ ਅਤੇ ਭਾਰਤੀ ਸਮਾਜ' (2000) ਆਦਿ ਦਾ ਨਾਮ ਵਰਣਨ ਯੋਗ ਹੈ। ਪੰਜਾਬੀ ਨਿਬੰਧਕਾਰਾਂ ਅਤੇ ਉਹਨਾਂ ਦੀਆਂ ਪੁਸਤਕਾਂ ਦੇ ਵੇਰਵੇ ਤੋਂ ਇਲਾਵਾ ਪੰਜਾਬੀ ਦੇ ਕੁਝ ਹੋਰ ਨਿਬੰਧਕਾਰਾਂ ਦਾ ਉਲੇਖ ਕਰਨਾ ਜ਼ਰੂਰੀ ਹੈ, ਜਿਨ੍ਹਾਂ ਨੇ ਪਿਛਲੇ ਤਿੰਨ ਚਾਰ ਦਹਾਕਿਆਂ ਤੋਂ ਪੰਜਾਬੀ ਨਿਬੰਧ ਲਿਖਣ ਖੇਤਰ ਵਿੱਚ ਗਿਣਤੀ ਅਤੇ ਗੁਣਵੱਤਾ ਦੀ ਦ੍ਰਿਸ਼ਟੀ ਤੋਂ ਵਧੇਰੇ ਉਪਰਾਲੇ ਕੀਤੇ ਹਨ। ਪੂਰਨ ਸਿੰਘ ਯੂ.ਕੇ.ਦਾ 'ਸੋਚ ਦਾ ਸਫ਼ਰ'-ਭਾਗ ਤਿੰਨ (2007-2011), ਡਾ. ਸੁਰਜੀਤ ਸਿੰਘ ਢਿੱਲੋਂ 'ਸੱਭਿਆਚਾਰ ਤੇ ਜੀਵਨ-ਜਾਚ'(2002), 'ਯਾਦਾਂ ਅਲੀ ਗੜ੍ਹ ਦੀਆਂ'(2002), ਓਮ ਪ੍ਰਕਾਸ਼ ਗਾਸੋ 'ਮਲਵਈ ਸੱਭਿਆਚਾਰ'(1998-2000) 'ਪੰਜਾਬੀ ਦਿੱਖ ਤੇ ਦਰਸ਼ਨ'(2001), ਡਾ. ਅਮਰ ਕੋਮਲ

'ਜ਼ਿੰਦਗੀ ਦੇ ਸਿਰਨਾਵੇ'(1987-2003), 'ਕਤਰਾ-ਕਤਰਾ ਸਮੁੰਦਰ (1988-2003), 'ਵਿਚਾਰ ਦਰਸ਼ਨ'(2007), 'ਚਲਣਾ ਹੀ ਜ਼ਿੰਦਗੀ ਹੈ'(2001), 'ਅੰਦਰ-ਬਾਹਰ'(2005), 'ਤੀਜੀ ਅੱਖ'(2006), 'ਸੰਜੀਵਨੀ'(2008), 'ਕਾਮ ਦੇਵਤਾ ਤੇ ਹੋਰ ਲੇਖ'(2009), 'ਪੰਚਾਮ੍ਰਿਤ'(2009), 'ਸਲੀਕਾ'(2009), 'ਨਵਰੰਗ'(2010), 'ਪੰਚਵਟੀ ਦੇ ਅੰਦਰ-ਬਾਹਰ'(2011), 'ਬਚਨ ਬਿਲਾਸ'(2012), 'ਸਰੋਕਾਰ ਤੇ ਸੰਕਲਪ'(2013) 'ਵੇਦਨਾ-ਸੰਵੇਦਨਾ'(2014) ਡਾ. ਕੁਲਬੀਰ ਸਿੰਘ ਕਾਂਗ 'ਦੁੱਧ ਦੇ ਦਰਿਆ'(2003), ਹਰਚੰਦ ਸਿੰਘ ਸਰਹੰਦੀ 'ਜੀਵਨ ਬੂੰਦਾਂ'(2009), 'ਬਾਬਾ ਬੰਦਾ ਸਿੰਘ ਬਹਾਦਰ'(2007), 'ਸੱਚ ਨੀਹਾਂ ਵਿੱਚ ਚਮਕੇ'(2004), 'ਸਰਹਿੰਦ ਤੇ ਚਮਕੌਰ ਸਾਹਿਬ ਦੇ ਖ਼ੂਨੀ ਸਾਕਿਆਂ ਦੀ ਦਾਸਤਾਨ'(2004), ਕਰਨੈਲ ਸਿੰਘ ਸੋਮਲ 'ਜੀਵਨ-ਜੁਗਤਾਂ ਦੀ ਤਲਾਸ਼'(2000), 'ਜਿਉਣਾ ਆਪਣੀ ਮੌਜ ਵਿੱਚ'(2004), 'ਨਿੱਤ ਚੜ੍ਹਦੈ ਨਵੇਂ ਸਾਲ ਦਾ ਸੂਰਜ'(2004), 'ਫ਼ੁਰਸਤ ਦੇ ਪਲ'(2007), 'ਕਲਾਮਈ ਜ਼ਿੰਦਗੀ ਦੀ ਤਾਂਘ'(2009), 'ਸਾਡੇ ਅੰਬਰਾਂ ਦੇ ਤਾਰੇ'(2011), 'ਜ਼ਿੰਦਗੀ ਦੀ ਰੌਣਕ'(2012), 'ਫੁੱਲਾਂ ਨੇ ਖਿੜਨਾ ਨਹੀਂ ਛੱਡਿਆ'(2013), ਸੁਲੱਖਣ ਸਰਹੱਦੀ ਦਾ 'ਪੰਜਾਬ ਦੇ ਪਿੰਡਾਂ ਦਾ ਬਦਲ ਰਿਹਾ ਸੱਭਿਆਚਾਰ'(2009), ਨਰਿੰਦਰ ਸਿੰਘ ਕਪੂਰ ਦਾ 'ਮਾਲਾ-ਮਾਣਕੇ'(2001), 'ਦਰ ਦਰਵਾਜ਼ੇ'(2010), 'ਡੂੰਘੀਆਂ ਸਿੱਖ਼ਰਾਂ'(2005), 'ਰਾਹ-ਰਸਤੇ'(2003), ਡਾ. ਗੁਰਮੁੱਖ ਸਿੰਘ ਦਾ 'ਚਿੰਤਨ ਦੇ ਪਲ'(2000), 'ਸੰਝ ਦੀ ਲਾਲੀ'(2005), 'ਪਹੁ ਫੁਟਾਲਾ'(2007), 'ਦੀਵਾ ਤੇ ਹੋਰ ਨਿਬੰਧ'(2010), 'ਅਣਗੌਲੇ ਰਾਹ'(2010), ਪਰਮਜੀਤ ਕੌਰ ਸਰਹਿੰਦ ਦਾ 'ਚਾਨਣ ਦੀ ਨਾਨਕ ਛੱਕ'(2006), 'ਪੰਜਾਬੀ ਸੱਭਿਆਚਾਰ ਦੇ ਨਕਸ਼'(2010), ਗੁਰਦੀਪ ਸਿੰਘ ਚੌਹਾਨ ਦਾ 'ਕਿੱਥੇ ਗਏ ਉਹ ਲੋਕ'(2007), ਹਰਦੇਵ ਸਿੰਘ ਵਿਰਕ ਦਾ 'ਹਾਸ ਵਿਨੋਦ'(2008), ਜਾਗੀਰ ਸਿੰਘ ਨੂਰ ਦਾ 'ਪੰਜਾਬੀ ਲੋਕ ਮਨੋਰੰਜਨ-ਸਰੋਤ ਤੇ ਪਰੰਪਰਾ'(2001), 'ਪੰਜਾਬੀ ਰਹਿਤਲ'(2004), 'ਪੰਜਾਬ ਦੇ ਲੋਕ-ਨਾਚ'(2008), ਗੁਰਵਿੰਦਰ ਸਿੰਘ ਕਮਾਲਪੁਰਾ ਦਾ 'ਵਿਆਹ ਦੇ ਲੋਕਗੀਤ: ਵਿਭਿੰਨ ਪਰਿਪੇਖ ਸਿਹਰਾ ਤੇ ਸਿੱਖਿਆ ਸੰਕਲਪ ਤੇ ਮੁਲਾਂਕਣ'(2009) ਡਾ. ਕੁਲਵੰਤ ਕੌਰ ਦਾ 'ਔਰਤ ਈਮਾਨ ਹੈ'(2000), 'ਸ਼ਤਾਬਦੀਆਂ ਦਾ

ਸੁਨੇਹਾ'(2010), ਡਾ. ਮਲਕੀਅਤ ਸਿੰਘ ਸੈਣੀ ਦਾ 'ਪੰਜਾਬ ਦੀਆਂ ਤਿਤਲੀਆਂ'(2000), 'ਪੰਜਾਬ ਦੇ ਜੰਗਲੀ ਜੀਵ'(2002), ਡਾ. ਕੁਲਦੀਪ ਸਿੰਘ ਧੀਰ ਦਾ 'ਤਾਰਿਆਂ ਵੇ ਤੇਰੀ ਲੋਅ'(2002), 'ਆਦਮ ਮਨੁੱਖ ਤੋਂ ਸਟੇਪਨ ਹਾਕਿੰਗ ਤੱਕ'(2002), 'ਇਹ ਵਚਿੱਤਰ ਬ੍ਰਹਿਮੰਡ'(2002), 'ਧਰਤ ਅੰਬਰ ਦੀਆਂ ਬਾਤਾਂ'(2002), 'ਮੇਰੀ ਕਲਮ ਦੇ ਬੋਲ'(2014), ਗੁਰਚਰਨ ਸਿੰਘ ਔਲਖ ਦਾ 'ਜ਼ਿੰਦਗੀ ਤੇਰੇ ਰੰਗ ਅਨੇਕ'(2005), 'ਜ਼ਿੰਦਗੀ ਦੀਆਂ ਤਰਕਾਲਾਂ'(2007), 'ਚੜ੍ਹਦੀ ਕਲਾ ਹੈ ਜ਼ਿੰਦਗੀ'(2010), ਡਾ. ਅਨੂਪ ਸਿੰਘ ਦਾ 'ਸਮਿਆਂ ਦੇ ਸਨਮੁੱਖ'(2000), 'ਜ਼ਿੰਦਗੀ ਦੀਆਂ ਪੈੜਾਂ'(2007), ਨਰਿੰਦਰ ਸਿੰਘ ਦੁੱਗਲ ਦਾ 'ਚੰਗੇਰੀ ਸਾਹਿਤਕ ਧਾਰਾ'(2001), ਪ੍ਰੋ. ਕਿਸ਼ਨ ਸਿੰਘ ਦਾ 'ਯਾਦਾਂ ਦੇ ਝਰੋਖੇ 'ਚੋਂ ਉਭਰਦੇ ਮਾਨਵੀ ਸਰੋਕਾਰ'(2007), 'ਗੁਰਮਤਿ ਦਰਸ਼ਨ ਦੇ ਮਾਨਵੀ ਸਰੋਕਾਰ'(2008)

ਪੰਜਾਬੀ ਨਿਬੰਧਕਾਰੀ ਦਾ ਸਫ਼ਰ ਜਾਰੀ ਹੈ। ਆਪਣੇ ਸਫ਼ਰ ਵਿੱਚ ਉਸਨੇ ਅਨੇਕਾਂ ਪੰਧ ਤਹਿ ਕੀਤੇ ਹਨ। ਪੰਜਾਬੀ ਨਿਬੰਧ ਦੀ ਉੱਤਪਤੀ ਤੇ ਵਿਕਾਸ ਅੰਗਰੇਜ਼ੀ ਸਾਹਿਤ ਦੇ ਪ੍ਰਭਾਵ ਨਾਲ ਹੋਇਆ ਹੈ। ਡਾ. ਅਮਰ ਕੋਮਲ ਦੇ ਵਿਚਾਰ ਅਨੁਸਾਰ ਨਿਬੰਧ ਮਨੁੱਖੀ ਮਨ ਦੀ ਵੇਦਨਾ, ਸੰਵੇਦਨਾ ਅਤੇ ਭਾਵਨਾ ਨੂੰ ਅਭਿਵਿਅਕਤ ਕਰਦਾ ਹੈ। ਨਿਬੰਧ ਵਿੱਚ ਬੁੱਧੀ ਤੱਤ ਅਤੇ ਕਲਾ ਦਾ ਸੁਮੇਲ ਹੁੰਦਾ ਹੈ। ਡਾ. ਕਰਨੈਲ ਸਿੰਘ ਸੋਮਲ ਨਿਬੰਧਾਂ ਬਾਰੇ ਆਪਣੀ ਰਾਇ ਪ੍ਰਸਤੁਤ ਕਰਦੇ ਹੋਏ ਦੱਸਦੇ ਹਨ ਕਿ ਅਜੋਕੇ ਸਮੇਂ ਵਿੱਚ ਨਿਬੰਧ ਲਿਖਣਾ ਔਖਾ ਕਾਰਜ ਹੈ। ਨਿਬੰਧ ਲਿਖਣ ਲਈ ਲੇਖਕ ਦਾ ਵਿਸ਼ਾਲ ਜੀਵਨ-ਅਨੁਭਵ, ਉੱਤਮ ਸਾਹਿਤ ਦਾ ਚੌਖਾ ਅਧਿਐਨ ਅਤੇ ਲਿਖਣ ਦਾ ਲੰਮਾ ਅਭਿਆਸ ਲੋੜੀਂਦਾ ਹੈ। ਪ੍ਰੋ. ਅੱਛਰੂ ਸਿੰਘ ਨਿਬੰਧ ਵਿਧਾ ਬਾਰੇ ਵਿਚਾਰ ਪੇਸ਼ ਕਰਦੇ ਹੋਏ ਦੱਸਦੇ ਹਨ ਕਿ ਸਾਹਿਤ ਵਿੱਚ ਨਿਬੰਧ ਦਾ ਨਿਵੇਕਲਾ ਸਥਾਨ ਹੈ, ਇਸ ਦਾ ਹਮੇਸ਼ਾ ਹੀ ਕੋਈ ਨਾ ਕੋਈ ਉਦੇਸ਼ ਹੁੰਦਾ ਹੈ। ਇਹ ਪਾਠਕਾਂ ਨੂੰ ਕੋਈ ਡੂੰਘਾ ਸੰਦੇਸ਼ ਦੇਣ ਦੇ ਨਾਲ-ਨਾਲ ਉਹਨਾਂ ਦੇ ਗਿਆਨ ਵਿੱਚ ਵਾਧਾ ਵੀ ਕਰਦਾ ਹੈ ਅਤੇ ਉਹਨਾਂ ਦਾ ਸਿੱਖਿਆਦਾਇਕ ਮੰਨੋਰੰਜਨ ਵੀ ਕਰਦਾ ਹੈ। ਇਸ ਵਿੱਚ ਆਮ ਤੌਰ 'ਤੇ ਬੌਧਿਕਤਾ ਭਾਰੂ ਹੁੰਦੀ ਹੈ। ਸੰਖੇਪਤਾ, ਸਰਲਤਾ ਅਤੇ ਸਪੱਸ਼ਟਤਾ ਇਸ ਦੇ ਲਾਜ਼ਮੀ ਗੁਣ ਮੰਨੇ ਜਾਂਦੇ ਹਨ। ਡਾ. ਸੁਰਿੰਦਰ ਸਿੰਘ ਮੰਡ ਸਮਕਾਲੀ ਨਿਬੰਧਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਲਿਖਦੇ ਹਨ ਕਿ ਸਮਕਾਲੀ ਨਿਬੰਧਾਂ ਵਿੱਚ

ਵਿਸ਼ਿਆਂ ਦੀ ਬਹੁਤ ਵੰਨ-ਸੁਵੰਨਤਾ ਹੈ- ਡਾਕਟਰੀ, ਸੱਭਿਆਚਾਰਕ, ਵਾਤਾਵਰਨਿਕ, ਮਨੋਵਿਗਿਆਨਿਕ, ਖੇਡਾਂ, ਸਾਇੰਸ, ਦਰਸ਼ਨ ਆਦਿ। ਉਹ ਇਹ ਵੀ ਦੱਸਦੇ ਹਨ ਕਿ ਨਿਬੰਧਕਾਰਾਂ ਨੂੰ ਨਿਬੰਧਾਂ ਦੇ ਸਾਹਿਤਕ ਰੰਗ ਨੂੰ ਨਿਖਾਰਨ ਦੀ ਲੋੜ ਮਹਿਸੂਸ ਹੁੰਦੀ ਹੈ। ਨਿਬੰਧ ਹਰ ਵਿਸ਼ੇ ਨੂੰ ਆਪਣੇ ਕਲਾਵੇ ਵਿੱਚ ਲੈ ਸਕਦਾ ਹੈ ਪਰ ਹਰ ਇੱਕ ਵਿਸ਼ਾ ਨਿਬੰਧ ਦੀ ਗਲਵਕੜੀ ਵਿੱਚ ਕੇਵਲ ਸਾਹਿਤਕ ਪੁਸ਼ਾਕ ਪਾ ਕੇ ਹੀ ਆ ਸਕਦਾ ਹੈ। ਸ਼ਬਦਾਂ ਦਾ ਸੁਹੱਪਣ, ਅਰਥਾਂ ਦੀ ਸਰਲਤਾ, ਵਿਚਾਰਾਂ ਦੀ ਡੂੰਘਾਈ, ਅੰਦਾਜ਼ ਦੀ ਮੌਲਿਕਤਾ, ਧਰਤੀ ਦੀ ਛੋਹ, ਲਿਖਾਰੀ ਦਾ ਮਿੱਟੀ, ਹਵਾ, ਪਾਣੀ ਅਤੇ ਸੂਰਜ ਵਰਗਾ ਸੁਭਾਅ ਹੀ ਕਿਸੇ ਲਿਖਤ ਨੂੰ ਨਿਬੰਧ ਵਰਗਾ ਬਣਾਉਂਦੇ ਹਨ। ਨਿਬੰਧ ਬਾਰੇ ਟਿੱਪਣੀ ਕਰਦੇ ਹੋਏ ਡਾ. ਡੀ.ਪੀ. ਸਿੰਘ ਬਿਆਨ ਕਰਦੇ ਹਨ ਕਿ ਨਿਬੰਧ ਵਿੱਚ ਲੇਖਕ ਦੀ ਸਿਰਜਣਾਤਮਕਤਾ ਵੀ ਕੰਮ ਕਰਦੀ ਹੈ ਅਤੇ ਨਿਬੰਧ ਲੇਖਣ ਗਿਆਨ-ਵਿਗਿਆਨ, ਅਤੇ ਹੋਰ ਜਾਣਕਾਰੀ ਭਰਪੂਰ ਖੇਤਰਾਂ ਲਈ ਕਾਫੀ ਲਾਹੇਵੰਦ ਵਿਧਾ ਹੈ। ਹਰਚੰਦ ਸਿੰਘ ਸਰਹਿੰਦੀ ਨਿਬੰਧਾਂ ਦੀ ਮੌਲਿਕ ਖੂਬਸੂਰਤੀ ਨੂੰ ਉਘਾੜਣ ਲਈ ਜ਼ਰੂਰੀ ਗੁਣਾਂ ਦੀ ਚਰਚਾ ਕਰਦੇ ਹੋਏ ਕਹਿੰਦੇ ਹਨ ਕਿ ਨਿਬੰਧ ਸਿਰਜਣਾ ਲਈ ਮਨੁੱਖ ਕੋਲ ਚੁਗਿਰਦੇ ਦਾ ਗਿਆਨ ਹੋਣਾ ਲਾਜ਼ਮੀ ਹੈ। ਗਿਆਨ ਸਾਹਿਤ ਤਾਂ ਨਿਬੰਧ ਵਿੱਚ ਹੀ ਲਿਖਿਆ ਜਾ ਸਕਦਾ ਹੈ ਕਿਉਂਕਿ ਇਸ ਦੇ ਵਿੱਚ ਕਲਪਨਾ ਦੀ ਘੱਟ ਅਤੇ ਗਿਆਨ ਦੀ ਜਰੂਰਤ ਵਧੇਰੇ ਪੈਂਦੀ ਹੈ। ਨਿਬੰਧ ਥੋੜੇ ਸ਼ਬਦਾਂ ਵਿੱਚ ਹੀ ਬਹੁਤ ਵੱਡੀ ਗੱਲ ਕਹਿਣ ਦੀ ਵਿਸ਼ੇਸ਼ਤਾ ਰੱਖਦਾ ਹੈ।

### 4.2 ਵਰਤਮਾਨ ਦਹਾਕੇ ਦੇ ਪੰਜਾਬੀ ਨਿਬੰਧਾਂ ਵਿੱਚ ਪੇਸ਼ ਵਾਤਾਵਰਨਿਕ ਸੰਕਟ

ਖੋਜ ਨੂੰ ਸੀਮਿਤ ਆਕਾਰ ਦੇਣ ਲਈ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਸਾਰੇ ਨਿਬੰਧ ਨਾ ਸ਼ਾਮਿਲ ਕਰਦੇ ਹੋਏ ਕੇਵਲ ਚੋਣਵੇਂ (ਪ੍ਰਤੀਨਿਧ) ਨਿਬੰਧ ਸੰਗ੍ਰਿਹ ਹੀ ਸ਼ਾਮਿਲ ਕੀਤੇ ਜਾ ਰਹੇ ਹਨ। ਇਹਨਾਂ ਵਿੱਚ ਰਾਜਦੀਪ ਸਿੰਘ ਧਾਲੀਵਾਲ ਤੇ ਅੰਗਰੇਜ਼ ਸਿੰਘ ਵਿਰਕ ਦੀ ਸੰਪਾਦਿਤ ਪੁਸਤਕ 'ਵਾਤਾਵਰਨ ਸਮੱਸਿਆਵਾਂ'(2012), ਬਲਦੇਵ ਸਿੰਘ ਚੀਮਾ ਤੇ ਡੀ. ਪੀ. ਸਿੰਘ ਦੀ ਸੰਪਾਦਿਤ ਪੁਸਤਕ 'ਵਾਤਾਵਰਣੀ ਮਸਲੇ ਤੇ ਸਮਾਧਾਨ'(2013) ਅਤੇ ਜਤਿੰਦਰਪਾਲ ਸਿੰਘ ਦੀ ਸੰਪਾਦਿਤ ਪੁਸਤਕ 'ਮਨੁੱਖੀ ਹੋਂਦ ਲਈ ਖ਼ਤਰਾ:

'ਵਾਤਾਵਰਣੀ ਪ੍ਰਦੂਸ਼ਣ'(2011) ਨੂੰ ਸ਼ਾਮਿਲ ਕੀਤਾ ਗਿਆ ਹੈ। ਪ੍ਰਸਤੁਤ ਹੈ ਚੋਣਵੇਂ ਨਿਬੰਧਾਂ ਵਿੱਚ ਪੇਸ਼ ਵਾਤਾਵਰਨ ਚੇਤਨਾ ਦਾ ਅਧਿਐਨ :

ਪੰਜਾਬੀ ਸਾਹਿਤ ਵਿੱਚ ਵਾਤਾਵਰਨ ਪ੍ਰਤੀ ਚੇਤਨਾ ਦੀ ਪੇਸ਼ਕਾਰੀ ਬਹੁਤ ਘੱਟ ਹੈ। ਇਸ ਸਮੇਂ ਜੋ ਚੇਤਨਾ ਪੈਦਾ ਹੋਈ ਹੈ, ਉਹ ਇੱਕ ਪਾਸੇ ਤਾਂ ਠੋਸ ਜੀਵਨ ਹਾਲਤਾਂ ਦੇ ਪ੍ਰਦੂਸ਼ਤ ਹੋ ਜਾਣ ਨਾਲ ਆਈ ਹੈ, ਖ਼ਾਸ ਕਰਕੇ ਧਰਤੀ ਹੇਠਲੇ ਪਾਣੀ ਦੇ ਘਟਣ ਨਾਲ, ਪੀਣ ਵਾਲੇ ਪਾਣੀ ਦੇ ਦੂਸ਼ਿਤ ਹੋ ਜਾਣ ਨਾਲ, ਹਵਾ ਵਿੱਚ ਅਣ-ਲੋੜੀਂਦੇ ਕਣਾਂ ਅਤੇ ਗੈਸਾਂ ਦੀ ਮਾਤਰਾ ਵਧ ਜਾਣ ਨਾਲ ਅਤੇ ਅਜਿਹੇ ਹੀ ਹੋਰ ਦਿਸਦੇ ਪ੍ਰਦੂਸ਼ਣ ਦੇ ਕਾਰਨਾਂ ਬਾਬਤ ਚੇਤਨਾ ਵਧੀ ਹੈ ਪਰ ਅਸਲ ਚੇਤਨਾ ਇਸ ਵਾਤਾਵਰਨ ਪ੍ਰਦੂਸ਼ਣ ਨਾਲ ਮਨੁੱਖੀ ਸਿਹਤ ਅਤੇ ਰਹਿਣ ਸਹਿਣ ਤੇ ਪਏ ਪ੍ਰਭਾਵਾਂ ਦਾ ਪ੍ਰਤੀਫਲ ਹੈ ਇਸ ਵਿੱਚੋਂ ਪ੍ਰਮੁੱਖ ਹਨ:- ਕਪਾਹ ਪੱਟੀ ਵਿੱਚ ਕੀਟਨਾਸ਼ਕਾਂ ਦੀ ਵਰਤੋਂ ਕਾਰਨ ਪੈਦਾ ਹੋਇਆ ਕੈਂਸਰ ਅਤੇ ਸ਼ਹਿਰੀ ਆਬਾਦੀ ਵਿੱਚ ਵੱਡੀ ਪੱਧਰ ਤੇ ਪੈਦਾ ਹੋਈਆਂ ਸਾਹ- ਬਿਮਾਰੀਆਂ। ਵਾਤਾਵਰਨ ਸੰਬੰਧੀ ਪੈਦਾ ਹੋਈ ਚੇਤਨਾ ਦੇ ਨਾਲੋ ਨਾਲ ਸੰਸਾਰ ਪੱਧਰ ਉੱਪਰ ਨਵੀਂ ਪੈਦਾ ਹੋਈ ਚੇਤਨਾ ਅਤੇ ਉਸ ਦੇ ਸਿੱਟੇ ਵਜੋਂ ਪੈਦਾ ਹੋਏ ਸਰਕਾਰੀ ਅਤੇ ਗ਼ੈਰ-ਸਰਕਾਰੀ ਯਤਨ ਹੋਣੇ ਸ਼ੁਰੂ ਹੋਏ ਹਨ। ਇਨ੍ਹਾਂ ਵਿੱਚੋਂ ਇੱਕ ਮਹੱਤਵਪੂਰਨ ਕਦਮ ਅਦਾਲਤ ਵੱਲੋਂ ਪੁਸਤਕਾਂ ਨੂੰ ਵਾਤਾਵਰਨ-ਪੱਖੀ ਬਨਾਉਣ ਦਾ ਆਦੇਸ਼ ਸੀ ਜਿਸ ਦੇ ਸਿੱਟੇ ਵਜੋਂ ਅਕਾਦਮਿਕ ਹਲਕਿਆਂ ਵਿੱਚ ਹਿਲਜੁਲ ਹੋਈ ਅਤੇ ਪਹਿਲੀ ਤੋਂ ਲੈ ਕੇ ਉਚੇਰੀ ਸਿੱਖਿਆ ਤਕ ਕੁਝ ਨਾ ਕੁਝ ਵਾਤਾਵਰਨ ਪੱਖ ਤੋਂ ਸਿਲੇਬਸਾਂ ਦਾ ਹਿੱਸਾ ਬਣਿਆ। ਇਸ ਸਮੇਂ ਜਨ ਸੰਚਾਰ ਮਾਧਿਅਮਾਂ ਖ਼ਾਸ ਕਰਕੇ ਅਖ਼ਬਾਰਾਂ ਵਿੱਚ ਤਾਂ ਵਾਤਾਵਰਨ ਚੇਤਨਾ ਬਾਰੇ ਲੇਖ ਛਪਦੇ ਰਹਿੰਦੇ ਹਨ ਪਰੰਤੂ ਅਜੇ ਵੀ ਇਸ ਸੰਬੰਧੀ ਵੱਡੀ ਮੁਹਿੰਮ ਦੀ ਜ਼ਰੂਰਤ ਹੈ। ਇਸ ਪ੍ਰਤੀ ਵਿਹਾਰਕ ਪੱਧਰ 'ਤੇ ਕੁਝ ਜਥੇਬੰਦੀਆਂ ਅਤੇ ਕੁਝ ਵਿਅਕਤੀ ਇਸ ਪ੍ਰਤੀ ਸਰਗਰਮ ਹਨ।

ਪੰਜਾਬ ਮੁੱਖ ਤੌਰ 'ਤੇ ਖੇਤੀਬਾੜੀ ਪ੍ਰਧਾਨ ਸੂਬਾ ਹੈ ਜਿੱਥੋਂ ਦਾ ਮੁੱਖ ਆਧਾਰ ਦਰਿਆਵਾਂ ਦਾ ਪਾਣੀ ਹੈ। ਇਸ ਖਿੱਤੇ ਦਾ ਨਾਂ ਵੀ ਪੰਜ-ਆਬ ਭਾਵ ਪੰਜ ਪਾਣੀਆਂ ਦੇ ਨਾਂ 'ਤੇ ਹੈ ਪਰ ਕੁਝ ਸਿਆਸੀ ਕਾਰਨਾਂ ਕਰਕੇ ਅਤੇ

ਖੇਤੀ ਵਿੱਚ ਵਧੇਰੇ ਪਾਣੀ ਵਰਤਣ ਕਰਕੇ ਦਰਿਆ ਸੁੱਕ ਗਏ ਹਨ। ਅਜੋਕੀ ਸਦੀ ਸਾਡੇ ਲਈ ਪਾਣੀ ਦੇ ਕਾਲ ਦੀ ਸਦੀ ਹੋਵੇਗੀ।

> ਭਾਰਤੀਆਂ ਕੋਲ ਪ੍ਰਕਿਰਤੀ ਦਾ ਸੰਕਲਪ ਮਾਂ ਵਾਲਾ ਹੈ, ਜਿਸ ਦੀ ਗੋਦ ਵਿੱਚ ਮਾਨਵ ਜਾਤੀ ਅਤੇ ਜੀਵ-ਜੰਤੂ ਜਗਤ ਵਸਦੇ ਆ ਰਹੇ ਹਨ। ਜਿਉਂ-ਜਿਉਂ ਮਨੁੱਖ ਪੀਣ ਵਾਲੇ ਪਾਣੀ ਨੂੰ ਸਾਫ ਕਰਦਾ ਗਿਆ, ਤਿਉਂ-ਤਿਉਂ ਉਸਦੀ ਉਮਰ ਦੇ ਵਰ੍ਹੇ ਵਧਦੇ ਗਏ ਹਨ(16)

ਪੰਜਾਬੀ ਲੋਕ ਗੀਤਾਂ ਵਿੱਚ ਰੁੱਖਾਂ, ਫੁੱਲਾਂ, ਪੰਛੀਆਂ ਤੇ ਦਰਿਆਵਾਂ ਦਾ ਜ਼ਿਕਰ ਕੁਦਰਤ ਦੀ ਪ੍ਰਸ਼ੰਸ਼ਾ ਕਰਨ ਲਈ ਵੀ ਹੋਇਆ ਹੈ ਅਤੇ ਕੁਦਰਤ ਦੀ ਪ੍ਰਦੂਸ਼ਿਤ ਸਥਿਤੀ ਨੂੰ ਪੇਸ਼ ਕਰਨ ਲਈ ਵੀ ਹੋਇਆ ਹੈ। ਪੁਰਾਣੇ ਸਮੇਂ ਵਿੱਚ ਕਾਂ ਦਾ ਬਨੇਰੇ ‘ਤੇ ਬੋਲਣਾ ਕਿਸੇ ਮਹਿਮਾਨ ਦੇ ਆਉਣ ਦੇ ਸ਼ੁਭ ਸੰਕੇਤ ਵਜੋਂ ਮੰਨ੍ਹਿਆ ਜਾਂਦਾ ਸੀ, ਕਬੂਤਰ ਅਕਾਸ਼ੀ-ਡਾਕੀਏ ਦਾ ਕੰਮ ਕਰਦਾ ਸੀ, ਕੁੱਕੜ ਤੇ ਚੂਕਦੀ ਚਿੜੀ ਸਵੇਰ ਦੇ ਆਲਰਮ ਗਿਣੇ ਜਾਂਦੇ ਸਨ, ਪਰ ਗੜਬੜਾ ਗਏ ਚੁਗਿਰਦੇ ਨੇ ਕਾਫ਼ੀ-ਕੁਝ ਬਦਲ ਦਿੱਤਾ। ਘਾਤਕ ਕਿਰਨਾਂ ਛੱਡਣ ਵਾਲੇ ਮੋਬਾਇਲ ਟਾਵਰਾਂ ਨੇ ਚਿੜੀਆਂ ਹੀ ਗਾਇਬ ਕਰ ਦਿੱਤੀਆਂ। ਲਾੜੇ-ਲਾੜੀ ਨੂੰ ਬਰੂਹਾਂ ਉੱਤੇ ਖਲ੍ਹਾਰ ਕੇ ਪਾਣੀ ਵਾਰ ਕੇ ਸ਼ਗਨ ਮਨਾਉਂਦੀ ਮਾਂ ਕਿਤੇ ਪਾਣੀ ਥਾਵੇਂ ਗੜਵੀ ‘ਚ ਰੇਤਾ ਪਾ ਕੇ ਵਾਰਨ ਲਈ ਮਜ਼ਬੂਰ ਨਾ ਹੋ ਜਾਵੇ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਭੂਗੋਲ ਵਿਭਾਗ ਦੀ ਅਧਿਆਪਕਾ ਡਾ. ਗੁਰਿੰਦਰ ਕੌਰ ਆਪਣੇ ਲੇਖ ‘ਆਬਾਦੀ ਵਾਧੇ ਅਤੇ ਆਰਥਿਕ ਵਿਕਾਸ ਦਾ ਪੰਜਾਬ ਦੇ ਵਾਤਾਵਰਣ ਉੱਤੇ ਪ੍ਰਭਾਵ’ ਵਿੱਚ ਬਿਆਨ ਕਰਦੇ ਹਨ ਕਿ ਕਿਸੇ ਰਾਜ ਵਿੱਚ ਆਬਾਦੀ ਵਾਧੇ, ਆਰਥਿਕ ਵਿਕਾਸ ਅਤੇ ਵਾਤਾਵਰਨ ਦਾ ਗੂੜ੍ਹਾ ਰਿਸ਼ਤਾ ਹੁੰਦਾ ਹੈ। ਇਹ ਤਿਕੋਣਾ ਸੰਬੰਧ ਤਾਂ ਹੀ ਸੰਤੁਲਿਤ ਰਹਿ ਸਕਦਾ ਹੈ ਜੇਕਰ ਇਹ ਤਿੰਨਾਂ ਵਿੱਚੋਂ ਹਰ ਇੱਕ ਅੰਸ਼ ਬਾਕੀ ਦੇ ਦੋਵਾਂ ਅੰਸ਼ਾਂ ਦੇ ਅਨੁਪਾਤ ਵਿੱਚ ਵਿਕਸਿਤ ਹੋਵੇ। ਜੇਕਰ ਆਰਥਿਕ ਵਿਕਾਸ ਦੇ ਨਾਲ-ਨਾਲ ਕਿਸੇ ਖੇਤਰ ਦੀ ਆਬਾਦੀ ਵਿੱਚ ਵੀ ਵਾਧਾ ਹੋ ਜਾਵੇ ਤਾਂ ਉੱਥੋਂ ਦੇ ਵਾਤਾਵਰਨ ‘ਤੇ ਦੂਣਾ ਕੁਪ੍ਰਭਾਵ ਪੈਂਦਾ ਹੈ। ਡਾ. ਗੁਰਿੰਦਰ ਕੌਰ ਦਾ ਕਥਨ ਹੈ:

> ਪੰਜਾਬ ਦਾ ਵਿਕਾਸ ਮਾਡਲ, ਵਿਕਾਸ ਦੇ ਉਸ ਮਾਡਲ ਉੱਤੇ ਆਧਾਰਿਤ ਹੈ ਜਿਸ ਵਿੱਚ ਸਭ ਤੋਂ ਪਹਿਲਾਂ ਖੇਤੀਬਾੜੀ ਵਿੱਚ ਵਿਕਾਸ ਫਿਰ ਉਦਯੋਗਿਕ ਵਿਕਾਸ ਅਤੇ ਨਤੀਜੇ ਵਜੋਂ ਸ਼ਹਿਰੀਕਰਨ ਦਾ

ਵਿਕਾਸ ਹੁੰਦਾ ਹੈ। ਪੰਜਾਬ ਦੇ ਕੇਸ ਵਿੱਚ ਇਸ ਮਾਡਲ ਵਿੱਚੋਂ ਉਦਯੋਗਿਕ ਵਿਕਾਸ ਨਾਮਾਤਰ ਹੀ ਹੈ। ਪੰਜਾਬ ਵਿੱਚ ਖੇਤੀਬਾੜੀ ਵਿਕਾਸ ਦਾ ਬਾਅਦ ਸ਼ਹਿਰੀਕਰਨ ਦਾ ਵਿਕਾਸ ਹੋਇਆ ਹੈ, ਜਿਸ ਵਿੱਚ ਇਹ ਸਾਡੇ ਦੇਸ਼ ਦੇ ਔਸਤਨ ਸ਼ਹਿਰੀਕਰਨ ਤੋਂ ਅਤੇ ਆਪਣੇ ਕਈ ਗੁਆਂਢੀ ਰਾਜਾਂ ਤੋਂ ਅੱਗੇ ਲੰਘ ਗਿਆ ਹੈ(36)

ਪੰਜਾਬ ਵਿੱਚ 1971 ਵਿੱਚ ਆਬਾਦੀ ਦੀ ਘਣਤਾ 268 ਮਨੁੱਖ ਪ੍ਰਤੀ ਵਰਗ ਕਿਲੋਮੀਟਰ ਦਰਜ ਸੀ। ਸੰਨ 2011 ਵਿੱਚ ਇਹ ਘਣਤਾ ਵਧ ਕੇ 550 ਮਨੁੱਖ ਪ੍ਰਤੀ ਵਰਗ ਕਿਲੋਮੀਟਰ ਹੋ ਗਈ । ਭਾਵ ਹੁਣ ਇੱਕ ਵਰਗ ਕਿਲੋਮੀਟਰ ਦੇ ਕੁਦਰਤੀ ਸੋਮਿਆਂ ਉੱਤੇ 550 ਮਨੁੱਖਾਂ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਹੈ। ਕੁਦਰਤੀ ਸੋਮਿਆਂ ਦੀ ਬੇਹਿਸਾਬੀ ਵਰਤੋਂ ਨਾਲ ਸਹਿਜ ਤੇ ਸਾਵੇਂ ਵਾਤਾਵਰਨ ਦੀ ਧੁਰੀ ਹਿੱਲ ਚੁੱਕੀ ਹੈ। ਇਸ ਬਲਦੀ ਵਿੱਚ ਤੇਲ ਵਾਂਗ ਕੰਮ ਕਰਨ ਲਈ ਪੰਜਾਬ ਦੇ ਖੇਤੀਬਾੜੀ ਉਦਯੋਗ ਵਿੱਚ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਮਨੁਫ਼ਾ-ਕੇਂਦਰਤ ਕਾਸ਼ਤਾਂ ਦਾ ਯੋਗਦਾਨ ਰਿਹਾ ਹੈ। ਵਿਸ਼ਵ ਬੈਂਕ ਦੀ ਇੱਕ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਡਾ. ਗੁਰਿੰਦਰ ਕੌਰ ਹੋਰਾਂ ਨੇ ਪੰਜਾਬ ਵਿੱਚ ਨਿਰੰਤਰ ਵੱਧ ਰਹੀ ਪਾਣੀ ਦੀ ਸਮੱਸਿਆ ਨੂੰ ਰੇਖਾਂਕਿਤ ਕੀਤਾ ਹੈ:

> ਨਵੀਂ ਖੇਤੀਬਾੜੀ ਜੁਗਤ ਵਿੱਚ ਯਕੀਨੀ ਸਿੰਚਾਈ ਦੀ ਸਹੂਲਤ ਲਈ ਧਰਤੀ ਹੇਠਲੇ ਪਾਣੀ ਦੀ ਅੰਨ੍ਹੇਵਾਹ ਵਰਤੋਂ ਨੇ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੀ ਸਤਹਿ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ ਅਤੇ ਪੰਜਾਬ ਨੂੰ ਪਾਣੀ ਦੀ ਲੋੜ ਨਾਲੋਂ ਕਿਤੇ ਵੱਧ ਵਰਤੋਂ ਕਰਨ ਵਾਲਾ ਰਾਜ ਕਿਹਾ ਗਿਆ ਹੈ (ਉਧਰਿਤ, ਵਿਸ਼ਵ ਬੈਂਕ, 2008)

ਲੇਖਿਕਾ ਨੇ ਹਰੀ-ਕ੍ਰਾਂਤੀ ਤੋਂ ਵੀ ਪਹਿਲਾਂ ਵਧ ਰਹੇ ਆਵਾਜਾਈ ਸਾਧਨਾਂ ਨੂੰ ਵੀ ਵਾਤਾਵਰਨ ਦੂਸ਼ਿਤ ਕਰਨ ਲਈ ਜ਼ਿੰਮੇਵਾਰ ਠਹਿਰਾਇਆ ਹੈ। ਸਰਕਾਰੀ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਡਾ. ਗੁਰਿੰਦਰ ਕੌਰ ਸਪਸ਼ੱਟ ਕਰਦੇ ਹਨ ਕਿ ਸੰਨ 1980-81 ਵਿੱਚ 5850 ਬੱਸਾਂ, 25888 ਕਾਰਾਂ, 5495 ਜੀਪਾਂ, 1867 ਟੈਕਸੀਆਂ, 1867 ਥ੍ਰੀ-ਵੀਲ੍ਹਰਾਂ, 17655 ਫੋਰ-ਵੀਲ੍ਹਰਾਂ, 118845 ਟਰੈਕਟਰਾਂ ਸਮੇਤ ਵਾਹਨਾਂ ਦੀ ਕੁੱਲ

ਗਿਣਤੀ 360154 ਸੀ ਪਰ ਵਧਦੀ-ਵਧਦੀ ਇਹ ਸੰਨ 2009-10 ਵਿੱਚ 27146 ਬੱਸਾਂ, 486670 ਕਾਰਾਂ, 54798 ਜੀਪਾਂ, 13231 ਟੈਕਸੀਆਂ, 57879 ਥ੍ਰੀ-ਵੀਲ੍ਹਰਾਂ, 3956279 ਫੋਰ-ਵੀਲ੍ਹਰਾਂ, 498517 ਟ੍ਰੈਕਟਰਾਂ ਸਮੇਤ 5374254 ਹੋ ਗਈ।

ਜ਼ਰਾ ਵਿਚਾਰ ਕਰੀਏ ਕਿ ਸੀਮਿਤ ਖੇਤਰਫਲ ਵਿੱਚ ਜਦੋਂ ਆਬਾਦੀ ਦਾ ਲੋੜ ਤੋਂ ਵੱਧ ਵਾਧਾ ਹੁੰਦਾ ਹੈ ਤਾਂ ਵਧੀ ਆਬਾਦੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਵਿਕਾਸ ਦਰ ਵਿੱਚ ਮੂੰਹ-ਜ਼ੋਰ ਵਾਧਾ ਹੁੰਦਾ ਹੈ। ਸੀਮਿਤ ਸੜਕਾਂ ‘ਤੇ ਵੱਧ ਵਾਹਨਾਂ ਦਾ ਆਉਣਾ-ਜਾਣਾ ਪ੍ਰਦੂਸ਼ਣ ਨੂੰ ਤਾਂ ਵਧਾਉਣਾ ਹੈ ਹੀ ਤੇ ਨਾਲੋਂ-ਨਾਲ ਦੁਰਘਟਨਾ ਦੀਆਂ ਸੰਭਾਵਨਾਵਾਂ ਨੂੰ ਵੀ ਵਧਾ ਦਿੰਦਾ ਹੈ। ਵਧਦੀ ਆਬਾਦੀ ਲਈ ਸੀਮਿਤ ਖੇਤੀਯੋਗ ਜ਼ਮੀਨ ਵਿੱਚੋਂ ਵੱਧ ਅਨਾਜ ਪੈਦਾ ਕਰਨ ਲਈ ਜ਼ਹਿਰੀਲੇ ਪਦਾਰਥਾਂ ਦਾ ਸਹਾਰਾ ਲਿਆ ਜਾਂਦਾ ਹੈ। ਖੇਤੀ ਵਿੱਚ ਵਧੇਰੇ ਪਾਣੀ ਵਰਤਿਆ ਜਾਂਦਾ ਹੈ। ਇਸ ਸਭ ਕੁਝ ਨਾਲ ਵਾਤਾਵਰਨ ਦੇ ਨਿਰੋਲ ਸਰੂਪ ਨੂੰ ਢਾਹ ਲੱਗ ਰਹੀ ਹੈ। ਇਸ ਸੰਦਰਭ ਵਿੱਚ ਲੇਖਿਕਾ ਦਾ ਕਥਨ ਹੈ ਕਿ:

> ਵੱਧ ਝਾੜ ਦੇਣ ਵਾਲੇ ਬੀਜਾਂ, ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਅਤੇ ਧਰਤੀ ਹੇਠਲੇ ਪਾਣੀ ਦੀ ਵਧੇਰੇ ਵਰਤੋਂ ਕਰਦੇ ਹੋਏ ਖਾਧ ਪਦਾਰਥਾਂ ਵਿੱਚ ਭਾਰੀ ਮਾਤਰਾ ਵਿੱਚ ਵਾਧਾ ਕਰਦੇ ਹੋਏ ਪੰਜਾਬੀਆਂ ਨੇ ਆਪਣੇ ਚੌਗਿਰਦੇ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰ ਲਿਆ ਹੈ। ਹੁਣ ਪੰਜਾਬ ਦੇ ਹਵਾ, ਪਾਣੀ ਅਤੇ ਧਰਤੀ ਸਭਨਾਂ ਵਿੱਚ ਕੀਟਨਾਸ਼ਕਾਂ, ਰਸਾਇਣਕ ਖਾਦਾਂ ਅਤੇ ਸਲਫਰ ਅਤੇ ਨਾਈਟਰੋਜਨ ਆਕਸਾਈਡ ਦੇ ਅੰਸ਼ ਭਾਰੀ ਮਾਤਰਾ ਵਿੱਚ ਮਿਲਦੇ ਹਨ ਜਿਸਨੇ ਪੰਜਾਬੀਆਂ ਨੂੰ ਕਈ ਤਰ੍ਹਾਂ ਦੀਆਂ ਬਿਮਾਰੀਆਂ ਨਾਲ ਘੇਰ ਰਖਿਆ ਹੈ(43)

ਸਾਰੇ ਤੱਥਾਂ ਨੂੰ ਖੋਲ੍ਹ ਕੇ ਸਮਝਾਉਣ ਉਪਰੰਤ ਲੇਖਿਕਾ ਨੇ ਪਾਠਕਾਂ ਨੂੰ ਵਾਤਾਵਰਨ ਪ੍ਰਤੀ ਚੇਤੰਨ ਕਰਦੇ ਹੋਏ ਸੰਦੇਸ਼ ਪ੍ਰਸਾਰਿਤ ਕੀਤਾ ਹੈ ਕਿ ਕੁਦਰਤੀ ਸਾਧਨਾਂ ਦੀ ਸਿਆਣਪ ਨਾਲ ਸੰਜਮ-ਭਰਪੂਰ ਵਰਤੋਂ ਕਰਨੀ ਚਾਹੀਦੀ ਹੈ। ਵਧੇਰੇ ਪਾਣੀ ਖਪਤ ਕਰਨ ਵਾਲੀਆਂ ਫਸਲਾਂ ਦੀ ਬਦਲ ਵਜੋਂ ਸਰਕਾਰ ਨੂੰ ਕਿਸਾਨ-ਹਿਤੈਸ਼ੀ

ਨੀਤੀਆਂ ਲਾਗੂ ਕਰਨੀਆਂ ਚਾਹੀਦੀਆਂ ਹਨ ਤਾਂ ਜੋ ਮਿਹਨਤੀ ਕਿਸਾਨਾਂ ਨੂੰ ਵੀ ਘਾਟਾ ਨਾ ਪਵੇ ਅਤੇ ਵਾਤਾਵਰਨ ਵੀ ਹੋਰ ਪ੍ਰਦੂਸ਼ਿਤ ਹੋਣੋ ਬਚਾਇਆ ਜਾ ਸਕੇ।

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਰਾਜਨੀਤੀ ਸ਼ਾਸ਼ਤਰ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਪਰਮਜੀਤ ਕੌਰ ਗਿੱਲ ਦਾ ਲੇਖ 'ਵਾਤਾਵਰਣਵਾਦ: ਰਾਜਨੀਤਿਕ ਵਿਚਾਰਧਾਰਾ ਦੇ ਸੰਦਰਭ ਵਿੱਚ' ਸਿਰਲੇਖ ਅਧੀਨ ਰਾਜਦੀਪ ਸਿੰਘ ਧਾਲੀਵਾਲ ਤੇ ਅੰਗਰੇਜ਼ ਸਿੰਘ ਵਿਰਕ ਦੀ ਸੰਪਾਦਿਤ ਪੁਸਤਕ 'ਵਾਤਾਵਰਣ ਸਮੱਸਿਆਵਾਂ' ਵਿੱਚ ਦਰਜ ਹੈ। ਇਸ ਲੇਖ ਵਿੱਚ ਡਾ. ਗਿੱਲ ਨੇ ਵਾਤਾਵਰਨ ਸੰਕਟ ਦੇ ਇਤਿਹਾਸ ਵੱਲ ਧਿਆਨ ਦਵਾਉਂਦੇ ਹੋਏ ਵਾਤਾਵਰਨ ਸੰਕਟ ਨੂੰ ਇੱਕ ਰਾਜਨੀਤਿਕ ਸਮੱਸਿਆ ਕਰਾਰ ਦਿੱਤਾ ਹੈ। ਜਿਸ ਦਾ ਸਮਾਧਾਨ ਵੀ ਰਾਜਨੀਤੀ ਨਾਲ ਜੁੜਿਆ ਹੋਇਆ ਦੱਸਿਆ ਗਿਆ ਹੈ। ਆਪ ਨੇ ਵਾਤਾਵਰਣਵਾਦ ਨੂੰ ਵੱਖ-ਵੱਖ ਕਲਾਸਕੀ ਪਰੰਪਰਾਵਾਂ ਨਾਲ ਜੋੜ ਕੇ ਵਿਭਿੰਨ ਸੁਝਾਵਾਂ ਦੀ ਪੇਸ਼ਕਾਰੀ ਵੀ ਦਿੱਤੀ ਹੈ। ਡਾ. ਗਿੱਲ ਨੇ ਵਾਤਾਵਰਨ ਅਤੇ ਰਾਜਨੀਤੀ ਦੇ ਸੰਬੰਧਾਂ ਨੂੰ ਉਘਾੜਦੇ ਹੋਏ ਇਸ ਪ੍ਰਕਾਰ ਬਿਆਨ ਕੀਤਾ ਹੈ:

> ਵਾਤਾਵਰਣਵਾਦ ਵਿਸ਼ਾਲ ਰੂਪ ਵਿੱਚ ਇੱਕ ਦਾਰਸ਼ਨਿਕ ਅਤੇ ਸਮਾਜਿਕ ਅੰਦੋਲਨ ਹੈ ਜਿਸਦਾ ਸੰਬੰਧ ਵਾਤਾਵਰਣ ਦੀ ਸੰਭਾਲ ਅਤੇ ਸੁਧਾਰ ਨਾਲ ਹੈ। ਹਰਾ(Green)ਰੰਗ ਵਾਤਾਵਰਣਵਾਦ ਅਤੇ ਵਾਤਾਵਰਣ ਮਾਮਲਿਆਂ ਦਾ ਪ੍ਰਤੀਕ ਹੈ। ਵਾਤਾਵਰਣਵਾਦ ਨੂੰ ਇੱਕ ਸਮਾਜਿਕ ਅੰਦੋਲਨ ਦੀ ਤਰ੍ਹਾਂ ਵੀ ਪ੍ਰਭਾਸ਼ਿਤ ਕੀਤਾ ਜਾ ਸਕਦਾ ਹੈ, ਜਿਸਦਾ ਮੁੱਖ ਮਕਸਦ ਕੁਦਰਤੀ ਸੋਮਿਆਂ ਅਤੇ ਜੀਵ-ਮੰਡਲ (Ecosystem) ਦੀ ਸੁਰੱਖਿਆ ਲਈ ਰਾਜਨੀਤਿਕ ਵਿਵਸਥਾ 'ਤੇ ਲਾਬੀ (lobbying) ਕ੍ਰਿਆਸ਼ੀਲਤਾ ਅਤੇ ਸਿੱਖਿਆ ਦੁਆਰਾ ਪ੍ਰਭਾਵ ਪਾਉਣਾ ਹੈ। ਵਾਤਾਵਰਣ ਅੰਦੋਲਨ ਇਕਾਲੋਜਿਸਮ ਵਿੱਚ ਮਾਨਵਤਾ ਦੀ ਭਾਗੀਦਾਰੀ ਲਈ ਵਾਤਾਵਰਣ ਸੁਰੱਖਿਆ, ਸਿਹਤ ਅਤੇ ਮਾਨਵ ਅਧਿਕਾਰਾਂ ਤੇ ਕੇਂਦਰਿਤ ਹੈ(45)

ਵਿਗਿਆਨ ਅਤੇ ਵਾਤਾਵਰਨ ਨੂੰ ਇੱਕ ਦੂਜੇ ਦੇ ਪੂਰਕ ਹੋਣਾ ਚਾਹੀਦਾ ਹੈ ਨਾ ਕਿ ਵਿਰੋਧੀ। ਹਰਾ ਰੰਗ ਵਾਤਾਵਰਨ ਦੇ ਪ੍ਰਤੀਕ ਵਜੋਂ ਜਾਣਿਆ ਜਾਂਦਾ ਹੈ ਤੇ ਗ੍ਰੇ ਰੰਗ ਉਤਪਾਦਨ, ਵਿਕਾਸ ਤੇ ਵਿਗਿਆਨਵਾਦ ਨਾਲ ਜੋੜਿਆ ਜਾਂਦਾ ਹੈ। ਇਸ ਸੰਕਲਪ ਬਾਰੇ ਡਾ. ਗਿੱਲ ਦਾ ਮਤ ਹੈ ਕਿ:

> ਹਰੀ ਰਾਜਨੀਤੀ ਦੇ ਸਮਰਥਕ, ਜਿਨ੍ਹਾਂ ਨੂੰ ਹਰੇ (Green) ਕਿਹਾ ਜਾਂਦਾ ਹੈ, ਜੋ ਇਕਾਲੋਜਿਸਮ (Ecologism), ਵਾਤਾਵਰਣਵਾਦ, ਨਾਰੀਵਾਦ ਅਤੇ ਸ਼ਾਂਤੀ ਅੰਦੋਲਨਾਂ ਨਾਲ ਵਿਚਾਰਾਂ ਦੀ ਸਾਂਝ ਰੱਖਦੇ ਹਨ। ਲੋਕਤੰਤਰ ਅਤੇ ਵਾਤਾਵਰਣ ਵਿਗਿਆਨ ਦੇ ਮੁੱਦਿਆਂ ਤੋਂ ਇਲਾਵਾ ਨਾਗਰਿਕ ਅਧਿਕਾਰ, ਸਮਾਜਿਕ ਨਿਆਂ ਅਤੇ ਅਹਿੰਸਾ ਨਾਲ ਵੀ ਇਹ ਸੰਬੰਧ ਰੱਖਦਾ ਹੈ(47)

ਵਾਤਾਵਰਨਵਾਦ ਦੀਆਂ ਵਿਭਿੰਨ ਪਰੰਪਰਾਵਾਂ ਵੱਲ ਸੰਕੇਤ ਕਰਦੇ ਹੋਏ ਲੇਖਿਕਾ ਨੇ ਦੱਸਿਆ ਹੈ ਕਿ ਹਰੇਕ ਮਨੁੱਖ ਨਿਸ਼ਚਿਤ ਰੂਪ ਵਿੱਚ ਕਿਸੇ ਨਾ ਕਿਸੇ ਵਿਚਾਰਧਾਰਾ ਦੇ ਪ੍ਰਭਾਵ ਨੂੰ ਕੁਝ ਨਾ ਕੁਝ ਮਾਤਰਾ ਨਾਲ ਕਬੂਲ ਕੇ ਉਸ ਅਨੁਸਾਰ ਜੀਵਨ ਜਿਉਂਦਾ ਹੈ। ਇਸ ਬਿਆਨ ਨੂੰ ਸਪੱਸ਼ਟ ਕਰਦੇ ਹੋਏ ਆਪ ਨੇ ਹਰ ਪਰੰਪਰਾ ਨੂੰ ਤਫ਼ਸੀਲ ਸਹਿਤ ਸਮਝਾਇਆ ਹੈ। ਪਹਿਲੀ ਧਾਰਾ ਈਕੋ ਲਿਬਰਲਜ਼ ਭਾਵ ਉਦਾਰਵਾਦੀ-ਵਾਤਾਵਰਣਵਾਦੀ, ਵਾਤਾਵਰਨ ਦੀ ਸਮੱਸਿਆ ਨੂੰ ਇੱਕ ਗੰਭੀਰ ਸੰਕਟ ਨਹੀਂ ਮੰਨਦੇ। ਉਹ ਕੁਦਰਤ ਅਤੇ ਧਰਤੀ ਦੇ ਸੈਲਫ-ਹੀਲਿੰਗ ਵਿਚਾਰ ਨਾਲ ਸਹਿਮਤ ਹੁੰਦੇ ਹਨ। ਉਹ ਵਿਕਾਸ ਤੇ ਵਧਦੀ ਆਬਾਦੀ ਨੂੰ ਵੀ ਪ੍ਰਦੂਸ਼ਨ ਲਈ ਜ਼ਿੰਮੇਵਾਰ ਨਹੀਂ ਮਿੱਥਦੇ ਈਕੋ ਲਿਬਰਲਜ਼ ਦੇ ਵਿਸ਼ਵਾਸ ਨੂੰ ਖੋਲ੍ਹ ਕੇ ਸਮਝਾਉਂਦੇ ਹੋਏ ਡਾ. ਸਾਹਿਬ ਬਿਆਨ ਕਰਦੇ ਹਨ ਕਿ:

> ਉਨ੍ਹਾਂ ਦੇ ਮੁਤਾਬਕ ਗਿਆਨ ਅਤੇ ਤਕਨੀਕ ਵਿੱਚ ਵਿਕਾਸ ਸਾਨੂੰ ਵਾਤਾਵਰਣ ਨੂੰ ਬਚਾਉਣ ਦੇ ਲਾਇਕ ਬਣਾਉਣਗੇ। ਜਿਆਦਾ ਲੋਕ ਅਤੇ ਵਧਦੀ ਕਮਾਈ ਥੋੜ੍ਹੇ ਸਮੇਂ ਲਈ ਸਮੱਸਿਆ ਬਣਦੀ ਹੈ। ਪਰ ਇਹ ਸਮੱਸਿਆਵਾਂ ਇਕ ਮੌਕੇ ਦਾ ਕੰਮ ਕਰਦੇ ਹੋਏ, ਹੱਲ ਲੱਭਣ ਵਿੱਚ ਮਦਦ ਕਰਦੀਆਂ ਹਨ। ਇਕ ਆਜਾਦ ਸਮਾਜ ਵਿੱਚ ਹੱਲ ਲੱਭ ਹੀ ਪੈਂਦੇ ਹਨ ਅਤੇ ਲੋਕ ਉਨ੍ਹਾਂ ਦੇ ਪਿੱਛੇ ਲੱਗ ਜਾਂਦੇ ਹਨ। ਇਸ ਲਈ ਸਾਨੂੰ ਵਾਤਾਵਰਣ ਸਹਾਈ ਤਕਨੀਕ ਨੂੰ ਅਪਣਾਉਣਾ ਚਾਹੀਦਾ ਹੈ(51)

ਈਕੋ ਸਮਾਜਵਾਦ ਪ੍ਰਮੁੱਖ ਰੂਪ ਵਿੱਚ ਮਾਕਰਸਵਾਦ ਤੋਂ ਪ੍ਰੇਰਿਤ ਸਮਝਿਆ ਜਾਂਦਾ ਹੈ। ਇਸ ਪਰੰਪਰਾ ਦੇ ਪ੍ਰਸਿੱਧ ਈਕੋ ਸਮਾਜਵਾਦੀ ਨੇਤਾ ਰੁਡੋਲਫ ਬਾਹਰੋ ਨੇ ਵਾਤਾਵਰਨ ਸਮੱਸਿਆਵਾਂ ਦਾ ਮੁੱਖ ਕਾਰਨ ਪੂੰਜੀਵਾਦ ਦੱਸਿਆ ਹੈ। ਉਦਯੋਗੀਕਰਨ ਨਾਲ ਕੁਦਰਤੀ ਚੁਗਿਰਦੇ ਦਾ ਨਾਸ ਹੁੰਦਾ ਹੈ। ਕੁਦਰਤੀ ਸਾਧਨਾਂ ਦੀ ਅਤਿ ਵਰਤੋਂ ਅਤੇ

ਦੁਰਵਰਤੋਂ ਉਦਯੋਗਿਕ ਵਿਕਾਸ ਦਾ ਹੀ ਨਤੀਜਾ ਹੈ। ਮੁਨਾਫ਼ਾ ਕੇਂਦਰਤ ਵਿਕਾਸ ਵਾਤਾਵਰਨ ਦਾ ਵਿਨਾਸ਼ ਕਰ ਰਿਹਾ ਹੈ। ਇਸ ਪ੍ਰਤੀ ਲੇਖਿਕਾ ਦਾ ਵਿਚਾਰ ਹੈ:

> ਈਕੋ ਸਮਾਜਵਾਦ ਦਾ ਪ੍ਰਮੁੱਖ ਵਿਚਾਰ ਇਹ ਹੈ ਕਿ ਪੂੰਜੀਵਾਦ ਵਾਤਾਵਰਣ ਦਾ ਦੁਸ਼ਮਣ ਹੈ ਤੇ ਸਮਾਜਵਾਦ ਦੋਸਤ। ਉਨ੍ਹਾਂ ਦੇ ਮਤ ਮੁਤਾਬਕ ਈਕੋ ਸਮਾਜਵਾਦ ਕੁਦਰਤੀ ਤੌਰ 'ਤੇ ਇਕਾਲੋਜਿਸਮ (Ecologism) ਹੈ। ਜੇਕਰ ਧਨ-ਦੌਲਤ 'ਤੇ ਸਾਂਝੀ ਮਲਕੀਅਤ ਹੋਵੇ ਅਤੇ ਇਸਦਾ ਇਸਤਮਾਲ ਸਾਂਝੇ ਹਿਤਾਂ ਲਈ ਹੋਵੇ ਤਾਂ ਇਸਦਾ ਮਤਲਬ ਇਹ ਮਾਨਵਤਾ ਲਈ ਲੰਬੇ ਸਮੇਂ ਤੱਕ ਹਿਤ ਵਿੱਚ ਹੋਵੇਗਾ(51)

ਈਕੋ ਨਾਰੀਵਾਦ ਦਾ ਜਨਮ ਫਰਾਂਸ ਦੇ ਨਾਰੀਵਾਦ ਸਿਧਾਂਤ ਵਿੱਚੋਂ ਹੋਇਆ। ਨਾਰੀ ਤੇ ਕੁਦਰਤ ਨੂੰ ਬਰਾਬਰ ਰੱਖ ਕੇ ਪਿਤਾ-ਪੁਰਖੀ ਪਰੰਪਰਾ ਨਾਲੋਂ ਪਿੱਛੜ ਕੇ ਵੇਖੇ ਜਾਣ ਦੀ ਪ੍ਰਵਿਰਤੀ ਨੇ ਹੀ ਨਾਰੀਵਾਦ ਦਾ ਨਾਰਾ ਗੁੰਜਾਇਆ ਸੀ। ਕੁਦਰਤ ਅਤੇ ਨਾਰੀ ਨੂੰ ਦੂਜੇ ਦਰਜੇ 'ਤੇ ਰੱਖ ਕੇ ਵਿਤਕਰਾ ਕੀਤੇ ਜਾਣ ਦੇ ਸੰਕਲਪ ਅਧੀਨ ਹੀ ਨਾਰੀ ਤੇ ਵਾਤਾਵਰਨ ਨੂੰ ਇੱਕ ਦੂਜੇ ਦੇ ਨਾਲ ਮਿਲਾਉਂਦਾ ਪ੍ਰਤੀਤ ਹੁੰਦਾ ਹੈ। ਇਸ ਪ੍ਰਤੀ ਲੇਖ 'ਚ ਵਿਚਾਰ ਇਸ ਪ੍ਰਕਾਰ ਪ੍ਰਸਤੁਤ ਕੀਤੇ ਗਏ ਹਨ:

> 1952 ਵਿੱਚ ਸੀਮੋਨ ਡੀ ਬੀਅਵੋਰ (Simon de Beauvoir) ਨੇ ਪਿਤਾ ਪੁਰਖੀ ਦੇ ਆਧਾਰ 'ਤੇ ਔਰਤ ਅਤੇ ਕੁਦਰਤ ਦੋਹਾਂ ਨੂੰ ਦੂਜਾ ਦਰਜਾ ਪ੍ਰਦਾਨ ਕੀਤਾ। 1974 ਵਿੱਚ ਲੁਸ ਈਰੀਗੇਰੇ ਨੇ ਦਾਰਸ਼ਨਿਕ ਤੌਰ 'ਤੇ ਇਹ ਮੁਆਇਨਾ ਕੀਤਾ ਕਿ ਔਰਤਾਂ ਦਾ ਪੁਰਸ਼ਾਂ ਦੁਆਰਾ ਦਮਨ ਦਾ ਨਿਯਮ ਕੁਦਰਤ 'ਤੇ ਵੀ ਲਾਗੂ ਹੁੰਦਾ ਹੈ(52)

ਲੇਖਿਕਾ ਨੇ ਇਹ ਸਾਰ ਪੇਸ਼ ਕੀਤਾ ਹੈ ਕਿ ਨਾਰੀਵਾਦ ਦਾ ਅਰਥ ਇਹ ਨਹੀਂ ਕਿ ਉਹ ਵੀ ਕੁਦਰਤ ਦੀ ਲੁੱਟ ਲਈ ਸਮਾਜ ਵਿੱਚ ਯੋਗਦਾਨ ਪਾਉਣ। ਸਗੋਂ ਨਾਰੀ ਅਤੇ ਪ੍ਰਕਿਰਤੀ ਨੂੰ ਆਪਣਾ ਸੁਹੱਪਣ ਬਣਾ ਕੇ ਰੱਖਣ ਲਈ ਇੱਕ-ਦੂਜੇ ਨੂੰ ਸੁਰੱਖਿਆ ਪ੍ਰਦਾਨ ਕਰਨੀ ਚਾਹੀਦੀ ਹੈ। ਉਦਾਰਵਾਦ, ਸਮਾਜਵਾਦ ਅਤੇ ਵਾਤਾਵਰਨਵਾਦ ਵਿਚਲੀਆਂ ਸਮਾਨਤਾਵਾਂ ਨੂੰ ਸਮਝਣਾ ਚਾਹੀਦਾ ਹੈ ਅਤੇ ਵਾਤਾਵਰਨਵਾਦ ਨੂੰ ਪ੍ਰਗਤੀ ਦੀ ਤੀਜੀ ਲਹਿਰ ਵਜੋਂ ਸਮਝਣਾ ਚਾਹੀਦਾ ਹੈ।

ਹਿੰਦੀ ਜਗਤ ਦੀ ਮਸ਼ਹੂਰ ਲੇਖਿਕਾ ਸਰੋਜਨੀ ਨਾਇਡੂ ਨੇ ਕਿਹਾ ਸੀ ਕਿ ਜੇਕਰ ਕਿਸੇ ਸਮਾਜ ਬਾਰੇ ਡੂੰਘਾਈ ਨਾਲ ਜਾਣਕਾਰੀ ਪ੍ਰਾਪਤ ਕਰਨੀ ਹੋਵੇ ਤਾਂ ਉਸ ਸਮਾਜ ਦੇ ਸੱਭਿਆਚਾਰ; ਭਾਵ ਲੋਕ-ਗੀਤਾਂ, ਰਹੁ-ਰੀਤਾਂ, ਖਾਣ-ਪੀਣ ਤੇ ਪਹਿਰਾਵੇ ਆਦਿ ਬਾਰੇ ਜਾਣ ਲਵੇ, ਕਿਉਂਕਿ ਜੇਕਰ ਸਾਹਿਤ ਸਮਾਜ ਦਾ ਸ਼ੀਸ਼ਾ ਹੈ ਤਾਂ ਸੱਭਿਆਚਾਰ ਉਸ ਸ਼ੀਸ਼ੇ ਦੀ ਚਮਕ ਵਧਾਉਣ ਵਾਲਾ ਹੀਰਾ ਹੈ। ਡਾ. ਅੰਗਰੇਜ਼ ਸਿੰਘ ਵਿਰਕ ਦਾ ਲੇਖ 'ਸੱਭਿਆਚਾਰ ਅਤੇ ਵਾਤਾਵਰਣ' ਇਸੇ ਧਾਰਨਾ ਨੂੰ ਦ੍ਰਿੜ ਕਰਵਾਉਂਦਾ ਪ੍ਰਤੀਤ ਹੁੰਦਾ ਹੈ। ਪੰਜਾਬੀ ਸੱਭਿਆਚਾਰ ਵਿੱਚ ਰੁੱਤਾਂ, ਰੁੱਖਾਂ, ਪੰਛੀਆਂ, ਦਰਿਆਵਾਂ, ਹਵਾਵਾਂ ਤੇ ਜਨੌਰਾਂ ਦਾ ਜ਼ਿਕਰ ਬਾ-ਖ਼ੂਬੀ ਆਉਂਦਾ ਹੈ। ਵਾਤਾਵਰਨ ਦੇ ਖ਼ੂਬਸੂਰਤ ਅਤੇ ਸੁਹਾਣੇ ਰੂਪ ਦੀ ਤਸਵੀਰ ਪੰਜਾਬੀ ਸੱਭਿਆਚਾਰ ਵਿੱਚ ਆਰੰਭ ਤੋਂ ਹੀ ਪੇਸ਼ ਕੀਤੀ ਜਾਂਦੀ ਰਹੀ ਹੈ। ਅਜੋਕੀ ਵਾਤਾਵਰਨਿਕ ਸਥਿਤੀ ਦਾ ਅਸਰ ਬਿਨਾ ਸ਼ੱਕ ਸੱਭਿਆਚਾਰ ਉੱਤੇ ਵੀ ਪਿਆ ਹੈ। ਸੱਭਿਆਚਾਰ ਅਤੇ ਵਾਤਾਵਰਨ ਹਰ ਸਮੇਂ ਇੱਕ-ਦੂਜੇ ਨੂੰ ਅਸਰ-ਅੰਦਾਜ਼ ਕਰਦੇ ਹੀ ਰਹਿੰਦੇ ਹਨ।

ਭੂਗੋਲਿਕ ਸਥਿਤੀਆਂ ਅਨੁਸਾਰ ਹੀ ਵੱਖ-ਵੱਖ ਦੇਸ਼ਾਂ/ਪ੍ਰਾਂਤਾਂ ਦੇ ਵਸਨੀਕ ਵੱਖ-ਵੱਖ ਤਰ੍ਹਾਂ ਦੇ ਪਹਿਰਾਵੇ ਪਹਿਨਦੇ ਹਨ ਤੇ ਜਲਵਾਯੂ ਅਨੁਸਾਰ ਹੀ ਉੱਥੋਂ ਦੇ ਲੋਕਾਂ ਦਾ ਖਾਣ-ਪੀਣ ਵਿਕਸਿਤ ਹੋਇਆ ਹੁੰਦਾ ਹੈ। ਡਾ. ਵਿਰਕ ਸੱਭਿਆਚਾਰ ਤੇ ਵਾਤਾਵਰਨ ਦੇ ਪਰਸਪਰ ਸੰਬੰਧ ਬਿਆਨ ਕਰਦੇ ਹੋਏ ਦੱਸਦੇ ਹਨ:

> ਡਾ. ਭੁਪਿੰਦਰ ਸਿੰਘ ਖਹਿਰਾ ਅਨੁਸਾਰ ਕੰਮ-ਧੰਦੇ, ਸਾਜੋ-ਸਮਾਨ, ਪਹਿਰਾਵਾ, ਹਾਰ-ਸ਼ਿੰਗਾਰ, ਵਸਤੂ-ਵਟਾਂਦਰਾ, ਰਿਹਾਇਸ਼ ਅਤੇ ਖਾਣ-ਪੀਣ ਦੀਆਂ ਆਦਤਾਂ ਪਦਾਰਥਕ ਸੱਭਿਆਚਾਰ, ਭਾਸ਼ਾ, ਲੋਕਧਾਰਾ ਅਤੇ ਸਾਹਿਤ ਸੰਚਾਰਤ ਸੱਭਿਆਚਾਰ, ਕਦਰਾਂ-ਕੀਮਤਾਂ ਜ਼ਾਬਤਾ ਅਤੇ ਵਤੀਰਾ ਧਾਰਮਿਕ ਸੱਭਿਆਚਾਰ, ਰਾਜ ਪ੍ਰਬੰਧ ਅਤੇ ਸਥਾਨਕ ਪ੍ਰਬੰਧ ਰਾਜਨੀਤਿਕ ਸੱਭਿਆਚਾਰ ਦੇ ਅੰਗ ਹਨ(85)

ਲੇਖਕ ਅਨੁਸਾਰ ਕਿਸੇ ਸਥਾਨ ਦੇ ਲੋਕਾਂ ਦਾ ਸੱਭਿਆਚਾਰ ਭਾਵ ਕੰਮ-ਧੰਦੇ, ਰਿਹਾਇਸ਼, ਪੁਸ਼ਾਕ, ਰਸਮਾਂ-ਰੀਤਾਂ, ਖੇਡਾਂ ਆਦਿ ਉਸ ਸਥਾਨ ਦੀਆਂ ਭੂਗੋਲਿਕ ਸਥਿਤੀਆਂ 'ਤੇ ਮਨੱਸਰ ਹੁੰਦੇ ਹਨ। ਇਸ ਲਈ ਜੇ ਭੌਤਿਕ ਵਾਤਾਵਰਨ ਵਿੱਚ ਤਬਦੀਲੀ ਆਉਂਦੀ ਹੈ ਤਾਂ ਸੱਭਿਆਚਾਰ ਵਿੱਚ ਵੀ ਸਮਾਜੀ ਪਰਿਵਰਤਨ ਆਉਂਦੇ ਹਨ। ਆਪਸੀ ਵਟਾਂਦਰੇ ਵਾਂਗ ਸੱਭਿਆਚਾਰਕ ਰੂਪਾਂਤਰਨ ਵੀ ਵਾਤਾਵਰਨ ਨੂੰ ਪ੍ਰਭਾਵਿਤ ਕਰਨ ਦੀ ਸਮੱਰਥਾ

ਰੱਖਦੇ ਹਨ। ਮਿਸਾਲ ਵਜੋਂ ਪਿਛਲੇ ਕੁਝ ਦਹਾਕਿਆਂ ਤੋਂ ਸੰਜਮ ਦੀ ਥਾਂ ਖ਼ਪਤ ਨੂੰ, ਮੁੜ ਵਰਤੋਂ ਦੀ ਥਾਂ ਵਰਤੋਂ ਤੇ ਸੁੱਟੋ ਨੂੰ ਜੀਵਨ ਦਾ ਹਿੱਸਾ ਬਣਾਉਣ ਨਾਲ ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਵਰਤੋਂ ਹੋਈ ਹੈ। ਇਸਦੇ ਫਲਸਰੂਪ ਕੂੜੇ ਦੇ ਢੇਰਾਂ ਨੇ ਜੰਗਲਾਂ ਦੇ ਉਜਾੜੇ ਕੀਤੇ ਹਨ। ਤੇ ਕੁਦਰਤੀ ਆਪਦਾਵਾਂ ਨੇ ਵਾਤਾਵਰਨ ਸੰਕਟ ਨੂੰ ਭਿਆਨਕ ਸਮੱਸਿਆ ਬਣਾ ਦਿੱਤਾ ਹੈ। ਸੱਭਿਆਚਾਰ ਤੇ ਵਾਤਾਵਰਨ ਦਾ ਆਪਸੀ ਸੰਤੁਲਨ ਜ਼ਰੂਰੀ ਹੈ। ਕਿਸੇ ਇੱਕ ਦਾ ਵਿਗਾੜ ਦੂਜੇ ਨੂੰ ਵੀ ਠੀਕ ਨਹੀਂ ਰਹਿਣ ਦੇਵੇਗਾ।

ਪੰਜਾਬ ਚਿਰਾਂ ਤੋਂ ਹੀ ਖੇਤੀ ਪ੍ਰਦਾਨ ਸੂਬਾ ਰਿਹਾ ਹੈ ਲੇਖਕ ਨੇ ਖੇਤੀ ਖੇਤਰ ਵਿੱਚ ਆਈ ਅਣਲੋੜੀਂਦੀ ਤੇਜ਼ੀ ਅਤੇ ਵਿਗਿਆਨਿਕ ਵਿਕਾਸ ਨੂੰ ਵਾਤਾਵਰਨ ਵਿਗਾੜਨ ਲਈ ਜ਼ਿੰਮੇਵਾਰ ਠਹਿਰਾਇਆ ਹੈ। ਵਧੇਰੇ ਗਿਣਤੀ ਵਿੱਚ ਲੱਗੇ ਟਿਊਬਵੈੱਲ ਡੀਕ ਲਗਾ ਕੇ ਧਰਤੀ ਦੀ ਹਿੱਕ 'ਚੋਂ ਪਾਣੀ ਪੀ ਰਹੇ ਹਨ, ਝੋਨੇ ਪੰਜਾਬ ਨੂੰ ਰੇਗਿਸਤਾਨ ਬਣਾਉਣ ਲਈ ਜਿਵੇਂ ਬਾਜਿਦ ਹੋ ਰਹੇ ਹੋਣ। ਪੰਜਾਬ ਵਿੱਚ ਤਕਨੀਕੀ ਤੇ ਵਿਗਿਆਨਕ ਵਿਕਾਸ ਨੇ ਵਾਤਾਵਰਨ ਨਾਲ ਵਿਰੋਧੀ ਰੁਖ਼ ਅਖ਼ਤਿਆਰ ਕਰ ਲਿਆ ਹੈ। ਇਸ ਪ੍ਰਸੰਗ ਵਿੱਚ ਲੇਖਕ ਦਾ ਕਥਨ ਹੈ ਕਿ:

> ਵਿਗਿਆਨਕ ਤਰੱਕੀ ਨਾਲ ਸਿੰਚਾਈ ਸਾਧਨਾਂ ਵਿੱਚ ਆਈ ਕ੍ਰਾਂਤੀ ਨੇ ਪੰਜਾਬ ਦੀ ਖੇਤੀ ਨੂੰ ਨਵੇਂ ਪਾਸੇ ਮੋੜਿਆ ਅਤੇ ਪੰਜਾਬ ਵਿੱਚ ਮੁੱਖ ਤੌਰ 'ਤੇ ਦੋ ਹੀ ਫਸਲਾਂ ਬੀਜੀਆਂ ਜਾਣ ਲੱਗੀਆਂ- ਕਣਕ ਤੇ ਝੋਨਾ। ਵਿਗਿਆਨਿਕ ਲੀਹਾਂ 'ਤੇ ਚਲਦਿਆਂ ਖੇਤੀ ਦਾ ਮਸ਼ੀਨੀਕਰਨ, ਰਸਾਇਣੀਕਰਨ ਹੋਣ ਕਰਕੇ ਖੇਤੀ ਪ੍ਰਦੂਸ਼ਣ ਦਾ ਸਰੋਤ ਬਣ ਗਈ ਹੈ। ਖੇਤਾਂ ਵਿੱਚ ਪਰਾਲੀ ਸਾੜਨਾ ਹਵਾ ਦੇ ਪ੍ਰਦੂਸ਼ਣ ਨੂੰ ਜਨਮ ਦਿੰਦਾ ਹੈ(86)

ਮੁਖਦੀਪ ਸਿੰਘ ਨੇ ਆਪਣੇ ਲੇਖ : 'ਈ ਵੇਸਟ: ਸਮੱਸਿਆ ਅਤੇ ਸੁਝਾਅ' ਅੰਤਰਗਤ ਵਾਤਾਵਰਨ ਲਈ ਇਲੈਕਟ੍ਰੋਨਿਕ ਕਚਰੇ (ਈ-ਵੇਸਟ) ਦੀ ਸਮੱਸਿਆ ਬਾਰੇ ਖੁੱਲ੍ਹ ਕੇ ਚਰਚਾ ਕੀਤੀ ਹੈ ਅਤੇ ਇਸ ਪ੍ਰਤੀ ਵਾਜਿਬ ਸੁਝਾਵਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ। 20ਵੀਂ ਸਦੀ ਦੀ ਅੰਤਲੇ ਦਹਾਕਿਆਂ ਤੋਂ ਆਰੰਭ ਹੋ ਕੇ ਸੂਚਨਾ ਅਤੇ ਤਕਨੀਕੀ ਖੇਤਰ ਵਿੱਚ ਭਰਪੂਰ ਤਰੱਕੀ ਦਰਜ ਕੀਤੀ ਗਈ ਹੈ। ਇੱਕੀਵੀਂ ਸਦੀ ਰਫ਼ਤਾਰ ਵਾਲੀ ਮੰਨੀ ਗਈ ਹੈ। ਕੰਪਿਊਟਰ, ਲੈਪਟਾਪ, ਮੋਬਾਇਲ ਫੋਨ, ਪ੍ਰਿੰਟਰ, ਫੈਕਸ ਮਸ਼ੀਨਾਂ, ਏ.ਸੀ., ਫਰਿੱਜ, ਵਾਸ਼ਿੰਗ ਮਸ਼ੀਨਾਂ,

ਸਟੀਰਿਓ ਅਤੇ ਬਿਜਲੀ ਨਾਲ ਚੱਲਣ ਵਾਲੇ ਹੋਰ ਢੇਰ ਸਾਰੇ ਉਪਕਰਨ ਸ਼ਾਮਿਲ ਹੁੰਦੇ ਹਨ, ਜੋ ਸੀਮਤ ਜੀਵਨ-ਕਾਲ ਨਿਭਾਉਣ ਉਪਰੰਤ ਕੂੜੇ-ਕਰਕਟ ਦਾ ਹਿੱਸਾ ਬਣ ਜਾਂਦੇ ਹਨ। ਸਬਜ਼ੀਆਂ, ਫਲਾਂ ਦੇ ਛਿੱਲੜ, ਧੂੜ-ਮਿੱਟੀ ਤੇ ਕਾਗਜ਼ ਆਦਿ ਤਾਂ ਫਿਰ ਵੀ ਘੁਲਣਸ਼ੀਲ/ਗਲਣਸ਼ੀਲ ਹੁੰਦੇ ਹਨ, ਪਰੰਤੂ ਉੱਪਰ ਵਰਣਿਤ ਉਪਕਰਨ ਪਲਾਸਟਿਕ ਦੇ ਬਣੇ ਹੁੰਦੇ ਹਨ ਜੋ ਮਿੱਟੀ ਹੇਠਾਂ ਦਬਾਉਣ ਨਾਲ ਵਿਘਟਿਤ ਨਹੀਂ ਹੁੰਦੇ ਅਤੇ ਇਹਨਾਂ ਨੂੰ ਸਾੜਣ ਨਾਲ ਬਹੁਤ ਸਾਰੀਆਂ ਜ਼ਹਿਰੀਲੀਆਂ ਗੈਸਾਂ ਵਾਤਾਵਰਨ ਨੂੰ ਦਮ-ਘੋਟੂ ਬਣਾ ਦਿੰਦੀਆਂ ਹਨ। ਫਿਰ ਇਸ ਦੌਰ ਦਾ ਵੱਡਾ ਪ੍ਰਸ਼ਨ ਇਹ ਉੱਠਦਾ ਹੈ ਕਿ ਈ-ਵੇਸਟ ਦਾ ਯੋਗ ਨਿਪਟਾਰਾ ਕਿਵੇਂ ਕੀਤਾ ਜਾਵੇ...? ਔਸਤਨ ਮਨੁੱਖ ਦੀ 'ਵਰਤੋਂ ਤੇ ਸੁੱਟੋ' ਜਾਂ 'ਖਪਤ...ਖਪਤ...ਖਪਤ...' ਵਾਲੀ ਮਾੜੀ ਸੋਚ ਹੀ ਈ-ਕਚਰਾ ਵਧਾ ਦਿੰਦੀ ਹੈ। ਮੋਬਾਇਲ ਦਾ ਨਵਾਂ ਤੇ ਸੋਧਿਆ ਮਾਡਲ ਬਾਜ਼ਾਰ ਵਿੱਚ ਆ ਜਾਣ 'ਤੇ ਪੁਰਾਣੇ ਦੀ ਸੁੱਟ-ਪਸੁੱਟ ਕਰਕੇ ਨਵੀਨਤਮ ਮਾਡਲ ਦਾ ਮੋਬਾਇਲ ਖ਼ਰੀਦ ਲਿਆ ਜਾਂਦਾ ਹੈ। ਇਹੀ ਹਾਲ ਟੀ.ਵੀ. ਫਰਿੱਜ, ਸਮਾਰਟ ਘੜੀਆਂ ਅਤੇ ਲੈਪਟੋਪਾਂ ਆਦਿ ਦੇ ਕੇਸ ਵਿੱਚ ਵੀ ਆਮ ਵੇਖਣ ਨੂੰ ਮਿਲ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਕਤ ਖਪਤਵਾਦੀ ਸੋਚ ਦਾ ਪਸਾਰਾ ਅਮੀਰ ਜਨਤਾ ਦੁਆਰਾ ਹੀ ਵਧੇਰੇ ਹੋਇਆ ਹੈ। ਕਿਸੇ ਦਫ਼ਤਰ ਵਿੱਚ ਸਟੋਰ ਰੂਮਾਂ ਵਿੱਚ ਵੀਹਵੀਂ ਸਦੀ ਵਾਲੇ ਭਾਰੀ ਡੱਬਾਨੁਮਾ ਕੰਮਪਿਊਟਰ ਰੁਲ਼ਦੇ ਆਮ ਹੀ ਵਿਖਣਗੇ, ਕਿਉਂ ਜੋ ਐਲ.ਐਫ.ਟੀ. ਸਕਰੀਨ ਵਾਲੇ ਨਵੇਂ ਕੰਪਿਊਟਰ ਈਜਾਦ ਹੋ ਗਏ ਸਨ। ਮੋਬਾਇਲ ਮੁਰੰਮਤ ਕਰਨ ਵਾਲੀਆਂ ਦੁਕਾਨਾਂ ਵਿੱਚ ਬੋਰੇ ਭਰ ਕੇ ਪੁਰਾਣੇ ਮਾਡਲਾਂ ਦੇ ਸੈਲ-ਫੋਨਾਂ ਦਾ ਭੰਡਾਰ ਦਿਖ ਜਾਂਦਾ ਹੈ। ਈ-ਵੇਸਟ ਬਾਬਤ ਤਾਂ ਇਹ ਸੱਚ ਹੈ ਕਿ ਹਰ ਦਿਨ ਹੁੰਦੀ ਤਕਨੀਕੀ ਤਰੱਕੀ ਨੇ ਵਾਤਾਵਰਨ ਨਾਲ ਮਿੱਤਰਤਾ ਲਗਭਗ ਖ਼ਤਮ ਹੀ ਕਰ ਲਈ ਹੈ ਇਸੇ ਪ੍ਰਸੰਗ ਵਿੱਚ ਲੇਖਕ ਦਾ ਕਥਨ ਹੈ ਕਿ:

> ਉਦਾਹਰਨ ਵਜੋਂ ਇੱਕ ਗ੍ਰਾਹਕ ਮੁਬਾਈਲ ਫੋਨ ਖ੍ਰੀਦਦਾ ਹੈ ਤਾਂ ਕੁਝ ਸਮੇਂ ਬਾਅਦ ਹੀ ਉਸੇ ਰੇਂਜ ਮੁੱਲ ਵਿੱਚ ਮੋਬਾਇਲ ਫੋਨ ਦਾ ਅਪਗ੍ਰੇਡ ਸੰਸਕਰਨ, ਜੋ ਕਿ ਪਹਿਲੇ ਨਾਲੋਂ ਵੱਧ ਵਿਸ਼ੇਸ਼ਤਾਵਾਂ ਰੱਖਦਾ ਹੈ, ਬਾਜ਼ਾਰ ਵਿੱਚ ਉਪਲਬਧ ਹੋ ਜਾਂਦਾ ਹੈ। ਇਸ ਤਰ੍ਹਾਂ ਪਹਿਲੇ ਖਰੀਦੇ ਮੋਬਾਇਲ ਹੌਲੀ-ਹੌਲੀ ਈ-ਵੇਸਟ ਦੀ ਸ਼੍ਰੇਣੀ ਵਿੱਚ ਚਲੇ ਜਾਂਦੇ ਹਨ(99)

ਈ-ਵੇਸਟ ਦੀ ਸਮੱਸਿਆ ਪੂਰੇ ਵਿਸ਼ਵ ਦੀ ਸਮੱਸਿਆ ਹੈ। ਵਿਕਾਸਸ਼ੀਲ ਦੇਸ਼ਾਂ ਤੋਂ ਵੱਧ ਕੇ ਵਿਕਸਿਤ ਦੇਸ਼ ਇਸ ਸਮੱਸਿਆ ਵਿੱਚ ਵਾਧਾ ਕਰ ਰਹੇ ਹਨ। ਈ-ਵੇਸਟ ਨਾਲ ਪ੍ਰਦੂਸ਼ਣ ਕਿਵੇਂ ਹੋ ਜਾਂਦਾ ਹੈ ਅਤੇ ਮਨੁੱਖੀ ਸਿਹਤ ਉੱਪਰ ਇਸਦੇ ਕੀ-ਕੀ ਮਾੜੇ ਪ੍ਰਭਾਵ ਹਨ ਇਸ ਬਾਬਤ ਲੇਖਕ ਨੇ ਵਿਸਥਾਰ ਵਿੱਚ ਜਾਣਕਾਰੀ ਪ੍ਰਦਾਨ ਕੀਤੀ ਹੈ ਕਿ:

> ਈ-ਵੇਸਟ ਵਾਤਾਵਰਣ ਪ੍ਰਦੂਸ਼ਣ ਦਾ ਕਾਰਣ ਬਣਦੀ ਹੈ। ਇਹ ਕੂੜਾ ਕਰਕਟ ਕਾਫ਼ੀ ਦੇਰ ਪਿਆ ਰਹਿਣ ਕਾਰਨ ਇਸਦੇ ਕੁਝ ਤੱਤ ਹੌਲੀ-ਹੌਲੀ ਮਿੱਟੀ ਵਿੱਚ ਰਲ਼ ਜਾਂਦੇ ਹਨ, ਜੋ ਮਿੱਟੀ ਪ੍ਰਦੂਸ਼ਣ ਨੂੰ ਜਨਮ ਦਿੰਦੇ ਹਨ। ਇਹਨਾਂ ਤੱਤਾਂ ਦੇ ਕੂੜੇ, ਮੀਂਹ ਦੇ ਪਾਣੀ ਜਾਂ ਪਾਣੀ ਦੇ ਸ੍ਰੋਤਾਂ ਨਾਲ ਮਿਲਣ ਤੇ ਪਾਣੀ ਪ੍ਰਦੂਸ਼ਣ ਜਨਮ ਲੈਂਦਾ ਹੈ। ਈ-ਵੇਸਟ ਵਿੱਚ ਲਗਭਗ 1000 ਅਜਿਹੇ ਪਦਾਰਥ ਹੁੰਦੇ ਹਨ ਜਿਹੜੇ ਜ਼ਹਿਰੀਲੇ ਹੋਣ ਕਾਰਨ ਵਾਤਾਵਰਣ ਅਤੇ ਮਨੁੱਖੀ ਸਿਹਤ ਲਈ ਗੰਭੀਰ ਸਮੱਸਿਆਵਾਂ ਪੈਦਾ ਕਰਦੇ ਹਨ। ਈ-ਵੇਸਟ ਵਿੱਚ ਭਾਰੀ ਧਾਤਾਂ ਜਿਵੇਂ ਲੈੱਡ, ਕੈਡਮੀਅਮ, ਪਾਰਾ, ਪੋਲੀਕਲੋਰੀਨੇਟਡ ਬਾਈਫਿਨਾਇਲ (PCBs), ਪੌਲੀਵਿਨਾਇਲ ਕਲੋਰਾਈਡ (PVC), ਬੇਰੀਅਮ, ਬੈਲੀਲੀਅਮ, ਕਾਰਸੀਨੋਜਨ (Carcinogen) ਆਦਿ ਹੁੰਦੀਆਂ ਹਨ(101)

ਈ-ਵੇਸਟ ਦਾ ਨਿਪਟਾਰਾ ਅਜੇ ਵੀ ਬਹੁਤ ਵੱਡੀ ਸਮੱਸਿਆ ਹੈ। ਇਸ ਦਾ ਪ੍ਰਬੰਧਨ ਕਰਨ ਲਈ ਲੇਖਕ ਨੇ ਕੁਝ ਸੁਝਾਓ ਪੇਸ਼ ਕੀਤੇ ਹਨ। ਜਿਹਨਾਂ ਵਿੱਚੋਂ ਪ੍ਰਮੁੱਖ ਇਸ ਪ੍ਰਕਾਰ ਹਨ:

> ਕੂੜੇ ਕਰਕਟ ਨੂੰ ਨਿਪਟਾਉਣ ਦੇ ਸਿਧਾਂਤ 3R ਭਾਵ ਕੂੜਾ ਕਰਕਟ ਘਟਾਉਣ, ਮੁੜ ਵਰਤੋਂ ਅਤੇ ਪੁਨਰਚੱਕਰ ਦੀ ਪਾਲਣਾ ਹਰ ਹਾਲਤ ਵਿੱਚ ਕੀਤੀ ਜਾਣੀ ਚਾਹੀਦੀ ਹੈ। ਜਿੰਨਾ ਹੋ ਸਕੇ ਨਵੇਂ ਉਪਕਰਣ ਖ਼੍ਰੀਦਣ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ। ਜੇਕਰ ਨਵਾਂ ਉਪਕਰਨ ਖ਼੍ਰੀਦਿਆ ਹੈ ਤਾਂ ਪੁਰਾਣੇ ਉਪਕਰਨ ਨੂੰ ਅਜਿਹੇ ਵਿਅਕਤੀ ਨੂੰ ਦਾਨ ਕੀਤਾ ਜਾਵੇ ਜੋ ਉਸਦੀ ਸੁਚੱਜੀ ਵਰਤੋਂ ਕਰੇ। ਉਪਕਰਨ ਵੀ ਅਜਿਹੇ ਚੁਣੇ ਜਾਣ ਜਿੰਨ੍ਹਾਂ ਦੀ ਜੀਵਨ ਕਾਲ ਲੰਬਾ ਹੋਵੇ ਜਾਂ ਜਿਨ੍ਹਾਂ ਵਿੱਚ ਅਪਗ੍ਰੇਡ ਹੋ ਸਕਣ ਦੀ ਸਮੱਰਥਾ ਵਧਰੇ ਹੋਵੇ(104)

ਉਤਪਾਦਕਾਂ ਨੂੰ ਗਰੀਨ ਤਕਨਾਲੋਜੀ ਦੀ ਵਰਤੋਂ ਲਈ ਜ਼ਿੰਮੇਵਾਰ ਬਣਾਇਆ ਜਾਵੇ। ਜਿਹੜੇ ਉਤਪਾਦਕ ਗਰੀਨ ਤਕਨਾਲੋਜੀ ਦੀ ਵਰਤੋਂ ਨਾ ਕਰਨ, ਉਹਨਾਂ ਨੂੰ ਬਲੈਕ ਲਿਸਟ ਕੀਤਾ ਜਾਵੇ। ਉਹਨਾਂ ਨੂੰ ਬੈਨ ਕੀਤਾ ਜਾਵੇ ਜਾਂ ਭਾਰੀ ਜੁਰਮਾਨਾ ਵਸੂਲਿਆ ਜਾਵੇ। ਇਸ ਸਮੱਸਿਆ ਤੋਂ ਛੁਟਕਾਰੇ ਲਈ ਉਤਪਾਦਕ ਅਤੇ ਖਪਤਕਾਰ ਦੋਵਾਂ ਦਾ ਜਾਗਰੂਕ ਹੋਣਾ ਬਹੁਤ ਜ਼ਰੂਰੀ ਹੈ। ਜਾਗਰੂਕ ਲੋਕਾਂ ਦਾ ਫਰਜ਼ ਹੈ ਕਿ ਹੋਰ ਵੱਧ ਤੋਂ ਵੱਧ ਲੋਕਾਂ ਨੂੰ ਜਾਗਰੂਕ ਕਰਨ ਅਤੇ ਇਸ ਧਰਤੀ ਨੂੰ 'ਸੁੰਦਰ ਗ੍ਰਹਿ' ਬਣਾਉਣ ਵਿੱਚ ਯੋਗਦਾਨ ਪਾਉਣ।

ਰੁੱਖ ਅਤੇ ਮਨੁੱਖ ਦੋਵੇਂ ਹੀ ਆਪਣੀਆਂ ਜੜ੍ਹਾਂ, ਆਧਾਰ ਜਾਂ ਮੂਲ ਤੋਂ ਪਛਾਣੇ ਜਾਂਦੇ ਹਨ। ਜੇਕਰ ਕਿਸੇ ਵੱਡੀ ਤੇ ਉੱਚੀ ਇਮਾਰਤ ਦੀ ਨੀਂਹ/ਆਧਾਰ ਮਜ਼ਬੂਤ ਹੈ ਤਾਂ ਉਸਨੂੰ ਸੁਰੱਖਿਤ ਮੰਨਿਆ ਜਾਂਦਾ ਹੈ। ਇਸੇ ਪ੍ਰਕਾਰ ਮਨੁੱਖ ਦੇ ਵਿਅਕਤੀਤੱਵ ਵਿੱਚ ਚੰਗੇਰੇ ਅਤੇ ਸਦੀਵੀਂ ਗੁਣਾਂ ਦੀ ਹੋਂਦ ਨਾਲ ਉਸਦੀ ਪਛਾਣ ਭਲੇ ਮਨੁੱਖਾਂ ਵਿੱਚ ਕੀਤੀ ਜਾਂਦੀ ਹੈ। ਗੁਰੂ ਸਹਿਬਾਨਾਂ ਮੁਖੋਂ ਉਚਾਰੀ ਗਈ ਬਾਣੀ ਸਮੁੱਚੀ ਮਨੁੱਖਤਾ ਨੂੰ ਸਦਾਚਾਰਕ ਗੁਣਾਂ, ਨਿਰਮਲ ਰਹਿਣੀ, ਪ੍ਰਭੂ-ਭਗਤੀ, ਅਹਿੰਸਾ, ਸਹਿਨਸ਼ੀਲਤਾ, ਨਿਤਨੇਮ ਅਤੇ ਕਾਦਰ ਦੀ ਸਿਰਜੀ ਕੁਦਰਤ ਨੂੰ ਸਤਿਕਾਰਨ ਲਈ ਪ੍ਰੇਰਨਾ ਕਰਦੀ ਹੈ। ਗੁਰਬਾਣੀ ਵਿੱਚ ਚੰਗੇਰੇ ਆਤਮਿਕ ਤੇ ਸਮਾਜਿਕ ਗੁਣਾਂ ਦੇ ਨੁਕਤੇ ਪ੍ਰਸਾਰਿਤ ਕੀਤੇ ਗਏ ਹਨ। ਗੁਰਬਾਣੀ ਮਨੁੱਖਤਾ ਲਈ ਮਾਰਗ-ਦਰਸ਼ਨ ਪ੍ਰਸਤੁਤ ਕਰਦੀ ਹੈ। ਗੁਰੂ ਸਹਿਬਾਨਾਂ ਨੇ ਪ੍ਰਭੂ ਭਗਤੀ ਦੇ ਨਾਲ-ਨਾਲ ਸਮਾਜਿਕ ਭਲੇ ਦੇ ਬਹੁਤ ਕਾਰਜ ਕੀਤੇ। ਬਾਗ ਲਗਾਉਣੇ, ਬਾਉਲੀਆਂ, ਖੂਹ, ਤਾਲਾਬ ਅਤੇ ਸਿਹਤ-ਵਰਧਕ ਪੌਦੇ ਲਗਾ ਕੇ ਆਪ ਨੇ ਸਮਾਜ ਨੂੰ ਪ੍ਰਕਿਰਤੀ ਅਤੇ ਸ੍ਰਿਸ਼ਟੀ ਦੀ ਅਹਿਮ ਲੋੜ ਨੂੰ ਉਜਾਗਰ ਕੀਤਾ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ. ਕਮਲਜੀਤ ਕੌਰ ਨੇ ਆਪਣੇ ਲੇਖ: "ਗੁਰਬਾਣੀ ਵਿੱਚ ਵਾਤਾਵਰਨ ਦਾ ਸੰਕਲਪ" ਅਧੀਨ ਵਾਤਾਵਰਨ ਨੂੰ ਗੁਰਬਾਣੀ ਦੇ ਮਹੱਤਵਪੂਰਨ ਅੰਗ ਵਜੋਂ ਪੇਸ਼ ਕੀਤਾ ਹੈ। ਗੁਰਬਾਣੀ ਵਿੱਚ ਕੁਦਰਤ ਦੇ ਅੰਗਾਂ ਦੀ ਪੇਸ਼ਕਾਰੀ ਨੂੰ ਰੇਖਾਂਕਿਤ ਕਰਦੇ ਹੋਏ ਡਾ. ਕਮਲਜੀਤ ਇਹ ਬਿਆਨ ਦਿੰਦੇ ਹਨ ਕਿ:

> ਵੱਖ-ਵੱਖ ਗੁਰੂ ਸਾਹਿਬਾਨਾਂ ਦੀਆਂ ਰਚਨਾਵਾਂ ਵਿੱਚ ਕੁਦਰਤ ਅਤੇ ਪਵਣ, ਪਾਣੀ, ਪੇੜ, ਪੌਦੇ, ਮਿੱਟੀ ਧਰਤੀ ਆਦਿ ਦਾ ਜ਼ਿਕਰ ਮਿਲਦਾ ਹੈ। ਭਾਵੇਂ ਕਿ ਗੁਰਬਾਣੀ ਵਿੱਚ ਸਿੱਧੇ ਤੌਰ 'ਤੇ ਵਾਤਾਵਰਣ ਸ਼ਬਦ

ਨਹੀਂ ਮਿਲਦਾ, ਪਰ ਵਾਰ-ਵਾਰ ਵਾਤਾਵਰਣ ਦੇ ਤੱਤਾਂ (ਪਵਣ, ਪਾਣੀ, ਧਰਤੀ, ਅਕਾਸ਼, ਦਰਖੱਤ, ਆਬ ਆਦਿ) ਦੇ ਹਵਾਲੇ ਮਿਲਦੇ ਹਨ(106)

ਬਾਬਾ ਨਾਨਕ ਦੇ ਆਰੰਭੇ ਗਏ ਕੁਦਰਤ ਪ੍ਰੇਮ ਨੂੰ ਅਗਲੇਰੇ ਗੁਰੂ ਸਹਿਬਾਨਾਂ ਨੇ ਕੀਮਤੀ ਵਿਰਾਸਤ ਵਾਂਗਰ ਸਹੇਜਿਆ ਅਤੇ ਵਿਗਸਾਇਆ। ਗੁਰੂ ਸਾਹਿਬਾਨਾਂ ਦੇ ਇਹਨਾਂ ਸੁਚਾਰੂ ਤੇ ਸਰਬੱਤ ਦੇ ਭਲੇ ਹਿਤ ਕੀਤੇ ਕਾਰਜਾਂ ਦੀ ਸੂਚੀ ਬੜੀ ਲੰਮੀ ਹੈ। ਇਹਨਾਂ ਵਿੱਚੋਂ ਕੁਝ ਕੁ ਉਪਰਾਲਿਆਂ ਬਾਬਤ ਦਸਦੇ ਹੋਏ ਡਾ. ਸਾਹਿਬ ਲਿਖਦੇ ਹਨ:

> ਗੁਰੂ ਨਾਨਕ ਸਾਹਿਬ ਅਕਸਰ ਹੀ ਉਪਦੇਸ਼ ਦੇਣ ਲਈ ਭਾਵ ਸੰਗਤ ਕਰਨ ਲਈ (ਉਦਾਸੀਆਂ ਦੌਰਾਨ ਤੇ ਬਾਅਦ ਵਿੱਚ ਵੀ) ਜੰਗਲ ਜਾਂ ਪਿੰਡ ਤੋਂ ਬਾਹਰ ਖੁੱਲੀ ਜਗ੍ਹਾ ਹੀ ਚੁਣਦੇ ਸਨ। ਗੁਰੂ ਰਾਮਦਾਸ ਜੀ ਦੁਆਰਾ ਬਣਵਾਈਆਂ ਗਈਆਂ ਬਾਉਲੀਆਂ ਵੀ ਪਾਣੀ ਦੀ ਅਹਿਮੀਅਤ ਨੂੰ ਬਿਆਨ ਕਰਦੀਆਂ ਹਨ। ਗੁਰੂ ਅਰਜਨ ਦੇਵ ਜੀ ਨੇ ਆਦਿ-ਗ੍ਰੰਥ ਸਾਹਿਬ ਦੀ ਸੰਪਾਦਨਾ ਦਾ ਕੰਮ ਵੀ ਇੱਕ ਦਰਖੱਤ ਹੇਠਾਂ ਅਤੇ ਸਰੋਵਰ ਦੇ ਕਿਨਾਰੇ ਬੈਠ ਕੇ ਹੀ ਕੀਤਾ। ਸੱਤਵੇਂ ਪਾਤਸ਼ਾਹ ਗੁਰੂ ਹਰਿਰਾਇ ਜੀ ਨੇ ਜਦੋਂ ਕੀਰਤਪੁਰ ਸਾਹਿਬ ਸ਼ਹਿਰ ਵਸਾਇਆ ਤਾਂ ਉਸ ਸ਼ਹਿਰ ਵਿੱਚ ਐਨੇ ਫੁੱਲ, ਬੂਟੇ ਲਗਵਾਏ ਗਏ ਕਿ ਉਹ ਸ਼ਹਿਰ ਬਾਗਾਂ ਤੇ ਬਗੀਚਿਆਂ ਵਾਲਾ ਸ਼ਹਿਰ ਦੇ ਨਾਂ ਨਾਲ ਜਾਣਿਆ ਜਾਣ ਲੱਗਾ(107)

ਗੁਰਬਾਣੀ ਵਿੱਚ ਪ੍ਰਮਾਤਮਾ ਦੀ ਸਰਬ-ਵਿਆਪਕ ਹੋਂਦ ਨੂੰ ਸਵੀਕਾਰ ਕੀਤਾ ਗਿਆ ਹੈ। ਕੁਦਰਤ ਦੀ ਰਚਨਾ ਵੀ ਪ੍ਰਮਾਤਮਾ ਨੇ ਕੀਤੀ ਹੈ ਤੇ ਕੁਦਰਤ ਵਿੱਚ ਪ੍ਰਮਾਤਮਾ ਆਪ ਹੀ ਨਿਵਾਸ ਕਰਦਾ ਹੈ। ਇਸ ਪ੍ਰਕਾਰ ਪ੍ਰਭੂ ਸ੍ਰਿਸ਼ਟੀ ਦੇ ਹਰ ਕਣ ਵਿੱਚ ਵਿਰਾਜਮਾਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਗੁਰੂ ਵਿੱਚ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ:

> ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।।
>
> ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ।।(19)

'ਬਲਿਹਾਰੀ ਕੁਦਰਤ ਵਸਿਆ।। ਤੇਰਾ ਅੰਤੁ ਨਾ ਜਾਇ ਲਖਿਆ।।' ਦੇ ਪਵਨ ਵਾਕ ਅਨੁਸਾਰ ਸਾਰੀ ਪ੍ਰਕਿਰਤੀ ਅਕਾਲ ਪੁਰਖ ਦੀ ਰਜ਼ਾ ਅਨੁਸਾਰ ਉਤਪੰਨ ਹੋਈ ਹੈ। ਉਸ ਚੋਜੀ ਦੀ ਇਹ ਅਨੋਖੀ ਖੇਡ ਹੈ। ਗੁਰਬਾਣੀ ਵਿੱਚ ਸੰਦੇਸ਼ ਦਿੱਤਾ ਗਿਆ ਹੈ ਕਿ ਪ੍ਰਕਿਰਤੀ ਦੇ ਸਾਰੇ ਤੱਤ, ਸਾਰੇ ਅੰਸ਼ ਉਸ ਕਾਦਰ ਦੇ ਹੁਕਮ ਵਿੱਚ ਬੱਝ ਕੇ ਆਪਣੇ ਮਿੱਥੇ ਹੋਏ ਕੰਮਾਂ ਨੂੰ ਨਿਰੰਤਰ ਕਰਦੇ ਰਹਿੰਦੇ ਹਨ। ਸੂਰਜ ਦੀ ਰੋਸ਼ਨੀ, ਹਵਾ, ਨਦੀ ਦਾ ਨਿਰਮਲ ਪਾਣੀ ਆਦਿ ਬਿਨਾਂ ਕਿਸੇ ਭਿੰਨ-ਭੇਦ ਦੇ ਸਾਰੀ ਲੋਕਾਈ ਨੂੰ ਨੇਮਤਾਂ ਵੰਡਦੇ ਰਹਿੰਦੇ ਹਨ। ਗੁਰਬਾਣੀ ਵਿੱਚ ਸੰਕਲਪ ਹੈ ਕਿ ਪ੍ਰਮਾਤਮਾ ਦੇ ਪਸਾਰੇ ਤੋਂ ਪਹਿਲਾਂ ਕੋਈ ਵੀ ਵਾਤਾਵਰਨਿਕ ਅੰਸ਼ ਪੈਦਾ ਨਹੀਂ ਸੀ ਹੋਇਆ। ਤਦੋਂ ਹਰ ਪਾਸੇ ਕੇਵਲ ਹਨੇਰਾ ਹੀ ਸੀ। ਫਿਰ ਉਸ ਕਰਤਾਰ ਨੇ ਆਪਣੀ ਖੇਡ ਵਾਗ ਸਾਰੀ ਰਚਨਾ ਦੀ ਬਣਤ ਬਣਾਈ। ਇਸ ਪ੍ਰਤੀ ਗੁਰਬਾਣੀ ਵਿੱਚ ਵਾਕ ਦਰਜ ਹਨ:

ਆਪੈ ਕੁਦਰਤ ਕਰਿ ਦੇਖੈ ਸੁੰਨਹੁ ਸੁੰਨ ਉਪਾਇਦਾ।।

ਪਉਣੁ ਪਾਣੀ ਸੁੰਨੈ ਤੇ ਸਾਜੇ।।

ਸ੍ਰਿਸਟਿ ਉਪਾਇ ਕਾਇਆ ਗੜ ਰਾਜੇ।।

ਅਗਨਿ ਪਾਣੀ ਜੀਉ ਜੋਤਿ ਤੁਮਾਰੀ ਸੁੰਨੇ ਕਲਾ ਰਹਾਇਦਾ।।(1033)

ਵੀਹਵੀਂ ਸਦੀ ਦੇ ਅੱਧ ਮਗਰੋਂ ਇੱਕ ਮਹੱਤਵਪੂਰਨ ਖੇਤੀ-ਕ੍ਰਾਂਤੀ ਨੇ ਜਨਮ ਲਿਆ। ਜਿਸ ਨੂੰ 'ਹਰੀ ਕ੍ਰਾਂਤੀ' ਜਾਂ 'ਹਰਾ ਇਨਕਲਾਬ' ਕਿਹਾ ਜਾਂਦਾ ਹੈ। ਪਰਮਜੀਤ ਸਿੰਘ ਅਤੇ ਸੁਖਦੇਵ ਸਿੰਘ ਦੁਆਰਾ ਲਿਖਿਤ ਖੋਜ ਭਰਪੂਰ ਲੇਖ 'ਹਰਾ ਇਨਕਲਾਬ ਅਤੇ ਵਾਤਾਵਰਨ ਸੰਕਟ: ਪੰਜਾਬ ਇੱਕ ਅਧਿਐਨ' ਹਰੇ ਇਨਕਲਾਬ ਦੁਆਰਾ ਵਾਤਾਵਰਨ ਉੱਤੇ ਪਏ ਮਾੜੇ ਪ੍ਰਭਾਵਾਂ ਦੀ ਵਿਸਤ੍ਰਿਤ ਚਰਚਾ ਕਰਦਾ ਹੈ। ਸੰਨ 1967 ਦੀ ਭਾਰਤ 'ਚ ਪਈ ਭੁੱਖਮਰੀ ਮਗਰੋਂ ਕਣਕ ਤੇ ਝੋਨੇ ਦੀਆਂ ਕੁਝ ਵਿਸ਼ੇਸ਼ ਕਿਸਮਾਂ ਦਾ ਹਰੀ-ਕ੍ਰਾਂਤੀ ਦੇ ਰੂਪ ਵਿੱਚ ਪ੍ਰਵੇਸ਼ ਹੁੰਦਾ ਹੈ। ਇਹਨਾਂ ਸਦਕਾ ਅਗਲੇ ਚਾਰ-ਪੰਜ ਦਹਾਕਿਆਂ ਦਰਮਿਆਨ ਖੇਤੀ ਉਤਪਾਦਨ ਦੀ ਆਰਥਿਕਤਾ ਦਾ ਗ੍ਰਾਫ ਇਕਦਮ ਉੱਪਰ ਵੱਲ ਵਧਦਾ ਹੀ ਗਿਆ। ਇਸ ਅਧੀਨ HYV ਹਾਈ ਯੀਲਡਿੰਗ ਵਰਾਇਟੀ ਵਾਲੇ ਬੀਜਾਂ ਨੂੰ ਵਰਤਣ ਦੀ ਤਜ਼ਵੀਜ ਸੀ। HYV ਬੀਜਾਂ ਨਾਲ ਫਸਲ ਦਾ ਝਾੜ ਤਾਂ ਵਧੇਰੇ ਮਿਲ ਜਾਂਦਾ ਹੈ ਪਰ ਵਧੇਰੇ

ਸਿੰਚਾਈ, ਵਧੇਰੇ ਰਸਾਇਣਿਕ ਖਾਦਾਂ ਤੇ ਵਧੇਰੇ ਕੀਟਨਾਸ਼ਕ ਦਵਾਈਆਂ ਦਾ ਪ੍ਰਯੋਗ HYV ਬੀਜਾਂ ਲਈ ਲਾਜ਼ਮੀ ਹੁੰਦਾ ਹੈ। ਇਹਨਾਂ ਤੱਥਾਂ ਦੇ ਸਪੱਸ਼ਟੀਕਰਨ ਹਿੱਤ ਲੇਖਕਾਂ ਨੇ ਬਿਆਨ ਕੀਤਾ ਹੈ:

> ਹਰੀ ਕ੍ਰਾਂਤੀ ਦੇ ਕਾਰਨ ਪੰਜਾਬ ਇਕੋਲੋਜੀਕਲ ਪੱਖ ਤੋਂ ਬਹੁਤ ਗੰਭੀਰ ਨਤੀਜੇ ਭੁਗਤ ਰਿਹਾ ਹੈ। ਖੇਤੀਬਾੜੀ ਦੀ ਨਵੀ ਤਕਨੀਕ ਕਾਰਨ ਰਾਜ ਵਿੱਚ ਸਿੰਚਾਈ ਲਈ ਪਾਣੀ, ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਂ ਦੀ ਮੰਗ ਬੜੀ ਤੇਜ਼ੀ ਨਾਲ ਵਧੀ ਹੈ ਜਿਸ ਕਾਰਨ ਜ਼ਮੀਨ ਹੇਠਲੇ ਪਾਣੀ ਦੇ ਸਤਰ ਦਾ ਥੱਲੇ ਜਾਣਾ ਅਤੇ ਸੇਮ ਦੀ ਸਮੱਸਿਆ, ਭੂਮੀ ਨਿਘਾਰ ਅਤੇ ਸਿਹਤ ਸੰਬੰਧੀ ਸਮੱਸਿਆ ਨੂੰ ਜਨਮ ਦਿੱਤਾ ਹੈ। ਸੋ ਇਹ ਬਹੁਤ ਜ਼ਰੂਰੀ ਹੈ ਕਿ ਹਰੇ ਇਨਕਲਾਬ ਦੇ ਆਰਥਿਕ ਲਾਭ ਅਤੇ ਇਕੋਲਜੀਕਲ ਲਾਗਤ ਵਿਸ਼ਲੇਸ਼ਣ ਕੀਤਾ ਜਾਵੇ।(114)

ਹਰੇ ਇਨਕਲਾਬ ਨੇ ਬੇਸ਼ੱਕ ਪੰਜਾਬ ਨੂੰ ਪੂਰੇ ਦੇਸ਼ ਦੀ 'ਬਰੈੱਡ ਬਾਸਕਿਟ' ਬਣਾ ਦਿੱਤਾ ਪਰ ਵਾਤਾਵਰਨ ਪ੍ਰਦੂਸ਼ਣ ਦੀ ਮੋੜਵੀਂ ਭਾਜੀ ਵੀ ਇਸਨੂੰ ਹੀ ਖਾਣੀ ਪਈ ਹੈ। ਖੇਤੀ ਦੇ ਆਰਥਿਕ ਵਿਕਾਸ ਦੀ ਬਹੁਤ ਕੀਮਤ ਚੁਕਾਉਣੀ ਪੈ ਰਹੀ ਹੈ।

> ਹਰੇ ਇਨਕਲਾਬ ਦੇ ਚਾਰ ਦਹਾਕਿਆਂ ਬਾਅਦ ਪੰਜਾਬ ਨਾ ਤਾਂ ਖੁਸ਼ਹਾਲੀ ਦੀ ਧਰਤੀ ਅਤੇ ਨਾ ਹੀ ਸ਼ਾਂਤੀ ਵਾਲਾ ਰਾਜ ਰਿਹਾ ਹੈ। ਅਨਾਜ ਦੀ ਬਹੁਤਾਤ ਹੋਣ ਦੇ ਬਾਵਜੂਦ, ਪੰਜਾਬ ਕੋਲ ਪ੍ਰਦੂਸ਼ਿਤ ਭੂਮੀ, ਜ਼ਹਿਰੀਲੀਆਂ ਫ਼ਸਲਾਂ, ਪ੍ਰਦੂਸ਼ਿਤ ਪਾਣੀ, ਧਰਤੀ ਹੇਠਲੇ ਪਾਣੀ ਖਾਤਮਾ, ਸੇਮ ਦਾ ਮਾਰੂਥਲ ਅਤੇ ਨਿਰਾਸ਼ ਕਿਸਾਨ ਹੀ ਰਹਿ ਗਏ(116)

ਹਰੇ ਇਨਕਲਾਬ ਦੌਰਾਨ ਪੰਜਾਬ ਦਾ ਬਹੁ-ਫਸਲੀ ਚੱਕਰ ਸਿਰਫ ਦੋ-ਫਸਲੀ ਚੱਕਰ ਬਣ ਕੇ ਰਹਿ ਗਿਆ। ਸਾਡੇ ਪੁਰਖ਼ਿਆਂ ਵੱਲੋਂ ਇੱਕ ਖੇਤ ਵਿੱਚ ਬਦਲ-ਬਦਲ ਕੇ ਉਗਾਉਣ ਦੇ ਨਾਲ-ਨਾਲ ਕਦੇ-ਕਦਾਈਂ ਜ਼ਮੀਨ ਨੂੰ ਸਾਹ ਦਿਵਾਉਣ ਲਈ ਖ਼ਾਲੀ ਵੀ ਛੱਡ ਦਿੰਦੇ ਸਨ। ਫਸਲਾਂ ਵਿੱਚ ਕਣਕ ਤੋਂ ਇਲਾਵਾ ਸਬਜ਼ੀਆਂ, ਦਾਲਾਂ ਤੇ ਵੇਲਾਂ ਦੀ ਕਾਸ਼ਤਕਾਰੀ ਵੀ ਕੀਤੀ ਜਾਂਦੀ ਸੀ। ਖੇਤੀ ਦਾ ਮਕਸਦ ਗਲੋਬਲ ਆਰਥਿਕਤਾ ਦੀ ਦੌੜ ਲਾਉਣ ਦੀ ਬਜਾਏ ਆਪਣੀਆਂ ਤੇ ਸਮਾਜ ਦੀਆਂ ਜ਼ਰੂਰਤਾਂ ਪੂਰਨ ਕਰਨਾ ਹੋਇਆ ਕਰਦਾ ਸੀ। ਦੇਸੀ ਖਾਦਾਂ

ਸਦਕਾ ਫਸਲਾਂ ਦੇ ਮਿੱਤਰ-ਕੀੜਿਆਂ ਨੂੰ ਖ਼ਤਮ ਨਹੀਂ ਸੀ ਕੀਤਾ ਜਾਂਦਾ। ਨਾੜ ਤੇ ਪਰਾਲੀ ਨੂੰ ਅੱਗ ਨਹੀਂ ਸੀ ਲਾਈ ਜਾਂਦੀ। ਲੇਖਕ ਨੇ ਵੀ ਪਰੰਪਰਾਗਤ ਖੇਤੀ ਉੱਤੇ ਕਾਬਜ਼ ਹੋ ਚੁੱਕੀ ਮੁਨਾਫ਼ਾ-ਕੇਂਦਰਤ ਆਧੁਨਿਕ ਖੇਤੀ ਬਾਬਤ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕੀਤੇ ਹਨ:

> ਹੁਣ ਪੰਜਾਬ ਆਪਣੀਆਂ ਰਿਵਾਇਤੀ ਫ਼ਸਲਾਂ ਨੂੰ ਗਵਾ ਚੁੱਕਾ ਹੈ ਜੋ ਨਾ ਸਿਰਫ਼ ਪਰਿਵਾਰਾਂ ਦੀ ਖਪਤ ਨੂੰ ਹੀ ਸੰਤੁਲਨ ਰੱਖਣ ਵਿੱਚ ਸਹਾਇਕ ਸਨ, ਸਗੋਂ ਧਰਤੀ ਦੇ ਉਪਜਾਊਪਣ ਅਤੇ ਧਰਤੀ ਦੇ ਮਾਈਕਰੋਨਿਊਟਰੈਂਟਸ ਨੂੰ ਵੀ ਸੰਭਾਲਣ ਵਿੱਚ ਮਹੱਤਵਰਪੂਰਨ ਭੂਮਿਕਾ ਨਿਭਾਉਂਦੀਆਂ ਹਨ। ਦਾਲਾਂ ਅਧੀਨ ਰਕਬੇ ਦਾ ਘਟਣਾ ਅਤੇ ਕਣਕ ਅਤੇ ਝੋਨੇ ਦੀਆਂ ਹਾਈਬ੍ਰਿਡ ਫ਼ਸਲਾਂ ਦੇ ਅਧੀਨ ਰਕਬੇ ਦਾ ਵੱਧਣਾ ਜ਼ਮੀਨ ਦੇ ਉਪਜਾਊਪਣ ਉੱਪਰ ਬਹੁਤ ਮਾੜਾ ਪ੍ਰਭਾਵ ਪਾ ਰਿਹਾ ਹੈ। ਦਾਲਾਂ ਦਾ ਫ਼ਸਲੀ ਚੱਕਰ ਵਿੱਚੋਂ ਖਤਮ ਹੋਣਾ ਜ਼ਮੀਨ ਲਈ ਮੁਫਤ ਨਾਈਟਰੋਜਨ ਦਾ ਖਾਤਮਾ ਹੈ(117)

ਰਸਾਇਣਕ ਛਿੜਕਾਓ ਤੋਂ ਬਿਨਾਂ ਟਿਊਬਵੈੱਲਾਂ ਦੁਆਰਾ ਸਿੰਚਾਈ ਕੀਤੇ ਜਾਣਾ ਪੰਜਾਬ ਦੇ ਧਰਤੀ ਹੇਠਲੇ ਜਲ-ਭੰਡਾਰਾਂ ਲਈ ਵੱਡਾ ਖ਼ਤਰਾ ਬਣ ਗਿਆ ਹੈ। ਬਰਸਾਤੀ ਅਤੇ ਨਹਿਰੀ ਪਾਣੀ ਖੇਤੀ ਦੀਆਂ ਸਿੰਚਾਈ ਲੋੜਾਂ ਦਾ ਕੇਵਲ 20-30% ਹੀ ਪੂਰਾ ਕਰ ਰਿਹਾ ਹੈ। ਸਿੰਚਾਈ ਜਿੰਨੀ ਬਰਸਾਤ ਤਾਂ ਅੱਜ ਕਲ ਹੁੰਦੀ ਹੀ ਨਹੀਂ। ਇਹ ਫਿਰ ਤੋਂ ਇੱਕ ਵੱਖਰੇ ਅਧਿਐਨ ਤੇ ਚਰਚਾ ਦਾ ਵਿਸ਼ਾ ਹੈ ਕਿ ਧਰਤੀ ਹੇਠੋਂ ਪਾਣੀ ਦਾ ਪੱਧਰ ਡਿੱਗਣਾ ਅਤੇ ਬਰਸਾਤਾਂ ਦਾ ਜ਼ਰੂਰਤ ਵੇਲੇ ਘੱਟ ਹੋਣਾ ਮਨੁੱਖੀ ਕੁਤਾਹੀਆਂ ਅਤੇ ਬਨਸਪਤੀ ਦੇ ਸਫ਼ਾਏ ਦਾ ਹੀ ਨਤੀਜਾ ਹੈ। ਟਿਊਬਵੈੱਲਾਂ ਦੀ ਗਿਣਤੀ ਬੜੀ ਤੇਜ਼ ਗਤੀ ਵਧੀ ਹੈ ਤੇ ਇਹਨਾਂ ਦੁਆਰਾ ਧਰਤੀ ਹੇਠਲਾ ਪਾਣੀ ਬਹੁਤ ਜ਼ਿਆਦਾ ਅਤੇ ਬਹੁਤ ਤੇਜ਼ ਰਫ਼ਤਾਰ ਨਾਲ ਖਿੱਚਿਆ ਜਾਂਦਾ ਹੈ। ਲੇਖਕ ਨੇ ਇਸ ਗੱਲ ਦੀ ਦ੍ਰਿੜਤਾ ਕਰਦੇ ਹੋਏ ਲਿਖਿਆ ਹੈ ਕਿ:

> ਪੰਜਾਬ ਦਾ ਲਗਭਗ 77 ਪ੍ਰਤੀਸ਼ਤ ਰਕਬਾ ਧਰਤੀ ਹੇਠਲੇ ਪਾਣੀ ਦੇ ਘਟ ਰਹੇ ਪੱਧਰ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਪੰਜਾਬ ਵਿੱਚ ਨਹਿਰਾਂ ਦੁਆਰਾ ਸਿੰਚਾਈ ਅਧੀਨ ਰਕਬਾ ਸੰਨ 1970-71 ਵਿੱਚ 44.53 ਪ੍ਰਤੀਸ਼ਤ ਤੋਂ ਘੱਟ ਕੇ 2008-09 ਵਿੱਚ 27.31 ਪ੍ਰਤੀਸ਼ਤ ਰਹਿ ਗਿਆ ਹੈ। ਦੂਜੇ

ਪਾਸੇ ਟਿਊਬਵੈੱਲਾਂ ਦੁਆਰਾ ਸਿੰਚਾਈ ਅਧੀਨ ਰਕਬਾ ਸਾਲ 1970-71 ਵਿੱਚ 55.09 ਪ੍ਰਤੀਸ਼ਤ ਤੋਂ ਵੱਧ ਕੇ ਸਾਲ 2008-09 ਵਿੱਚ 72.59 ਪ੍ਰਤੀਸ਼ਤ ਹੋ ਗਿਆ ਹੈ(113)

ਪੰਜਾਬ ਦਾ ਨਾਮਕਰਨ ਪਾਣੀਆਂ ਦੇ ਨਾਮ ਨਾਲ ਹੀ ਜੁੜਿਆ ਹੋਣ ਦੇ ਬਾਵਜੂਦ ਪੰਜਾਬ ਪਾਣੀ ਦੇ ਥੁੜ੍ਹ ਦੀ ਸਮੱਸਿਆ ਦਾ ਸਾਹਮਣਾ ਕਰ ਰਿਹਾ ਹੈ। ਪਾਣੀ ਦਾ ਪੱਧਰ ਔਸਤਨ 30 ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਹੇਠਾਂ ਜਾ ਰਿਹਾ ਹੈ। ਪੰਜਾਬ ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦੀ ਖਪਤ ਵਿੱਚ ਭਾਰਤੀ ਰਾਜਾਂ ਵਿੱਚ ਸਭ ਤੋਂ ਉੱਪਰ ਹੈ। ਇਸ ਦਾ ਮਾੜਾ ਪ੍ਰਭਾਵ ਕੇਵਲ ਮਨੁੱਖਾਂ 'ਤੇ ਹੀ ਨਹੀਂ ਸਗੋਂ ਬਨਸਪਤੀ, ਪਸ਼ੂ-ਪੰਛੀਆਂ ਅਤੇ ਕੀੜੇ-ਮਕੌੜਿਆਂ ਉੱਤੇ ਵੀ ਪੈ ਰਿਹਾ ਹੈ। ਇਸ ਪ੍ਰਕਾਰ ਹਰੇ ਇਨਕਲਾਬ ਦੇ ਨਫ਼ੇ ਅਤੇ ਨੁਕਸਾਨ ਦੀ ਜੇਕਰ ਤੁਲਨਾ ਕੀਤੀ ਜਾਵੇ ਤਾਂ ਨੁਕਸਾਨਾਂ ਦੀ ਸੂਚੀ ਵਧੇਰੇ ਲੰਮੀ ਬਣੇਗੀ।

ਹਰੀ ਕ੍ਰਾਂਤੀ ਦੇ ਮਾਰੂ ਪ੍ਰਭਾਵਾਂ ਤੇ ਪਾਣੀ ਦੇ ਸੰਕਟ ਨੂੰ ਦ੍ਰਿੜ ਕਰਾਉਣ ਵਾਲਾ ਲੇਖ 'ਬੰਜਰ ਹੁੰਦਾ ਪੰਜ-ਆਬ' ਖੇਤੀ ਵਿਰਾਸਤ, ਆਨੰਦਪੁਰ ਸਾਹਿਬ ਦੇ ਡਾਇਰੈਕਟਰ ਸੁਰਿੰਦਰ ਸਿੰਘ ਦੁਆਰਾ ਲਿਖਿਆ ਗਿਆ ਹੈ। ਇਸ ਖੋਜ ਭਰਪੂਰ ਲੇਖ ਵਿੱਚ ਲੇਖਕ ਨੇ ਹਰੀ ਕ੍ਰਾਂਤੀ ਨੂੰ ਪੰਜਾਬ ਦੇ ਵਾਤਾਵਰਨ, ਸਮਾਜਿਕ, ਸੱਭਿਆਚਾਰਕ, ਨੈਤਿਕ ਅਤੇ ਆਰਥਿਕ ਪਰਿਵਰਤਨਾਂ ਦਾ ਜ਼ਿਕਰ ਕੀਤਾ ਗਿਆ ਹੈ। ਇਸ ਲੇਖ ਅਧੀਨ ਲੇਖਕ ਨੇ ਬੜੀ ਸੂਖ਼ਮਤਾ ਨਾਲ ਹਰੀ ਕ੍ਰਾਂਤੀ ਦੇ ਅੰਗਾਂ ਦਾ ਸਿਹਤ ਉੱਪਰ ਪੈਂਦੇ ਮਾੜੇ ਪ੍ਰਭਾਵਾਂ ਦਾ ਵੇਰਵਾ ਇਸ ਪ੍ਰਕਾਰ ਪ੍ਰਸਤੁਤ ਕੀਤਾ ਹੈ ਕਿ:

> ਰਸਾਇਣਿਕ ਖਾਦਾਂ ਜਿਵੇ ਯੂਰੀਆਂ, ਡੀ.ਏ.ਪੀ., ਐਨ.ਪੀ.ਕੇ. ਅਤੇ ਹੋਰ ਰਸਾਇਣਾਂ ਦੀ ਵਰਤੋਂ ਨਾਲ ਵੇਖਣ ਵਿੱਚ ਆਇਆ ਹੈ ਕਿ ਕਈ ਬੀਮਾਰੀਆਂ ਜਿਵੇਂ ਕੈਂਸਰ ਦਾ ਵੱਧਣਆ, ਕਿਡਨੀ ਦਾ ਫੇਲ ਹੋਣਾ, ਦਮਾਂ ਅਤੇ ਚਮੜੀ ਰੋਗ ਅਤੇ ਆਂਤੜੀ ਦੇ ਰੋਗ 20 ਤੋਂ 25% ਤੱਕ ਪੰਜਾਬ ਵਿੱਚ ਵਾਧੇ ਹਨ। 25 ਤੋਂ 30 ਸਾਲ ਦੇ ਨੌਜਵਾਨਾਂ ਵਿੱਚ ਦਿਲ ਦੇ ਰੋਗਾਂ ਦਾ ਹੋਣਾ ਆਦਿ ਵੀ ਵੱਧ ਰਹੇ ਹਨ। ਇਹਨਾਂ ਰਸਾਇਣਾਂ ਦੀ ਵਰਤੋਂ ਨਾਲ ਕੁਦਰਤੀ ਅਤੇ ਖੇਤੀ ਮਿੱਤਰ ਪੰਛੀਆਂ ਅਤੇ ਕੀੜਿਆਂ ਦੀ ਹੋਂਦ ਨੂੰ ਹੀ ਖਤਰਾਂ ਖੜ੍ਹਾ

ਹੋ ਗਿਆ ਹੈ। ਅੱਜ ਪੰਜਾਬ ਵਿੱਚੋਂ ਗੰਢੋਏ, ਕਾਂ, ਗਿੱਧਾਂ, ਤਿਤਲੀਆਂ ਅਤੇ ਜੁਗਨੂੰ ਗਾਇਬ ਹੋ ਰਹੇ ਹਨ। ਜੀਵ ਭਿੰਨਤਾ ਬੜੇ ਖਤਰਨਾਕ ਤਰੀਕੇ ਨਾਲ ਘੱਟ ਰਹੀ ਹੈ(126)

ਖੇਤੀ ਮਾਹਿਰ ਹੋਣ ਦੇ ਨਾਤੇ ਲੇਖਕ ਨੇ ਹਰੀ ਕ੍ਰਾਂਤੀ ਦੇ ਨਤੀਜੇ ਨੂੰ ਇੱਕ ਚੇਨ-ਰੀਐਕਸ਼ਨ ਵਾਂਗ ਪੇਸ਼ ਕਰਕੇ ਸਮਝਾਇਆ ਹੈ। ਜ਼ਹਿਰੀਲੇ ਛਿੜਕਾਓ ਕਰਕੇ ਧਰਤੀ ਦੀ ਉਪਰਲੀ ਪਰਤ ਵਿੱਚ ਮਾਈਕ੍ਰੋਨਿਊਟਰੀਐਂਟਸ ਦੀ ਘਾਟ ਹੋ ਜਾਂਦੀ ਹੈ। ਬਾਰ-ਬਾਰ ਇੱਕੋ ਜਿਹੀ ਫ਼ਸਲ ਦੀ ਪੈਦਾਵਰ ਦੇ ਕੇ ਧਰਤੀ ਥੱਕ ਵੀ ਜਾਂਦੀ ਹੈ। ਫਸਲੀ ਚੱਕਰ ਵਿੱਚ ਕਣਕ ਤੇ ਝੋਨੇ ਤੋਂ ਇਲਾਵਾ ਬਾਕੀ ਕੁਝ ਨਾਂ ਦੇ ਬਰਾਬਰ ਹੈ। ਰਸਾਇਣਿਕ ਖੇਤੀ ਅਤੇ ਹਰੀ ਕ੍ਰਾਂਤੀ ਦਾ ਫ਼ਲ ਇਹ ਮਿਲਿਆ ਹੈ ਕਿ ਭਰਪੂਰ ਫਸਲ ਦੇ ਮਿਲਣ ਤੇ ਵੀ ਕਿਸਾਨ ਖੁਸ਼ਹਾਲ ਨਹੀਂ ਹੈ, ਸਗੋਂ ਖ਼ੁਦਕੁਸ਼ੀਆਂ ਕਰ ਰਿਹਾ ਹੈ। ਖੇਤੀ ਦੇ ਸੰਕਟਾਂ ਦਾ ਤਰਜਮਾ ਕਰਦੇ ਹੋਏ ਸੁਰਿੰਦਰ ਸਿੰਘ ਦੱਸਦੇ ਹਨ ਕਿ:

> ਸਦੀਆਂ ਦੇ ਖੇਤੀ ਨੇ ਮਿੱਟੀ ਨੂੰ ਇਨ੍ਹਾਂ ਨੁਕਸਾਨ ਨਹੀਂ ਪਹੁੰਚਾਇਆ, ਜਿੰਨਾਂ ਇਹਨਾਂ ਦੋਹਾਂ ਦਹਾਕਿਆਂ ਵਿੱਚ ਜ਼ਮੀਨ ਨਾਲ ਧੱਕਾ ਹੋਇਆ ਹੈ। ਖੇਤਾਂ ਨੂੰ ਢੇਰ (ਰੂੜੀ) ਨਾਲ ਭਰਪੂਰ ਰੱਖਦੇ ਸਨ। ਇਹੋ ਜਿਹੀ ਕੁਦਰਤ ਦੇ ਅਨੁਕੂਲ ਕੀਤੀ ਗਈ ਖੇਤੀ ਦੇ ਨਤੀਜੇ ਵਜੋਂ ਮਿੱਟੀ ਅਤੇ ਖੇਤਾਂ ਵਿੱਚ ਵਿਭਿੰਨ ਨਸਲਾਂ ਦੇ ਜੀਵਾਣੂ, ਫਫੂੰਦ, ਕਾਈ, ਬੈਕਟੀਰੀਆਂ, ਪ੍ਰੋਟੋਜ਼ੋਆ, ਗੰਡੋਏ, ਮਿੱਤਰ ਕੀੜੇ ਅਤੇ ਪੰਛੀ ਆ ਵਸਦੇ ਸਨ(127)

ਇੱਕ ਪਾਸੇ ਤਾਂ ਪਾਣੀ ਦਾ ਪੱਧਰ ਵਧੇਰੇ ਸਿੰਚਾਈ ਜ਼ਰੂਰਤਾਂ ਕਰਕੇ ਹੇਠਾਂ ਡਿੱਗ ਰਿਹਾ ਹੈ ਤੇ ਦੂਜਾ ਕੀਟਨਾਸ਼ਕਾਂ, ਉਦਯੋਗਿਕ ਤੇਜ਼ਾਬੀ ਨਿਕਾਸ ਤੇ ਘਰੇਲੂ ਮਲ ਆਦਿ ਨਾਲ ਪਾਣੀ ਦੇ ਵੱਧ ਘਾਤਕ ਹੋ ਰਿਹਾ ਹੈ। ਇਸ ਪ੍ਰਕਾਰ ਪੰਜਾਬ ਦੇ ਵਾਤਾਵਰਨ ਨੂੰ ਦੋਹਰੀ ਮਾਰ ਪੈ ਰਹੀ ਹੈ। ਪੰਜਾਬ ਦੇ ਮਾਲਵੇ ਵਿਖੇ ਕਪਾਹ ਪੱਟੀ ਨੂੰ ਕੈਂਸਰ-ਬੈਲਟ ਘੋਸ਼ਿਤ ਕਰ ਦਿੱਤਾ ਗਿਆ ਹੈ। ਉਮਰ ਤੋਂ ਪਹਿਲਾਂ ਹੀ ਵਾਲਾਂ ਦਾ ਸਫ਼ੇਦ ਹੋ ਜਾਣਾ, ਚਮੜੀ ਦੇ ਰੋਗ, ਸਾਹ-ਰੋਗ, ਚਿੜਚਿੜਾਪਣ, ਬੇਚੈਨੀ, ਕੈਂਸਰ ਅਤੇ ਦਿਲ ਦੇ ਰੋਗ ਸਭ ਪ੍ਰਦੂਸ਼ਿਤ ਵਾਤਾਵਰਨ ਦੀ ਵੀ ਦੇਣ ਹਨ। ਇਸ ਪ੍ਰਸੰਗ ਵਿੱਚ ਲੇਖਕ ਦਾ ਮਤ ਹੈ ਕਿ:

ਮਾਲਵੇ ਦੇ ਪਾਣੀ, ਮਿੱਟੀ ਅਤੇ ਖੁਰਾਕੀ ਵਸਤਾਂ ਵਿੱਚ ਯੂਰੇਨੀਅਮ, ਆਰਸੈਨਿਕ, ਕੈਡਮੀਅਨ, ਮਰਕਰੀ ਅਤੇ ਫਲੋਰਾਇਡ ਦੀ ਮੌਜੂਦਗੀ ਨਿਰਧਾਰਤ ਕੀਤੀ ਹੈ। ਮਾਲਵੇ ਦੇ ਧਰਤੀ ਹੇਠਲੇ ਪਾਣੀ ਵਿੱਚ ਆਰਸੈਨਿਕ ਤੱਤ ਦੀ ਮਾਤਰਾ 11.4 ਮਾਈਕ੍ਰੋਗ੍ਰਾਮ ਪ੍ਰਤੀ ਲਿਟਰ 688 ਮਾਈਕ੍ਰੋਗ੍ਰਾਮ ਪ੍ਰਤੀ ਲਿਟਰ ਪਾਈ ਗਈ ਹੈ। ਜੋ ਕਿ WHO ਦੁਆਰਾ ਮਿੱਥੇ ਗਏ ਸੁਰੱਖਿਅਤ ਪੱਧਰ (10 ਮਾਈਕ੍ਰੋਗ੍ਰਾਮ ਪ੍ਰਤੀ ਲਿਟਰ) ਤੋਂ ਕਾਫ਼ੀ ਵੱਧ ਹੈ। ਆਰਸੈਨਿਕ ਨਾਲ ਲੰਬੇ ਸਮੇਂ ਤੋਂ ਸੰਪਰਕ ਕਰਕੇ ਚਮੜੀ ਦੇ ਕੈਂਸਰ, ਗੁਰਤੇ ਅਤੇ ਬਲੈਡਰ ਦੀਆਂ ਬੀਮਾਰੀਆਂ ਹੁੰਦੀਆਂ ਹਨ(129)

ਜੈਵਿਕ ਖੇਤੀ ਨੂੰ ਸਮੇਂ ਦੀ ਲੋੜ ਦੱਸਦੇ ਹੋਏ ਲੇਖਕ ਨੇ ਬਹੁਤ ਵਿਹਾਰਕ ਸੁਝਾਓ ਵੀ ਪੇਸ਼ ਕੀਤੇ ਹਨ। ਖਾਦਾਂ ਵੀ ਸੰਜਮ-ਭਰਪੂਰ ਵਰਤੋਂ, ਫਸਲੀ-ਚੱਕਰ ਵਿੱਚ ਵਿਰਾਸਤੀ ਢੰਗਾਂ ਨੂੰ ਅਪਣਾਉਣਾ, ਰਸਾਇਣਿਕ ਛਿੜਕਾਓ ਦੀ ਘੱਟ ਤੋਂ ਘੱਟ ਵਰਤੋਂ ਆਦਿ ਨੁਕਤਿਆਂ ਨਾਲ ਪੰਜਾਬ ਦੀ ਹਰਿਆਲੀ ਤੇ ਉਪਜਾਊ ਜ਼ਮੀਨ ਨੂੰ ਬੰਜਰ ਹੋਣ ਤੋਂ ਬਚਾਇਆ ਜਾ ਸਕਦਾ ਹੈ।

ਡਾ. ਕੁਲਵਿਦੰਰ ਸਿੰਘ ਦਾ ਲੇਖ 'ਅਜੋਕੀ ਪੰਜਾਬੀ ਗਾਇਕੀ ਅਤੇ ਵਾਤਾਵਰਨ ਚੇਤਨਾ' ਪੰਜਾਬੀ ਗਾਇਕੀ ਖ਼ਾਸ ਕਰਕੇ ਪੰਜਾਬੀ ਲੋਕਗੀਤਾਂ ਵਿੱਚ ਵਾਤਾਵਰਨੀ ਅੰਸ਼ਾਂ ਨੂੰ ਉਘਾੜਦਾ ਹੈ। ਇਸ ਲੇਖ ਵਿੱਚ ਨਾ ਕੇਵਲ ਨਿਰੋਲ ਵਾਤਾਵਰਨਿਕ ਸੁਹੱਪਣ ਨੂੰ ਪੇਸ਼ ਕੀਤਾ ਗਿਆ ਹੈ ਸਗੋਂ ਵਾਤਾਵਰਨਿਕ ਅਸਾਵੇਂਪਣ ਦਾ ਵੀ ਜ਼ਿਕਰ ਕੀਤਾ ਗਿਆ ਹੈ। ਸਾਹਿਤ ਤੇ ਸਮਾਜ ਦਾ ਦੁਵੱਲਾ ਰਿਸ਼ਤਾ ਹੈ। ਸਮਾਜ ਦਾ ਵਾਤਾਵਰਨ (ਭੌਤਿਕ ਵਾਤਾਵਰਨ) ਜੇਕਰ ਅਸੰਤੁਲਿਤ ਹੋਵੇਗਾ ਤਾਂ ਜ਼ਾਹਿਰ ਹੈ ਕਿ ਉਸਦਾ ਪ੍ਰਤੱਖ ਅਤੇ ਅਪ੍ਰਤੱਖ ਪ੍ਰਭਾਵ ਸੱਭਿਆਚਾਰ ਉੱਤੇ ਵੀ ਪਵੇਗਾ। ਗੀਤ ਤੇ ਲੋਕਗੀਤ ਸੱਭਿਆਚਾਰ ਦਾ ਸਭ ਤੋਂ ਵੱਡਾ ਅੰਗ ਸਮਝੇ ਜਾਂਦੇ ਹਨ। ਗੁਰਬਾਣੀ ਵਿੱਚ ਵੀ ਸਮੁੱਚੀ ਸ੍ਰਿਸ਼ਟੀ ਦਾ ਆਧਾਰ ਅਤੇ ਪਾਲਣਹਾਰ ਪ੍ਰਕਿਰਤੀ ਨੂੰ ਹੀ ਮੰਨ੍ਹਿਆ ਗਿਆ ਹੈ। ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਜਸਵੰਤ ਜਫ਼ਰਦੇ ਵਿਚਾਰ ਦਾ ਹਵਾਲਾ ਪੇਸ਼ ਕਰਦੇ ਹੋਏ ਲੇਖਕ ਨੇ ਦਰਜ ਕੀਤਾ ਹੈ ਕਿ:

> ਰੁੱਖਾਂ ਦੀ ਹੋਂਦ ਤੋਂ ਬਗੈਰ ਧਰਤੀ 'ਤੇ ਪਸ਼ੂ, ਪੰਛੀਆਂ, ਮਨੁੱਖਾਂ, ਮੱਛੀਆਂ ਆਦਿ ਦੀ ਹੋਂਦ ਹੀ ਸੰਭਵ ਨਹੀਂ ਹੈ। ਜੀਵਨ ਲੀਲਾ ਰਚਣ ਸਮੇਂ ਸਭ ਤੋਂ ਪਹਿਲਾਂ ਰਚਣਹਾਰ ਈਸ਼ਵਰ ਨੇ ਇਸ ਪਹਿਲੀ ਕੜੀ

> ਅਰਥਾਤ ਹਰੀ ਭਰੀ ਬਨਸਪਤੀ ਨੂੰ ਰਚਿਆ। ਇਹ ਹਰਿਆਵਲ ਉਸ ਦੀ ਸਰਬ ਵਿਆਪਕਤਾ ਦੀ ਪ੍ਰਤੀਕ ਵੀ ਹੈ(ਉਧਰਿਤ, 138)

ਦੁੱਖ ਦੀ ਗੱਲ ਇਹ ਹੈ ਕਿ ਦਹਾਕਾ ਪਹਿਲਾਂ ਤੱਕ ਪੰਜਾਬੀਆਂ ਅਤੇ ਪੰਜਾਬੀ ਗੀਤਾਂ ਨੂੰ ਲੱਚਰ, ਸ਼ਰਾਬੀ, ਹਥਿਆਰੀ, ਗੈਂਗਵਾਰ, ਜੱਟਵਾਦ ਤੇ ਲੜਾਈ-ਝਗੜੇ ਵਾਲੇ ਹੀ ਸਮਝਿਆ ਜਾਂਦਾ ਸੀ ਪਰ ਕੁਝ ਕੁ ਪੰਜਾਬੀ ਨਾਮਵਰ ਗਾਇਕਾਂ ਤੇ ਗੀਤਕਾਰਾਂ ਜਿਵੇਂ: ਹਰਭਜਨ ਮਾਨ, ਸਤਿੰਦਰ ਸਰਤਾਜ, ਹੰਸ ਰਾਜ ਹੰਸ, ਮਨਮੋਹਨ ਵਾਰਸ, ਕਮਲ ਹੀਰ ਆਦਿ ਨੇ ਵਰਤਮਾਨ ਸਮੇਂ ਦੀਆਂ ਵਿਭਿੰਨ ਸਮੱਸਿਆਵਾਂ ਵੱਲ ਸੁਲਝੇ ਢੰਗ ਨਾਲ ਪਾਠਕਾਂ/ਦਰਸ਼ਕਾਂ ਦਾ ਧਿਆਨ ਵੀ ਦਵਾਇਆ ਹੈ। ਡਾ. ਕੁਲਵਿਦੰਰ ਸਿੰਘ ਦੇ ਵਿਚਾਰ  ਇਸੇ ਪ੍ਰਸੰਗ ਵਿੱਚ ਦਰਜ ਹਨ ਕਿ:

> ਜਿੱਥੇ ਬਹੁਤੇ ਪੰਜਾਬੀ ਗਾਇਕ, ਗੀਤਕਾਰ ਪੰਜਾਬੀ ਸੱਭਿਆਚਾਰ ਨੂੰ ਬੰਦੂਕਾਂ, ਸ਼ਰਾਬ, ਜੱਟਵਾਦ, ਓਪਨ ਜੀਪਾਂ, ਸਫ਼ਾਰੀਆਂ, ਬੁਲਟਾਂ ਅਤੇ ਆਸ਼ਕੀ ਤੱਕ ਹੀ ਸੀਮਿਤ ਕਰਨ ਤੱਕ ਤੁਲੇ ਹੋਏ ਹਨ ਉੱਥੇ ਪੰਜਾਬੀ ਦੇ ਨਾਮਵਰ ਗਾਇਕ ਮਨਮੋਹਨ ਵਾਰਸ, ਭਗਵੰਤ ਮਾਨ, ਹਰਜੀਤ ਹਰਮਨ, ਪ੍ਰੀਤ ਬਰਾੜ, ਸਤਿੰਦਰ ਸਰਤਾਜ, ਸਰਦੂਲ ਸਿਕੰਦਰ ਆਦਿ ਨੇ ਵਾਤਾਵਰਨ ਨਾਲ ਸੰਬੰਧਿਤ ਸਮੱਸਿਆਵਾਂ ਜਿਨ੍ਹਾਂ ਵਿੱਚ ਪ੍ਰਮੁੱਖ ਰੂਪ ਵਿੱਚ ਪਾਣੀ ਦੀ ਸਮੱਸਿਆ ਅਤੇ ਰੁੱਖਾਂ ਨੂੰ ਬਚਾਉਣ ਦੀ ਗੱਲ ਕੀਤੀ ਹੈ। ਪੰਜਾਬ ਗਾਇਕੀ ਨਾਲ ਅਜੋਕੀ ਨੌਜਵਾਨ ਪੀੜ੍ਹੀ ਕਾਫੀ ਹੱਦ ਤੱਕ ਜੁੜੀ ਹੋਈ ਹੈ ਅਤੇ ਇਸ ਤਰ੍ਹਾਂ ਦੇ ਗੀਤ ਨੌਜਵਾਨ ਪੀੜ੍ਹੀ ਦੇ ਮਨਾਂ ਵਿੱਚ ਇਹਨਾਂ ਸਮੱਸਿਆਵਾਂ ਨੂੰ ਸਮਝਣ ਅਤੇ ਇਹਨਾਂ ਦੇ ਸਥਾਈ ਹੱਲ ਕਰਨ ਲਈ ਜ਼ਰੂਰ ਅਸਰਦਾਇਕ ਸਾਬਤ ਹੋ ਸਕਦੇ ਹਨ(139)

ਵਾਤਾਵਰਨ ਚੇਤਨਾ ਦਾ ਵਿਸ਼ੇਸ਼ ਸੰਦਰਭ ਵਿੱਚ ਮਨਮੋਹਨ ਵਾਰਿਸ ਦੀ ਕੈਸੇਟ 'ਦਿਲ 'ਤੇ ਨਾ ਲਾਈ' ਵਿਚਲਾ ਗੀਤ- 'ਧੀਆਂ, ਰੁੱਖ ਤੇ ਪਾਣੀ' ਉਚੇਚੇ ਧਿਆਨ ਦੀ ਮੰਗ ਕਰਦਾ ਹੈ। ਭਗਵੰਤ ਮਾਨ ਦੀ ਕਾਮੇਡੀ ਹੋਵੇ ਜਾਂ ਗੀਤਕਾਰੀ, ਉਸ ਨੇ ਬਹੁਤ ਵਾਰ ਵਾਤਾਵਰਨ ਚੇਤਨਾ ਦਾ ਪੱਲਾ ਫੜ ਕੇ ਰੱਖਿਆ ਹੈ। ਮਿਸਾਲ ਲਈ ਉਸਦਾ

ਲਿਖਿਆ ਤੇ ਗਾਇਆ ਗੀਤ ਪੇਸ਼ ਕੀਤਾ ਗਿਆ ਹੈ। ਜਿਸ ਵਿੱਚ ਭਗਵੰਤ ਮਾਨ ਨੇ ਪਾਣੀ ਦੇ ਸੰਕਟ ਦੀ ਗੱਲ ਕਰਦੇ ਹੋਏ ਝੋਨੇ ਨੂੰ ਜ਼ਿੰਮੇਵਾਰ ਠਹਿਰਾਇਆ ਹੈ:

ਚੱਕ 'ਤੇ ਟਿੱਬੇ 'ਲਾ ਤਾ ਝੋਨਾ

ਧਰਤੀ ਕਹਿੰਦੇ ਉਗਲੇ ਸੋਨਾ

ਸਬਮਰਸੀਬਲਾਂ ਨੇ ਖਿੱਚਣਾ ਪਾਣੀ

ਫ਼ਸਲ ਬੀਜ ਲਈ ਧਰਤੀ ਖਾਣੀ

ਵਾਤਾਵਰਨ ਚੇਤਨਾ ਬਾਰੇ ਇੱਕ ਹੋਰ ਗਾਇਕ ਹਰਜੀਤ ਹਰਮਨ ਦਾ ਨਾਮ ਵੀ ਵਰਨਣਯੋਗ ਹੈ। ਉਸਦਾ ਗੀਤ 'ਕੁਦਰਤ ਦਾ ਨਾਲ ਪਿਆਰ ਕਰ' ਵਿੱਚ ਮਨੁੱਖ ਨੂੰ ਕੁਦਰਤ ਨਾਲ ਪਿਆਰ ਕਰਨ, ਰੁੱਖਾਂ ਨੂੰ ਨਾ ਵੱਢਣ ਤੇ ਨਵੀਂ ਪੀੜ੍ਹੀ ਨੂੰ ਵਧੇਰੇ ਰੁੱਖ ਲਗਾਉਣ ਦੀ ਗੁੜ੍ਹਤੀ ਦੇਣ ਦਾ ਇਸ਼ਾਰਾ ਕੀਤਾ ਗਿਆ ਹੈ। ਉਦਾਹਰਨ ਲਈ ਗੀਤ ਦੀਆਂ ਕੁਝ ਸਤਰਾਂ ਪੇਸ਼ ਹਨ:

ਇਹ ਹਵਾ ਖ਼ੁਦਾ ਦੀ ਗੱਲ ਕਰਦੀ

ਤੂੰ ਕੰਨ ਲਗਾ ਕੇ ਸੁਣ ਮਨਾਂ

ਇਹ ਵਹਿੰਦੇ ਪਾਣੀ ਨਦੀਆਂ ਦੇ

ਉਸੇ ਦੀ ਛੇੜਨ ਧੁਨ ਮਨਾਂ

ਬਲਿਹਾਰੀ ਕੁਦਰਤ ਬਸਿਐ

ਤੂੰ ਕੁਦਰਤ ਦੇ ਨਾਲ ਪਿਆਰ ਕਰ(141)

ਪੰਜਾਬੀ ਗਾਇਕੀ ਦੀ ਪ੍ਰਸਿੱਧ ਜੋੜੀ ਪ੍ਰੀਤ ਬਰਾੜ ਤੇ ਗੁਰਲੇਜ ਅਖ਼ਤਰ ਦਾ ਗੀਤ 'ਬੜਾ ਵਾਤਾਵਰਨ ਖਰਾਬ ਨੀ ਧੂੰਆਂ ਉੱਡਦਾ ਥਰਮਲ ਦਾ' ਬਠਿੰਡੇ ਵਿਖੇ ਥਰਮਲ ਪਲਾਂਟ ਅਤੇ ਨੈਸ਼ਨਲ ਫਰਟੀਲਾਈਜ਼ਰ ਦੇ ਕਾਰਖਾਨਿਆਂ ਦੁਆਰਾ ਹੋ ਰਹੇ ਵਾਤਾਵਰਨ ਪ੍ਰਦੂਸ਼ਣ ਦੀ ਗੱਲ ਕਰਦਾ ਹੈ। ਇਸ ਤੋਂ ਇਲਾਵਾ ਕੁਲਵੰਤ ਸਿੰਘ ਗਰੇਵਾਲ ਦਾ ਲਿਖਿਆ ਅਤੇ ਸਰਦੂਲ ਸਿਕੰਦਰ ਦਾ ਗਾਇਆ ਗੀਤ ਵੀ ਵਰਨਣਯੋਗ ਹੈ:

ਰੁਖ਼ ਬਦਲੇ ਹਵਾਵਾਂ ਦੇ

ਬੂੰਦ-ਬੂੰਦ ਤਰਸ ਗਏ

ਅਸੀਂ ਪੁੱਤ ਦਰਿਆਵਾਂ ਦੇ

ਪੰਜਾਬ ਵਿੱਚੋਂ ਪਾਣੀ ਦੀ ਤੰਗੀ ਵੱਲ ਧਿਆਨ ਦਵਾਉਂਦਾ ਹੈ। ਸਤਿੰਦਰ ਸਰਤਾਜ ਦਾ ਗੀਤ- 'ਪਾਣੀ ਪੰਜ ਦਰਿਆਵਾਂ ਵਾਲਾ ਨਹਿਰੀ ਹੋ ਗਿਆ' ਗਾਇਕੀ ਦੇ ਮਾਧਿਅਮ ਦੁਆਰਾ ਵਾਤਾਵਰਨ ਚੇਤਨਾ ਦੀ ਮੁਹਿੰਮ ਵਿੱਚ ਯੋਗਦਾਨ ਪਾ ਰਹੇ ਹਨ। ਵਰਤਮਾਨ ਸਦੀ ਦੇ ਪ੍ਰਸਿੱਧ ਗਾਇਕਾਂ ਤੇ ਗੀਤਕਾਰਾਂ ਨੂੰ ਨੌਜਵਾਨ ਪੀੜ੍ਹੀ ਬਹੁਤ ਪਸੰਦ ਕਰਦੀ ਹੈ। ਸੋ ਅਜੋਕੇ ਗਾਇਕਾਂ ਤੇ ਗੀਤਕਾਰਾਂ ਨੂੰ ਘੋਰ ਸਮਾਜਿਕ ਸਮੱਸਿਆਵਾਂ ਦੇ ਨਾਲ-ਨਾਲ ਵਾਤਾਵਰਨ ਚੇਤਨਾ ਨੂੰ ਵੀ ਆਪਣਾ ਵਿਸ਼ਾ ਬਣਾਉਣਾ ਚਾਹੀਦਾ ਹੈ ਤਾਂ ਕਿ ਭਵਿੱਖ ਵਿੱਚ ਵਾਤਾਵਰਨ ਪਲੀਤ ਹੋਣ ਤੋਂ ਬਚਾਇਆ ਜਾ ਸਕੇ।

ਡਾ. ਸਤਨਾਮ ਸਿੰਘ ਦਿਓਲ ਅਤੇ ਗੁਰਪ੍ਰੀਤ ਸਿੰਘ ਬਰਾੜ ਹੁਰਾਂ ਦੁਆਰਾ ਲਿਖਿਆ ਲੇਖ 'ਵਾਤਾਵਰਨ ਸੁਰੱਖਿਆ ਇੱਕ ਅਧਿਕਾਰ: ਉਦਯੋਗਿਕ ਵਿਕਾਸ ਪਰਿਪੇਖ' ਵਿੱਚ ਸਵੱਛ ਤੇ ਸੁਰੱਖਿਅਤ ਵਾਤਾਵਰਨ ਹਰ ਇੱਕ ਜੀਵ ਦਾ ਅਧਿਕਾਰ ਹੈ, ਇਸ ਗੱਲ ਦੀ ਹਾਮੀ ਭਰਦਾ ਹੈ। ਸੰਨ 1945 ਵਿੱਚ ਯੂ.ਐਨ. ਦੇ ਚਾਰਟਰ ਤੋਂ ਵਿਸ਼ਵ ਪੱਧਰ ਉੱਤੇ ਮਨੁੱਖੀ ਅਧਿਕਾਰਾਂ ਦੀ ਰਸਮੀ ਅਤੇ ਕਾਨੂੰਨੀ ਸ਼ੁਰੂਆਤ ਹੋਈ। ਸਾਲ 1972 ਦੀ ਸਟਾਕਹੋਮ ਘੋਸ਼ਣਾ ਤੋਂ ਵਾਤਾਵਰਨ ਸੁਰੱਖਿਆ ਨੂੰ ਮਨੁੱਖੀ ਅਧਿਕਾਰਾਂ ਦੇ ਪ੍ਰਸੰਗ ਵਿੱਚ ਵਿਚਾਰਨ ਦੀ ਲੀਹ ਪਈ। ਭਾਰਤ ਵਿੱਚ ਵੀ ਵਾਤਾਵਰਨ ਸੁਰੱਖਿਆ ਲਈ ਕਈ ਤਰ੍ਹਾਂ ਦੇ ਕਾਨੂੰਨ ਪਾਸ ਕੀਤੇ ਗਏ ਹਨ। ਕੇਂਦਰੀ ਵਿਭਾਗ ਅਤੇ ਪ੍ਰਾਂਤ ਪੱਧਰ 'ਤੇ ਵਾਤਾਵਰਨ ਸੁਰੱਖਿਆ ਦੇ ਪੱਖ ਤੋਂ ਕਾਨੂੰਨ ਬਣਾਏ ਗਏ ਹਨ। ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਮਾਨਤਾ ਪ੍ਰਾਪਤ ਕਈ ਸਵੈ-ਸੇਵੀ ਜੱਥੇਬੰਦੀਆਂ ਇਸ ਖੇਤਰ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੀਆਂ ਹਨ। ਵਾਤਾਵਰਨ ਸੁਰੱਖਿਆ ਅਧਿਕਾਰ ਨੂੰ ਹੋਰ ਮਨੁੱਖੀ ਅਧਿਕਾਰਾਂ ਨਾਲ ਲਾਜ਼ਮੀ ਤੌਰ 'ਤੇ ਜੋੜ ਕੇ ਵੇਖਣ ਪਿੱਛੇ ਇਸਦੀ ਮਹੱਤਤਾ ਨੂੰ ਜਾਣ ਲੈਣਾ ਬਹੁਤ ਜ਼ਰੂਰੀ ਹੈ। ਇਸ ਪ੍ਰਥਾਇ ਲੇਖਕਾਂ ਦਾ ਰੁਝਾਣ ਇਸ ਪ੍ਰਕਾਰ ਹੈ:

ਸਾਫ਼ ਅਤੇ ਸਿਹਤਮੰਦ ਵਾਤਾਵਰਨ ਦਾ ਅਧਿਕਾਰ ਕਈ ਤਰ੍ਹਾਂ ਦੇ ਮੌਲਿਕ ਮਨੁੱਖੀ ਅਧਿਕਾਰਾਂ ਜਿਵੇਂ ਕਿ 'ਸਿਹਤ ਦਾ ਅਧਿਕਾਰ', 'ਵਿਕਾਸ ਦਾ ਅਧਿਕਾਰ', ਅਤੇ ਜੀਵਣ ਦੇ ਅਧਿਕਾਰ ਦੀ ਪੂਰਤੀ ਲਈ ਬਹੁਤ ਜ਼ਰੂਰੀ ਹੈ। ਵਾਤਾਵਰਨ ਸੁਰੱਖਿਆ ਅਤੇ ਮਨੁੱਖੀ ਅਧਿਕਾਰਾਂ ਦੀ ਪੂਰਤੀ ਨੂੰ ਵੱਖ-ਵੱਖ ਵਿਸ਼ਿਆਂ ਅਤੇ ਕਾਰਜ ਖੇਤਰਾਂ ਦੇ ਤੌਰ ਤੇ ਵੇਖਣ ਦੀ ਬਜਾਇ ਇਨਾਂ ਵਿੱਚ ਸਮਾਨਤਾ ਅਤੇ ਸੁਮੇਲਤਾ ਨੂੰ ਸਵੀਕਾਰ ਕਰਨਾ ਸੰਪੂਰਨ ਮਨੁੱਖਤਾ ਲਈ ਵਾਤਾਵਰਨ ਅਤੇ ਮਨੁੱਖੀ ਅਧਿਕਾਰ, ਦੋਵਾਂ ਪੱਖਾਂ ਤੋਂ ਲਾਹੇਵੰਦ ਹੈ(247)

ਭਾਰਤੀ ਸੰਵਿਧਾਨ ਵਿੱਚ ਸਾਲ 1976 ਵਿੱਚ 42ਵੀਂ ਸੋਧ ਕਰਕੇ ਅਨੁਛੇਦ 481 ਅੰਕਿਤ ਕੀਤਾ ਗਿਆ ਜਿਸ ਅਨੁਸਾਰ 'ਰਾਜ ਵਾਤਾਵਰਨ ਦੀ ਸੁਰੱਖਿਆ ਅਤੇ ਬਿਹਤਰੀ ਅਤੇ ਜੰਗਲਾਂ ਤੇ ਜੰਗਲੀ ਜੀਵਨ ਦੀ ਸਾਂਭ ਸੰਭਾਲ ਲਈ ਕੋਸ਼ਿਸ਼ਾਂ ਕਰੇਗਾ।' ਇਸ ਦੇ ਨਾਲ ਹੀ ਸੰਵਿਧਾਨ ਦੇ 511ਵੇਂ ਅਨੁਛੇਦ ਵਿੱਚ ਮੌਲਿਕ ਜ਼ੁੰਮੇਦਾਰੀਆਂ ਵਾਲੇ ਭਾਗ ਵਿੱਚ ਵਾਤਾਵਰਨ ਬਾਬਤ ਇਹ ਜੋੜਿਆ ਗਿਆ ਕਿ 'ਹਰ ਨਾਗਰਿਕ ਦਾ ਮੌਲਿਕ ਕਰਤੱਵ ਹੈ ਕਿ ਉਹ ਕੁਦਰਤੀ ਵਾਤਾਵਰਨ ਜਿਵੇਂ ਕਿ ਜੰਗਲ, ਝੀਲਾਂ, ਦਰਿਆਵਾਂ ਅਤੇ ਜੰਗਲੀ ਜਨ ਜੀਵਨ ਦੀ ਰਾਖੀ ਅਤੇ ਸੰਭਾਲ ਲਈ ਯਤਨ ਕਰੇ ਅਤੇ ਸਾਰੇ ਪ੍ਰਾਣੀਆਂ ਪ੍ਰਤੀ ਹਮਦਰਦੀ ਵਾਲਾ ਵਿਵਹਾਰ ਧਾਰਨ ਕਰੇ। ਵਿਕਾਸ ਦੀ ਅੰਨ੍ਹੇਵਾਹ ਪੈਰਵੀ ਕਰਨ ਵੇਲੇ ਇਹ ਭੁਲਾ ਦਿੱਤਾ ਜਾਂਦਾ ਹੈ ਕਿ ਜੀਵਨ ਦੇ ਅਧਿਕਾਰ ਦੇ ਵਿਸ਼ਾਲ ਖੇਤਰ ਵਿੱਚ ਸਵੱਛ ਅਤੇ ਸੁਰੱਖਿਅਤ ਵਾਤਾਵਰਨ ਦੀ ਹੋਂਦ ਵੀ ਸ਼ਾਮਿਲ ਹੈ। ਸੁਰੱਖਿਅਤ ਵਾਤਾਵਰਨ ਤੋਂ ਬਿਨਾਂ ਜੀਵਨ ਦੇ ਅਧਿਕਾਰ ਦੀ ਪੂਰਤੀ ਨਹੀਂ ਹੋ ਸਕਦੀ ਵਿਕਾਸ ਵਿੱਚ ਜੇਕਰ ਵਾਤਾਵਰਨ ਨੂੰ ਸਾਫ਼ ਰੱਖਣ ਬਾਰੇ ਯੋਜਨਾ ਹੋਵੇਗੀ ਤਾਂ ਹੀ ਵਿਕਾਸ ਉਸਾਰੂ ਹੋਵੇਗਾ, ਨਹੀਂ ਤਾਂ ਵਿਕਾਸ ਚੁਗਿਰਦੇ ਨੂੰ ਵਿਨਾਸ਼ ਵਲ ਮੋੜ ਕੇ ਲੈ ਜਾ ਸਕਦਾ ਹੈ। ਲੇਖਕ ਦਾ ਮਤ ਵੀ ਇਸ ਪ੍ਰਕਾਰ ਹੈ:

ਵਿਕਾਸ ਅਤੇ ਵਾਤਾਵਰਨ ਸੁਰੱਖਿਆ ਦੋਵਾਂ ਨੂੰ ਇੱਕ ਦੂਜੇ ਦੇ ਨਾਲ ਅਤੇ ਇੱਕ ਦੂਜੇ ਦੇ ਅਨੁਸਾਰ ਹੀ ਚੱਲਣਾ ਹੈ। ਵਿਕਾਸ ਦਾ ਇਹ ਲਕਸ਼ ਉਸ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਕੇ ਪ੍ਰਾਪਤ ਨਹੀਂ ਕਰਨਾ

ਚਾਹੀਦਾ, ਜਿਸ ਵਾਤਾਵਰਨ ਉੱਪਰ ਮਨੁੱਖ ਸਮੇਤ ਹੋਰ ਜੀਵਾਂ ਅਤੇ ਬਨਸਪਤੀ ਦਾ ਜੀਵਣ ਟਿਕਿਆ ਹੋਇਆ ਹੈ(150)

ਪੰਜਾਬ ਵਿੱਚ ਵਾਤਾਵਰਨ ਸੁਰੱਖਿਆ ਦੀ ਗੱਲ ਕਰਦੇ ਹੋਏ ਲੇਖਕ ਨੇ ਦੱਸਿਆ ਹੈ ਕਿ ਪੰਜਾਬ ਪ੍ਰਮੁੱਖ ਰੂਪ ਵਿੱਚ ਖੇਤੀਬਾੜੀ 'ਤੇ ਨਿਰਭਰ ਸੂਬਾ ਹੋਣ ਕਰਕੇ ਸਿੰਚਾਈ ਲਈ ਲੋੜੀਂਦੇ ਅਨੁਪਾਤ ਨਾਲੋਂ ਕਿਤੇ ਘੱਟ ਪਾਣੀ ਦੀ ਸਮੱਸਿਆ ਨਾਲ ਜੂਝਦਾ ਆਇਆ ਹੈ। ਪੰਜਾਬ ਵਿੱਚ ਭਾਵੇਂ ਵਾਤਾਵਰਨ ਨੂੰ ਬਚਾਉਣ ਲਈ ਅਨੇਕਾਂ ਕਾਨੂੰਨ ਬਣਾਏ ਗਏ ਅਤੇ ਅਮਲ ਵਿੱਚ ਲਿਆਂਦੇ ਗਏ ਪਰ ਫਿਰ ਵੀ ਕਿਸੇ ਨੇ ਕਿਸੇ ਕਾਰਨ ਕਰਕੇ ਸਿੱਟਾ ਇਹ ਹੈ ਕਿ ਵਾਤਾਵਰਨ ਸੁਰੱਖਿਆ ਦੀਆਂ ਧੱਜੀਆਂ ਅਜੇ ਵੀ ਸ਼ਰ੍ਹੇਆਮ ਉੱਡਦੀਆਂ ਵੇਖੀਆਂ ਜਾ ਸਕਦੀਆਂ ਹਨ। ਇਸ ਨਾ-ਮਿਲਵਰਤਨ ਦੇ ਪਿਛੋਕੜ ਵਿੱਚ ਕਈ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਨੁਕਤੇ ਕੰਮ ਕਰਦੇ ਹਨ। ਕੇਵਲ ਪੰਜਾਬ ਹੀ ਨਹੀਂ, ਪੂਰੇ ਭਾਰਤ ਅਤੇ ਵਿਸ਼ਵ-ਪੱਧਰ ਉੱਤੇ ਵਾਤਾਵਰਨ-ਸੁਰੱਖਿਆ ਦੀ ਪਾਲਣਾ ਕਰਨ ਲਈ ਜੋ ਕੁਝ ਹੋਣਾ ਚਾਹੀਦਾ ਸੀ ਉਹ ਨਹੀਂ ਹੋ ਰਿਹਾ। ਭਾਵੇਂ ਸਰਕਾਰਾਂ, ਸਮਾਜਿਕ ਅਤੇ ਧਾਰਮਿਕ ਸੰਗਠਨ, ਐਨ.ਜੀ.ਓ. ਵਗੈਰਾ ਆਪਣੇ-ਆਪਣੇ ਪੱਧਰ 'ਤੇ ਚੰਗੇਰੇ ਉਪਰਾਲੇ ਕਰ ਵੀ ਰਹੇ ਹਨ ਪਰ ਸਮੁੱਚ ਵਿੱਚ ਅਜੇ ਬਹੁਤ ਵਿੱਥਾਂ ਹਨ। ਆਪਣੇ ਨਿਬੰਧ ਦਾ ਸਾਰ ਪ੍ਰਸਤੁਤ ਕਰਦੇ ਹੋਏ ਇਹ ਵਿਚਾਰ ਸਾਂਝਾ ਕੀਤਾ ਗਿਆ ਹੈ ਕਿ:

> ਅੰਤਰ-ਰਾਸ਼ਟਰੀ ਪੱਧਰ ਤੇ ਵੱਖ-ਵੱਖ ਰਾਸ਼ਟਰਾਂ, ਸੰਗਠਨਾਂ ਅਤੇ ਸੰਸਥਾਵਾਂ ਵੱਲੋਂ ਕੇਵਲ ਰਸਮੀ ਮਤੇ ਪਾਸ ਕਰਨ ਅਤੇ ਕੇਵਲ ਕਾਗਜਾਂ ਵਿੱਚ ਹੀ ਘੋਸ਼ਣਾਵਾਂ ਕਰਨ ਨਾਲ ਵਾਤਾਵਰਨ ਪ੍ਰਦੂਸ਼ਣ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ। ਇਸ ਲਈ ਸਮੁੱਚੇ ਅੰਤਰ-ਰਾਸ਼ਟਰੀ ਭਾਈਚਾਰੇ ਨੂੰ ਇੱਕੋ ਪਲੇਟਫਾਰਮ 'ਤੇ ਆ ਕੇ, ਇੱਕਜੁੱਟ ਹੋ ਕੇ ਇਹ ਪ੍ਰਣ ਲੈਣਾ ਹੋਵੇਗਾ ਕਿ ਵਾਤਾਵਰਨ ਦੀ ਸੁਰੱਖਿਆ ਲਈ ਜ਼ਰੂਰੀ ਕਦਮ ਜ਼ਰੂਰ ਪੁੱਟੇ ਜਾਣਗੇ ਭਾਵੇਂ ਕਿ ਉਹ ਕਾਨੂੰਨੀ, ਸਰਕਾਰੀ ਅਤੇ ਆਮ ਜਨ-ਮਾਨਸ ਦੇ ਪੱਧਰ 'ਤੇ ਹੋਣ(152)

ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਬਤੌਰ ਯੋਗਾ ਅਧਿਆਪਕ ਕਾਰਜਸ਼ੀਲ ਸ. ਕੁਲਦੀਪ ਸਿੰਘ ਨੇ ਵਾਤਾਵਰਨ ਦੇ ਸਿਹਤ ਉੱਤੇ ਪੈ ਰਹੇ ਕੁਪ੍ਰਭਾਵਾਂ ਦਾ ਜ਼ਿਕਰ ਕਰਦੇ ਹੋਏ ਕੁਦਰਤੀ ਚਿਕਤਸਾ ਪ੍ਰਣਾਲੀ ਭਾਵ ਨੈਚੁਰਲਪੈਥੀ ਰਾਹੀਂ ਇਲਾਜ ਕਰਨ ਬਾਰੇ ਵਧੀਆ ਸੁਝਾਓ ਪੇਸ਼ ਕੀਤੇ ਹਨ। ਉਸ ਦੇ ਲੇਖ ਦਾ ਸਿਰਨਾਵਾਂ ਹੈ- 'ਸਿਹਤ ਉੱਤੇ ਵਾਤਾਵਰਨ ਦਾ ਪ੍ਰਭਾਵ ਅਤੇ ਕੁਦਰਤੀ ਚਕਿਤਸਾ ਰਾਹੀਂ ਇਲਾਜ' ਪ੍ਰਤੱਖ ਹੈ ਕਿ ਮਨੁੱਖੀ ਕਾਰਿਆਂ ਅਤੇ ਲਾਪਰਵਾਹੀਆਂ ਕਰਕੇ ਵਾਤਾਵਰਨ ਇਸ ਹੱਦ ਤੱਕ ਦੂਸ਼ਿਤ ਹੋ ਚੁੱਕਾ ਹੈ ਕਿ ਸਾਰੇ ਜੀਵਾਂ ਨੂੰ ਅਨੇਕਾਂ ਜਾਣੀਆਂ ਅਤੇ ਅਣਜਾਣੀਆਂ (ਨਵੀਆਂ) ਸਿਹਤ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਬੱਚਿਆਂ ਦਾ ਸਰੀਰਕ ਅਤੇ ਮਾਨਸਿਕ ਵਿਕਾਸ ਘੱਟ ਹੋਣਾ, ਫੇਫੜਿਆਂ ਦੀਆਂ ਬੀਮਾਰੀਆਂ ਦਾ ਹੋਣਾ, ਚਮੜੀ ਦੇ ਰੋਗ ਹੋਣਾ, ਔਰਤਾਂ ਵਿੱਚ ਗਰਭ ਨਾਲ ਸੰਬੰਧਿਤ ਸਮੱਸਿਆਵਾਂ, ਮਹਾਂਵਾਰੀ ਆਦਿ ਸਮੱਸਿਆਵਾਂ, ਬਜ਼ੁਰਗਾਂ ਨੂੰ ਸਾਹ-ਰੋਗ, ਦਿਲ ਦੇ ਰੋਗ, ਬਲੱਡ ਪ੍ਰੈਸ਼ਰ, ਗਠਿਆ, ਅੱਖਾਂ ਨੱਕ ਤੇ ਗਲੇ ਦੀਆਂ ਸਮੱਸਿਆਵਾਂ ਸਭ ਕੁਝ ਪ੍ਰਦੂਸ਼ਿਤ ਵਾਤਾਵਰਨ ਵਿੱਚ ਵਿਚਰਨ ਨਾਲ ਹੀ ਹੁੰਦੀਆਂ ਹਨ। ਇਸੇ ਸੰਦਰਭ ਵਿੱਚ ਲੇਖਕ ਦਾ ਵਿਚਾਰ ਹੈ ਕਿ:

> ਵਿਗਿਆਨਕ ਵਿਕਾਸ ਦੇ ਵਾਧੇ ਦੇ ਬਾਵਜੂਦ ਵੀ ਅੱਜ ਮਨੁੱਖ ਸਿਹਤ ਸੰਬੰਧੀ ਖਤਰਿਆਂ ਵਿੱਚ ਘਿਰਿਆ ਹੋਇਆ ਹੈ। ਪ੍ਰਦੂਸ਼ਿਤ ਹਵਾ ਅਤੇ ਪਾਣੀ ਨੇ ਸਿਹਤ ਨੂੰ ਹੋਰ ਖ਼ਰਾਬ ਕੀਤਾ ਹੈ। ਪੌਸ਼ਟਿਕ ਭੋਜਨ ਦੀ ਕਮੀ ਨੇ ਸਰੀਰ 'ਚ ਵਿਕਾਰ ਪੈਦਾ ਕੀਤੇ ਹਨ। ਵਾਤਾਵਰਣ ਅਨੁਸਾਰ ਆਪਣੀ ਜੀਵਨ ਨਦੀ ਚਲਾਉਣ ਦੀ ਬਜਾਏ ਮਨੁੱਖ ਉਸਦੇ ਉਲਟ ਚੱਲ ਰਿਹਾ ਹੈ। ਇਸ ਲਈ ਵਿਗਿਆਨ ਦੀਆਂ ਖੋਜਾਂ ਉਸਦੀ ਸਿਹਤ ਨੂੰ ਠੀਕ ਕਰਨ ਵਿੱਚ ਜਿਆਦਾ ਸਹਾਈ ਨਹੀਂ ਹੋ ਰਹੀਆਂ(156)

ਵਾਤਾਵਰਨ ਅਤੇ ਕੁਦਰਤੀ ਚਕਿਤਸਾ ਦਾ ਆਪਸ ਵਿੱਚ ਡੂੰਘਾ ਸੰਬੰਧ ਹੈ। ਕੁਦਰਤ ਨੂੰ ਰੋਕਣ ਵਾਲੇ ਲਾਲਚੀ ਮਨੁੱਖ ਨੇ ਹਰੀ ਭਰੀ ਪ੍ਰਕਿਰਤੀ ਨੂੰ ਕਾਲਾ ਸਿਆਹ ਕਰ ਛੱਡਿਆ। ਉਸਨੇ ਆਪਣੀ ਹੱਥੀਂ ਸੋਨੇ ਦੇ ਆਂਡੇ ਦੇਣ ਵਾਲੀ ਵਾਲੀ ਮੁਰਗੀ ਹਲਾਲ ਕੀਤੀ ਹੈ। ਉਹ ਜਿਸ ਦੀ ਸੰਘਣੀ ਛਾਂ ਹੇਠ ਬੈਠ ਕੇ ਜੀਵਨ ਦਾ ਆਨੰਦ ਮਾਣਦਾ ਰਿਹਾ, ਉਸੇ ਰੁੱਖ ਨੂੰ ਹੀ ਵੱਢਣ ਲੱਗ ਪਿਆ ਹੈ। ਕਰੂਪ ਕੀਤੀ ਕੁਦਰਤ ਹੱਥੋਂ ਹੁਣ ਮਨੁੱਖ ਨੂੰ 'ਰਿਟਰਨ ਗਿਫ਼ਟ' ਦੇ ਰੂਪ ਵਿੱਚ ਵੱਖ-ਵੱਖ ਬੀਮਾਰੀਆਂ ਮਿਲ ਰਹੀਆਂ ਹਨ। ਕੁਦਰਤੀ ਚਕਿਤਸਾ ਅਧੀਨ ਕੁਦਰਤੀ

ਅੰਸ਼ਾਂ ਵੱਖ-ਵੱਖ ਜੜੀਆਂ ਬੂਟੀਆਂ, ਤੇਲਾਂ, ਰੌਸ਼ਨੀਆਂ ਤੇ ਪਾਣੀ ਆਦਿ ਦਾ ਆਸਰਾ ਲੈ ਕੇ ਇਲਾਜ ਕੀਤਾ ਜਾਂਦਾ ਹੈ। ਉਂਝ ਕੁਦਰਤੀ ਚਕਿਤਸਾ ਪ੍ਰਣਾਲੀ ਦਾ ਆਧਾਰ ਆਯੁਰਵੇਦ ਵਿੱਚ ਨਿਹਿਤ ਹੈ। ਕੁਦਰਤੀ ਚਕਿਤਸਾ ਪ੍ਰਣਾਲੀ ਮਨਮੱਤੇ ਹੋ ਚੁੱਕੇ ਮਨੁੱਖ ਨੂੰ ਕੁਦਰਤ ਵੱਲ ਮੁੜ ਵਾਪਿਸ ਲਿਆਉਂਦੀ ਹੈ। ਇਸ ਬਾਰੇ ਲੇਖਕ ਦਾ ਮੰਨ੍ਹਣਾ ਹੈ ਕਿ:

> ਕੁਦਰਤੀ ਚਕਿਤਸਾ ਦੇ ਤੱਤ ਵਾਤਾਵਰਣ ਦਾ ਹੀ ਰੂਪ ਹਨ ਅਤੇ ਇਸ ਵਿੱਚੋਂ ਹੀ ਪ੍ਰਾਪਤ ਹੁੰਦੇ ਹਨ। ਜੇਕਰ ਵਾਤਾਵਰਣ ਦੇ ਦੂਸ਼ਿਤ ਹੋਣ ਨਾਲ ਰੋਗ ਫੈਲਦੇ ਹਨ ਤਾਂ ਕੁਦਰਤੀ ਚਕਿਤਸਾ ਰਾਹੀਂ ਉਨ੍ਹਾਂ ਦਾ ਇਲਾਜ ਵੀ ਸੰਭਵ ਹੈ। ਕੁਦਰਤੀ ਚਕਿਤਸਾ ਇੱਕ ਅਜਿਹੀ ਵਿੱਦਿਆ ਹੈ ਜਿਹੜੀ ਕੁਦਰਤ ਨਾਲ ਸਾਨੂੰ ਪਿਆਰ ਕਰਨਾ ਸਿਖਾਉਂਦੀ ਹੈ ਅਤੇ ਉਸਦੀ ਰੱਖਿਆ ਲਈ ਪ੍ਰੇਰਿਤ ਕਰਦੀ ਹੈ। ਜੇਕਰ ਕੋਈ ਵਿਅਕਤੀ ਕੁਦਰਤੀ ਚਕਿਤਸਾ ਦਾ ਪਾਲਣ ਕਰਦਾ ਹੈ ਤਾਂ ਉਹ ਵਾਤਾਵਰਣ ਦੀ ਸੰਭਾਲ ਬਾਰੇ ਜ਼ਰੂਰ ਸੋਚਦਾ ਹੈ(156)

ਲੇਖਕ ਇਸ ਵਿਚਾਰ ਨਾਲ ਸਹਿਮਤ ਹੈ ਕਿ ਸਿਹਤ ਅਤੇ ਰੋਗ ਦੋਵੇਂ ਅਲੱਗ-ਅਲੱਗ ਮਹੱਤਵ ਦੇ ਵਿਸ਼ੇ ਹਨ। ਜੇਕਰ ਸਿਹਤ ਵਧੀਆ ਹੋਵੇਗੀ ਤਾਂ ਉਸ ਬੰਦੇ ਦੀ ਰੋਗਾਂ ਲਈ ਪ੍ਰਤੀ-ਰੋਧਕ ਸਮਰੱਥਾ ਵੀ ਵੱਧ ਹੋਵੇਗੀ। ਜਿਸ ਨੂੰ ਅਸੀਂ 'ਐਮੀਊਨਿਟੀ' ਵੀ ਕਹਿ ਦਿੰਦੇ ਹਨ। ਜਿਸ ਦਾ ਐਮੀਊਨਿਟੀ ਸਿਸਟਮ ਇਕਦਮ ਵਧੀਆ ਹੁੰਦਾ ਹੈ ਉਸ ਮਨੁੱਖ ਉੱਤੇ ਵਾਤਾਵਰਨ ਵਿੱਚ ਸਮੇਂ-ਸਮੇਂ 'ਤੇ ਫੈਲਦੇ ਫਲੂ, ਵਾਇਰਸ ਤੇ ਹੋਰ ਰੋਗਾਂ ਦਾ ਹਮਲਾ ਬਹੁਤ ਘੱਟ ਹੁੰਦਾ ਹੈ। ਅੱਜ ਕੱਲ ਪੂਰਾ ਵਿਸ਼ਵ ਕਰੋਨਾ ਵਾਇਰਸ ਜਾਂ COVID-19 ਦੇ ਕਹਿਰ ਨਾਲ ਜੂਝ ਰਿਹਾ ਹੈ। ਇੰਨਾ ਸਮਾਂ ਲੰਘ ਜਾਣ ਤੋਂ ਬਾਅਦ ਵੀ ਕੋਈ ਅਜਿਹਾ ਇਲਾਜ ਨਹੀਂ ਮਿਲ ਸਕਿਆ ਜਿਸ ਨਾਲ ਇਸ ਬਿਮਾਰੀ ਤੋਂ ਸਦਾ ਸੁਰੱਖਿਅਤ ਰਿਹਾ ਜਾ ਸਕੇ (ਭਾਵੇਂ ਸਮਰੱਥ ਡਾਕਟਰ ਪੂਰੀ ਕੋਸ਼ਿਸ਼ ਕਰ ਰਹੇ ਹਨ)। ਸਪੱਸ਼ਟ ਰੂਪ ਵਿੱਚ ਮੰਨ੍ਹਿਆ ਜਾ ਰਿਹਾ ਹੈ ਕਿ ਅਜਿਹੇ ਜਾਨਲੇਵਾ ਵਾਇਰਸ ਤੋਂ ਬਚਣ ਲਈ ਸਭ ਤੋਂ ਵੱਧ ਜ਼ਰੂਰੀ ਹੈ ਆਪਣੇ ਸਰੀਰ ਦੀ ਪ੍ਰਤੀ-ਰੋਧਕ ਸਮੱਰਥਾ ਵਧਾ ਕੇ ਰੱਖੀ ਜਾਵੇ। ਇਸ ਸਮਰੱਥਾ ਨੂੰ ਵਧਾਉਣ ਲਈ, ਵੱਖ-ਵੱਖ ਡਾਕਟਰਾਂ ਅਤੇ ਮਾਹਿਰਾਂ ਦੁਆਰਾ ਕੁਦਰਤੀ ਖ਼ੁਰਾਕ ਅਤੇ ਇਲਾਜ ਹੀ ਦੱਸੇ ਜਾ ਰਹੇ ਹਨ। ਲੇਖਕ ਨੇ ਆਪਣੇ ਲੇਖ ਵਿੱਚ ਇਸ ਬਾਬਤ ਇਸ ਤਰ੍ਹਾਂ ਖੁਲਾਸਾ ਕੀਤਾ ਹੈ ਕਿ:

> ਸਮੱਸਿਆ ਦਾ ਹਲ ਕੇਵਲ ਹਸਪਤਾਲਾਂ ਦੇ ਖੁੱਲ ਜਾਣ ਨਾਲ ਨਹੀਂ ਹੋ ਸਕਦਾ। ਕਿਉਂਕਿ ਸਿਹਤ ਅਤੇ ਰੋਗ ਦੋਵੇਂ ਅਲੱਗ-ਅਲੱਗ ਮਹੱਤਵ ਦੇ ਵਿਸ਼ੇ ਹਨ। ਜੇਕਰ ਸਿਹਤ ਵਧੀਆ ਹੋਵੇਗੀ ਤਾਂ ਜੀਵਨ ਸ਼ਕਤੀ ਵੀ ਵਧੀਆ ਹੋਵੇਗੀ। ਰੋਗਾਂ ਦਾ ਜਨਮ ਹੀ ਨਹੀਂ ਹੋਏਗਾ ਅਤੇ ਦਵਾਈ 'ਤੇ ਵੀ ਕੋਈ ਖਰਚਾ ਨਹੀਂ ਹੋਵੇਗਾ(156)

ਸ੍ਰਿਸ਼ਟੀ ਦੇ ਨਿਰਮਾਣ ਲਈ ਪੰਜ ਤੱਤਾਂ: ਪਵਣ, ਜਲ, ਹਵਾ, ਪ੍ਰਿਥਵੀ ਅਤੇ ਆਕਾਸ਼ ਦਾ ਸੁਮੇਲ ਹੋਇਆ ਮੰਨ੍ਹਿਆ ਜਾਂਦਾ ਹੈ। ਮਨੁੱਖੀ ਸਰੀਰ ਦੀ ਉਤਪੱਤੀ ਵੀ ਇਹਨਾਂ ਪੰਜਾਂ ਤੱਤਾਂ ਦੀ ਬਣੀ ਹੋਈ ਹੁੰਦੀ ਹੈ। ਇਹਨਾਂ ਪੰਜਾਂ ਤੱਤਾਂ ਦੀ ਵੱਖਰੀ-ਵੱਖਰੀ ਚਕਿਤਸਾ ਵੀ ਉਪਲੱਬਧ ਹੈ ਤੇ ਇਕ ਤੋਂ ਵੱਧ ਤੱਤਾਂ ਦਾ ਆਸਰਾ ਲੈ ਕੇ ਵੀ ਕਈ ਰੋਗਾਂ ਦਾ ਇਲਾਜ ਸੰਭਵ ਹੁੰਦਾ ਹੈ। ਮਿਸਾਲ ਵਜੋਂ ਆਕਾਸ਼ ਤੱਤ; ਚਕਿਤਸਾ ਵਿੱਚ ਆਂਤੜੀ ਦੇ ਰੋਗ, ਸਿਰ-ਪੀੜ, ਗਠੀਆ, ਪਾਚਣ-ਪ੍ਰਣਾਲੀ ਦੇ ਰੋਗ, ਮਾਨਸਿਕ ਰੋਗ ਤੇ ਚਿੜਚਿੜੇਪਣ ਦਾ ਇਲਾਜ ਕੀਤਾ ਜਾਂਦਾ ਹੈ।

ਵਾਯੂ ਤੱਤ ਚਕਿਤਸਾ ਵਿੱਚ ਥਕਾਨ, ਕਬਜ਼, ਚਰਬੀ, ਮੋਟਾਪਾ, ਸ਼ੂਗਰ, ਪੱਧਰੀ, ਦਿਲ ਦੀ ਕਮਜ਼ੋਰੀ ਆਦਿ ਦਾ ਇਲਾਜ ਕੀਤਾ ਜਾਂਦਾ ਹੈ। ਇਸ ਚਕਿਤਸਾ ਵਿੱਚ ਮਾਲਸ਼, ਕਸਰਤ ਅਤੇ ਸਵੇਰ-ਸ਼ਾਮ ਦੀ ਸੈਰ, ਆਸਣ, ਪ੍ਰਾਣਾਯਾਮ ਆਦਿ ਦਾ ਪਾਲਣ ਕਰਵਾਇਆ ਜਾਂਦਾ ਹੈ।

ਅਗਨੀ ਤੱਤ ਚਕਿਤਸਾ ਅਧੀਨ ਸੂਰਜ ਦੀ ਤਪਸ਼ ਦਾ ਯੋਗ ਲਾਭ ਲੈਂਦੇ ਹੋਏ ਸੂਰਜ ਇਸ਼ਨਾਨ, ਰੰਗ ਚਕਿਤਸਾ, ਭਾਫ਼ ਇਸ਼ਨਾਨ ਅਤੇ ਗਰਮ ਪਾਣੀ ਦੇ ਪ੍ਰਯੋਗ ਦੁਆਰਾ ਖੂਨ ਦੀ ਅਸ਼ੁੱਧੀ, ਹੱਡੀਆਂ ਦੀ ਕਮਜ਼ੋਰੀ, ਲਕਵਾ, ਗਠੀਆ, ਦਮਾ, ਚਮੜੀ ਰੋਗ ਤੇ ਸਰੀਰਕ ਦਰਦ ਆਦਿ ਦਾ ਇਲਾਜ ਕੀਤਾ ਜਾਂਦਾ ਹੈ।

ਪ੍ਰਿਥਵੀ ਤੱਤ ਚਕਿਤਸਾ ਵਿੱਚ ਅੰਨ੍ਹ, ਜਲ, ਜੜ੍ਹੀ-ਬੂਟੀ, ਮਿੱਟੀ, ਖਣਿਜ, ਲੱਕੜੀ ਆਦਿ ਦੁਆਰਾ ਇਲਾਜ ਕੀਤਾ ਜਾਂਦਾ ਹੈ। ਜਲ ਤੱਤ ਚਕਿਤਸਾ ਦੁਆਰਾ ਪਾਣੀ ਦਾ ਦਵਾਈ ਵਾਂਗ ਉਪਯੋਗ ਕੀਤਾ ਜਾਂਦਾ ਹੈ। ਇਸ ਪ੍ਰਕਾਰ ਕੁਦਰਤ ਨਾਲ ਮਿੱਤਰਤਾ ਵਾਲੀ ਸਾਂਝ ਪਾ ਕੇ ਜੀਵਨ ਨੂੰ ਸਿਹਤਮੰਦ ਅਤੇ ਨਿਰੋਗ ਬਣਾਇਆ ਜਾ ਸਕਦਾ ਹੈ। ਕੁਦਰਤ ਕਿਉਂਕਿ ਵਾਤਾਵਰਨ ਦਾ ਹੀ ਅਹਿਮ ਅੰਗ ਹੈ, ਇਸ ਲਈ ਇਸਦੇ ਅਨੁਕੂਲ ਪ੍ਰਯੋਗ

ਨਾਲ ਜੀਵਨ ਵਿੱਚ ਪ੍ਰਦੂਸ਼ਿਤ ਵਾਤਾਵਰਨ ਕਰਕੇ ਪੈਦਾ ਹੋਈਆਂ ਸਮੱਸਿਆਵਾਂ ਦਾ ਹੱਲ ਬਹੁਤ ਵਧੀਆ ਢੰਗ ਨਾਲ ਕੀਤਾ ਜਾ ਸਕਦਾ ਹੈ।

ਡਾ. ਰਮਨਦੀਪ ਸਿੰਘ ਨੇ ਆਪਣੇ ਲੇਖ 'ਵਾਤਾਵਰਣ: ਪਾਣੀ ਦਾ ਮਹੱਤਵ ਅਤੇ ਬਚਾਓ' ਵਿੱਚ ਪਾਣੀ ਨੂੰ ਸਭ ਤੋਂ ਮਹੱਤਵਪੂਰਨ ਤੱਤ ਮੰਨਦੇ ਹੋਏ ਇਸ ਦੀ ਸੰਜਮ ਭਰਪੂਰ ਵਰਤੋਂ ਅਤੇ ਇਸਨੂੰ ਦੂਸ਼ਿਤ ਹੋਣ ਤੋਂ ਬਚਾਉਣ ਦਾ ਸੰਕਲਪ ਦ੍ਰਿੜ ਕਰਵਾਇਆ ਹੈ। ਲੇਖਕ ਖੁਲਾਸਾ ਕਰਦਾ ਹੈ ਕਿ ਜੀਵਨ ਦੀ ਪਹਿਲੀ ਨਿਸ਼ਾਨੀ ਅਮੀਬਾ ਜੀਵ ਦੇ ਰੂਪ ਵਿੱਚ ਪਾਣੀ ਵਿੱਚ ਹੀ ਜੰਮੀ ਸੀ। ਉਸ ਤੋਂ ਬਾਅਦ ਹੀ ਬਾਕੀ ਜੀਵਾਂ ਦੀ ਰਚਨਾ ਹੋਈ ਮੰਨੀ ਗਈ ਹੈ। ਲੇਖਕ ਅਨੁਸਾਰ:

> ਜਿੰਦਗੀ ਸਭ ਤੋਂ ਪਹਿਲਾਂ 'ਅਮੀਬਾ' ਦੇ ਰੂਪ ਵਿੱਚ ਸਾਗਰਾਂ ਦੀ ਹਿੱਕ ਵਿੱਚ ਧੜਕੀ ਸੀ ਅਤੇ ਧਰਤੀ ਉੱਪਰਲਾ ਸਮੁੱਚਾ ਪ੍ਰਾਣੀ ਮੰਡਲ ਸਾਗਰਾਂ ਦੀ ਬਦੌਲਤ ਹੈ। ਇਸ ਤਰ੍ਹਾਂ ਅਸੀਂ ਸਾਨੂੰ ਜ਼ਿੰਦਗੀ ਪ੍ਰਦਾਨ ਕਰਨ ਵਾਲੇ ਸਰੋਤ ਨੂੰ ਮਲੀਨ ਕਰਕੇ ਆਪਣੀਆਂ ਜੜ੍ਹਾਂ ਵਿੱਚ ਆਪ ਤੇਲ ਪਾਵਾਂਗੇ। ਜੇ ਅਸੀਂ ਆਪਣੇ ਇਸ ਫਰਜ਼ ਪ੍ਰਤੀ ਸੁਹਿਰਦ ਨਾ ਹੋਵਾਂਗੇ ਤਾਂ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਸ ਕੁਦਰਤੀ ਸੋਮੇ, ਅੰਮ੍ਰਿਤ ਵਰਗੀ ਦਾਤ ਤੋਂ ਬਿਨਾਂ ਆਪਣਾ ਜੀਵਨ ਅਸੰਭਵ ਬਣਾ ਬੈਠਣਗੀਆਂ(161)

ਭੌਤਿਕ ਪਾਸਾਰ ਵਿੱਚ ਪਾਣੀ ਦੀ ਮਾਤਰਾ 71% ਪ੍ਰਤੀਸ਼ਤ ਹੈ ਜਿਹੜੀ ਨਦੀਆਂ, ਝੀਲਾਂ, ਮਹਾਂਸਾਗਰਾਂ ਅਤੇ ਨਾਲਿਆਂ ਦੇ ਰੂਪ ਵਿੱਚ ਫੈਲੀ ਹੋਈ ਹੈ। ਪਾਣੀ ਤੋਂ ਬਿਨਾ ਮਨੁੱਖੀ ਤੇ ਜੈਵਿਕ ਹੋਂਦ ਸੰਭਵ ਹੀ ਨਹੀਂ ਸਕਦੀ। ਗੁਰਬਾਣੀ ਵਿੱਚ ਵੀ 'ਪਵਣ ਗੁਰੂ ਪਾਣੀ ਪਿਤਾ ਮਾਤਾ ਧਰਤੁ ਮਹਤੁ' ਉਚਾਰ ਕੇ ਗੁਰੂ ਸਾਹਿਬ ਨੇ ਸਾਨੂੰ ਸਮੁੱਚੀ ਕਾਇਨਾਤ ਦਾ ਆਦਰ ਕਰਨ ਦਾ ਸੰਦੇਸ਼ ਦਿੱਤਾ ਹੈ। ਗੁਰੂ ਜੀ ਨੇ ਪਾਣੀ ਨੂੰ ਸਭ ਤੋਂ ਪਹਿਲਾ ਦਰਜਾ ਦਿੱਤਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ:

> "ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ"।।(ਸ੍ਰੀ ਗੁਰੂ ਗ੍ਰੰਥ ਸਾਹਿਬ, 472)

ਗੁਰੂ ਨਾਨਕ ਦੇਵ ਜੀ ਨੇ ਸਿਰਜਣ ਪ੍ਰਕਿਰਿਆ ਵਿੱਚ ਵੀ ਪਾਣੀ ਨੂੰ ਮੋਹਰੀ ਮੰਨਿਆ ਹੈ। ਉਹਨਾਂ ਨੇ ਪਾਣੀ ਨੂੰ ਪ੍ਰਥਮ ਦਰਜਾ ਦਿੱਤਾ ਹੈ। ਉਹਨਾਂ ਨੇ ਪਾਣੀ ਨੂੰ ਹੀ ਸਭ ਕੁਝ ਮੰਨਦੇ ਹੋਏ ਇਸ ਤੋਂ ਹੀ ਉਤਪੱਤੀ ਦਾ ਕਾਮਨਾ ਕੀਤੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਨੁਸਾਰ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ।

ਜਲ ਤੇ ਤ੍ਰਿਭਵਣ ਸਾਜਿਆ ਘਟਿ ਘਟਿ ਜੋਤਿ ਸਮੋਇ।।(ਸ੍ਰੀ ਗੁਰੂ ਗ੍ਰੰਥ ਸਾਹਿਬ, 19)

ਅੱਜ ਕੱਲ ਮਨੁੱਖੀ ਕੁਦਰਤੀ ਲੈਅ ਤੋਂ ਵੱਖ ਹੋ ਕੇ ਵੱਖਰਾ ਹੀ ਰਾਗ ਅਲਾਪ ਰਿਹਾ ਹੈ। ਉਹ ਗੁਰੂ ਸਾਹਿਬਾਨਾਂ ਦੇ ਬਚਨਾਂ ਨੂੰ ਵੀ ਅੱਖੋਂ ਪਰੋਖੇ ਕਰ ਰਿਹਾ ਹੈ। ਪਾਣੀ ਦਾ ਪਲੀਤ ਹੋਣਾ ਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਦਾ ਹੇਠਾਂ ਡਿਗਣਾ, ਇਹ ਦੋਵੇਂ ਹੀ ਸਮੱਸਿਆਵਾਂ ਭਾਰਤ ਵਿੱਚ ਵਿਸੇਸ਼ ਰੂਪ ਵਿੱਚ ਪੰਜਾਬ ਅੰਦਰ ਜਲ ਸੰਕਟ ਦਾ ਭਿਆਨਕ ਰੂਪ ਵਿਖਾ ਰਹੀਆਂ ਹਨ। ਇਸੇ ਬਾਬਤ ਡਾ. ਰਮਨਦੀਪ ਸਿੰਘ ਦੇ ਵਿਚਾਰ ਹਨ ਕਿ:

ਪੰਜਾਬ ਦਾ ਕਿਸਾਨ ਝੋਨਾ ਲਾਉਣ ਵੇਲੇ ਪਾਣੀ ਦੀ ਬਹੁਤ ਵੱਡੇ ਪੱਧਰ ਉੱਤੇ ਵਰਤੋਂ ਕਰ ਰਿਹਾ ਹੈ। ਜਿਸ ਨਾਲ ਪੰਜਾਬ ਵਿੱਚ ਹਰ ਸਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਬੜੀ ਤੇਜ਼ੀ ਨਾਲ ਘਟ ਰਿਹਾ ਹੈ। ਜੇਕਰ ਪੰਜਾਬ ਵਿੱਚ ਇੰਝ ਹੀ ਪਾਣੀ ਦਾ ਪੱਧਰ ਘਟਦਾ ਰਿਹਾ ਤਾਂ ਇੱਕ ਦਿਨ ਪੰਜਾਬ ਵੀ ਮਾਰੂਥਲ ਦਾ ਰੂਪ ਧਾਰਨ ਕਰ ਜਾਵੇਗਾ(163)

ਬਹੁਮਾਤਰਾ ਵਿੱਚ ਸਾਗਰਾਂ, ਨਦੀਆਂ, ਨਾਲਿਆਂ ਤੇ ਦਰਿਆਵਾਂ ਨੂੰ ਕੂੜੇਦਾਨ ਵਜੋਂ ਵਰਤਿਆ ਜਾ ਰਿਹਾ ਹੈ। ਮਿਸਾਲ ਵਜੋਂ ਜੇਕਰ ਲੁਧਿਆਣੇ ਦੇ ਗੰਦੇ ਨਾਲੇ ਦੀ ਗੱਲ ਕਰੀਏ ਜਾਂ ਫਿਰ ਕਾਲੀ ਵੇਈਂ ਦੀ ਗੱਲ ਕਰੀਏ ਤਾਂ ਨਿਰੰਤਰ ਕਈ ਸੰਸਥਾਵਾਂ ਅਤੇ ਵਾਤਾਵਰਨ ਪ੍ਰੇਮੀਆਂ ਦੇ ਸਫ਼ਾਈ ਅਭਿਆਨ ਦੇ ਬਾਵਜੂਦ ਵੀ 'ਮੁੜ-ਘਿੜ ਕੇ ਖੋਤੀ ਬੋਹੜ ਥੱਲੇ' ਵਾਲਾ ਕਥਨ ਸੱਚ ਹੋ ਰਿਹਾ ਹੈ। ਇਸ ਤਰ੍ਹਾਂ ਦੇ ਅਣਗਿਣਤ ਜਲ-ਸ੍ਰੋਤਾਂ ਵਿੱਚ ਕਚਰਾ ਸੁੱਟਣਾ ਜਦੋਂ ਤਕ ਬੰਦ ਨਹੀਂ ਹੋਵੇਗਾ, ਤਦੋਂ ਤੱਕ ਵਾਰ-ਵਾਰ ਸਵੱਛ ਕਰ ਕੇ ਵੀ ਇਹ ਫਿਰ ਦੂਸ਼ਿਤ ਦੇ ਦੂਸ਼ਿਤ ਹੀ ਰਹਿਣਗੇ। ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਕਾਰਜਸ਼ੀਲ ਵਾਤਾਵਰਨ ਉੱਦਮੀਆਂ ਦਾ ਅਨੁਪਾਤ ਪ੍ਰਦੂਸ਼ਨ ਕਰਤਾ ਵਰਗ ਨਾਲੋਂ ਏਨ੍ਹਾ ਘੱਟ ਹੈ, ਸ਼ਾਇਦ ਦਸ਼ਮਲਵ ਵਿੱਚ ਹੀ ਹੋਵੇ। ਆਟੇ ਵਿੱਚ ਲੂਣ

ਦੇ ਸਮਾਨ ਅਨੁਪਾਤ ਨਾਲ ਨਤੀਜੇ ਹਾਂ-ਪੱਖੀ ਕਿਵੇਂ ਰਹਿ ਸਕਣਗੇ, ਇਹ ਵਿਚਾਰ ਦਾ ਵਿਸ਼ਾ ਹੈ। ਲੇਖਕ ਨੇ ਦੱਸਿਆ ਹੈ ਕਿ:

> ਉੱਤਰੀ ਅਮਰੀਕਾ ਦੇ ਪੱਛਮੀ ਕੰਢੇ ਵੱਲ, ਐਲਾਸਕਾ ਦੇ ਕੋਲ 24 ਮਾਰਚ 1989 ਨੂੰ ਇੱਕ ਸੁਪਰ ਟੈਂਕਰ ਦੇ ਟੁੱਟ ਜਾਣ ਕਰਕੇ 1,10,00,000 ਗੈਲਨ ਖਣਿਜ ਤੇਲ ਸਾਗਰ ਵਿੱਚ ਜਾ ਰਲਿਆ ਸੀ। ਮਾਹਿਰਾਂ ਨੇ ਭਾਵੇਂ 11000 ਕਾਮੇ ਲਗਾ ਕੇ ਛੇ ਮਹੀਨਿਆਂ ਦੇ ਅੰਦਰ-ਅੰਦਰ ਇਸਦੀ ਸਫਾਈ ਕਰ ਦਿੱਤੀ ਪਰ ਫਿਰ ਵੀ ਇੱਕ ਲੱਖ ਸਾਗਰੀ ਪੰਛੀ ਮਾਰੇ ਗਏ ਸਨ। ਪਾਣੀ ਦੇ ਇਸ ਤਰ੍ਹਾਂ ਪਲੀਤ ਹੋਣ ਕਰਕੇ ਹੀ ਸਾਗਰਾਂ ਅਤੇ ਸਮੁੰਦਰਾਂ ਵਿੱਚੋਂ ਵੇਲ ਮੱਛੀਆਂ ਅਤੇ ਕੱਛੂਕੁੰਮਿਆਂ ਦੀ ਸੰਖਿਆ ਲਗਾਤਾਰ ਘੱਟ ਰਹੀ ਹੈ(164)

ਪ੍ਰਦੂਸ਼ਿਤ ਪਾਣੀ ਪੀਣਯੋਗ ਨਹੀਂ ਹੁੰਦਾ ਭਾਵੇਂ ਵੇਖਣ ਵਿੱਚ ਇਹ ਗੰਧਲਾ ਨਾ ਵੀ ਹੋਵੇ। ਅਸ਼ੁੱਧ ਪਾਣੀ ਪੀਣ ਨਾਲ ਬਹੁਤ ਸਾਰੀਆਂ ਤਤਕਾਲੀਨ ਅਤੇ ਦੀਰਘਗਾਮੀ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਸੰਬੰਧੀ ਲੇਖਕ ਦੁਆਰਾ ਪ੍ਰਸਤੁਤ ਜਾਣਕਾਰੀ ਇਸ ਪ੍ਰਕਾਰ ਹੈ ਕਿ:

> ਦੂਸ਼ਿਤ ਪਾਣੀ ਨਾਲ ਹੈਜ਼ਾ, ਟਾਈਫਾਈਡ, ਕਾਲਾ ਪੀਲੀਆ, ਦਸਤ, ਅੰਤੜੀਆਂ ਦੀ ਸੋਜਸ ਵਰਗੇ ਅਨੇਕਾਂ ਰੋਗਾਂ ਨਾਲ ਜੂਝਣਾ ਪੈ ਰਿਹਾ ਹੈ। ਗੰਦੇ ਪਾਣੀ ਉੱਤੇ ਮੱਛਰ ਦੇ ਪਲਣ ਨਾਲ ਮਲੇਰੀਆ ਅਤੇ ਡੇਂਗੂ ਵਰਗੇ ਘਾਤਕ ਰੋਗਾਂ ਦੀ ਮਾਰ ਮਨੁੱਖ ਨੂੰ ਝੱਲਣੀ ਪੈ ਰਹੀ ਹੈ(165)

ਪਾਣੀ ਦੀ ਥੁੜ੍ਹ ਦੀ ਸਥਿਤੀ ਵਿੱਚ ਇਹ ਕਿਆਸ ਵੀ ਲਗਾਇਆ ਜਾਂਦਾ ਹੈ ਕਿ ਅਗਲੀ ਵਿਸ਼ਵ-ਪੱਧਰੀ ਜੰਗ ਪਾਣੀ ਦੀ ਪ੍ਰਭੁਸੱਤਾ ਹਾਸਿਲ ਕਰਨ ਲਈ ਹੋ ਸਕਦੀ ਹੈ। ਜੈਵਿਕ-ਜੰਗ ਦੀ ਹੀ ਇੱਕ ਕਿਸਮ ਕਰੋਨਾ-ਵਾਇਰਸ ਜਾਂ COVID-19 ਤੋਂ ਬਚਣ ਲਈ ਵਾਰ-ਵਾਰ ਜਾਗ੍ਰਿਤ ਕੀਤਾ ਜਾ ਰਿਹਾ ਹੈ ਕਿ ਵਾਰ-ਵਾਰ ਮੂੰਹ-ਹੱਥ ਆਦਿ ਨੂੰ ਸਾਬਣ ਤੇ ਪਾਣੀ ਨਾਲ ਲਗਭਗ ਵੀਹ ਸੈਕਿੰਡ ਤੱਕ ਧੋਇਆ ਜਾਵੇ। ਇਸ ਤ੍ਰਾਸਦਿਕ ਮਾਂਹਾਮਾਰੀ ਤੋਂ ਡਰੇ ਹੋਏ ਕੁਝ ਲੋਕ 20 ਸੈਕਿੰਡਾਂ ਦੌਰਾਨ ਪਾਣੀ ਦੀ ਟੂਟੀ ਖੁੱਲ੍ਹੀ ਹੀ ਛੱਡੀ ਰੱਖਦੇ ਹਨ, ਜਿਸ ਨਾਲ ਪਾਣੀ ਦੀ ਬਰਬਾਦੀ ਵਿੱਚ ਜ਼ਿਕਰਯੋਗ ਵਾਧਾ ਹੋ ਰਿਹਾ ਹੈ। ਚਾਹੀਦਾ ਇਹ ਹੈ ਕਿ ਟੂਟੀ ਖੋਲ੍ਹ ਕੇ ਹੱਥ ਗਿੱਲੇ ਕੀਤੇ ਜਾਣ,

ਸਾਬਣ ਲਗਾ ਕੇ 20 ਸੈਕਿੰਡ ਤਕ ਹੱਥਾਂ ਨੂੰ ਚੰਗੀ ਤਰ੍ਹਾਂ ਮਲਿਆ ਜਾਵੇ, ਇਸੇ ਕ੍ਰਿਆ ਦੌਰਾਨ ਪਾਣੀ ਦੀ ਟੂਟੀ ਨੂੰ ਵੀ ਸਾਬਣ-ਯੁਕਤ ਹੱਥਾਂ ਨਾਲ ਸਾਫ਼ ਕਰ ਲਿਆ ਜਾਵੇ ਤੇ ਫਿਰ ਨਿਸ਼ਚਿਤ ਅਵਧੀ (20 ਸੈਕਿੰਡ) ਤੋਂ ਬਾਅਦ ਦੁਬਾਰਾ ਟੂਟੀ ਖੋਲ੍ਹ ਕੇ ਹੱਥ ਅਤੇ ਟੂਟੀ ਦੋਵਾਂ ਨੂੰ ਪਾਣੀ ਨਾਲ ਧੋਇਆ ਜਾਵੇ। ਕੋਈ ਵੀ ਕ੍ਰਿਆ, ਕੋਈ ਸੋਚ ਤੇ ਕੋਈ ਵੀ ਸਰਗਰਮੀ ਪਾਣੀ ਦੇ ਵਿਰੋਧ ਵਿੱਚ ਬਿਲਕੁਲ ਨਹੀਂ ਹੋਣੀ ਚਾਹੀਦੀ। ਕੇਵਲ ਜਲ ਹੀ ਨਹੀਂ, ਕੁਦਰਤ ਦਾ ਹਰੇਕ ਅੰਸ਼ ਬੇਹੱਦ ਕੀਮਤੀ ਹੈ। ਕੁਦਰਤੀ ਸੋਮਿਆਂ ਦੀ ਵਰਤੋਂ ਬਿਨਾ ਲਾਲਚ ਦੇ, ਇਮਾਨਦਾਰੀ ਨਾਲ ਅਤੇ ਜ਼ਿੰਮੇਦਾਰੀ ਨਾਲ ਕਰਨੀ ਚਾਹੀਦੀ ਹੈ। ਕੋਈ ਵੀ ਸਰਕਾਰ, ਕਾਨੂੰਨ ਤੇ ਪ੍ਰਬੰਧਣ; ਪ੍ਰਦੂਸ਼ਣ ਨੂੰ ਕਾਬੂ ਨਹੀਂ ਕਰ ਸਕਦੇ ਜੇਕਰ ਆਮ-ਜਨਤਾ ਇਸ ਪ੍ਰਤੀ ਆਪਣਾ ਸਹਿਯੋਗ ਨਾ ਦਵੇ। ਆਧੁਨਿਕ ਵਰਗ ਨੂੰ ਪਦਾਰਥਕ ਦੌੜ ਦੇ ਚੌਖਟੇ ਵਿੱਚੋਂ ਬਾਹਰ ਤਾਜ਼ਾ ਹਵਾ ਵਿੱਚ ਆ ਕੇ ਇਸ ਪ੍ਰਤੀ ਮੁੜ ਸੋਚਣ ਦੀ ਭਰਪੂਰ ਲੋੜ ਹੈ। COVID-19 ਦੌਰਾਨ ਲਾਕਡਾਊਨ ਵਿੱਚ ਸਾਰੇ ਵਿਸ਼ਵਭਰ ਵਿੱਚ ਤੇ ਵਿਸ਼ੇਸ਼ ਕਰਕੇ ਭਾਰਤ ਵਿੱਚ ਹਵਾ ਦੀ ਸ਼ੁਧਤਾ ਵਾਲਾ ਪੈਰਾਮੀਟਰ ਬਹੁਤ ਸੁਧਰ ਗਿਆ ਹੈ। ਇਸ ਤੋਂ ਵੱਧ ਕੇ ਹੋਰ ਕੀ ਸਬੂਤ ਚਾਹੀਦਾ ਹੈ ਇਹ ਮੰਨ੍ਹਣ ਲਈ ਕਿ ਸਾਰੇ ਦੇ ਸਾਰੇ ਵਾਤਾਵਰਨੀ ਪ੍ਰਦੂਸ਼ਣ ਦਾ ਹਿੱਸਾ ਮਨੁੱਖਾਂ, ਮਨੁੱਖੀ ਕਾਰਵਾਈਆਂ, ਆਵਾਜਾਈ ਸਾਧਨਾਂ, ਫੈਕਟਰੀਆਂ, ਕਚਰੇ ਦੇ ਥਾਂ-ਥਾਂ ਲੱਗੇ ਢੇਰਾਂ ਤੇ ਹੋਰ ਮਨੁੱਖੀ ਜੰਜਾਲਾਂ ਕਰਕੇ ਹੀ ਹੈ। ਵਧੇਰੇ ਪ੍ਰਦੂਸ਼ਣ ਦਾ ਕਾਰਨ ਮਨੁੱਖ ਹਨ ਜਾਂ ਮਨੁੱਖਾਂ ਦੁਆਰਾ ਸਿਰਜੇ ਗਏ ਹਨ। ਕੁਦਰਤ ਖ਼ੁਦ ਕਦੇ ਪ੍ਰਦੂਸ਼ਣ ਕਰਤਾ ਨਹੀਂ ਹੁੰਦੀ। ਪ੍ਰਕਿਰਤੀ ਤਾਂ ਸਗੋਂ ਮਨੁੱਖਾਂ ਦੁਆਰਾ ਫੈਲਾਏ ਹੋਏ ਪ੍ਰਦੂਸ਼ਣ ਨੂੰ ਮਨਫ਼ੀ ਹੀ ਕਰਦੀ ਰਹਿੰਦੀ ਹੈ। ਫਿਰ ਕੁਦਰਤ ਪਿਆਰ ਨੂੰ ਗੰਵਾਰਪੁਣਾ ਤੇ ਪਿਛਾਂਹ-ਖਿੱਚੂ ਕਿਉਂ ਮੰਨ੍ਹਿਆ ਜਾਵੇ...?

ਸਿੱਖਿਆ ਅਤੇ ਸਾਹਿਤ ਦੇ ਖੇਤਰ ਵਿੱਚ ਕਾਰਜ਼ਸੀਲ ਸੰਜੀਵਨ ਸਿੰਘ ਡਢਵਾਲ ਲੇਖਕ ਹੋਣ ਦੇ ਨਾਲ-ਨਾਲ ਵਾਤਾਵਰਨ ਪ੍ਰੇਮੀ ਵੀ ਹਨ। ਉਨਾਂ ਦਾ ਲੇਖ 'ਟਿਕਾਊ ਵਿਕਾਸ ਲਈ ਹਰਾ ਰਸਾਇਣ ਵਿਗਿਆਨ' ਵਿਗਿਆਨਕ ਸੰਕਲਪਾਂ ਤੇ ਵਿਕਲਪਾਂ ਵਿੱਚ ਪ੍ਰਕਿਰਤੀ ਪ੍ਰਤੀ ਸੁਹਿਰਦ ਪਰਿਵਰਤਨਾਂ ਦਾ ਹੱਕ ਪੂਰਦਾ ਹੈ। ਸ਼ੁੱਧ ਵਿਗਿਆਨ ਦੇ ਸਮੂਹ ਖੇਤਰਾਂ ਵਿੱਚੋਂ ਰਸਾਇਣ ਵਿਗਿਆਨ ਨੂੰ ਕੇਂਦਰੀ ਵਿਗਿਆਨ ਕਹਿ ਕੇ ਇਸ ਦੀ ਮਹੱਤਤਾ ਨੂੰ ਉਜਾਗਰ ਕੀਤਾ ਗਿਆ ਹੈ। ਰਸਾਇਣ ਵਿਗਿਆਨ ਦਾ ਦਖ਼ਲ ਕਿਸੇ ਨਾ ਕਿਸੇ ਰੂਪ ਵਿੱਚ ਸਾਡੀ ਰੋਜ਼ਮੱਰ੍ਹਾ

ਵਿੱਚ ਜ਼ਰੂਰ ਹੁੰਦਾ ਹੈ। ਅੰਗਰੇਜ਼ੀ ਵਿੱਚ ਇਹ ਨੂੰ ਕੈਮਿਸਟਰੀ ਕਿਹਾ ਜਾਂਦਾ ਹੈ। ਸਾਬਣ, ਟੁੱਥ-ਪੇਸਟ, ਸ਼ੈਂਪੂ, ਸ਼ਿੰਗਾਰ-ਵਸਤਾਂ, ਸੈਂਟ, ਦਵਾਈਆਂ ਆਦਿ ਵਿੱਚ ਕੋਈ ਨਾ ਕੋਈ ਰਸਾਇਣ ਦੀ ਮਾਤਰਾ ਨਿਸ਼ਚਿਤ ਰੂਪ ਵਿੱਚ ਕੀਤੀ ਜਾਂਦੀ ਹੈ। ਦੁੱਧ ਤੋਂ ਦਹੀਂ ਤਿਆਰ ਕਰਨਾ, ਖ਼ਮੀਰਨ ਕਰਨਾ, ਪਨੀਰ ਬਣਾਉਣਾ ਵਰਗੀਆਂ ਸਧਾਰਨ ਕਿਰਿਆਵਾਂ ਵੀ ਰਸਾਇਣ ਕਿਰਿਆਵਾਂ ਹੀ ਹਨ। ਸਾਰੀਆਂ ਰਸਾਇਣਿਕ ਕਿਰਿਆਵਾਂ ਅਤੇ ਅੰਸ਼ ਨੁਕਸਾਨਦਾਇਕ ਨਹੀਂ ਹੁੰਦੇ। ਰਸਾਇਣਿਕ ਵਿਗਿਆਨ ਦੀ ਸਭ ਤੋਂ ਵੱਡੀ ਪ੍ਰਾਪਤੀ ਰਸਾਇਣਿਕ ਸੰਸ਼ਲੇਸ਼ਣ ਭਾਵ ਕੈਮੀਕਲ ਸਿੰਥੇਸਿਜ਼ ਨੂੰ ਮੰਨਿਆ ਜਾਂਦਾ ਹੈ। ਇਸ ਬਾਬਤ ਡੂੰਘਾਈ ਨਾਲ ਜਾਣਕਾਰੀ ਦਿੰਦੇ ਹੋਏ ਲੇਖਕ ਨੇ ਦੱਸਿਆ ਹੈ ਕਿ:

> ਰਸਾਇਣ ਵਿਗਿਆਨ ਦੀ ਸਭ ਤੋਂ ਵੱਡੀ ਪ੍ਰਾਪਤੀ ਹੈ ਰਸਾਇਣਿਕ ਸੰਸਲੇਸ਼ਣ ਜਾਂ ਕੈਮੀਕਲ ਸਿੰਥੇਸਿਜ਼ ਜਿਸ ਦੀ ਵਰਤੋਂ ਕਰਕੇ ਖੇਤੀਬਾੜੀ ਰਸਾਇਣਿਕ, ਕੀਟਨਾਸ਼ਕ ਅਤੇ ਰਸਾਇਣਿਕ ਖਾਦਾਂ, ਜੋੜਨ ਵਾਲੇ ਅਡਹੈਸਿਵ, ਪਲਾਸਟਿਕ, ਪੋਲੀਥੀਨ ਆਦਿ ਪਦਾਰਥਾਂ ਦਾ ਨਿਰਮਾਣ ਕੀਤਾ ਹੈ। ਇਹ ਸਾਰੇ ਪਦਾਰਥ ਕੁਦਰਤ ਵਿੱਚ ਪਾਏ ਜਾਣ ਵਾਲੇ ਸਾਧਾਰਣ ਪਦਾਰਥਾਂ ਤੋਂ ਤਿਆਰ ਕੀਤੇ ਗਏ ਹਨ। ਪਰ ਫ਼ਰਕ ਇਹ ਹੈ ਕਿ ਅਧਿਐਨ ਕਰਕੇ ਤਿਆਰ ਕੀਤੇ ਸੰਸਲਿਸ਼ਟ ਪਦਾਰਥਾਂ ਦੇ ਬੰਧਨ ਅਜਿਹੇ ਹੁੰਦੇ ਹਨ ਕਿ ਸੂਖ਼ਮਜੀਵ ਇਨ੍ਹਾਂ ਨੂੰ ਤੋੜ ਨਹੀਂ ਸਕਦੇ, ਜਿਸ ਕਾਰਣ ਇਨ੍ਹਾਂ ਦਾ ਨਿਖੇੜ ਨਹੀਂ ਹੁੰਦਾ ਤੇ ਇਹ ਲੰਬੇ ਸਮੇਂ ਤੱਕ ਧਰਤੀ ਤੇ ਪਏ ਰਹਿੰਦੇ ਹਨ। ਇਹ ਹੀ ਕਾਰਣ ਹੈ ਕਿ ਅੱਜ ਧਰਤੀ ਤੇ ਮਨੁੱਖ ਦੁਆਰਾ ਨਿਰਮਿਤ ਪਦਾਰਥਾਂ ਦਾ ਕਚਰਾ ਵੱਧਦਾ ਜਾ ਰਿਹਾ ਹੈ(170)

ਪਾਲੀਥੀਨ ਅਤੇ ਪਲਾਸਟਿਕ ਕਚਰੇ ਨਾਲ ਧਰਤੀ ਦੀ ਸੁੰਦਰਤਾ ਤਾ ਕਰੂਪ ਹੁੰਦੀ ਹੈ। ਇਸ ਦੇ ਨਾਲ-ਨਾਲ ਪਸ਼ੂਆਂ ਤੇ ਕਈ ਜੀਵਾਂ ਦੀ ਮੌਤ ਵੀ ਹੋ ਜਾਂਦੀ ਹੈ ਇਸ ਪ੍ਰਕਾਰ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਰਸਾਇਣ ਯੁਕਤ ਪਦਾਰਥਾਂ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ।

ਡਾ. ਜਤਿੰਦਰਪਾਲ ਸਿੰਘ ਦੁਆਰਾ ਵਾਤਾਵਰਨ ਪ੍ਰਦੂਸ਼ਣ ਦੇ ਸੰਦਰਭ ਵਿੱਚ ਲੇਖਾਂ ਦੀ ਸੰਪਾਦਿਕ ਪੁਸਤਕ 'ਮਨੁੱਖੀ ਹੋਂਦ ਲਈ ਖ਼ਤਰਾ: ਵਾਤਾਵਰਣੀ ਪ੍ਰਦੂਸ਼ਣ' ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ ਦੁਆਰਾ

ਸੰਨ 2011 ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਜੀਵ-ਵਿਗਿਆਨ ਵਿਭਾਗ ਵਿਖੇ ਪ੍ਰੋਫੈਸਰ ਦੀ ਸੇਵਾ ਨਿਭਾ ਰਹੇ ਡਾ. ਸਾਹਿਬ ਮੁੱਖ ਰੂਪ ਵਿੱਚ ਵਿਗਿਆਨ ਦੇ ਖੇਤਰ ਨਾਲ ਸੰਬੰਧਿਤ ਹਨ ਪਰੰਤੂ ਵਾਤਾਵਰਨ ਦੀ ਤਬਾਹੀਕੁੰਨ ਸਥਿਤੀ ਦੇ ਪ੍ਰਸੰਗ ਵਿੱਚ ਆਪ ਨੇ ਅਨੇਕਾਂ ਕਿਤਾਬਾਂ ਅਤੇ ਲੇਖਾਂ ਰਾਹੀਂ ਜਨ-ਚੇਤਨਾ ਲਈ ਯੋਗਦਾਨ ਪਾਇਆ ਹੈ। ਅਧਿਐਨ ਅਧੀਨ ਪੁਸਤਕ ਵਿੱਚ ਆਪ ਨੇ ਵਾਤਾਵਰਨ ਦੇ ਵਿਭਿੰਨ ਪਸਾਰਾਂ ਨੂੰ ਉਜਾਗਰ ਕਰਨ ਹਿਤ ਵਿਭਿੰਨ ਵਿਦਵਾਨਾਂ ਦੁਆਰਾ ਲਿਖੇ ਗਏ ਲੇਖਾਂ ਦੀ ਸੰਪਾਦਨਾ ਕੀਤੀ ਹੈ। ਮੁੱਖ ਰੂਪ ਵਿੱਚ ਜੀਵ-ਵਿਗਿਆਨੀ ਰਹੇ ਡਾ. ਜਤਿੰਦਰਪਾਲ ਸਿੰਘ ਵਿਗਿਆਨਿਕ ਵਿਸ਼ਿਆਂ ਦੇ ਨਾਲ-ਨਾਲ ਵਾਤਾਵਰਨ, ਬ੍ਰਹਿਮੰਡ ਅਤੇ ਮਨੁੱਖੀ ਸਿਹਤ ਨਾਲ ਸੰਬੰਧਿਤ ਸਾਹਿਤ ਰਚਨ ਵਾਲੇ ਪ੍ਰਤੀਨਿਧ ਲੇਖਕ ਹਨ। 'ਵਾਤਾਵਰਣ ਦਾ ਪ੍ਰਦੂਸ਼ਣ', 'ਪ੍ਰਦੂਸ਼ਣ ਦਾ ਕਹਿਰ', 'ਵਾਤਾਵਰਣ ਦੀ ਤਬਾਹੀ', 'ਪ੍ਰਸਿੱਧ ਵਿਗਿਆਨਕ ਖੋਜਾਂ', 'ਫੈਲ ਰਹੀ ਮਹਾਂਮਾਰੀ: ਏਡਜ਼', 'ਜੀਵ ਵਿਕਾਸ', 'ਵਿਗਿਆਨ ਦੇ ਚਮਤਕਾਰ', 'ਸਾਡਾ ਦੋਸਤ ਵਿਗਿਆਨ', 'ਨਵੀਨਤਮ ਵਿਗਿਆਨਕ ਖੋਜਾਂ', 'ਬ੍ਰਹਿਮੰਡ ਦੀ ਸੈਰ', 'ਮਨੁੱਖੀ ਸਰੀਰ ਦੇ ਰਹੱਸ', 'ਵਿਗਿਆਨ, ਮਨੁੱਖ ਅਤੇ ਯੁੱਧ: ਵਰਤਮਾਨ ਪਰਿਪੇਖ', 'ਮਨੁੱਖੀ ਸੇਵਾ 'ਚ ਵਿਗਿਆਨ', 'ਵਿਗਿਆ ਦੀਆਂ ਉਪਯੋਗੀ ਕਾਢਾਂ', 'ਵਿਗਿਆਨ ਦੀਆਂ ਅਦੱਭੁਤ ਲੱਭਤਾਂ', 'ਬਾਇਓਟੈਕਨਾਲੋਜੀ', 'ਮਹਾਨ ਵਿਗਿਆਨੀ', ਆਦਿ ਪੁਸਤਕਾਂ ਆਪ ਦੀ ਵਿਸ਼ੇਸ਼ ਪ੍ਰਾਪਤੀ ਹਨ। ਹਥਲਾ ਨਿਬੰਧ ਸੰਗ੍ਰਿਹ ਵਾਤਾਵਰਨਿਕ ਪ੍ਰਦੂਸ਼ਣ ਦੇ ਵਿਭਿੰਨ ਵਿਸ਼ਿਆਂ ਉੱਪਰ ਜਾਣਕਾਰੀ ਪੇਸ਼ ਕਰਨ ਦੇ ਮੰਤਵ ਨਾਲ ਤਿਆਰ ਕੀਤੀ ਗਈ ਹੈ। ਵੱਖ-ਵੱਖ ਖੇਤਰਾਂ ਦੇ ਮਾਹਿਰਾਂ ਵਲੋਂ ਵਾਤਾਵਰਨ ਜਾਗ੍ਰਿਤੀ ਫੈਲਾਉਣ ਦੇ ਆਸ਼ੇ ਨਾਲ ਇਸ ਪੁਸਤਕ ਦੀ ਸੰਪਾਦਨਾ ਕੀਤਾ ਗਿਆ ਹੈ। ਇਸ ਪੁਸਤਕ ਦੀ ਵਿਸ਼ੇਸ਼ਤਾ ਇਹ ਹੈ ਕਿ ਹਰ ਇੱਕ ਲੇਖਕ ਨੇ ਆਪਣੇ ਖੇਤਰ ਅਤੇ ਵਿਸ਼ੇ ਅਨੁਸਾਰ ਸੰਬੰਧਿਤ ਅੰਕੜੇ ਪ੍ਰਸਤੁਤ ਕਰਦੇ ਹੋਏ ਆਪਣੀ ਰਾਏ ਪੇਸ਼ ਕੀਤੀ ਹੈ। ਲੇਖਾਂ ਦੀ ਲੰਬਾਈ ਸੀਮਿਤ ਹੋਣ ਦੇ ਬਾਵਜੂਦ ਇਹ ਲੇਖ ਜਾਣਕਾਰੀ ਨਾਲ ਭਰਪੂਰ ਹਨ।

ਡਾ. ਜਤਿੰਦਰਪਾਲ ਸਿੰਘ ਦੇ ਸੰਪਾਦਿਤ ਨਿਬੰਧ ਸੰਗ੍ਰਹਿ 'ਮਨੁੱਖੀ ਹੋਂਦ ਲਈ ਖਤਰਾ ਵਾਤਾਵਰਣੀ ਪ੍ਰਦੂਸ਼ਣ' ਅਧੀਨ ਡਾ. ਤਰਲੋਕ ਸਿੰਘ ਦਾ ਲੇਖ 'ਮਨੁੱਖ ਅਤੇ ਕੁਦਰਤ' ਵਾਤਾਵਰਨ ਪ੍ਰਦੂਸ਼ਣ ਦਾ ਜ਼ਿੰਮੇਦਾਰ ਮਨੁੱਖ ਨੂੰ ਠਹਿਰਾਉਂਦਾ ਹੈ। ਮਨੁੱਖ ਲਾਲਚਵੱਸ ਹੋ ਕੇ ਜੰਗਲਾਂ ਦਾ ਨਾਸ ਕਰਨ ਲੱਗਾ, ਜਿਸ ਨਾਲ ਜੰਗਲੀ

ਜਨ-ਜੀਵਨ ਅਵਿਵਸਥਿਤ ਹੋ ਗਿਆ। ਸੁੱਖ-ਆਰਾਮ ਦੀ ਲਾਲਸਾ ਵਿੱਚ ਵਿਕਾਸ ਦੇ ਅੱਥਰੇ ਘੋੜੇ ਉੱਤੇ ਬੈਠਾ ਮਨੁੱਖ ਹੱਥੋਂ ਵਾਗਾਂ ਵੀ ਛੱਡ ਬੈਠਾ ਹੈ। ਕੁਦਰਤੀ ਸਰੋਤਾਂ ਦੀ ਅੰਨ੍ਹੇਵਾਹ ਲੁੱਟ-ਖੋਹ ਨੇ ਧਰਤੀ ਦੀ ਕੁੱਖ 'ਚੋਂ ਪਾਣੀ ਸੁਕਾਉਣ ਦੀ ਤਾਂ ਜਿਵੇਂ ਸਹੁੰ ਹੀ ਖਾ ਲਈ ਹੋਵੇ। ਇਸੇ ਗੱਲ ਦੀ ਪ੍ਰੋੜ੍ਹਤਾ ਕਰਦੇ ਹੋਏ ਡਾ. ਸਾਹਿਬ ਬਿਆਨ ਕਰਦੇ ਹਨ ਕਿ:

> ਭੂਮੀ ਦਾ 8 ਪ੍ਰਤੀਸ਼ਤ ਹਿੱਸਾ, ਖੇਤੀਬਾੜੀ ਅਧੀਨ ਹੈ। ਲਗਾਤਾਰ ਵਧਦੀ ਜਨਸੰਖਿਆ ਲਈ ਹੋਰ ਧਰਤੀ ਦੀ ਲੋੜ ਪੈ ਰਹੀ ਹੈ। ਜੰਗਲਾਂ ਦੀ ਕਟਾਈ ਹੋ ਰਹੀ ਹੈ, ਇਸ ਦਾ ਸਿੱਧਾ ਪ੍ਰਭਾਵ ਪਾਣੀ, ਹਵਾ ਤੇ ਰਹਿਣ-ਸਹਿਣ ਦੀਆਂ ਥਾਵਾਂ ਉੱਤੇ ਵਧਦਾ ਜਾ ਰਿਹਾ ਹੈ। ਸੜਕਾਂ ਅਤੇ ਰੇਲ-ਗੱਡੀਆਂ ਦਾ ਜਾਲ ਫੈਲਦਾ ਹੀ ਜਾ ਰਿਹਾ ਹੈ ਜਿਨ੍ਹਾਂ ਕਾਰਨ ਜਲ ਸ੍ਰੋਤ, ਜੰਗਲ ਘੱਟ ਰਹੇ ਹਨ, ਭੂ-ਖੋਰ ਵਧ ਰਿਹਾ ਹੈ ਅਤੇ ਗੰਦਗੀ ਫੈਲ ਰਹੀ ਹੈ(16)

ਜਿਹੜਾ ਪਾਣੀ ਹੈ ਵੀ, ਉਹ ਐਨਾ ਦੂਸ਼ਿਤ ਹੋ ਚੁੱਕਾ ਹੈ ਕਿ ਵਰਤਣਯੋਗ ਨਹੀਂ ਰਿਹਾ। ਵਧੇਰੇ ਝਾੜ, ਵਧੇਰੇ ਮੁਨਾਫ਼ਾ ਤੇ ਵਧੇਰੇ ਚਮਕ-ਦਮਕ ਦੇ ਚੱਕਰ ਵਿੱਚ ਪੈ ਕੇ ਮਨੁੱਖ ਕੁਦਰਤ ਤੋਂ ਤੇ ਕੁਦਰਤੀ ਖੇਤੀ ਵਿਵਸਥਾ ਤੋਂ ਟੁੱਟ ਚੁੱਕਾ ਹੈ। ਹਾਨੀਕਾਰਕ ਰਸਾਇਣ ਜ਼ਹਿਰੀਲੀਆਂ ਸਪਰੇਆਂ, ਕੀਟਨਾਸ਼ਕ ਤੇ ਵਾਧੂ ਪਾਣੀ ਪੀਣ ਵਾਲੀਆਂ ਖੇਤੀਆਂ ਨੇ ਪੰਜਾਬ ਵਿਚਲੇ 'ਖੇਤਾਂ ਦੇ ਸਾਧੂ' ਨੂੰ ਭਿਖਾਰੀ ਬਣਾ ਛੱਡਿਆ ਹੈ। ਵੱਧਦੀ ਆਬਾਦੀ ਨੇ ਮਨੁੱਖ ਦੀ ਸਥਿਤੀ ਕੀੜੀਆਂ ਦੇ ਭੌਣ ਵਰਗੀ ਬਣਾ ਦਿੱਤੀ ਹੈ। ਨਿਰੰਤਰ ਵਧ ਰਹੀ ਆਬਾਦੀ ਦੀਆਂ ਵਸੇਬੇ, ਭੋਜਨ ਤੇ ਹੋਰ ਲੋੜਾਂ ਵੀ ਵਧਣਗੀਆਂ। ਜ਼ਾਹਿਰ ਹੈ ਆਬਾਦੀ ਵਿਸਫ਼ੋਟ ਨਾਲ ਵਾਤਾਵਰਨ ਪ੍ਰਦੂਸ਼ਣ ਵੀ ਵਧੇਗਾ। ਸੰਘਣੀ ਆਬਾਦੀ ਵਾਲੇ ਮਹਾਂਨਗਰਾਂ ਵਿਚਲੇ ਇਲਾਕੇ ਵਿੱਚ ਮਨੁੱਖਾਂ ਦੀ ਕੁਲਬੁਲ-ਕੁਲਬੁਲ ਹੁੰਦੀ ਰਹਿੰਦੀ ਹੈ। ਸਿਹਤ ਸਮੱਸਿਆਵਾਂ ਵੀ ਅਜਿਹੇ ਖੇਤਰਾਂ ਵਿੱਚ ਵੱਧ ਪਨਪਦੀਆਂ ਹਨ।

ਕਾਰਖ਼ਾਨਿਆਂ ਵਿੱਚੋਂ ਨਿਕਲਦਾ ਧੂੰਆਂ, ਆਵਾਜਾਈ ਦੇ ਨਿਰੰਤਰ ਵੱਧ ਰਹੇ, ਵਾਹਨ ਤੇ ਕੂੜੇ-ਕਰਕਟ ਦੇ ਵੱਡੇ-ਵੱਡੇ ਢੇਰਾਂ ਵਿੱਚੋਂ ਨਿਕਲਦੀ ਸਾਹ-ਘੁੱਟਵੀਂ ਬਦਬੂ, ਜ਼ਹਿਰੀਲੀਆਂ ਗੈਸਾਂ ਅਤੇ ਨੁਕਸਾਨ ਦਾਇਕ ਤੱਤ

ਮਨੁੱਖੀ ਸਿਹਤ ਨੂੰ ਹੌਲੀ-ਹੌਲੀ ਖ਼ਰਾਬ ਕਰ ਦਿੰਦੇ ਹਨ। ਕੁਝ ਬੀਮਾਰੀਆਂ ਤਾਂ ਸਲੋਅ ਪੋਆਇਜ਼ਨ ਵਾਂਗ ਸਿਹਤ ਨੂੰ ਵੱਡਾ ਘਾਟਾ ਦੇ ਜਾਂਦੀਆਂ ਹਨ। ਡਾ. ਤਰਲੋਕ ਇਸ ਸੰਬੰਧੀ ਆਪਣੀ ਰਾਏ ਇਉਂ ਪੇਸ਼ ਕਰਦੇ ਹਨ ਕਿ:

> ਕੁਝ ਖਾਸ ਮਨੁੱਖੀ ਬੀਮਾਰੀਆਂ ਜਿਵੇਂ ਨੱਕ ਦੀ ਸੋਜ਼ਿਸ਼, ਛਿੱਕਾਂ, ਛਾਤੀ, ਅੱਖਾਂ, ਫੇਫੜਿਆਂ ਦੀਆਂ ਬੀਮਾਰੀਆਂ, ਕੈਂਸਰ, ਚਮੜੀ ਦੇ ਕਈ ਰੋਗ ਅਤੇ ਅਲਰਜੀ ਦਾ ਕਾਰਨ ਬਣਦਾ ਹੈ, ਇਹ ਵਧ ਰਿਹਾ ਪ੍ਰਦੂਸ਼ਣ। ਇਸ ਵਧ ਰਹੇ ਹਵਾ ਪ੍ਰਦੂਸ਼ਣ ਨਾਲ ਪਸ਼ੂ ਅਤੇ ਹੋਰ ਜਾਨਵਰ ਵੀ ਬਹੁਤ ਪ੍ਰਭਾਵਿਤ ਹੁੰਦੇ ਹਨ। ਜਿਵੇਂ ਗਊਆਂ, ਮੱਝਾਂ, ਬਲਦ ਅਤੇ ਭੇਡਾਂ ਵਿੱਚ ਫਲੋਰੀਨ ਦੇ ਜ਼ਹਿਰੀਲੇ ਪ੍ਰਭਾਵ ਕਾਰਨ ਭੁੱਖ ਮਰ ਜਾਂਦੀ ਹੈ ਅਤੇ ਹੋਰ ਕਈ ਕਿਸਮ ਦੇ ਰੋਗ ਲੱਗ ਜਾਂਦੇ ਹਨ(20)

ਡਾ. ਸੁਰਜੀਤ ਸਿੰਘ ਢਿੱਲੋਂ ਦੇ ਨਿਬੰਧ 'ਖ਼ਤਰੇ 'ਚ ਪਿਆ ਮਨੁੱਖੀ ਭਵਿੱਖ' ਬੜੇ ਦਿਲਚਸਪ ਤਰੀਕੇ ਨਾਲ ਪ੍ਰਦੂਸ਼ਣ ਸਦਕਾ ਭਵਿੱਖਤ ਸੰਕਟ ਦਾ ਦ੍ਰਿਸ਼ਟਾਂਤ ਪੇਸ਼ ਕਰਦਾ ਹੈ। ਪ੍ਰਿਥਵੀ ਉੱਪਰ ਕੁੱਲ ਕੁਦਰਤੀ ਸ੍ਰੋਤਾਂ ਦਾ ਅੱਧ ਤਾਂ ਮਨੁੱਖ ਹੁਣ ਤੱਕ ਵਰਤ ਚੁੱਕਾ ਹੈ। ਅਜੇ ਵੀ ਉਸਦੀ ਵਾਸਨਾ ਵਿੱਚ ਕੋਈ ਕਮੀ ਨਹੀਂ ਆਈ ਤੇ ਨਾ ਹੀ ਉਜਾੜੇ ਦੀ ਚਾਲ ਧੀਮੀ ਪਈ ਹੈ। ਅਜੋਕੀ ਸਥਿਤੀ ਵਿੱਚ ਅਨੇਕਾਂ ਅਣਪਛਾਤੇ ਅਤੇ ਲਾ-ਇਲਾਜ ਰੋਗਾਂ ਦੇ ਘੇਰੇ ਵਿੱਚ ਆ ਰਹੇ ਮਨੁੱਖਾਂ ਨੂੰ ਜੇਕਰ ਮਾਰੂ ਭਵਿੱਖ ਬਾਰੇ ਥੋੜ੍ਹੀ ਫ਼ਿਕਰ ਹੋ ਜਾਵੇ ਤਾਂ ਸ਼ਾਇਦ ਹੈ ਆਪਣੇ ਪੈਰੀ ਆਪ ਕੁਹਾੜੇ ਮਾਰਨੋਂ ਗੁਰੇਜ਼ ਕਰਨ ਲੱਗ ਜਾਣ।

ਸਾਵੇ ਤੇ ਰਮਣੀਕ ਕੁਦਰਤੀ ਸੁਹੱਪਣ ਤੋਂ ਗੱਲ ਆਰੰਭਣ ਵਾਲੀ ਦਵੀ ਦਵਿੰਦਰ ਕੌਰ ਨੇ ਬਚਪਨ ਨੂੰ ਯਾਦ ਕਰਦਿਆਂ ਪਿੰਡ ਦੇ ਗੁਰਦੁਆਰੇ ਵਿਖੇ ਸੰਘਣੇ ਛਾਂ-ਦਾਰ ਰੁੱਖਾਂ ਨੂੰ ਸਲਾਹਿਆ ਹੈ। ਆਪਣੇ ਲੇਖ 'ਗੱਲੀਂ ਅਸੀਂ ਚੰਗੀਆਂ' ਅਧੀਨ ਲੇਖਿਕਾ ਨੇ ਹਰ ਪਾਸਿਓਂ ਵਿਸ਼ੇਸ਼ ਕਰਕੇ ਵਾਤਾਵਰਨ ਪੱਖੋਂ ਸਾਡੀ ਕਰਨੀ ਤੇ ਕਹਿਣੀ ਵਿਚਕਾਰਲੇ ਪਾੜੇ ਨੂੰ ਬਿਆਨ ਕੀਤਾ ਹੈ। ਵਾਤਾਵਰਨ-ਸੰਭਾਲ ਦੇ ਸੰਦਰਭ ਵਿੱਚ ਅਵੇਸਲਾਪਣ ਕੁਝ ਜਾਣ ਕੇ ਵੀ ਹੈ ਤੇ ਕੁਝ ਅਣਜਾਣੇ ਵਿੱਚ ਵੀ। ਕੁਦਰਤੀ ਸੁਹੱਪਣ ਨਾਲ ਲਬਰੇਜ਼ ਭਾਰੇ ਰੁੱਖਾਂ ਨੂੰ ਕੱਟ ਕੇ ਕੇਵਲ ਸਜਾਵਟੀ ਬੂਟੇ ਲਾਉਣਾ ਆਧੁਨਿਕਤਾ ਦੀ ਹਾਮੀ ਭਰਦਾ ਹੈ। ਲੇਖਿਕਾ ਦੱਸਦੀ ਹੈ ਕਿ ਧਾਰਮਿਕ ਸਥਾਨਾਂ ਦੇ ਵਿਹੜਿਆਂ ਵਿੱਚ ਰੁੱਖ ਉਗਾਉਣ ਦੀ ਯੋਗ ਥਾਂ ਹੋਣ ਦੇ ਬਾਵਜੂਦ ਵੀ ਵਿਹੜੇ ਪੱਕੇ ਹੋਣਾ, ਰੁੱਖਾਂ ਦਾ ਕੱਟੇ ਜਾਣਾ ਤੇ ਕੁਦਰਤ

ਨਾਲੋਂ ਨਿੱਖੜ ਜਾਣਾ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਪਦਾਰਥਕ ਤਰੱਕੀ ਕਰ ਰਿਹਾ ਮਨੁੱਖ ਆਪਣੀਆਂ ਜੜ੍ਹਾਂ ਤੋਂ, ਆਪਣੇ ਅਸਲੇ ਤੋਂ ਦੂਰ ਵੱਸ ਰਿਹਾ ਹੈ। ਕੁਦਰਤ ਦੀ ਅਪਾਰ ਬਖਸ਼ਿਸ਼ ਪਾਣੀ ਦੇ ਰੂਪ ਵਿੱਚ ਜੀਵਨ ਦਾ ਆਧਾਰ ਬਣ ਕੇ ਹੋਂਦ ਵਿੱਚ ਆਈ ਹੈ। ਪਾਣੀ ਨੂੰ ਲੋੜ ਤੋਂ ਵੱਧ ਵਰਤ ਕੇ ਪਾਣੀ ਦੇ ਸੰਕਟ ਨੂੰ ਸੱਦਾ ਦੇਣ ਦਾ ਸਿਹਰਾ ਆਧੁਨਿਕ ਮਨੁੱਖ ਦੇ ਸਿਰ ਹੀ ਬੱਝਦਾ ਹੈ। ਲੇਖਿਕਾ ਨੇ ਇਸ ਪ੍ਰਥਾਇ ਲਿਖਿਆ ਹੈ ਕਿ:

> ਸਰਦਾਰ ਜੀ ਸੁਵੱਖਤੇ ਹੀ ਕਾਰ ਧੋ ਰਹੇ ਹਨ। ਕਾਰ ਉੱਤੇ ਉਹ ਏਨਾ ਪਾਣੀ ਮਾਰਦੇ ਹਨ ਕਿ ਮੈਨੂੰ ਜਾਪਣ ਲੱਗਦਾ ਹੈ ਕਿ ਇਹ ਪਾਣੀ ਨਾਲ ਖੁਰ ਜਾਏਗੀ। ਦੂਜੇ ਪਾਸੇ ਵਾਲੇ ਭੈਣ ਜੀ ਸਵੇਰੇ ਹੀ ਕੇਸੀ ਨਾਹ ਧੋ ਕੇ ਧੋਤੇ ਕੱਪੜੇ ਪਾ ਕੇ ਤੁਲਸੀ ਉੱਤੇ ਮੱਥਾ ਟੇਕਣ ਮਗਰੋਂ ਸੂਰਜ ਨੂੰ ਪਾਣੀ ਚੜ੍ਹਾਉਂਦੇ ਹਨ ਤੇ ਫਿਰ ਘਰ ਦੀ ਸਫ਼ਾਈ ਦੀ ਮੁਹਿੰਮ ਤੋਰਦੇ ਹਨ। ਉਹ ਘਰ ਦਾ ਕੂੜਾ ਵੀ ਵਿਹੜੇ ਵਿੱਚੋਂ ਪਾਣੀ ਨਾਲ ਹੂੰਝਦੇ ਹਨ(26)

ਡਾ. ਏ.ਪੀ.ਐਸ. ਕਾਲੇਕਾ ਅਤੇ ਡਾ. ਪਰਮਿੰਦਰ ਕੌਰ ਨੇ 'ਅਜੋਕਾ ਮਨੁੱਖ ਅਤੇ ਵਾਤਾਵਰਣ' ਸਿਰਲੇਖ ਅਧੀਨ ਲਿਖੇ ਲੇਖ ਵਿੱਚ ਪਰੰਪਰਾਗਤ ਸਭਿੱਅਤਾ ਦਾ ਆਧੁਨਿਕ ਸਭਿੱਅਤਾ ਨਾਲ ਟਾਕਰਾ ਕੀਤਾ ਗਿਆ ਹੈ। ਇਸ ਲੇਖ ਵਿੱਚ ਵਰਤਮਾਨ ਸਦੀ ਦੇ ਉਹਨਾਂ ਵਿਸ਼ੇਸ਼ ਸਰੋਕਾਰਾਂ ਦਾ ਜ਼ਿਕਰ ਕੀਤਾ ਗਿਆ ਹੈ ਜਿਹੜੇ ਵਾਤਾਵਰਨ ਨੂੰ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਅਸਰ-ਅੰਦਾਜ਼ ਕਰਦੇ ਹਨ। ਪ੍ਰਦੂਸ਼ਣ ਦੀ ਸਮੱਸਿਆ ਕੁਦਰਤ ਨਾਲੋਂ ਮਨੁੱਖ ਦੇ ਤਿੜਕੇ ਰਿਸ਼ਤੇ ਦੀ ਹੀ ਉਪਜ ਹੈ। ਇਹ ਗੱਲ ਤਾਂ ਸਾਫ਼ ਸਪੱਸ਼ਟ ਹੈ ਕਿ ਵਿਕਾਸ ਦੀ ਤੇਜ਼ ਦੌੜ ਵਿੱਚ ਮਨੁੱਖੀ ਬੇਕਦਰੀ, ਲਾਪਰਵਾਹੀ ਅਤੇ ਸਵੈ-ਕੇਂਦਰਤ ਸੋਚ ਦਾ ਖ਼ਮਿਆਜਾ ਵਾਤਾਵਰਨ ਨੂੰ ਭੁਗਤਣਾ ਪੈ ਰਿਹਾ ਹੈ। ਸੰਘਣੀ ਆਬਾਦੀ ਵਾਲੇ ਸਾਡੇ ਮੁਲਕ ਵਿੱਚ ਕੁਦਰਤੀ ਸਰੋਤਾਂ ਦੀ ਵਰਤੋਂ ਅਸੰਜਮ ਪੂਰਨ ਤਰੀਕੇ ਨਾਲ ਹੋ ਰਹੀ ਹੈ। ਵਿਕਾਸ ਨੂੰ ਜ਼ਿੰਦਾਬਾਦ ਕਰਨ ਵਾਲੇ ਕੁਦਰਤੀ ਚੁਗਰਿਦੇ ਨੂੰ ਤਬਾਹ ਕਰੀ ਜਾ ਰਹੇ ਨੇ। ਇਸ ਪ੍ਰਥਾਇ ਲਿਖਿਆ ਗਿਆ ਹੈ ਕਿ:

> ਭਾਰਤ ਧਰਤੀ ਦੇ 2.4 ਪ੍ਰਤੀਸ਼ਤ ਹਿੱਸੇ ਉੱਪਰ ਹੀ ਕੁੱਲ ਕੁਦਰਤੀ ਸ੍ਰੋਤਾਂ ਦਾ 10.5 ਪ੍ਰਤੀਸ਼ਤ ਸਾਂਭੀ ਬੈਠਾ ਹੈ। ਪੇਂਡੂ ਅਰਥਚਾਰੇ ਅਤੇ ਖੇਤੀ ਪ੍ਰਧਾਨ ਇਸ ਦੇਸ਼ ਦੇ ਪਿੰਡਾਂ ਦੀ ਹਵਾ ਵੀ ਅੱਜ ਦੂਸ਼ਿਤ ਹੈ।

ਆਜ਼ਾਦੀ ਸਮੇਂ ਸਾਡੇ ਦੇਸ਼ ਦੇ ਲਗਭਗ 329 ਮਿਲੀਅਨ ਹੈਕਟੇਅਰ ਦਾ ਤਕਰੀਬਨ 22 ਪ੍ਰਤੀਸ਼ਤ ਰਕਬਾ ਜੰਗਲਾਂ ਹੇਠ ਸੀ। ਉਦਯੋਗੀਕਰਨ, ਸ਼ਹਿਰੀਕਰਨ ਅਤੇ ਵਧਦੀ ਹੋਈ ਆਬਾਦੀ ਦੀਆਂ ਜ਼ਰੂਰਤਾਂ ਪੂਰੀਆਂ ਕਰਦਿਆਂ ਅੱਜ ਇਹ ਰਕਬਾ ਤਕਰੀਬਨ 10 ਪ੍ਰਤੀਸ਼ਤ ਹੀ ਰਹਿ ਗਿਆ ਹੈ, ਜਿਸ ਕਾਰਨ ਸਾਡੇ ਕੁਦਰਤੀ ਸ੍ਰੋਤਾਂ ਦਾ ਵਿਨਾਸ਼ ਤਾਂ ਸੁਭਾਵਿਕ ਹੀ ਹੈ(29)

ਹਰੀ ਕ੍ਰਾਂਤੀ ਨੂੰ ਵਾਤਾਵਰਨ ਪ੍ਰਦੂਸ਼ਣ ਲਈ ਆਰੋਪਿਤ ਕਰਦੇ ਹੋਏ ਲੇਖਕਾਂ ਨੇ ਖੇਤੀ ਪ੍ਰਧਾਨ ਸੂਬਾ-ਪੰਜਾਬ ਲਈ ਡੂੰਘੀ ਚਿੰਤਾ ਜਤਾਈ ਹੈ। ਪੰਜਾਂ ਦਰਿਆਵਾਂ ਦੀ ਪਲੀ ਜ਼ਰਖੇਜ਼ ਜ਼ਮੀਨ ਨੂੰ ਸੋਕੇ, ਜ਼ਹਿਰੀਲੀਆਂ ਖਾਦਾਂ, ਬੰਜਰ ਹੋਏ ਖੇਤਾਂ ਤੇ ਵਾਤਾਵਰਨ ਵਿਰੋਧੀ ਖੇਤੀ ਤਕਨੀਕਾਂ ਨੇ ਅਜਿਹੀ ਸੱਟ ਮਾਰੀ ਹੈ ਕਿ ਇੱਥੋਂ ਦਾ ਕਿਸਾਨ ਖੇਤੀ ਵਿੱਚ ਮੁਨਾਫੇ ਦੀ ਥਾਂ ਘਾਟਾ ਸਹਿੰਦਾ ਹੈ। ਕੁੱਲ ਲੋਕਾਈ ਦਾ ਢਿੱਡ ਭਰਨ ਵਾਲਾ ਆਪ ਵੀ ਕਈ ਵਾਰ ਭੁੱਖਾ ਰਹਿੰਦਾ ਹੈ ਤੇ ਕਰਜ਼ੇ ਹੇਠ ਦੱਬ ਕੇ ਕਈ ਵਾਰ ਆਤਮ-ਹੱਤਿਆ ਵੱਲ ਕਦਮ ਚੁੱਕ ਲੈਂਦਾ ਹੈ।

ਰੇਖਾ ਅਵਸਥੀ ਦਾ ਨਿਬੰਧ 'ਧਰਤੀ ਕਰੇ ਪੁਕਾਰ...' ਅਧੀਨ ਮਨੁੱਖਾਂ ਹੱਥੋਂ ਪਲੀਤ ਹੋ ਰਹੀ ਧਰਤੀ ਦੀ ਤ੍ਰਾਸਦੀ ਧਰਤੀ ਦਾ ਮਾਨਵੀਕਰਨ ਕਰਕੇ ਬਿਆਨ ਕੀਤੀ ਗਈ ਹੈ। ਪ੍ਰਿਥਵੀ ਆਪਣੀ ਜ਼ੁਬਾਨੀ ਦੱਸਦੀ ਹੈ ਕਿ ਮਨੁੱਖ ਉਸਦੀ ਗੋਦ ਵਿੱਚ ਪਲਿਆ ਅਤੇ ਸਮਝਦਾਰ ਹੁੰਦਾ ਗਿਆ। ਉਸਨੇ ਆਪਣੇ ਜੀਵਨ ਨੂੰ ਸਹੂਲਤਾਂ ਦੇਣ ਲਈ ਵਿਗਿਆਨਕ ਵਿਕਾਸ ਕੀਤਾ। ਫਿਰ ਆਰਥਿਕ ਵਿਕਾਸ ਲਈ ਉਦਯੋਗਾਂ, ਸ਼ਹਿਰੀਕਰਨ ਤੇ ਮੰਡੀਕਰਨ ਦਾ ਦੌਰ ਆਰੰਭ ਹੋਇਆ। ਜਲ ਸਰੋਤਾਂ ਨੂੰ ਮਲੀਨ ਕੀਤਾ ਗਿਆ, ਰੁੱਖਾਂ ਨੂੰ ਪੁੱਟਿਆ ਗਿਆ। ਕੁਦਰਤ ਨਾਲ ਮਤਰੇਆ ਨਾਤਾ ਰੱਖ ਕੇ ਮੌਸਮੀ-ਚੱਕਰ ਵੀ ਅਸੰਤੁਲਿਤ ਹੋ ਗਿਆ। ਧਰਤੀ ਦੀ ਪਰਤ, ਧਰਤੀ ਹੇਠਲਾ ਪਾਣੀ, ਹਵਾ, ਵਾਤਾਵਰਨ, ਜੰਗਲੀ-ਵਿਭਿੰਨਤਾ, ਸਭ ਕੁਝ ਹੌਲ਼ੀ-ਹੌਲ਼ੀ ਦੂਸ਼ਿਤ ਹੁੰਦਾ ਗਿਆ। ਅਵਸਥੀ ਨੇ ਜੰਗਲਾਂ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ ਵਰਤਮਾਨ ਸਥਿਤੀ ਦਾ ਪ੍ਰਗਟਾਵਾ ਇਸ ਪ੍ਰਕਾਰ ਕੀਤਾ ਹੈ:

ਦਰਖਤਾਂ ਦੀ ਅੰਨ੍ਹੇਵਾਹ ਕੱਟਣ ਦਾ ਅਸਰ ਜਲਵਾਯੂ ਉੱਤੇ ਵੀ ਘਾਤਕ ਸਿੱਧ ਹੋਇਆ ਹੈ। ਜਿਹੜੇ ਦਰਖ਼ਤ ਕਾਰਬਨ ਡਾਈਆਕਸਾਈਡ ਨੂੰ ਪ੍ਰਕਾਸ਼ ਸੰਸਲੇਸ਼ਣ ਲਈ ਉਪਯੋਗ ਕਰਕੇ ਆਕਸੀਜਨ ਵਿੱਚ ਤਬਦੀਲ ਕਰ ਸਕਦੇ ਹਨ, ਉਨ੍ਹਾਂ ਦੀ ਅਣਹੋਂਦ ਵਿੱਚ ਕਾਰਬਨ ਡਾਈਆਕਸਾਈਡ ਦੀ ਵਧਦੀ

ਮਾਤਰਾ ਨੇ ਹਰਾ ਗ੍ਰਹਿ ਪ੍ਰਭਾਵ ਵਿੱਚ ਯੋਗਦਾਨ ਪਾਇਆ ਅਤੇ ਵਾਯੂ ਮੰਡਲ ਦਾ ਤਾਪਮਾਨ ਹਾਨੀਕਾਰਨ ਪੱਧਰ ਉੱਤੇ ਵਧਾਉਣ ਵੱਲ ਰੁਖ ਕੀਤਾ(38)

ਡਾ. ਡੀ.ਪੀ.ਸਿੰਘ ਨੇ ਆਪਣੇ ਨਿਬੰਧ ਵਿੱਚ ਧਰਤੀ ਪ੍ਰਦੂਸ਼ਣ ਦੇ ਨਾਲ-ਨਾਲ ਪੁਲਾੜੀ ਪ੍ਰਦੂਸ਼ਣ ਬਾਰੇ ਵਿਚਾਰ ਪੇਸ਼ ਕੀਤੇ ਹਨ। ਪੁਲਾੜ ਵਿੱਚ ਵੀ ਅਣ-ਲੋੜੀਂਦੀਆਂ ਵਸਤਾਂ ਵਿੱਚ ਮਨੁੱਖਾਂ (ਪੁਲਾੜ ਯਾਤਰੀਆਂ), ਦੁਆਰਾ ਸੁੱਟੇ ਗਏ ਕਚਰੇ ਦਾ ਹਿੱਸਾ ਵੀ ਹੈ। ਡਾ. ਡੀ.ਪੀ.ਸਿੰਘ ਇਸ ਸੰਬੰਧੀ ਆਪਣੀ ਰਾਏ ਇਉਂ ਪੇਸ਼ ਕਰਦੇ ਹਨ:

ਸੰਨ 2001 ਤੱਕ ਪ੍ਰਿਥਵੀ ਨੇੜਲੇ ਪੁਲਾੜ ਵਿੱਚ 8000 ਤੋਂ ਵੀ ਵਧੇਰੇ ਪੁਲਾੜੀ ਵਸਤੂਆਂ ਮੌਜੂਦ ਹਨ। ਅਮਰੀਕਾ ਦੀ ਪ੍ਰਸਿੱਧ ਫੌਜੀ ਸੰਸਥਾ 'ਨਾਰਥ ਅਮੈਰੀਕਨ ਏਅਰ ਡਿਫੈਂਸ ਕਮਾਂਡ' ਦੀ ਇੱਕ ਰਿਪੋਰਟ ਅਨੁਸਾਰ ਪ੍ਰਿਥਵੀ ਗ੍ਰਹਿ ਨੇੜਲੇ ਪੁਲਾੜ ਵਿੱਚ ਬੰਟਿਆਂ ਦੇ ਆਕਾਰ ਤੋਂ ਲੈ ਕੇ ਫੁੱਟਬਾਲ ਦੇ ਆਕਾਰ ਤੱਕ ਦੀਆਂ 30,000 ਪੁਲਾੜੀ ਵਸਤੂਆਂ ਮੌਜੂਦ ਹਨ, ਜਿਨ੍ਹਾਂ ਦਾ ਥਹੁ-ਪਤਾ ਰੱਖਣਾ ਸੰਭਵ ਨਹੀਂ। ਇਨ੍ਹਾਂ ਵਸਤੂਆਂ ਵਿੱਚ ਨਟ, ਪੇਚ, ਸੂਰਜੀ ਸੈੱਲਾਂ ਦੇ ਟੁਕੜੇ, ਪੁਲਾੜੀ ਵਾਹਨਾਂ ਦੇ ਬੇਕਾਰ ਹੋਏ ਹਿੱਸੇ ਮੌਜੂਦ ਹਨ। ਇਸ ਆਸਮਾਨੀ ਕੂੜੇ-ਕਰਕਟ ਦੀ ਮਾਤਰਾ 8 ਟਨ ਤੋਂ ਵੀ ਵਧੇਰੇ ਹੈ(43)

ਡਾ. ਐਨ.ਐਸ. ਟਿਵਾਣਾ ਦੁਆਰਾ ਲਿਖੇ ਗਏ ਲੇਖ 'ਰਸਾਇਣਾਂ ਨਾਲ ਪ੍ਰਦੂਸ਼ਿਤ ਭੂਮੀ', ਵਿੱਚ ਭਿੰਨ-ਭਿੰਨ ਰਸਾਇਣਿਕ ਪਦਾਰਥਾਂ ਨਾਲ ਹੋ ਰਹੇ ਜਲ, ਥਲ ਤੇ ਵਾਯੂ ਪ੍ਰਦੂਸ਼ਣ ਬਾਬਤ ਵਿਚਾਰ ਕੀਤੀ ਗਈ ਹੈ। ਪੰਜਾਬ ਖੇਤੀ ਆਧਾਰਿਤ ਸੂਬਾ ਹੈ ਤੇ ਇੱਥੋਂ ਦੇ ਕਿਸਾਨ ਬੜੇ ਉੱਦਮੀ ਹਨ। ਹਰੀ ਕ੍ਰਾਂਤੀ ਦੇ ਤੌਰ-ਤਰੀਕਿਆਂ ਨੂੰ ਅਜ਼ਮਾਉਣ ਲਈ ਪੰਜਾਬ ਨੂੰ ਲੈਬੋਰਟਰੀ ਵਾਂਗ ਪ੍ਰਯੋਗ ਕੀਤਾ ਗਿਆ ਸੀ। ਪਰ ਇਸ ਦੀ ਪੈਰਵੀ ਕਰਨ ਵਾਲੇ ਅਦਾਰਿਆਂ ਵੱਲੋਂ ਇਸ ਦੇ ਦੂਰ-ਗਾਮੀ ਨਤੀਜਿਆਂ ਬਾਰੇ ਸੋਚਣ ਬਾਰੇ ਭਾਰੀ ਅਣਗਹਿਲੀ ਹੋ ਗਈ। ਇਸ ਬਾਬਤ ਡਾ. ਟਿਵਾਣਾ ਦਾ ਕਥਨ ਹੈ ਕਿ:

> ਖੇਤੀਬਾੜੀ ਦੀ ਕ੍ਰਾਂਤੀ ਦੀ ਅਗਵਾਈ ਕਰਦੀਆਂ ਸੰਸਥਾਵਾਂ ਨੇ ਆਪਣਾ ਉਚਿਤ ਫਰਜ਼ ਨਹੀਂ ਨਿਭਾਇਆ। ਇਨ੍ਹਾਂ ਸੰਸਥਾਵਾਂ ਨੇ ਕਿਸਾਨਾਂ ਨੂੰ ਨਾ ਹੀ ਰਸਾਇਣਕ ਰੇਹਾਂ ਦੀ ਅਤੇ ਨਾ ਹੀ ਕੀੜੇਨਾਸ਼ਕ ਦਵਾਈਆਂ ਦੀ ਅਸੰਜਮੀ ਵਰਤੋਂ ਬਾਰੇ ਕੋਈ ਚੇਤਾਵਨੀ ਦਿੱਤੀ(48)

ਫ਼ਿਲਹਾਲ ਭਾਰਤ ਵਿੱਚ ਅਨਾਜ ਪੈਦਾਵਾਰ ਦੀ ਕੋਈ ਕਮੀ ਨਹੀਂ, ਜੇਕਰ ਕਮੀ ਹੈ ਤਾਂ ਉਸਦੇ ਸਮੇਂ ਸਿਰ ਖੇਤਰੀ ਵੰਡਾਰੇ ਦੀ। ਗੰਨੇ ਦੀਆਂ ਭਰੀਆਂ ਟਰਾਲੀਆਂ ਲੈ ਕੇ ਕਿਸਾਨ ਖੰਡ ਮਿੱਲਾਂ ਦੇ ਬਾਹਰ ਹਫ਼ਤਿਆਂ-ਬੱਧੀ ਇੰਤਜ਼ਾਰ ਕਰਦੇ ਰਹਿੰਦੇ ਹਨ। ਮੀਂਹ ਦਾ ਮੌਸਮ ਆਰੰਭ ਹੋਣ ਤੱਕ ਸਰਕਾਰੀ ਮੰਡੀਆਂ ਵਿੱਚ ਕਿਸਾਨਾਂ ਦੀ ਕਣਕ ਬਿਨਾ ਸੰਭਾਲੇ ਹੀ ਰੁਲ਼ਦੀ ਰਹਿੰਦੀ ਹੈ। ਰਸਾਇਣਿਕ ਪਦਾਰਥਾਂ ਦੀ ਅਯੋਗ ਵਰਤੋਂ ਕਾਰਨ ਧਰਤੀ ਦੀ ਉਪਜਾਊ ਸ਼ਕਤੀ ਘੱਟ ਰਹੀ ਹੈ। ਰਸਾਇਣਿਕ ਖਾਦਾਂ ਦੀ ਬੇਲੋੜੀ ਵਰਤੋਂ ਤੋਂ ਸੁਚੇਤ ਕਰਨ ਹਿੱਤ ਡਾ. ਟਿਵਾਣਾ ਵਿਸਥਾਰ ਨਾਲ ਦੱਸਦੇ ਹਨ ਕਿ:

> ਰਸਾਇਣਕ ਰੇਹਾਂ ਦੀ ਉਪਰੋ ਥੱਲੀ ਤਰੀਕੇ ਨਾਲ ਕੀਤੀ ਵਰਤੋਂ ਨੇ ਖੇਤਾਂ ਦੀ ਮਿੱਟੀ ਨੂੰ ਚਿਪਚਪੀ ਅਤੇ ਕਰੜੀ ਬਣਾ ਦਿੱਤਾ ਹੈ। ਇਸੇ ਕਾਰਨ ਬੂਟਿਆਂ ਦਾ ਅਜਿਹੀ ਮਿੱਟੀ ਅੰਦਰ ਜੜ੍ਹ ਫੜਨਾ ਇੱਕ ਸਮੱਸਿਆ ਬਣ ਗਿਆ ਹੈ। ਅਜਿਹੀ ਮਿੱਟੀ ਸਿੰਜਾਈ ਉਪਰੰਤ ਸੁੱਕਦੀ ਵੀ ਛੇਤੀ ਹੈ ਅਤੇ ਮੀਂਹ ਵਰ੍ਹਨ ਦੌਰਾਨ ਖੁਰਦੀ ਵੀ ਵਧੇਰੇ ਹੈ। ਫਸਲਾਂ ਦੀ ਉਪਜ ਲਈ ਇਹ ਦੋਵੇਂ ਹੀ ਗੱਲਾਂ ਸੁਖਾਵੀਆਂ ਨਹੀਂ ਹਨ। ਰਸਾਇਣਕ ਰੇਹਾਂ ਨੂੰ ਖੇਤਾਂ ਵਿੱਚ ਪਾਉਣ ਸਮੇਂ ਕਿਸਾਨ ਸੰਕੋਚ ਤੋਂ ਕੰਮ ਹੀ ਨਹੀਂ ਲੈਂਦੇ(49)

ਫਸਲਾਂ ਨੂੰ ਕੀੜਿਆਂ ਤੋਂ ਬਚਾਉਣ ਲਈ ਵਧੇਰੇ ਸਮਰੱਥਾ ਦੇ ਅਤੇ ਜ਼ਿਆਦਾ ਮਾਤਰਾ ਵਿੱਚ ਕੀਤੇ ਜਾਂਦੇ ਕੀਟਨਾਸ਼ਕ ਛਿੜਕਾਓ ਦਾ ਅਸਰ ਫਸਲਾਂ (ਅਨਾਜ, ਫ਼ਲਾਂ ਤੇ ਸਬਜ਼ੀਆਂ) ਵਿੱਚ ਪ੍ਰਵੇਸ਼ ਕਰ ਜਾਂਦਾ ਹੈ। ਇਸ ਤੋਂ ਵੀ ਵੱਧ ਜ਼ਰੂਰਤ ਤੋਂ ਵੱਧ ਮਾਤਰਾ ਵਿੱਚ ਕੀਤੇ ਰਸਾਇਣਿਕ ਛਿੜਕਾਓ ਭੂਮੀ ਅੰਦਰ ਜਿਉਰ ਕੇ ਪਾਣੀ ਦੇ ਪੱਤਣਾਂ ਤੱਕ ਪਹੁੰਚ ਜਾਂਦੇ ਹਨ। ਪੰਜਾਬੀ ਦੀ ਕੈਂਸਰ ਪੱਟੀ ਇਸੇ ਕਾਰਵਾਈ ਦਾ ਨਤੀਜਾ ਭੁਗਤ ਰਹੀ ਹੈ।

ਡਾ .ਬੀ. ਐਸ. ਗਿੱਲ ਦੁਆਰਾ ਲਿਖੇ ਨਿਬੰਧ 'ਨਸ਼ਟ ਹੋ ਰਹੀ ਵਣ ਸੰਪਤੀ' ਵਿੱਚ ਮਨੁੱਖਾਂ ਦੇ ਲਾਲਚੀ ਵਤੀਰੇ ਕਰਕੇ ਵਣਾਂ ਦੇ ਵਿਨਾਸ਼ ਨੂੰ ਮੁੱਦਾ ਬਣਾ ਕੇ ਵਿਚਾਰ ਕੀਤਾ ਗਿਆ ਹੈ। ਭਾਰਤ ਦੀ ਆਬਾਦੀ ਵਿਸ਼ਵ ਦੀ

ਕੁੱਲ ਆਬਾਦੀ ਦਾ ਲਗਭਗ 15 ਪ੍ਰਤੀਸ਼ਤ ਹੈ। ਪਰੰਤੂ ਇਸ ਦੇ ਵਣਾਂ ਦਾ ਰਕਬਾ ਵਿਸ਼ਵ ਦੇ ਵਣ ਰਕਬੇ ਦੀ ਤੁਲਣਾ ਵਿੱਚ ਕੇਵਲ 2 ਪ੍ਰਤੀਸ਼ਤ ਹੀ ਹੈ। ਦੋਹਾਂ ਵਿਸ਼ਵ ਜੰਗਾਂ ਵਿੱਚ ਵਣ-ਸੰਪਤੀ ਨੂੰ ਬਹੁਤ ਨੁਕਸਾਨ ਪੁਚਾਇਆ ਗਿਆ ਸੀ, ਸੋ ਆਜ਼ਾਦੀ ਪ੍ਰਾਪਤ ਕਰਨ ਉਪਰੰਤ ਭਾਰਤ ਦੀ ਕੋਸ਼ਿਸ਼ ਵਣ-ਸੰਪਦਾ ਨੂੰ ਫਿਰ ਤੋਂ ਹਰਿਆ-ਭਰਿਆ ਕਰਨ ਦੀ ਸੀ। ਵਣਾਂ ਦੀ ਸੁਰੱਖਿਆ ਲਈ ਕੀਤੇ ਗਏ ਸਰਕਾਰੀ ਉਪਰਾਲਿਆਂ ਬਾਰੇ ਡਾ. ਗਿੱਲ ਇਸ ਪ੍ਰਕਾਰ ਬਿਆਨ ਕਰਦੇ ਹਨ ਕਿ:

> ਭਾਰਤ ਦੇ ਆਜ਼ਾਦ ਹੁੰਦਿਆਂ ਹੀ ਸਰਕਾਰ ਨੇ ਵਣਾਂ ਨੂੰ ਮੁੜ ਸੁਰਜੀਤ ਅਤੇ ਆਬਾਦ ਕਰਨ ਦੀ ਲੋੜ ਨੂੰ ਮਹਿਸੂਸ ਕੀਤਾ। ਇਸ ਸੰਬੰਧ ਵਿੱਚ ਲੋਕਾਂ ਨੂੰ ਇਨ੍ਹਾਂ ਦੀ ਮਹੱਤਤਾ ਪ੍ਰਤੀ ਜਾਗਰੂਕ ਕਰਾਉਣ ਲਈ ਉਸ ਸਮੇਂ ਦੇ ਖ਼ੁਰਾਕ ਅਤੇ ਖੇਤੀਬਾੜੀ ਮੰਤਰੀ ਨੇ 1950 ਈਸਵੀ ਵਿੱਚ, ਰਾਸ਼ਟਰੀ-ਪੱਧਰ ਉੱਤੇ 'ਵਣ ਮਹਾਂਉਤਸਵ' ਦੇ ਰੂਪ ਵਿੱਚ 'ਬਿਰਖ-ਦਿਨ' ਮਨਾਉਣ ਦੀ ਪਰੰਪਰਾ ਸ਼ੁਰੂ ਕੀਤੀ ਜੋ ਹੁਣ ਤੱਕ ਜਾਰੀ ਹੈ(55)

ਵਣਾਂ ਨੂੰ ਨੁਕਸਾਨ ਪਹੁੰਚਾਉਣ ਪਿੱਛੇ ਬਹੁ-ਪਰਤੀ ਕਾਰਵਾਈ ਨਿਰੰਤਰ ਚੱਲਦੀ ਰਹਿੰਦੀ ਹੈ। ਕੁਝ ਅਦਾਰੇ/ਨਿੱਜੀ ਸਮੂਹ ਵਣ-ਸੰਪਤੀ ਨੂੰ ਆਪਣੇ ਮਨੋਰਥ ਪੂਰੇ ਕਰਨ ਲਈ ਉਜਾੜ ਰਹੇ ਹਨ ਤੇ ਕੁਝ ਕਾਰਨਾਂ ਕਰਕੇ ਸਰਕਾਰੀ ਵਿਭਾਗ ਵੀ ਨਾ ਚਾਹੁੰਦੇ ਹੋਏ ਇਹਨਾਂ ਨੂੰ ਨੁਕਸਾਨ, ਪਹੁੰਚਾਉਣ ਦੇ ਭਾਗੀਦਾਰ ਬਣ ਹੀ ਜਾਂਦੇ ਹਨ। ਆਪਣੇ ਕਥਨ ਨੂੰ ਸਪੱਸ਼ਟ ਕਰਨ ਲਈ ਡਾ. ਗਿੱਲ ਲਿਖਦੇ ਹਨ ਕਿ:

> ਭਾਰਤ ਵਿੱਚ ਖਣਿਜ ਭੰਡਾਰ ਜ਼ਮੀਨ ਦੇ ਅੰਦਰ ਉੱਥੇ ਹੀ ਮਿਲਦੇ ਹਨ ਜਿੱਥੇ ਵਧੇਰੇ ਜੰਗਲ ਹਨ। ਉਨ੍ਹਾਂ ਦਾ ਨਿਕਾਸ ਕਰਨ ਨਾਲ ਕੁਝ ਨੁਕਸਾਨ ਉੱਥੋਂ ਦੇ ਰੁੱਖਾਂ ਨੂੰ ਹੋਣਾ ਲਾਜ਼ਮੀ ਹੀ ਹੈ। ਪਰ ਸਾਡੀ ਜਨ-ਸੰਖਿਆ ਦਾ ਵਾਧਾ ਹੀ ਵਣਾਂ ਦੇ ਵਿਨਾਸ਼ ਦਾ ਮੂਲ ਕਾਰਨ ਹੈ। ਪਿੰਡਾਂ ਦੇ ਨੇੜੇ ਅਤੇ ਸ਼ਾਮਲਾਟਾਂ ਵਿੱਚੋਂ ਹੌਲੀ-ਹੌਲੀ ਸਾਰੇ ਜੰਗਲ ਖ਼ਤਮ ਹੁੰਦੇ ਜਾ ਰਹੇ ਹਨ(57)

ਭਾਰਤ ਦੀ ਦੂਜੀ ਵਣ-ਨੀਤੀ ਵਿੱਚ ਪੇਂਡੂ ਲਘੂ-ਵਣ, ਜਨ-ਚੇਤਨਾ ਪਾਰਕ, ਸੜਕਾਂ, ਨਹਿਰਾਂ, ਰੇਲ ਦੀਆਂ ਪਟੜੀਆਂ ਦੇ ਕੰਢੇ ਅਤੇ ਸ਼ਾਮਲਾਟਾਂ ਉੱਤੇ ਰੁੱਖ ਲਗਾਉਣ ਲਈ ਆਮ-ਜਨਤਾ ਦਾ ਸਹਿਯੋਗ ਲੈਣ ਲਈ

ਤਜ਼ਵੀਜ਼ ਪੇਸ਼ ਕੀਤੀ ਗਈ ਸੀ। ਸਕੂਲਾਂ, ਆਂਗਣਵਾੜੀਆਂ, ਪੰਚਾਇਤ ਘਰਾਂ, ਧਾਰਮਿਕ ਸਥਾਨਾਂ ਕੋਲ ਰੁੱਖ ਵਧੇਰੇ ਉਗਾਏ ਜਾ ਸਕਦੇ ਹਨ। ਉਗਾਏ ਜਾਣ ਲਈ ਰੁੱਖਾਂ ਦੀਆਂ ਕਿਸਮਾਂ ਦੀ ਚੋਣ ਜਗ੍ਹਾ, ਮੌਸਮ ਤੇ ਸਥਾਨਕ ਜਲਵਾਯੂ ਅਨੁਸਾਰ ਕੀਤੀ ਜਾਣੀ ਚਾਹੀਦੀ ਹੈ: ਇਸ ਮੰਤਵ ਦੀ ਪੂਰਤੀ ਲਈ ਰੁੱਖਾਂ ਬਾਰੇ ਜਾਣਕਾਰੀ ਕਾਫ਼ੀ ਲਾਹੇਵੰਦ ਸਾਬਤ ਹੁੰਦੀ ਹੈ। ਬਨਸਪਤੀ ਬਾਰੇ ਜਾਣਕਾਰੀ ਹਾਸਿਲ ਕਰਨ ਲਈ ਪ੍ਰਕ੍ਰਿਤੀ ਪ੍ਰੇਮ ਵੀ ਬਹੁਤ ਜ਼ਰੂਰੀ ਹੈ।

ਡਾ. ਬਲਵਿੰਦਰ ਸਿੰਘ ਸੂਚ ਦੁਆਰਾ ਲਿਖੇ ਨਿਬੰਧ 'ਨਸ਼ਟ ਹੋ ਰਹੀ ਓਜ਼ੋਨ ਪਰਤ' ਵਿੱਚ ਓਜ਼ੋਨ ਪਰਤ ਦੀ ਮਹੱਤਤਾ ਦੱਸਦੇ ਹੋਏ ਇਸ ਨੂੰ ਨੁਕਸਾਨ ਪਹੁੰਚਾਉਣ ਵਾਲੇ ਕਾਰਕਾਂ ਦਾ ਅਧਿਐਨ ਕੀਤਾ ਗਿਆ ਹੈ। ਇਸ ਨਿਬੰਧ ਵਿੱਚ ਓਜ਼ੋਨ ਪਰਤ ਨੂੰ ਹੋਰ ਖ਼ਰਾਬ ਹੋਣ ਤੋਂ ਬਚਾਉਣ ਲਈ ਸੁਝਾਓ ਵੀ ਪ੍ਰਸਤੁਤ ਕੀਤੇ ਹਨ। ਓਜ਼ੋਨ ਪਰਤ ਦੀ ਜ਼ਰੂਰਤ ਉਜਾਗਰ ਕਰਦੇ ਹੋਏ ਡਾ. ਸੂਚ ਦੱਸਦੇ ਹਨ ਕਿ:

> ਓਜ਼ੋਨ ਸਾਡੇ ਲਈ ਸੁਰੱਖਿਆ ਢਾਲ ਵਾਂਗ ਹੈ। ਜਿਵੇਂ ਫੌਜੀ ਹੱਦਾਂ ਦੀ ਰਾਖੀ ਕਰਕੇ ਘੁਸਪੈਠ ਰੋਕਦੇ ਹਨ, ਇਸੇ ਪ੍ਰਕਾਰ ਓਜ਼ੋਨ ਵੀ ਸੂਰਜ ਤੋਂ ਆ ਰਹੀਆਂ ਪ੍ਰਾਵੈਂਗਣੀ ਕਿਰਨਾਂ ਨੂੰ ਰੋਕਦੀ ਰਹਿੰਦੀ ਹੈ, ਠੀਕ ਉਸੇ ਪ੍ਰਕਾਰ ਜਿਵੇਂ ਪੁਣਨੀ ਨਾਲ ਅਸੀਂ ਦੁੱਧ ਪੁਣ ਕੇ ਸਾਫ਼ ਕਰ ਲੈਂਦੇ ਹਾਂ, ਇਹ ਪ੍ਰਾਵੈਂਗਣੀ ਕਿਰਨਾਂ ਜੀਵਨ ਲਈ ਹਾਨੀਕਾਰਕ ਹੁੰਦੀਆਂ ਹਨ। ਪਰ ਹੁਣ ਇਸ ਢਾਲ ਦਾ ਖ਼ਤਰਾ ਪੈਦਾ ਹੋ ਗਿਆ ਹੈ(61)

ਓਜ਼ੋਨ ਛੱਤਰੀ ਦੀ ਸੁਰੱਖਿਆ ਕਰਨ ਲਈ ਚਿੰਤਨ ਦੇ ਨਾਲ-ਨਾਲ ਸੁਘੜ ਯਤਨਾਂ ਦੀ ਵੀ ਭਰਪੂਰ ਲੋੜ ਹੈ। ਨਿੱਜੀ ਪੱਧਰ 'ਤੇ ਕਰਨਯੋਗ ਅਤੇ ਨਾ-ਕਰਨਯੋਗ ਕਾਰਜਾਂ ਬਾਬਤ ਜਾਣਕਾਰੀ ਸਾਂਝੀ ਕਰਦੇ ਹੋਏ ਡਾ. ਸੂਚ ਪਾਠਕਾਂ ਨੂੰ ਪ੍ਰੇਰਿਤ ਕਰਦੇ ਹੋਏ ਲੋੜ ਤੋਂ ਵੱਧ ਏਅਰ ਕੰਡੀਸ਼ਨਰਾਂ, ਰੈਫਰੀਜਰੇਟਰਾਂ ਆਦਿ ਨੂੰ ਵਰਤਣ ਤੋਂ ਸੰਕੋਚ ਕਰਨ ਲਈ ਸੰਕੇਤ ਦਿੱਤਾ ਹੈ।

ਪੁਰਾਤਨ ਭਾਰਤੀ ਸੱਭਿਆਚਾਰ ਵਿੱਚ ਰੁੱਖਾਂ ਨੂੰ ਦੇਵਤਿਆਂ ਵਾਂਗ ਪੂਜਣ ਦੀ ਪਰੰਪਰਾ ਰਹੀ ਹੈ। ਦੇਵਤਿਆਂ ਦੇ ਨਮਿੱਤ ਕੁਝ ਰੁੱਖਾਂ, ਪੰਛੀਆਂ, ਜੀਵਾਂ ਨੂੰ ਵਿਸ਼ੇਸ਼ ਸਨਮਾਨ ਦਿੱਤੇ ਜਾਣ ਪਿੱਛੇ ਪ੍ਰਕਿਰਤੀ-ਪ੍ਰੇਮ ਦਾ

ਸੰਕਲਪ ਦ੍ਰਿਸ਼ਟੀਗੋਚਰ ਹੁੰਦਾ ਹੈ। ਕੇਵਲ ਭਾਰਤ ਹੀ ਨਹੀਂ ਸਗੋਂ ਹੋਰਨਾਂ ਦੇਸ਼ਾਂ ਵਿੱਚ ਵੀ ਕੁਝ ਰੁੱਖਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਰਿਹਾ ਹੈ। ਰੁੱਖਾਂ ਦਾ ਅਜੋਕੇ ਸੱਭਿਆਚਾਰ ਵਿੱਚ ਸਥਾਨ, ਰੁੱਖਾਂ ਦਾ ਮਹੱਤਵ ਅਤੇ ਵਰਤਮਾਨ ਕਾਲ ਵਿੱਚ ਰੁੱਖਾਂ ਦੀ ਹੋ ਰਹੀ ਬੇਕਦਰੀ ਦਾ ਉਲੇਖ ਕਰਨ ਵਾਲਾ ਨਿਬੰਧ 'ਰੁੱਖ ਅਤੇ ਮਨੁੱਖ ਦੀ ਟੁੱਟਦੀ ਸਾਂਝ' ਕਿਰਪਾਲ ਸਿੰਘ ਦੁਆਰਾ ਲਿਖਿਆ ਗਿਆ ਹੈ। ਰੁੱਖਾਂ ਦੁਆਰਾ ਮਨੁੱਖਾਂ ਨੂੰ ਦਿੱਤੇ ਜਾਂਦੇ ਉਪਹਾਰਾਂ ਨੂੰ ਸੂਚੀ-ਬੱਧ ਕਰਦੇ ਹੋਏ ਲੇਖਕ ਹਵਾਲਾ ਦਿੰਦਾ ਹੈ ਕਿ:

> ਹਜ਼ਾਰਾਂ ਸਾਲਾ ਤੋਂ ਘਰ ਬਣਾਉਣ, ਘਰੋਗੀ ਸਮਾਨ ਮੰਜੇ-ਪੀੜ੍ਹੀਆਂ, ਸੱਦਾਂ ਦੇ ਦਸਤੇ, ਪਹੀਏ, ਗੱਡੇ ਛਕੜੇ, ਤੁਲ੍ਹੇ ਬੇੜੀਆਂ ਆਦਿ ਬਣਾਉਣ ਲਈ ਦਰਖਤਾਂ ਦੀ ਲੱਕੜੀ ਵਰਤੀ ਜਾ ਰਹੀ ਹੈ। ਸੈਂਕੜੇ ਕਿਸਮ ਦੇ ਰਸੀਲੇ ਫਲਾਂ, ਆਚਾਰ, ਮੁਰੱਬੇ, ਸ਼ਰਬਤਾਂ ਲਈ ਮਨੁੱਖ ਦਰਖਤਾਂ ਦਾ ਰਿਣੀ ਹੈ। ਦਵਾ-ਦਾਰੂ ਵਿਗਿਆਨ ਦੇ ਆਧਾਰ ਹੀ ਦਰਖ਼ਤ-ਬਨਸਪਤੀ ਦੀ ਰੋਗ ਨਿਵਾਰਕ ਸ਼ਕਤੀ ਹੈ(64)

ਮਨੁੱਖ ਦੀ ਜੀਵਨ ਆਧਾਰ ਵਾਯੂ ਵਿੱਚ ਮੌਜੂਦ ਆਕਸੀਜਨ ਦਾ ਅਹਿਮ ਯੋਗਦਾਨ ਹੈ ਅਤੇ ਇਹ ਆਕਸੀਜਨ ਸਾਨੂੰ ਰੁੱਖਾਂ ਕੋਲੋਂ ਮੁਫ਼ਤ ਵਿੱਚ ਪ੍ਰਾਪਤ ਹੁੰਦੀ ਹੈ। ਰੁੱਖ ਰੁੱਤ ਅਨੁਸਾਰ ਵਰਖਾ ਲਿਆਉਣ ਵਿੱਚ ਸਹਾਈ ਹੁੰਦੇ ਹਨ। ਜ਼ਮੀਨ ਨੂੰ ਖ਼ੁਰਨ ਤੋਂ ਬਚਾਉਣ ਲਈ ਦਰਖ਼ਤ ਸਹਾਈ ਹੁੰਦੇ ਹਨ। ਮਹਿਕਾਂ ਵੰਡਦੇ ਅਤੇ ਛਾਂਵਾਂ ਦਿੰਦੇ ਰੁੱਖ ਕੇਵਲ ਮਨੁੱਖਾਂ ਨੂੰ ਹੀ ਨਹੀਂ ਤੋਹਫੇ ਦਿੰਦੇ ਸਗੋਂ ਪੰਛੀਆਂ ਤੇ ਜੀਵਾਂ ਦੇ ਵਸੇਬੇ ਵੀ ਬਣਦੇ ਹਨ। ਧਰਤੀ ਦਾ ਸ਼ਿੰਗਾਰ ਬਨਸਪਤੀ ਨਾਲ ਦੂਣ-ਸਵਾਇਆ ਹੋ ਜਾਂਦਾ ਹੈ। ਰੁੱਖਾਂ ਦੀ ਖ਼ੁਸ਼ਹਾਲੀ ਸਦੀਵੀਂ ਅਤੇ ਯਕੀਨੀ ਬਣਾਉਣ ਲਈ ਸੰਬੰਧਿਤ ਕਾਨੂੰਨ ਵਿਵਸਥਾਵਾਂ, ਸੁਚਾਰੂ ਕਾਰਜ ਕਰ ਰਹੇ ਮਹਿਕਮੇ ਤੇ ਸਰਕਾਰੀ ਮਸ਼ੀਨਰੀ ਦੇ ਨਾਲ-ਨਾਲ ਸਮੂਹ ਮਨੁੱਖਾਂ ਦੀ ਵਪਾਰਕ ਮਾਨਸਿਕਤਾ ਦੀ ਥਾਂ ਰੁੱਖਾਂ ਪ੍ਰਤੀ ਉਦਾਰਵਾਦੀ ਮਾਨਸਿਕਤਾ ਨੂੰ ਵੀ ਧਾਰਨ ਕਰਨ ਦੀ ਲੋੜ ਹੈ। ਵੱਧ ਤੋਂ ਵੱਧ ਲਾਭ ਕਮਾਉਣ ਦੇ ਲਾਲਚ ਅਧੀਨ ਕੀਤੀਆਂ ਜਾ ਰਹੀਆਂ ਕਾਰਵਾਈਆਂ ਸਦਕਾ ਕਿਤੇ ਨਾ ਕਿਤੇ ਪ੍ਰਕਿਰਤੀ ਦੀ ਬਰਬਾਦੀ ਹੋ। ਇਸ ਪ੍ਰਥਾਇ ਲਿਖਿਆ ਗਿਆ ਹੈ ਕਿ:

ਸ਼ਾਮਲਾਟਾਂ, ਚਰਾਂਦਾਂ ਉੱਤੇ ਜ਼ੋਰੀ ਕਬਜ਼ੇ ਹੋ ਰਹੇ ਹਨ। ਕੁਝ ਨੂੰ ਉਸਾਰੀ ਸਕੀਮਾਂ ਖਾ ਰਹੀਆਂ ਹਨ। ਛੱਪੜ-ਟੋਭੇ ਭਰੇ ਜਾ ਰਹੇ ਹਨ। ਕਦੇ ਉਨ੍ਹਾਂ ਦੀ ਸ਼ਾਨ ਹੁੰਦੇ ਬੋਹੜ, ਨਿੰਮਾਂ, ਪਿੱਪਲ ਅਲੋਪ ਹੋ ਰਹੇ ਹਨ। ਹਰ ਸੜਕ, ਨਹਿਰ ਵਿਸ਼ੇਸ਼ ਕਰਕੇ ਦੂਰ ਵਾਲੀਆਂ, ਰੁੱਖ ਕਤਲੇ-ਆਮ ਦਾ ਦ੍ਰਿਸ਼ ਪੇਸ਼ ਕਰਦੀਆਂ ਹਨ(71)

ਸੁਰਜੀਤ ਤਲਵਾਰ ਦਾ ਲੇਖ 'ਜੈਵਿਕ-ਵਿਭਿੰਨਤਾ ਦੇ ਨਸ਼ਟ ਹੋਣ ਦਾ ਮਸਲਾ' ਜੈਵਿਕ ਵਿਭਿੰਨਤਾ ਪ੍ਰਤੀ ਪਾਠਕਾਂ ਨੂੰ ਜਾਗਰੂਕ ਕਰਦਾ ਹੈ। ਜੈਵਿਕ-ਵਿਭਿੰਨਤਾ ਕੁਦਰਤੀ ਚੁਗਿਰਦੇ ਦਾ ਮਹੱਤਵਪੂਰਨ ਅੰਗ ਹੈ। ਕਿਸੇ ਵਿਸੇਸ਼ ਖੇਤਰ ਵਿੱਚ ਜੀਵਨ ਦੀ ਵੰਨ-ਸੁਵੰਨਤਾ ਨੂੰ ਜੈਵਿਕ ਵਿਭਿੰਨਤਾ ਆਖਿਆ ਜਾਂਦਾ ਹੈ। ਵਧੇਰੇ ਸਮਝਣ ਲਈ ਇਸ ਇੱਕ ਮਿਸਾਲ ਲੈ ਸਕਦੇ ਹਾਂ; ਜਿਵੇਂ ਪੰਛੀਆਂ ਦੀਆਂ ਅਨੇਕਾਂ ਕਿਸਮਾਂ ਉਪਲੱਬਧ ਹਨ- ਚਿੜੀ, ਕਾਂ, ਤੋਤਾ, ਕਬੂਤਰ, ਬਾਜ, ਉੱਲੂ, ਬਟੇਰ, ਗੁਟਾਰ ਆਦਿ। ਹੁਣ ਚਿੜੀਆਂ ਵੀ ਅੱਗੋਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ। ਜਿਵੇਂ ਵੱਖ-ਵੱਖ ਆਕਾਰ ਜਾਂ ਵੱਖ-ਵੱਖ ਰੰਗਾਂ ਦੀਆਂ। ਇਸੇ ਪ੍ਰਕਾਰ ਹੋਰ ਜੀਵਾਂ ਬਾਰੇ ਵਿਚਾਰ ਕਰੀਏ ਤਾਂ ਕੁੱਤੇ, ਘੋੜੇ, ਹਾਥੀ ਆਦਿ ਵਿੱਚ ਅਨੇਕਾਂ ਹੀ ਨਸਲਾਂ ਮਿਲਦੀਆਂ ਹਨ। ਇਸ ਵਿਭਿੰਨਤਾ ਨੂੰ ਨਸਲੀ ਜੈਵਿਕ ਵਿਭਿੰਨਤਾ ਕਿਹਾ ਜਾ ਸਕਦਾ ਹੈ। ਅਨੇਕਾਂ ਪ੍ਰਜਾਤੀਆਂ ਤੇ ਉਹਨਾਂ ਦੀਆਂ ਅਨੇਕਾਂ ਹੀ ਨਸਲਾਂ ਆਪ ਸੁਤੰਤਰ ਹੁੰਦੇ ਹੋਏ ਵੀ ਇੱਕ ਸਥਾਨਕ ਇਕਾਈ ਵਿੱਚ ਇੱਕ-ਦੂਜੇ ਨੂੰ ਪ੍ਰਭਾਵਿਤ ਕਰਦੀਆਂ ਹਨ। ਇਸ ਪ੍ਰਕਾਰ ਲਿਖਿਆ ਗਿਆ ਹੈ ਕਿ:

> ਪਰਸਥਿਤੀ ਪ੍ਰਣਾਲੀ ਇੱਕ ਵਿਸ਼ੇਸ਼ ਖੇਤਰ ਹੁੰਦਾ ਹੈ ਜਿਸਦੇ ਅੰਦਰ ਵਿਭਿੰਨ ਜਾਤੀਆਂ ਜਾਂ ਨਸਲਾਂ ਇੱਕਠੀਆਂ ਰਹਿੰਦੀਆਂ ਹਨ ਅਤੇ ਅਕਸਰ ਉਹ ਇਕ ਦੂਜੀ ਨੂੰ ਪ੍ਰਭਾਵਿਤ ਵੀ ਕਰਦੀਆਂ ਹਨ। ਇੰਝ ਪਰਸਥਿਤਕੀ ਜੈਵਿਕ-ਵਿਭਿੰਨਤਾ ਦਾ ਸੰਬੰਧ ਇੱਕ ਖਿੱਤੇ ਜਾਂ ਸੰਸਾਰ ਦੇ ਇੱਕ ਮੁਲਕ ਵਿੱਚ ਵੱਖ-ਵੱਖ ਕਿਸਮਾਂ ਦੀਆਂ ਪਰਸਪਰ ਕਾਰਜਸ਼ੀਲ ਪਰਸਥਿਤੀ-ਪ੍ਰਣਾਲੀਆਂ ਦੇ ਨਾਲ ਹੁੰਦਾ ਹੈ(74)

ਵਿਗਿਆਨੀ ਦੱਸਦੇ ਹਨ ਕਿ ਇੱਕ ਚਮਚਾ ਭਰ ਮਿੱਟੀ ਵਿੱਚ 10 ਮਿਲੀਅਨ ਬੈਕਟੀਰੀਆਂ ਜਾ ਜੀਵਾਣੂ (Micro-organism) ਸਾਂਭਣ ਦੀ ਸਮਰੱਥਾ ਹੁੰਦੀ ਹੈ। ਲੇਖਕ ਨੇ ਖੁਲਾਸਾ ਕੀਤਾ ਹੈ ਕਿ ਸ਼ਨਾਖਤ ਕੀਤੀਆਂ

ਜਾ ਚੁੱਕੀਆਂ 15 ਲੱਖ ਨਸਲਾਂ ਵਿੱਚੋਂ 7,50,000 ਨਸਲਾਂ ਕੀੜੇ-ਮਕੌੜਿਆਂ ਦੀਆਂ ਹਨ ਤੇ ਲਗਭਗ 2,50,000 ਬਨਸਪਤੀ ਦੀਆਂ ਹਨ। ਭਾਰਤ ਵਿੱਚ ਸੰਸਾਰ ਭਰ ਵਿੱਚ ਮਿਲਣ ਵਾਲੇ ਪੌਦਿਆਂ ਦੀਆਂ 12 ਪ੍ਰਤੀਸ਼ਤ ਨਸਲਾਂ ਮਿਲਦੀਆਂ ਹਨ। ਦੇਸ਼ ਵਿੱਚ ਪੰਦਰਾਂ ਹਜ਼ਾਰ ਕਿਸਮਾਂ ਦੇ ਫ਼ਲਦਾਰ ਪੌਦੇ ਪਾਏ ਜਾਂਦੇ ਹਨ। ਜਿਨ੍ਹਾਂ ਵਿੱਚੋਂ 315 ਪੌਦੇ ਨਸਲਾਂ ਨਾਲ ਤੇ 2250 ਪ੍ਰਜਾਤੀਆਂ ਨਾਲ ਸੰਬੰਧਿਤ ਹਨ। ਦੇਸ਼ ਵਿੱਚ 75,000 ਵੰਨਗੀਆਂ ਦੇ ਪਸ਼ੂ ਮਿਲਦੇ ਹਨ, ਜਿਨ੍ਹਾਂ ਵਿੱਚੋਂ 33 ਫ਼ੀਸਦੀ ਰੀਂਗਣ ਵਾਲੇ ਤੇ 62 ਫ਼ੀਸਦੀ ਜਲ, ਥਲ ਤੇ ਚਰ ਹਨ। ਲੇਖਕ ਨੇ ਚਿੰਤਾ ਜਤਾਈ ਹੈ ਕਿ ਧਰਤੀ ਦੇ ਵਾਯੂਮੰਡਲ ਨੂੰ ਹਰਿਆ-ਭਰਿਆ ਬਣਾਈ ਰੱਖਣ ਵਾਲੇ ਵਿਭਿੰਨ ਜੀਵਾਂ ਤੇ ਪੌਦਿਆਂ ਨੂੰ ਇਸ ਕਦਰ ਨੁਕਸਾਨਿਆ ਜਾ ਰਿਹਾ ਹੈ ਕਿ ਬਹੁਤੀਆਂ ਪ੍ਰਜਾਤੀਆਂ ਦੀ ਹੋਂਦ ਦਾ ਸੰਕਟ ਖੜ੍ਹਾ ਹੋ ਗਿਆ ਹੈ। ਬੇਸ਼ੱਕ ਵਿਨਾਸ਼ ਅਤੇ ਪੁਨਰ ਉਤਪੰਨਤਾ ਦਾ ਕ੍ਰਮ ਕੁਦਰਤ ਵੱਲੋਂ ਯੁੱਗਾਂ ਤੋਂ ਚਲਦਾ ਆ ਰਿਹਾ ਹੈ। ਪਰ ਮਨੁੱਖੀ ਦਖ਼ਲ ਦੇ ਵਧਣ ਨਾਲ ਜੰਗਲੀ ਜਨ-ਜੀਵਨ ਦੀ ਵਿਨਾਸ਼ ਦਰ ਕਈ ਗੁਣਾ ਵਧਦੀ ਜਾ ਰਹੀ ਹੈ। ਵਿਗਿਆਨੀਆਂ ਅਨੁਸਾਰ ਇੱਕ ਪੌਦੇ ਦੇ ਮੁੱਕ ਜਾਣ ਨਾਲ ਲਗਭਗ ਪ੍ਰਾਣੀਆਂ ਦੀਆਂ 20-40 ਜਾਤੀਆਂ ਵੀ ਖ਼ਤਮ ਹੋ ਜਾਣ ਦਾ ਗੰਭੀਰ ਖ਼ਤਰਾ ਪੈਦਾ ਹੋ ਸਕਦਾ ਹੈ। ਬਹੁਤ ਸਾਰੇ ਰੁੱਖਾਂ ਦੇ ਬੀਜਾਂ ਦੇ ਪੁੰਗਰਨ ਦੀ ਪ੍ਰਕਿਰਿਆ ਲਈ ਕਿਸੇ ਵਿਸ਼ੇਸ਼ ਜੀਵ/ਪੰਛੀ ਦੁਆਰਾ ਉਸਨੂੰ ਨਿਗਲਿਆ ਜਾਣਾ ਤੇ ਮੱਲ ਰਾਹੀਂ ਕੱਢਿਆ ਜਾਣਾ ਜ਼ਰੂਰੀ ਹੁੰਦਾ ਹੈ। ਦੁਖ਼ਦ ਹੈ ਕਿ ਮਨੁੱਖੀ ਲਾਪਰਵਾਹੀਆਂ ਅਤੇ ਬੇਕਦਰੀ ਕਰਕੇ ਜੈਵਿਕ ਵਿਭਿੰਨਤਾ ਦੇ ਨਸ਼ਟ ਹੋਣ ਦਾ ਖ਼ਤਰਾ ਬਣ ਗਿਆ ਹੈ। ਲੇਖਕ ਇਸ ਪ੍ਰਕਾਰ ਹਵਾਲਾ ਦਿੰਦਾ ਹੈ ਕਿ:

> ਜੈਵਿਕ-ਵਿਭਿੰਨਤਾ ਜੋ ਮਨੁੱਖ ਦੇ ਆਪਣੇ ਵਾਸਤੇ ਬੇਹੱਦ ਮਹੱਤਵਪੂਰਨ ਹੈ, ਉਸ ਨੂੰ ਸਭ ਤੋਂ ਵੱਡਾ ਖ਼ਤਰਾ ਮਨੁੱਖ ਦੀਆਂ ਸਰਗਰਮੀਆਂ ਤੋਂ ਹੀ ਪੈਦਾ ਹੋਇਆ ਹੈ। ਸੰਸਾਰ ਦੇ ਤਪਤ-ਖੰਡੀ ਵਣਾਂ ਵਿੱਚ ਸਭ ਤੋਂ ਵੱਧ ਜੈਵਿਕ-ਵਿਭਿੰਨਤਾ ਮਿਲਦੀ ਹੈ। ਏਥੋਂ ਹੀ ਸੰਸਾਰ ਦੀਆਂ ਬਹੁਤ ਸਾਰੀਆਂ ਦਵਾਈਆਂ ਬਣਾਉਣ ਦੇ ਲਈ ਜ਼ਰੂਰੀ ਪੌਦੇ ਅਤੇ ਜੜ੍ਹੀ-ਬੂਟੀਆਂ ਪ੍ਰਾਪਤ ਹੁੰਦੀਆਂ ਹਨ(77)

ਡਾ.ਕੁਲਬੀਰ ਸਿੰਘ ਬਾਠ ਦੁਆਰਾ ਲਿਖੇ ਨਿਬੰਧ 'ਪ੍ਰਦੂਸ਼ਿਤ ਹੋ ਰਹੀਆਂ ਨਦੀਆਂ' ਵਿੱਚ ਜਲ ਪ੍ਰਦੂਸ਼ਣ ਦੀ ਸਮੱਸਿਆ ਨੂੰ ਗੰਭੀਰ ਵਾਤਾਵਰਨਿਕ ਸੰਕਟ ਵਜੋਂ ਅੰਕਿਤ ਕੀਤਾ ਗਿਆ ਹੈ। ਅਨੇਕਾਂ ਛੋਟੇ-ਵੱਡੇ ਜਲ ਸ੍ਰੋਤਾਂ

ਦੇ ਪ੍ਰਦੂਸ਼ਿਤ ਹੋਣ ਮਗਰੋਂ ਉਹਨਾਂ ਦਾ ਨਿਕਾਸ ਅੱਗੋਂ ਨਦੀਆਂ ਤੇ ਦਰਿਆਵਾਂ ਵਿੱਚ ਕਰ ਦਿੱਤਾ ਜਾਂਦਾ ਹੈ। ਇਸ ਪ੍ਰਦੂਸ਼ਣ ਨੂੰ ਰੋਕਣ ਲਈ ਕਾਨੂੰਨ ਹੋਣ ਦੇ ਬਾਵਜੂਦ ਜਲ ਨੂੰ ਦੂਸ਼ਿਤ ਕਰਨ ਦਾ ਕੰਮ ਬੰਦ ਨਹੀਂ ਹੋ ਰਿਹਾ। ਇਸ ਪ੍ਰਕਾਰ ਲੇਖਕ ਕਥਨ ਕਰਦਾ ਹੈ ਕਿ:

> ਸ਼ਹਿਰਾਂ ਅਤੇ ਉਦਯੋਗਾਂ ਤੋਂ ਉਤਪੰਨ ਹੋਣ ਵਾਲੇ ਪ੍ਰਦੂਸ਼ਿਤ ਜਲ ਦੀ ਮਾਤਰਾ ਵਿੱਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਇਹ ਪ੍ਰਦੂਸ਼ਿਤ ਪਾਣੀ ਨੀਵੀਆਂ ਥਾਂਵਾਂ ਵੱਲ ਵਹਾ ਦਿੱਤਾ ਜਾਂਦਾ ਹੈ। ਕਿਸੇ ਥਾਂ ‘ਤੇ ਇੱਕਠਾ ਹੋਇਆ ਇਹ ਗੰਧਲਾ ਪਾਣੀ ਭੂਮੀ ਨੂੰ ਪ੍ਰਦੂਸ਼ਿਤ ਕਰਦਾ ਹੈ ਅਤੇ ਪ੍ਰਦੂਸ਼ਿਤ ਪਾਣੀ ਬਿਨਾਂ ਸਾਫ਼ ਕੀਤੇ ਸਿੱਧਾ ਨਦੀਆਂ, ਝੀਲਾਂ ਅਤੇ ਹੋਰ ਕੁਦਰਤੀ ਸ੍ਰੋਤਾਂ ਨਾਲ ਜਾ ਮਿਲਦਾ ਹੈ, ਜਿਸ ਦੇ ਸਿੱਟੇ ਵਜੋਂ ਇਹ ਵੀ ਪ੍ਰਦੂਸ਼ਿਤ ਹੋ ਜਾਂਦੇ ਹਨ(79)

ਸਵੱਛ ਪਾਣੀ ਨੂੰ ਪ੍ਰਦੂਸ਼ਿਤ ਕਰਨ ਵਾਲੇ ਤਕਰੀਬਨ 1500 ਪਦਾਰਥ ਪਛਾਣੇ ਗਏ ਹਨ। ਇਨ੍ਹਾਂ ਵਿੱਚੋਂ ਪ੍ਰਮੁੱਖ ਹਨ: ਤੇਜ਼ਾਬ, ਸਾਇਨਾਈਡ, ਸਾਬਣ, ਘਰੇਲੂ, ਸੀਵਰ, ਸਲਫ਼ਾਈਡ, ਖਾਦਾਂ, ਕਲੋਰੀਨ, ਅਮੋਨੀਆ, ਫਾਸਫੇਟ, ਤੇਲ ਵਾਲੀਆਂ ਵਸਤਾਂ, ਫਿਨੋਲ, ਨਾਈਟਰੇਟ, ਕੀਟਨਾਸ਼ਕ, ਫਿਨਾਇਲ ਆਦਿ। ਬਿਨਾਂ ਰੰਗ ਅਤੇ ਗੰਧ ਬਦਲੇ ਪਾਣੀ ਵਿੱਚ ਵੀ ਪ੍ਰਦੂਸ਼ਣ ਹੋ ਸਕਦਾ ਹੈ। ਨੈਸ਼ਨਲ ਇੰਨਵਾਇਰਮੈਂਟਲ ਇੰਜੀਨੀਅਰਿੰਗ ਇੰਸਟਿਚਿਊਟ ਨਾਗਪੁਰ ਦੀ ਰਿਪੋਰਟ ਮੁਤਾਬਿਕ ਭਾਰਤ ਦੇ 70 ਪ੍ਰਤੀਸ਼ਤ ਕੁਦਰਤੀ ਜਲ ਸਰੋਤ ਪ੍ਰਦੂਸ਼ਿਤ ਹਨ। ਭਾਰਤੀ ਨਦੀਆਂ ਅਤੇ ਦਰਿਆ ਇੱਥੋਂ ਦੀ ਸਭਿੱਅਤਾ ਦਾ ਵਿਸ਼ੇਸ਼ ਅੰਗ ਹਨ। ਸਮਾਜਿਕ, ਧਾਰਮਿਕ ਤੇ ਆਰਥਿਕ ਸੰਪਦਾ ਦੀਆਂ ਦਾਤਾਂ ਵੰਡਣ ਵਾਲੀਆਂ ਨਦੀਆਂ ਦਾ ਹੁਣ ਬਹੁਤ ਬੁਰਾ ਹਾਲ ਹੋ ਚੁੱਕਿਆ ਹੈ। ਇਸ ਪ੍ਰਤੀ ਚਾਨਣਾ ਪਾਉਂਦੇ ਹੋਏ ਡਾ. ਬਾਠ ਦੱਸਦੇ ਹਨ ਕਿ:

> ਉੱਤਰੀ ਭਾਰਤ ਵਿੱਚ ਗੰਗਾ ਨਦੀ ਭਾਰਤ ਪ੍ਰਮੁੱਖ ਨਦੀ ਹੈ। ਭਾਰਤੀ ਸੱਭਿਅਤਾ ਨਾਲ ਇਹ ਅਟੁੱਟ ਜੁੜੀ ਹੋਈ ਹੈ। ਇਹ ਨਦੀ 2,525 ਕਿਲੋਮੀਟਰ ਲੰਬੀ ਹੈ ਅਤੇ ਗੰਗੋਤਰੀ ਤੋਂ ਸ਼ੁਰੂ ਹੋ ਕੇ ਗੰਗਾ-ਸਾਗਰ ਤਕ ਜਾਂਦੀ ਹੈ। ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਰਿਪੋਰਟ ਅਨੁਸਾਰ ਇਸ ਨਦੀ ਵਿੱਚ ਕਾਰਬਨਿਕ ਵਸੀਲਿਆਂ ਤੋਂ ਪੈਦਾ ਹੋਇਆ ਪ੍ਰਦੂਸ਼ਣ ਬਹੁਤ ਜ਼ਿਆਦਾ ਹੈ। ਹਰ ਰੋਜ਼ ਕੋਈ 1400

> ਕਰੋੜ ਲੀਟਰ ਸੀਵਰ ਅਤੇ 200 ਕਰੋੜ ਲੀਟਰ ਉਦਯੋਗਿਕ ਨਿਕਾਸ ਗੰਗਾ ਨਦੀ ਵਿੱਚ ਸੁੱਟਿਆ ਜਾਂਦਾ ਹੈ(80)

ਡਾ. ਚਰਨਜੀਤ ਸਿੰਘ ਨਾਭਾ ਦੁਆਰਾ ਰਚਿਤ ਨਿਬੰਧ 'ਰੌਸ਼ਨੀ ਤੋਂ ਹਨ੍ਹੇਰੇ ਵੱਲ ਕਿਉਂ?' ਤਿਉਹਾਰਾਂ ਅਤੇ ਸਮਾਗਮਾਂ ਤੋਂ ਹੋਣ ਵਾਲੇ ਵਾਤਾਵਰਨੀ ਪ੍ਰਦੂਸ਼ਣ ਵੱਲ ਪਾਠਕਾਂ ਦਾ ਧਿਆਨ ਦਿਵਾਉਂਦਾ ਹੈ। ਦੁਸਿਹਰੇ ਤੇ ਦੀਵਾਲੀ ਵੇਲੇ ਹੋਣ ਵਾਲੇ ਵਾਯੂ ਅਤੇ ਸ਼ੋਰ ਪ੍ਰਦੂਸ਼ਣ ਰੌਸ਼ਨੀ ਦੇ ਤਿਉਹਾਰ ਮਨਾਉਣ ਦੇ ਬਾਵਜੂਦ ਜ਼ਹਿਨੀ ਤੌਰ 'ਤੇ ਹਨੇਰ੍ਹੇ ਵੱਲ ਲੈ ਕੇ ਜਾ ਰਿਹਾ ਹੈ। ਇਹੀ ਜ਼ਹਿਨੀ ਹਨੇਰ੍ਹਾ ਵਾਤਾਵਰਨ ਪ੍ਰਦੂਸ਼ਣ ਦੇ ਰੂਪ ਵਿੱਚ ਘਾਤਕ ਪ੍ਰਭਾਵ ਪੈਦਾ ਕਰ ਰਿਹਾ ਹੈ। ਡਾ. ਨਾਭਾ ਇਸ ਪ੍ਰਕਾਰ ਪਾਠਕਾਂ ਦਾ ਧਿਆਨ ਦਿਵਾਉਂਦਾ ਹੈ ਕਿ:

> ਦੀਵਾਲੀ ਦੇ ਸੰਦਰਭ ਵਿੱਚ ਵੀ ਜੇ ਧਾਰਮਿਕ ਰਵਾਇਤਾਂ ਅਨੁਸਾਰ ਵਾਚਿਆ ਜਾਵੇ ਤਾਂ ਦਿਨ ਭਰ ਦੀ ਰੌਣਕ ਦੇ ਆਨੰਦ ਤੋਂ ਬਾਅਦ ਪੂਜਾ ਕੀਤੀ ਜਾਂਦੀ ਹੈ ਜੋ ਆਰਥਿਕ ਖੁਸ਼ਹਾਲੀ ਦੀ ਪ੍ਰਤੀਕ ਹੈ। ਪਟਾਕਿਆਂ ਦਾ ਸਿਲਸਿਲਾ ਪੂਜਾ-ਪਾਠ ਤੋਂ ਬਾਅਦ ਪੂਰੇ ਜੋਸ਼ੋ-ਖਰੋਸ਼ ਨਾਲ ਆਰੰਭ ਹੁੰਦਾ ਹੈ ਅਤੇ ਤਕਰੀਬਨ ਸਾਰੀ ਰਾਤ ਲਗਾਤਾਰ ਚਲਦਾ ਰਹਿੰਦਾ ਹੈ। ਪ੍ਰੰਤੂ ਜੇ ਇਸ ਸਾਰੇ ਨੂੰ ਗਹੁ ਨਾਲ ਵਿਚਾਰਿਆ ਜਾਵੇ ਤਾਂ ਇਹ ਅਟੱਲ ਸੱਚਾਈ ਉਜਾਗਰ ਹੁੰਦੀ ਹੈ ਕਿ ਭਾਰਤ ਵਿੱਚ ਜਿੰਨਾ ਵਾਤਾਵਰਣ ਇੱਕ ਰਾਤ ਵਿੱਚ ਪਲੀਤ ਹੁੰਦਾ ਹੈ, ਓਨਾ ਸ਼ਾਇਦ ਸਾਰੇ ਸਾਲ ਵਿੱਚ ਮਨੁੱਖੀ ਗਤੀਵਿਧੀਆਂ ਨਾਲ ਨਹੀਂ ਹੁੰਦਾ(89)

ਮੋਮਬੱਤੀਆਂ ਅਤੇ ਪਟਾਕਿਆਂ ਦੁਆਰਾ ਪੈਦਾ ਹੁੰਦੇ ਪ੍ਰਦੂਸ਼ਣ ਦੀ ਕਿਰਿਆ ਨੂੰ ਬੜੀ ਮਹੀਨਤਾ ਨਾਲ ਸਮਝਾਉਂਦੇ ਹੋਏ ਡਾ. ਨਾਭਾ ਦੱਸਦੇ ਹਨ ਕਿ ਕਾਰਬਨ ਮੋਨੋਕਸਾਈਡ ਇੱਕ ਅਜਿਹੀ ਗੈਸ ਹੈ, ਜਿਸ ਦਾ ਕਿਸੇ ਹੋਰ ਕਿਰਿਆ ਰਾਹੀਂ ਵਿਨਾਸ਼ ਨਹੀਂ ਕੀਤਾ ਜਾ ਸਕਦਾ। ਓਜ਼ੋਨ ਪਰਤ ਵਿੱਚ ਹੋ ਰਹੇ ਛੇਦ ਦਾ ਮੁੱਖ ਕਾਰਨ ਵੀ ਇਹੀ ਗੈਸ ਹੈ। ਇਸ ਪ੍ਰਥਾਇ ਡਾ. ਨਾਭਾ ਜਾਣਕਾਰੀ ਪ੍ਰਸਤੁਤ ਕਰਦੇ ਹਨ ਕਿ:

> ਪਟਾਕਿਆਂ ਵਿੱਚ ਪ੍ਰਮੁੱਖ ਤੌਰ ਉੱਤੇ ਪੋਟਾਸ਼ ਅਤੇ ਸਲਫਰ ਦੇ ਯੋਗਿਕ ਹੁੰਦੇ ਹਨ, ਜਿਨ੍ਹਾਂ ਦੀ ਜਲਣ ਕ੍ਰਿਆ ਨਾਲ ਅਥਾਹ ਗਰਮੀ (ਊਰਜਾ) ਪੈਦਾ ਹੁੰਦੀ ਹੈ, ਜੋ ਫਟਣ ਕਾਰਨ ਪਟਾਕੇ ਦਾ ਰੂਪ ਧਾਰਨ ਕਰਦੀ ਹੈ। ਇਸ ਕ੍ਰਿਆ ਵਿੱਚ ਜਿੱਥੇ ਸਲਫਰ ਡਾਇਆਕਸਾਈਡ, ਨਾਈਟਰੋਜਨ ਦੇ ਆਕਸਾਈਡ,

> ਕਾਰਬਨ ਮੋਨੋਆਕਸਾਈਡ ਅਤੇ ਸੋਡੀਅਮ, ਪੋਟਾਸ਼ੀਅਮ ਦੇ ਬਹੁਤ ਘਾਤਕ ਕਾਰਬਨਿਕ ਯੋਗਿਕ ਜਨਮ ਲੈਂਦੇ ਹਨ, ਉੱਥੇ ਕਈ ਹੋਰ ਜੀਵ-ਮਾਰੂ ਗੈਸਾਂ ਪੈਦਾ ਹੁੰਦੀਆਂ ਹਨ, ਜਿਸ ਦੇ ਦੁੱਖਦਾਈ ਸਿੱਟੇ ਨਿਰੰਤਰ ਜੈਵਿਕ ਪਦਾਰਥਾਂ ਲਈ ਚਲਦੇ ਰਹਿੰਦੇ ਹਨ(89)

ਪਟਾਕੇਬਾਜ਼ੀ ਅਤੇ ਆਤਿਸ਼ਬਾਜ਼ੀ ਸਦਕਾ ਪੈਦਾ ਹੋਏ ਸਾਹ-ਘੋਟੂ ਹੁੰਦੇ ਹਨ ਅਤੇ ਅੱਖਾਂ ਵਿੱਚ ਲਾਲੀ ਤੇ ਜਲਣ ਪੈਦਾ ਕਰਦੇ ਹਨ। ਇਹ ਕਣ ਸਾਹ-ਰੋਗੀਆਂ ਲਈ ਬੇਹੱਦ ਘਾਤਕ ਹੁੰਦੇ ਹਨ। ਇਹਨਾਂ ਕਰਕੇ ਚਮੜੀ ਰੋਗ, ਕੈਂਸਰ, ਫੇਫੜਿਆ ਅਤੇ ਛਾਤੀ ਦੇ ਰੋਗ ਉਤਪੰਨ ਹੋ ਜਾਂਦੇ ਹਨ।

ਪਿਛਲੇ ਦਹਾਕੇ ਵਿੱਚ ਪੰਜਾਬ ਦੇ ਉਦਯੋਗਿਕ ਸ਼ਹਿਰਾਂ: ਲੁਧਿਆਣਾ, ਮੰਡੀ, ਗੋਬਿੰਦਗੜ੍ਹ, ਜਲੰਧਰ ਅਤੇ ਅੰਮ੍ਰਿਤਸਰ ਵਿੱਚ ਦੀਵਾਲੀ ਦੇ ਦਿਨਾਂ ਵਿੱਚ ਸਭ ਤੋਂ ਵੱਧ ਪ੍ਰਦੂਸ਼ਣ ਰਿਕਾਰਡ ਕੀਤਾ ਗਿਆ ਹੈ। ਕਰੋਨਾ ਵਾਇਰਸ ਦੇ ਆਤੰਕ ਹੇਠ ਦਿਨ-ਕਟੀ ਕਰ ਰਿਹਾ ਵਿਸ਼ਵ ਹੁਣ ਜਦੋਂ ਘਰਾਂ ਵਿੱਚ ਕੈਦ ਹੋ ਕੇ ਬੈਠਾ ਹੈ ਤਾਂ ਵਿਗਿਆਨੀਆਂ ਨੇ ਹਵਾ ਦੀ ਸ਼ੁੱਧਤਾ ਵਿੱਚ ਕਾਫ਼ੀ ਸੁਧਾਰ ਨੋਟ ਕੀਤਾ ਹੈ। ਵਧੇਰੇ ਜਨਸੰਖਿਆਂ ਦੀ ਆਵਾਜਾਈ, ਵਾਹਨ ਤੇ ਉਦਯੋਗਿਕ ਕਿਰਿਆਵਾਂ ਨਾਲ ਹਵਾ ਪ੍ਰਦੂਸ਼ਣ ਵਧ ਜਾਂਦਾ ਹੈ। ਪ੍ਰਦੂਸ਼ਣ ਨੂੰ ਨਿਯੰਤ੍ਰਿਤ ਕਰਨ ਤੇ ਖ਼ਾਸ ਕਰ ਕੇ ਤਿਓਹਾਰਾਂ ਦੇ ਦਿਨਾਂ ਵਿੱਚ ਵਾਧੂ ਪ੍ਰਦੂਸ਼ਣ ਹੋਣ ਤੋਂ ਬਚਾਉਣ ਲਈ ਸਾਮੂਹਿਕ ਰੂਪ ਵਿੱਚ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਸਰਕਾਰੀ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣੀ ਚਾਹੀਦੀ ਹੈ।

ਇੰਜੀਨੀਅਰ ਜਤਿੰਦਰ ਸਿੰਘ ਦੁਆਰਾ ਨਿਬੰਧ 'ਇਲੈਕਟ੍ਰੋਨਿਕ ਪਦਾਰਥ ਅਤੇ ਵਾਤਾਵਰਣ' ਈ-ਵੇਸਟ ਜਾਂ ਇਲੈਕਟ੍ਰੋਨਿਕ ਰੱਦੀ ਦੁਆਰਾ ਵਾਤਾਵਰਨ ਉੱਤੇ ਪੈ ਰਹੇ ਮਾੜੇ ਪ੍ਰਭਾਵਾਂ ਦੀ ਤਫਸੀਲ ਪੇਸ਼ ਕਰਦਾ ਹੈ। ਈ-ਵੇਸਟ ਦੇ ਸੰਕਲਪ ਨੂੰ ਸਮਝਾਉਣ ਲਈ ਲੇਖਕ ਨੇ ਲਿਖਿਆ ਹੈ ਕਿ:

> ਇਲੈਕਟ੍ਰੋਨਿਕ ਜਾਂ ਬਿਜਲੀ ਰੱਦੀ, ਉਨ੍ਹਾਂ ਬਿਜਲੀ ਯੰਤਰਾਂ ਦਾ ਸਾਂਝਾ ਨਾ ਹੈ ਜਿਹੜੇ ਟੁੱਟ ਚੁੱਕੇ ਹਨ, ਅਪ੍ਰਚੱਲਿਤ, ਨਕਾਰਾ ਜਾਂ ਆਪਣੀ ਵਰਤੋਂ ਜਾਂ ਕਾਰਜਕਾਲ ਦੇ ਅੰਤ ਤੱਕ ਪਹੁੰਚ ਚੁੱਕੇ ਹੁੰਦੇ ਹਨ। ਸਾਰੇ ਬਿਜਲੀ ਯੰਤਰ ਹੌਲੀ-ਹੌਲੀ 'ਈ. ਵੇਸਟ' ਜਾਂ ਇਲੈਕਟ੍ਰੋਨਿਕ ਵੇਸਣ ਜਾਂ 'ਬਿਜਲੀ ਰੱਦੀ' ਬਣ ਜਾਂਦੇ ਹਨ। ਬਿਜਲੀ ਰੱਦੀ ਜਾਂ ਈ. ਵੇਸਟ ਵਿੱਚ ਕੰਪਿਊਟਰ, ਮੋਨੀਟਰਜ਼, ਮਾਈਕਰੋਵੇਵਜ਼, ਸਟੀਰੀਓ,

ਫੋਟੋ ਸਟੇਟ ਮਸ਼ੀਨਾਂ ਅਤੇ ਟੈਲੀਵਿਜ਼ਨ ਸੈਟ ਸ਼ਾਮਲ ਹਨ, ਜਿਹੜੇ ਕਿ ਘਰੇਲੂ ਖਪਤਕਾਰਾਂ ਜਾਂ ਉਦਯੋਗਾਂ ਦੁਆਰਾ ਨਕਾਰਾ ਗਏ ਹਨ(96)

ਈ-ਵੇਸਟ ਵਰਤਮਾਨ ਸਦੀ ਦੀ ਰੇਖਾਂਕਿਤ ਸਮੱਸਿਆ ਹੈ। ਇਹ ਸਦੀ ਵਿਕਾਸ ਅਤੇ ਤਕਨੀਕ ਦੀ ਸਦੀ ਹੈ। ਹਰੇਕ ਚਾਰ-ਪੰਜ ਸਾਲ ਬਾਅਦ ਬਹੁਤੇ ਇਲੈਕਟ੍ਰੋਨਿਕ ਉਪਕਰਨਾਂ ਵਿੱਚ ਸੋਧ ਆ ਜਾਂਦੀ ਹੈ ਤੇ ਆਧੁਨਿਕ ਵਰਗ ਨਵੇਂ ਮਾਡਲ ਪ੍ਰਾਪਤ ਕਰਕੇ ਪੁਰਾਣੇ ਰੱਦੀ ਵਿੱਚ ਪਾ ਛੱਡਦੇ ਹਨ। ਇਲੈਕਟ੍ਰੋਨਿਕ ਵੇਸਟ ਦੇ ਦਾਇਰੇ ਵਿੱਚ ਕੀ ਕੁਝ ਆਉਂਦਾ ਹੈ; ਇਸ ਪ੍ਰਸੰਗ ਵਿੱਚ ਲਿਖਿਆ ਗਿਆ ਹੈ ਕਿ:

ਬਿਜਲੀ ਰੱਦੀ ਜਿਸ ਨੂੰ ਆਪ ਤੌਰ ਉੱਤੇ 'ਈ.ਵੇਸਟ' ਕਿਹਾ ਜਾਂਦਾ ਹੈ, ਵਿੱਚ ਮੋਬਾਇਲ ਫੋਨ, ਕੰਪਿਊਟਰ, ਟਾਵਰ, ਮੋਨੀਟਰਜ਼, ਟੈਲੀਵਿਜ਼ਨ ਸੈਟ, ਵੀਡੀਓ, ਕੈਸਟਾਂ ਆਦਿ ਆਉਂਦੀਆਂ ਹਨ। ਕੁਝ ਸੰਸਥਾਵਾਂ ਨਕਾਰਾ ਕੰਪਿਊਟਰ ਨੂੰ ਹੀ 'ਈ. ਵੇਸਟ' ਸਮਝਦੀਆਂ ਹਨ ਜਿਹੜਾ ਕਿ ਸਹੀ ਨਹੀਂ ਹੈ। ਇਸ ਵਿੱਚ ਮੋਨੀਟਰ, ਟਾਵਰ, ਕੀ-ਬੋਰਡ, ਸਕੈਨਰ, ਪ੍ਰਿੰਟਰ, ਕੰਪਿਊਟਰ ਮਾਊਸ, ਪ੍ਰੋਜੈਕਟਰ, ਵਿਗਿਆਨਿਕ ਯੰਤਰ ਅਤੇ ਮੋਬਾਇਲ ਫੋਨ ਆਉਂਦੇ ਹਨ(97)

ਇਲੈਕਟ੍ਰੋਨਿਕ ਉਪਕਰਨ/ਯੰਤਰਾਂ ਦਾ ਨਿਰਮਾਣ ਪਲਾਸਟਿਕ ਤੇ ਕੁਝ ਹੋਰ ਘਾਤਕ ਧਾਤਾਂ ਤੋਂ ਕੀਤਾ ਜਾਂਦਾ ਹੈ, ਜਿਹਨਾਂ ਨੂੰ ਅਪਘਟਿਤ ਕਰਨਾ ਅਸੰਭਵ ਹੁੰਦਾ ਹੈ। ਜੇਕਰ ਇਹ ਪਦਾਰਥ ਮਿੱਟੀ ਦੇ ਟੋਏ 'ਚ ਵੀ ਸੁੱਟ ਦਿੱਤੇ ਜਾਣ ਤਾਂ ਸਾਲਾਂ-ਬੱਧੀ ਉਂਝ ਹੀ ਪਏ ਰਹਿਣਗੇ-ਵਿਘਟਿਤ ਨਹੀਂ ਹੋਣਗੇ। ਉਲਟਾ ਅਜਿਹੇ ਪਦਾਰਥਾਂ ਤੋਂ ਘਾਤਕ ਪਦਾਰਥ ਧਰਤੀ ਦੀ ਸਤ੍ਹਾ ਅੰਦਰ ਜਿਉਰ ਕੇ ਪ੍ਰਦੂਸ਼ਣ ਪੈਦਾ ਕਰਨਗੇ। ਈ-ਵੇਸਟ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ ਕੇਵਲ ਘਟਾਇਆ ਜਾ ਸਕਦਾ ਹੈ। ਇਸ ਸੰਕਲਪ ਲਈ ਤਿੰਨ R ਵਾਲੀ ਪ੍ਰਣਾਲੀ ਨੂੰ ਅਪਣਾਇਆ ਜਾ ਸਕਦਾ ਹੈ; ਭਾਵ :-

| | | | |
|---|---|---|---|
| R | - | Reuse ; | ਮੁੜ ਵਰਤੋਂ |
| R | - | Reduce; | ਘੱਟ ਵਰਤੋਂ |
| R | - | Recycle; | ਨਵੀਨੀਕਰਨ |

ਵਸਤਾਂ ਦਾ ਕਾਰਜਕਾਲ ਵਧਾਉਣ ਲਈ ਸਮੇਂ-ਸਮੇਂ 'ਤੇ ਉਹਨਾਂ ਨੂੰ ਅਪਗ੍ਰੇਡ ਕਰਵਾਇਆ ਜਾ ਸਕਦਾ ਹੈ। ਵਧੇਰੇ ਕਾਰਜਕਾਲ (Shelf life) ਵਾਲੇ ਯੰਤਰਾਂ ਦੀ ਖ਼ਰੀਦ ਹੋਣੀ ਚਾਹੀਦੀ ਹੈ। 'ਵਰਤੋਂ ਤੇ ਸੁੱਟੋ' ਵਾਲੀ ਸੋਚ ਅਧੀਨ ਜੀਵਣ ਨਹੀਂ ਜਿਉਣਾ ਚਾਹੀਦਾ।

ਵਿਗਿਆਨਕ ਸਾਹਿਤ ਰਚੇਤਾ ਤੇ ਵਾਤਾਵਰਨ ਪ੍ਰੇਮੀ ਡਾ. ਡੀ. ਪੀ. ਸਿੰਘ ਦੁਆਰਾ ਕਲਮਬੱਧ ਕੀਤਾ ਨਿਬੰਧ, 'ਵਾਤਾਵਰਣ ਅਤੇ ਇੱਕੀਵੀਂ ਸਦੀ' ਇੱਕ ਪ੍ਰਕਾਰ ਨਾਲ ਪੂਰੇ ਨਿਬੰਧ ਸੰਗ੍ਰਿਹ ਦਾ ਸਾਰ ਪ੍ਰਸਤੁਤ ਕਰਦਾ ਪ੍ਰਤੀਤ ਹੁੰਦਾ ਹੈ। ਵਿਗਿਆਨਕ ਦ੍ਰਿਸ਼ਟੀਕੋਣ ਤੋਂ ਵਾਤਾਵਰਣ ਦੇ ਵਿਗਾੜ ਸੰਬੰਧਿਤ ਅੰਕੜੇ ਅਤੇ ਪ੍ਰਸਤੁਤ ਸੁਝਾਵਾਂ ਦੀ ਪੇਸ਼ਕਾਰੀ ਇਸ ਨਿਬੰਧ ਵਿੱਚ ਕੀਤੀ ਗਈ ਹੈ। ਇੱਕੀਵੀਂ ਸਦੀ ਦੇ ਵਿਸ਼ੇਸ਼ ਸੰਦਰਭ ਵਿੱਚ ਪ੍ਰਸਤੁਤ ਅੰਕੜੇ ਤੇ ਅਨੁਮਾਨ ਵਾਤਾਵਰਨ ਸੰਕਟ ਪ੍ਰਤੀ ਪਾਠਕਾਂ ਨੂੰ ਜਾਗ੍ਰਿਤ ਕਰਨ ਦਾ ਵਿਸ਼ੇਸ਼ ਪ੍ਰਯੋਗ ਕਰ ਰਹੇ ਹਨ। ਤਾਪ-ਵਿਕਰਨ ਦਾ ਸੰਕਲਪ ਸਮਝਾਉਣ ਲਈ ਡਾ. ਡੀ. ਪੀ. ਸਿੰਘ ਇਸ ਪ੍ਰਕਾਰ ਲਿਖਦੇ ਹਨ ਕਿ:

> ਜਿਵੇਂ ਹੀ ਸੂਰਜ ਤੋਂ ਆ ਰਹੀਆਂ ਰੌਸ਼ਨੀ-ਕਿਰਨਾਂ, ਪ੍ਰਿਥਵੀ ਤਕ ਪਹੁੰਚਦੀਆਂ ਹਨ ਤਾਂ ਪ੍ਰਿਥਵੀ ਰੌਸ਼ਨੀ-ਕਿਰਨਾਂ ਦੇ ਵਿਸ਼ੇਸ਼ ਅੰਸ਼ ਤਾਪ-ਵਿਕਿਰਨ ਦਾ ਕੁਝ ਹਿੱਸਾ ਸੋਖ ਲੈਂਦੀ ਹੈ, ਜਿਸ ਕਾਰਨ ਪ੍ਰਿਥਵੀ ਤੇ ਇਸ ਦੇ ਦੁਆਲੇ ਵਾਯੂਮੰਡਲ ਦਾ ਤਾਪਮਾਨ ਵਧਣ ਲੱਗਦਾ ਹੈ। ਪ੍ਰੰਤੂ ਸੂਰਜ ਤੋਂ ਆ ਰਿਹਾ ਸਾਰਾ ਤਾਪ-ਵਿਕਿਰਨ ਸਾਡੀ ਧਰਤੀ ਨਹੀਂ ਸੋਖਦੀ। ਇਸ ਤਾਪ-ਵਿਕਿਰਨ ਦਾ ਕਾਫ਼ੀ ਹਿੱਸਾ ਪ੍ਰਿਥਵੀ ਨਾਲ ਟਕਰਾ ਕੇ ਪਰਾਵਰਤਿਤ ਹੋ ਜਾਂਦਾ ਹੈ ਤੇ ਉਹ ਵਾਪਸ ਪੁਲਾੜ ਵੱਲ ਜਾਣ ਲੱਗਦਾ ਹੈ। ਇਸ ਤਰ੍ਹਾਂ ਇਹ ਗੈਸ ਪਰਤ ਗਰੀਨ ਹਾਊਸ ਪ੍ਰਭਾਵ ਨੂੰ ਜਨਮ ਦਿੰਦੀ ਹੈ(101)

ਬਹੁਤੇ ਵਿਗਿਆਨੀ ਆਲਮੀ ਤਪਸ਼ ਨੂੰ ਵਧਾਉਣ ਵਿੱਚ ਗ੍ਰੀਨ ਹਾਉਸ ਪ੍ਰਭਾਵ ਨੂੰ ਦੋਸ਼ੀ ਮੰਨ੍ਹਦੇ ਹਨ, ਪਰ ਕੁਝ ਮਹਿਰਾਂ ਦਾ ਵਿਚਾਰ ਹੈ ਕਿ ਸਮੁੰਦਰਾਂ ਵਿਚ ਜਲ-ਸਤਰ ਨੂੰ ਸੁਰੱਖਿਅਤ ਰੱਖਣ ਲਈ ਗ੍ਰੀਨ ਹਾਉਸ ਗੈਸਾਂ ਦਾ ਯੋਗਦਾਨ ਹਾਂ-ਪੱਖੀ ਵੀ ਹੋਵੇਗਾ। ਵਧੇਰੇ ਵਿਸ਼ਵੀ-ਤਾਪਮਾਨ ਕਰਕੇ ਸੰਸਾਰ-ਭਰ ਦੇ ਬਹੁਤੇ ਖੰਡ ਖੇਤੀਯੋਗ ਵੀ ਬਣ ਸਕਦੇ ਹਨ। ਲੇਖਕ ਦੇ ਦੱਸਣ ਅਨੁਸਾਰ ਲੁਧਿਆਣੇ ਕੈਂਸਰ ਦੇ ਇਲਾਜ ਲਈ ਇੱਕ ਵਿਸ਼ੇਸ਼ ਹਸਪਤਾਲ ਉਸਾਰਿਆ ਗਿਆ ਹੈ ਅਤੇ ਇਸ ਦੀ ਉਸਾਰੀ ਵਿੱਚ ਮਾਇਆ ਵਰਤੀ ਗਈ ਜਿਹੜੀ ਉੱਨ ਦਾ ਮਾਲ

ਤਿਆਰ ਕਰਕੇ ਕਮਾਈ ਗਈ ਸੀ। ਉੱਨ ਦਾ ਮਾਲ ਤਿਆਰ ਕਰਦਿਆਂ ਭਿੰਨ-ਭਿੰਨ ਭਾਰੀ ਧਾਤਾਂ ਦੇ ਕਣ ਬੁੱਢੇ ਨਾਲੇ ਵਿੱਚ ਵਗਾ ਦਿੱਤੇ ਜਾਂਦੇ ਹਨ, ਜਿਹੜੇ ਛੋਕੜ ਮੱਛੀਆਂ ਰਾਹੀਂ ਮਨੁੱਖ ਦੇ ਸਰੀਰ ਅੰਦਰ ਜਾ ਪੁੱਜਦੇ ਹਨ। ਮਨੁੱਖ ਦੇ ਕੈਂਸਰ ਰੋਗ ਦੇ ਹੋਰ ਕਾਰਨ ਵੀ ਹਨ, ਪਰ ਇਨ੍ਹਾਂ ਵਿੱਚੋਂ ਮੁੱਖ ਕਾਰਨ ਭਾਰੀ ਧਾਤਾਂ ਦਾ ਸਰੀਰ ਅੰਦਰ ਸਮਾਉਣਾ ਮੰਨਿਆ ਜਾਂਦਾ ਹੈ। ਕਿੰਨਾ ਸਮਝਦਾਰ ਹੈ ਮਨੁੱਖ? ਪਹਿਲਾਂ ਤਾਂ ਇਹ ਕੈਂਸਰ ਰੋਗ ਉਪਜਾਉਂਦਾ ਹੈ ਅਤੇ ਫਿਰ ਉਸ ਦੇ ਇਲਾਜ ਲਈ ਵੱਡੇ-ਵੱਡੇ ਹਸਪਤਾਲ ਉਸਾਰਦਾ ਹੈ। ਮਨੁੱਖ ਕੁਕਰਮ ਕਰਕੇ ਵੀ ਇਨ੍ਹਾਂ ਤੋਂ ਅਣਭੋਲ ਇਸ ਲਈ ਬਣਿਆ ਰਹਿੰਦਾ ਹੈ ਕਿਉਂਕਿ ਅਜਿਹਾ ਇਸਨੇ ਬੜੇ ਸਾਊ ਸਲੀਕੇ ਨਾਲ ਕੀਤਾ ਹੁੰਦਾ ਹੈ, ਧਾਕੜ ਬਣ ਕੇ ਨਹੀਂ। ਫਿਰ ਇਹ ਵੀ ਗੱਲ ਹੈ ਕਿ ਪਾਪਾਂ ਨਾਲ ਖ਼ਮੀਰੀ ਹੋਈ ਆਪਣੀ ਜ਼ਮੀਰ ਨੂੰ ਮਨੁੱਖ ਪੁੰਨ ਦੀ ਸ਼ੁੱਧੀ ਨਾਲ ਧੋਣ ਦੇ ਉਪਰਾਲੇ ਵੀ ਕਰਦਾ ਰਹਿੰਦਾ ਹੈ।

ਆਲਮੀ ਤਪਸ਼ ਜਾਂ ਗਲੋਬਲ ਵਾਰਮਿੰਗ ਨੂੰ ਵਾਤਾਵਰਨ ਸੰਕਟ ਵਜੋਂ ਰੇਖਾਂਕਿਤ ਕਰਦਾ ਹੋਇਆ ਨਿਬੰਧ 'ਵਧ ਰਿਹਾ ਵਿਸ਼ਵ ਤਾਪਮਾਨ' ਇਸ ਨਿਬੰਧ ਸੰਗ੍ਰਿਹ ਦੇ ਕਰਤਾ ਡਾ. ਜਤਿੰਦਰਪਾਲ ਸਿੰਘ ਦੁਆਰਾ ਲਿਖਿਆ ਗਿਆ ਹੈ। ਡਾ. ਸਾਹਿਬ ਦਾ ਮੰਨਣਾ ਹੈ ਕਿ ਵਾਤਾਵਰਨ ਸਮਤੋਲ ਦੇ ਵਿਗਾੜ ਦਾ ਵੱਡਾ ਕਾਰਨ ਵਧ ਰਿਹਾ ਵਿਸ਼ਵ ਤਾਪਮਾਨ ਹੈ, ਜੋ ਕਿ ਵਾਤਾਵਰਨ ਪ੍ਰਦੂਸ਼ਣ ਕਰਕੇ ਹੀ ਵਧ ਰਿਹਾ ਹੈ। ਦੇਸ਼ ਦੇ ਇੱਕ ਪਾਸੇ ਬੇ-ਰੁੱਤੀ ਬਰਖਾ ਹੋ ਰਹੀ ਹੁੰਦੀ ਹੈ, ਹੜ੍ਹਾਂ ਦੀ ਸਥਿਤੀ ਬਣ ਜਾਂਦੀ ਹੈ ਅਤੇ ਕਿਤੇ ਸੋਕੇ ਦੀ ਮਾਰ ਨਾਲ ਬੁਰਾ ਹਾਲ ਹੋ ਜਾਂਦਾ ਹੈ। ਵਧਦੇ ਤਾਪਮਾਨ ਦੇ ਭਵਿੱਖ ਸੰਕਟ ਦਾ ਬਿਓਰਾ ਦਿੰਦੇ ਹੋਏ ਡਾ. ਜਤਿੰਦਰਪਾਲ ਦੱਸਦੇ ਹਨ ਕਿ:

> ਇਸ ਵਧੀ ਹੋਈ ਗਰਮੀ ਦਾ ਇੱਕ ਹੋਰ ਪ੍ਰਕੋਪ ਇਹ ਹੋਵੇਗਾ ਕਿ ਧਰਤੀ ਦੇ ਧਰੁਵਾਂ ਉੱਤੇ ਜੰਮੀ ਬਰਫ਼ ਪਿਘਲ ਜਾਵੇਗੀ। ਧਰਤੀ ਦੇ ਉੱਤਰੀ (ਆਰਕਟਿਕ) ਅਤੇ ਦੱਖਣੀ (ਐਂਟਆਰਕਟਿਕ) ਧਰੁਵ ਸਮੁੱਚੀ ਧਰਤੀ ਇੱਕ ਥਰਮੋਸਟੇਟ ਦਾ ਕੰਮ ਕਰ ਰਹੇ ਹਨ ਅਤੇ ਰੁੱਤਾਂ ਤੇ ਮੌਸਮ ਨੂੰ ਕੰਟਰੋਲ ਕਰਨ ਲਈ ਇਹ ਇੱਕ ਰੈਗੂਲੇਟਰ ਦੀ ਤਰ੍ਹਾਂ ਹਨ। ਸੋ ਇਹ ਵਿਗਾੜ ਸਮੁੱਚੇ ਜੀਵ ਜਗਤ ਅਤੇ ਬਨਸਪਤੀ ਲਈ ਬਹੁਤ ਹੀ ਮਾਰੂ ਸਾਬਤ ਹੋਵੇਗਾ(111)

ਗ੍ਰੀਨ ਹਾਊਸ ਪ੍ਰਭਾਵ ਬਾਰੇ ਸਮਝਾਉਂਦੇ ਹੋਏ ਲੇਖਕ ਨੇ ਆਮ ਜੀਵਨ ਵਿੱਚੋਂ ਮਿਸਾਲ ਦੇ ਕੇ ਸਮਝਾਇਆ ਹੈ। ਸੂਰਜ ਤੋਂ ਧਰਤੀ ਉੱਤੇ ਪਹੁੰਚਣ ਵਾਲੀਆਂ ਕਿਰਨਾਂ ਵੱਖ-ਵੱਖ ਤਰੰਗ-ਲੰਬਾਈ ਭਾਵ ਵੇਵ ਲੈਂਥ ਦੀਆਂ ਹੁੰਦੀਆਂ ਹਨ। ਇਨ੍ਹਾਂ ਕਿਰਨਾਂ ਵਿੱਚੋਂ ਪਰਾ-ਬੈਂਗਣੀ ਅਤੇ ਗਰਮ ਕਿਰਨਾਂ ਵਾਪਸ ਬ੍ਰਹਮੰਡ ਵੱਲ ਮੁੜ ਜਾਂਦੀਆਂ ਹਨ। ਕੁਝ ਗੈਸਾਂ ਤੇ ਵਾਸ਼ਪੀ ਪਦਾਰਥ ਇਹਨਾਂ ਕਿਰਨਾਂ ਦੇ ਕੁਝ ਕੁ ਹਿੱਸੇ ਨੂੰ ਆਪਣੇ ਵਿੱਚ ਜਜ਼ਬ ਕਰ ਲੈਂਦੇ ਹਨ ਅਤੇ ਇਹੀ ਜਜ਼ਬ ਹੋਇਆ ਤਾਪਮਾਨ ਜੀਵਨ ਦੀਆਂ ਅਨੁਕੂਲ ਸਥਿਤੀਆਂ ਨੂੰ ਬਰਕਰਾਰ ਰੱਖਣ ਵਿੱਚ ਸਹਾਈ ਹੁੰਦਾ ਹੈ। ਇਸ ਸੰਦਰਭ ਵਿੱਚ ਡਾ. ਜਤਿੰਦਰਪਾਲ ਖੋਲ੍ਹ ਕੇ ਸਮਝਾਉਂਦੇ ਹਨ ਕਿ:

> ਇਕ ਕਾਰ ਜਾਂ ਬੱਸ ਨੂੰ ਧੁੱਪ ਵਿੱਚ ਖੜ੍ਹੀ ਕਰ ਦਿਉ। ਸ਼ੀਸ਼ੇ ਬੰਦ ਹੋਣ। ਕੁਝ ਦੇਰ ਬਾਅਦ ਕਾਰ ਦੀ ਤਾਕੀ ਖੋਲ੍ਹ ਕੇ ਵਿੱਚ ਬੈਠੋ, ਤਾਂ ਅੰਦਰ ਬਹੁਤ ਤਪਸ਼ ਹੋਵੇਗੀ। ਤੁਸੀਂ ਬਾਹਰ ਆਵੋਗੇ ਤਾਂ ਰਾਹਤ ਮਿਲੇਗੀ, ਭਾਵੇਂ ਬਾਹਰ ਤਪਦਾ ਸੂਰਜ ਸਿਰ ਦੇ ਉੱਪਰ ਹੈ ਪ੍ਰੰਤੂ ਕਾਰ ਦੇ ਅੰਦਰਲੀ ਤਪਸ਼ ਨਾਲੋਂ ਇਹ ਗਰਮੀ ਘੱਟ ਜਾਪੇਗੀ। ਬੱਸ ਬਿਲਕੁਲ ਇਸੇ ਤਰ੍ਹਾਂ ਦੀ ਪ੍ਰਕ੍ਰਿਆ ਹੀ ਹੈ... ਹਰਾ ਗ੍ਰਹਿ ਪ੍ਰਭਾਵ ਜਾ ਗ੍ਰੀਨ ਹਾਊਸ ਇਫ਼ੈਕਟ(112)

ਪ੍ਰਦੂਸ਼ਣ ਦੇ ਵਧ ਜਾਣ ਕਰਕੇ ਵਾਯੂ-ਮੰਡਲ ਵਿੱਚ ਇਨਫਰਾ ਰੈੱਡ ਤੇ ਗਰਮ ਕਿਰਨਾਂ ਨੂੰ ਸੋਖਣ ਵਾਲੀਆਂ ਗੈਸਾਂ ਤੇ ਵਾਸ਼ਪੀ ਪਦਾਰਥਾਂ ਦੀ ਮਿਕਦਾਰ ਲੋੜ ਨਾਲੋਂ ਬਹੁਤ ਜ਼ਿਆਦਾ ਵਧ ਗਈ ਹੈ। ਇਸ ਦੇ ਨਤੀਜੇ ਵਜੋਂ ਸੂਰਜ ਵੱਲ ਵਾਪਸ ਜਾਣ ਵਾਲੀਆਂ ਕਿਰਨਾਂ ਦਾ ਵੱਡਾ ਹਿੱਸਾ ਧਰਤੀ 'ਤੇ ਹੀ ਰਹਿ ਜਾਂਦਾ ਹੈ ਜੋ ਕਿ ਧਰਤੀ ਦੇ ਤਾਪਮਾਨ ਵਿੱਚ ਨਿਰੰਤਰ ਵਾਧਾ ਕਰਦਾ ਰਹਿੰਦਾ ਹੈ। ਤਾਪਮਾਨ ਵਧਾਉਣ ਲਈ ਜ਼ਿੰਮੇਦਾਰ ਮੰਨ੍ਹੀਆਂ ਗਈਆਂ ਗੈਸਾਂ ਵਿੱਚੋਂ ਕਾਰਬਨ ਡਾਇਆਕਸਾਈਡ ਦੀ ਮਾਤਰਾ ਉਦਯੋਗਿਕ ਵਿਕਾਸ ਨਾਲ ਵਧਦੀ ਜਾ ਰਹੀ ਹੈ। ਇਸ ਤੋਂ ਇਲਾਵਾ ਪੈਟਰੋਲੀਅਮ ਦੇ ਜਲਣ ਨਾਲ ਇਸ ਗੈਸ ਦਾ ਨਿਕਾਸ ਹੁੰਦਾ ਹੈ। ਕੋਲੇ ਦੇ ਬਲਣ ਨਾਲ ਵੀ ਇਸ ਦਾ ਨਿਕਾਸ ਹੁੰਦਾ ਹੈ। ਕਾਰਬਨ ਡਾਇਆਕਸਾਈਡ ਬਾਬਤ ਰਿਪੋਰਟ ਪ੍ਰਸਤੁਤ ਕਰਨ ਵਾਲਾ ਵੇਰਵਾ ਲਿਆ ਨਿਮਨ ਲਿਖਤ ਅਨੁਸਾਰ ਦਿੱਤਾ ਗਿਆ ਹੈ:

> ਵਰਲਡ ਰਿਸੋਰਸ ਇੰਸਟੀਚਿਊਟ ਦੇ ਮੁਤਾਬਿਕ ਸਮੁੱਚੇ ਵਿਸ਼ਵ ਵਿੱਚ ਸਾਲ 1992 ਦੌਰਾਨ 2.3 ਕਰੋੜ ਟਨ ਕਾਰਬਨ ਡਾਈਆਕਸਾਈਡ ਉਦਯੋਗਿਕ ਗਤੀਵਿਧੀਆਂ ਵਿੱਚੋਂ ਛੱਡੀ ਗਈ। ਸੰਯੁਕਤ ਰਾਸ਼ਟਰ ਅਮਰੀਕਾ ਵੱਲੋਂ ਵੱਡੀ ਪੱਧਰ ਉੱਤੇ ਇਸ ਗੈਸ ਦਾ ਨਿਕਾਸ ਹੋ ਰਿਹਾ ਹੈ। ਦੋ ਵਿਕਾਸ਼ਸੀਲ ਦੇਸ਼ ਚੀਨ ਅਤੇ ਭਾਰਤ ਵੀ ਪ੍ਰਮੁੱਖ ਪ੍ਰਦੂਸ਼ਣ ਕਰਨ ਵਾਲਿਆਂ ਦੇਸ਼ਾਂ ਦੀ ਸ਼੍ਰੇਣੀ ਵਿੱਚ ਆਉਂਦੇ ਹਨ। ਦੋ ਪ੍ਰਮੁੱਖ ਤੇਲ ਪੈਦਾ ਕਰਨ ਵਾਲੇ ਅਤੇ ਘੱਟ ਆਬਾਦੀ ਵਾਲੇ ਮੂਲਕ ਸਾਊਦੀ ਅਰਬ ਅਤੇ ਕਜ਼ਾਕਿਸਤਾਨ ਵੀ ਪ੍ਰਦੂਸ਼ਣ ਕਰਨ ਵਾਲਿਆਂ ਦੀ ਇਸੇ ਸੂਚੀ ਵਿੱਚ ਸ਼ਾਮਲ ਹਨ(114)

ਦੂਜੀ ਗ੍ਰੀਨ ਹਾਊਸ ਗੈਸ ਹੈ- ਮੀਥੇਨ। ਇਹ ਵੀ ਬਲਣ ਕ੍ਰਿਆ ਦੌਰਾਨ ਆਕਸੀਜਨ ਦੀ ਗੈਰਮੌਜੂਦਗੀ ਵਿੱਚ ਗਲਣ-ਸੜਣ ਦੀਆਂ ਕਿਰਿਆਵਾਂ ਕਰਕੇ ਉਤਪੰਨ ਹੁੰਦੀ ਹੈ। ਮੀਥੇਨ ਗੈਸ ਦੀ ਉਤਪੱਤੀ ਚੌਲਾਂ ਦੀ ਖੇਤੀ, ਪੌਦਿਆਂ ਦੀ ਲੱਕੜੀ ਨੂੰ ਬਾਲਣ, ਖੇਤਾਂ ‘ਚ ਖੜ੍ਹੇ ਪਾਣੀ, ਗਾਵਾਂ ਤੇ ਸਿਉਂਕ ਵੀ ਪਾਚਣ ਪ੍ਰਣਾਲੀ ਵਿੱਚੋਂ ਵੀ ਹੁੰਦੀ ਹੈ। ਕਾਰਬਨ-ਡਾਇਆਕਸਾਈਡ ਦੇ ਮੁਕਾਬਲੇ ਮੀਥੇਨ 50 ਗੁਣਾਂ ਵਧ ਗਰਮੀ ਜਜ਼ਬ ਕਰਨ ਦੀ ਸ਼ਕਤੀ ਰੱਖਦੀ ਹੈ। ਇਹੋ ਕਾਰਨ ਹੈ ਕਿ ਵਾਯੂਮੰਡਲ ਵਿੱਚ ਆਕਸੀਜਨ ਦੀ ਹੋਂਦ ਵਿੱਚ ਮੀਥੇਨ ਦੇ ਵਿਘਟਣ ਨਾਲ ਕਾਰਬਨ ਡਾਇਆਕਸਾਈਡ ਅਤੇ ਪਾਣੀ ਦੇ ਵਾਸ਼ਪਾਂ ਦਾ ਜਨਮ ਹੁੰਦਾ ਹੈ ਤੇ ਇਹ ਦੋਵੇਂ ਹੀ ਹਰੇ-ਗ੍ਰਹਿ ਪ੍ਰਭਾਵ ਨੂੰ ਵਧਾਉਂਦੇ ਹਨ। ਮੀਥੇਨ ਬਾਰੇ ਲੇਖਕ ਨੇ ਇੰਝ ਖੁਲਾਸਾ ਕੀਤਾ ਹੈ ਕਿ:

> ਵਾਯੂਮੰਡਲ ਵਿੱਚ ਮੀਥੇਨ ਦੀ ਮਾਤਰਾ ਹਰੇਕ ਸਾਲ 1 ਪ੍ਰਤੀਸ਼ਤ ਦੀ ਦਰ ਉੱਤੇ ਵਧ ਰਹੀ ਹੈ। ਉਦਯੋਗੀਕਰਨ ਤੋਂ ਪਹਿਲਾਂ ਇਸ ਗੈਸ ਦੀ ਮਾਤਰਾ 0.7 ਪਾਰਟਸ ਪਰ ਮਿਲੀਅਨ ਸੀ ਜੋ 1950 ਵਿੱਚ 1.1 ਪਾਰਟਸ ਪਰ ਮਿਲੀਅਨ ਅਤੇ 1985 ਵਿੱਚ 1.7 ਪਾਰਟਸ ਪਰ ਮਿਲੀਅਨ ਤੱਕ ਪਹੁੰਚ ਗਈ। ਸਾਲ 1980-90 ਦੌਰਾਨ ਕੁੱਲ ਗਰਮੀ ਵਿੱਚੋਂ 15 ਪ੍ਰਤੀਸ਼ਤ ਦੇ ਕਰੀਬ ਤਾਂ ਇਸ ਗੈਸ ਕਰਕੇ ਹੀ ਹੋਈ ਸੀ(115)

ਖੇਤੀਬਾੜੀ ਖੇਤਰ ਵਿੱਚ ਗਲੋਬਲ ਵਾਰਮਿੰਗ ਦੇ ਵੱਖ-ਵੱਖ ਪ੍ਰਭਾਵ ਪੈਣਗੇ। ਗਰਮ ਤੇ ਖੁਸ਼ਕ ਮੌਸਮ ਵਿੱਚ ਕੀੜਿਆਂ ਅਤੇ ਨਦੀਨਾਂ ਦਾ ਵਾਧਾ ਹੋਵੇਗਾ, ਫ਼ਲਸਰੂਪ ਕੀਟਨਾਸ਼ਕਾਂ ਦੀ ਮੰਗ ਵਧੇਗੀ। ਖਾਦਾਂ ਦੀ ਖਪਤ

ਵਧੇਗੀ। ਬਰਸਾਤਾਂ ਬਾਰੇ ਅਨਿਸ਼ਚਤਾ ਆ ਜਾਵੇਗੀ। ਪਾਣੀ ਦੇ ਸਰੋਤ ਬੁਰੀ ਤਰ੍ਹਾਂ ਪ੍ਰਭਾਵਿਤ ਹੋਣ ਤੇ ਪਾਣੀ ਦੀ ਵੰਡ ਵਿੱਚ ਬਹੁਤ ਤਬਦੀਲੀਆਂ ਆਉਣਗੀਆਂ। ਗਲੇਸ਼ੀਅਰ ਪਿਘਲ ਜਾਣਗੇ। ਸਿੰਚਾਈ ਲਈ ਵਧੇਰੇ ਪਾਣੀ ਦੀ ਜ਼ਰੂਰਤ ਹੋਵੇਗੀ। ਹੈਂਡਲੀ ਸੈਂਟਰ ਫਾਰ ਕਲਾਈਮੇਟ ਚੇਂਜ ਬਰਤਾਨੀਆਂ ਦੇ ਅਨੁਮਾਨ ਅਨੁਸਾਰ ਵਿਸ਼ਵ ਭਰ ਵਿੱਚ ਅੱਜ ਤੋਂ ਇੱਕ ਸਦੀ ਬਾਅਦ ਪਾਣੀ ਦੀ ਤੰਗੀ ਕਰਕੇ ਵਿਸ਼ਵ ਦੇ ਲਗਭਗ 17 ਕਰੋੜ ਲੋਕ ਤ੍ਰਾਹ-ਤ੍ਰਾਹ ਕਰ ਉੱਡਣਗੇ। ਬਹੁਤ ਸਾਰੇ ਮਾਹਿਰਾਂ ਦੀ ਵਿਚਾਰ ਹੈ ਕਿ ਅਗਲੀ ਜੰਗ ਜਦੋਂ ਵੀ ਹੋਈ ਤਾਂ ਪਾਣੀ ਲਈ ਹੋਵੇਗੀ।

ਪੂਰੇ ਵਿਸ਼ਵ ਵਿੱਚ ਵਿਗੜ ਰਹੇ ਵਾਤਾਵਰਨ ਕਰਕੇ ਚੁਗਿਰਦੇ ਵਿੱਚ ਰੋਗਵਾਹਕ ਜੀਵਾਣੂਆਂ ਅਤੇ ਕੀੜਿਆਂ ਦਾ ਵਾਧਾ ਹੋਵੇਗਾ ਜਿਸ ਸਦਕਾ ਮਨੁੱਖੀ ਸਿਹਤ ‘ਤੇ ਵੀ ਪ੍ਰਸ਼ਨਚਿੰਨ੍ਹ ਲੱਗ ਜਾਵੇਗਾ। ਇੱਥੇ ਇਹ ਗੱਲ ਵਿਸ਼ੇਸ਼ ਰੂਪ ਵਿੱਚ ਵਰਨਣਯੋਗ ਹੈ ਕਿ ਸਾਲ 2019-20 ਵਿੱਚ ਕਰੋਨਾ ਵਾਇਰਸ ਵਰਗੇ ਭਿਆਨਕ ਜੀਵਾਣੂ ਨੇ ਪੂਰੇ ਵਿਸ਼ਵ ਨੂੰ ਅਸਰ-ਅੰਦਾਜ਼ ਕੀਤਾ ਹੈ। ਖ਼ਰਾਬ ਵਸੇਬੇ, ਖਾਣੇ-ਪੀਣੇ ਤੇ ਸੰਘਣੀ ਆਬਾਦੀ ਵਾਲੇ ਖੇਤਰਾਂ ਵਿੱਚ ਇਹ ਵਾਇਰਸ ਵਧੇਰੇ ਤੇਜ਼ੀ ਨਾਲ ਫੈਲਿਆ ਹੈ। ਕਮਜ਼ੋਰ ਰੋਗ-ਪ੍ਰਤੀਰੋਧਕ ਸਮਰੱਥਾ ਵਾਲੇ ਲੋਕ ਇਸ ਵਾਇਰਸ ਦਾ ਸ਼ਿਕਾਰ ਵਧੇਰੇ ਬਣ ਰਹੇ ਹਨ। ਅਜਿਹੀ ਮਹਾਂਮਾਰੀ ਦੀ ਸਥਿਤੀ ਵਿੱਚ ਰੋਗਾਂ ਦੇ ਨਾਲ-ਨਾਲ ਕੁਪੋਸ਼ਣ, ਅੰਨ੍ਹ ਦੀ ਜਮ੍ਹਾਖੋਰੀ, ਬੇਰੁਜ਼ਗਾਰੀ ਪਲਾਇਨ ਅਤੇ ਅਰਥਚਾਰੇ ਦੀ ਸਮੱਸਿਆ ਵੀ ਉਪਜ ਰਹੀ ਹੈ। ਗਲੋਬਲ ਵਾਰਮਿੰਗ ਬਾਰੇ ਦੋ ਟੂਕ ਟਿੱਪਣੀ ਕਰਦੇ ਹੋਏ ਲੇਖਕ ਨੇ ਇਸ ਤਰ੍ਹਾਂ ਸਾਰ ਪੇਸ਼ ਕੀਤਾ ਹੈ ਕਿ:

> ਭਾਵੇਂ ਤਾਪਮਾਨ ਦੇ ਵਧਣ ਦੀ ਪ੍ਰਕ੍ਰਿਆ ਦਾ ਮਾਰੂ ਪ੍ਰਭਾਵ ਵਿਸ਼ਵ ਦੇ ਖੇਤਰਾਂ ਵਿੱਚ ਭਿੰਨ-ਭਿੰਨ ਹੋਵੇਗਾ। ਪ੍ਰੰਤੂ ਮਨੁੱਖ ਜਾਤੀ ਲਈ ਇਹ ਬਹੁਤ ਘਾਤਕ ਹੋਵੇਗਾ। ਬਦਲ ਚੁੱਕੇ ਵਾਤਾਵਰਣ ਅਤੇ ਮੌਸਮਾਂ ਵਿੱਚ ਜੀਵਨ ਸਿਰਫ਼ ਮੁਸ਼ਕਿਲ ਹੀ ਨਹੀਂ ਹੋਵੇਗਾ ਸਗੋਂ ਅਸੰਭਵ ਵੀ ਹੋਵੇਗਾ। ਹਰਾ ਗ੍ਰਹਿ ਪ੍ਰਭਾਵ ਵਾਲੀਆਂ ਗੈਸਾਂ ਦੀ ਵਾਯੂਮੰਡਲ ਵਿਚਲੀ ਮਾਤਰਾ ਨੂੰ ਘਟਾਉਣ ਦੇ ਨਾਲ-ਨਾਲ, ਵੱਧ ਤੋਂ ਵੱਧ ਦਰਖ਼ਤ ਲਗਾ ਕੇ ਇਸ ਸਮੱਸਿਆ ਤੋਂ ਬਚਿਆ ਜਾ ਸਕਦਾ ਹੈ(119)

ਸੁਰਿੰਦਰ ਕੁਮਾਰ ਜਿੰਦਲ ਦੁਆਰਾ ਲਿਖਿਆ ਲੇਖ, 'ਕੀਟਨਾਸ਼ਕਾਂ ਦੀ ਅੰਧਾ-ਧੁੰਦ ਵਰਤੋਂ ਖੇਤੀ ਪ੍ਰਧਾਨ ਸੂਬੇ ਪੰਜਾਬ ਦੇ ਜਲ, ਥਲ ਅਤੇ ਵਾਯੂ ਨੂੰ ਪ੍ਰਦੂਸ਼ਿਤ ਕਰਨ ਲਈ ਕੀਟਨਾਸ਼ਕਾਂ ਦੀ ਵਿੱਤੋਂ ਵੱਧ ਵਰਤੋਂ ਨੂੰ ਦੋਸ਼ੀ ਕਰਾਰ ਦਿੰਦਾ ਹੈ। ਹਰੀ-ਕ੍ਰਾਂਤੀ ਦੇ ਕਾਰਜਾਂ ਵਿੱਚ ਖਾਦਾਂ ਤੇ ਕੀਟਨਾਸ਼ਕਾਂ ਦੀ ਭਰਪੂਰ ਵਰਤੋਂ ਆਰੰਭ ਹੋਈ। ਜਾਣੇ-ਅਣਜਾਣੇ ਖੇਤੀ ਖੇਤਰਾਂ ਵਿੱਚ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਨੇ ਕੀਟਾਂ ਦੇ ਨਾਲ-ਨਾਲ ਮਨੁੱਖਾਂ ਨੂੰ ਵੀ ਬਥੇਰਾ ਨੁਕਸਾਨਿਆ ਹੈ। ਇੱਕ ਹਵਾਲਾ ਦਿੰਦੇ ਹੋਏ ਸ੍ਰੀ ਜਿੰਦਲ ਦੱਸਦੇ ਹਨ ਕਿ:

> ਕੁਝ ਸਾਲ ਪਹਿਲਾਂ ਦੇਸ਼ ਵਿੱਚ ਫੈਲੀ ਪਲੇਗ ਨੂੰ ਕਾਬੂ ਕਰਨ ਦੇ ਉਪਾਵਾਂ ਵਿੱਚ ਡੀ.ਡੀ.ਟੀ. ਦੀ ਛਿੜਕਾਅ ਇੱਕ ਮੁੱਖ ਪ੍ਰਾਪਤੀ ਵਜੋਂ ਗਿਣਿਆ ਗਿਆ ਸੀ। ਇਸ ਸੱਚਾਈ ਤੋਂ ਅਸੀਂ ਲੰਮੇ ਸਮੇਂ ਤਕ ਅਣਜਾਣ ਰਹੇ ਕਿ ਡੀ.ਡੀ.ਟੀ. ਕੀਟਾਂ ਨਾਲੋਂ ਵੀ ਵੱਧ ਮਨੁੱਖਾਂ ਲਈ ਘਾਤਕ ਹੁੰਦੀ ਹੈ। ਅਮਰੀਕਾ ਸਮੇਤ ਕਈ ਵਿਕਸਤ ਦੇਸ਼ਾ ਨੇ ਇਸ ਦੇ ਮਾਰੂ ਪ੍ਰਭਾਵ ਦੇਖਦੇ ਹੋਏ ਇਸ ਦੀ ਵਰਤੋਂ ਉੱਤੇ ਪਾਬੰਧੀ ਲਗਾ ਦਿੱਤੀ ਹੈ। ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਇਕ ਵਾਲ ਦੁਆਲੇ ਅੰਦਰ ਪ੍ਰਵੇਸ਼ ਕਰਨ ਪਿੱਛੋਂ ਡੀ.ਡੀ.ਟੀ. ਹਜ਼ਾਰਾਂ ਸਾਲਾਂ ਤਕ ਬਿਨਾਂ ਅਪਘਟਿਕ ਹੋਈ ਪਈ ਰਹਿੰਦੀ ਹੈ ਅਤੇ ਇਹ ਭੋਜਨ ਲੜੀ ਵਿੱਚ ਦਾਖ਼ਲ ਹੋ ਕੇ ਹੌਲੀ-ਹੌਲੀ ਮਨੁੱਖ ਅਤੇ ਹੋਰ ਜੀਵਾਂ ਦੇ ਸਰੀਰ ਅੰਦਰ ਇੱਕਠੀ ਹੁੰਦੀ ਰਹਿੰਦੀ ਹੈ(125)

ਕੀਟਨਾਸ਼ਕਾਂ ਦੇ ਭਿਅੰਕਰ ਅਤੇ ਦੂਰਗਾਮੀ ਕੁਝ ਪ੍ਰਭਾਵਾਂ ਵਿੱਚੋਂ ਪ੍ਰਮੁੱਖ ਹਨ: ਗੁਰਦਿਆਂ ਦਾ ਫ਼ੇਲ ਹੋਣਾ, ਹੱਡੀਆਂ ਦੀ ਕਮਜ਼ੋਰੀ, ਦਿਮਾਗੀ ਅਸੰਤੁਲਨ ਆਦਿ। ਵੱਖ ਵੱਖ ਫ਼ਲ ਅਤੇ ਸਬਜ਼ੀਆਂ ਉੱਤੇ ਕੀਤੇ ਜਾਂਦੇ ਵਿਭਿੰਨ ਸਪਰੇਆਂ ਨਾਲ ਭੋਜਨ ਲੜੀ ਦੁਆਰਾ ਮਨੁੱਖੀ ਸਰੀਰ ਅੰਦਰ ਉਹਨਾਂ ਦਾ ਜ਼ਹਿਰੀਲਾ ਮਾਦਾ ਆ ਜਾਂਦਾ ਹੈ ਜੋ ਬਹੁਤ ਘਾਤਕ ਹੈ। ਅੰਗੂਰਾਂ ਉੱਤੇ ਇੰਡੋਸਲਫਾਨ ਦਾ ਛਿੜਕਾਅ ਪੱਕੇ ਅੰਗੂਰਾਂ ਨੂੰ ਕਾਲੇ ਪੈਣ ਤੋਂ ਬਚਾਉਂਦੇ ਹਾ। ਭਿੰਡੀ ਨੂੰ ਕੀੜੇ ਤੋਂ ਬਚਾਉਣ ਲਈ ਡਾਇਮਕ੍ਰਾਨ ਛਿੜਕਿਆ ਜਾਂਦਾ ਹੈ। ਵੈਂਗਣ ਦੇ ਨਿੱਕੇ ਪੌਦੇ ਦੀ ਜੜ੍ਹ ਵਿੱਚ ਕਾਰਬੋ-ਫਿਊਰਲ ਨਾਮਕ ਵਿਸ਼ੈਲੀ ਦਵਾਈ ਪਾਈ ਜਾਂਦੀ ਹੈ। ਟਮਾਟਰਾਂ ਦੇ ਬੂਟਿਆਂ ਉੱਤੇ ਸਾਈਪਰ ਮੈਥਿਨ ਛਿੜਕੀ ਜਾਂਦੀ ਹੈ। ਉੱਪਰ ਵਰਣਿਤ ਰਸਾਇਣਿਕ ਦਵਾਈਆਂ ਪੌਦਿਆਂ ਉੱਤੇ ਹਮਲਾ ਕਰਨ ਵਾਲੇ ਕੀਟਾਂ ਨੂੰ ਤਾਂ ਖ਼ਤਮ ਕਰ ਦਿੰਦੀਆਂ ਹਨ, ਪਰ ਕੀ ਇਹਨਾਂ ਸਬਜ਼ੀਆਂ/ਫਲਾਂ ਦਾ ਸੇਵਨ ਕਰਨ ਵਾਲੇ ਕੀਟਨਾਸ਼ਕਾਂ

ਦੇ ਮਾਰੂ ਪ੍ਰਭਾਵਾਂ ਤੋਂ ਬਚ ਸਕਦੇ ਹਨ? ਹੋਰ ਤਾਂ ਹੋਰ ਅਨਾਜਾਂ, ਫਲਾਂ ਤੇ ਸਬਜ਼ੀਆਂ ਆਦਿ 'ਤੇ ਸਪਰੇਆਂ ਛਿੜਕਣ ਵਾਲੇ ਕਿਸਾਨ ਲੋਕ ਸਭ ਤੋਂ ਵੱਧ ਅਤੇ ਸਭ ਤੋਂ ਪਹਿਲਾਂ ਜ਼ਹਿਰਾਂ ਦੇ ਅਸਰ ਹੇਠ ਆ ਜਾਂਦੇ ਹਨ। ਦੇਸ਼ ਦੀ ਵੱਡੀ ਆਬਾਦੀ ਦਾ ਪੋਸ਼ਣ ਕਰਨ ਲਈ ਵਧੇਰੇ ਅਨਾਜ ਦੀ ਪੈਦਾਵਾਰ ਜ਼ਰੂਰਤ ਵੀ ਹੈ ਤੇ ਮਜ਼ਬੂਰੀ ਵੀ ਪਰ ਜ਼ਹਿਰਾਂ ਨਾਲ ਪਾਲੇ ਗਏ ਕੂਲੇ ਤੇ ਲਿਸ਼ਕਦੇ ਅਨਾਜ, ਸਬਜ਼ੀਆਂ ਤੇ ਫ਼ਲ ਸੋਹਣੇ ਤਾਂ ਜ਼ਰੂਰ ਲੱਗਦੇ ਹਨ ਪਰ ਅਸਲ ਵਿੱਚ ਜਾਨਲੇਵਾ। ਕਿਸਾਨਾਂ ਨੂੰ ਤੇਜ਼ ਗਤੀ ਨਾਲ ਉਤਪਾਦਨ ਲੈਣ ਦੀ ਥਾਂਵੇਂ ਵਧੀਆ ਅਤੇ ਸੁਰੱਖਿਅਤ ਉਤਾਪਦਨ ਲੈਣ ਦੀ ਸੋਚ ਨੂੰ ਅਪਣਾਉਣਾ ਚਾਹੀਦਾ ਹੈ। ਜੈਵਿਕ ਖੇਤੀ ਜਾਂ ਨਿਗੂਣੇ ਰਸਾਇਣਿਕਾਂ ਵਾਲੀ ਖੇਤੀ ਵਿੱਚੋਂ ਉਪਜੇ ਸੁਰੱਖਿਅਤ ਭੋਜਨ ਨਾਲ ਹੀ ਸਿਹਤ ਅਤੇ ਵਾਤਾਵਰਨ ਦੀ ਸੁੱਰਖਿਆ ਕੀਤੀ ਜਾ ਸਕਦੀ ਹੈ। ਸੁਰਿੰਦਰ ਕੁਮਾਰ ਜਿੰਦਲ ਦੱਸਦੇ ਹਨ ਕਿ:

> ਖ਼ਰਾਬ ਸਿਹਤ ਕੇਵਲ ਮੈਡੀਕਲ ਸਮੱਸਿਆ ਨਹੀਂ ਹੁੰਦੀ, ਇਹ ਤਾਂ ਸਗੋਂ ਸਮਾਜਿਕ, ਆਰਥਿਕ ਅਤੇ ਪਰਿਵਾਰਕ ਸਮੱਸਿਆ ਵੀ ਬਣਦੀ ਰਹਿੰਦੀ ਹੈ। ਸਾਨੂੰ ਡੈੱਨਮਾਰਕ ਜਾ ਕੇ ਆਏ ਮਾਹਿਰਾਂ ਦੇ ਤਜ਼ਰਬੇ ਤੋਂ ਵੀ ਲਾਭ ਉਠਾਉਣਾ ਚਾਹੀਦਾ ਹੈ, ਜਿੱਥੇ ਕਿ ਸਬਜ਼ੀਆਂ ਅਤੇ ਹੋਰ ਫਸਲਾਂ ਬਿਨਾਂ ਕਿਸੇ ਪੈਸਟੀਸਾਈਡ ਜਾਂ ਕੀਟਨਾਸ਼ਕ ਦੇ ਉਗਾਈਆਂ ਜਾ ਰਹੀਆਂ ਹਨ(128)

ਡਾ. ਏ.ਪੀ.ਐਸ. ਕਾਲੇਕਾ ਅਤੇ ਡਾ. ਪਰਮਿੰਦਰ ਕੌਰ ਦੁਆਰਾ ਰਚਿਤ ਨਿਬੰਧ 'ਰਸਾਇਣਿਕ ਖਾਦਾਂ ਦੀ ਬੇਲੋੜੀ ਵਰਤੋਂ' ਜਿੰਦਲ ਦੇ ਨਿਬੰਧ ਵਾਂਗ ਅਖੌਤੀ ਵਿਕਸਿਤ ਖੇਤੀ ਪ੍ਰਯੋਗਾਂ ਦੇ ਕੁਪ੍ਰਭਾਵਾਂ ਦਾ ਜ਼ਿਕਰ ਕਰਦਾ ਪ੍ਰਤੀਤ ਹੁੰਦਾ ਹੈ। ਵਧੇਰੇ ਝਾੜ ਪ੍ਰਾਪਤ ਕਰਨ ਦੇ ਆਸ਼ੇ ਨਾਲ ਵਧੇਰੇ ਰਸਾਇਣਿਕ ਖਾਦਾਂ ਦੇ ਪ੍ਰਯੋਗ ਨਾਲ ਧਰਤੀ ਵਿਚਲੇ ਖੇਤੀ ਮਿੱਤਰ ਕੀੜੇ ਤਾਂ ਮੁੱਕਦੇ ਹੀ ਹਨ, ਸਗੋਂ ਨਾਲ ਹੀ ਧਰਤੀ ਦੀ ਉਪਜਾਊ ਸ਼ਕਤੀ ਵੀ ਹੌਲੀ ਹੌਲੀ ਘਟਣੀ ਸ਼ੁਰੂ ਹੋ ਜਾਂਦੀ ਹੈ। ਇਹਨਾਂ ਦੀ ਲੋੜੋਂ ਵੱਧ ਵਰਤੋਂ ਨਾਲ ਭੂਮੀ ਵੀ ਪ੍ਰਦੂਸ਼ਿਤ ਹੁੰਦੀ ਹੈ ਤੇ ਰਸਾਇਣਿਕ ਅੰਸ਼ ਜਲ ਵਿੱਚ ਜਿਊਰ ਕੇ ਉਸਨੂੰ ਵੀ ਪ੍ਰਦੂਸ਼ਿਤ ਕਰ ਦਿੰਦੇ ਹਨ। ਪੰਜਾਬ ਵਿੱਚ ਖੇਤੀਯੋਗ ਰਕਬੇ ਅਤੇ ਇਸ ਵਿੱਚ ਪ੍ਰਯੋਗ ਕੀਤੀ ਜਾਂਦੀ ਰਸਾਇਣਿਕ ਖਾਦਾਂ ਦੀ ਪੈਦਾਵਾਰ ਦੀ ਅਨੁਪਾਤ ਦਾ ਜ਼ਿਕਰ ਕਰਦੇ ਹੋਏ ਲੇਖ ਵਿੱਚ ਇਸ ਪ੍ਰਕਾਰ ਦੱਸਿਆ ਗਿਆ ਹੈ ਕਿ:

ਪੰਜਾਬ ਦੇ ਕੁੱਲ ਰਕਬੇ ਦੇ ਲਗਭਗ 85 ਪ੍ਰਤੀਸ਼ਤ ਹਿੱਸੇ ਉੱਤੇ ਖੇਤੀ ਕੀਤੀ ਜਾਂਦੀ ਹੈ। 1960-61 ਈਸਵੀ ਵਿੱਚ ਸਾਡੇ ਪ੍ਰਾਂਤ ਵਿੱਚ ਰਸਾਇਣਕ ਖਾਦਾਂ ਦੀ ਖ਼ਪਤ ਸਿਰਫ 5000 ਟਨ ਸੀ ਜਦੋਂ ਕਿ 1994-95 ਵਿੱਚ ਵੱਧ ਕੇ 10.14 ਲੱਖ ਟਨ ਹੋ ਗਈ। ਇਸ ਮਾਤਰਾ ਦਾ ਪ੍ਰਯੋਗ 42 ਲੱਖ ਹੈਕਟੇਅਰ ਭੂਮੀ ਵਿੱਚ ਕੀਤਾ ਗਿਆ ਹੈ ਜੋ ਕਿ ਲਗਭਗ 241 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਬਣਦਾ ਹੈ। ਇਨ੍ਹਾਂ ਖਾਦਾਂ ਦੀ ਵਰਤੋਂ ਵਿੱਚ ਲੁਧਿਆਣਾ ਜ਼ਿਲ੍ਹਾ ਪਹਿਲੇ ਨੰਬਰ ਉੱਤੇ ਹੈ, ਜਿੱਥੇ 310 ਕਿਲੋਗ੍ਰਾਮ ਪ੍ਰਤੀ ਹੈਕਟੇਅਰ ਦੇ ਹਿਸਾਬ ਨਾਲ ਇਨ੍ਹਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ(129)

ਨਾਈਟ੍ਰੋਜਨ ਯੁਕਤ ਖਾਦਾਂ ਦੀ ਪੈਦਾਵਾਰ ਅਤੇ ਖੇਤੀਯੋਗ ਜ਼ਮੀਨ ਵਿੱਚ ਇਹਨਾਂ ਦੇ ਪ੍ਰਯੋਗ ਨਾਲ ਵਾਤਾਵਰਨ ਨੂੰ ਬੇਹੱਦ ਨੁਕਸਾਨ ਪੁੱਜ ਰਿਹਾ ਹੈ। ਇਹਨਾਂ ਵਿੱਚੋਂ ਨਿਕਲਦੀ ਨਾਈਟ੍ਰੋਜਨ ਆਕਸਾਈਡ ਗੈਸ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਂਦੀ ਹੈ। ਪਾਣੀ ਦੇ ਪੱਤਣ ਤੱਕ ਪਹੁੰਚ ਰਹੀ ਨਾਈਟ੍ਰੇਟ ਦੀ ਮਿਕਦਾਰ ਵੱਡੇ ਸਿਹਤ ਖ਼ਤਰੇ ਦਾ ਸੰਕੇਤ ਦੇ ਰਹੀ ਹੈ। ਰਸਾਇਣਿਕ ਖਾਦਾਂ ਦਾ ਖ਼ਤਰਾ ਭੋਜਨ ਲੜੀ ਵਿੱਚ ਸ਼ਾਮਿਲ ਹੋਣ ਤੋਂ ਬਾਅਦ ਕਈ ਗੁਣਾ ਵਧੇਰੇ ਹੋ ਕੇ ਜੀਵਾਂ ਤੇ ਮਨੁੱਖਾਂ ਦੀ ਸਿਹਤ ਨੂੰ ਅਸਰ-ਅੰਦਾਜ਼ ਕਰਦਾ ਹੈ। ਇਸ ਲਈ ਰਸਾਇਣਾਂ ਤੇ ਕੀਟਨਾਸ਼ਕਾਂ ਦੀ ਮਾਮੂਲੀ ਵਰਤੋਂ ਤੇ ਜੈਵਿਕ ਖੇਤੀ ਵੱਲ ਪਰਿਵਰਤਨ ਹੀ ਸਮੇਂ ਦੀ ਮੁੱਖ ਮੰਗ ਹੈ।

ਡਾ. ਡੇਵਿਡ ਤੇਜਾ ਦਾ ਲਿਖਿਆ ਨਿਬੰਧ 'ਮੈਰਿਜ ਪੈਲਸ ਅਤੇ ਪ੍ਰਦੂਸ਼ਣ' ਵਿੱਚ ਵਿਆਹਾਂ-ਸ਼ਾਦੀਆਂ ਦੇ ਵੱਡੇ ਉਤਸਵਾਂ ਨੂੰ ਸਫਲਤਾ ਪੂਰਵਕ ਨੇਪਰੇ ਚੜਾਉਣ ਲਈ ਵਰਤੇ ਜਾਂਦੇ ਮੈਰਿਜ ਪੈਲਿਸਾਂ ਸਦਕਾ ਵਧ ਰਹੇ ਪ੍ਰਦੂਸ਼ਣ (ਭੂਮੀ ਅਤੇ ਸ਼ੋਰ ਪ੍ਰਦੂਸ਼ਣ) ਨੂੰ ਉਜਾਗਰ ਕੀਤਾ ਗਿਆ ਹੈ। ਘਰਾਂ 'ਤੇ ਘਰਾਂ ਦੇ ਨਜ਼ਦੀਕ ਮੈਦਾਨਾਂ, ਸ਼ਾਮਲਾਟਾਂ ਆਦਿ ਦੀ ਬਜਾਏ ਵਿਆਹ ਸਮਾਰੋਹਾਂ ਨੂੰ ਅਜਿਹੇ ਮੈਰਿਜ ਪੈਲਸਾਂ ਵਿਖੇ ਸੰਪੰਨ ਕਰਨਾ ਹਰ ਆਮੋ-ਖ਼ਾਸ ਦੀ ਪਹਿਲੀ ਪਸੰਦ ਬਣਦਾ ਜਾ ਰਿਹਾ ਹੈ। ਇਸਦਾ ਚਲਣ ਵੱਧਦੀ ਆਬਾਦੀ, ਵਧੇਰੇ ਇੱਕਠ ਤੇ ਨਿੱਕੇ-ਨਿੱਕੇ ਘਰਾਂ ਕਰਕੇ ਆਰੰਭ ਹੋਇਆ ਸੀ ਪਰ ਅਜੋਕੇ ਸਮੇਂ ਵਿੱਚ ਜ਼ਰੂਰਤ ਉੱਤੇ ਦਿਖਾਵਟੀ ਦੇਖਾ-ਦੇਖੀ ਭਾਰੂ ਹੋ ਚੁੱਕੀ ਹੈ। ਵਿਆਹ ਸੰਸਥਾ ਪ੍ਰਤੀ ਲੋਕਾਂ ਦਾ ਦ੍ਰਿਸ਼ਟੀਕੋਣ ਬੜੀ ਤੇਜ਼ੀ ਨਾਲ ਬਦਲਿਆ ਹੈ। ਆਧੁਨਿਕ ਸੋਚ, ਖੁੱਲ੍ਹੀ ਆਮਦਨ ਅਤੇ ਹਰੇਕ ਵਸਤੂ ਦੇ ਵਪਾਰੀਕਰਨ ਨੇ ਮੈਰਿਜ ਪੈਲਸਾਂ ਵਿੱਚ ਖੁਸ਼ੀਆਂ ਮਨਾਉਣ ਨੂੰ ਜ਼ਰੂਰੀ

ਕਾਰਵਾਈ ਵਜੋਂ ਚਿੰਨ੍ਹਤ ਕੀਤਾ ਹੈ। ਇੱਕਠ ਦੌਰਾਨ ਪੈਲਸਾਂ ਵਿੱਚ ਵੱਜ ਰਹੇ ਉੱਚੀ ਆਵਾਜ਼ ਦੇ ਕੰਨ-ਫਾੜੂ ਗੀਤ-ਸੰਗੀਤ, ਸੀਮਿਤ ਜਗ੍ਹਾ ਵਿੱਚ ਅਨੇਕਾਂ ਲੋਕਾਂ ਦਾ ਇੱਕਠ ਵਧੇਰੇ ਭੋਜਨ ਦੀ ਤਿਆਰੀ ਤੇ ਵਧੇਰੇ ਡਿਸਪੋਜ਼ੇਬਲ ਪਦਾਰਥਾਂ ਦੀ ਖ਼ਪਤ ਨਾਲ ਵਾਤਾਵਰਨ ਨੂੰ ਬਹੁਤ ਨੁਕਸਾਨ ਪੁੱਜਦਾ ਹੈ। ਸ਼ੋਰ ਪ੍ਰਦੂਸ਼ਣ ਦੇ ਘਾਤਕ ਨਤੀਜਿਆਂ ਨਾਲ ਦਿਲ, ਦਿਮਾਗ ਤੇ ਸੁਨਣ ਸ਼ਕਤੀ ਨੂੰ ਹਾਨੀ ਪਹੁੰਚਦਾ ਹੈ। ਸੰਗੀਤਕ ਸ਼ੋਰ-ਸ਼ਰਾਬੇ ਦੌਰਾਨ ਦੋ ਵਿਅਕਤੀ ਕੋਲ-ਕੋਲ ਖਲੋ ਕੇ ਵੀ ਇੱਕ ਦੂਜੇ ਦੀ ਗੱਲਬਾਤ ਸੁਣ ਸਕਣ ਵਿੱਚ ਅਸਮਰੱਥ ਹੋ ਜਾਂਦੇ ਹਨ। ਦਿਲ ਦੇ ਰੋਗੀਆਂ ਨੂੰ ਉੱਚੀ ਧਮਕ ਨਾਲ ਬਹੁਤ ਤਕਲੀਫ਼ ਹੋ ਜਾਂਦੀ ਹੈ। ਲੇਖਕ ਨੇ ਇਸ ਬਾਬਤ ਉਚੇਚਾ ਧਿਆਨ ਦਿਵਾਉਂਦੇ ਹੋਏ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟ ਕੀਤੇ ਹਨ ਕਿ:

> ਬਾਕੀ ਸਭਨਾ ਤਰ੍ਹਾਂ ਦੇ ਪ੍ਰਦੂਸ਼ਣ ਤਾਂ ਸ਼ਾਇਦ ਨਿਯੰਤ੍ਰਿਤ ਕੀਤੇ ਜਾ ਸਕਦੇ ਹਨ ਪਰ ਸੱਭਿਆਚਾਰਕ ਪ੍ਰਦੂਸ਼ਣ ਜਿਹੜਾ ਕਿ ਮੈਰਿਜ ਪੈਲਸ ਵਰਗੀਆਂ ਥਾਵਾਂ ਉੱਤੇ ਪ੍ਰਚੱਲਿਤ ਹੋ ਰਿਹਾ ਹੈ ਉਸ ਨੂੰ ਕਿਸੇ ਵੀ ਤਰ੍ਹਾਂ ਨੱਥ ਨਹੀਂ ਪਾਈ ਜਾ ਸਕਦੀ। ਅਸ਼ਲੀਲ ਗਾਣੇ, ਸ਼ਰਾਬ ਆਦਿ ਨਸ਼ਿਆਂ ਦਾ ਖੁੱਲ੍ਹਾ ਸੇਵਨ ਅਤੇ ਵਿਦੇਸ਼ੀ ਸੱਭਿਆਚਾਰ ਦੀ ਨਕਲ ਕਰਨ ਲਈ ਆਪਣੇ ਸਮਾਜ ਦੀਆਂ ਕਦਰਾਂ-ਕੀਮਤਾਂ ਨੂੰ ਛਿੱਕੇ ਟੰਗ ਕੇ ਕੀਤੇ ਜਾਂਦੇ ਪ੍ਰਦਰਸ਼ਨ ਅਤੇ ਢਕੌਂਸਲੇ ਸਾਡੇ ਸਮਾਜਿਕ ਜੀਵਨ ਨੂੰ ਪ੍ਰਦੂਸ਼ਣ ਦੀ ਦਲਦਲ ਵੱਲ ਧੱਕ ਰਹੇ ਹਨ(135)

ਡਾ. ਡੇਵਿਡ ਤੇਜਾ ਵਾਂਗ ਹੀ ਅਭਿਯ ਕੁਮਾਰ ਜੈਨ ਨੇ ਆਪਣੇ ਖੋਜ-ਭਰਪੂਰ ਨਿਬੰਧ ਵਿੱਚ ਸ਼ੋਰ ਪ੍ਰਦੂਸ਼ਣ ਦੀ ਸਮੱਸਿਆ ਨੂੰ ਭੌਤਿਕ ਵਾਤਾਵਰਨ ਨਾਲ ਜੋੜ ਕੇ ਨਵ-ਸੰਕਲਪਿਤ ਕੀਤਾ ਹੈ। ਸ਼ੋਰ ਪ੍ਰਦੂਸ਼ਣ ਦੀ ਸਮੱਸਿਆ ਸਾਡੇ ਸੋਚਣ-ਸਮਝਣੇ ਦੇ ਤਰੀਕੇ ਨਾਲ ਸਾਡੀ ਮਨਮਰਜ਼ੀ ਅਤੇ ਸਾਡੇ ਸੱਭਿਆਚਾਰ ਵਿੱਚ ਪੈ ਚੁੱਕੇ ਚਿੱਬ ਦੀ ਸਮੱਸਿਆ ਹੈ। ਬੇਸ਼ੱਕ ਹੋਰਨਾਂ ਭਾਂਤ ਦੇ ਪ੍ਰਦੂਸ਼ਣਾ ਕਰਕੇ ਸਿਹਤ ਦੀਆਂ ਗੰਭੀਰ ਸਮੱਸਿਆਵਾਂ ਉਪਜਦੀਆਂ ਹਨ ਅਤੇ ਸ਼ੋਰ ਪ੍ਰਦੂਸ਼ਣਾਂ ਵੀ ਸਿਹਤ ਵਿੱਚ ਗੰਭੀਰ ਵਿਗਾੜ ਪੈਦਾ ਕਰਦਾ ਹੈ। ਇਸ ਦੇ ਨਾਲ ਨਾਲ ਸ਼ੋਰ ਪ੍ਰਦੂਸ਼ਣ ਦੇ ਘਾਤਕ ਪ੍ਰਭਾਵਾਂ ਨੂੰ ਮਨਫ਼ੀ ਕਰਨ ਲਈ ਸਾਫ਼ ਤੇ ਸਵੱਛ ਵਾਤਾਵਰਨ ਦੇ ਯੋਗਦਾਨ ਨੂੰ ਲੇਖਕ

ਨੇ ਬੜੀ ਸੂਖ਼ਮਤਾ ਅਤੇ ਵਿਸਤਾਰ ਨਾਲ ਉਲੀਕਿਆ ਹੈ। ਵਿਗਿਆਨਕ ਦ੍ਰਿਸ਼ਟੀਕੋਣ ਨਾਲ ਲਿਖੇ ਇਸ ਨਿਬੰਧ ਵਿੱਚ ਲੇਖਕ ਨੇ ਦੱਸਿਆ ਹੈ ਕਿ:

> ਵਿਗਿਆਨਕਾਂ ਅਨੁਸਾਰ ਸ਼ੋਰ ਭਾਵੇਂ ਘੱਟ ਪੱਧਰ ਦਾ ਹੀ ਕਿਉਂ ਨਾ ਹੋਵੇ, ਪ੍ਰੰਤੂ ਲਗਾਤਾਰ ਸ਼ੋਰ ਕੰਨਾਂ ਵਿੱਚ ਪੈਣ ਨਾਲ ਸੁਣਨ ਸੰਬੰਧੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ ਤੋਂ ਇਹ ਸਪੱਸ਼ਟ ਹੈ ਆਵਾਜ਼ ਸਰੀਰਕ ਤੇ ਮਨੋਵਿਗਿਆਨਕ ਦੋਵੇਂ ਪੱਖਾਂ ਨਾਲ ਵਿਅਕਤੀ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਬਲੱਡ-ਪ੍ਰੈਸ਼ਰ ਅਤੇ ਦਿਲ ਦੀ ਗਤੀ ਨੂੰ ਵਧਾਉਂਦੀ ਹੈ ਅਤੇ ਅਕਸਰ ਇਸਦੇ ਨਤੀਜੇ ਨਾਲ ਤਣਾਅ, ਡਰ ਆਦਿ ਪੈਦਾ ਹੁੰਦਾ ਹੈ(140)

ਸ਼ੋਰ ਪ੍ਰਦੂਸ਼ਣ ਨੂੰ ਮਾਪਣ ਦੀ ਇਕਾਈ ਡੈਸੀਬਲ ਨਿਯਤ ਕੀਤੀ ਗਈ ਹੈ। ਇਸਦਾ ਨਾਪ ਜ਼ੀਰੋ ਤੋਂ ਆਰੰਭ ਹੁੰਦਾ ਹੈ। ਵੱਖ-ਵੱਖ ਧੁਨੀਆਂ ਦਾ ਡੈਸੀਬਲ ਮਾਪ ਵੱਖ-ਵੱਖ ਹੁੰਦਾ ਹੈ। ਉਦਾਹਰਨ ਵਜੋਂ ਪੱਤਿਆਂ ਦੀ ਖੜਖੜਾਹਟ 10 ਡੈਸੀਬਲ, ਆਮ ਗੱਲਬਾਤ ਤਕਰੀਬਨ 60 ਡੈਸੀਬਲ, ਵਿਸ਼ਵ ਸਿਹਤ ਸੰਗਠਨ ਨੇ 45 ਡੈਸੀਬਲ ਤੱਕ ਦੀ ਧੁਨੀ ਨੂੰ ਮਨੁੱਖ ਦੀ ਸਿਹਤ ਲਈ ਠੀਕ ਮੰਨ੍ਹਿਆ ਹੈ। ਮਨੁੱਖੀ ਸਾਹ ਤੋਂ ਪੈਦਾ ਹੋਈ ਆਵਾਜ਼ ਦਾ ਪੱਧਰ 10 ਡੈਸੀਬਲ, ਆਵਾਜਾਈ ਦੇ ਸਾਧਨਾਂ ਤੋਂ ਪੈਦਾ ਸ਼ੋਰ 60 ਤੋਂ 90 ਡੈਸੀਬਲ ਤੱਕ ਹੁੰਦਾ ਹੈ। ਡੀ.ਜੇ. ਦੇ ਸ਼ੋਰ 140 ਡੈਸੀਬਲ, ਵੱਖ-ਵੱਖ ਉਦਯੋਗਿਕ ਕਾਰਵਾਈਆਂ ਵਿੱਚ ਉਤਪੰਨ ਸ਼ੋਰ ਦਾ ਪੱਧਰ 90 ਤੋਂ 130 ਡੈਸੀਬਲ ਤੱਕ ਤੇ ਰੇਡਿਓ, ਟੀ.ਵੀ. ਆਦਿ ਦਾ ਪੱਧਰ 50 ਤੋਂ 60 ਡੈਸੀਬਲ ਤੱਕ ਹੋ ਜਾਂਦਾ ਹੈ। ਲੇਖਕ ਦੇ ਮਤ ਅਨੁਸਾਰ ਸ਼ੋਰ ਉਦਯੋਗਿਕ ਅਤੇ ਆਧੁਨਿਕ ਯੁੱਗ ਦੀ ਦੇਣ ਹੈ। ਇਸ ਵਿਚਾਰ ਨੂੰ ਬੜੇ ਰੋਚਕ ਢੰਗ ਨਾਲ ਬਿਆਨ ਕਰਦੇ ਹੋਏ ਲਿਖਿਆ ਹੈ ਕਿ:

> ਆਵਾਜ਼ ਉਦਯੋਗਿਕ ਅਤੇ ਆਧੁਨਿਕ ਯੁਗ ਦੀ ਦੇਣ ਹੈ। ਸ਼ੋਰ ਦੇ ਚੱਕਰਵਿਊ ਨੇ ਸਾਨੂੰ ਚਾਰੇ ਪਾਸਿਆਂ ਤੋਂ ਘੇਰਿਆ ਹੋਇਆ ਹੈ। ਸਵੇਰੇ ਬਿਸਤਰੇ ਤੋਂ ਅਲਾਰਮ ਘੜੀ ਦਾ ਸ਼ੋਰ, ਟੀ.ਵੀ. ਦਾ ਸ਼ੋਰ, ਸੜਕ ਉੱਤੇ ਆਓ ਤਾਂ ਚਾਰੇ ਪਾਸੇ ਸ਼ੋਰ, ਆਕਾਸ਼ ਵਿੱਚ ਉੱਡਦੇ ਹਵਾਈ ਜਹਾਜ਼ ਦਾ ਸ਼ੋਰ, ਕਾਰਖਾਨਿਆਂ ਵਿੱਚ ਮਸ਼ੀਨਾਂ ਦਾ ਸ਼ੋਰ, ਖੇਤਾਂ ਵਿੱਚ ਟਰੈਕਟਰਾਂ ਦਾ ਸ਼ੋਰ, ਬਣਦੀਆਂ ਇਮਾਰਤਾਂ ਵਿੱਚ ਮਸ਼ੀਨ ਦਾ ਸ਼ੋਰ,

ਫਰਨੀਚਰ ਬਣਾਉਣ ਵਾਲੇ ਉਦਯੋਗ ਦੀਆਂ ਮਸ਼ੀਨਾਂ ਦਾ ਸ਼ੋਰ, ਕੋਈ ਮਰੇ ਤਾਂ ਸ਼ੋਰ, ਕੋਈ ਪੈਦਾ ਹੋਵੇ ਤਾਂ ਸ਼ੋਰ, ਸ਼ਾਦੀ ਵਿਆਹ ਹਰ ਸ਼ੁੱਭ ਕੰਮ ਵਿੱਚ ਸ਼ੋਰ, ਚੋਣ ਪ੍ਰਚਾਰ-ਪ੍ਰਸਾਰ ਵਿੱਚ ਸ਼ੋਰ, ਇਸ ਤਰ੍ਹਾਂ ਸ਼ੋਰ ਹੀ ਸ਼ੋਰ(140)

ਸ਼ੋਰ ਦਾ ਜ਼ਿਕਰ ਕਰਦੇ ਸਮੇਂ ਇਸ ਦੀ ਗੰਭੀਰਤਾ ਦਾ ਅਨੁਮਾਨ ਸਹੀ ਢੰਗ ਨਾਲ ਨਹੀਂ ਲੱਗ ਸਕਦਾ ਕਿਉਂਕਿ ਜ਼ਿਆਦਾਤਰ ਸਥਿਤੀਆਂ ਵਿੱਚ ਇਸ ਦੇ ਕੁਪ੍ਰਭਾਵ ਤੁਰੰਤ ਨਾ ਹੋ ਕੇ ਹੌਲ਼ੀ-ਹੌਲ਼ੀ ਮਾਰ ਕਰਦੇ ਹਨ। ਇਸ ਦੇ ਸਿਹਤ ਪ੍ਰਤੀ ਵਿਪਰੀਤ ਨਤੀਜਿਆਂ ਬਾਬਤ ਗੱਲ ਕਰਦੇ ਹੋਏ ਲੇਖਕ ਨੇ ਸੰਯੁਕਤ ਰਾਸ਼ਟਰ ਸੰਘ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਇਸ ਪ੍ਰਕਾਰ ਲਿਖਿਆ ਹੈ ਕਿ:

ਆਵਾਜ਼ ਸਰੀਰਕ ਅਤੇ ਮਨੋਵਿਗਿਆਨਕ ਦੋਵੇਂ ਦਿਸ਼ਾਵਾਂ ਤੋਂ ਵਿਅਕਤੀ ਨੂੰ ਪ੍ਰਭਾਵਿਤ ਕਰਦੀ ਹੈ ਅਤੇ ਦਿਲ ਦੀ ਗਤੀ ਨੂੰ ਵਧਾਉਂਦੀ ਹੈ। ਅਕਸਰ ਇਸਦੇ ਨਤੀਜਿਆਂ ਨਾਲ ਤਣਾਅ, ਖਿੱਝਪਣ, ਡਰ ਆਦਿ ਪੈਦਾ ਹੁੰਦੇ ਹਨ। ਮੁੰਬਈ ਦੇ ਡਾ. ਬਾਈ .ਟੀ. ਓਕੇਕਾ ਅਨੁਸਾਰ ਸ਼ੋਰ ਬਹੁਤ ਜ਼ਿਆਦਾ ਸਰੀਰਕ, ਮਾਨਸਿਕ, ਅਤੇ ਵਿਵਹਾਰਿਕ ਗੜਬੜੀ ਪੈਦਾ ਕਰਦਾ ਹੈ। 88 ਡੈਸੀਬਲ ਤੋਂ ਜ਼ਿਆਦਾ ਸ਼ੋਰ ਵਿਅਕਤੀ ਨੂੰ ਬੋਲ਼ਾ ਬਣਾ ਸਕਦਾ ਹੈ। ਸ਼ੋਰ ਕਾਰਨ ਵਿਅਕਤੀ ਦਾ ਦਿਮਾਗ ਅਸਥਿਰ ਹੋ ਜਾਂਦਾ ਹੈ ਅਤੇ ਉਹ ਹਾਈ ਬਲੱਡ ਪ੍ਰੈਸ਼ਰ ਦਾ ਰੋਗੀ ਬਣ ਸਕਦਾ ਹੈ(142)

ਦੇਸ਼-ਵਿਦੇਸ਼ ਵਿੱਚ ਸਮੇਂ-ਸਮੇਂ 'ਤੇ ਹੋਏ ਸਰਵੇਖਣ ਦੱਸਦੇ ਹਨ ਕਿ ਲਗਾਤਾਰ ਆਵਾਜ਼ ਪ੍ਰਦੂਸ਼ਣ ਦੇ ਸੰਪਰਕ ਵਿੱਚ ਰਹਿਣ ਨਾਲ ਵਿਅਕਤੀ ਦੀ ਸੁਣਨ ਸਮਰੱਥਾ 'ਤੇ ਮਾੜਾ ਅਸਰ ਪੈਂਦਾ ਹੈ। ਸ਼ੋਰ ਦੀ ਅਧਿਕਤਾ ਨਾਲ ਦਿਮਾਗੀ ਉਤੇਜਨਾ, ਅਸਾਵਾਂਪਣ, ਬਲੱਡ-ਪ੍ਰੈਸ਼ਰ ਆਦਿ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ। ਵਿਚਾਰ ਅਧੀਨ ਪ੍ਰਸੰਗ ਵਿੱਚ ਜਾਣਕਾਰੀ ਦਿੰਦੇ ਹੋਏ ਲੇਖਕ ਨੇ ਲਿਖਿਆ ਹੈ ਕਿ:

ਖ਼ਾਸ ਤਰ੍ਹਾਂ ਦੇ ਆਡੀਓ ਮੀਟਰਿਕ ਮੁਲਾਂਕਣ ਇਹ ਦੱਸਦੇ ਹਨ ਕਿ ਤਿੰਨ ਤੋਂ ਛੇ ਸਾਲ ਤੱਕ ਸ਼ੋਰ ਸ਼ਰਾਬੇ ਦੇ ਮਾਹੌਲ ਵਿੱਚ ਪੜ੍ਹਾਈ ਕਰਨ ਦੇ ਬਾਅਦ ਵਿਦਿਆਰਥੀਆਂ ਵਿੱਚ ਚਿੜਚਿੜਾਹਟ ਹੋਣ ਦੀ ਸੰਭਾਵਨਾ

ਬਹੁਤ ਵੱਧ ਜਾਂਦੀ ਹੈ। ਸ਼ੋਰ ਦੇ ਘਾਤਕ ਪ੍ਰਭਾਵ ਜੰਗਲੀ ਜੀਵਾਂ ਅਤੇ ਨਿਰਜੀਵ ਪਦਾਰਥਾਂ ਉੱਤੇ ਵੀ ਵੇਖੇ ਗਏ ਹਨ(142)

ਸ਼ੋਰ ਪ੍ਰਦੂਸ਼ਣ ਦੀ ਸਿਖ਼ਰ ਮਨੁੱਖਾਂ ਦੇ ਦਿਮਾਗੀ ਅਸੰਤੁਲਣ ਦੀ ਦੇਣ ਹੈ ਪਰ ਇਸ ਨੂੰ ਨਿਯੰਤ੍ਰਿਤ ਕਰਨ ਲਈ ਬਹੁਤ ਜਤਨ ਕੀਤੇ ਜਾ ਸਕਦੇ ਹਨ। ਕਾਰਖ਼ਾਨਿਆਂ ਦੀਆਂ ਮਸ਼ੀਨਾਂ ਦੀ ਸਮੇਂ-ਸਮੇਂ ਮੁਰੰਮਤ ਅਤੇ ਗਰੀਸ ਕੀਤੀ ਜਾਣੀ ਚਾਹੀਦੀ ਹੈ। ਪ੍ਰੈਸ਼ਰ ਹਾਰਨਾਂ 'ਤੇ ਸਖ਼ਤ ਰੋਕ, ਵਾਧੂ ਸ਼ੋਰ ਕਰਨ ਵਾਲੇ ਉਦਯੋਗਾਂ ਦੇ ਉਹ ਖੇਤਰ ਆਵਾਜ਼-ਰੋਧਕ ਕੀਤੇ ਜਾਣ, ਜਿੱਥੇ ਸ਼ੋਰ ਪੈਦਾ ਕਰਨ ਵਾਲੇ ਕਾਰਜ ਹੁੰਦੇ ਹੋਣ। ਸ਼ੋਰ ਪ੍ਰਦੂਸ਼ਣ ਨੂੰ ਘੱਟ ਕਰਨ ਲਈ ਲੇਖਕ ਨੇ ਵੱਧ ਤੋਂ ਵੱਧ ਰੁੱਖ ਲਗਾਉਣ ਦਾ ਸੰਦੇਸ਼ ਦਿੱਤਾ ਹੈ। ਰੁੱਖ ਆਕਸੀਜਨ ਵੰਡ ਕੇ ਵਾਤਾਵਰਨ ਨੂੰ ਨਾ ਕੇਵਲ ਸ਼ੁੱਧ ਰੱਖਦੇ ਹਨ, ਸਗੋਂ ਆਵਾਜ਼ ਨੂੰ ਜਜ਼ਬ ਕਰ ਕੇ ਆਵਾਜ਼ ਪ੍ਰਦੂਸ਼ਣ ਨੂੰ ਸੀਮਿਤ ਵੀ ਕਰ ਦਿੰਦੇ ਹਨ। ਇਸ ਪ੍ਰਥਾਇ ਲੇਖਕ ਦਾ ਮਤ ਇਸ ਪ੍ਰਕਾਰ ਹੈ ਕਿ:

> ਵਿਗਿਆਨਕਾਂ ਦਾ ਕਹਿਣਾ ਹੈ ਕਿ ਤਾੜ, ਨਾਰੀਅਲ, ਇਮਲੀ, ਅੰਬ, ਜਾਮਣ, ਨੀਮ ਆਦਿ ਦਰੱਖਤ ਸ਼ੋਰ ਨੂੰ ਰੋਕਦੇ ਹਨ। ਇਸ ਲਈ ਰੇਲ ਦੀਆਂ ਪਟੜੀਆਂ ਦੇ ਪਾਸਿਆ ਉੱਤੇ ਅਤੇ ਘਰਾਂ ਦੇ ਆਲੇ-ਦੁਆਲੇ ਵੱਧ ਤੋਂ ਵੱਧ ਦਰੱਖਤ ਲਗਾਉਣੇ ਚਾਹੀਦੇ ਹਨ। ਦਰੱਖਤਾਂ ਨਾਲ ਵਾਤਾਵਰਣ ਦਾ 10 ਡੈਸੀਬਲ ਤੱਕ ਸ਼ੋਰ ਘੱਟ ਕੀਤਾ ਜਾ ਸਕਦਾ ਹੈ। ਸੋਵੀਅਤ ਰੂਸ ਦੇ ਧੁਨੀ ਮਾਹਿਰਾਂ ਦਾ ਕਹਿਣਾ ਦਾ ਹੈ ਕਿ ਜੇ ਤੁਸੀਂ ਆਪਣੇ ਘਰ ਦੇ ਆਲੇ-ਦੁਆਲੇ ਹੋਣ ਵਾਲੇ ਸ਼ੋਰ ਨਾਲ ਪ੍ਰੇਸ਼ਾਨ ਹੋ ਤਾਂ ਘਰ ਨੂੰ ਹਲਕਾ ਨੀਲਾ ਜਾ ਹਰਾ ਰੰਗ ਕਰਵਾ ਲਉ। ਖੋਜਾਂ ਨਾਲ ਇਹ ਗੱਲ ਸਾਹਮਣੇ ਆਈ ਹੈ ਕਿ ਹਲਕਾ ਹਰਾ ਜਾਂ ਨੀਲਾ ਰੰਗ ਧੁਨੀ ਲਈ ਸਭ ਤੋਂ ਵੱਧ ਉਪਯੁਕਤ ਅਵਰੋਧਕ ਹੈ(143)

ਡਾ. ਬਲਦੇਵ ਸਿੰਘ ਚੀਮਾ ਅਤੇ ਡਾ. ਡੀ.ਪੀ. ਸਿੰਘ ਦੁਆਰਾ ਸੰਪਾਦਿਤ ਪੁਸਤਕ 'ਵਾਤਾਵਰਣੀ ਮਸਲੇ ਤੇ ਸਮਾਧਾਨ' ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਸਾਲ 2013 ਵਿੱਚ ਪ੍ਰਕਾਸ਼ਿਤ ਕੀਤੀ ਗਈ ਹੈ। ਕਿਉਂ ਜੋ ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦੇ ਅਧਿਐਨ ਲਈ ਅੰਤਰ ਅਨੁਸ਼ਾਸਨੀ ਵਿਧੀ ਦੀ ਮੰਗ ਵੀ ਕਰਦਾ ਹੈ, ਇਸ ਪੁਸਤਕ ਵਿੱਚ ਖੋਜ-ਕਾਰਜ ਦੀ ਉਕਤ ਜ਼ਰੂਰਤ ਨੂੰ ਪੂਰਾ ਕੀਤਾ ਗਿਆ

ਹੈ। ਵੱਖ-ਵੱਖ ਨਿਬੰਧਕਾਰਾਂ ਨੇ ਵਾਤਾਵਰਨ ਦੇ ਵੱਖ-ਵੱਖ ਪਹਿਲੂਆਂ ਨੂੰ ਰੇਖਾਂਕਿਤ ਕਰਦੇ ਹੋਏ ਮਸਲੇ ਦੀ ਗੰਭੀਰਤਾ ਸੰਬੰਧਿਤ ਸੁਝਾਓ ਪ੍ਰਸਤੁਤ ਕੀਤੇ ਹਨ। ਡਾ. ਬਲਦੇਵ ਸਿੰਘ ਚੀਮਾ, ਡਾ. ਗੁਲਜ਼ਾਰ ਸਿੰਘ ਕੰਗ ਅਤੇ ਅਜਮੇਰ ਸਿੱਧੂ ਪੰਜਾਬੀ ਭਾਸ਼ਾ ਦੇ ਵਿਖਿਆਤ ਸਾਹਿਤਕਾਰ ਹਨ। ਡਾ. ਕੰਗ ਦਾ ਅਧਿਐਨ ਖੇਤਰ ਧਰਮ ਤੇ ਗੁਰਮਿਤ-ਸਾਹਿਤ ਹੈ, ਜਦ ਕਿ ਡਾ. ਚੀਮਾ ਇੱਕ ਸਥਾਪਿਤ ਕਹਾਣੀਕਾਰ, ਆਲੋਚਕ ਤੇ ਚਿੰਤਕ ਹਨ। ਇਸ ਨਿਬੰਧ ਸੰਗ੍ਰਹਿ ਵਿੱਚ ਕੁਲ 15 ਨਿਬੰਧ ਸ਼ਾਮਿਲ ਕੀਤੇ ਗਏ ਹਨ। ਡਾ. ਕੁਲਦੀਪ ਸਿੰਘ ਧੀਰ ਵੀ ਪੰਜਾਬੀ ਸਾਹਿਤਕਾਰ ਹੋਣ ਦੇ ਨਾਲ-ਨਾਲ ਮਕੈਨੀਕਲ ਇੰਜੀਨੀਅਰ ਹਨ। ਡਾ. ਚਰਨਜੀਤ ਸਿੰਘ ਨਾਭਾ ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਦੇ ਮਾਹਿਰ ਹਨ। ਡਾ. ਮਨਜੀਤ ਇੰਦਰ ਸਿੰਘ ਸੱਗੂ 28 ਸਾਲਾਂ ਤੋਂ ਬਨਸਪਤੀ ਵਿਗਿਆਨ ਦੇ ਖੇਤਰ ਵਿੱਚ ਕਾਰਜਸ਼ੀਲ ਹਨ। ਡਾ. ਡੀ.ਪੀ. ਸਿੰਘ ਮੂਲ ਰੂਪ ਵਿੱਚ ਭੌਤਿਕ ਵਿਗਿਆਨ ਦੇ ਮਾਹਿਰ ਹਨ। ਡਾ. ਸੀ.ਪੀ. ਕੰਬੋਜ਼ ਕੰਪਿਊਟਰ ਜਗਤ ਦੀਆਂ ਅਨੇਕਾਂ ਗੁੰਝਲਾਂ ਨੂੰ ਮਾਂ-ਬੋਲੀ ਰਾਹੀਂ ਆਸਾਨ ਕਰਕੇ ਪੇਸ਼ ਕਰਨ ਵਾਲੇ ਮਾਹਿਰ ਹਨ। ਡਾ. ਵਿਦਵਾਨ ਸਿੰਘ ਸੋਨੀ ਵੀ ਭੌਤਿਕ ਵਿਗਿਆਨ ਦੀ ਮੁਹਾਰਤ ਰੱਖਦੇ ਹਨ। ਡਾ. ਦਵਿੰਦਰ ਸਿੰਘ ਜੀਵ ਵਿਗਿਆਨ ਅਤੇ ਕੀਟ ਵਿਗਿਆਨ ਨਾਲ ਸੰਬੰਧਿਤ ਅਧਿਆਪਕ ਹਨ। ਡਾ. ਜਤਿੰਦਰਪਾਲ ਸਿੰਘ ਵੀ ਜੀਵ ਵਿਗਿਆਨੀ ਹਨ। ਪੰਜਾਬੀ ਗਲਪ ਦੇ ਖੇਤਰ ਵਿੱਚ ਵਿਖਿਆਤ ਸਖ਼ਸ਼ੀਅਤ ਅਜਮੇਰ ਸਿੱਧੂ ਨੂੰ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ‘ਤੇ ਅਨੇਕਾਂ ਸਨਮਾਨ ਮਿਲ ਚੁੱਕੇ ਹਨ। ਸਿੱਧੂ ਦੀਆਂ ਕਹਾਣੀਆਂ ਦਾ ਹਿੰਦੀ, ਬੰਗਲਾ, ਗੁਜਰਾਤੀ ਤੇ ਸ਼ਾਹਮੁਖੀ ਵਿੱਚ ਅਨੁਵਾਦ ਹੋ ਚੁੱਕਿਆ ਹੈ। ਉਹ ਵਿਗਿਆਨ ਦਾ ਅਧਿਆਪਕ ਹੈ ਤੇ ਪੰਜਾਬੀ ਭਾਸ਼ਾ ਦਾ ਸਫ਼ਲ ਕਹਾਣੀਕਾਰ ਤੇ ਸੰਪਾਦਕ ਹੈ। ਡਾ. ਭੁਪਿੰਦਰ ਸਿੰਘ ਵਿਰਕ ਕਾਨੂੰਨ ਵਿੱਚ ਪੀ.ਐਚ.ਡੀ ਹਨ। ਡਾ. ਗੁਲਜੀਤ ਸਿੰਘ ਚੱਠਾ ਪੌਦਾ ਵਿਗਿਆਨ ਦੇ ਖੋਜੀ ਰਹੇ ਹਨ। ਰੁੱਖਾਂ ਦੇ ਮਨੋਵਿਗਿਆਨ ਬਾਰੇ ਪੀ.ਐਚ.ਡੀ. ਕਰ ਚੁੱਕੇ ਡਾ. ਚੱਠਾ ਜੰਗਲਾਂ ਵਿੱਚੋਂ ਅਦਭੁੱਤ ਰੁੱਖਾਂ ਦੀ ਚੋਣ ਅਤੇ ਰੁੱਖਾਂ ਦੀ ਪ੍ਰਜਣਨ ਪ੍ਰਣਾਲੀ ਬਾਬਤ ਖੋਜ ਕਰ ਚੁੱਕੇ ਹਨ। ਉਪਰੋਕਤ ਜਾਣ-ਪਛਾਣ ਦਾ ਮਕਸਦ ਕੇਵਲ ਇਸ ਵਿਚਾਰ ਨੂੰ ਦ੍ਰਿੜ ਕਰਵਾਉਣਾ ਹੈ ਕਿ ਵਿਗਿਆਨ ਦੇ ਭਿੰਨ-ਭਿੰਨ ਖੇਤਰਾਂ ਨਾਲ ਜੁੜੇ ਹੋਏ ਵਿਦਵਾਨ ਵੀ ਬਿਨਾਂ ਕਿਸੇ ਗੁਰੇਜ਼ ਤੋਂ ਵਾਤਾਵਰਨ ਸੰਕਟ ਬਾਰੇ ਪੰਜਾਬੀ ਭਾਸ਼ਾ ਦੇ ਮਾਧਿਆਮ ਦੁਆਰਾ ਪਾਠਕਾਂ ਨੂੰ ਚੇਤੰਨ ਕਰ ਸਕਦੇ

ਹਨ। ਸਗੋਂ ਹੋਰ ਅਨੁਸ਼ਾਸਨਾਂ ਦੇ ਮਾਹਿਰਾਂ ਦੁਆਰਾ ਪੰਜਾਬੀ ਨਿਬੰਧਾਂ ਵਿੱਚ ਵਾਤਾਵਰਨ ਸੰਕਟ, ਚੇਤਨਾ ਤੇ ਸਮਾਧਾਨਾਂ ਦੀ ਨਿਸ਼ਾਨਦੇਹੀ ਕਰਨ ਨਾਲ ਨਤੀਜੇ ਹੋਰ ਵੀ ਪੁਖ਼ਤਾ ਅਤੇ ਨਿਰਪੱਖ ਹੋ ਜਾਂਦੇ ਹਨ; ਕਿਉਂਕਿ ਹਰੇਕ ਵਿਸ਼ੇ ਦੇ ਮਾਹਿਰ ਕੋਲ ਵਾਤਾਵਰਨ ਬਾਰੇ ਨਿਵੇਕਲੀ ਸੋਚ, ਪਹੁੰਚ ਤੇ ਜਾਣਕਾਰੀ ਹੁੰਦੀ ਹੈ। ਪੇਸ਼ ਹੈ, ਹਥਲੇ ਨਿਬੰਧ ਸੰਗ੍ਰਹਿ: 'ਵਾਤਾਵਰਣੀ ਮਸਲੇ ਤੇ ਸਮਾਧਾਨ' ਵਿੱਚ ਪ੍ਰਸਤੁਤ ਵਾਤਾਵਰਨੀ ਚੇਤਨਾ ਦਾ ਅਧਿਐਨ:

ਡਾ. ਗੁਲਜ਼ਾਰ ਸਿੰਘ ਕੰਗ ਦਾ ਲਿਖਤ ਨਿਬੰਧ 'ਵਾਤਾਵਰਣ ਤੇ ਮਨੁੱਖ' ਵਿੱਚ ਵਾਤਾਵਰਨ ਨਾਲ ਮਨੁੱਖ ਦੇ ਚਿਰੋਕੇ ਅਤੇ ਸੁਖਾਂਵੇਂ ਅੰਤਰ ਸੰਬੰਧਾਂ ਦਾ ਜ਼ਿਕਰ ਕਰਦੇ ਹੋਏ ਵਰਤਮਾਨ ਦਹਾਕੇ ਨੂੰ ਦਰਪੇਸ਼ ਵਾਤਾਵਰਨਿਕ ਸੰਕਟ, ਪ੍ਰਦੂਸ਼ਣ ਕਾਰਕਾਂ ਤੇ ਵਾਤਾਵਰਨ ਨੂੰ ਮੁੜ ਸੁਰਜੀਤ ਕਰਨ ਹਿਤ ਸੰਕੇਤ ਪੇਸ਼ ਕੀਤੇ ਹਨ। ਸ੍ਰਿਸ਼ਟੀ ਦੇ ਸਿਰਜਨਹਾਰ ਦੇ ਗੁਣਾਂ ਤੋਂ ਆਰੰਭ ਕਰਦੇ ਹੋਏ ਡਾ. ਕੰਗ ਦੱਸਦੇ ਹਨ ਕਿ ਕੁਦਰਤ ਨਾਲ ਸਾਂਝ ਦੇ ਦਸ ਲੱਖ ਸਾਲ ਨਿਭਾਉਂਦਾ ਹੋਇਆ ਆਧੁਨਿਕ ਮਨੁੱਖ ਪ੍ਰਭੂ ਦੀ ਸਿਰਜਣਾ ਤੋਂ ਵੱਧ ਮਨੁੱਖ ਸਿਰਜਤ ਵਸਤਾਂ ਉੱਪਰ ਕੇਂਦਰਿਤ ਹੋਣ ਲੱਗ ਪਿਆ ਹੈ। ਇਸ ਸੰਦਰਭ ਵਿੱਚ ਡਾ. ਕੰਗ ਦਾ ਬਿਆਨ ਹੈ ਕਿ:

> ਸੱਚੀ ਗੱਲ ਇਹ ਹੈ ਕਿ ਜੀਵਨ-ਧਾਰਾ ਨੂੰ ਚਲਾਉਣ ਵਾਲੀ ਕੁਦਰਤ ਹੈ ਅਤੇ ਇਸੇ ਕਰਕੇ ਇਸ ਨੂੰ ਮਨੁੱਖ ਦਾ ਨਾੜੂ ਤਸਲੀਮ ਕੀਤਾ ਗਿਆ ਹੈ। ਜਦੋਂ ਤੱਕ ਮਨੁੱਖ ਦੀ ਕੁਦਰਤੀ ਵਾਤਾਵਰਣ ਨਾਲ ਇਕਸੁਰਤਾ ਰਹੀ ਹੈ ਉਦੋਂ ਤਕ ਉਸ ਦਾ ਜੀਵਨ ਸਰਲ, ਸਾਵਾਂ ਅਤੇ ਸਹਿਜ ਭਰਪੂਰ ਸੀ। ਸੁਆਰਥੀ ਹਿੱਤਾਂ ਤਹਿਤ ਜਦ ਮਨੁੱਖ ਨੇ ਕੁਦਰਤ ਦੀ ਲੁਟ-ਚੋਂਘ ਕਰਨੀ ਸ਼ੁਰੂ ਕਰ ਦਿੱਤੀ ਤਾਂ ਇਸ ਕੁਦਰਤੀ ਵਾਤਾਵਰਣ ਵਿੱਚ ਵਿਗਾੜ ਆ ਗਿਆ। ਅਜੋਕੇ ਸਮੇਂ ਜਿਸ ਵਿੱਚ ਜੀਵ ਵਿਚਰ ਰਿਹਾ ਹੈ ਉਹ ਕੁਦਰਤ ਸਿਰਜਤ ਦੀ ਬਜਾਏ ਮਨੁੱਖ ਸਿਰਜਤ ਵਧੇਰੇ ਹੋ ਗਿਆ ਹੈ। ਇਵੇਂ ਵਾਤਾਵਰਣ ਦੇ ਰੰਗ-ਰੂਪ ਵਿੱਚ ਨਵਾਂ ਬਦਲਾਅ ਆ ਗਿਆ ਹੈ(2)

ਵਾਤਾਵਰਨ ਦੇ ਅੰਸ਼ ਮਨੁੱਖ ਦੀ ਮਦਦ ਲਈ ਸਿਰਜੇ ਗਏ ਸਨ, ਪਰ ਕੁਦਰਤੀ ਸ੍ਰੋਤਾਂ ਉੱਤੇ ਕਾਬਜ਼ ਹੋਣ ਦੀ ਲਾਲਸਾ ਅਧੀਨ ਵਾਤਾਵਰਨ ਨਾਲ ਆਪਣੇ ਅੰਤਰ-ਸੰਬੰਧ ਵਿਗਾੜ ਲਏ ਹਨ। ਮਨੁੱਖਾਂ ਅਤੇ ਹੋਰਨਾਂ

ਜੀਵਾਂ ਦੇ ਸਾਹ ਦੁਆਰਾ ਛੱਡੀ ਗਈ ਕਾਰਬਨ ਡਾਈਆਕਸਾਈਡ ਬਨਸਪਤੀ ਸੋਖ ਲੈਂਦੀ ਹੈ ਤੇ ਇਸ ਦੇ ਬਦਲੇ ਵਿੱਚ ਸ਼ੁੱਧ ਆਕਸੀਜਨ ਦਾ ਪ੍ਰਵਾਹ ਕਰਦੀ ਹੈ। ਇਸ ਤੱਥ ਨੂੰ ਵਿਸਥਾਰ ਵਿੱਚ ਸਮਝਾਉਂਦੇ ਹੋਏ ਲੇਖਕ ਦੁਆਰਾ ਲਿਖਿਆ ਗਿਆ ਹੈ ਕਿ:

> ਬਨਸਪਤੀ ਸਵੈ-ਅਹਾਰੀ ਹੋਣ ਕਰਕੇ ਉਤਪਾਦਕ ਸ਼੍ਰੇਣੀ ਵਿੱਚ ਆਉਂਦੀ ਹੈ। ਇਹ ਬਾਕੀ ਜੀਵਾਂ ਨੂੰ ਭੋਜਨ ਪ੍ਰਦਾਨ ਕਰਦੀ ਹੈ। ਮਨੁੱਖ ਤੇ ਬਾਕੀ ਪ੍ਰਾਣੀ-ਜਗਤ ਖਪਤਕਾਰ ਸ਼੍ਰੇਣੀ ਵਿੱਚ ਆਉਂਦੇ ਹਨ ਕਿਉਂਕਿ ਇਹ ਆਪਣਾ ਭੋਜਨ ਆਪ ਨਹੀਂ ਬਣਾਉਂਦੇ ਸਗੋਂ ਬਨਸਪਤੀ ਤੇ ਦੂਜੇ ਜੀਵਾਂ ਉੱਪਰ ਨਿਰਭਰ ਕਰਦੇ ਹਨ(4)

ਪੁਰਾਤਨ ਸਮੇਂ ਵਿੱਚ ਮਨੁੱਖ ਪ੍ਰਕ੍ਰਿਤੀ ਦੀ ਵੀ ਕਦਰ ਕਰਦਾ ਸੀ, ਰੱਬ ਅੱਗੇ ਅਰਦਾਸ ਕਰਦਾ ਹੁੰਦਾ ਸੀ ਕਿ ਪ੍ਰਕ੍ਰਿਤੀ ਉਸ ਉੱਪਰ ਸਦਾ ਮਿਹਰਬਾਨ ਰਹੇ ਪਰ ਅਜੋਕੇ ਮਨੁੱਖ ਦੀ ਅਕਲ ਨੇ ਵਿਕਾਸ ਦੀ ਤਾਕਤ ਨਾਲ ਵਾਧੂ ਤਰੱਕੀ ਕਰ ਲਈ ਹੈ। ਉਹ ਕੁਦਰਤ ਦੀਆਂ ਨੇਮਤਾਂ ਉੱਪਰ ਨਿਰਭਰ ਰਹਿਣ ਦੀ ਥਾਂ ਕੁਦਰਤ ਨੂੰ ਸਰ ਕਰਕੇ ਆਪਣਾ ਏਕਾਧਿਕਾਰ ਸਥਾਪਿਤ ਕਰਨਾ ਚਾਹੁੰਦਾ ਹੈ। ਪਰਮਾਰਥ ਦੀ ਥਾਂ ਮਨੁੱਖ ਸਵਾਰਥ ਪੂਰਨਾ ਲੋਚਦਾ ਹੈ। ਮਨੁੱਖ ਦੇ 'ਮੈਂ-ਮੁੱਖੀ' ਲੋਭ ਤੇ ਗੈਰ-ਜ਼ਰੂਰੀ ਲੁੱਟ-ਖੋਹ ਨਾਲ ਵਾਤਾਵਰਨ ਪ੍ਰਦੂਸ਼ਿਤ ਹੋ ਰਿਹਾ ਹੈ। ਵਾਤਾਵਰਨ ਦੇ ਗੰਧਲੇ ਹੋਣ ਬਾਬਤ ਡਾ. ਕੰਗ ਇਸ ਪ੍ਰਕਾਰ ਵਿਚਾਰ ਪੇਸ਼ ਕਰਦੇ ਹਨ ਕਿ:

> ਅਜੋਕੇ ਸੰਦਰਭ ਵਿੱਚ ਵਾਤਾਵਰਣ ਵਿੱਚ ਜੋ ਗੰਧਲਾਪਣ ਪੈਦਾ ਹੋਇਆ ਹੈ, ਉਸਦਾ ਕਾਰਨ ਮਨੁੱਖੀ ਕਿਰਿਆਵਾਂ, ਉਸਦੀਆਂ ਲਾਲਸਾਵਾਂ ਅਤੇ ਗ਼ੈਰ ਵਿਉਂਤਬੱਧ ਗਤੀਵਿਧੀਆਂ ਹਨ। ਵੱਧਦੀ ਆਬਾਦੀ ਅਤੇ ਉਸਦੀਆਂ ਲੋੜਾਂ ਦੀ ਪੂਰਤੀ ਲਈ ਕੁਦਰਤੀ ਸਰੋਤਾਂ ਦੀ ਬੇਰਹਿਮੀ ਨਾਲ ਵਰਤੋਂ, ਉਦਯੋਗੀਕਰਣ, ਖੇਤੀ ਲਈ ਜੰਗਲਾਂ ਦੀ ਕਟਾਈ, ਢੋਆ-ਢੋਆਈ ਦੇ ਸਾਧਨ ਇਲ ਲਈ ਜਿੱਥੇ ਜੁੰਮੇਵਾਰ ਹਨ(7)

ਪ੍ਰਦੂਸ਼ਣ ਦੇ ਵਿਭਿੰਨ ਸਰੋਤਾਂ ਬਾਰੇ ਜਾਣਕਾਰੀ ਦਿੰਦੇ ਹੋਏ ਡਾ. ਸਾਹਿਬ ਨੇ ਮਨੁੱਖਾਂ ਦੁਆਰਾ ਪੈਦਾ ਕੀਤਾ ਹੋਇਆ ਕੂੜਾ-ਕਰਕਟ, ਪਲਾਸਟਿਕ ਦੇ ਲਿਫ਼ਾਫੇ, ਰੱਦੀ, ਡੱਬੇ, ਫਲਾਂ ਤੇ ਸਬਜ਼ੀਆਂ ਦੇ ਛਿੱਲੜ ਤੇ ਮਲ-

ਮੂਤਰ ਆਦਿ ਨੂੰ ਵਿਸ਼ੇਸ਼ ਤੌਰ ‘ਤੇ ਵਰਣਿਤ ਕੀਤਾ ਹੈ। ਆਪ ਨੇ ਦੱਸਿਆ ਕਿ ਇਸ ਗੰਦਗੀ ਦਾ ਯੋਗ ਨਿਪਟਾਰਾ ਹੋਣ ਦੀ ਬਜਾਏ ਇੱਧਰ-ਓਧਰ ਖਿਲਾਰ ਦਿੱਤਾ ਜਾਂਦਾ ਹੈ। ਫਿਰ ਹੌਲੀ-ਹੌਲੀ ਇਹ ਗੰਦਗੀ ਦਰਿਆਵਾਂ ਤੇ ਸਾਗਰਾਂ ਵਿੱਚ ਰਲ਼ ਜਾਂਦੀ ਹੈ ਤੇ ਜਲ-ਜੀਵਨ ਨੂੰ ਨੁਕਸਾਨ ਪਹੁੰਚਾਉਂਦੀ ਹੈ। ਹਰ ਸ਼ਹਿਰ ਵਿੱਚ ਗੰਦਗੀ ਦੇ ਵੱਡੇ-ਵੱਡੇ ਢੇਰ ਇਸ ਤੱਥ ਦੀ ਗਵਾਹੀ ਭਰਦੇ ਪ੍ਰਤੀਤ ਹੁੰਦੇ ਹਨ। ਠੋਸ, ਤਰਲ ਤੇ ਗੈਸੀ ਪ੍ਰਦੂਸ਼ਕਾਂ ਦੇ ਰੂਪ ਵਿੱਚ ਘਰਾਂ ਅਤੇ ਉਦਯੋਗਾਂ ਵਿੱਚੋਂ ਨਿਕਲਦਾ ਕੂੜਾ-ਕਰਕਟ ਵਾਤਾਵਰਨ ਨੂੰ ਬਹੁਤ ਘਾਤਕ ਹਾਨੀ ਪਹੁੰਚਾ ਰਿਹਾ ਹੈ। ਪ੍ਰਦੂਸ਼ਣ ਦੇ ਕੁਪ੍ਰਭਾਵ ਸਿਹਤ ਸਮੱਸਿਆਵਾਂ ਨੂੰ ਉਜਾਗਰ ਕਰਦੇ ਹਨ। ਇਸ ਪ੍ਰਤੀ ਡਾ. ਕੰਗ ਦਾ ਕਥਨ ਹੈ ਕਿ:

> ਵਿਸ਼ਵ ਸਿਹਤ ਸੰਸਥਾ ਅਨੁਸਾਰ ਰੋਗਾਂ ਦੇ ਵਿਸ਼ਵ ਵਿਆਪੀ ਬੋਝ ਦਾ 23 ਪ੍ਰਤੀਸ਼ਤ ਹਿੱਸਾ ਵਾਤਾਵਰਣੀ ਪ੍ਰਦੂਸ਼ਣ ਦੀ ਦੇਣ ਹੈ। ਗਰੀਬ ਦੇਸ਼ਾਂ ਦੇ ਲੋਕ ਵਾਤਾਵਰਣ ਵਿੱਚ ਆਏ ਵਿਗਾੜ ਦੇ ਪ੍ਰਭਾਵਾਂ ਤੋਂ ਵਧੇਰੇ ਪੀੜਤ ਹਨ। ਹਵਾ ਦੇ ਪ੍ਰਦੂਸ਼ਣ ਕਰਕੇ ਹੀ ਹਰ ਸਾਲ 30 ਲੱਖ ਲੋਕਾਂ ਦੀ ਮੌਤ ਹੋ ਜਾਂਦੀ ਹੈ। ਪੇਟ ਗੈਸ, ਫੇਫੜਿਆਂ ਦਾ ਕੈਂਸਰ, ਸਿਰ-ਦਰਦ, ਅੱਖਾਂ ਦੀ ਜਲਣ, ਗਲੇ ਦੀ ਖ਼ਰਾਬੀ, ਦਮਾ ਤੇ ਤਪਦਿਕ ਰੋਗ ਵੱਧ ਰਹੇ ਹਨ। ਜਲ-ਸਰੋਤਾਂ ਵਿੱਚ ਸੀਵਰੇਜ ਦੇ ਨਿਕਾਸ ਨਾਲ ਬੈਕਟੀਰੀਆਂ, ਵਾਇਰਸ ਅਤੇ ਪਰਜੀਵੀ ਕਿਰਨਾਂ ਵਿੱਚ ਵਾਧਾ ਹੋ ਰਿਹਾ ਹੈ। ਜਿਸ ਨਾਲ ਹੈਜ਼ਾ, ਟਾਈਫਾਈਡ, ਦਸਤ, ਅੰਤੜੀਆਂ ਦੀ ਸੋਜ਼ਸ, ਹੈਪੇਟਾਈਟਸ, ਆਦਿ ਰੋਗ ਲੱਗ ਜਾਂਦੇ ਹਨ(10)

ਵਿਹਾਰਕ ਰੂਪ ਵਿੱਚ ਵਾਤਾਵਰਨ ਨੂੰ ਸਾਫ਼-ਸੁਥਰਾ ਅਤੇ ਪ੍ਰਦੂਸ਼ਣ ਮੁਕਤ ਬਣਾਉਣ ਲਈ ਲੇਖਕ ਨੇ ਕਥਨੀ ਤੇ ਕਰਨੀ ਦੇ ਅੰਤਰ ਨੂੰ ਪੂਰਨ ਦਾ ਸੰਕਲਪ ਦ੍ਰਿੜਾਇਆ ਹੈ। ਜੀਵਨ ਸ਼ੈਲੀ ਵਿੱਚ ਲੋੜੀਂਦੇ ਸੁਧਾਰਾਂ ਦੀ ਸਥਾਪਨਾ ਕੀਤੀ ਹੈ ਜਿਹੜੇ ਵਾਤਾਵਰਨ-ਹਿਤੈਸ਼ੀ ਹੋਣ। ਤਕਨਾਲੋਜੀ ਤੇ ਵਾਤਾਵਰਨ ਦਾ ਸਤੰਲੁਨ ਅਜਿਹਾ ਹੋਵੇ ਕਿ ਵਿਕਾਸ ਦੇ ਪਰਚਮ ਅਧੀਨ ਵਿਨਾਸ਼ ਨਾ ਹੋ ਸਕੇ। ਕੁਦਰਤ ਪ੍ਰਤੀ ਪ੍ਰੇਮ, ਸੁਹਿਰਦਤਾ ਤੇ ਸਹਿਹੋਂਦ ਲਈ ਸਹਿਨਸ਼ੀਲਤਾ ਪੈਦਾ ਕਰਨੀ ਚਾਹੀਦੀ ਹੈ। ਲੇਖਕ ਦਾ ਵਿਸ਼ਵਾਸ ਹੈ ਕਿ ਹੌਲੀ-ਹੌਲੀ ਵਿਗਾੜੇ ਗਏ ਵਾਤਾਵਰਨ ਨੂੰ ਨਿਰੰਤਰ ਜਤਨਾਂ ਸਦਕਾ ਸਹਿਜੇ-ਸਹਿਜੇ ਮੁੜ ਸੁਰਜੀਤ ਵੀ ਕੀਤਾ ਜਾ ਸਕਦਾ ਹੈ ਪਰੰਤੂ ਇਹ

ਇਕ-ਦੋ ਦਿਨ ਜਾਂ ਹਫ਼ਤੇ ਦੀ ਘਾਲਣਾ ਨਹੀਂ ਸਗੋਂ ਉਮਰ ਭਰ ਦੀ ਮਿਹਨਤ ਹੋਣੀ ਹੈ। ਕੁਦਰਤ ਦੀ ਮਹੱਤਤਾ ਨੂੰ ਦਰਸਾਉਂਦੇ ਡਾ. ਕੰਗ ਨੇ ਰੂਸੀ ਕੁਦਰਤ ਵਿਗਿਆਨੀ ਲਾਪਤੇਵ ਦੇ ਵਿਚਾਰ ਨੂੰ ਇਸ ਪ੍ਰਕਾਰ ਪੇਸ਼ ਕੀਤਾ ਹੈ ਕਿ:

> ਮਨੁੱਖ ਦਾ ਅਸਲੀ ਇਤਿਹਾਸ ਕਾਗਜ਼ਾਂ ਉੱਪਰ ਨਹੀਂ ਲਿਖਿਆ ਜਾਂਦਾ ਸਗੋਂ ਕੁਦਰਤ ਦੇ ਚਿਹਰੇ ਉੱਪਰ ਉੱਕਰਿਆ ਹੁੰਦਾ ਹੈ। ਕਾਗਜ਼ ਉੱਪਰ ਲਿਖਿਆ ਇਤਿਹਾਸ ਤਾਂ ਮਿਟ ਜਾਂਦਾ ਹੈ, ਨਸ਼ਟ ਹੋ ਸਕਦਾ ਹੈ ਪਰ ਕੁਦਰਤ ਦੇ ਚਿਹਰੇ ਉੱਪਰ ਲਿਖੀਆਂ ਗੱਲਾਂ ਸ਼ਿਲਾਲੇਖ ਵਾਂਗ ਅਮਿੱਟ ਹਨ(14)

ਡਾ. ਕੁਲਦੀਪ ਸਿੰਘ ਧੀਰ ਦੇ ਨਿਬੰਧ 'ਪੌਣਾਂ ਵਿੱਚ ਘੁਲ ਰਿਹਾ ਜ਼ਹਿਰ' ਵਿੱਚ ਵਾਯੂ ਪ੍ਰਦੂਸ਼ਣ ਦੇ ਕਾਰਕਾਂ, ਪ੍ਰਭਾਵਾਂ ਤੇ ਉਸ ਬਾਬਤ ਯੋਗ ਸਮਾਧਾਨਾਂ ਦਾ ਜ਼ਿਕਰ ਕੀਤਾ ਗਿਆ ਹੈ। ਭੋਜਨ, ਹਵਾ ਤੇ ਪਾਣੀ ਨੂੰ ਧਰਤੀ ਉੱਤੇ ਵਸਦੇ ਜੀਵਾਂ ਦਾ ਆਧਾਰ ਮੰਨਿਆ ਗਿਆ ਹੈ। ਡਾ. ਧੀਰ ਇਹਨਾਂ ਤਿੰਨਾਂ ਦੀ ਅਹਿਮੀਅਤ ਬਾਰੇ ਦੱਸਦੇ ਹੋਏ ਲਿਖਦੇ ਹਨ ਕਿ:

> ਬੰਦਾ ਰੋਟੀ ਤੋਂ ਬਿਨਾਂ ਮਹੀਨਾ ਕੁ ਜੀਅ ਸਕਦਾ ਹੈ। ਪਾਣੀ ਤੋਂ ਬਿਨਾਂ ਦੋ ਤਿੰਨ ਦਿਨ ਕੱਟ ਸਕਦਾ ਹੈ, ਪਰ ਸਾਹ ਲੈਣ ਬਿਨਾਂ ਤਾਂ ਇਕ ਛਿਣ ਵੀ ਉਹ ਨਹੀਂ ਰਹਿ ਸਕਦਾ। ਅਨੁਮਾਨ ਹੈ ਕਿ ਸਾਧਾਰਨ ਆਦਮੀ ਜੋ ਡੇਢ ਕਿਲੋ ਖੁਰਾਕੀ ਸਮੱਗਰੀ ਤੇ ਢਾਈ ਕਿਲੋ ਪਾਣੀ ਰੋਜ਼ ਖਾ-ਪੀ ਜਾਂਦਾ ਹੈ, ਪੂਰੇ ਪੰਦਰਾਂ ਕਿਲੋ ਹਵਾ ਨੂੰ ਰੋਜ਼ ਸਾਹ ਰਾਹੀਂ ਸਰੀਰ ਦੇ ਅੰਦਰ ਬਾਹਰ ਕਰਦਾ ਹੈ(16)

ਉਦਯੋਗਾਂ ਦੀਆਂ ਚਿਮਨੀਆਂ ਦੁਆਰਾ ਨਿਕਸਿਤ ਹੁੰਦਾ ਭਿਆਨਕ ਧੂੰਆਂ, ਗੈਸੀ ਪਦਾਰਥ, ਫਸਲਾਂ ਦੀ ਰਹਿੰਦ-ਖੂੰਹਦ ਦੀ ਸਾੜ-ਫੂਕ, ਧਮਾਕੇ ਆਦਿ ਵਾਤਾਵਰਨ ਨੂੰ ਇਸ ਹੱਦ ਤੱਕ ਗੰਧਲਾ ਕਰ ਰਹੇ ਹਨ ਕਿ ਵਾਯੂਮੰਡਲ ਵਿੱਚ ਸਾਹ ਆਉਣਾ ਔਖਾ ਹੋ ਜਾਂਦਾ ਹੈ। ਉਦਯੋਗਿਕ ਵਿਕਾਸ ਦੇ ਕੇਂਦਰ ਬਣੇ ਮਹਾਂਨਗਰਾਂ ਵਿੱਚ ਤਾਂ ਸਥਿਤੀ ਹੋਰ ਵੀ ਮਾੜੀ ਹੈ। ਸਾਹ ਰੋਗ, ਚਮੜੀ ਰੋਗ, ਅੱਖਾਂ ਵਿੱਚ ਜਲਣ ਤੇ ਖ਼ਾਰਿਸ਼ ਆਦਿ ਵਾਯੂ-ਪ੍ਰਦੂਸ਼ਣ ਦੇ ਮੁੱਖ ਕੁਪ੍ਰਭਾਵਾਂ ਵਿੱਚ ਸ਼ਾਮਿਲ ਹਨ। ਤਾਪ-ਬਿਜਲੀ ਘਰਾਂ ਦਾ ਧੂੰਆਂ ਤੇ ਸਵਾਹ, ਵਾਹਨਾਂ ਦਾ ਧੂੰਆਂ, ਕੂੜੇ-ਕਰਕਟ ਦੀ ਸਾੜ-ਫੂਕ, ਕਰੱਸ਼ਰ, ਪੱਥਰ ਤੇ ਟਾਇਲਾਂ ਦੇ ਉਦਯੋਗ, ਚਮੜਾ, ਕੈਮੀਕਲ ਉਤਪਾਦਨਾਂ ਤੇ ਕਾਗਜ਼

ਦੇ ਉਦਯੋਗ ਸਭ ਤੋਂ ਵੱਧ ਹਵਾ ਪ੍ਰਦੂਸ਼ਣ ਪੈਦਾ ਕਰਦੇ ਹਨ। ਵਾਯੂ ਪ੍ਰਦੂਸ਼ਣ ਦੇ ਮਾਰੂ ਪ੍ਰਭਾਵਾਂ ਨੂੰ ਵਿਸਤਾਰ ਨਾਲ ਸਮਝਾਉਂਦੇ ਹੋਏ ਡਾ. ਧੀਰ ਲਿਖਦੇ ਹਨ ਕਿ:

> ਏਅਰ ਕੰਡੀਸ਼ਨਰਾਂ ਤੇ ਫਰਿੱਜਾਂ ਵਿੱਚੋਂ ਨਿਕਲੇ ਕਲੋਰੋਫਲੋਰੋਕਾਰਬਨ ਓਜ਼ੋਨ ਪਰਤ ਨੂੰ ਤਬਾਹ ਕਰ ਰਹੇ ਹਨ। ਇਸ ਨਾਲ ਅੰਧਰਾਤਾ, ਕੁਕਰੇ, ਚਮੜੀ ਦਾ ਕੈਂਸਰ ਜਿਹੀਆਂ ਬੀਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ(18)

ਦਿੱਲੀ ਐਨ.ਸੀ.ਆਰ ਤੇ ਇਸਦੇ ਆਸ-ਪਾਸ ਦੇ ਖੇਤਰਾਂ ਵਿੱਚ ਸਮੋਗ ਨਾਲ ਆਏ ਸਾਲ ਸੜਕ ਹਾਦਸੇ ਵਾਪਰਦੇ ਹਨ। ਦੁੱਖ ਦੀ ਗੱਲ ਹੈ ਕਿ ਇਸ ਸਮੋਗ ਲਈ ਪੰਜਾਬ ਤੇ ਹਰਿਆਣੇ ਦੀ ਖੇਤੀ ਨੂੰ ਜ਼ਿੰਮੇਵਾਰ ਠਹਿਰਾ ਕੇ ਉਦਯੋਗਿਕ ਪ੍ਰਦੂਸ਼ਣ ਕਾਰਕਾਂ ਨੂੰ ਬੜੀ ਚਤੁਰਾਈ ਨਾਲ 'ਕਲੀਨ ਚਿਟ' ਮਿਲ ਜਾਂਦੀ ਹੈ। ਸਿੱਕਾ ਧਾਤੂ ਜਾਨਲੇਵਾ ਹੁੰਦੀ ਹੈ। ਹਵਾ ਵਿੱਚ ਸਿੱਕੇ ਦੇ ਮਿਲ ਜਾਣ ਨਾਲ ਜਾਨਵਰਾਂ ਦੀ ਮੌਤ ਤੱਕ ਹੋ ਜਾਂਦੀ ਹੈ ਤੇ ਅਜਿਹੇ ਦੁਧਾਰੂਆਂ ਦਾ ਦੁੱਧ ਪੀ ਕੇ ਮਨੁੱਖਾਂ 'ਤੇ ਵੀ ਮਾੜੇ ਪ੍ਰਭਾਵ ਪੈਂਦੇ ਹਨ। ਨਿਬੰਧ ਦਾ ਸਾਰ ਪ੍ਰਸਤੁਤ ਕਰਦੇ ਹੋਏ ਡਾ. ਧੀਰ ਨੇ ਵਿਗਿਆਨ ਅਤੇ ਵਾਤਾਵਰਨ ਦੇ ਮਿੱਤਰਤਾ ਭਰਪੂਰ ਸੁਮੇਲ ਨੂੰ ਕਾਇਮ ਰੱਖਣ ਦਾ ਸੰਦੇਸ਼ ਦਿੱਤਾ ਹੈ:

> ਤਕਨੀਕੀ ਤੇ ਵਿਗਿਆਨਕ ਤਰੱਕੀ ਅਤੇ ਫੌਰੀ ਖੁਸ਼ਹਾਲੀ ਦਾ ਮੁੱਲ ਪੌਣਾਂ ਵਿੱਚ ਜ਼ਹਿਰ ਘੋਲ ਕੇ ਦੇਣਾ ਚੰਗੀ ਗੱਲ ਨਹੀਂ। ਇਸ ਜ਼ਹਿਰ ਦਾ ਪਹਿਲਾ ਇਲਾਜ ਇਸ ਦੀ ਚੇਤਨਾ ਹੈ। ਚੇਤਨਾ ਤੋਂ ਪੈਦਾ ਹੋਈ ਚਿੰਤਾ ਸਾਨੂੰ ਹਰ ਉਦਯੋਗਿਕ, ਵਿਵਹਾਰਕ ਤੇ ਵਿਗਿਆਨਕ ਗਤੀਵਿਧੀ ਨੂੰ ਸੁਚੇਤ ਹੋ ਕੇ ਵਿਉਂਤਣ ਦੇ ਰਾਹ ਤੋਰ ਸਕਦੀ ਹੈ(19)

ਡਾ. ਚਰਨਜੀਤ ਸਿੰਘ 'ਨਾਭਾ' ਦਾ ਨਿਬੰਧ: 'ਜਲ, ਜਲ ਪ੍ਰਦੂਸ਼ਣ ਅਤੇ ਉਪਾਅ' ਵਾਤਾਵਰਨ ਚੇਤਨਾ ਦਾ ਪ੍ਰਸੰਗ ਵਿੱਚ ਜਲ ਸੰਕਟ, ਜਲ ਪ੍ਰਦੂਸ਼ਣ ਤੇ ਇਸ ਸੰਬੰਧੀ ਸੁਝਾਵਾਂ ਦੀ ਨਿਸ਼ਾਨਦੇਹੀ ਕਰਦਾ ਹੈ। ਗੁਰਬਾਣੀ ਤੋਂ ਅਗਵਾਈ ਲੈਂਦੇ ਹੋਏ ਜਲ ਦੀ ਮਹੱਤਤਾ ਨੂੰ ਸਮਝਾਉਂਦੇ ਹੋਏ ਡਾ. ਨਾਭਾ ਨੇ ਪਾਣੀ ਨੂੰ ਜੀਵਨ ਦੀ ਵੱਡਮੁੱਲੀ ਲੋੜ ਦੱਸਿਆ ਹੈ। ਪੁਖਤਾ ਤੱਥ ਪੇਸ਼ ਕਰਦੇ ਹੋਏ ਨਿਬੰਧਕਾਰ ਨੇ ਦੱਸਿਆ ਹੈ ਕਿ:

ਸੰਨ 2006 ਵਿੱਚ ਮੈਕਸੀਕੋ ਤੋਂ ਰੀਲੀਜ ਗੋਈ "ਯੂ.ਐਨ.ਵਰਲਡ ਵਾਟਰ ਡਿਵੈਲੱਪਮੈਂਟ ਰਿਪੋਰਟ" ਵਿੱਚ ਕਿਹਾ ਗਿਆ ਹੈ, ਕਿ ਪ੍ਰਗਤੀ ਅਤੇ ਵਿਕਾਸ ਦੇ ਪਹੀਏ ਨੂੰ ਬਲਦਾਂ ਦੀ ਜੋੜੀ ਤੋਂ ਲੈ ਕੇ ਪ੍ਰਮਾਣੂ ਊਰਜਾ ਤੱਕ ਕਿਸੇ ਵੀ ਜਰੀਏ ਚੱਲਦਾ ਰੱਖਿਆ ਜਾ ਸਕਦਾ ਹੈ ਪ੍ਰੰਤੂ ਜ਼ਿੰਦਗੀ ਦਾ ਪਹੀਆ ਸਿਰਫ ਅਤੇ ਸਿਰਫ਼ ਪਾਣੀ ਦੇ ਆਸਰੇ ਹੀ ਚੱਲੇਗਾ(20)

ਯੂ.ਐਨ.ਓ. ਵੱਲੋਂ 2005 ਤੋਂ 2015 ਤੱਕ ਮਨਾਏ ਗਏ 'ਪਾਣੀ ਦਹਾਕੇ' ਦਾ ਮੁੱਖ ਉਦੇਸ਼ ਸਾਲ 2015 ਤੱਕ ਸਾਰੇ ਯੂ.ਐਨ. ਦੇਸ਼ ਸ਼ੁੱਧ ਪਾਣੀ ਜੀ ਪਹੁੰਚ ਤੋਂ ਵਾਂਝੀ ਰਹਿ ਗਈ ਆਬਾਦੀ ਦੇ ਘੱਟੋ-ਘੱਟ 50 ਪ੍ਰਤੀਸ਼ਤ ਵਸੋਂ ਨੂੰ ਇਹ ਸਹੂਲਤ ਮੁਹੱਈਆ ਕਰਵਾਉਣਾ ਸੀ। ਵਧ ਰਹੀ ਆਬਾਦੀ ਅਤੇ ਆਲਮੀ ਤਪਸ਼ ਕਰਕੇ ਕ੍ਰਮਵਾਰ ਸਾਫ਼ ਪਾਣੀ ਦੀ ਲੋੜ ਬਹੁਤ ਵਧੀ ਹੈ ਤੇ ਤਪਸ਼ ਕਰਕੇ ਧਰੁਵਾਂ ਉੱਤੇ ਸਦੀਆਂ ਤੋਂ ਜੰਮੀ ਹੋਈ ਬਰਫ਼ ਪਿਘਲਣ ਲੱਗ ਪਈ ਹੈ ਜੋ ਕਿ ਆਉਣ ਵਾਲੀ ਪਰਲੋ ਦਾ ਅਗਾਉਂ ਸੰਕੇਤ ਹੈ। ਜਲ ਪ੍ਰਦੂਸ਼ਣ ਦੇ ਕਾਰਨਾਂ ਨੂੰ ਤਫ਼ਸੀਲ ਵਿੱਚ ਸਮਝਾਉਂਦੇ ਹੋਏ ਡਾ. ਨਾਭਾ ਨੇ ਘਰੇਲੂ ਕਾਰਨਾਂ ਉਦੋਯਗਿਕ ਕਾਰਨਾਂ, ਖੇਤੀਬਾੜੀ ਕਾਰਨਾਂ ਅਤੇ ਹੋਰ ਅਸਿੱਧੇ ਕਾਰਨਾਂ ਵਿੱਚ ਵਰਗੀਕਰਨ ਕਰਕੇ ਲਿਖਿਆ ਹੈ। ਡਾ. ਨਾਭਾ ਬਿਆਨ ਕਰਦੇ ਹਨ ਕਿ:

> ਸਾਫ਼ ਪਾਣੀ ਸਿਰਫ਼ ਹਾਈਡਰੋਜਨ ਅਤੇ ਆਕਸੀਜਨ ਦਾ ਯੋਗਿਕ ਹੀ ਨਹੀਂ, ਇਸ ਵਿੱਚ ਮੌਜੂਦ ਕਈ ਹੋਰ ਰਸਾਇਣਕ ਪਦਾਰਥ ਇਸ ਦੀ ਕੁਦਰਤੀ ਗੁਣਵੱਤਾ ਦਾ ਆਧਾਰ ਹਨ। ਪਾਣੀ ਵਿੱਚ ਇਹਨਾਂ ਪਦਾਰਥਾਂ ਦੀ ਇੱਕ ਖ਼ਾਸ ਹੱਤ ਤੱਕ ਮੌਜੂਦਗੀ ਹੀ ਪਾਣੀ ਦੀ ਗੁਣਵੱਤਾ ਹੈ। ਜੇ ਅਜਿਹੇ ਜ਼ਰੂਰੀ ਤੱਤਾਂ ਦੀ ਮਿਕਦਾਰ, ਇਨ੍ਹਾਂ ਨਿਰਧਾਰਤ ਹੱਦਾਂ ਤੋਂ ਵੱਧ ਹੋਵੇ ਜਾਂ ਪਾਣੀ ਵਿੱਚ ਮੌਜੂਦ ਹੋਰ ਅਣਚਾਹੇ ਕਾਰਬਨਿਕ ਅਕਾਰਬਨਿਕ ਜਾਂ ਜੈਵਿਕ ਤੱਤ ਮੌਜੂਦ ਹੋਣ ਤਾਂ ਪਾਣੀ ਪੀਣ ਯੋਗ ਨਹੀਂ ਰਹਿੰਦਾ, ਜਿਸ ਦਾ ਦੂਜਾ ਨਾਮ ਜਲ-ਪ੍ਰਦੂਸ਼ਣ ਹੈ, ਜੋ ਅੱਜ ਇੱਕ ਵੱਡੀ ਸਮੱਸਿਆ ਹੈ(22)

ਜਲ ਪ੍ਰਦੂਸ਼ਣ ਦੇ ਉਦਯੋਗਿਕ ਕਾਰਨਾਂ ਸੰਬੰਧੀ ਵਿਚਾਰ ਪੇਸ਼ ਕਰਦੇ ਹੋਏ ਨਿਬੰਧਕਾਰ ਨੇ ਦੱਸਿਆ ਹੈ ਕਿ ਵਿਕਾਸ ਮਾਡਲ ਨੂੰ ਅਣ-ਵਿਵਿਸਥਿਤ ਤੇ ਦੂਰਗਾਮੀ ਤੱਥਾਂ ਤੋਂ ਬਿਨਾਂ ਵਿਚਾਰੇ ਹੀ ਸਥਾਪਿਤ ਕਰ ਦਿੱਤਾ ਜਾਂਦਾ ਹੈ, ਜਿਸ ਦੇ ਫਲਸਰੂਪ ਵਿਗਿਆਨਕ ਅਤੇ ਉਦਯੋਗਿਕ ਵਿਕਾਸ ਦੀ ਕੜੀ ਸਿੱਧੇ ਜਾਂ ਅਸਿੱਧੇ ਰੂਪ ਵਿੱਚ

ਜਲ-ਪ੍ਰਦੂਸ਼ਣ ਦਾ ਕਾਰਨ ਬਣ ਜਾਂਦੀ ਹੈ। ਉਦਯੋਗਿਕ ਵਿਕਾਸ ਦੀਆਂ ਮੁੱਖ ਲੋੜਾਂ ਪਾਣੀ ਅਤੇ ਬਿਜਲੀ ਹਨ। ਬਿਜਲੀ ਉਤਪਾਦਨ ਦਾ ਵੱਡਾ ਹਿੱਸਾ 'ਹਾਈਡਲ ਪਾਵਰ' ਦੁਆਰਾ ਪੈਦਾ ਕੀਤਾ ਜਾਂਦਾ ਹੈ, ਜਿਸ ਨਾਲ ਪਾਣੀ ਦੀ ਥੁੜ੍ਹ ਨਾਲ ਦੋ-ਚਾਰ ਹੋਣਾ ਪੈਂਦਾ ਹੈ। ਦੂਜੇ ਪਾਸੇ ਕੋਲੇ ਨਾਲ ਉਤਪਾਦਨ ਕਰਨ ਵਾਲੇ 'ਬਿਜਲੀ ਤਾਪ-ਘਰ', ਵੀ ਪਾਣੀ ਦੁਆਰਾ ਟਰਬਾਇਨਾਂ ਚਲਾ ਕੇ ਬਿਜਲੀ ਊਰਜਾ ਪੈਦਾ ਕਰਦੇ ਹਨ। ਇਹਨਾਂ ਬਿਜਲੀ ਤਾਪ ਘਰਾਂ ਦੀ ਰਹਿੰਦ-ਖੂੰਹਦ ਭਾਵ ਸੁਆਹ ਨੂੰ ਪਾਣੀ ਵਿੱਚ ਘੋਲ ਕੇ ਵੱਡੇ-ਵੱਡੇ ਚੁਬੱਚਿਆਂ ਵਿੱਚ ਸੰਭਾਲਿਆ ਜਾਂਦਾ ਹੈ। ਇੱਥੋਂ ਇਹ ਕਾਰਬਨ-ਯੁਕਤ ਪਾਣੀ ਰਿਸ ਕੇ ਧਰਤੀ ਹੇਠਲੇ ਜਲ ਨੂੰ ਪ੍ਰਦੂਸ਼ਿਤ ਕਰਦਾ ਰਹਿੰਦਾ ਹੈ। ਇਸ ਤੋਂ ਬਿਨਾਂ ਤਾਪ-ਘਰਾਂ ਦਾ ਧੂੰਆਂ ਤੇ ਕੋਲੇ ਦੀ ਕੇਰੀ ਵਾਯੂ-ਮੰਡਲ ਵਿੱਚ ਗੰਧਲਾਪਨ ਤੇ ਸਾਹਘੋਟੂ ਵਾਤਾਵਰਨ ਦੀ ਉਸਾਰੀ ਕਰਦੇ ਹਨ। ਦੂਜੀ ਉਦਯੋਗਿਕ ਲੋੜ-ਪਾਣੀ ਦੀ ਲੋੜ ਨੂੰ ਪੂਰਨ ਲਈ ਦੁਪਾਸੀ ਮਾਰ ਪੈ ਰਹੀ ਹੈ। ਕੁਦਰਤੀ ਸਰੋਤਾਂ ਤੋਂ ਬੇਲੋੜਾ ਜਲ ਲੈ ਕੇ ਵਰਤਿਆ ਜਾ ਰਿਹਾ ਹੈ। ਉਦਯੋਗਾਂ ਤੋਂ ਨਿਕਾਸਤ ਤੇਜ਼ਾਬੀ ਤੇ ਰਸਾਇਣ-ਯੁਕਤ ਪਾਣੀ ਬਿਨਾਂ ਸੋਧੇ ਹੀ ਮੁੜ ਨਾਲ਼ਿਆਂ, ਦਰਿਆਵਾਂ ਤੇ ਨਦੀਆਂ ਵਿੱਚ ਵਹਾਇਆ ਜਾ ਰਿਹਾ ਹੈ। ਜਲ-ਸ਼ੁੱਧੀਕਰਨ ਪਲਾਂਟ ਕਾਗਜ਼ਾਂ ਵਿੱਚ ਵਧੇਰੇ ਪਰ ਅਸਲੀਅਤ ਵਿੱਚ ਵਿਰਲੇ ਹੀ ਹਨ।

ਠੀਕ ਹੈ ਕਿ ਕਾਨੂੰਨੀ ਪ੍ਰਵਧਾਨ ਵਾਤਾਵਰਨ ਸੁਰੱਖਿਆ ਲਈ ਜ਼ਰੂਰੀ ਵੀ ਹਨ ਪਰ ਜਦੋਂ ਤੱਕ ਮਨੁੱਖੀ ਮਾਨਸਿਕਤਾ ਸਾਮੂਹਿਕ ਤੌਰ 'ਤੇ ਵਾਤਾਵਰਨ ਨੂੰ ਬਚਾਉਣ ਲਈ ਤਿਆਰ ਨਹੀਂ ਹੋਵੇਗੀ, ਉਦੋਂ ਤੱਕ ਇੱਕਲਾ ਕਾਨੂੰਨ ਵੀ, ਉਚੇਰੇ ਨਤੀਜੇ ਨਹੀਂ ਲਿਆ ਸਕੇਗਾ। ਇਸ ਪ੍ਰਸੰਗ ਬਾਬਤ ਡਾ. ਨਾਭਾ ਵਿਚਾਰ ਪੇਸ਼ ਕਰਦੇ ਹਨ ਕਿ:

> ਇਸ ਸਮੱਸਿਆ ਦੇ ਹੱਲ ਲਈ ਸਾਨੂੰ ਸੰਕੀਰਣ ਸੋਚ ਅਤੇ ਭੂਗੋਲਿਕ ਹੱਦਾਂ ਤੋਂ ਉੱਪਰ ਉਠ ਕੇ ਸੰਸਾਰ ਪੱਧਰ ਤੇ ਇੱਕ ਲੋਕ-ਲਹਿਰ ਉਸਾਰਨੀ ਪਵੇਗੀ। ਜਿਸ ਵਿੱਚ ਘਰੇਲੂ ਔਰਤਾਂ ਦਾ ਇੱਕ ਅਹਿਮ ਯੋਗਦਾਨ ਹੋਵੇਗਾ। ਲੋਕਾਂ ਨੂੰ ਚੇਤੰਨ ਕਰਨਾ ਹੋਵੇਗਾ ਕਿ ਪਾਣੀ ਕਿਸੇ ਇੱਕ ਦੀ ਜਾਇਦਾਦ ਨਹੀਂ(27)

ਹਥਲੇ ਨਿਬੰਧ-ਸੰਗ੍ਰਹਿ ਅਧੀਨ ਅੰਕਤਿ ਡਾ. ਮਨਜੀਤ ਇੰਦਰ ਸਿੰਘ ਸੱਗੂ ਦੁਆਰਾ ਰਚਿਤ ਨਿਬੰਧ 'ਧਰਤ ਦਾ ਪ੍ਰਦੂਸ਼ਨ' ਅਜੋਕੀ ਸਦੀ ਦੇ ਵਾਤਾਵਰਨ ਸੰਕਟ ਦੇ ਸੰਦਰਭ ਵਿੱਚ ਭੂਮੀ ਪ੍ਰਦੂਸ਼ਣ ਦੇ ਕਾਰਨ, ਸਿੱਟੇ

ਅਤੇ ਸੰਭਾਵਿਤ ਸਮਾਧਾਨਾਂ ਦੀ ਪੇਸ਼ਕਾਰੀ ਕਰਦਾ ਹੈ। ਲੇਖਕ ਨੇ ਵੀ ਹੋਰ ਵਿਦਵਾਨਾਂ ਨਾਲ ਇਕਸੁਰ ਹੋ ਕੇ ਪੂੰਜੀਵਾਦੀ ਪਰੰਪਰਾ ਤੇ ਵਿਕਾਸ ਨੂੰ ਵਾਤਾਵਰਨ ਪ੍ਰਦੂਸ਼ਨ ਲਈ ਜ਼ਿੰਮੇਵਾਰ ਠਹਿਰਾਇਆ ਹੈ। ਆਧੁਨਿਕ ਵਿਕਾਸ ਦੀ ਤਰਜ਼ਮਾਨੀ ਕਰਦੀਆਂ ਅਨੇਕਾਂ ਗਤੀਵਿਧੀਆਂ ਜਿਵੇਂ, ਉਦਯੋਗੀਕਰਨ, ਯੰਤਰੀਕਰਨ, ਮਸ਼ਨੀਕਰਨ, ਸ਼ਹਿਰੀਕਰਨ ਤੇ ਆਧੁਨਿਕ ਖੇਤੀ ਆਦਿ ਦਾ ਨਾਲ ਵਾਤਾਵਰਨ ਦਾ ਸਹੁੱਪਣ ਗਾਇਬ ਹੋ ਰਿਹਾ ਹੈ। ਵਾਤਾਵਰਨ ਵਿਗਾੜ ਨਾਲ ਧਰਤੀ ਉੱਤੇ ਜੀਵਨ ਦੇ ਸੰਕਲਪ ‘ਤੇ ਵੱਡਾ ਪ੍ਰਸ਼ਨਚਿੰਨ੍ਹ ਵੀ ਲੱਗ ਸਕਦਾ ਹੈ। ਬਨਸਪਤੀ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਮਾਹਿਰ ਪ੍ਰੋਫ਼ੈਸਰ ਡਾ. ਮਨਜੀਤਇੰਦਰ ਸਿੰਘ ਸੱਗੂ ਮਸ਼ਨੀਕਰਨ ਸਦਕਾ ਸਨਅਤੀ ਇਨਕਲਾਬ ਦੇ ਦੌਰ ਨੂੰ ਵਾਤਾਵਰਨ ਦਾ ਵਿਰੋਧੀ ਕਰਾਰ ਦਿੰਦੇ ਹਨ। ਕੱਚੀ ਧਾਤ ਦੀ ਪੁਟਾਈ ਵਾਲੇ ਉਦਯੋਗਾਂ ਵਿੱਚੋਂ ਨਿਕਲਦੇ ਮਹੀਨ ਧੂੜ-ਕਣ ਵਾਤਾਵਰਨ ਉੱਤੇ ਮਾੜੇ ਪ੍ਰਭਾਵ ਪਾਉਂਦੇ ਹਨ। ਕਾਰਖ਼ਾਨਿਆਂ ਵਿੱਚੋਂ ਉਪਜੀ ਕੋਲਿਆਂ ਦੀ ਸੁਆਹ, ਧਾਤ-ਯੁਕਤ ਪਾਣੀ ਤੇ ਹੋਰ ਕਚਰਾ ਜ਼ਮੀਨ ਹੇਠਾਂ ਦੱਬ ਕੇ ਕੰਮ ਮੁਕੰਮਲ ਮੰਨ ਲਿਆ ਜਾਂਦਾ ਹੈ। ਧਾਤਾਂ ਪੁੱਟਣ ਕਰਕੇ ਬਣੇ ਹੋਏ ਟੋਇਆਂ ਨੂੰ ਕਚਰੇ ਨਾਲ ਭਰਿਆ ਜਾਂਦਾ ਹੈ। ਇਹ ਸਭ ਭੂਮੀ ਪ੍ਰਦੂਸ਼ਣ ਵਧਾਉਣ ਵਾਲੀਆਂ ਕਾਰਵਾਈਆਂ ਹਨ।

ਵਧਦੀ ਆਬਾਦੀ ਨੂੰ ਸੀਮਤ ਜਗਾ ਉੱਤੇ ਵਸਾਉਣ ਦੀ ਸਮੱਸਿਆ ਕੇਵਲ ਅਨਾਜੀ ਤੇ ਪਾਣੀ ਦੀ ਥੁੜ੍ਹ ਨਹੀਂ ਉਘਾੜਦੀ ਸਗੋਂ ਵਾਤਾਵਰਨ ਵਿਗਾੜਨ ਲਈ ਵੀ ਦੋਸ਼ੀ ਹੁੰਦੀ ਹੈ। ਮੈਟਰੋ ਸ਼ਹਿਰਾਂ ਵਿੱਚ ਕੀੜੀਆਂ ਵਾਂਗ ਕੁਰਬੁਲ-ਕੁਰਬੁਲ ਕਰ ਰਹੀ ਕਾਮਿਆਂ ਦੀ ਬਸਤੀ, ਅਰੁੱਕ ਚੱਲਦੇ ਕਾਰਖ਼ਾਨੇ ਤੇ ਵਾਹਨ, ਵਧੇਰੇ ਸੰਘਣੀ ਵਸੋਂ ਲਈ ਰੁੱਖਾਂ ‘ਤੇ ਆਰੇ ਚਲਾ ਕੇ ਕੱਟੀ ਗਈ ਕਾਲੋਨੀ, ਬਿਜਲੀ ਊਰਜਾ ਦੀ ਪੂਰਤੀ ਲਈ ਨਹਿਰਾਂ, ਦਰਿਆਵਾਂ ਦਾ ‘ਡੈਮੀਕਰਨ’ ਆਦਿ ਅਨੇਕਾਂ ਮੁਸ਼ਕਿਲਾਂ ਦਾ ਧੁਰਾ ਆਬਾਦੀ ਵਿਸਫੋਟ ਹੈ।

ਆਧੁਨਿਕ ਖੇਤੀ ਵੀ ਵਧੇਰੇ ਪੈਦਾਵਰ ਤੇ ਵਧੇਰੇ ਮੁਨਾਫ਼ੇ ਵਿੱਚ ਫਸੀ ਦਿਖਦੀ ਹੈ। ਭਿਆਨਕ ਸਿੱਟੇ ਦੇਣ ਵਾਲੇ ਜ਼ਹਿਰੀਲੇ ਕੀਟ-ਨਾਸ਼ਕ ਨਦੀਨਨਾਸ਼ਕ ਤੇ ਫ਼ਫੂੰਦੀਨਾਸ਼ਕ ਆਦਿ ਦੇ ਛਿੜਕਾਓ ਨਾਲ ਧਰਤੀ ਦੀ ਕੁੱਖ ਵਿੱਚੋਂ ਉਪਜਾਊ ਤੱਤ ਖ਼ਤਮ ਹੋ ਜਾਂਦੇ ਹਨ। ਰਸਾਇਣਕ ਖਾਦਾਂ ਤੋਂ ਲੋੜ ਤੋਂ ਵੱਧ ਵਰਤੋਂ ਨਾਲ ਧਰਤੀ ਦੀ ਭੌਤਿਕ ਸੰਰਚਨਾ ‘ਤੇ ਬੁਰਾ ਅਸਰ ਪੈਦਾ ਹੈ। ਇਸ ਸੰਦਰਭ ਵਿੱਚ ਡਾ. ਸੱਗੂ ਦੱਸਦੇ ਹਨ ਕਿ:

ਰਸਾਇਣਕ ਖਾਦਾਂ ਦੀ ਵਰਤੋਂ ਨਾਲ ਜ਼ਮੀਨ ਦੀ ਭੌਤਿਕ ਸੰਰਚਨਾ ਤੇ ਮਾੜਾ ਅਸਰ ਪੈਂਦਾ ਹੈ। ਇਕ ਰਿਪੋਰਟ ਮੁਤਾਬਕ ਜੇ ਝੋਨੇ ਦੇ ਖੇਤ ਵਿੱਚ 174 ਕਿਲੋ ਨਾਈਟ੍ਰੋਜਨ ਪ੍ਰਤਿ ਹੈਕਟੇਅਰ ਦੇ ਹਿਸਾਬ ਨਾਲ ਪਾਈ ਜਾਵੇ ਤਾਂ ਝੋਨੇ ਦੇ ਝਾੜ ਵਿੱਚ 2-3 ਗੁਣਾ ਵਾਧਾ ਹੋ ਜਾਂਦਾ ਹੈ। ਪਰ ਇਸ ਦੇ ਨਾਲ ਜ਼ਮੀਨ ਵਿਚਲੇ ਫਾਸਫੋਰਸ, ਸਲਫਰ ਅਤੇ ਪੁਟਾਸ਼ ਵਿੱਚ ਕ੍ਰਮਵਾਰ 2.6, 4.5 ਅਤੇ 3.7 ਗੁਣਾ ਘਟ ਜਾਂਦੇ ਹਨ(30)

ਸ਼ਹਿਰਾਂ ਦੇ ਬਾਹਰ ਥਾਂ-ਥਾਂ 'ਤੇ ਲੱਗੇ ਹੋਏ ਕੂੜੇ ਦੇ ਵੱਡੇ-ਵੱਡੇ ਢੇਰ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਆਧੁਨਿਕ ਵਰਗ ਕੂੜੇ ਨੂੰ ਵਧਾਉਣ ਵਿੱਚ ਸਭ ਤੋਂ ਅੱਗੇ ਰਿਹਾ ਹੈ। ਪੈਕਡ ਪਾਣੀ ਬਣਾਉਣ ਵਾਲੀਆਂ ਕੰਪਨੀਆਂ ਕੇਵਲ ਪਲਾਸਟਿਕ ਦੀ ਬੋਤਲ ਬਣਾ ਰਹੀਆਂ ਹਨ, ਜੋ ਕਿ ਮੁੜ ਵਰਤੋਂ ਯੋਗ ਨਹੀਂ ਹੁੰਦੀਆਂ। ਇਹ ਕੰਪਨੀਆਂ ਪਾਣੀ ਦਾ ਉਤਪਾਦਨ ਨਹੀਂ ਕਰ ਰਹੀਆਂ। ਪਾਣੀ ਦਾ ਉਤਪਾਦਨ ਤਾਂ ਰੱਬ ਨੇ ਆਪ ਕੀਤਾ ਹੈ। ਫਿਰ ਇਹ 'ਵਰਤੋ ਤੇ ਸੁੱਟੋ' ਵਾਲਾ ਆਧੁਨਿਕ ਕਲਚਰ ਆਖ਼ਰ ਕਿੱਥੇ ਲੈ ਕੇ ਜਾ ਰਿਹਾ ਹੈ? ਇਹ ਪ੍ਰਸ਼ਨ ਸਭ ਚਿੰਤਕਾਂ, ਖੋਜੀਆਂ ਅਤੇ ਜਨ-ਮਾਨਸ ਲਈ ਇੱਕ ਅਗਾਊਂ ਹਲੂਣਾ ਹੈ। ਡੱਬਾ ਬੰਦ, ਫਾਸਟ-ਫੂਡ, ਖੁਰਾਕੀ ਪਦਾਰਥ, ਕਲੋਡ ਡ੍ਰਿੰਕ, ਚਿਪਸ, ਕੁਰਕੁਰੇ ਆਦਿ, ਦੁੱਧ ਪਦਾਰਥ ਤੇ ਦਵਾਈਆਂ ਆਦਿ ਇਹਨਾਂ ਸਭਨਾਂ ਤੋਂ ਪੂਰੀ ਤਰ੍ਹਾਂ ਮੁਕਤ ਜੇਕਰ ਨਹੀਂ ਸਕਦੇ ਤਾਂ ਲੋੜ ਮੁਤਾਬਿਕ ਇਹਨਾਂ ਦੇ ਪ੍ਰਯੋਗ ਨੂੰ ਘਟਾਇਆ ਤਾਂ ਜਾ ਹੀ ਸਕਦਾ ਹੈ। ਸਮਕਾਲ ਵਿੱਚ ਪਸਰਿਆ ਕਰੋਨਾ ਕਹਿਰ ਹੀ ਲੋਕਾਈ ਨੂੰ ਪਲਾਸਟਿਕ ਤੋਂ ਕੁਝ ਡਰਾ ਸਕਿਆ ਹੈ, ਨਹੀਂ ਤੋਂ ਸਮੁੱਚੀ ਸੱਭਿਅਤਾ ਪਲਾਸਟਿਕ ਦੀ ਬਹੁਤਾਤ ਵਰਤੋਂ ਦੀ ਆਦੀ ਹੋ ਚੁੱਕੀ ਸੀ।

ਧਰਤ ਪ੍ਰਦੂਸ਼ਣ ਦੇ ਕੁਪ੍ਰਭਾਵਾਂ ਬਾਰੇ ਵਿਸਤ੍ਰਿਤ ਚਰਚਾ ਕਰਦੇ ਹੋਏ ਡਾ. ਸੱਗੂ ਮਨੁੱਖੀ ਸਿਹਤ 'ਤੇ ਅਸਰ, ਖੇਤੀ 'ਤੇ ਅਸਰ ਅਤੇ ਵਾਤਾਵਰਨ 'ਤੇ ਬੇਅਸਰ ਨੂੰ ਵੱਖ-ਵੱਖ ਕਰਕੇ ਡੂੰਘਾਈ ਵਿੱਚ ਸਮਝਾਉਂਦੇ ਹਨ। ਮਨੁੱਖ ਵੱਖ-ਵੱਖ ਥਾਵਾਂ 'ਤੇ ਮਿੱਟੀ-ਧੂੜ ਦੇ ਸੰਪਰਕ ਵਿੱਚ ਆਉਂਦਾ ਹੈ ਅਤੇ ਮਿੱਟੀ ਵਿੱਚ ਸ਼ਾਮਿਲ ਪ੍ਰਦੂਸ਼ਣਕਾਰੀ ਤੱਤ ਉਸ ਦੇ ਸਰੀਰ ਵਿੱਚ ਦਾਖ਼ਲ ਹੋ ਜਾਂਦੇ ਹਨ। ਤੱਥ-ਭਰਪੂਰ ਜਾਣਕਾਰੀ ਪ੍ਰਦਾਨ ਕਰਦੇ ਹੋਏ ਡਾ. ਸੱਗੂ ਦੱਸਦੇ ਹਨ ਕਿ:

ਕ੍ਰੋਮੀਅਮ (Chromium), ਕਈ ਤਰ੍ਹਾਂ ਦੇ ਕੀਟਨਾਸ਼ਕ ਅਤੇ ਨਦੀਨਨਾਸ਼ਕ ਮਨੁੱਖ ਵਿੱਚ ਕੈਂਸਰ ਦਾ ਕਾਰਣ ਬਣ ਸਕਦੇ ਹਨ। ਮਿੱਟੀ ਵਿਚਲਾ ਲੈੱਡ (Lead), ਪਾਰਾ(Mercury), ਸਾਈਕਲੋਡੀਨ ਆਦਿ ਗੁਰਦੇ ਲਈ ਹਾਨੀਕਾਰਕ ਹਨ। ਫਾਸਫੋਰਸ ਯੁਕਤ ਕੀਟਨਾਸ਼ਕ (Organon phosphates) ਤੇ ਕਾਰਬਾਮੇਟ (Carbamate) ਗੁਰਦਿਆਂ ਨੇ ਨਾਲ-ਨਾਲ ਨਾੜੀ ਤੰਤਰ 'ਤੇ ਵੀ ਬੁਰਾ ਅਸਰ ਪਾਉਂਦੇ ਹਨ। ਕਈ ਰਸਾਇਣ ਅਲਰਜੀ ਵੀ ਕਰਦੇ ਹਨ ਤੇ ਕਈ ਤਰ੍ਹਾਂ ਦੇ ਚਮੜੀ ਰੋਗ ਦਾ ਕਾਰਣ ਬਣਦੇ ਹਨ(33)

ਮਿੱਟੀ ਵਿੱਚ ਮੌਜੂਦ ਪ੍ਰਦੂਸ਼ਣਕਾਰੀ ਰਸਾਇਣ ਬਨਸਪਤੀ ਰਾਹੀਂ ਜਜ਼ਬ ਕਰ ਲਏ ਜਾਂਦੇ ਹਨ। ਅਜਿਹੇ ਪੌਦੇ ਜਦੋਂ ਪ੍ਰਾਣੀਆਂ ਦੁਆਰਾ ਭੋਜਨ ਦੇ ਰੂਪ ਵਿੱਚ ਖਾਏ ਜਾਂਦੇ ਹਨ ਤਾਂ ਇਹ ਖ਼ਤਰਨਾਕ ਰਸਾਇਣ ਉਨ੍ਹਾਂ ਦੇ ਸਰੀਰ ਵਿੱਚ ਪੁੱਜ ਜਾਂਦੇ ਹਨ। ਲੰਬੇ ਸਮੇਂ ਤੋਂ ਇਸਤੇਮਾਲ ਹੁੰਦੀ ਡੀ.ਡੀ.ਟੀ. ਦੇ ਅੰਸ਼ ਮਿੱਟੀ ਦਾ ਅਨਿੱਖੜਵਾਂ ਅੰਗ ਬਣ ਗਏ ਹਨ। ਮਿੱਟੀ ਤੋਂ ਪੌਦਿਆਂ, ਕੀੜਿਆਂ ਪੰਛੀਆਂ ਤੱਕ ਹੁੰਦੇ ਹੋਏ ਇਹ ਅੰਸ਼ ਮਾਸਾਹਾਰੀ ਮਨੁੱਖਾਂ ਅੰਦਰ ਵੀ ਚਲੇ ਜਾਂਦੇ ਹਨ।

ਧਰਤ ਪ੍ਰਦੂਸ਼ਣ ਦਾ ਸੂਖ਼ਮ ਅਧਿਐਨ ਪ੍ਰਸਤੁਤ ਕਰਨ ਉਪਰੰਤ ਡਾ. ਸੱਗੂ ਨੇ ਇਸ ਪ੍ਰਸੰਗ ਵਿੱਚ ਕੁਝ ਸੁਝਾਉ ਵੀ ਪੇਸ਼ ਕੀਤੇ ਹਨ; ਜਿਨ੍ਹਾਂ ਵਿੱਚ ਬਾਰ-ਬਾਰ ਜ਼ਮੀਨ ਦੀ ਗੁਡਾਈ ਤੇ ਸੁਧਾਈ, ਜੈਵਿਕ ਖੇਤੀ ਵੱਲ ਰੁਝਾਨ, ਬਹੁਤ ਸਾਰੇ ਸੂਖ਼ਮ ਜੀਵ, ਪੈਟਰੋ-ਰਸਾਇਣਾਂ ਨਾਲ ਦੂਸ਼ਿਤ ਜ਼ਮੀਨ ਨੂੰ ਵੀ ਸਧਾਰਨ ਜ਼ਮੀਨ ਵਾਂਗ ਸਾਫ਼ ਤੇ ਉਪਜਾਉ ਕਰ ਦਿੰਦੇ ਹਨ।

ਡਾ. ਡੀ.ਪੀ. ਸਿੰਘ ਦੁਆਰਾ ਲਿਖਤ ਨਿਬੰਧ ਵਿੱਚ 'ਸ਼ੋਰ ਪ੍ਰਦੂਸ਼ਣ' ਵਿੱਚ ਵਿਭਿੰਨ ਪ੍ਰਕਾਰ ਦੇ ਆਵਾਜ਼ ਪ੍ਰਦੂਸ਼ਣ ਕਾਰਕਾਂ, ਉਹਨਾਂ ਦੇ ਮਾਪਦੰਡ, ਸ਼ੋਰ-ਪ੍ਰਦੂਸ਼ਣ ਦੇ ਕੁਪ੍ਰਭਾਵਾਂ ਅਤੇ ਸ਼ੋਰ ਪ੍ਰਦੂਸ਼ਣ ਤੋਂ ਸੁਰੱਖਿਤ ਰਹਿਣ ਦੀਆਂ ਜੁਗਤਾਂ ਬਾਰੇ ਭਰਪੂਰ ਜਾਣਕਾਰੀ ਮੁਹੱਈਆ ਕਰਵਾਈ ਹੈ। ਮੁੱਖ ਰੂਪ ਵਿੱਚ ਭੌਤਿਕ ਵਿਗਿਆਨੀ ਰਹੇ ਡਾ. ਡੀ.ਪੀ. ਸਿੰਘ ਸਾਹਿਤ ਦੇ ਹਰ ਪਹਿਲੂ ਨੂੰ ਵਿਗਿਆਨਕ ਆਧਾਰ ਦੇ ਨਾਲ ਪ੍ਰਸਤੁਤ ਕਰਨ ਦੇ ਸਮਰੱਥ ਹਨ। ਇਸੇ ਸੰਦਰਭ ਵਿੱਚ ਡਾ. ਡੀ.ਪੀ. ਸਿੰਘ ਨੇ ਇਸ ਪ੍ਰਕਾਰ ਬਿਆਨ ਕੀਤਾ ਹੈ ਕਿ:

ਅੰਤਰ-ਰਾਸ਼ਟਰੀ ਵਿਗਿਆਨੀ ਵਿਕਟਰ ਗਰੁਐਨ ਦਾ ਕਹਿਣਾ ਹੈ ਕਿ ਸ਼ੋਰ ਮੌਤ ਦਾ ਇੱਕ ਮੱਧਮ ਏਜੰਟ ਹੈ। ਇੱਕ ਅਮਰੀਕੀ ਵਾਤਾਵਰਣੀ ਮਾਹਿਰ ਦਾ ਤਾਂ ਅੰਦਾਜ਼ਾ ਇਹ ਹੈ ਕਿ ਜੇ ਸ਼ੋਰ ਦੀ ਮਾਤਰਾ ਮੌਜੂਦਾ ਦਰ ਨਾਲ ਲਗਾਤਾਰ ਵਧਦੀ ਰਹੀ ਤਾਂ ਸੰਨ 2015 ਤਕ ਮਹਾਂਨਗਰਾਂ ਦੇ ਬੁਹਤੇ ਵਾਸੀ ਬੋਲ਼ੇ ਹੋ ਜਾਣਗੇ(36)

ਕੁਝ ਲੋਕ ਇਹ ਦਲੀਲ ਦਿੰਦੇ ਹਨ ਕਿ ਆਧੁਨਿਕ ਤਕਨੀਕੀ ਵਿਕਾਸ ਜਨਜੀਵਨ ਦਾ ਲਾਜ਼ਮੀ ਅੰਗ ਹੈ, ਪਰੰਤੂ ਉਹ ਇਹ ਭੁੱਲ ਜਾਂਦੇ ਹਨ ਕਿ ਸੀਮਤ ਹੱਦ ਤੋਂ ਵਧੇਰੇ ਮਾਤਰਾ ਦਾ ਸ਼ੋਰ ਸਿਹਤ ਉੱਤੇ ਗੰਭੀਰ ਪ੍ਰਭਾਵ ਪਾ ਸਕਦਾ ਹੈ। ਲੇਖਕ ਨੇ ਦੱਸਿਆ ਹੈ ਕਿ 300 ਈਸਵੀ ਪੂਰਵ ਚੀਨ ਵਿੱਚ ਸੰਗੀਨ ਜ਼ੁਰਮ ਦੇ ਕੈਦੀਆਂ ਨੂੰ ਫਾਂਸੀ ਦੀ ਸਜ਼ਾ ਦੇਣ ਦੀ ਬਜਾਏ, ਉਨ੍ਹਾਂ ਨੂੰ ਮਾਨਸਿਕ ਤਸੀਹੇ ਦੇਣ ਲਈ ਸ਼ੋਰ ਦੀ ਵਰਤੋਂ ਕੀਤੀ ਗਈ। ਸ਼ੋਰ ਨਾਪਣ ਦੀ ਇਕਾਈ ਡੈਸੀਬਲ (Decibel) ਹੈ। ਜਿਸ ਨੂੰ 'db' ਕਰਕੇ ਲਿਖਿਆ ਜਾਂਦਾ ਹੈ। ਡੈਸੀਬਲ ਇੱਕ ਅਜਿਹਾ ਮਾਪ ਹੈ, ਜੋ ਮਨੁੱਖੀ ਕੰਨ ਦੁਆਰਾ ਸੁਣੀ ਜਾ ਸਕਣ ਵਾਲੀ ਸਭ ਤੋਂ ਹਲਕੀ ਆਵਾਜ਼ ਉੱਪਰ ਨਿਰਭਰ ਹੈ। ਇਸ ਇਕਾਈ ਦਾ ਮਾਪ ਲਾਗਰਿਥਮਿਕ ਹੈ 10 ਡੈਸੀਬਲ ਆਵਾਜ਼ੀ ਵਾਧੇ ਦਾ ਅਰਥ ਹੈ 10 ਗੁਣਾ ਜ਼ਿਆਦਾ ਆਵਾਜ਼ 20db ਪੱਧਰ ਦਾ ਅਰਥ ਹੈ 100 ਗੁਣਾ ਜ਼ਿਆਦਾ ਆਵਾਜ਼ ਤੇ 30db ਪੱਧਰ ਦਾ ਅਰਥ ਹੈ 1000 ਗੁਣਾ ਜ਼ਿਆਦਾ ਆਵਾਜ਼। ਮਨੁੱਖੀ ਸਾਹ ਦੀ ਆਵਾਜ਼ ਤੋਂ ਪੈਦਾ ਹੋਈ ਆਵਾਜ਼ ਦਾ ਪੱਧਰ 20db ਹੁੰਦਾ ਹੈ। ਕੰਧ-ਘੜੀ ਦੀ ਟਿਕ-ਟਿਕ 30db ਦੀ ਪੱਧਰ ਦੀ ਹੁੰਦੀ ਹੈ। ਆਵਾਜਾਈ ਸਾਧਨਾਂ ਤੋਂ ਪੈਦਾ ਹੋਈਆਂ ਆਵਾਜ਼ਾਂ ਔਸਤਨ 60 ਤੋਂ 90db ਪੱਧਰ ਤੱਕ ਦੀਆਂ ਹੁੰਦੀਆਂ ਹਨ। ਡੀ. ਜੇ. ਤੇ ਲਾਊਡ ਸਪੀਕਰ ਤੋਂ ਉਤਪੰਨ ਸ਼ੋਰ ਦਾ ਪੱਧਰ 120 ਡੈਸੀਬਲ ਤੋਂ ਵੀ ਵਧੇਰੇ ਹੋ ਜਾਂਦਾ ਹੈ। ਲੱਕੜੀ, ਖਾਦ, ਧਾਤਾਂ ਤੇ ਪੈਟਰੋਕੈਮੀਕਲ ਉਦਯੋਗਾਂ ਵਿੱਚ ਇਹ ਪੱਧਰ 90 ਤੋਂ 120db ਤੱਕ ਪੁੱਜਾ ਜਾਂਦਾ ਹੈ। 25 ਮੀਟਰ ਉਚਾਈ ਤੋਂ ਦੀ ਲੰਘੇ ਜੈਟ ਹਵਾਈ ਜਹਾਜ਼ ਦੀ ਉਡਾਣ ਸਮੇਂ ਦਾ ਸ਼ੋਰ 140 ਤੋਂ 170db ਤੱਕ ਹੋ ਸਕਦਾ ਹੈ। ਪਟਾਕਿਆਂ ਤੇ ਬੰਬਾਂ ਤੋਂ ਪੈਦਾ ਹੋਇਆ ਸ਼ੋਰ 140 ਪੱਧਰ ਤੱਕ ਹੁੰਦਾ ਹੈ। ਵਿਸ਼ਵ ਸਿਹਤ ਸੰਸਥਾ ਦੁਆਰਾ ਪ੍ਰਵਾਣਿਤ, ਮਨੁੱਖੀ ਸਿਹਤ ਲਈ ਸੁਰੱਖਿਆ ਯੋਗ ਆਵਾਜ਼ੀ ਪੱਧਰ ਰਾਤ ਵੇਲੇ 45db ਅਤੇ ਦਿਨ ਵੇਲੇ 55db ਹੈ। ਬਹੁਤ ਸਾਰੇ ਲੋਕ ਸ਼ੋਰ ਨੂੰ ਪ੍ਰਦੂਸ਼ਣ ਨਹੀਂ

ਮੰਨਦੇ, ਸਗੋਂ ਆਧੁਨਿਕ ਸਦੀ ਦੀ ਸ਼ਾਨੋ-ਸ਼ੌਕਤ ਸਮਝਦੇ ਹਨ। ਕੀ ਵੋਟਾਂ, ਕੀ ਧਾਰਮਿਕ ਇੱਕਠ, ਕੀ ਵਿਆਹ ਜਾਂ ਭੋਗ.. ਸਭ ਪਾਸੇ ਸ਼ੋਰ ਹੀ ਪ੍ਰਧਾਨ ਹੈ। ਸ਼ੋਰ ਪ੍ਰਦੂਸ਼ਣ ਦੇ ਸਿਹਤ ‘ਤੇ ਪੈਂਦੇ ਵਿਪਰੀਤ ਪ੍ਰਭਾਵਾਂ ਬਾਰੇ ਜਾਣਕਾਰੀ ਪੇਸ਼ ਕਰਦੇ ਹੋਏ ਡਾ. ਸਿੰਘ ਲਿਖਦੇ ਹਨ ਕਿ:

> ਸ਼ੋਰ ਦੀ ਇੱਕ ਪ੍ਰਦੂਸ਼ਣ-ਕਰਤਾ ਵਜੋਂ ਪਛਾਣ ਕਾਫ਼ੀ ਨਹੀਂ ਹੈ, ਕਿਉਂਕਿ ਇਸ ਦੇ ਭੈੜੇ ਪ੍ਰਭਾਵ ਕਾਫ਼ੀ ਗੰਭੀਰ ਹੁੰਦੇ ਹਨ। ਹਵਾ ਵਿੱਚ ਧੁੰਦ ਨੂੰ ਦੇਖ ਸਕਣਾ ਜਾਂ ਇੱਕ ਨਦੀ ਦੇ ਪਾਣੀ ਵਿੱਚ ਡਿੱਗੇ ਹੋਏ ਗੰਦ-ਮਾਲ ਨੂੰ ਦੇਖ ਸਕਣਾ ਕਾਫ਼ੀ ਸੌਖਾ ਕੰਮ ਹੈ, ਪਰੰਤੂ ਸ਼ੋਰ ਤਾਂ ਅਦਿੱਖ ਹੈ। ਬਹੁਤ ਸਾਰੇ ਲੋਕਾਂ ਲਈ ਤਾਂ ਸ਼ੋਰ ਹੋਰ ਪ੍ਰਦੂਸ਼ਣ-ਕਰਤਾ ਦੇ ਮੁਕਾਬਲੇ ਘੱਟ ਭੈੜਾ ਹੈ। ਵਿਗਿਆਨਕ ਤੱਥਾਂ ਅਨੁਸਾਰ ਸ਼ੋਰ ਬਾਰੇ ਅਜਿਹੀ ਧਾਰਨਾ ਗ਼ਲਤ ਹੈ, ਕਿਉਂਕਿ ਇਹ ਪ੍ਰਦੂਸ਼ਣ ਸਾਡੇ ਜੀਵਨ ਦੇ ਪ੍ਰਮੁੱਖ ਪੱਖਾਂ ਨੂੰ ਗੰਭੀਰ ਰੂਪ ਵਿੱਚ ਨੁਕਸਾਨ ਪਹੁੰਚਾਉਂਦਾ ਹੈ(37)

ਸ਼ੋਰ ਦੇ ਸੋਮਿਆਂ ਬਾਰੇ ਵਿਚਾਰ ਰੱਖਦੇ ਹੋਏ ਡਾ. ਡੀ.ਪੀ. ਸਿੰਘ ਦੱਸਦੇ ਹਨ ਕਿ ਘਰੇਲੂ ਕੰਮਾਂ ਕਾਰਾਂ ਤੋਂ ਇਲਾਵਾ ਆਵਾਜਾਈ ਦੇ ਸਾਧਨ ਜਿਵੇਂ ਬੱਸਾਂ, ਟਰੱਕ, ਕਾਰਾਂ, ਜੀਪਾਂ, ਥ੍ਰੀ-ਵੀਲ੍ਹਰਾਂ, ਟਰਾਲੀਆਂ, ਟੈਂਪੂ ਤੇ ਰੇਲ-ਗੱਡੀਆਂ ਆਦਿ ਤੋਂ ਸ਼ੋਰ ਪ੍ਰਦੂਸ਼ਨ ਉਤਪੰਨ ਹੁੰਦਾ ਹੈ। ਧਾਰਮਿਕ ਸਥਾਨਾਂ, ਸਮਾਗਮਾਂ, ਮੈਰਿਜ-ਪੈਲਸਾਂ, ਜੰਞ-ਘਰਾਂ ਦੇ ਲਾਊਡ ਸਪੀਕਰ ਵੀ ਆਵਾਜ਼ ਪ੍ਰਦੂਸ਼ਣ ਵਧਾਉਂਦੇ ਹਨ। ਮਹਾਂਨਗਰਾਂ ਵਿੱਚ ਆਵਾਜ਼ ਪ੍ਰਦੂਸ਼ਣ ਸਭ ਤੋਂ ਵਧੇਰੇ ਹੋ ਰਿਹਾ ਹੈ। ਪੰਜਾਬ ਦੇ ਉਦਯੋਗਿਕ ਸ਼ਹਿਰ ਜਿਵੇਂ ਲੁਧਿਆਣਾ, ਜਲੰਧਰ, ਮੰਡੀ ਗੋਬਿੰਦਗੜ੍ਹ, ਪਟਿਆਲਾ ਤੇ ਅੰਮ੍ਰਿਤਸਰ ਵੀ ਸ਼ੋਰ ਪ੍ਰਦੂਸ਼ਣ ਪੈਦਾ ਕਰਨ ਵਿੱਚ ਮੋਹਰੀ ਸਿੱਧ ਹੋ ਰਹੇ ਹਨ।

ਸ਼ੋਰ ਪ੍ਰਦੂਸ਼ਣ ਦੇ ਬਹੁਤੇ ਪ੍ਰਭਾਵ ਜੱਕਦਮ ਨਾ ਹੋ ਕੇ ਧੀਮੀ ਗਤੀ ਨਾਲ ਸਿਹਤ ਨੂੰ ਨੁਕਸਾਨ ਦਿੰਦੇ ਹਨ। ਜ਼ਿਆਦਾ ਦੇਰ ਤੱਕ 55db ਤੋਂ ਵੱਧ ਸ਼ੋਰ ਪੱਧਰ ਵਾਲੇ ਖੇਤਰ ਵਿੱਚ ਰਹਿੰਦੇ ਰਹਿਣ ਨਾਲ ਉੱਚਾ ਸੁਣਨਾ ਅਵਸਾਦ, ਗੁੱਸਾ ਚੜ੍ਹਣਾ, ਉੱਚ ਬਲੱਡ ਪ੍ਰੈਸ਼ਰ, ਥਕਾਵਟ, ਬੋਲ਼ਾਪਣ, ਤੇਜ਼ ਧੜਕਣ, ਸਾਹ ਦੀ ਤਕਲੀਫ਼, ਇਕਾਗਰਤਾ ਦਾ ਭੰਗ ਹੋਣਾ, ਐਲਰਜੀ ਆਦਿ ਰੋਗ ਪਨਪ ਸਕਦੇ ਹਨ। ਇਸ ਪ੍ਰਸੰਗ ਅਧੀਨ ਨਿਬੰਧਕਾਰ ਵਿਚਾਰ ਦ੍ਰਿੜ ਕਰਵਾਉਂਦਾ ਹੈ ਕਿ:

ਮਾਹਿਰਾਂ ਦਾ ਵਿਚਾਰ ਹੈ ਕਿ 90 ਡੈਸੀਬਲ ਤੋਂ ਵਧੇਰੇ ਸ਼ੋਰ ਵਿੱਚ ਲਗਾਤਾਰ 10 ਮਿੰਟ ਤੱਕ ਰਹਿਣ ਨਾਲ ਮਨੁੱਖ ਦੀ ਸੁਣਨ ਪ੍ਰਣਾਲੀ ਨੂੰ ਨੁਕਸਾਨਦੇਹ ਪ੍ਰਭਾਵ ਪੁੱਜਦਾ ਹੈ। 100 ਡੈਸੀਬਲ ਤੋਂ ਵਧੇਰੇ ਉੱਚਾ ਸ਼ੋਰ ਤਾਂ ਸਥਾਈ ਬੋਲ਼ਾਪਣ ਪੈਦਾ ਕਰ ਦਿੰਦਾ ਹੈ। ਸ਼ਹਿਰੀ ਸ਼ੋਰ-ਗੁਲ ਵਾਲੇ ਮਾਹੌਲ ਵਿੱਚ ਲੋਕ ਆਪਣੀ ਸੁਣਨ ਸ਼ਕਤੀ ਸਹਿਜੇ ਹੀ ਗੁਆ ਲੈਂਦੇ ਹਨ(39)

ਸ਼ੋਰ ਪ੍ਰਦੂਸ਼ਣ ਨੂੰ ਸੀਮਤ ਕਰਕੇ ਇਸਦੇ ਕੁਪ੍ਰਭਾਵਾਂ ਤੋਂ ਬਚਿਆ ਜਾ ਸਕਦਾ ਹੈ। ਵਾਹਨਾਂ ਦੀ ਸਮੇਂ ਸਿਰ ਮੁਰੰਮਤ ਤੇ ਸਰਵਿਸ ਕਰਵਾ ਕੇ ਸ਼ੋਰ ਘੱਟ ਕੀਤਾ ਜਾ ਸਕਦਾ ਹੈ। ਪਰਪੱਕ ਚਾਲਕ ਬੇਲੋੜਾ ਹਾਰਨ ਨਹੀਂ ਵਜਾਉਂਦੇ। ਕਾਨੂੰਨੀ ਨਿਯਮਾਂ ਦੀ ਪਾਲਣਾ ਯਕੀਨੀ ਬਣਾ ਕੇ ਸ਼ੋਰ ਪ੍ਰਦੂਸ਼ਣ ਨੂੰ ਸੁਧਾਰਿਆ ਜਾ ਸਕਦਾ ਹੈ। ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ, ਰੁੱਖਾਂ ਵਿੱਚ ਕੇਵਲ ਵਾਯੂ ਪ੍ਰਦੂਸ਼ਣ ਹੀ ਨਹੀਂ ਸਗੋਂ ਵਧੀਕ ਧੁਨੀ ਤਰੰਗਾਂ ਨੂੰ ਜਜ਼ਬ ਕਰਨ ਦੀ ਸਮਰੱਥਾ ਵੀ ਹੁੰਦੀ ਹੈ।

ਪੰਜਾਬੀ ਸਾਹਿਤ ਜਗਤ ਦੇ ਮਕਬੂਲ ਲੇਖਕ ਤੇ ਪੰਜਾਬੀ ਭਾਸ਼ਾ ਨੂੰ ਕੰਪੂਟਰੀਕ੍ਰਿਤ ਅਧਿਐਨ ਦੇ ਮਾਹਿਰ ਸੀ.ਪੀ. ਕੰਬੋਜ ਨੇ 'ਬਿਜਲੀ ਚੁੰਬਕੀ ਪ੍ਰਦੂਸ਼ਣ' ਸਿਰਲੇਖ ਹੇਠ ਨਿਬੰਧ ਰਚਨਾ ਕੀਤੀ ਹੈ। ਬਿਜਲੀ-ਚੁੰਬਕੀ ਪ੍ਰਦੂਸ਼ਣ ਨੂੰ ਲੇਖਕ ਨੇ ਡਰਾਉਣਾ ਤੇ ਕੰਬਾਊ ਕਰਾਰ ਦਿੱਤਾ ਹੈ। ਘਰਾਂ, ਦਫ਼ਤਰਾਂ, ਉਦਯੋਗਾਂ ਆਦਿ ਵਿੱਚ ਵਰਤੋਂ ਹੇਠ ਲਿਆਂਦੇ ਜਾਂਦੇ ਬਿਜਲਈ ਯੰਤਰਾਂ ਦੀ ਲੋੜ ਤੋਂ ਵੱਧ ਵਰਤੋਂ ਅਜਿਹੇ ਪ੍ਰਦੂਸ਼ਣ ਦੇ ਫੈਲਾਅ ਦਾ ਪ੍ਰਮੁੱਖ ਕਾਰਨ ਬਣਦੀ ਹੈ। ਬਿਜਲੀ ਚੁੰਬਕੀ ਵਿਕੀਰਨ ਬਾਰੇ ਜਾਣਕਾਰੀ ਪੇਸ਼ ਕਰਦੇ ਹੋਏ ਨਿਬੰਧਕਾਰ ਨੇ ਇਸ ਪ੍ਰਕਾਰ ਖੁਲਾਸਾ ਕੀਤਾ ਹੈ ਕਿ:

> ਬਿਜਲੀ ਚੁੰਬਕੀ ਵਿਕੀਰਨ ਕੰਪਨ ਜਾਂ ਬਿਜਲਈ ਚਾਰਜ ਦੀ ਗਤੀ ਦੇ ਕਾਰਨ ਪੈਦਾ ਹੁੰਦਾ ਹੈ। ਬਿਜਲੀ ਚੁੰਬਕੀ ਵਿਕੀਰਨ ਵਿੱਚ ਦੋਨੋਂ ਬਿਜਲਈ ਅਤੇ ਚੁੰਬਕੀ ਭਾਗ ਹੁੰਦੇ ਹਨ। ਇਸ ਵਿਕੀਰਨ ਨੂੰ ਇੱਕ ਨਿਰਧਾਰਿਤ ਸਪੈਕਟਰਮ ਵਿੱਚ ਤਰਤੀਬਬੱਧ ਕੀਤਾ ਜਾਂਦਾ ਹੈ। ਸੈਪਕਟਰਮ ਵਿੱਚ ਗਾਮਾ ਵਿਕੀਰਨ, ਐਕਸਰੇ ਵਿਕੀਰਨ, ਪਰਾ-ਬੈਂਗਣੀ ਵਿਕੀਰਨ, ਦ੍ਰਿਸ਼ਟੀਮਾਨ ਵਿਕੀਰਨ, ਇਨਫਰਾਰੈੱਡ

ਵਿਕੀਰਨ, ਮਾਇਕ੍ਰੋਵੇਵ ਅਤੇ ਰੇਡਿਓ ਤਰੰਗਾਂ ਆਦਿ ਸਾਮਲ ਹੁੰਦੀਆਂ ਹਨ। ਬਿਜਲੀ ਚੁੰਬਕੀ ਵਿਕੀਰਨ ਨੂੰ ਕਿਸੇ ਸੰਚਾਰ ਮਾਧਿਅਮ ਦੀ ਲੋੜ ਨਹੀਂ ਪੈਂਦੀ(42)

ਬਿਜਲਈ ਅਤੇ ਇਲੈਕਟ੍ਰਾਨਿਕ ਯੰਤਰ ਜਿਵੇਂ ਇਲੈਕਟ੍ਰਾਨਿਕ ਸ਼ੇਵਿੰਗ ਯੰਤਰ, ਵੈਕਿਊਮ ਕਲੀਨਰ, ਰੇਡਿਓ ਟੀ.ਵੀ., ਵੀ.ਸੀ.ਆਰ., ਕੰਪਿਊਟਰ ਬਿਜਲਈ ਵਿਕੀਰਨ ਉਤਪੰਨ ਕਰਦੇ ਹਨ। ਮਾਈਕ੍ਰੋਵੇਵ ਓਵਨ, ਬਿਜਲਈ ਸਟੋਪ, ਵਾਸ਼ਿੰਗ ਮਸ਼ੀਨਾਂ, ਪਾਣੀ ਗਰਮ ਕਰਨ ਵਾਲੇ ਹੀਟਰ ਵੀ ਵਿਕੀਰਨ ਪੈਦਾ ਕਰਦੇ ਹਨ। ਮੋਬਾਇਲ ਸਿਗਨਲ ਪਕੜਣ ਵਾਲੇ ਸ਼ਕਤੀਸ਼ਾਲੀ ਟਾਵਰ, ਡਿਸ਼ ਐਨਟੀਨੇ, ਰਾਡਾਰ, ਕਾਰਖ਼ਾਨਿਆਂ ਦੀਆਂ ਭਾਰੀ-ਭਰਕਮ ਮਸ਼ੀਨਾਂ, ਹਾਈ-ਵੋਲਟੇਜ ਬਿਜਲੀ ਤਾਰਾਂ, ਪੇਜਰ, ਮੋਬਾਇਲ ਫੋਨ ਤੋਂ ਨਿਕਲ ਰਹੀਆਂ ਤਰੰਗਾਂ ਮਨੁੱਖੀ ਸਿਹਤ ਲਈ ਗੰਭੀਰ ਖ਼ਤਰਿਆਂ ਦਾ ਇੰਤਜ਼ਾਮ ਕਰ ਸਕਦੀਆਂ ਹਨ। ਬਿਜਲੀ ਚੁੰਬਕੀ ਵਿਕਿਰਨਾਂ ਦਿਮਾਗੀ ਤਨਾਓ, ਕੈਂਸਰ, ਸਿਰ-ਪੀੜ, ਭਾਰੀਪਣ, ਅੱਖਾਂ ਦੀ ਜਲਣ, ਚਿੜਚਿੜਾਪਣ, ਇਕਾਗਹੀਣਤਾ, ਦਬਾਅ, ਜਾਂ ਉਦਾਸੀ, ਯਾਦਸ਼ਕਤੀ ਦੀ ਕਮਜ਼ੋਰੀ, ਸਰੀਰਕ ਸੁਰੱਖਿਆ ਪ੍ਰਣਾਲੀ ਦਾ ਕਮਜ਼ੋਰ ਹੋਣ ਵਰਗੇ ਰੋਗਾਂ ਦਾ ਆਧਾਰ ਬਣਦੀਆਂ ਹਨ।

ਬਿਜਲੀ ਚੁੰਬਕੀ ਪ੍ਰਦੂਸ਼ਣ ਦੇ ਮਾਰੂ ਪ੍ਰਭਾਵਾਂ ਤੋਂ ਸੁਰੱਖਿਅਤ ਰਹਿਣ ਲਈ ਆਧੁਨਿਕ ਵਰਗ ਨੂੰ ਨਿੱਜੀ ਅਤੇ ਸਮੂਹਿਕ ਤੌਰ ‘ਤੇ ਸੁਚੇਤ ਰਹਿਣ ਦੀ ਭਰਪੂਰ ਲੋੜ ਹੈ। ਉੱਚ ਵੋਲਟੇਜ਼ ਤਾਰਾਂ ਤੋਂ ਘੱਟੋ-ਘੱਟ ਸੌ ਮੀਟਰ ਦੀ ਦੂਰੀ ‘ਤੇ ਹੀ ਵਸੇਬਾ ਰੱਖਣਾ ਚਾਹੀਦਾ ਹੈ। ਟੀ.ਵੀ. ਅੰਦਰ ਮੌਜੂਦ ਸੀ. ਆਰ.ਟੀ. ਭਾਵ ਕੈਥੋਡ ਰੇਅ ਟਿਊਬ ਵਿੱਚ 18000 ਵੋਲਟ ਵਾਲੀ ਬਿਜਲਈ ਧਾਰਾ ਪੈਦਾ ਹੁੰਦੀ ਹੈ। ਕੰਪਿਊਟਰ ਦੇ ਮੋਨੀਟਰ ਟੀ.ਵੀ. ਸਕਰੀਨ ਨਾਲੋਂ ਘੱਟ ਵਿਕਿਰਨਾਂ ਪੈਦਾ ਕਰਦੇ ਹਨ। ਮੋਬਾਈਲ ਦੀ ਬੈਟਰੀ ਘੱਟ ਹੋਣ ਦੀ ਸਥਿਤੀ ਵਿੱਚ ਇਸ ਦਾ ਉਪਯੋਗ ਘੱਟ ਹੋਣ ਦੀ ਸਥਿਤੀ ਵਿੱਚ ਇਸ ਦਾ ਉਪਯੋਗ ਘੱਟ ਕਰਨਾ ਚਾਹੀਦਾ ਹੈ। ਮਾਈਕ੍ਰੋਵੇਵ ਓਵਨ ਦੇ ਚੱਲਦੇ ਹੋਣ ਤੇ ਤਕਰੀਬਨ ਤਿੰਨ ਮੀਟਰ ਦੀ ਦੂਰੀ ‘ਤੇ ਖੜ੍ਹੇ ਹੋਣਾ ਚਾਹੀਦਾ ਹੈ। ਬਿਜਲੀ-ਚੁੰਬਕੀ ਪ੍ਰਦੂਸ਼ਣ ਤੋਂ ਬਚਣ ਦਾ ਸਭ ਤੋਂ ਮਹੱਤਵਪੂਰਨ ਅੰਗ ਹੈ, ਇਸ ਪ੍ਰਤੀ ਜਾਗਰੂਕਤਾ।

ਡਾ. ਵਿਦਵਾਨ ਸਿੰਘ ਸੋਨੀ ਦੁਆਰਾ ਲਿਖਿਤ ਨਿਬੰਧ 'ਰੇਡੀਓ ਐਕਟਿਵ ਪ੍ਰਦੂਸ਼ਣ' ਨਿਵੇਕਲੀ ਕਿਸਮ ਦੇ ਪ੍ਰਦੂਸ਼ਣ ਬਾਬਤ ਅਧਿਐਨ ਪੇਸ਼ ਕਰਦਾ ਹੈ। ਕੁਦਰਤੀ ਰੇਡਿਓ ਐਕਟਿਵ ਪਦਾਰਥਾਂ ਦੇ ਮਾੜੇ ਪ੍ਰਭਾਵਾਂ ਬਾਰੇ ਵਿਗਿਆਨੀਆਂ ਨੂੰ ਸੰਨ 1919 ਵਿੱਚ ਹੀ ਪਤਾ ਲੱਗਣਾ ਸ਼ੁਰੂ ਹੋ ਗਿਆ ਸੀ। ਆਰੰਭਿਕ ਦੌਰ ਵਿੱਚ ਰੇਡੀਅਮ ਧਾਤ ਦੇ ਖੋਜ ਕਰਨ ਵਾਲੀ ਵਿਗਿਆਨੀ ਮੇਰੀ ਕਿਊਰੀ ਨੂੰ ਵੀ ਰੇਡਿਓ ਐਕਟਿਵ ਕਿਰਨਾਂ ਦੇ ਮਾਰੂ ਪ੍ਰਭਾਵਾਂ ਦਾ ਸ਼ਿਕਾਰ ਹੋਣਾ ਪਿਆ ਸੀ। ਰੇਡਿਓ ਐਕਟਿਵ ਪਦਾਰਥਾਂ ਵਿੱਚੋਂ ਨਿਕਲੀਆਂ ਕਿਰਨਾਂ ਵਾਯੂਮੰਡਲ ਅਤੇ ਜਲ-ਸਰੋਤਾਂ ਵਿੱਚ ਪੁੱਜ ਕੇ ਪਾਣੀ ਵਿੱਚ ਰੇਡਿਓ ਐਕਟਿਵ ਪ੍ਰਦੂਸ਼ਣ ਫੈਲਾ ਦਿੰਦੀਆਂ ਹਨ ਜੋ ਲੰਬੇ ਸਮੇਂ ਲਈ ਪਸ਼ੂਆਂ-ਪੰਛੀਆਂ, ਜੀਵਾਂ ਤੇ ਬਨਸਪਤੀ ਜਨ-ਜੀਵਨ ਲਈ ਘਾਤਕ ਸਿੱਧ ਹੁੰਦਾ ਹੈ। ਸੋਵੀਅਤ ਰੂਸ ਦੇ ਚਰਨੋਬਿਲ ਨਿਊਕਲੀਅਰ ਪਾਵਰ ਪਲਾਂਟ ਵਿੱਚ ਹੋਈ ਦੁਰਘਟਨਾ ਅਤੇ ਜਾਪਾਨ ਦੇ ਹੀਰੋਸ਼ੀਮਾ ਤੇ ਨਾਗਾਸਾਕੀ ਸ਼ਹਿਰਾਂ ਵਿੱਚ ਹੋਏ ਐਟਮੀ ਧਮਾਕੇ ਦੇ ਦੂਰਗਾਮੀ ਕੁਪ੍ਰਭਾਵਾਂ ਨੂੰ ਹੁਣ ਵੀ ਵੇਖਿਆ ਜਾ ਸਕਦਾ ਹੈ। ਹੱਡੀਆਂ ਤੇ ਫੇਫੜਿਆਂ ਦਾ ਕੈਂਸਰ, ਚਮੜੀ ਤੇ ਅੱਖਾਂ ਦੇ ਰੋਗ, ਦਿਮਾਗੀ ਅਸੰਤੁਲਨ ਵਰਗੇ ਰੋਗ ਹੁਣ ਤੱਕ ਵੀ ਉੱਥੋਂ ਦੇ ਬਾਸ਼ਿੰਦਿਆਂ ਨੂੰ ਘੇਰੀ ਰੱਖਦੇ ਹਨ। ਰੇਡਿਓ-ਐਕਟਿਵ ਪ੍ਰਦੂਸ਼ਣ ਤੋਂ ਸੁਰੱਖਿਅਤ ਰਹਿਣ ਲਈ ਵਿਚਾਰਯੋਗ ਹੈ ਕਿ ਵੱਡੇ-ਵੱਡੇ ਦੇਸ਼ ਨਿਊਕਲੀ ਤਜ਼ਰਬੇ ਕਰਨੇ ਬੰਦ ਕਰ ਦੇਣ। ਪ੍ਰਮਾਣੂ ਬਿਜਲੀ ਘਰਾਂ ਦਾ ਤੋੜ ਲੱਭ ਕੇ ਕਲੀਨ ਐਨਰਜੀ ਜਾਂ ਗ੍ਰੀਨ ਐਨਰਜੀ ਦੇ ਵਿਕਲਪ ਤਿਆਰ ਕੀਤੇ ਜਾਣੇ ਚਾਹੀਦੇ ਹਨ।

ਮਕਬੂਲ ਨਿਬੰਧਕਾਰ ਤੇ ਪੇਸ਼ੇਵਰ ਇੰਜੀਨੀਅਰ ਡਾ. ਕੁਲਦੀਪ ਸਿੰਘ ਧੀਰ ਦਾ ਨਿਬੰਧ 'ਪਲੀਤ ਨਾ ਕਰੋ ਨਿਰਮਲ ਅੰਬਰ ਨੂੰ' ਮਨੁੱਖ ਵੱਲੋਂ ਫੈਲਾਏ ਜਾ ਰਹੇ ਪੁਲਾੜੀ ਪ੍ਰਦੂਸ਼ਣ ਬਾਰੇ ਤਰਕ ਪੇਸ਼ ਕਰਦਾ ਹੈ। ਮਨੁੱਖ ਦੀ ਲਾਲਚੀ ਪ੍ਰਵਿਰਤੀ ਨੇ ਹਰੀ-ਭਰੀ ਧਰਤੀ ਨੂੰ ਤਾਂ ਸਿਆਹ ਕੀਤਾ ਹੀ ਹੈ, ਨੀਲੇ ਤੇ ਨਿਰਮਲ ਅੰਬਰ ਦੀ ਚਮਕ ਖੋਹ ਲੈਣ ਦੀ ਬਦਨੀਤੀ ਵੀ ਰੱਖੀ ਹੈ। ਪਹਿਲਾਂ ਰਾਕੇਟ ਮਨੁੱਖ ਰਹਿਤ ਹੀ ਪੁਲਾੜ ਵਿੱਚ ਭੇਜੇ ਜਾਂਦੇ ਸਨ, ਪਰ ਮਨੁੱਖ ਸਹਿਤ ਉਡਾਨਾਂ ਭਰਨ ਵਾਲੇ ਪੁਲਾੜੀ ਵਾਹਨ ਨੇਪੜੇ ਚਾਣੇ ਜਾਣ ਲੱਗੇ। ਪੁਲਾੜੀ ਕਚਰੇ ਵਿੱਚ ਅਣਜਲੇ ਰਾਕੇਟ, ਅੰਸ਼ਾਂ ਦੀ ਰਹਿੰਦ-ਖੂੰਹਦ, ਸੜੇ-ਬਲੇ ਖਾਲੀ ਡਿਊਨ ਟੈਂਕ, ਪੁਲਾੜ ਵਿੱਚ ਡਿੱਗੀ ਭਾਂਤ-

ਭਾਂਤ ਦੀ ਸਮੱਗਰੀ ਸ਼ਾਮਿਲ ਹਨ। ਇਹ ਸਮੱਗਰੀ ਨਿਰੰਤਰ ਤੇਜ਼ੀ ਨਾਲ ਪੁਲਾੜ ਵਿੱਚ ਘੁੰਮ ਰਹੀ ਹੈ। ਇਸ ਬਾਰੇ ਜਾਣਕਾਰੀ ਪੇਸ਼ ਕਰਦੇ ਹੋਏ ਨਿਬੰਧਕਾਰ ਨੇ ਇਸ ਪ੍ਰਕਾਰ ਖੁਲਾਸਾ ਕੀਤਾ ਹੈ ਕਿ:

> ਮਈ 1963 ਵਿੱਚ ਵੈਸਟਫੋਰਡ ਪ੍ਰਾਜੈਕਟ ਅਧੀਨ ਪੁਲਾੜ ਵਿੱਚ ਚਾਲੀ ਕਰੋੜ ਸੂਈਆਂ ਸੁੱਟੀਆਂ ਗਈਆਂ। ਇਸ ਪ੍ਰਾਜੈਕਟ ਦਾ ਉਦੇਸ਼ ਸੀ ਇਨ੍ਹਾਂ ਤੋਂ ਰੇਡੀਓ ਤਰੰਗਾਂ ਪਰਾਵਰਤਿਤ ਕਰਵਾ ਕੇ ਉਨ੍ਹਾਂ ਉੱਤੇ ਪ੍ਰਯੋਗ ਕਰਨੇ। ਇੰਝ ਇਹ ਕਾਰਜ ਇੱਕ ਸੰਚਾਰ ਉਪਗ੍ਰਹਿ ਵਰਗਾ ਸੀ। ਕੁਝ ਚਿਰ ਤਾਂ ਇਹ ਸੂਈਆਂ ਇੱਕੋ ਨਿਸ਼ਚਿਤ ਖੇਤਰ ਵਿੱਚ ਰਹੀਆਂ, ਫਿਰ ਇਹ ਉਸ ਖੇਤਰ ਵਿੱਚੋਂ ਖਿੰਡ ਕੇ ਧਰਤੀ ਦੇ ਚਾਰੇ ਪਾਸੇ ਇੱਕ ਘੇਰੇ ਵਿੱਚ ਇਕੱਠੀਆਂ ਹੋ ਗਈਆਂ। ਤਜ਼ਰਬਾ ਅਸਫਲ ਰਹਿਣ ਨਾਲ ਇਹ ਸੂਈਆਂ ਕੂੜਾ ਬਣ ਕੇ ਰਹਿ ਗਈਆਂ(60)

ਜੀਵ ਵਿਗਿਆਨ ਖੇਤਰ ਦੇ ਮਾਹਿਰ ਡਾ. ਦੇਵਿੰਦਰ ਸਿੰਘ ਦਾ ਜਾਣਕਾਰੀ ਭਰਪੂਰ ਨਿਬੰਧ 'ਅਲੋਪ ਹੋ ਰਿਹਾ ਜੀਵ-ਜਗਤ' ਧਰਤੀ ਤੋਂ ਅਲੋਪ ਹੁੰਦੇ ਜਾ ਰਹੇ ਪ੍ਰਾਣੀ ਜਗਤ ਦਾ ਸੂਖ਼ਮ ਅਧਿਐਨ ਪ੍ਰਸਤੁਤ ਕਰਦਾ ਹੈ। ਮਾਹਿਰਾਂ ਦੀ ਗਣਨਾ ਅਨੁਸਾਰ ਵਰਤਮਾਨ ਵਿੱਚ ਵਿਚਰ ਰਹੇ ਜੀਵਾਂ ਦੀ ਗਿਣਤੀ ਤੋਂ ਕਿਤੇ ਵਧ ਜੀਵ ਪ੍ਰਿਥਵੀ ਤੋਂ ਗਾਇਬ ਹੋ ਚੁੱਕੇ ਹਨ। ਵਿਗਿਆਨੀਆਂ ਦਾ ਤਰਕ ਹੈ ਕਿ ਇੱਕ ਆਮ ਪ੍ਰਜਾਤੀ ਲਗਭਗ ਇੱਕ ਕਰੋੜ ਸਾਲ ਦੇ ਅੰਤਰਾਲ ਮਗਰੋਂ ਅਲੋਪ ਹੋ ਜਾਂਦੀ ਹੈ। ਇਸ ਤਰਕ ਦੇ ਦਾਇਰੇ ਤੋਂ ਬਾਹਰ ਜੇਕਰ ਕੁਝ ਪ੍ਰਜਾਤੀਆਂ ਜਿਉਂ ਦੀਆਂ ਤਿਉਂ ਰਹਿ ਜਾਂਦੀਆਂ ਹਨ, ਤਾਂ ਉਨ੍ਹਾਂ ਨੂੰ 'ਜ਼ਿੰਦਾ ਪਥਰਾਟ' ਆਖਿਆ ਜਾਂਦਾ ਹੈ।

ਵਿਚਾਰ ਅਧੀਨ ਖੋਜ ਵਿੱਚ ਵਾਤਾਵਰਨ ਦੇ ਸੁਭਾਵਿਕ ਸੰਤੁਲਣ ਦੇ ਵਿਗੜ ਜਾਣ ਕਰਕੇ ਜੀਵਾਂ ਦੀਆਂ ਅਨੇਕਾਂ ਪ੍ਰਜਾਤੀਆਂ ਦੇ ਲੁਪਤ ਹੋ ਜਾਣ ਦਾ ਖ਼ਦਸ਼ਾ ਜਤਾਇਆ ਜਾ ਰਿਹਾ ਹੈ। ਵਾਤਾਵਰਨ ਦਾ ਹਿੱਸਾ ਕੇਵਲ ਬਨਸਪਤੀ ਅਤੇ ਮਨੁੱਖ ਹੀ ਨਹੀਂ, ਸਗੋਂ ਅਸੰਖ ਪ੍ਰਕਾਰ ਦੇ ਕੀਟ-ਪਤੰਗੇ, ਪੰਛੀ, ਜਨੌਰ ਆਦਿ ਵੀ ਵਾਤਾਵਰਨ ਦਾ ਅਹਿਮ ਹਿੱਸਾ ਹਨ। ਕੁਦਰਤੀ ਸਮਤੋਲ ਬਣਾ ਕੇ ਰੱਖਣ ਲਈ ਜੈਵਿਕ-ਵਿਭਿੰਨਤਾ ਦਾ ਕਾਇਮ ਰਹਿਣਾ ਬਹੁਤ ਜ਼ਰੂਰੀ ਹੁੰਦਾ ਹੈ। ਕੁਝ ਹੱਦ ਤੱਕ ਤਾਂ ਜੀਵਾਂ ਦਾ ਲੁਪਤ ਹੋਣਾ ਕੁਦਰਤੀ ਵਰਤਾਰਾ ਹੈ, ਪਰ ਬਹੁਤੀ ਹੱਦ

ਤੱਕ ਉਨ੍ਹਾਂ ਦਾ ਲੁਪਤ ਹੋਣਾ ਗੈਰ-ਕੁਦਰਤੀ ਵਰਤਾਰਾ ਹੈ। ਇਸ ਪ੍ਰਤੀ ਡਾ. ਦੇਵਿੰਦਰ ਖੋਲ ਕੇ ਇਸ ਪ੍ਰਕਾਰ ਲਿਖਦੇ ਹਨ ਕਿ:

> ਅਜੋਕੇ ਯੁੱਗ ਵਿੱਚ ਜੀਵਾਂ ਦੇ ਲੁਪਤ ਹੋਣ ਜਾਣ ਦਾ ਕਾਰਨ ਅਤੇ ਕੇਂਦਰ ਸਿੱਧੇ ਅਤੇ ਅਸਿੱਧੇ ਤੌਰ ਤੇ ਮਨੁੱਖ ਬਣਦਾ ਹੈ। ਉਹ ਜਾਨਵਰਾਂ ਦਾ ਸ਼ਿਕਾਰ ਕਰਦਾ ਹੈ, ਉਨ੍ਹਾਂ ਦੇ ਨਿਵਾਸ-ਸਥਾਨ ਤਬਾਹ ਕਰਦਾ ਹੈ, ਵਾਤਾਵਰਣ ਵਿੱਚ ਪ੍ਰਦੂਸ਼ਣ ਪੈਦਾ ਕਰਦਾ ਹੈ ਅਤੇ ਅਜਿਹੇ ਜਾਨਵਰਾਂ ਦੀ ਗਿਣਤੀ ਗੈਰ-ਕੁਦਰਤੀ ਤਰੀਕੇ ਨਾਲ ਵਧਾਉਂਦਾ ਹੈ ਜਿਹੜੇ ਕੁਦਰਤ ਵਿੱਚ ਵਿਚਰ ਰਹੇ ਜਾਨਵਰਾਂ ਦੇ ਅਲੋਪ ਦਾ ਕਾਰਣ ਬਣਦੇ ਹਨ(63)

ਵਿਸ਼ਵ ਸੰਭਾਲ ਸੰਘ ਵੱਲੋਂ ਜਾਰੀ ਇੱਕ ਲਿਸਟ ਅਨੁਸਾਰ ਤਕਰੀਬਨ 16119 ਜੀਵਾਂ ਤੇ ਪੌਦਿਆਂ ਦੇ ਅਲੋਪ ਹੋ ਜਾਣ ਦਾ ਖ਼ਤਰਾ ਹੈ। ਸੀਮਤ ਖੇਤਰ ਜਾਂ ਮੌਸਮ ਵਿੱਚ ਵਿਚਰਦੇ ਜੀਵਾਂ ਦੇ ਖ਼ਤਮ ਹੋਣ ਦਾ ਅੰਦੇਸ਼ਾਂ ਹੋਰਨਾਂ ਨਾਲੋਂ ਵਧੇਰੇ ਹੁੰਦਾ ਹੈ। ਮਨੁੱਖ ਕਈ ਜੀਵਾਂ ਦੇ ਭਿੰਨ-ਭਿੰਨ ਅੰਗਾਂ ਦੇ ਲਾਲਚ ਵਿੱਚ ਮੀਟ ਖ਼ਾਤਰ, ਖੱਲ੍ਹ ਖ਼ਾਤਰ ਜਾਂ ਫਿਰ ਕਿਸੇ ਅੰਧ-ਵਿਸ਼ਵਾਸ ਕਰਕੇ ਜਾਨਵਰਾਂ ਦਾ ਸ਼ਿਕਾਰ ਕਰਕੇ ਉਹਨਾਂ ਪ੍ਰਜਾਤੀਆਂ ਦੇ ਜੀਵਨ ਲਈ ਪ੍ਰਸ਼ਨ-ਚਿੰਨ੍ਹ ਖੜ੍ਹਾ ਕਰ ਰਿਹਾ ਹੈ।

> ਮਨੁੱਖ ਨੇ ਜਦੋਂ ਵੀ ਨਵੀਆਂ ਥਾਵਾਂ ਨੂੰ ਆਪਣਾ ਨਿਵਾਸ-ਸਥਾਨ ਬਣਾਇਆ ਹੈ ਤਾਂ ਉੱਥੋਂ ਦੇ ਜੀਵ-ਜੰਤੂਆਂ ਤੇ ਬਹੁਤ ਵੱਡਾ ਪ੍ਰਭਾਵ ਪਾਇਆ ਹੈ, ਜਿਸ ਵਿੱਚ ਕੁਝ ਪ੍ਰਜਾਤੀਆਂ ਦਾ ਅਲੋਪ ਹੋਣਾ ਸ਼ਾਮਿਲ ਹੈ। ਇੱਕ ਬਹੁਤ ਮਹੱਤਵਪੂਰਣ ਉਦਾਹਰਨ ਡੋਡੋ ਨਾਮ ਦੀ ਬੱਤਖ ਦੀ ਹੈ। ਮਨੁੱਖ ਦੀ ਗੈਰ-ਮੌਜੂਦਗੀ ਵਿੱਚ ਇਹ ਬੱਤਖ ਭਾਰਤੀ ਮਹਾਂਸਾਗਰ ਦੇ ਟਾਪੂ ਮੌਰੀਸ਼ੀਅਸ਼ ਵਿੱਚ ਭਾਰੀ ਗਿਣਤੀ ਵਿੱਚ ਮਿਲਦੀ ਸੀ। ਸੰਨ 1644 ਈ: ਵਿੱਚ ਇਸ ਇਕਾਂਤ ਟਾਪੂ ਤੇ ਆਦਮੀ ਪਹਿਲੀ ਵਾਰ ਪਹੁੰਚਿਆ। ਕਿਉਂਕਿ ਡੋਡੋ ਬੱਤਖ ਉੱਡ ਨਹੀਂ ਸੀ ਸਕਦੀ ਅਤੇ ਉਸ ਦਾ ਮਾਸ ਬਹੁਤ ਸੁਆਦਲਾ ਸੀ, ਆਦਮੀ ਨੇ ਉਸਨੂੰ ਵੱਡੀ ਗਿਣਤੀ ਵਿੱਚ ਮਾਰਨਾ ਸ਼ੁਰੂ ਕਰ ਦਿੱਤਾ ਅਤੇ ਸਿਰਫ 37 ਸਾਲ ਵਿੱਚ ਹੀ ਇਹ ਪੰਛੀ ਦੁਨੀਆਂ ਤੋਂ ਪੂਰੀ ਤਰ੍ਹਾਂ ਲੁਪਤ ਹੋ ਗਿਆ(65)

ਜਦੋਂ ਜੀਵਾਂ ਦਾ ਨਿਵਾਸ ਸਥਾਨ ਹੀ ਨਾਸ਼ ਕਰ ਦਿੱਤਾ ਜਾਵੇ ਤਾਂ ਵਸੇਬੇ ਬਾਝੋਂ ਉਹ ਆਪ ਹੀ ਹੌਲ਼ੀ-ਹੌਲ਼ੀ ਲੁਪਤ ਹੋ ਜਾਂਦੇ ਹਨ। ਵਧ ਰਹੀ ਆਬਾਦੀ ਨੂੰ ਰਿਹਾਇਸ਼ ਦੀ ਸਹੂਲਤ ਦੇਣ ਲਈ ਜੰਗਲਾਂ ਦਾ ਬੇਦਰਦੀ ਨਾਲ ਸਫ਼ਾਇਆ ਕੀਤਾ ਜਾਣਾ ਜੰਗਲੀ ਜੀਵਾਂ ਨੂੰ ਬੇਘਰੇ ਕਰਨ ਵੱਲ ਇਸ਼ਾਰਾ ਕਰਦਾ ਹੈ।

ਕੁਝ ਕੁ ਰੁੱਖ ਬਨਸਪਤੀ ਜੇਕਰ ਪ੍ਰਤੱਖ ਰੂਪ ਵਿੱਚ ਬੀਜੇ ਜਾਣ ਤਾਂ ਉਹ ਪੁੰਗਰਦੇ ਨਹੀਂ। ਕੁਝ ਵਿਸ਼ੇਸ਼ ਪ੍ਰਜਾਤੀਆਂ ਦੇ ਪੌਦੇ ਤਾਂ ਹੀ ਉੱਘ ਸਕਦੇ ਹਨ, ਜੇਕਰ ਉਹ ਕਿਸੇ ਵਿਸ਼ੇਸ਼ ਕਿਸਮ ਦੇ ਜੀਵ ਪੰਛੀ ਦੀਆਂ ਆਂਤੜੀਆਂ ਵਿੱਚੋਂ ਹੋ ਕੇ ਬਾਹਰ ਨਿਕਲਣ। 'ਦ ਜਰਨਲ ਆਫ਼ ਐਕਸਪੈਰਮੈਂਟਲ ਬਾਇਓਲੋਜੀ' ਵਿੱਚ ਪ੍ਰਕਾਸ਼ਿਤ ਖੋਜ ਪੱਤਰ ਵਿੱਚ ਵਿਗਿਆਨੀ ਡੇਨੀਅਲ ਈ. ਰੋਜ਼ਨ ਨੇ ਸਪੱਸ਼ਟ ਕੀਤਾ ਹੈ ਕਿ ਫਲਾਂ ਤੇ ਬਾਕੀ ਰੁੱਖਾਂ ਦੇ ਬੀਜ ਦੂਰ-ਦੁਰਾਡੇ ਫੈਲਾਉਣ ਲਈ ਪੰਛੀ ਬਹੁਤ ਵਧੀਆਂ ਯੋਗਦਾਨ ਪਾਉਂਦੇ ਹਨ। ਉਹ ਨਾ ਕੇਵਲ ਬੀਜ ਖਾ ਕੇ ਬੀਜਾਂ ਨੂੰ ਆਪਣੀ ਪਾਚਣ-ਪ੍ਰਣਾਲੀ ਦੁਆਰਾ ਨਿਕਾਸਿਤ ਕਰਕੇ ਬੀਜ ਦੇ ਹਰਿਆਉਣ ਦੀ ਸਮਰੱਥਾ 370 ਪ੍ਰਤੀਸ਼ਤ ਤੱਕ ਵਧਾ ਦਿੰਦੇ ਹਨ, ਸਗੋਂ ਉਹਨਾਂ ਦੀ ਆਪਣੀ ਪਾਚਣ-ਪ੍ਰਣਾਲੀ ਨੂੰ ਸਾਫ਼-ਸੁਥਰਾ ਅਤੇ ਤੰਦਰੁਸਤ ਬਣਾ ਦਿੰਦੇ ਹਨ।(Outside JEB) Journal of Experimental Biology 'Birds digestion cleases panning seeds' 2013 216; v-vi, do c/o 1242/ jeb. 084426

ਮਨੁੱਖ ਵੱਲੋਂ ਵਿਗਾੜਿਆ ਗਿਆ ਵਾਤਾਵਰਨ ਮਨੁੱਖਾਂ ਤਾਂ ਕੀ ਬਨਸਪਤੀ ਅਤੇ ਪ੍ਰਾਣੀ ਜਗਤ ਲਈ ਵੀ ਅਣ-ਸੁਖਾਂਵਾਂ ਬਣਦਾ ਜਾ ਰਿਹਾ ਹੈ। ਵਾਤਾਵਰਨ ਖ਼ਰਾਬ ਹੋਣ ਨਾਲ ਕੁਦਰਤੀ ਆਫ਼ਤਾਂ ਦਾ ਆਗਮਨ ਵਧਦਾ ਹੈ। ਕੁਦਰਤੀ ਆਫ਼ਤਾਂ ਜਿਵੇਂ ਹੜ੍ਹ, ਸੋਕੇ, ਮਹਾਂਮਾਰੀ ਆਦਿ ਕਰਕੇ ਜੀਵ-ਜਗਤ ਬਹੁਤ ਜ਼ਿਆਦਾ ਅਸਰ-ਅੰਦਾਜ਼ ਹੋ ਰਹੇ ਹਨ। ਇਹਨਾਂ ਦਿਨਾਂ ਵਿੱਚ ਗੁਜਰਾਤ ਦੇ ਜੰਗਲਾਂ ਵਿੱਚ ਹੜ੍ਹ ਆਉਣ ਨਾਲ ਸ਼ੇਰਾਂ ਤੇ ਹੋਰ ਜਨੌਰਾਂ ਦੇ ਵਸੇਬੇ ਪਾਣੀ ਵਿੱਚ ਡੁੱਬ ਗਏ ਉਹਨਆਂ ਦੇ ਭੋਜਨ ਦੇ ਸ੍ਰੋਤ ਲੁਪਤ ਹੋ ਗਏ ਤਾਂ ਉਹਨਾਂ ਨੇ ਸ਼ਹਿਰਾਂ ਵੱਲ ਰੁਖ਼ ਕਰ ਲਿਆ। ਇੱਕ ਹੋਰ ਥਾਂਵੇਂ ਇਹ ਵਿਖਾਇਆ ਗਿਆ ਕਿ ਹੜ੍ਹ ਦੇ ਵਹਾਓ ਵਿੱਚ ਹਿਰਨ, ਚੀਤੇ ਤੇ ਨੀਲ ਗਾਂਵਾਂ ਰੁੜ੍ਹੀਆਂ ਜਾ ਰਹੀਆਂ ਹਨ। ਵਰਤਮਾਨ ਦੇ ਵਿਸ਼ਵ ਪੱਧਰੀ ਸੰਕਟ ਕਰੋਨਾ ਮਹਾਂਮਾਰੀ ਕਰਕੇ

ਵਿਸ਼ਵਭਰ ਖ਼ਾਸ ਕਰਕੇ ਚੀਨ ਵਿਖੇ ਅਨੇਕਾਂ ਮੁਰਗੀਆਂ, ਸੂਅਰਾਂ ਆਦਿ ਨੂੰ ਜ਼ਬਰਨ ਮਾਰਿਆ ਗਿਆ ਜੋ ਕਿ ਸਾਮੂਹਿਕ ਧਰਤ ਉੱਤੇ ਭਿੰਨ-ਭਿੰਨ ਪ੍ਰਾਣੀਆਂ ਦੇ ਸਹਿਵਾਸ ਦੇ ਸੰਕਲਪ 'ਤੇ ਵੱਡਾ ਪ੍ਰਸ਼ਨ ਖੜ੍ਹਾ ਕਰਦਾ ਹੈ। ਇਸ ਤੋਂ ਬਿਨਾਂ ਸੋਕੇ ਦੀ ਸਥਿਤੀ ਵਿੱਚ ਪਸ਼ੂ-ਪੰਛੀਆਂ ਦਾ ਮਰਨਾ, ਜ਼ਹਿਰੀਲੇ ਰਸਾਇਣ ਯੁਕਤ ਪਦਾਰਥ ਤੇ ਪਲਾਸਟਿਕ ਦੇ ਲਿਫ਼ਾਫੇ ਖਾ ਕੇ ਵੀ ਪਸ਼ੂ ਮਰਦੇ ਹਨ। ਸ਼ਕਤੀਸ਼ਾਲੀ ਤਰੰਗਾਂ ਦੇ ਅਸਰ ਹੇਠ ਆ ਕੇ ਛੋਟੇ ਪੰਛੀ ਜਾਨ ਗੁਆ ਬੈਠਦੇ ਹਨ। ਵਕਤ ਹੈ ਨਿਰਪੱਖ ਹੋ ਕੇ ਸਭਨਾਂ ਜੀਵਾਂ ਬਾਰੇ ਸੋਚਣ ਦਾ ਅਤੇ ਆਪਣੀ ਜੀਵਨ ਜਾਚ ਸੁਧਾਰਨ ਦਾ।

ਭੌਤਿਕ ਵਿਗਿਆਨ ਦੇ ਮਾਹਿਰ ਅਤੇ ਤਜ਼ਰਬੇਕਾਰ ਸਾਹਿਤ ਰਚੇਤਾ ਡਾ. ਵਿਦਵਾਨ ਸਿੰਘ ਸੋਨੀ ਨੇ ਧਰਤੀ ਉੱਪਰਲੀ ਓਜ਼ੋਨ ਛੱਤਰੀ ਨੂੰ ਬਚਾਉਣ ਲਈ ਸੰਦੇਸ਼ ਪ੍ਰਸਾਰਿਤ ਕਰਦੇ ਹੋਏ ਆਪਣੇ ਨਿਬੰਧ 'ਧਰਤੀ ਦੀ ਲੁਪਤ ਹੋ ਰਹੀ ਓਜ਼ੋਨ ਪਰਤ' ਵਿੱਚ ਵਿਚਾਰ ਪੇਸ਼ ਕੀਤੇ ਹਨ।ਆਕਸੀਜਨ ਦੇ ਅਣੂ ਵਿੱਚ ਆਕਸੀਜਨ ਦੇ ਦੋ ਪ੍ਰਮਾਣੂ ($O_2$) ਹੁੰਦੇ ਹਨ ਜਦ ਕਿ ਓਜ਼ੋਨ ਦੇ ਅਣੂ ਵਿੱਚ ਤਿੰਨ ਪ੍ਰਮਾਣੂ ($O_3$) ਹੁੰਦੇ ਹਨ। ਆਕਸੀਜਨ ਜੀਵਨ ਸਹਾਇਕ ਗੈਸ ਹੈ ਜਦਕਿ ਓਜ਼ੋਨ ਨਹੀਂ। ਪਰ ਓਜ਼ੋਨ ਸੂਰਜ ਅਤੇ ਧਰਤੀ ਵਿਚਕਾਰ ਇੱਕ ਪਰਤ ਦਾ ਕੰਮ ਕਰਦੀ ਹੋਈ ਪਰਾ-ਬੈਂਗਨੀ ਕਿਰਨਾਂ ਨੂੰ ਸਿੱਧਾ ਧਰਤੀ ਉੱਤੇ ਜੀਵਨ-ਪਾਲਕ ਦਾ ਕੰਮ ਕਰਦੀ ਹੈ। ਓਜ਼ੋਨ ਪਰਤ ਦੇ ਵਿਘਟਿਤ ਹੋਣ ਨਾਲ ਚਮੜੀ ਦੇ ਕੈਂਸਰ ਵਰਗੇ ਰੋਗ ਹੋ ਸਕਦੇ ਹਨ। ਏ.ਸੀ., ਫਰਿੱਜਾਂ ਤੇ ਰਬੜ ਉਦਯੋਗਾਂ ਵਿੱਚ ਵਰਤੀ ਦਾਣ ਵਾਲੀ ਗੈਸ ਕਲੋਰੋਫਲੋਰੋ ਕਾਰਬਨ(CFC)ਓਜ਼ੋਨ ਪਰਤ ਨੂੰ ਖ਼ਰਾਬ ਕਰ ਦਿੰਦੀ ਹੈ। ਜਿਸਦੇ ਫਲਸਰੂਪ ਧਰਤੀ ਔਸਤ ਤਾਪਮਾਨ ਵਿੱਚ ਬੇਲੋੜਾ ਵਾਧਾ ਹੁੰਦਾ ਹੈ। ਅੱਗ-ਬੁਝਾਉਣ ਵਾਲੇ ਯੰਤਰਾਂ ਵਿੱਚ ਵਰਤਿਆ ਜਾਂਦਾ ਹੈਸੋਨ ਰਸਾਇਣ ਵੀ ਓਜ਼ੋਨ-ਵਿਰੋਧੀ ਹੈ। ਪ੍ਰਿਥਵੀ ਉੱਤੇ ਤੇਜ਼ੀ ਨਾਲ ਵਧ ਰਹੀ ਜਨਸੰਖਿਆ ਤੇ ਉਹਨਾਂ ਦਾ ਖਪਤਵਾਦੀ ਰਵੱਈਆ ਸਾਰੇ ਪਾਸਿਓਂ ਹੀ ਵਾਤਾਵਰਨ ਦਾ ਵਿਨਾਸ਼ ਕਰਨ ਲੱਗਾ ਹੋਇਆ ਹੈ।

ਅਜਮੇਰ ਸਿੱਧੂ ਦਾ ਲਿਖਿਆ ਨਿਬੰਧ, 'ਧਰਤੀ 'ਤੇ ਵਧ ਰਹੀ ਤਪਸ਼ ਦਾ ਕਹਿਰ (ਗਲੋਬਲ ਵਾਰਮਿੰਗ)'ਤੇ ਵਧ ਰਹੀ ਤਪਸ਼ ਦਾ ਕਹਿਰ (ਗਲੋਬਲ ਵਾਰਮਿੰਗ)' ਅਜੋਕੀ ਸਦੀ ਦੇ ਪ੍ਰਮੁੱਖ ਵਾਤਾਵਰਨਿਕ

ਸੰਕਟ ਵੱਲ ਧਿਆਨ ਖਿੱਚਦਾ ਹੈ। ਇਤਿਹਾਸਿਕ ਤੇ ਮਿਥਿਹਾਸਿਕ ਹਵਾਲੇ ਦੇ ਕੇ ਆਰੰਭ ਕਰਦੇ ਹੋਏ ਡਾ. ਸਿੱਧੂ ਧਰਤੀ ਦੀ ਵਿਸ਼ੇਸ਼ਬਣਤਰ, ਇਸ ‘ਤੇ ਮੌਜੂਦ ਗੈਸਾਂ ਤੇ ਉਨ੍ਹਾਂ ਦੀ ਉਪਯੋਗਤਾ ਬਾਰੇ ਚਾਨਣਾ ਪਾਉਂਦੇ ਹੋਏ ਗਲੋਬਲ ਵਾਰਮਿੰਗ ਦਾ ਸੰਕਲਪ ਸਪੱਸ਼ਟ ਕਰਦੇ ਹਨ। ਬੜੀ ਦਿਲਚਸਪ ਮਿਸਾਲ ਦਿੰਦੇ ਹੋਏ ਸਿੱਧੂ ਨੇ ਆਲਮੀ-ਤਪਸ਼ ਕਿਵੇਂ ਵਧਦੀ ਹੈ, ਇਹਨਾਂ ਸ਼ਬਦਾਂ ਵਿੱਚ ਬਿਆਨ ਕੀਤਾ ਹੈ ਕਿ:

> ਅਸੀਂ ਧਰਤੀ ਦੇ ਵਾਤਾਵਰਨ ਨੂੰ ਗਲਾਸ ਮੰਨ ਲੈਂਦੇ ਹਾਂ। ਇਸ ਗਲਾਸ ਵਿੱਚ ਸੂਰਜ ਤੋਂ ਆਉਣ ਵਾਲੀਆਂ ਕਿਰਨਾਂ ਦਾਖ਼ਲ ਤਾਂ, ਹੋ ਜਾਂਦੀਆਂ ਹਨਪਰ ਇਨ੍ਹਾਂ ਦੀ ਵਾਪਸੀ ਤਾਂ ਹੀ ਸੰਭਵ ਹੈ, ਜੇਕਰ ਗਲਾਸ ਦਾ ਉਪਰਲਾ ਮੂੰਹ ਖੁੱਲ੍ਹਾ ਹੋਵੇ। ਕੁਦਰਤ ਨੇ ਤਾਂ ਮੂੰਹ ਖੁੱਲ੍ਹਾ ਹੀ ਰੱਖਿਆ ਹੋਇਆ ਸੀ। ਪਰ ਇਹ ਮੂੰਹ ‘ਬੰਦਿਆਂ’ ਦੀ ਮਾਰ ਹੇਠ ਆ ਗਿਆ। ਉਨ੍ਹਾਂ ਦੇ ਕਾਰਨਾਮਿਆਂ ਨੇ ‘ਕੰਬਲ’ ਵਿਛਾ ਦਿੱਤਾ। ਬੱਸ ਇਹ ‘ਕੰਬਲ’ ਹੀ ਗਰਮ ਕਿਰਨਾਂ ਨੂ ਵਾਪਸ ਨਹੀਂ ਜਾਣ ਦਿੰਦਾ। ਇਸੇ ਸਾਰੇ ਵਰਤਾਰੇ ਕਾਰਨ ਇਸਨੂੰ ਗਰੀਨ ਹਾਊਸ ਇਫੈਕਟ ਦਾ ਨਾਂ ਦਿੱਤਾ ਗਿਆ ਹੈ(87)

ਡਾ. ਭੁਪਿੰਦਰ ਸਿੰਘ ਵਿਰਕ ਦੁਆਰਾ ਲਿਖਿਤ ਨਿਬੰਧ ‘ਵਾਤਾਵਰਣੀ ਪ੍ਰਦੂਸ਼ਣ ਅਤੇ ਕਾਨੂੰਨ’ ਅਧੀਨ ਵਾਤਾਵਰਨ ਦੀ ਸੰਭਾਲ ਹਿਤ ਨਾਗਰਿਕਾਂ, ਉਦਯੋਗਾਂ, ਸਰਕਾਰਾਂ ਲਈ ਨਿਰਧਾਰਿਤ ਕੀਤੇ ਗਏ ਕਾਨੂੰਨੀ ਪ੍ਰਵਧਾਨਾਂ ਬਾਰੇ ਜਾਣਕਾਰੀ ਪ੍ਰਸਤੁਤ ਕੀਤੀ ਗਈ ਹੈ। ਵਰਤਮਾਨ ਸਦੀ ਵਿੱਚ ਤੇਜ਼ ਗਤੀ ਦੇ ਵਿਕਾਸ ਦੇ ਫਲਸਰੂਪ ਵਾਤਾਵਰਨ ਦੀ ਗੁਣਵੱਤਾ ਘਟਦੀ ਜਾ ਰਹੀ ਹੈ। ਵਿਤੋਂ ਵੱਧ ਉਦਯੋਗੀਕਰਨ, ਮਸ਼ੀਨੀਕਰਨ, ਰਸਾਇਣੀਕਰਨ ਅਤੇ ਵਧਦੀ ਆਬਾਦੀ ਨੇ ਹਵਾ, ਪਾਣੀ ਤੇ ਧਰਤੀ ਦੀ ਸ਼ੁੱਧਤਾ ਨੂੰ ਗੰਦਲਾ ਕਰ ਛੱਡਿਆ ਹੈ।

ਡਾ. ਵਿਰਕ ਅਨੁਸਾਰ 20ਵੀਂ ਸਦੀ ਦੇ ਅੰਤਲੇ ਦਹਾਕਿਆਂ ਤੱਕ ਵਾਤਾਵਰਨ ਦੇ ਵਿਗਾੜ, ਕੁਦਰਤੀ ਸਰੋਤਾਂ ਦੀ ਮੂੰਹੋਜ਼ੋਰ ਵਰਤੋਂ, ਬਨਸਪਤੀ ਦਾ ਵਿਨਾਸ਼ ਤੇ ਮੁਨਾਫ਼ਾ ਕੇਂਦਰਤ ਪੂੰਜੀਵਾਦੀ ਸੋਚ ਦਾ ਦਬਦਬਾ ਕਾਇਮ ਹੋਣਾ ਆਰੰਭ ਹੋ ਚੁੱਕਾ ਸੀ। ਵਾਤਾਵਰਨ ਨੂੰ ਬਚਾਉਣ ਹਿੱਤ 1970 ਤੋਂ ਬਾਅਦ ਵਿਸ਼ੇਸ਼ ਕਾਨੂੰਨ ਬਣਾਏ ਗਏ। ਧਾਰਾ 21 ਦੀ ਅਦਾਲਤੀ ਵਿਆਖਿਆ ਨੇ ਜੀਵਨ ਅਤੇ ਇਸਦੇ ਉੱਪਰ ਪ੍ਰਦੂਸ਼ਣ ਦੇ ਅਸਰ ਨੂੰ ਰੋਕਣ ਲਈ ਨਵੀਂ ਸੇਧ ਪ੍ਰਦਾਨ ਕੀਤੀ ਹੈ। ਸਪੱਸ਼ਟ ਰੂਪ ਵਿੱਚ ਭਾਰਤੀ ਸੰਵਿਧਾਨ ਅੰਦਰ ਵਾਤਾਵਰਨ ਪ੍ਰਦੂਸ਼ਣ ਨਾਲ

ਸੰਬੰਧਿਤ ਕੋਈ ਧਾਰਾ ਨਹੀਂ ਹੈ। ਪਰ ਅਸਿੱਧੇ ਰੂਪ ਵਿੱਚ ਧਾਰਾ 47 ਅਨੁਸਾਰ ਜਨਤਕ ਜੀਵਨ ਦੇ ਸੁਧਾਰ ਨੂੰ ਰਾਜ ਸਰਕਾਰ ਦੀ ਮੌਲਿਕ ਜ਼ਿੰਮੇਦਾਰੀ ਮੰਨਿਆ ਗਿਆ ਹੈ। ਇਸਦਾ ਸਹੀ ਮਕਸਦ ਸਾਰਿਆਂ ਨੂੰ ਪ੍ਰਦੂਸ਼ਣ ਰਹਿਤ ਵਾਤਾਵਰਨ ਪ੍ਰਦਾਨ ਕਰਨਾ ਹੈ। ਸੰਵਿਧਾਨ ਦੀ 42 ਵੀਂ ਸੋਧ 1976 ਦੁਆਰਾ 48-ਏ ਧਾਰਾ ਸ਼ਾਮਿਲ ਕੀਤੀ ਗਈ, ਜਿਸ ਵਿੱਚ ਵਾਤਾਵਰਨ ਦੀ ਸੰਭਾਲ ਤੇ ਸੁਧਾਰ, ਜੰਗਲ ਤੇ ਜੰਗਲੀ ਜੀਵਨ ਦੀ ਰੱਖਿਆ ਨੂੰ ਰਾਜ ਦੀ ਜ਼ਿੰਮੇਵਾਰੀ ਮਿੱਥਿਆ ਗਿਆ। ਧਾਰਾ 51-ਏ (ਜੀ) ਰਾਹੀਂ ਹਰ ਨਾਗਰਿਕ ਦਾ ਫ਼ਰਜ਼ ਦੱਸਿਆ ਗਿਆ ਕਿ ਉਹ ਕੁਦਰਤੀ ਵਾਤਾਵਰਨ ਦੀ ਸਾਂਭ-ਸੰਭਾਲ, ਜੰਗਲ, ਝੀਲਾਂ, ਜੰਗਲੀ ਜੀਵਨ ਆਦਿ ਦੀ ਰੱਖਿਆ ਕਰੇਗਾ। ਡਾ. ਵਿਰਕ ਨੇ ਇਸ ਪ੍ਰਕਾਰ ਬਿਆਨ ਕੀਤਾ ਹੈ ਕਿ:

> ਇਹ ਗੱਲ ਅਸੀਂ ਸਾਰੇ ਜਾਣਦੇ ਹਾਂ ਕਿ ਸਮਾਜ ਅਤੇ ਵਾਤਾਵਰਣ ਨਾਲ ਸਬੰਧਤ ਸਮੱਸਿਆਵਾਂ ਨੂੰ ਇਕੱਲੇ ਕਾਨੂੰਨ ਦੀ ਮੱਦਦ ਨਾਲ ਹੱਲ ਨਹੀਂ ਕੀਤਾ ਜਾ ਸਕਦਾ। ਇਹ ਵੀ ਗੱਲ ਸਹੀ ਹੈ ਕਿ ਕਾਨੂੰਨ ਇਹਨਾਂ ਸਮੱਸਿਆ ਦੇ ਹੱਲ ਲਈ ਮੋਹਰੀ ਭੂਮਿਕਾ ਨਿਭਾਉਂਦਾ ਹੈ। ਸੋ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਸਾਂਝੇ ਤੌਰ ਤੇ ਸਮਾਜਿਕ, ਰਾਜਨੀਤਿਕ ਅਤੇ ਤਕਨੀਕੀ ਉਪਰਾਲੇ ਕਰਨੇ ਚਾਹੀਦੇ ਹਨ। ਭਾਰਤ ਵਿੱਚ ਵਾਤਾਵਰਣ ਦੀ ਸੰਭਾਲ ਲਈ ਬਹੁਤ ਸਾਰੇ ਕਾਨੂੰਨ ਬਣਾਏ ਗਏ ਹਨ। ਲੋੜ ਹੈ ਨਾਗਰਿਕਾਂ ਵਿੱਚ ਇਹਨਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਦੀ।

ਇੱਕ ਰੁੱਖ ਤੇ ਸੌ ਸੁੱਖ ਵਾਲੇ ਸੰਕਲਪ ਨੂੰ ਦ੍ਰਿੜ ਕਰਵਾਉਣ ਹਿੱਤ ਡਾ. ਜੀ.ਐਸ. ਚੱਠਾ ਦੁਆਰਾ ਰਚਿਤ ਨਿਬੰਧ: 'ਰੁੱਖ, ਮਨੁੱਖ ਅਤੇ ਵਾਤਾਵਰਣ' ਅਧੀਨ ਰੁੱਖਾਂ ਦੇ ਅਨੇਕਾਂ ਲਾਭ ਗਿਣਵਾਉਂਦੇ ਹੋਏ ਰੁੱਖਾਂ ਦੀ ਮਹੱਤਤਾ ਨੂੰ ਬਿਆਨ ਕੀਤਾ ਗਿਆ ਹੈ। ਰੁੱਖ, ਮਨੁੱਖ ਅਤੇ ਵਾਤਾਵਰਨ ਇੱਕ ਦੂਜੇ ਦੇ ਪੂਰਕ ਬਣ ਕੇ ਸਦੀਆਂ ਤੋਂ ਹੀ ਕੁਦਰਤੀ ਸਮਤੋਲ ਬਣਾਈ ਰੱਖਣ ਲਈ ਪ੍ਰਤੀਬੱਧ ਰਹੇ ਹਨ। ਹਰੇਕ ਸ਼ੁਭ ਕਾਰਜ ਦਾ ਆਰੰਭ ਰੁੱਖ, ਜਲ ਤੇ ਫੁੱਲਾਂ-ਫਲਾਂ ਨਾਲ ਕਰਨ ਦਾ ਅਭਿਆਸ ਭਾਰਤੀ ਪਰੰਪਰਾ ਦਾ ਅਟੁੱਟ ਅੰਗ ਰਿਹਾ ਹੈ। ਰੁੱਖਾਂ ਤੇ ਮਨੁੱਖਾਂ ਦੀ ਪਰਸਪਰ ਸਾਂਝੇਦਾਰੀ ਵਿੱਚ ਮਨੁੱਖ ਦਗਾਬਾਜ਼ੀ ਵਿਖਾ ਦਿੰਦਾ ਹੈ। ਰੁੱਖਾਂ ਦੀ ਸਹਿਸ਼ੀਲਤਾ ਅਤੇ ਪਰਉਪਰਕਾਰੀ

ਗੁਣਾਂ ਕਰਕੇ ਸਾਹਿਤਕਾਰਾਂ ਨੇ ਰੁੱਖਾਂ ਨੂੰ ਦਰਵੇਸ਼ਾਂ ਦੀ ਉਪਮਾ ਨਾਲ ਸਤਿਕਾਰਿਆ ਹੈ। ਵਾਤਾਵਰਨ ਦੀ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਦੇ ਹੋਏ ਡਾ. ਚੱਠਾ ਬਿਆਨ ਕਰਦੇ ਹਨ ਕਿ:

> ਵਾਤਾਵਰਣ ਸਾਡੇ ਆਲੇ ਦੁਆਲੇ ਦੇ ਭੌਤਿਕ ਅਤੇ ਜੈਵਿਕ ਭਾਗ ਹਨ ਜੋ ਕਿ ਆਪਣਾ ਪ੍ਰਭਾਵ ਇਸ ਦੂਜੇ ਤੇ ਛੱਡਦੇ ਹਨ। ਭੌਤਿਕ ਪਦਾਰਥਾਂ ਵਿੱਚ ਕੁਦਰਤ ਵੱਲੋਂ ਦਿੱਤੀਆਂ ਹਵਾਵਾਂ, ਰੁੱਤਾਂ, ਜਲਵਾਯੂ ਦਾ ਤਾਣਾ-ਬਾਣਾ, ਤਾਪਮਾਨ, ਨਮੀ, ਧਰਤੀ ਦੀ ਗੁਰਤਾ ਖਿੱਚ, ਰੌਸ਼ਨੀ, ਜਲ, ਮਿੱਟੀ ਅਤੇ ਰਸਾਇਣਕ ਤੱਤ ਸ਼ਾਮਿਲ ਹਨ। ਮਨੁੱਖ ਵੱਲੋਂ ਉਸਾਰੇ ਡੈਮ, ਇਮਾਰਤਾਂ, ਉਦਯੋਗ, ਸੜਕਾਂ, ਰੇਲਵੇ ਲਾਈਨਾਂ ਅਤੇ ਪਾਰਕ ਵੀ ਭੌਤਿਕ ਹਿੱਸੇ ਹਨ। ਜੈਵਿਕ ਪਦਾਰਥਾਂ ਵਿੱਚ ਬਨਸਪਤੀ, ਜੀਵ ਜੰਤੂ ਅਤੇ ਸੂਖ਼ਮ ਜੀਵਾਣੂ ਵੀ ਵਾਤਾਵਰਣ ਦਾ ਕੀਮਤੀ ਹਿੱਸਾ ਹਨ। ਭਾਵ ਇਹ ਹੈ ਕਿ ਸਾਡੇ ਆਲੇ-ਦੁਆਲੇ ਪਸਰੀ ਸਮੁੱਚੀ ਜੀਵ ਅਤੇ ਨਿਰਜੀਵ ਕਾਇਨਾਤ ਹੀ ਵਾਤਾਵਰਣ ਹੈ(103)

ਸੰਨ 1957 ਦੇ ਸਰਵੇਖਣ ਦੱਸਦੇ ਹਨ ਕਿ ਭਾਰਤ ਦੇ ਕੁੱਲ ਰਕਬੇ ਦਾ 22.7 ਪ੍ਰਤੀਸ਼ਤ ਜ਼ਮੀਨੀ ਹਿੱਸਾ ਜੰਗਲਾਂ ਨਾਲ ਢਕਿਆ ਹੋਇਆ ਹੈ। ਪਰ ਨਿਰੰਤਰ ਵਧਦੀ ਆਬਾਦੀ ਨੇ ਨਿੱਜੀ ਵਸੇਬੇ ਲਈ ਜੰਗਲਾਂ ਦਾ ਸਫ਼ਾਇਆ ਕਰਨ ਦੀ ਜਿੱਦ ਫੜ ਲਈ ਹੈ। ਜੰਗਲਾਂ ਦੀ ਕਟਾਈ ਕਰਕੇ ਨਾ ਕੇਵਲ ਜੰਗਲੀ-ਜੀਵਨ ਅਸਤ-ਵਿਅਸਤ ਹੋ ਜਾਂਦਾ ਹੈ, ਸਗੋਂ ਅਣਚਾਹੀਆਂ ਮੌਸਮੀ ਤਬਦੀਲੀਆਂ ਅਤੇ ਹੋਰ ਵਾਤਾਵਰਨਿਕ ਪ੍ਰਕੋਪ ਵੀ ਦਰਪੇਸ਼ ਹੋ ਜਾਂਦੇ ਹਨ। ਆਬਾਦੀ ਵੱਲੋਂ ਨਿਕਾਸਿਤ ਹੁੰਦੀ ਕਾਰਬਨ ਡਾਇਕਸਾਈਡ ਗੈਸ ਦੀ ਖ਼ਪਤ ਰੁੱਖ ਹੀ ਕਰਦੇ ਹਨ ਤੇ ਬਦਲੇ ਵਿੱਚ ਮਨੁੱਖਾਂ ਦੀ ਜੀਵਨ-ਦਾਤੀ ਆਕਸੀਜਨ ਗੈਸ ਪ੍ਰਦਾਨ ਕਰਦੇ ਹਨ।ਮਨੁੱਖਤਾ ਲਈ ਰੁੱਖਾਂ ਦੇ ਅਨੇਕਾਂ ਹੀ ਨਫ਼ੇ ਗਿਨਣਯੋਗ ਹਨ; ਜਿਨ੍ਹਾਂ ਵਿੱਚੋਂ ਕੁਝ ਕੁ ਨਿਮਨ ਲਿਖਤ ਹਨ:

- ਰੁੱਖ, ਤੇਜ਼ ਮੀਂਹ ਦੌਰਾਨ ਮਿੱਟੀ ਨੂੰ ਜਕੜ ਕੇ ਭੌਂ-ਖੋਰ ਹੋਣ ਤੋਂ ਬਚਾਉਂਦੇ ਹਨ।
- ਮੋਟੇ, ਉੱਚੇ ਤੇ ਲੰਮੇ ਤਣੇ ਅਤੇ ਉਹਨਾਂ ਦੀਆਂ ਟਾਹਣੀਆਂ ਕਈ ਜੀਵਾਂ ਤੇ ਪੰਛੀਆਂ ਦੇ ਰੈਣ-ਬਸੇਰੇ ਦਾ ਆਧਾਰ ਬਣਦੀਆਂ ਹਨ।
- ਸੰਘਣੇ ਬੂਟੇ ਠੰਡੀ ਛਾਂ ਪ੍ਰਦਾਨ ਕਰਕੇ ਧਰਤੀ ਨੂੰ ਤਪਣ ਤੋਂ ਬਚਾਉਂਦੇ ਹਨ।

- ਪਤਝੜ ਦੌਰਾਨ ਰੁੱਖਾਂ ਤੋਂ ਸੁਭਾਵਿਕ ਹੀ ਡਿੱਗਦੇ ਪੱਤੇ ਗਲ-ਸੜ ਕੇ ਜ਼ਮੀਨ ਲਈ ਕੁਦਰਤੀ ਖ਼ਾਦ ਦਾ ਕੰਮ ਕਰਦੇ ਹਨ।
- ਵਾਤਾਵਰਨ ਵਿੱਚ ਨਮੀ, ਠੰਡਕ ਅਤੇ ਤਾਪਮਾਨ ਨੂੰ ਸੁਖ਼ਾਵਾਂ ਰੱਖਣ ਲਈ ਬਿਰਖਾਂ ਦਾ ਬਹੁਤ ਅਹਿਮ ਯੋਗਦਾਨ ਹੈ।
- ਰੁੱਖ ਵਾਤਾਵਰਨ ਵਿੱਚੋਂ ਕਾਰਬਨ ਡਾਇਕਸਾਈਡ ਗ੍ਰਹਿਣ ਕਰ ਕੇ ਪ੍ਰਕਾਸ਼ ਸੰਸ਼ਲੇਸ਼ਣ ਵਿਧੀ ਦੁਆਰਾ ਆਕਸੀਜਨ ਗੈਸ ਪ੍ਰਦਾਨ ਕਰਦੇ ਹਨ।
- ਆਦਿ ਕਾਲ ਤੋਂ ਹੀ ਮਨੁੱਖ ਦੀਆਂ ਮੁੱਢਲੀਆਂ ਲੋੜਾਂ: ਕੁੱਲੀ, ਗੁੱਲੀ ਤੇ ਜੁੱਲੀ ਦੀ ਪੂਰਤੀ ਬਨਸਪਤੀ ਸਦਕਾ ਹੀ ਹੁੰਦੀ ਆਈ ਹੈ।
- ਸਾਹਿਤ ਸਿਰਜਨਾ ਲਈ ਕਾਗਜ਼, ਬਾਲਣ ਦੀ ਲੱਕੜ, ਕੱਪੜਾ, ਰੇਲਵੇ ਸਲੀਪਰ, ਬੇੜੀਆਂ, ਇਮਾਰਤੀ ਲੋੜਾਂ, ਸੰਦ ਆਦਿ ਵਾਧੂ ਕੁਝ ਰੁੱਖਾਂ ਦੀ ਭੇਂਟ ਕਰਦੇ ਹਨ।
- ਸਦੀਆਂ ਤੋਂ ਧਰਤੀ ਹੇਠਾਂ ਦੱਬਿਆ ਤੇ ਅੱਧ-ਗਲਿਆਂ ਬੂਟਿਆਂ ਦਾ ਮਲਬਾ ਕੋਲੇ ਦੇ ਰੂਪ ਵਿੱਚ ਊਰਜਾ ਦੇਣ ਦੇ ਸਮਰੱਥ ਹੁੰਦਾ ਹੈ।
- ਫਲੀਆਂ ਦੇਣ ਵਾਲੇ ਰੁੱਖਾਂ ਦੀਆਂ ਜੜ੍ਹਾਂ ਵਿੱਚ ਇੱਕ ਵਿਸ਼ੇਸ਼ ਕਿਸਮ ਦਾ ਬੈਕਟੀਰੀਆਂ ਹਵਾ ਵਿਚਲੀ ਨਾਈਟਰੋਜਨ ਗੈਸ ਨੂੰ ਜ਼ਮੀਨ ਹੇਠਲੇ ਪਾਣੀ ਵਿੱਚ ਘੁਲਣਸ਼ੀਲ ਮਿਸ਼ਰਨ ਬਣਾ ਕੇ ਹੋਰ ਰੁੱਖਾਂ ਦੀ ਪੈਦਾਇਸ਼ ਵਿੱਚ ਵਾਧਾ ਕਰਦਾ ਹੈ।
- ਮਸਾਲੇ, ਸੁਪਾਰੀ, ਤੇਲ, ਫਲੀਆਂ, ਮੇਵੇ ਤੇ ਅਨਾਜਾਂ ਦੇ ਨਾਲ-ਨਾਲ ਬਹੁਤ ਸਾਰੇ ਰੁੱਖਾਂ ਦੀਆਂ ਜੜ੍ਹਾਂ ਤਣੇ, ਪੱਤੇ, ਫਲ ਤੇ ਫੁੱਲ ਦੇਸੀ ਦਵਾਈਆਂ ਬਣਾਉਣ ਵਿੱਚ ਵਰਤੇ ਜਾਂਦੇ ਹਨ।

ਜੰਗਲਾਤ ਸੰਬੰਧੀ ਸਰਕਾਰੀ ਉੱਦਮ ਦੀ ਗੱਲ ਕਰਦੇ ਹੋਏ ਡਾ. ਚੱਠਾ ਦੱਸਦੇ ਹਨ ਕਿ:

> ਭਾਰਤ ਦੀ ਤਾਜ਼ਾ ਰਾਸ਼ਟਰੀ ਜੰਗਲਾਤ ਨੀਤੀ ਅਨੁਸਾਰ ਸਾਰੀ ਜ਼ਮੀਨ ਦੇ ਕੁਲ ਰਕਬੇ ਦਾ 33 ਪ੍ਰਤਿਸ਼ਤ ਹਰੀ ਪੱਟੀ ਨਾਲ ਢੱਕਿਆ ਹੋਣਾ ਲਾਜ਼ਮੀ ਹੈ। ਇਸ ਨੂੰ ਮੁੱਖ ਰੱਖਦੇ ਹੋਏ ਰੁੱਖਾਂ ਨੂੰ ਪਾਰਕਾਂ,

ਸੜਕਾਂ, ਰੇਲਵੇ ਲਾਈਨਾਂ, ਸ਼ਹਿਰਾਂ ਦੀਆਂ ਅੰਦਰਲੀਆਂ ਸੜਕਾਂ, ਸ਼ਾਮਲਾਟਾਂ, ਖਾਲੀ ਥਾਵਾਂ ਅਤੇ ਛਾਂਵੇ ਬੈਠਣ ਵਾਲੀਆਂ ਥਾਵਾਂ ਤੇ ਲਗਾ ਕੇ ਆਲੇ ਦੁਆਲੇ ਦੇ ਵਾਤਾਵਰਣ ਨੂੰ ਖ਼ੂਬਸੂਰਤ ਬਣਾਉਣ ਦਾ ਜ਼ੋਰਦਾਰ ਉਪਰਾਲਾ ਕੀਤਾ ਹੈ। ਸਾਡੇ ਦੇਸ਼ ਵਿੱਚ ਹਰ ਸਾਲ ਮੌਨਸੂਨ ਰੁੱਤੇ ਵਣ-ਮਹਾਂਉਤਸਵ ਦਾ ਤਿਉਹਾਰ ਮਨਾਇਆ ਜਾਂਦਾ ਹੈ। ਜਿਸ ਵਿੱਚ ਲੋਕਾਂ ਨੂੰ ਵਧੇਰੇ ਰੁੱਖ ਲਗਾਉਣ ਦੀ ਪ੍ਰੇਰਨਾ ਦਿੱਤੀ ਜਾਂਦੀ ਹੈ। ਇਹ ਮੁਹਿੰਮ ਬਹੁਤ ਜੋਰ ਪਕੜ ਰਹੀ ਹੈ(106)

ਰੁੱਖ ਆਵਾਜਾਈ ਸਾਧਨਾਂ ਤੋਂ ਛੱਡੇ ਗਏ ਧੂੰਏਂ, ਹਾਰਨਾਂ ਦੇ ਸ਼ੋਰ ਆਦਿ ਨੂੰ ਜਜ਼ਬ ਕਰਕੇ ਵਾਤਾਵਰਨ ਸੁਖਾਵਾਂ ਬਣਾਉਣ ਵਿੱਚ ਸਹਾਈ ਹੁੰਦੇ ਹਨ। ਸੜਕਾਂ ਤੋਂ ਉੱਡਦਾ ਮਿੱਟੀ-ਘੱਟਾ, ਸੁਆਹ ਤੇ ਧੂੰਆਂ ਰੁੱਖਾਂ ਦੇ ਪੱਤਿਆਂ ‘ਤੇ ਟਿਕ ਜਾਂਦੇ ਹਨ। ਪਾਪੂਲਰ, ਵਿਲੋ, ਕਾਨਵੁੱਡ, ਅਸਪਿਨ, ਸੋਰਗਮ ਅਤੇ ਔਲੇ ਵਰਗੇ ਰੁੱਖ ਜ਼ਮੀਨ ਨੂੰ ਨਿਖਾਰਨ ਵਿੱਚ ਮੱਦਦਗਾਰ ਸਾਬਿਤ ਹੁੰਦੇ ਹਨ।

ਸਰਕਾਰੀ ਉਪਰਾਲਿਆਂ ਦੇ ਨਾਲ-ਨਾਲ ਸਵੈ-ਸੇਵੀ ਸੰਸਥਾਵਾਂ ਤੇ ਨਿੱਜੀ ਅਦਾਰਿਆਂ ਨੇ ਵੀ ਰੁੱਖ ਲਗਾਓ ਰੁੱਖ ਬਚਾਓ ਮੁਹਿੰਮ ਨੂੰ ਜੀਵਿਤ ਰੱਖਣ ਦੀ ਪਹਿਲਕਦਮੀ ਕੀਤੀ ਹੋਈ ਹੈ ਜੋ ਕਿ ਬਾ-ਦਸਤੂਰ ਜਾਰੀ ਵੀ ਹੈ। ਲੇਖਕ ਦੁਆਰਾ ਪੇਸ਼ ਕੀਤੇ ਕੁਝ ਵੇਰਵੇ ਇਸ ਪ੍ਰਕਾਰ ਹਨ:

ਰੁੱਖਾਂ ਦੇ ਬਚਾਉ ਲਈ ਸਭ ਤੋਂ ਵੱਡਾ ਅਤੇ ਵਿਲੱਖਣ ਕਦਮ ਉੱਤਰ ਪ੍ਰਦੇਸ਼ ਦੇ ਚਮੋਲੀ ਸ਼ਹਿਰ ਨੇੜੇ ਗੋਪੀਸਰ ਕਸਬੇ ਵਿੱਚ ਦੇਖਣ ਨੂੰ ਮਿਲਿਆ। ਇੱਥੇ ਲੋਕਾਂ ਨੇ ਦਰੱਖਤ ਕੱਟਣ ਲਈ ਆਏ ਠੇਕੇਦਾਰਾਂ ਦੇ ਸਾਹਮਣੇ ਰੁੱਖਾਂ ਦੇ ਤਣਿਆਂ ਨੂੰ ਜੱਫੀ ਪਾ ਕੇ ਕੁਰਬਾਨੀ ਦੇਣ ਦਾ ਪ੍ਰਦਰਸ਼ਨ ਕੀਤਾ। ਇਸ ਨੂੰ ਚਿਪਕੋ ਅੰਦੋਲਨ ਦੇ ਨਾਮ ਨਾਲ ਮਸ਼ਹੂਰੀ ਮਿਲੀ ਅਤੇ ਸਾਰੇ ਸੰਸਾਰ ਵਿੱਚ ਸ਼ਲਾਘਾ ਕੀਤੀ ਗਈ(109)

ਮੂਲ ਰੂਪ ਵਿੱਚ ਭੌਤਿਕ ਵਿਗਿਆਨੀ ਡਾ. ਡੀ.ਪੀ. ਸਿੰਘ ਦਾ ਜਾਣਕਾਰੀ ਭਰਪੂਰ ਅਤੇ ਰੋਚਕ ਨਿਬੰਧ ‘ਜਲਗਾਹਾਂ ਦੀ ਸਾਂਭ-ਸੰਭਾਲ’ ਵਿਸ਼ਵ ਪੱਧਰ ਅਤੇ ਦੇਸ਼-ਵਿਆਪਕ ਵਾਤਾਵਰਨੀ ਸੰਕਟ ਦੇ ਸੰਦਰਭ ਵਿੱਚ ਜਲਗਾਹਾਂ ਭਾਵ ਵੈੱਟ-ਲੈਂਡਜ਼ ਦੀ ਸਾਂਭ-ਸੰਭਾਲ ਅਤੇ ਸੰਰਕਸ਼ਣ ਲਈ ਮਹੱਤਵਪੂਰਨ ਤੱਥਾਂ ਦੀ ਪੇਸ਼ਕਾਰੀ ਕੀਤੀ ਹੈ।

ਡਾ. ਸਾਹਿਬ ਅਨੁਸਾਰ ਗਲੋਬ ਵਿੱਚ 70 ਪ੍ਰਤੀਸ਼ਤ ਜਲ ਅਤੇ 30 ਪ੍ਰਤੀਸ਼ਤ ਪ੍ਰਿਥਵੀ ਹੈ: ਠੀਕ ਇਸੇ ਤਰ੍ਹਾਂ ਕੁਦਰਤ ਵੱਲੋਂ ਸਿਰਜੀ ਹੋਈ ਮਨੁੱਖੀ ਸਰੀਰ ਦੀ ਸੰਰਚਨਾ ਵਿੱਚ 70 ਪ੍ਰਤੀਸ਼ਤ ਜਲ ਤੱਤ ਮੌਜੂਦ ਹੈ। ਮਿੱਟੀ ਅਤੇ ਪਾਣੀ ਦੇ ਸੰਜੋਗ ਨਾਲ ਬਣੀ ਵਿਸ਼ੇਸ਼ ਵਾਤਾਵਰਨੀ ਪ੍ਰਣਾਲੀ ਜਿਸ ਨੂੰ ਵੈੱਟ-ਲੈਂਡ (ਸਿੱਲ੍ਹੀ ਧਰਤੀ) ਕਿਹਾ ਜਾਂਦਾ ਹੈ, ਬੜੀ ਮਹੱਤਵਪੂਰਨ ਹੁੰਦੀ ਹੈ। ਸਥਾਨਕ ਜਲ-ਜੀਵਾਂ ਤੋਂ ਇਲਾਵਾ ਪਰਵਾਸੀ ਪੰਛੀ ਇਹਨਾਂ ਜਲਗਾਹਾਂ ਵਿਖੇ ਆਏ ਸਾਲ ਆਉਂਦੇ-ਜਾਂਦੇ ਰਹਿੰਦੇ ਹਨ। ਜਲਗਾਹ ਨੂੰ ਪੰਜਾਬੀ ਪਰਿਵੇਸ਼ ਵਿੱਚ 'ਦਲਦਲ', 'ਸਲਾਬੀ ਧਰਤੀ', 'ਜਿਲਣ', 'ਛੰਭ', 'ਜਲਗਾਹਾਂ' ਤੇ 'ਨਮ-ਧਰਤੀ' ਦੇ ਨਾਲ ਨਾਲ ਜਾਣਿਆ ਜਾਂਦਾ ਹੈ। ਜਲਗਾਹ ਦੀ ਸੰਰਚਨਾ ਬਾਬਤ ਰੋਸ਼ਨੀ ਪਾਉਂਦੇ ਹੋਏ ਡਾ. ਡੀ.ਪੀ. ਸਿੰਘ ਖੁਲਾਸਾ ਕਰਦੇ ਹਨ ਕਿ:

> ਕੁਦਰਤੀ ਜਾਂ ਬਣਾਉਟੀ ਤੌਰ ਉੱਤੇ ਬਣੇ ਹੋਏ ਸਥਾਈ ਜਾਂ ਆਰਜ਼ੀ ਦਲਦਲ ਜਾਂ ਜਲ ਭਰਪੂਰ ਖੇਤਰ ਨੂੰ ਜਲਗਾਹ ਕਿਹਾ ਜਾਂਦਾ ਹੈ। ਅਜਿਹੇ ਖੇਤਰ ਵਿੱਚ ਪਾਣੀ ਦੀ ਖੜ੍ਹੋਤ ਵੀ ਹੋ ਸਕਦੀ ਹੈ ਤੇ ਜਾਂ ਫਿਰ ਪਾਣੀ ਦਾ ਵਹਾਉ ਵੀ ਸੰਭਵ ਹੁੰਦਾ ਹੈ। ਜਲਗਾਹ ਵਿਖੇ ਮੌਜੂਦ ਪਾਣੀ, ਤਾਜ਼ਾ ਪਾਣੀ ਵੀ ਹੋ ਸਕਦਾ ਹੈ ਤੇ ਖਾਰਾ ਪਾਣੀ ਵੀ। ਪਿੰਡਾਂ ਵਿੱਚ ਛੱਪੜਾਂ ਵਾਲੀ ਥਾਂ ਜਲਗਾਹ ਦੀ ਉਚਿਤ ਉਦਾਹਰਣ ਹੈ(111)

ਪ੍ਰਿਥਵੀ ਉੱਤੇ ਸਤਹੀ ਖੇਤਰਫਲ ਦਾ 6 ਪ੍ਰਤੀਸ਼ਤ ਹਿੱਸਾ ਜਲਗਾਹਾਂ ਹੀ ਹਨ। ਪੰਜਾਬ ਦਾ 22.476 ਹੈਕਟੇਅਰ ਰਕਬਾ ਜਲਗਾਹਾਂ ਦੇ ਰੂਪ ਵਿੱਚ ਹੈ। ਪੰਜਾਬ ਦੀਆਂ ਜਲਗਾਹਾਂ ਦਾ ਮਹੱਤਵ ਉਲੀਕਦੇ ਹੋਏ ਡਾ. ਸਿੰਘ ਦੱਸਦੇ ਹਨ ਕਿ:

> ਪੰਜਾਬ ਵਿਖੇ 1879 ਕਿਸਮਾਂ ਦੇ ਫੁੱਲਾਂ ਵਾਲੇ ਪੌਦੇ, 20 ਕਿਸਮਾਂ ਦੇ ਕੋਨੀਫ਼ਰਜ਼, 6 ਕਿਸਮਾਂ ਦੇ ਫ਼ਰਨਤੇ ਮੌਸਜ਼, 201 ਕਿਸਮਾਂ ਦੇ ਵਿਦੇਸ਼ੀ ਪੌਦੇ, 30 ਕਿਸਮਾਂ ਦੇ ਦੁਧਧਾਰੀ ਜੀਵ, 328 ਕਿਸਮਾਂ ਦੇ ਪੰਛੀ ਤੇ 116 ਕਿਸਮਾਂ ਦੀ ਮੱਛੀਆਂ ਤੇ ਰੀਂਗਣ ਵਾਲੇ ਜੀਵ ਇਸੇ ਕੁਦਰਤੀ ਪ੍ਰਣਾਲੀ ਦੇ ਆਸਰੇ ਜੀਵਨ ਜਿਊ ਰਹੇ ਹਨ। ਇਸ ਤੋਂ ਇਲਾਵਾ ਪੰਜਾਬ ਦੀਆਂ ਜਲਗਾਹਾਂ ਵਿਖੇ ਮੌਜੂਦ ਪਿੱਪਲ, ਬੋਹੜ, ਜਾਮਣ, ਅਰਿੰਡ, ਕਿੱਕਰ, ਕਨੇਰ, ਇਮਲੀ, ਸਫੈਦਾ, ਨਿੰਮ, ਟਾਹਲੀ, ਢੱਕ, ਤੁਣ, ਸਰਕੰਡਾ, ਸਿੰਬਲ, ਡੇਕ, ਅੰਬ, ਜੰਡ, ਅਮਲਤਾਸ, ਕਟਨਾਰ, ਹਰਮਲਸ ਅਤੇ ਸਦਾਬਹਾਰ ਬੂਟੀ ਵਰਗੇ ਅਨੇਕ

ਲਾਹੇਵੰਦ ਰੁੱਖ ਤੇ ਪੌਦੇ ਸਾਡੇ ਵਾਤਾਵਰਣ ਨੂੰ ਸਾਫ਼ ਰੱਖਣ ਵਿੱਚ ਆਪੋ ਆਪਣਾ ਅਹਿਮ ਰੋਲ ਅਦਾ ਕਰਦੇ ਰਹਿੰਦੇ ਹਨ(112)

ਜੈਵਿਕ-ਵਿਭਿੰਨਤਾ ਦਾ ਸ਼ਿੰਗਾਰ ਬਣਦੀਆਂ ਜਲਗਾਹਾਂ ਵਾਤਾਵਰਨੀ ਪ੍ਰਣਾਲੀ ਦਾ ਸੁਹਾਵਾ ਅੰਗ ਸਾਬਿਤ ਹੁੰਦੀਆਂ ਹਨ। ਜਲਗਾਹਾਂ ਦੀ ਨਮੀ ਭਰਪੂਰ ਉਪਜਾਊ ਜ਼ਮੀਨ ਇਸਦੇ ਆਸ-ਪਾਸ ਰੁੱਖਾਂ-ਪੌਦਿਆਂ ਦੇ ਵਿਕਾਸ ਵਿੱਚ ਸਹਾਈ ਹੁੰਦੀ ਹੈ। ਇਹਨਾਂ ਰੁੱਖਾਂ 'ਤੇ ਅਨੇਕਾਂ ਜੀਵ ਤੇ ਪੰਛੀ ਰੈਣ-ਬਸੇਰਾ ਕਰਦੇ ਹਨ। ਜਲਗਾਹਾਂ ਵਿਖੇ ਉੱਘੇ ਹੋਏ ਘਾਹ-ਬੂਟੇ, ਸਰਕੰਡੇ ਤੇ ਝਾੜੀਆਂ ਦਾ ਪ੍ਰਸਾਰ ਅਨੇਕਾਂ ਜੰਗਲੀ ਜੀਵਾਂ ਤੇ ਰੀਂਗਣ ਵਾਲੇ ਜੀਵਾਂ ਲਈ ਵਸੇਬਾ ਬਣ ਜਾਂਦੇ ਹਨ। ਜਲਗਾਹਾਂ ਦੀ ਵਿਸ਼ੇਸ਼ਤਾ ਹੀ ਹੈ ਕਿ ਹਜ਼ਾਰਾਂ ਪ੍ਰਵਾਸੀ ਪੰਛੀ ਹਰ ਸਾਹ ਪੰਜਾਬ ਦੀਆਂ ਜਲਗਾਹਾਂ ਵਿਖੇ ਆਉਂਦੇ ਹਨ। ਹਿੰਦੋਸਤਾਨ ਦੀਆਂ ਪ੍ਰਮੁੱਖ ਜਲਗਾਹਾਂ ਵਿੱਚ: ਰਾਜਸਥਾਨ ਦੀ 'ਭਰਤਪੁਰ ਜਲਗਾਹ', ਉੜੀਸਾ ਦੀ 'ਚਿਲਕਾ ਜਲਗਾਹ', ਜੰਮੂ ਕਸ਼ਮੀਰ ਦੀ 'ਵੂਲਰ ਝੀਲ', ਰਾਜਸਥਾਨ ਦੀ 'ਸਾਂਬਰ ਝੀਲ', ਪੰਜਾਬ ਦੀ 'ਹਰੀਕੇ ਝੀਲ', 'ਕਾਂਜਲੀ' ਜਲਗਾਹ ਤੇ ਰੋਪੜ ਜਲਗਾਹ ਸ਼ਾਮਿਲ ਹਨ। ਹਰੀਕੇ ਛੰਭ ਵਿਖੇ 2000 ਕਿਸਮ ਦੇ ਜਲ-ਜੀਵ ਰਹਿੰਦ ਹਨ। ਇੱਥੇ ਅਨੇਕ ਕਿਸਮ ਦੀ ਜਲ-ਬਨਸਪਤੀ, ਪਸ਼ੂਆਂ ਤੇ ਮੱਛੀਆਂ ਦਾ ਬਸੇਰਾ ਹੈ। ਇੱਥੇ 7 ਕਿਸਮ ਦੇ ਕੱਛੂਕੰਮੇ, 4 ਕਿਸਮ ਦੇ ਸੱਪ, 6 ਕਿਸਮ ਦੇ ਡੱਡੂ, 60 ਕਿਸਮ ਦਾਂ ਮੱਛੀਆਂ, 175 ਕਿਸਮ ਦੇ ਜਲ-ਪੌਦੇ ਵਿਕਸਿਤ ਹਨ। ਕਾਂਜਲੀ ਜਲਗਾਹ ਵਿਖੇ 22 ਕਿਸਮ ਦੇ ਰੁੱਖ ਤੇ ਝਾੜੀਆਂ, 10 ਕਿਸਮ ਦੇ ਪੌਦੇ, 12 ਪ੍ਰਕਾਰ ਦੀਆਂ ਮੱਛੀਆਂ, 35 ਕਿਸਮ ਦੇ ਛੋਟੇ ਜੀਵ ਤੇ ਕੀਟ ਪਤੰਗੇ, ਅਨੇਕਾਂ ਕਿਸਮ ਦੇ ਸੱਪ, ਡੱਡੂ, ਕੱਛੂਕੰਮੇ ਤੇ ਪੰਛੀ ਵਸਦੇ ਹਨ। ਰੋਪੜ ਛੰਭ ਵਿਖੇ 318 ਕਿਸਮ ਦੇ ਪੰਛੀ, 55 ਪ੍ਰਕਾਰ ਦੀਆਂ ਮੱਛੀਆਂ, 39 ਪ੍ਰਕਾਰ ਦੇ ਜਲ-ਕੀਟ 10 ਕਿਸਮ ਦੇ ਦਲਦਲੀ-ਪੌਦੇ ਜੀਵਿਤ ਹਨ। ਪਰੰਤੂ ਜਲਗਾਹਾਂ ਦੇ ਕੁਦਰਤੀ ਸੁਹੱਪਣ ਤੇ ਸਰੂਪ ਨੂੰ ਮਨੁੱਖੀ ਵਰਤਾਰਿਆਂ ਨਾਲ ਬਦਰੂਪ ਕੀਤਾ ਜਾ ਰਿਹਾ ਹੈ:

ਪੰਜਾਬ ਰਾਜ ਦੀਆਂ ਜਲਗਾਹਾਂ ਅਨੇਕ ਪ੍ਰਦੂਸ਼ਣ-ਕਰਤਾ ਕਾਰਜਾਂ ਦਾ ਸ਼ਿਕਾਰ ਬਣ ਰਹੀਆਂ ਹਨ। ਹਰੀਕੇ ਝੀਲ ਤੇ ਕਾਂਜਲੀ ਝੀਲ ਵਿਖੇ ਤਾਂ ਜਲ-ਕੁੰਭੀ (ਵਾਟਰ-ਹਾਇਸਿੰਥ) ਦਾ ਫੈਲਾਉ ਇੰਨਾ ਵਧ

ਗਿਆ ਹੈ ਕਿ ਫ਼ੌਜ ਨਾ ਕੇ ਇਨ੍ਹਾਂ ਜਲਗਾਹਾਂ ਨੂੰ ਜਲ-ਕੁੰਭੀ ਦੇ ਮਾਰੂ ਪ੍ਰਭਾਵ ਤੋਂ ਮੁਕਤ ਕਰਾਉਣਾ ਪਿਆ। ਅੱਜ ਜਲਗਾਹਾਂ ਵਿਖੇ ਨੇੜਲੇ ਸ਼ਹਿਰਾਂ ਤੇ ਨਗਰਾਂ ਦਾ ਕੂੜਾ ਸੁੱਟਿਆ ਜਾ ਰਿਹਾ ਹੈ(115)

ਖੇਤੀਬਾੜੀ ਕਾਰਜਾਂ ਦੀ ਰਹਿੰਦ-ਖੂੰਹਦ, ਜ਼ਹਿਰੀਲੀਆਂ ਖਾਂਦਾਂ ਨਾਲ ਲਬਰੇਜ਼ ਮਿੱਟੀ, ਨਦੀਨ-ਨਾਸ਼ਕਾਂ ਅਤੇ ਕੀਟ-ਨਾਸ਼ਕਾਂ ਨਾਲ ਰਲੀ-ਮਿਲੀ ਰੱਲਗੱਡ ਮਿੱਟੀ ਬਾਰਸ਼ਾਂ ਦੇ ਪਾਣੀ ਨਾਲ ਵਹਿ ਕੇ ਜਲਗਾਹਾਂ ਵਿੱਚ ਪੁੱਜ ਜਾਂਦੀ ਹੈ। ਇਸਦੇ ਫਲਸਰੂਪ ਛੰਭ ਵਿੱਚ ਖਾਰਾਪਣ, ਨਾਈਟ੍ਰੇਟ ਆਦਿ ਦੀ ਮਾਤਰਾ ਵੱਧ ਜਾਂਦੀ ਹੈ। ਇਸ ਤੋਂ ਇਲਾਵਾ ਸੈਲਾਨੀਆਂ ਅਤੇ ਸਥਾਨਕ ਲੋਕਾਂ ਵੱਲੋਂ ਸੁੱਟਿਆ ਗਿਆ ਕੂੜਾ-ਕਰਕਟ, ਪਲਾਸਟਿਕ ਤੇ ਟੀਨ ਆਦਿ ਇਹਨਾਂ ਦੇ ਜਲ-ਭੰਡਾਰਨ ਨੂੰ ਪ੍ਰਦੂਸ਼ਿਤ ਕਰ ਦਿੰਦੇ ਹਨ।

ਅਖ਼ੀਰ ਵਿੱਚ ਡਾ. ਡੀ.ਪੀ. ਸਿੰਘ ਜਲਗਾਹਾਂ ਨੂੰ ਪ੍ਰਦੂਸ਼ਣ ਤੋਂ ਰੋਕਣ ਲਈ ਪੁਖ਼ਤਾ ਸੁਝਾਓ ਪੇਸ਼ ਕਰਦੇ ਹੋਏ ਤਜ਼ਵੀਜ਼ ਕਰਦੇ ਹਨ ਕਿ:

> ਜਲਗਾਹਾਂ ਦੇ ਖੇਤਰਾਂ ਦਾ ਸ਼ਹਿਰੀਕਰਣ ਰੋਕਣਾ ਅਤਿ ਜ਼ਰੂਰੀ ਹੈ। ਇਨ੍ਹਾਂ ਖੇਤਰਾਂ ਵਿੱਚ ਵੱਧ ਤੋਂ ਵੱਧ ਦਰੱਖ਼ਤਾਂ ਦਾ ਲਗਾਉਣਾ ਸਾਡੇ ਰਾਜ ਦੀ ਜੈਵਿਕ ਵਿਭਿੰਨਤਾ ਕਾਇਮ ਰੱਖਣ ਵਿੱਚ ਮੱਦਦ ਕਰ ਸਕਦਾ ਹੈ। ਜਲਗਾਹਾਂ ਦੇ ਕਿਨਾਰੇ ਪੱਕੇ ਕਰਨ, ਵਿਸ਼ੇਸ਼ ਵਾੜ ਲਗਾਉਣ ਤੇ ਕੂੜੇ-ਕਰਕਟ ਤੋਂ ਇਨ੍ਹਾਂ ਨੂੰ ਮੁਕਤ ਰੱਖਣ ਨਾਲ ਅਸੀਂ ਇਨ੍ਹਾਂ ਖੇਤਰਾਂ ਦੀ ਸਹੀ ਸਾਂਭ-ਸੰਭਾਲ ਕਰਦੇ ਹੋਏ ਦੇਸ਼ ਦੀ ਇਸ ਅਨਮੋਲ ਸੰਪੱਤੀ ਨੂੰ ਖ਼ਰਾਬ ਹੋਣ ਤੋਂ ਬਚਾ ਸਕਦੇ ਹਾਂ(116)

### 4.3 ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਪੰਜਾਬੀ ਨਿਬੰਧਾਂ ਦੀ ਸਾਰਥਿਕਤਾ

ਹਥਲੇ ਅਧਿਆਇ ਵਿੱਚ ਵਾਤਾਵਰਨਿਕ ਨਿਬੰਧਾਂ ਦੇ ਹਵਾਲੇ ਨਾਲ ਪ੍ਰਸਾਰਿਤ ਹੋ ਰਹੀ ਚੇਤਨਾ ਦਾ ਅਧਿਐਨ ਕੀਤਾ ਗਿਆ ਹੈ। ਅਧਿਐਨ ਅਧੀਨ ਤਿੰਨੋਂ ਨਿਬੰਧ ਸੰਗ੍ਰਿਹ ਸਿਧਾਂਤਕ ਪਰਿਪੇਖ ਤੋਂ ਉਚਿੱਤ ਮਾਪਦੰਢ ਪ੍ਰਾਪਤ ਕਰਦੇ ਹੋਏ ਵਿਹਾਰਕ ਸਮੱਸਿਆਵਾਂ ਅਤੇ ਸਾਮਾਧਾਨਾਂ ਦੀ ਪੇਸ਼ਕਾਰੀ ਕਰਦੇ ਹਨ। ਵਾਤਾਵਰਨਿਕ ਨਿਬੰਧ ਸਫ਼ਲ ਰੂਪ ਵਿੱਚ ਅੰਤਰ-ਅਨੁਸ਼ਾਸਨੀ ਵਿਧੀ ਦਾ ਪ੍ਰਯੋਗ ਕਰਦੇ ਹੋਏ ਵਿਗਿਆਨ ਦੇ ਆਧਾਰ ਤੋਂ ਆਰੰਭ ਕਰਦੇ ਹੋਏ ਵਾਤਾਵਰਨ ਚੇਤਨਾ ਦੀ ਨਿੱਠ ਕੇ ਸਮੀਖਿਆ ਕਰਦੇ ਪ੍ਰਤੀਤ ਹੁੰਦੇ ਹਨ। ਤਿੰਨੋਂ ਹੀ ਨਿਬੰਧ ਸੰਗ੍ਰਿਹ

ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਪ੍ਰਕਾਸ਼ਿਤ ਹੋਏ ਹਨ। ਹਰ ਇੱਕ ਵੱਡ ਆਕਾਰੀ ਸਮੱਸਿਆ ਵਿੱਚ ਕੁਝ ਸਮਾਂ ਪਾ ਕੇ ਛੋਟੇ-ਮੋਟੇ ਲਾਜ਼ਮੀ ਪਰਿਵਰਤਨਾਂ ਦਾ ਆ ਜਾਣਾ ਇੱਕ ਸਹਿਜ ਕਿਰਿਆ ਹੈ। ਮੋਟੇ ਤੌਰ 'ਤੇ ਵਾਤਾਵਰਨਿਕ ਸਮੱਸਿਆਵਾਂ ਕਿਤੇ ਇੱਕ ਦਿਨ, ਇੱਕ ਸਾਲ ਜਾਂ ਇੱਕ ਦਹਾਕੇ ਵਿੱਚ ਹੀ ਉਤਪੰਨ ਨਹੀਂ ਹੋ ਜਾਂਦੀਆਂ, ਸਗੋਂ ਇਹ ਤਾਂ ਧੀਮੇ ਜ਼ਹਿਰ (Slow-poisoning) ਵਾਂਗ ਇਨਸਾਨ ਵਲੋਂ ਕੀਤੇ ਜਾ ਰਹੇ ਵਰ੍ਹਿਆਂ-ਬੱਧੀ ਬੇਲੋੜੇ ਵਰਤਾਰਿਆਂ ਦਾ ਨਤੀਜਾ ਹੁੰਦੀਆਂ ਹਨ। ਜ਼ਾਹਿਰ ਹੈ, ਉਸਦਾ ਨਿਦਾਨ ਵੀ ਅੱਖ ਝਪਦਿਆਂ ਸੰਭਵ ਨਹੀਂ ਹੋ ਸਕਦਾ। ਸਾਲਾਂ-ਬੱਧੀ ਕੀਤੀ ਖੋਟੀ ਕਮਾਈ ਨੂੰ ਰਾਤੋ-ਰਾਤ ਹੀ ਖਰੀ-ਕਮਾਈ ਵਿੱਚ ਤਬਦੀਲ ਨਹੀਂ ਕੀਤਾ ਜਾ ਸਕਦਾ। ਉਂਝ ਵਾਤਾਵਰਨ ਦੇ ਹਰੇਕ ਪਹਿਲੂ ਨੂੰ ਪੇਸ਼ ਕਰਨ ਲਈ ਵੱਖ-ਵੱਖ ਵਿਦਵਾਨਾਂ ਨੇ ਬਹੁ-ਪਸਾਰੀ ਵਿਸ਼ਿਆਂ ਨੂੰ ਆਧਾਰ ਬਣਾਇਆ ਹੈ। ਮਿਸਾਲ ਵਜੋਂ ਗੁਰਬਾਣੀ ਅਧਿਐਨ ਖੇਤਰ ਦੇ ਮਾਹਿਰ ਡਾ. ਗੁਲਜ਼ਾਰ ਸਿੰਘ ਕੰਘ ਨੇ ਪ੍ਰਕ੍ਰਿਤੀ ਤੇ ਮਨੁੱਖ ਦੇ ਚਿਰੋਕੇ, ਅੰਤਰ-ਸੰਬੰਧਾਂ ਨੂੰ ਬਾਖ਼ੂਬੀ ਆਪਣੇ ਲੇਖ 'ਵਾਤਾਵਰਣ ਅਤੇ ਮਨੁੱਖ' ਵਿੱਚ ਚਿਤਰਿਆ ਹੈ। ਡਾ. ਤਰਲੋਕ ਸਿੰਘ (ਕਰਤਾ, 'ਵਾਤਾਵਰਣ ਸਮੱਸਿਆ: ਇੱਕ ਵਿਕਲਪ ਨੇ ਵਾਤਾਵਰਨ ਅਤੇ ਅਤੇ ਮਨੁੱਖ ਦੀ ਮਨਫ਼ੀ ਜਮ੍ਹਾਂ-ਘਟਾਓ ਨੂੰ ਸੋਧ ਕੇ ਹਾਂ-ਪੱਖੀ ਇਕਸੁਰਤਾ ਨੂੰ ਕਾਇਮ ਕਰਨ ਦਾ ਸੁਨੇਹਾ ਦਿੱਤਾ ਹੈ। ਜਲ ਪ੍ਰਦੂਸ਼ਣ ਤੇ ਜਲਗਾਹਾਂ ਦੇ ਦੂਸ਼ਿਤ ਹੋਣ ਦਾ ਸੱਚ ਬਿਆਨ ਕਰਨ ਵਾਲੇ ਨਿਬੰਧਕਾਰਾਂ ਵਿੱਚ ਡਾ. ਨਰਿੰਦਰ ਸਿੰਘ ਕਪੂਰ ('ਸੁੱਖ ਗਏ ਦਰਿਆਵਾਂ ਦੇ ਪਾਣੀ'), ਸੁਰਿੰਦਰ ਸਿੰਘ ('ਬੰਜਰ ਹੁੰਦਾ ਪੰਜ-ਆਬ'). ਡਾ. ਰਮਨਦੀਪ ਸਿੰਘ ('ਪਾਣੀ ਦਾ ਮਹੱਤਵ ਅਤੇ ਬਚਾਓ'), ਡਾ. ਕੁਲਬੀਰ ਸਿੰਘ ਬਾਠ ('ਪ੍ਰਦੂਸ਼ਿਤ ਹੋ ਰਹੀਆਂ ਨਦੀਆਂ'), ਡਾ. ਡੀ.ਪੀ. ਸਿੰਘ ('ਜਲਗਾਹਾਂ ਦੀ ਸਾਂਭ-ਸੰਭਾਲ') ਅਤੇ ਡਾ. ਚਰਨਜੀਤ ਸਿੰਘ ਨਾਭਾ ('ਜਲ, ਜਲ ਪ੍ਰਦੂਸ਼ਣ ਅਤੇ ਉਪਾਅ') ਸ਼ਾਮਿਲ ਹੋਏ ਹਨ।ਧਰਤ ਪ੍ਰਦੂਸ਼ਣ ਦੇ ਦਾਇਰੇ ਵਿੱਚ ਡਾ. ਮਨਜੀਤ ਇੰਦਰ ਸਿੰਘ ਸੱਗ ('ਧਰਤ ਦਾ ਪ੍ਰਦੂਸ਼ਣ'). ਡਾ. ਗੁਲਜੀਤ ਸਿੰਘ ਚੱਠਾ ( 'ਰੁੱਖ, ਮਨੁੱਖ ਅਤੇ ਵਾਤਾਵਰਣ'), ਡਾ. ਬੀ.ਐੱਸ ਗਿੱਲ ('ਨਸ਼ਟ ਹੋ ਰਹੀ ਵਣ-ਸੰਪਤੀ'), ਡਾ. ਡੀ.ਪੀ. ਸਿੰਘ ('ਵਾਤਾਵਰਨ ਅਤੇ ਇੱਕੀਵੀਂ ਸਦੀ'), ਡਾ. ਸੁਰਜੀਤ ਸਿੰਘ ਢਿੱਲੋਂ ('ਆਪਣੇ ਹੀ ਸੰਤਾਪ ਨਾਲ ਸਰਾਪਿਆ ਮਨੁੱਖ') ਅਤੇ ਕਿਰਪਾਲ ਸਿੰਘ ('ਰੁੱਖ ਤੇ ਮਨੁੱਖ ਦੀ ਟੁੱਟਦੀ ਸਾਂਝ') ਦਰਜ ਹੋਏ ਹਨ। ਵਾਯੂ ਪ੍ਰਦੂਸ਼ਣ ਨੂੰ ਰੇਖਾਂਕਿਤ ਕਰਨ ਲਈ ਸ਼ਾਮਿਲ

ਕੀਤੇ ਨਿਬੰਧਕਾਰਾਂ/ਨਿਬੰਧਾਂ ਦਾ ਵੇਰਵਾ ਇਸ ਪ੍ਰਕਾਰ ਹੈ: ਡਾ.ਕੁਲਦੀਪ ਸਿੰਘ ਧੀਰ ('ਪੌਣਾਂ ਵਿੱਚ ਘੁਲ ਰਿਹਾ ਜ਼ਹਿਰ') ਅਤੇ ਡਾ. ਸੁਰਜੀਤ ਸਿੰਘ ਢਿੱਲੋਂ ('ਬਦਲਦੀਆਂ ਰੁੱਤਾਂ ਅਤੇ ਮੌਸਮ')। ਆਲਮੀ-ਤਪਸ਼ ਸੰਬੰਧੀ ਜਾਗਰੂਕ ਕਰਲ ਲਈ ਅੰਕਿਤ ਕੀਤੇ ਗਏ ਨਿਬੰਧਾਂ ਵਿੱਚ: ਅਜਮੇਰ ਸਿੱਧੂ ('ਧਰਤ 'ਤੇ ਵਧ ਰਹੀ ਤਪਸ਼ ਦਾ ਕਹਿਰ (ਗਲੋਬਲ ਵਾਰਮਿੰਗ'), ਡਾ. ਬਲਵਿੰਦਰ ਸਿੰਘ ਸੂਚ ('ਨਸ਼ਟ ਹੋ ਰਹੀ ਓਜ਼ੋਨ ਪਰਤ'), ਡਾ. ਜਤਿੰਦਰਪਾਲ ਸਿੰਘ ('ਵਧ ਰਿਹਾ ਵਿਸ਼ਵ ਤਾਪਮਾਨ'), ਡਾ. ਵਿਦਵਾਨ ਸਿੰਘ ਸੋਨੀ ('ਧਰਤੀ ਦੀ ਲੁਪਤ ਹੋ ਰਹੀ ਓਜ਼ੋਨ ਪਰਤ') ਦਰਜ ਹਨ। ਬਿਜਲੀ-ਚੁੰਬਕੀ ਪ੍ਰਦੂਸ਼ਣ ਤੇ ਰੇਡਿਓ ਐਕਟਿਵ ਪ੍ਰਦੂਸ਼ਣ ਨੂੰ ਉਜਾਗਰ ਕਰਨ ਵਾਲੇ ਨਿਬੰਧਾਂ ਦੀ ਸੂਚੀ ਵਿੱਚ ਡਾ. ਸੀ.ਪੀ. ਕੰਬੋਜ ('ਬਿਜਲੀ-ਚੁੰਬਕੀ ਪ੍ਰਦੂਸ਼ਣ'), ਡਾ. ਵਿਦਵਾਨ ਸਿੰਘ ਸੋਨੀ ('ਰੇਡਿਓ ਐਕਟਿਵ ਪ੍ਰਦੂਸ਼ਣ'), ਇੰਜੀ. ਜਤਿੰਦਰ ਸਿੰਘ ('ਇਲੈਕਟ੍ਰੋਨਿਕ ਪਦਾਰਥ ਤੇ ਵਾਤਾਵਰਣ') ਮੁਖਦੀਪ ਸਿੰਘ ('ਈ-ਵੇਸਟ ਦੀ ਸਮੱਸਿਆ ਅਤੇ ਸੁਝਾਅ'), ਪੁਲਾੜੀ ਪ੍ਰਦੂਸ਼ਣ ਦੀ ਜਾਣਕਾਰੀ ਪ੍ਰਦਾਨ ਕਰਨ ਵਾਲੇ ਨਿਬੰਧ ਇਸ ਪ੍ਰਕਾਰ ਹਨ: ਮਨਿੰਦਰ ਕੌਰ ('ਧਰਤੀ ਹੀ ਨਹੀਂ ਹੁਣ ਪੁਲਾੜ ਵੀ ਕਚਰੇ ਨਾਲ ਖਚਾਖਚ'), ਡਾ. ਡੀ.ਪੀ. ਸਿੰਘ ('ਪੁਲਾੜੀ ਪ੍ਰਦੂਸ਼ਣ'), ਡਾ. ਕੁਲਦੀਪ ਸਿੰਘ ਧੀਰ ('ਪਲੀਤ ਨਾ ਕਰੋ ਨਿਰਮਲ ਅੰਬਰ ਨੂੰ') ਪ੍ਰਮੁੱਖ ਹਨ। ਖੇਤੀਬਾੜੀ ਸਮੱਸਿਆਵਾਂ ਤੇ ਹਰੇ ਇਨਕਲਾਬ ਦੁਆਰਾ ਉਤਪੰਨ ਵਾਤਾਵਰਨਿਕ ਔਕੜਾਂ ਦਾ ਵਿਵੇਚਨ ਕਰਨ ਵਾਲੇ ਲੇਖਾਂ ਵਿੱਚ ਡਾ. ਏ.ਪੀ.ਐਸ. ਕਾਲੇਕਾ ('ਰਸਾਇਣਿਕ ਖਾਦਾਂ ਦੀ ਬੇਲੋੜੀ ਵਰਤੋਂ'), ਸੁਰਿੰਦਰ ਕੁਮਾਰ ਜਿੰਦਲ ('ਕੀਟ-ਨਾਸ਼ਕਾਂ ਦੀ ਅੰਧਾ-ਧੁੰਦ ਵਰਤੋਂ'), ਪਰਮਜੀਤ ਸਿੰਘ ਅਤੇ ਸੁਖਦੇਵ ਸਿੰਘ ('ਹਰਾ ਇਨਕਲਾਬ ਅਤੇ ਵਾਤਾਵਰਨ ਸੰਕਟ: ਪੰਜਾਬ ਇੱਕ ਅਧਿਐਨ') ਜੈਵਿਕ ਵਿਭਿੰਨਤਾ ਦਾ ਮਹੱਤਵ ਤੇ ਇਸਦੀ ਲੋੜ ਨੂੰ ਉਜਾਗਰ ਕਰਨ ਵਾਲੇ ਨਿਬੰਧਾਂ ਵਿੱਚ, ਡਾ. ਰਾਜਦੀਪ ਸਿੰਘ ਧਾਲੀਵਾਲ ਤੇ ਡਾ. ਅਕਸ਼ਿਤਾ ਧਾਲੀਵਾਲ ('ਜੀਵ ਵਿਭਿੰਨਤਾ ਦੇ ਹਾਟ ਸਪਾਟਸ'), ਡਾ. ਸੁਰਜੀਤ ਤਲਵਾਰ ('ਜੈਵਿਕ-ਵਿਭਿੰਨਤਾ ਦੇ ਨਸ਼ਟ ਹੋਣ ਦਾ ਮਸਲਾ'), ਡਾ. ਦੇਵਿੰਦਰ ਸਿੰਘ ('ਅਲੋਪ ਹੋ ਰਿਹਾ ਜੀਵ-ਜਗਤ') ਪ੍ਰਮੁੱਖ ਹਨ। ਸ਼ੋਰ ਪ੍ਰਦੂਸ਼ਣ ਨੂੰ ਵਾਤਾਵਰਨਿਕ ਪ੍ਰਦੂਸ਼ਣ ਦੇ ਇੱਕ ਮਹੱਤਵਪੂਰ ਅੰਗ ਵਜੋਂ ਸਥਾਪਿਤ ਕਰਨ ਵਾਲੇ ਨਿਬੰਧਾਂ ਵਿੱਚ ਡਾ. ਡੀ.ਪੀ.

ਸਿੰਘ ('ਸ਼ੋਰ ਪ੍ਰਦੂਸ਼ਣ'), ਡਾ. ਡੇਵਿਡ ਤੇਜਾ ('ਮੈਰਿਜ ਪੈਲੇਸ ਅਤੇ ਪ੍ਰਦੂਸ਼ਣ'), ਅਭਿਯ ਕੁਮਾਰ ਜੈਨ ('ਸ਼ੋਰ ਪ੍ਰਦੂਸ਼ਣ ਦੀ ਸਮੱਸਿਆ') ਦਾ ਨਾਮ ਵਰਣਨਯੋਗ ਹੈ।

ਅਸੰਤੁਲਿਤ ਵਾਤਾਵਰਨ ਦੀ ਮਾੜੀ ਹਾਲਤ ਵਿੱਚ ਵੱਖ-ਵੱਖ ਲੇਖਕਾਂ ਨੂੰ ਯੋਗ ਸੁਝਾਓ ਪ੍ਰਸਤੁਤ ਕਰਕੇ ਜਨ-ਮਾਨਸ ਨੂੰ ਚੇਤੰਨ ਕੀਤਾ ਹੈ। ਡਾ. ਕੁਲਦੀਪ ਸਿੰਘ ਦਾ ਨਿਬੰਧ, 'ਸਿਹਤ ਉੱਤੇ ਵਾਤਾਵਰਨ ਦਾ ਪ੍ਰਭਾਵ ਅਤੇ 'ਕੁਦਰਤੀ ਚਕਿਤਸਾ ਰਾਹੀਂ ਇਲਾਜ', ਸੰਜੀਵਨ ਸਿੰਘ ਡਢਵਾਲ ਦਾ ਨਿਬੰਧ 'ਟਿਕਾਊ ਵਿਕਾਸ ਲਈ ਹਰਾ ਰਸਾਇਣ ਵਿਗਿਆਨ' ਆਦਿ ਸੰਬੰਧਿਤ ਸੰਕਟਾਂ ਪ੍ਰਤੀ ਸੁਝਾਵਾਂ ਨਾਲ ਲੈਸ ਹਨ। ਡਾ. ਰਾਜਿੰਦਰਪਾਲ ਸਿੰਘ ਬਰਾੜ ਨੇ 'ਵਾਤਾਵਰਨਿਕ ਆਲੋਚਨਾ' ਨੂੰ ਪੇਸ਼ ਕਰਕੇ ਪੰਜਾਬੀ ਸਾਹਿਤ ਵਿੱਚ ਵਾਤਾਵਰਨਿਕ ਅਧਿਐਨ ਨੂੰ ਯੋਗ ਅਤੇ ਪ੍ਰਵਾਣਿਤ ਸਥਾਨ ਦਵਾਇਆ ਹੈ। ਵਾਤਾਵਰਨ ਸੁਰੱਖਿਆ ਸੰਬੰਧੀ ਕਾਨੂੰਨੀ ਪ੍ਰਾਵਧਾਨਾਂ ਨੂੰ ਸਾਂਝੇ ਕਰਨ ਵਾਲੇ ਨਿਬੰਧਾਂ ਵਿੱਚ; ਡਾ. ਸਤਨਾਮ ਸਿੰਘ ਦਿਓਲ ਅਤੇ ਗੁਰਪ੍ਰੀਤ ਸਿੰਘ ਬਰਾੜ ਦਾ ਨਿਬੰਧ 'ਵਾਤਾਵਰਨ ਪਰਿਪੇਖ', ਡਾ. ਭੁਪਿੰਦਰ ਸਿੰਘ ਵਿਰਕ ਦੁਆਰਾ ਰਚਿਤ ਨਿਬੰਧ 'ਵਾਤਾਵਰਣੀ ਪ੍ਰਦੂਸ਼ਣ ਅਤੇ ਕਾਨੂੰਨ' ਸ਼ਾਮਿਲ ਹੋਏ ਹਨ।

ਡਾ. ਨਰਿੰਦਰ ਸਿੰਘ ਕਪੂਰ, ਡਾ. ਬਲਵਿੰਦਰ ਕੌਰ ਬਰਾੜ, ਡਾ. ਅੰਗਰੇਜ਼ ਸਿੰਘ ਵਿਰਕ ਅਤੇ ਡਾ. ਕੁਲਵਿੰਦਰ ਸਿੰਘ ਦੀ ਨਿਬੰਧ ਸ਼ੈਲੀ ਮੁਹਾਵਰੇਦਾਰ ਕਾਵਿਕ ਤੇ ਸੱਭਿਆਚਾਰਕ ਕਦਰਾਂ-ਕੀਮਤਾਂ ਨਾਲ ਸੁਸ਼ੋਭਿਤ ਹੈ। ਡਾ. ਕੁਲਦੀਪ ਸਿੰਘ ਧੀਰ, ਡਾ. ਜਤਿੰਦਰ ਪਾਲ ਸਿੰਘ, ਡਾ. ਡੀ.ਪੀ. ਸਿੰਘ, ਡਾ. ਗੁਲਜੀਤ ਸਿੰਧ ਚੱਠਾ ਅਤੇ ਡਾ. ਦੇਵਿੰਦਰ ਸਿੰਘ ਸ਼ੁੱਧ ਵਿਗਿਆਨੀ ਖਿੱਤੇ ਨਾਲ ਜੁੜੇ ਰਹੇ ਹਨ ਤੇ ਵਿਗਿਆਨਿਕ ਤੱਥਾਂ ਦੇ ਆਧਾਰ 'ਤੇ ਜਾਣਕਾਰੀ ਭਰਪੂਰ ਨਿਬੰਧਕਾਰੀ ਕਰਦੇ ਹਨ। ਕੁੱਲ ਮਿਲਾ ਕੇ ਇਹ ਮੰਨ੍ਹਿਆ ਜਾ ਸਕਦਾ ਹੈ ਕਿ ਤਕਰੀਬਨ 59 ਨਿਬੰਧਾਂ ਦੇ ਮਾਧਿਅਮ ਦੁਆਰਾ ਵਾਤਾਵਰਨ ਸੰਕਟ ਦੇ ਵਿਭਿੰਨ ਪਹਿਲੂਆਂ ਬਾਰੇ ਤੱਥ-ਆਧਾਰਿਤ ਰੋਚਕ ਜਾਣਕਾਰੀ ਪ੍ਰਦਾਨ ਕੀਤੀ ਗਈ ਹੈ। ਉਕਤ ਨਿਬੰਧਾਂ ਵਿੱਚ ਪ੍ਰਦੂਸ਼ਣ ਹੋਣ ਦੇ ਕਾਰਨਾਂ, ਉਹਨਾਂ ਦੇ ਕੁਪ੍ਰਭਾਵਾਂ ਅਤੇ ਸੰਭਵ ਸਮਾਧਾਨਾਂ ਦਾ ਖ਼ੁਲਾਸਾ ਵੀ ਪੇਸ਼ ਕੀਤਾ ਗਿਆ ਹੈ।

ਵਾਤਾਵਰਨ ਨੂੰ ਬਚਾਉਣ ਲਈ ਜੰਗੀ ਪੱਧਰ ‘ਤੇ ਨਿਰੰਤਰ ਅਤੇ ਇਮਾਨਦਾਰ ਉਪਰਾਲੇ ਕਰਦੇ ਰਹਿਣਾ ਲਾਜ਼ਮੀ ਹੈ। ਇਸ ਲਈ ਸਰਕਾਰੀ ਅਦਾਰਿਆਂ, ਸਵੈ-ਸੇਵੀ ਸੰਸਥਾਵਾਂ ਅਤੇ ਨਿੱਜੀ ਤੌਰ ‘ਤੇ ਇੱਕਜੁੱਟ ਹੋਣਾ ਪਵੇਗਾ ਅਤੇ ਇਹਨਾਂ ਸਾਮੂਹਿਕ ਯਤਨਾਂ ਦੇ ਪ੍ਰਬੰਧਨ ਦੀ ਪਹਿਲੀ ਪੌੜੀ ਇਸ ਪ੍ਰਤੀ ਜਾਗਰੂਕਤਾ ਹੈ, ਤਾਂ ਹੀ ਕੁਝ ਆਸ ਦੀ ਕਿਰਨ ਚਮਕੇਗੀ। ਸੋ ਸਪੱਸ਼ਟ ਹੈ ਕਿ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਪੰਜਾਬੀ ਵਾਤਾਵਰਨਿਕ ਨਿਬੰਧਾਂ ਵਿੱਚ ਵਾਤਾਵਰਨ ਚੇਤਨਾ ਬਾਖ਼ੂਬੀ ਪ੍ਰਸਾਰਿਤ ਹੋਈ ਮਿਲਦੀ ਹੈ।

# ਅਧਿਆਇ ਪੰਜਵਾਂ: ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਤੁਲਨਾਤਮਕ ਅਧਿਐਨ

ਸਾਹਿਤ ਨੂੰ ਵਿਸ਼ਵ ਵਰਤਾਰੇ ਦੇ ਰੂਪ ਵਿੱਚ ਸਮਝਣ ਲਈ ਅਤੇ ਪੇਸ਼ ਕਰਨ ਲਈ ਭਾਸ਼ਕ, ਸੱਭਿਆਚਾਰਕ, ਕਲਾਤਮਕ ਅਤੇ ਹੋਰ ਅਨੇਕਾਂ ਹੀ ਮਨੁੱਖੀ ਗਿਆਨ-ਵਿਗਿਆਨ ਨਾਲ ਸੰਬੰਧਿਤ ਵਰਤਾਰੇ ਆਪਣਾ-ਆਪਣਾ ਯੋਗਦਾਨ ਪਾਉਂਦੇ ਹਨ। ਇਹੀ ਕਾਰਨ ਹੈ ਕਿ ਕਿਸੇ ਵੀ ਖਿੱਤੇ ਦਾ ਸਾਹਿਤ ਉਸ ਕਾਲ ਦੇ ਸੱਭਿਆਚਾਰ ਅਤੇ ਸਮਾਜ ਦਾ ਦਰਪਣ ਹੁੰਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਮੁੱਖ ਰੂਪ ਵਿੱਚ ਅਜਿਹੇ ਸਰੋਕਾਰਾਂ ਨੂੰ ਹੀ ਆਧਾਰ ਬਣਾ ਕੇ ਚੱਲਦਾ ਹੈ। ਤੁਲਨਾਤਮਕ ਸਾਹਿਤ ਅਧਿਐਨ ਦੀ ਥਾਂ ਤੁਲਨਾਤਮਕ ਸਾਹਿਤ ਨੂੰ ਹੀ ਪ੍ਰਚੱਲਤ ਤੌਰ ‘ਤੇ ਵਰਤਿਆ ਜਾਂਦਾ ਰਿਹਾ ਹੈ। ਡਾ. ਸਤਨਾਮ ਸਿੰਘ ਸੰਧੂ ਆਪਣੀ ਪੁਸਤਕ ‘ਸਾਹਿਤ ਹੋਂਦ ਵਿਧੀ’ ਵਿੱਚ ਤੁਲਨਾਤਮਕ ਸਾਹਿਤ ਦੀ ਉੱਤਪਤੀ ਬਾਰੇ ਬਿਆਨ ਕਰਦੇ ਹਨ ਕਿ:

> ਤੁਲਨਾਤਮਕ ਸਾਹਿਤ ਦਾ ਪਹਿਲਾ ਜ਼ਿਕਰ ਫ਼ਰਾਂਸ ਦੇ ਸਾਹਿਤ ਸੰਗ੍ਰਹਿਆਂ ਵਿੱਚ ਮਿਲਦਾ ਹੈ ਜੋ 1816 ਵਿੱਚ ‘ਕੋਰਸ ਡੀ ਲਿਟਰੇਚਰ ਕੰਪੇਅਰਡ’ ਦੇ ਨਾਮ ਹੇਠ ਪ੍ਰਕਾਸ਼ਿਤ ਹੋਇਆ ਸੰਗ੍ਰਿਹ ਸੀ। ਰੈਨੇ ਵੈਲੇਕ ਅਨੁਸਾਰ ਤੁਲਨਾਤਮਕ ਸਾਹਿਤ ਦੀ ਪਹਿਲੀ ਵਾਰ ਚਰਚਾ 1820 ਤੋਂ 1830 ਦੌਰਾਨ ਹੋਈ(12)

ਭਾਵੇਂ ਪੁਰਾਤਨ ਪਰੰਪਰਾ ਅਨੁਸਾਰ ਤੁਲਨਾਤਮਕ ਸਾਹਿਤ ਦੇ ਭਿੰਨ-ਭਿੰਨ ਵਿਹਾਰਕ ਆਧਾਰ ਮੰਨੇ ਅਤੇ ਵਿਚਾਰੇ ਗਏ ਪਰੰਤੂ ਠੋਸ ਰੂਪ ਵਿੱਚ ਤੁਲਨਾਤਮਕ ਸਾਹਿਤ ਦੇ ਮੂਲ ‘ਲਿਟਰੇਚਰ ਕੰਪੈਰੀ’ (Literature Comparee) ਸੰਕੇਤ ਦੀ ਪਹਿਲੀ ਵਾਰੀ ਵਰਤੋਂ 1848 ਵਿੱਚ ਮੈਥਿਊ ਅਰਨਾਲਡ ਦੁਆਰਾ ਕੀਤੀ ਗਈ ਹੈ। ਬਾਅਦ ਵਿੱਚ ਰੈਨੇ ਵੈਲੇਕ ਆਸਟਿਨ ਵਾਰੇਨ ਨੇ ਇਸ ਵਰਤਾਰੇ ਦੀ ਪਰਿਭਾਸ਼ਿਕ ਸ਼ਬਦ ਵਜੋਂ ਵਰਤੋਂ ਕੀਤੀ ਸੀ। ਉਨ੍ਹਾਂ ਨੇ ਆਪਣੀ ਪੁਸਤਕ ‘ਥਿਊਰੀ ਆਫ਼ ਲਿਟਰੇਚਰ’ ਵਿੱਚ ਪ੍ਰਯੋਗ ਕੀਤਾ। ਮੈਥਿਊ ਅਰਨਾਲਡ ਨੇ ਇਹ ਕਹਿ ਕੇ ਆਪਣਾ ਤਰਕ ਪੇਸ਼ ਕੀਤਾ ਕਿ ਕਿਸੇ ਵੀ ਸਾਹਿਤਕ ਵਰਤਾਰੇ ਨੂੰ ਉਦੋਂ ਤੱਕ ਮੂਲ ਰੂਪ ਵਿੱਚ ਨਹੀਂ ਸਮਝਿਆ ਜਾ ਸਕਦਾ, ਜਦੋਂ ਤੱਕ ਉਸ ਨੂੰ ਹੋਰ ਘਟਨਾਵਾਂ ਅਤੇ ਸਾਹਿਤਾਂ ਨਾਲ ਤੁਲਨਾਤਮਕ ਰੂਪ ਵਿੱਚ ਨਾ

ਵਿਚਾਰਿਆ ਜਾਵੇ। ਖੋਜ ਕਾਰਜ ਦੇ ਇਸ ਅਧਿਆਇ ਦਾ ਸਬੰਧ ਸਾਹਿਤ ਦੇ ਤੁਲਨਾਤਮਕ ਅਧਿਐਨ ਨਾਲ ਹੈ। ਇਸ ਲਈ ਤੁਲਨਾਤਮਕ ਸਾਹਿਤ ਬਾਰੇ ਜਾਣ ਲੈਣਾ ਜ਼ਰੂਰੀ ਹੋ ਜਾਂਦਾ ਹੈ। 'ਤੁਲਨਾ' ਸ਼ਬਦ ਦੀ ਉਤਪੱਤੀ 'ਤੁਲਾ' ਧਾਤੂ ਤੋਂ ਹੋਈ ਹੈ, 'ਤੁਲਾ' ਭਾਵ 'ਤੱਕੜੀ' ਜਿਸ ਦੇ ਇੱਕ ਪੱਲੜੇ ਵਿੱਚ ਵਸਤੂ ਪਾ ਕੇ ਦੂਜੇ ਪੱਲੜੇ ਵਿੱਚ ਵਜ਼ਨ ਵਾਲਾ ਵੱਟਾ ਪਾ ਕੇ ਭਾਰ ਦਾ ਮੁੱਲਾਂਕਣ ਕੀਤਾ ਜਾਂਦਾ ਸੀ। ਮਹਾਨ ਕੋਸ਼ ਵਿੱਚ 'ਤੁਲਾ' ਦਾ ਅਰਥ ਹੈ – ਤੋਲਣਾ ਜਾਂ ਬਰਾਬਰੀ। ਡਾ. ਰਵਿੰਦਰ ਕੁਮਾਰ ਜੈਨ ਨੇ ਹਿੰਦੀ ਸਾਹਿਤ ਕੋਸ਼ ਭਾਗ ਦੂਜੇ ਦੀ ਪੁਸਤਕ 'ਸਾਹਿਤਕ ਅਨੁਸੰਧਾਨ ਕੇ ਆਯਾਮ' ਵਿੱਚ ਲਿਖਿਆ ਹੈ ਕਿ:

> ਹਿੰਦੀ ਸਾਹਿਤ ਕੋਸ਼ ਮੁਤਾਬਿਕ ਤੁਲਨਾ ਸ਼ਬਦ ਤੁਲਾ ਧਾਤੂ ਦੇ ਭਾਵਵਾਚਕ ਨਾਂਵ ਤੋ ਬਣਿਆ ਹੈ। 'ਤੁਲਾ' ਤੋਂ ਤੁਲਾ ਭਾਵ ਤਰਾਜੂ ਬਣਿਆ ਹੈ(46)

ਵਿਸ਼ਵ ਪ੍ਰਸਿੱਧ ਕੋਸ਼ਕਾਰ ਵੈਬਸਟਰ ਡਿਕਸ਼ਨਰੀ ਅਨੁਸਾਰ:

> ਤੁਲਨਾ ਦੇ ਅਰਥ ਦੋ ਜਾਂ ਦੋ ਤੋਂ ਵੱਧ ਵਸਤੂਆਂ ਦੇ ਸਮਾਨ ਅਤੇ ਅਸਮਾਨ ਤੱਤਾਂ ਦੇ ਗਿਆਨ ਲਈ ਇਨ੍ਹਾਂ ਨੂੰ ਨਾਲ ਰੱਖ ਕੇ ਜਾਚਣ ਵਜੋਂ ਹੈ। ("...The folacin together or juxtaposing of two or more items to ascertain or establish their similarities and dissimilarities." Philip Babcock Cove and Marian- Webster's Third New International Dictionary (462)

ਵਿਸ਼ਵ ਕੋਸ਼ ਆਕਸਫੋਰਡ ਡਿਕਸ਼ਨਰੀ ਅਨੁਸਾਰ:

> ਤੁਲਨਾ ਕਿਸੇ ਦੋ ਜਾਂ ਦੋ ਤੋਂ ਵੱਧ ਵਸਤਾਂ ਦੀਆਂ ਸਮਾਨਤਾਵਾਂ ਅਤੇ ਵੱਖਰਤਾਵਾਂ ਨੂੰ ਘੋਖਣ ਜਾਂ ਤੋਲਣ ਦੀ ਪ੍ਰਕਿਰਿਆ ਹੁੰਦੀ ਹੈ। ("The action or act of comparing, noting the similarities and differences of one or more things", Simpson and E.S.C. Weiner (Prepared by) The Oxford Dictionary, Vol 3, S 92.)

ਨਿਰੁੱਕਤ ਪੱਖ ਤੋਂ ਤੁਲਨਾਤਮਕ ਸਾਹਿਤ ਤੋਂ ਭਾਵ ਹੈ; ਇੱਕ ਅਜਿਹੀ ਸਾਹਿਤਕ ਕਿਰਤ ਤੋਂ ਹੈ, ਜਿਸ ਦੀ ਤੁਲਨਾ ਕੀਤੀ ਜਾ ਸਕੇ। ਇਹ ਤੁਲਨਾ ਘੱਟ ਤੋਂ ਘੱਟ ਦੋ ਸਾਹਿਤਕ ਰਚਨਾਵਾਂ ਦੇ ਵਿਸ਼ੇ-ਵਸ਼ਤੂ, ਸੰਰਚਨਾ, ਸ਼ੈਲੀ ਜਾਂ ਦਾਰਸ਼ਨਿਕ ਪਹੁੰਚ ਵਾਲੀ ਵੀ ਹੋ ਸਕਦੀ ਹੈ। ਤੁਲਨਾਤਮਕ ਸਾਹਿਤ ਬਾਬਤ ਪੇਸ਼ੇਵਰ ਇੰਜੀਨੀਅਰ ਅਤੇ ਵਿਖਿਆਤ ਪੰਜਾਬੀ ਚਿੰਤਕ ਡਾ. ਕੁਲਦੀਪ ਸਿੰਘ ਧੀਰ ਆਪਣੀ ਪੁਸਤਕ 'ਤੁਲਨਾਤਮਕ ਸਾਹਿਤ-ਸ਼ਾਸਤਰ' ਦੇ ਆਰੰਭਕ ਪੰਨੇ 'ਤੇ ਦਰਜ ਕਰਦੇ ਹਨ ਕਿ:

> ਤੁਲਨਾਤਮਕ ਸ਼ਬਦ ਤੁਲਨਾ ਕਰਨ ਦੀ ਪ੍ਰਕਿਰਿਆ ਵੱਲ ਸੰਕੇਤ ਕਰਦਾ ਹੈ। ਤੁਲਨਾ ਸਮੇਂ ਵਸਤਾਂ ਨੂੰ ਇਸ ਪ੍ਰਕਾਰ ਪੇਸ਼ ਕੀਤਾ ਜਾਂਦਾ ਹੈ ਕਿ ਉਹਨਾਂ ਦੀਆਂ ਸਮਾਨਤਾਵਾਂ ਅਤੇ ਵਿਭਿੰਨਤਾਵਾਂ ਉੱਭਰ ਆਉਣ(1)

ਇਸ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਤੁਲਨਾਤਮਕ ਸਾਹਿਤ ਦਾ ਅਰਥ ਸਾਹਿਤ ਵਿਚਲੀ ਵਸਤੂ ਜਾਂ ਘਟਨਾ ਵਿਚਲੇ ਤੁਲਨਾਤਮਕ ਗੁਣਾਂ ਉੱਤੇ ਨਿਰਭਰ ਹੁੰਦਾ ਹੈ। ਪੱਛਮੀ, ਭਾਰਤੀ ਅਤੇ ਪੰਜਾਬੀ ਚਿੰਤਕਾਂ ਦੀ ਰਾਇ ਦਾ ਅਧਿਐਨ ਕਰਨ ਤੋਂ ਮਗਰੋਂ ਤੁਲਨਾਤਮਕ ਸਾਹਿਤ ਅਧਿਐਨ ਬਾਰੇ ਜਿਹੜੇ ਤੱਤ ਪ੍ਰਾਪਤ ਹੁੰਦੇ ਹਨ; ਉਹ ਇਹ ਹਨ ਕਿ ਤੁਲਨਾਤਮਕ ਸਾਹਿਤ ਅਧਿਐਨ ਲਈ ਦੋ ਵੱਖ-ਵੱਖ ਭਾਸ਼ਾਵਾਂ ਦੇ ਸਮਰੂਪ ਸਾਹਿਤ ਦਾ, ਜਾਂ ਇੱਕੋ ਭਾਸ਼ਾ ਦੇ ਵੱਖਰੇ ਕਾਲਕ੍ਰਮ ਵਿੱਚ ਲਿਖਤ ਸਾਹਿਤ ਦਾ ਜਾਂ ਇੱਕੋ ਵਿਸ਼ੇ 'ਤੇ ਰਚੇ ਗਏ ਵਿਭਿੰਨ ਸਾਹਿਤ ਦਾ ਅਧਿਐਨ ਉਹਨਾਂ ਨੂੰ ਇੱਕੋ ਪਰਚਮ ਹੇਠ ਲਿਆ ਕੇ ਉਹਨਾਂ ਦੀਆਂ ਸਮਾਨਤਾਵਾਂ, ਵੱਖਰਤਾਵਾਂ, ਵਿਲੱਖਣਤਾਵਾਂ ਜਾਂ ਉਣਤਾਈਆਂ ਨੂੰ ਉਘਾੜਿਆ ਜਾਂਦਾ ਹੈ। ਤੁਲਨਾਤਮਕ ਅਧਿਐਨ ਦੌਰਾਨ ਕੇਵਲ ਵਿਸ਼ੇਸ਼ਤਾਵਾਂ ਹੀ ਨਹੀਂ ਸਗੋਂ ਰਹਿ ਗਈਆਂ ਵਿੱਥਾਂ ਅਤੇ ਭਵਿੱਖਤ ਸੰਭਾਵਨਾਵਾਂ ਵੀ ਉੱਭਰ ਕੇ ਸਾਹਮਣੇ ਆ ਜਾਂਦੀਆਂ ਹਨ।

ਤੁਲਨਾਤਮਕ ਸਾਹਿਤ ਦੇ ਅੰਤਰ-ਅਨੁਸ਼ਾਸਨੀ ਨੇਮਾਂ ਦੀ ਵਕਾਲਤ ਕਰਨ ਵਾਲੇ ਚਿੰਤਕ ਸੂਸਨ ਬੇਸਨੈਟ ਨੇ ਪੁਸਤਕ 'comparative literature: A Critical Introduction' ਵਿੱਚ ਇਸ ਪ੍ਰਕਾਰ ਵਿਚਾਰ ਪੇਸ਼ ਕੀਤੇ ਹਨ:

ਕਿਸੇ ਰਚਨਾ ਦਾ ਪਾਰ-ਸੱਭਿਆਚਾਰਕ ਅਧਿਐਨ, ਜੋ ਅੰਤਰ-ਅਨੁਸ਼ਾਸਨੀ ਹੋਵੇ ਅਤੇ ਜਿਹੜਾ ਸਾਹਿਤ ਦੇ ਉਹਨਾਂ ਬੁਨਿਆਦੀ ਨੇਮਾਂ ਦੀ ਪਛਾਣ ਕਰਵਾ ਸਕੇ ਜੋ ਸਮੇਂ ਅਤੇ ਸਥਾਨ ਤੋਂ ਪਾਰ ਜਾਂਦੇ ਹਨ।(The Simplest answer is that comparative literature involves the study of text across cultures that is interdisciplinary and is concerned with patterns of connection in literature across both time and space "Susan Basnett, 1)

ਅੰਜੀਲ ਕੌਰ ਨੇ ਆਪਣੇ ਖੋਜ ਪ੍ਰਬੰਧ 'ਵੰਡ ਪਿੱਛੋਂ ਪਾਕਿਸਤਾਨੀ ਅਤੇ ਭਾਰਤੀ ਪੰਜਾਬੀ ਕਵਿਤਾ ਦਾ ਤੁਲਨਾਤਮਕ ਅਧਿਐਨ' ਅਧੀਨ ਹਿੰਦੀ ਅਦਬ ਦੇ ਵਿਖਿਆਤ ਚਿੰਤਕ ਡਾ. ਐਨ. ਡੀ. ਸੇਨ ਦਾ ਹਵਾਲਾ ਪੇਸ਼ ਕਰਦੇ ਹੋਇਆ ਲਿਖਿਆ ਹੈ ਕਿ:

ਤੁਲਨਾਤਮਕ ਅਧਿਐਨ ਸਾਹਿਤ ਦੀ ਸਮਾਲੋਚਣਾ ਦਾ ਇਹ ਦ੍ਰਿਸ਼ਟੀਕੋਣ ਅਤੇ ਮਾਧਿਅਮ ਹੈ, ਜਿਹੜਾ ਇੱਕ ਸਾਹਿਤ ਖੇਤਰ ਤੋਂ ਪਰ੍ਹਾਂ ਇੱਕ ਤੋਂ ਵੱਧ ਸਾਹਿਤਾਂ ਦੇ ਸੌਂਦਰਯ-ਤੱਤ ਦੇ ਰਸ ਦੀ ਅਨੁਭੂਤੀ ਕਰਵਾਉਂਦਾ ਹੈ, ਪਰ ਆਮ ਤੌਰ 'ਤੇ ਤੁਲਨਾਤਮਕ ਅਧਿਐਨ ਨੂੰ ਸੀਮਤ ਅਰਥਾਂ ਵਿੱਚ ਲੈਂਦੇ ਹੋਏ ਇਹ ਮੰਨ ਲਿਆ ਜਾਂਦਾ ਹੈ ਕਿ ਤੁਲਨਾਤਮਕ ਸਾਹਿਤ ਦਾ ਸਰੋਕਾਰ ਕੇਵਲ ਦੋ ਸਾਹਿਤਾਂ ਅਰਥਾਤ ਸਾਹਿਤਕਾਰਾਂ ਦੀਆਂ ਸਮਾਨਤਾਵਾਂ ਤੇ ਅਸਮਾਨਤਾਵਾਂ ਦੇ ਬਿੰਦੂਆਂ ਨੂੰ ਛੂਹਣਾ, ਉਹਨਾਂ ਦੇ ਆਪਸੀ ਸਬੰਧਾਂ ਨੂੰ ਟਟੋਲਣਾ, ਪ੍ਰਭਾਵਾਂ, ਤੱਤਾਂ ਅਤੇ ਪ੍ਰਤੀਕਿਰਿਆਵਾਂ ਦੀ ਖੋਜ ਤੋਂ ਹੈ, ਪਰ ਇਸ ਸਭ ਦੇ ਬਾਵਜੂਦ ਤੁਲਨਾਤਮਕ ਅਧਿਐਨ ਦੀ ਸਾਰਥਿਕਤਾ, ਉਸਦਾ ਵਿਸਥਾਰ ਅਤੇ ਫੈਲਾਓ ਤਾਂ ਹੀ ਹੋ ਸਕਦਾ ਹੈ, ਜਦ ਉਹ ਜੀਵਨ ਅਤੇ ਗਿਆਨ ਦੇ ਵਿਸ਼ਾਲ ਪਸਾਰਾਂ ਨਾਲ ਜੁੜਦਾ ਹੈ(ਉਧਰਿਤ, 8)

ਡਾ. ਨਗੇਂਦਰ ਤੁਲਨਾਤਮਕ ਸਾਹਿਤ ਨੂੰ ਆਪਣੇ ਆਪ ਵਿੱਚ ਸੰਪੂਰਨ ਤੇ ਅੰਤਮ ਨਾ ਸਵੀਕਾਰਦੇ ਹੋਏ ਇਸ ਨੂੰ ਸਾਹਿਤ ਅਧਿਐਨ ਦੀ ਹੋਰਨਾਂ ਵਿਧੀਆਂ ਵਿੱਚੋਂ ਇੱਕ ਮੰਨਦੇ ਹਨ। ਡਾ. ਸਤਿੰਦਰ ਸਿੰਘ ਤੁਲਨਾਤਮਕ ਸਾਹਿਤ ਅਧਿਐਨ ਨੂੰ ਬਹੁ-ਦਿਸ਼ਾਵੀ ਅਤੇ ਪਰੰਪਰਾਗਤ ਬਿਆਨਦੇ ਹੋਏ ਦੱਸਦੇ ਹਨ ਕਿ ਇਸ ਵਿੱਚ ਇੱਕ ਲੇਖਕ ਦੀ ਦੂਜੇ ਲੇਖਕ ਨਾਲ ਤੁਲਨਾ, ਇੱਕ ਸਾਹਿਤ ਦੀ ਦੂਜੇ ਸਾਹਿਤ ਨਾਲ ਤੁਲਨਾ, ਇੱਕ ਸਾਹਿਤਕ

ਰੂਪਾਕਾਰ ਦੀ ਦੂਜੇ ਸਾਹਿਤਕ ਰੂਪਾਕਾਰ ਨਾਲ ਤੁਲਨਾ ਸਾਹਿਤ ਦੀਆਂ ਹੋਰਨਾਂ ਕਲਾਵਾਂ ਜਾਂ ਦਰਸ਼ਨ, ਧਰਮ, ਇਤਿਹਾਸ, ਮਨੋਵਿਗਿਆਨ ਆਦਿ ਨਾਲ ਤੁਲਨਾ ਕੀਤੀ ਜਾਂਦੀ ਹੈ। ਇਹ ਤੁਲਨਾ ਇੱਕੋ ਭਾਸ਼ਾ ਦੇ ਸਾਹਿਤ ਵਿੱਚ ਵੀ ਕੀਤੀ ਜਾ ਸਕਦੀ ਹੈ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਦੇ ਸਾਹਿਤ ਵੀ।

ਡਾ. ਹਰਿਭਜਨ ਸਿੰਘ ਤੁਲਨਾਤਮਕ ਸਾਹਿਤ ਅਧਿਐਨ ਦੇ ਬੀਜ ਗੁਰਮਤਿ ਵਿਚਾਰਧਾਰਾ ਵਿੱਚੋਂ ਪਛਾਣਦੇ ਹਨ। ਡਾ. ਕੁਲਦੀਪ ਸਿੰਘ ਧੀਰ ਤੁਲਨਾ ਨੂੰ ਇੱਕੋ ਸਮੇਂ ਅਧਿਐਨ ਵਿਧੀ ਵੀ ਮੰਨਦੇ ਹਨ ਤੇ ਸੰਦ ਵੀ। ਡਾ. ਸਤਿੰਦਰ ਸਿੰਘ ਨੂਰ ਤੁਲਨਾ ਦਾ ਮੁੱਖ ਮੰਤਵ ਸੀਮਤ ਗਿਆਨ ਖ਼ੇਤਰੀ ਕੈਦ ਤੋਂ ਮੁਕਤ ਕਰਕੇ ਵਿਸਥਾਰ ਦੇਣਾ ਮੰਨ੍ਹਦੇ ਹਨ। ਡਾ. ਕੁਲਦੀਪ ਸਿੰਘ ਧੀਰ ਨੇ ਆਪਣੀ ਪੁਸਤਕ 'ਤੁਲਨਾਤਮਕ ਸਾਹਿਤ ਸ਼ਾਸਤਰ' ਵਿੱਚ ਤੁਲਨਾਤਮਕ ਸਾਹਿਤ ਧਿਆਨ ਨੂੰ ਅੰਤਰ ਅਨੁਸਾਸ਼ਨੀ ਕਰਾਰ ਦਿੰਦੇ ਹੋਏ ਦੱਸਿਆ ਹੈ ਕਿ:

> ਤੁਲਨਾਤਮਕ ਸਾਹਿਤ ਵਿਭਿੰਨ ਸੰਸਕ੍ਰਿਤੀਆਂ ਦੇ ਧਾਤਾਂ ਦਾ ਅਧਿਐਨ ਹੈ। ਇਹ ਅੰਤਰ-ਅਨੁਸ਼ਾਸਨੀ ਪ੍ਰਕਿਰਤੀ ਦੀ ਸ਼ੈਅ ਹੈ, ਜਿਸ ਦਾ ਸਬੰਧ ਦੇਸ਼ ਕਾਲ ਦੀਆਂ ਸੀਮਾਵਾਂ ਉਲੰਘ ਕੇ ਸਾਹਿਤ ਕਿਰਤਾਂ ਵਿਚਲੇ ਪੈਟਰਨਾਂ ਦਾ ਉਦੇਸ਼ ਪੂਰਨ ਵਿਸ਼ਲੇਸ਼ਣ ਨਾਲ ਹੈ...ਕੇਵਲ ਸਾਹਿਤ ਸਾਰੀ ਮਨੁੱਖਤਾ ਦਾ ਸਾਂਝਾ ਖ਼ਜ਼ਾਨਾ ਹੈ। ਇਸੇ ਆਦਰਸ਼ ਵਿਚਾਰ ਅਧੀਨ ਤੁਲਨਾਤਮਕ ਸਾਹਿਤ ਨੂੰ ਵਿਸ਼ਵ-ਵਿਆਪੀ ਏਕਤਾ ਦੇ ਇੱਕ ਸਾਧਨ ਵਜੋਂ ਕਲਪਿਆ ਗਿਆ ਹੈ(35)

ਉਪਰੋਕਤ ਸਾਰੀਆਂ ਪਰਿਭਾਸ਼ਾਵਾਂ ਦੇ ਵਿਚਾਰ ਉਪਰੰਤ ਇਹ ਸਾਰ ਪ੍ਰਾਪਤ ਹੁੰਦਾ ਹੈ ਕਿ ਤੁਲਨਾਤਮਕ ਸਾਹਿਤ; ਸਾਹਿਤ ਅਧਿਐਨ ਦੀ ਉਹ ਵਿਸ਼ੇਸ਼ ਵਿਧੀ ਹੈ ਜਿਸ ਅਧੀਨ ਇੱਕ ਜਾਂ ਇੱਕ ਤੋਂ ਵੱਧ ਭਾਸ਼ਾਵਾਂ, ਭੂਗੋਲਿਕ ਖੇਤਰਾਂ, ਅਨੁਸ਼ਾਸਨਾਂ, ਪ੍ਰਾਤਾਂ, ਕੌਮਾਂ, ਦੇਸਾਂ ਜਾਂ ਲੇਖਕਾਂ ਦੀਆਂ ਸਾਹਿਤਕ ਕਿਰਤਾਂ ਦੀ ਤੁਲਨਾ ਵਿਆਪਕ ਪਰਿਪੇਖ ਵਿੱਚ ਇਸ ਪ੍ਰਕਾਰ ਕੀਤੀ ਜਾਂਦੀ ਹੈ ਕਿ ਸਮੂਹ ਮਨੁੱਖੀ ਸਮਾਜ ਦੇ ਮਨੋਭਾਵਾਂ, ਅਨੁਭਵਾਂ ਅਤੇ ਗਿਆਨ ਵਿੱਚ ਮੂਲ ਸਾਂਝ ਪੈਦਾ ਹੋ ਸਕੇ। ਤੁਲਨਾਤਮਿਕ ਅਧਿਐਨ ਲਈ ਕਿਸੇ ਵੀ ਇੱਕ ਜਾਂ ਇੱਕ ਤੋਂ ਵੱਧ ਪੈਰਾਮੀਟਰਾਂ ਨੂੰ ਸਥਿਰ ਰੱਖ ਕੇ ਪਾਠ ਅਧੀਨ ਰਚਨਾਵਾਂ ਦਾ ਬਹੁਪੱਖੀ ਅਧਿਐਨ ਕੀਤਾ ਜਾਂਦਾ ਹੈ। ਮਿਸਾਲ ਵਜੋਂ ਜੇਕਰ ਸਾਹਿਤ ਦੀ ਕਾਵਿ ਵਿਧਾ ਵਿਚ ਤੁਲਨਾਤਮਕ ਅਧਿਐਨ ਦੀ ਗੱਲ ਕਰੀਏ ਤਾਂ ਡਾ. ਭਾਈ ਵੀਰ ਸਿੰਘ ਅਤੇ ਡਾ.

ਸੁਰਜੀਤ ਪਾਤਰ ਦੇ ਕਾਵਿ ਵਿੱਚ ਬਿੰਬ ਅਤੇ ਪ੍ਰਤੀਕ ਨਾਲ ਸਬੰਧਿਤ ਤੁਲਨਾਤਮਕ ਅਧਿਐਨ ਕੀਤਾ ਜਾ ਸਕਦਾ ਹੈ। ਦੋ ਵੱਖ-ਵੱਖ ਭਾਸ਼ਾਵਾਂ ਦੇ ਸਮਕਾਲੀ ਕਵੀਆਂ ਦੇ ਕਾਵਿ ਦੀ ਪਰਸਪਰ ਤੁਲਨਾ ਕੀਤੀ ਜਾ ਸਕਦੀ ਹੈ। ਦੋ ਵੱਖ-ਵੱਖ ਦੇਸਾਂ ਜਾਂ ਪ੍ਰਾਂਤਾਂ ਦੇ ਕਵੀਆਂ ਦੀ ਤੁਲਨਾ ਕੀਤੀ ਜਾ ਸਕਦੀ ਹੈ। ਇੱਕੋਂ ਪ੍ਰਾਂਤ ਵਿੱਚ ਵੱਖ-ਵੱਖ ਖਿੱਤਿਆਂ ਨਾਲ ਸਬੰਧਤ ਕਵੀਆਂ ਦੀਆਂ ਰਚਨਾਵਾਂ ਦਾ ਤੁਲਨਾਤਮਕ ਅਧਿਐਨ ਵੀ ਕੀਤਾ ਜਾ ਸਕਦਾ ਹੈ। ਇਹੋ ਵਿਵਸਥਾ ਸਾਹਿਤ ਦੀਆਂ ਹੋਰ ਵਿਧਾਵਾਂ ਲਈ ਵੀ ਲਾਗੂ ਹੁੰਦੀ ਹੈ, ਸਗੋਂ ਵਿਸ਼ੇ ਅਧਾਰਿਤ ਵੱਖ-ਵੱਖ ਸਾਹਿਤ ਰੂਪਾਂ ਦੀ ਪਰਸਪਰ ਤੁਲਨਾ ਵੀ ਕੀਤੀ ਜਾ ਸਕਦੀ ਹੈ। ਪੰਜਾਬੀ ਸਾਹਿਤ ਦੇ ਖੋਜ ਖੇਤਰ ਵਿੱਚ ਸਮੇਂ-ਸਮੇਂ 'ਤੇ ਹੋ ਚੁੱਕੀ ਅਤੇ ਹੋ ਰਹੀ ਖੋਜ ਦਾ ਬਿਓਰਾ ਪੇਸ਼ ਕਰਨ ਲਈ ਲਈ ਡਾ. ਧਰਮ ਸਿੰਘ ਨੇ ਪਹਿਲਾ 2006 ਵਿੱਚ ਅਤੇ ਫਿਰ 2015 ਵਿੱਚ ਸੋਧਿਆ ਤੇ ਵਧਾਇਆ ਸੰਸਕਰਨ ਪ੍ਰਕਾਸ਼ਿਤ ਕਰਵਾਇਆ। ਇਸ ਪੁਸਤਕ ਨੂੰ ਗਹੁ ਨਾਲ ਵਾਚਣ ਉਪਰੰਤ ਪਤਾ ਲੱਗਦਾ ਹੈ ਕਿ ਸਾਹਿਤ ਅਧਿਐਨ ਦੇ ਪਰਿਪੇਖ ਵਿੱਚ ਸ਼ਾਮਲ ਕੀਤੇ ਗਏ ਪੰਜਾਬੀ ਭਾਗ ਦੇ ਕੁੱਲ 1736 ਖੋਜ-ਪ੍ਰਬੰਧਾਂ ਵਿੱਚ 89 ਖੋਜ-ਪ੍ਰਬੰਧ ਤੁਲਨਾਤਮਕ ਅਧਿਐਨ ਨਾਲ ਸਬੰਧਤ ਹਨ। ਇਹਨਾਂ ਵਿੱਚੋਂ ਅਠਤਾਲੀ ਖੋਜ-ਕਾਰਜ ਕਵਿਤਾ ਦੇ, ਦੋ ਵਾਰਤਕ ਦੇ, ਤੀਹ ਗਲਪ ਦੇ, ਦੋ ਪ੍ਰਬੰਧ ਨਾਟਕ, ਇਕਾਂਗੀ ਅਤੇ ਰੰਗਮੰਚ ਦੇ, ਦੋ ਹੀ ਆਲੋਚਨਾ ਦੇ, ਪੰਜ ਪ੍ਰਬੰਧ ਲੋਕਧਾਰਾ ਦੇ, ਇੱਕ ਭਾਸ਼ਾ ਵਿਗਿਆਨ ਦਾ, ਤਿੰਨ ਸਾਹਿਤ-ਇਤਿਹਾਸ ਦੇ, ਇੱਕ ਪਰਵਾਸੀ ਪੰਜਾਬੀ ਸਾਹਿਤ ਦੇ ਤੁਲਨਾਤਮਕ ਖੋਜ ਨਾਲ ਸਬੰਧਤ ਹੈ।

ਸੰਖੇਪ ਰੂਪ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਤੁਲਨਾਤਮਕ ਸਾਹਿਤ ਇੱਕ ਤੋਂ ਵੱਧ ਸਾਹਿਤਾਂ ਦੇ ਇਤਿਹਾਸਮੂਲਕ ਅਤੇ ਸੁਹਜਮੂਲਕ ਪਾਸਾਰਾਂ ਨਾਲ ਸਬੰਧਤ ਹੈ, ਇੱਕ ਲੇਖਕ ਦੀ ਦੂਜੇ ਲੇਖਕ ਨਾਲ, ਇੱਕ ਸਾਹਿਤ-ਰੂਪ ਦੀ ਦੂਜੇ ਸਾਹਿਤ-ਰੂਪ ਨਾਲ ਤੁਲਨਾ, ਸਾਹਿਤ ਦੇ ਹੋਰਨਾਂ ਅੰਗਾਂ, ਕਲਾਵਾਂ, ਦਰਸ਼ਨ, ਧਰਮ, ਮਨੋਵਿਗਿਆਨ ਅਤੇ ਇਤਿਹਾਸ ਆਦਿ ਨਾਲ ਤੁਲਨਾ ਦੀ ਲੰਮੀ-ਚੌੜੀ ਪਰੰਪਰਾ ਚੱਲੀ ਆ ਰਹੀ ਹੈ। ਜਦੋਂ ਤੋਂ ਤੁਲਨਾਤਮਕ ਸਾਹਿਤ ਅਧਿਐਨ ਨੂੰ ਅਕਾਦਮਿਕ ਪਰਿਪੇਖ ਵਿੱਚ ਸਥਾਪਤ ਕਰਨ ਦੀ ਪ੍ਰਥਾ ਤੁਰੀ ਤਾਂ ਇਸ ਦੇ ਅਰਥ, ਪਰਿਭਾਸ਼ਾ, ਸਰੂਪ, ਵਿਸ਼ਾ-ਵਸਤੂ, ਥੀਮ/ਉਦੇਸ਼, ਖੇਤਰ, ਮਹੱਤਤਾ, ਸਮੱਸਿਆਵਾਂ, ਸੰਭਾਵਨਾਵਾਂ, ਸਮਾਧਾਨਾਂ ਆਦਿ ਨੂੰ ਆਧੁਨਿਕ ਪਰਿਪੇਖ ਵਿੱਚ ਨਿਸ਼ਚਿਤ ਕਰਨ ਲਈ ਕਾਰਜ ਕੀਤੇ ਜਾ ਰਹੇ ਹਨ। ਇਹ

ਤੁਲਨਾਵਾਂ ਇੱਕੋ ਭਾਸ਼ਾ ਦੇ ਸਾਹਿਤ ਵਿੱਚ ਵੀ ਹੋ ਸਕਦੀਆਂ ਹਨ ਜਾਂ ਇੱਕ ਤੋਂ ਵੱਧ ਭਾਸ਼ਾਵਾਂ ਦੇ ਸਾਹਿਤ ਵਿੱਚ ਵੀ ਹੋ ਸਕਦੀਆਂ ਹਨ।

ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਤੁਲਨਾਤਮਕ ਸਾਹਿਤ ਦੇ ਉਦੇਸ਼ ਦੀ ਪੂਰਤੀ ਲਈ ਇਹ ਲਾਜ਼ਮੀ ਹੈ ਕਿ ਇਸ ਵਿਧੀ ਦੁਆਰਾ ਵਿਸ਼ਵ ਭਾਈਚਾਰੇ ਦੇ ਆਪਸੀ ਮਿਲਵਰਤਨ ਅਤੇ ਆਦਾਨ-ਪ੍ਰਦਾਨ ਦੀ ਮੂਲ ਭਾਵਨਾ ਨੂੰ ਸਮਝ ਕੇ ਰਾਸ਼ਟਰਾਂ ਦੀ ਸੀਮਤ ਤੇ ਸੰਕੋਚੀ ਹਉਮੈਂ ਤੋਂ ਮੁਕਤ ਹੋਇਆ ਜਾ ਸਕੇ। ਇਸ ਤਰ੍ਹਾਂ ਨਾਲ ਮਾਨਵਵਾਦੀ ਤੇ ਮਨੁੱਖਵਾਦੀ ਵਿਚਾਰਾਂ ਦੀ ਸਾਂਝ ਸਥਾਪਤ ਹੋ ਸਕੇਗੀ। ਮਾਨਵ-ਕਲਿਆਣ ਦੇ ਮੂਲ ਉਦੇਸ਼ 'ਸਤਿਅਮ, ਸ਼ਿਵਮ, ਸੁੰਦਰਮ' ਦੀ ਪੈਰਵੀ ਸਾਹਿਤ ਵਾਂਗਰ ਤੁਲਨਾਤਮਕ ਸਾਹਿਤ ਵੀ ਕਰਦਾ ਹੈ। ਇਸ ਤਰ੍ਹਾਂ ਦੇ ਸਾਹਿਤ ਅਧਿਐਨ ਸਦਕਾ ਪਾਠਕਾਂ ਨੂੰ ਵਿਭਿੰਨ ਸਾਹਿਤਾਂ ਦੀਆਂ ਵਿਸ਼ੇਸ਼ਤਾਈਆਂ ਤੇ ਸੂਖ਼ਮਤਾਵਾਂ ਦਾ ਪਤਾ ਲੱਗ ਸਕਦਾ ਹੈ। ਭਿੰਨ-ਭਿੰਨ ਸਾਹਿਤਾਂ ਦੀ ਤੁਲਨਾ ਨਾਲ ਕਿਸੇ ਵਿਸ਼ੇਸ਼ ਖੇਤਰ ਵਿੱਚ ਹੋ ਚੁੱਕੀ ਖੋਜ ਦੇ ਦਾਇਰੇ, ਵਿੱਥਾਂ ਤੇ ਸਮਰੱਥਾਵਾਂ ਦਾ ਅਨੁਮਾਨ ਵੀ ਲਗਾਇਆ ਜਾ ਸਕਦਾ ਹੈ।

ਹਥਲਾ ਅਧਿਆਇ ਖੋਜ ਕਾਰਜ ਅਧੀਨ ਆਉਂਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਦੇ ਅਧਿਐਨ ਦੇ ਤੁਲਨਾਤਮਕ ਪਰਿਪੇਖ ਨਾਲ ਸੰਬੰਧਿਤ ਹੈ। ਇਸ ਖੋਜ ਕਾਰਜ ਵਿੱਚ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੇ ਕਾਵਿ, ਗਲਪ ਅਤੇ ਨਿਬੰਧਾਂ ਨੂੰ ਸ਼ਾਮਿਲ ਕੀਤਾ ਗਿਆ ਹੈ। ਸਾਹਿਤ-ਰੂਪ ਦਾ ਵਿਧਾਗਤ ਅਤੇ ਇੱਕੋ ਵਿਧਾ ਵਿੱਚ ਪਰਸਪਰ ਤੁਲਨਾਤਮਕ ਅਧਿਐਨ ਨਾਲ ਤੁਲਨਾਤਮਿਕ ਕਾਰਜ ਬਹੁ-ਪਰਤੀ ਹੋ ਜਾਇਆ ਕਰਦਾ ਹੈ। ਇਸ ਗੁੰਝਲਦਾਰ ਤਾਣੇ ਨੂੰ ਆਸਾਨੀ ਨਾਲ ਸਮਝਣ ਲਈ ਮੁੱਖ ਦੋ ਨੁਕਤਿਆਂ ਤੋਂ ਤੁਲਨਾ ਕਰਨ ਦਾ ਜਤਨ ਕੀਤਾ ਜਾਣਾ ਹੈ। ਮਿਸਾਲ ਵਜੋਂ; ਅਧਿਐਨ ਅਧੀਨ ਆਉਂਦੇ ਦੋਵੇਂ ਕਾਵਿ-ਸੰਗ੍ਰਿਹਾਂ ਦਾ ਤੁਲਨਾਤਮਕ ਅਧਿਐਨ ਤਾਂ ਹੋਵੇਗਾ ਹੀ, ਇਸਦਾ ਨਾਲੋ-ਨਾਲ ਹੋਰ ਸਾਹਿਤ ਰੂਪਾਂ ਨਾਲ ਵੀ ਤੁਲਨਾ ਕੀਤੀ ਜਾਵੇਗੀ। ਹਥਲੇ ਸਾਹਿਤ ਰੂਪਾਂ ਦਾ ਤੁਲਨਾਤਮਕ ਅਧਿਐਨ ਦਾ ਆਧਾਰ ਜਾਂ ਪੈਰਾਮੀਟਰ ਵਿਭਿੰਨ ਤਰ੍ਹਾਂ ਦੇ ਵਾਤਾਵਰਨਿਕ ਪ੍ਰਦੂਸ਼ਣ ਹੀ ਰੱਖੇ ਜਾਣੇ ਬਣਦੇ ਹਨ। ਇਸ ਤੋਂ ਇਲਾਵਾ ਇਹ ਵੀ ਮੰਨਣਯੋਗ ਹੈ ਕਿ ਕੋਈ ਵੀ ਸਾਹਿਤਕ ਰਚਨਾ ਲੇਖਕ ਦੇ ਨਿੱਜੀ ਵਿਅਕਤੀਤਵ, ਅਨੁਭਵ ਅਤੇ ਵਿਚਾਰਧਾਰਾ ਦੇ ਪ੍ਰਭਾਵ ਹੇਠ ਸਿਰਜੀ ਗਈ ਹੁੰਦੀ ਹੈ। ਇਹੋ ਕਾਰਨ ਹੈ ਕਿ ਇੱਕੋ

ਪ੍ਰਸੰਗ ਅਧੀਨ ਵੱਖ-ਵੱਖ ਸਾਹਿਤਕਾਰਾਂ ਦੇ ਦੁਆਰਾ ਰਚੇ ਗਏ ਇੱਕੋ ਤਰ੍ਹਾਂ ਦੇ ਯਾਨਰ ਦੀਆਂ ਵਿਸ਼ੇਸਤਾਵਾਂ ਵਿੱਚ ਥੋੜ੍ਹੀ-ਬਹੁਤੀ ਭਿੰਨਤਾ ਜ਼ਰੂਰ ਆ ਜਾਂਦੀ ਹੈ। ਹਥਲੇ ਅਧਿਆਇ ਵਿੱਚ ਵਿਸ਼ਾ ਪੱਖ ਨੂੰ ਆਧਾਰ ਬਣਾ ਕੇ ਕਵਿਤਾ, ਕਹਾਣੀ, ਨਾਵਲ ਅਤੇ ਨਿਬੰਧਾਂ ਦੀ ਤੁਲਨਾ ਕੀਤੀ ਗਈ ਹੈ। ਖੋਜ ਅਧੀਨ ਸਾਹਿਤ ਲਈ ਦੋ ਕਾਵਿ ਪੁਸਤਕਾਂ 'ਕਣ-ਕਾਇਨਾਤ'(2013, ਵਰਿੰਦਰ ਪਰਿਹਾਰ) ਅਤੇ 'ਪੰਛੀ ਬਿਰਖ ਸੁਹਾਵੜਾ'(2016, ਮਨਮੋਹਨ ਸਿੰਘ ਦਾਊਂ) ਸ਼ਾਮਿਲ ਕੀਤੀਆਂ ਗਈਆਂ ਹਨ। ਨਾਵਲਾਂ ਵਿੱਚ 'ਇੱਥੋਂ ਰੇਗਿਸਤਾਨ ਦਿਸਦਾ ਹੈ'(2017, ਜਸਵੀਰ ਰਾਣਾ) ਅਤੇ 'ਕੈਂਸਰ ਟਰੇਨ'(2017, ਨਛੱਤਰ) ਨੂੰ ਲਿਆ ਗਿਆ। ਵਾਤਾਵਰਨਿਕ ਕਹਾਣੀ ਸੰਗ੍ਰਿਹ 'ਪਵਣੁ ਗੁਰੂ ਪਾਣੀ ਪਿਤਾ'(2019, ਜਸਵੀਰ ਸਿੰਘ ਦੀਦਾਰਗੜ੍ਹ) ਨੂੰ ਸ਼ਾਮਿਲ ਕੀਤਾ ਗਿਆ ਹੈ। ਨਿਬੰਧਾਂ ਦੀ ਵਿਧਾ ਲਈ ਤਿੰਨ ਸੰਪਾਦਿਤ ਨਿਬੰਧ-ਸੰਗ੍ਰਿਹ ਸ਼ਾਮਿਲ ਕੀਤੇ ਗਏ ਹਨ: 'ਵਾਤਾਵਰਣ ਸਮੱਸਿਆਵਾਂ'(2012, ਰਾਜਦੀਪ ਸਿੰਘ ਧਾਲੀਵਾਲ ਅਤੇ ਅੰਗਰੇਜ ਸਿੰਘ ਵਿਰਕ), 'ਮਨੁੱਖੀ ਹੋਂਦ ਲਈ ਖ਼ਤਰਾ: ਵਾਤਾਵਰਣੀ ਪ੍ਰਦੂਸ਼ਣ'(ਡਾ. ਜਤਿੰਦਰਪਾਲ ਸਿੰਘ, 2011) ਅਤੇ 'ਵਾਤਾਵਰਣੀ ਮਸਲੇ ਤੇ ਸਮਾਧਾਨ' (ਡਾ. ਬਲਦੇਵ ਸਿੰਘ ਚੀਮਾ ਅਤੇ ਡਾ. ਡੀ.ਪੀ. ਸਿੰਘ 2013)

ਪੇਸ਼ ਹੈ ਖੋਜ ਅਧੀਨ ਰਚਨਾਵਾਂ ਵਿੱਚ ਪੇਸ਼ ਵਾਤਾਵਰਨ ਚੇਤਨਾ ਦਾ ਤੁਲਨਾਤਮਿਕ ਅਧਿਐਨ:

**ਜਲ ਸੰਕਟ:-** ਇੱਕੀਵੀਂ ਸਦੀ ਦੇ ਆਰੰਭ ਤੋਂ ਹੀ ਵਿਸ਼ਵ ਭਰ ਵਿੱਚ ਪੀਣਯੋਗ ਪਾਣੀ ਦਾ ਸੰਕਟ ਵਿਰਾਟ ਰੂਪ ਧਾਰਨ ਕਰ ਚੁੱਕਿਆ ਹੈ। ਜਿੱਥੇ ਇੱਕ ਪਾਸੇ ਦਾ ਆਬਾਦੀ ਦਾ ਵੱਡਾ ਹਿੱਸਾ ਪੀਣ ਵਾਲੇ ਸ਼ੁੱਧ ਜਲ ਤੋਂ ਵਾਂਝਾ ਰਹਿ ਰਿਹਾ ਹੈ ਤੇ ਪ੍ਰਦੂਸ਼ਿਤ ਜਲ ਪੀ ਕੇ ਸਿਹਤ ਸਮੱਸਿਆਵਾਂ ਨਾਲ ਜੱਦੋ-ਜਹਿਦ ਕਰ ਰਿਹਾ ਹੈ, ਉੱਥੇ ਦੂਜੇ ਪਾਸੇ ਕੁਦਰਤੀ ਜਲ-ਸ੍ਰੋਤਾਂ ਵਿੱਚ ਪ੍ਰਦੂਸ਼ਣ ਕਾਰਕਾਂ ਦੀ ਨਿਕਾਸੀ, ਉਦਯੋਗਿਕ ਤੇਜ਼ਾਬੀ ਤੇ ਜ਼ਹਿਰੀਲੇ ਮਾਦੇ ਦਾ ਸ੍ਰੋਤਾਂ ਵਿੱਚ ਘੁਲਣਾ ਅਤੇ ਮਨੁੱਖੀ ਨਾ-ਵਾਜਿਬ ਕਾਰਵਾਈਆਂ ਦੁਆਰਾ ਇਹਨਾਂ ਸ੍ਰੋਤਾਂ ਦਾ ਪਲੀਤ ਹੋਣਾ ਆਦਿ ਗੰਭੀਰ ਨਤੀਜੇ ਦੇ ਰਿਹਾ ਹੈ। ਨਦੀਆਂ, ਦਰਿਆਵਾਂ ਤੇ ਸਾਗਰਾਂ ਦੇ ਗੰਧਲੇ ਹੋਣ ਨਾਲ ਜਲ-ਸੰਕਟ ਅਸਤ-ਵਿਅਸਤ ਹੋ ਜਾਂਦਾ ਹੈ। ਜਲਗਾਹਾਂ ਵਿੱਚ ਵਸੇਬੇ ਕਰਨ ਵਾਲੇ ਅਨੇਕਾਂ ਪੰਛੀ, ਡੱਡੂ, ਕੀਟ-ਪਤੰਗੇ ਆਦਿ ਪ੍ਰਦੂਸ਼ਿਤ ਜਲ ਦਾ ਸੇਵਨ ਕਰਨ ਨਾਲ ਮਰ ਜਾਂਦੇ ਹਨ। ਇਸੇ ਤਰ੍ਹਾਂ ਨਦੀਆਂ ਦਰਿਆਵਾਂ ਦਾ ਪਾਣੀ ਉਦਯੋਗਿਕ ਅਤੇ ਦਰਿਆਵਾਂ

ਦਾ ਪਾਣੀ ਉਦਯੋਗਿਕ ਅਤੇ ਘਰੇਲੂ ਕੂੜੇ-ਕਰਕਟ ਕਰਕੇ ਮਲੀਨ ਹੋ ਜਾਂਦਾ ਹੈ। ਅਜਿਹੇ ਪਾਣੀ ਦੀ ਵਰਤੋਂ ਨਾ ਹੀ ਘਰੇਲੂ ਤੇ ਨਾ ਹੀ ਖੇਤੀਬਾੜੀ ਜ਼ਰੂਰਤਾਂ ਲਈ ਸੁਰੱਖਿਅਤ ਰਹਿ ਜਾਂਦਾ ਹੈ। ਪ੍ਰਦੂਸ਼ਿਤ ਪਾਣੀ ਨਾਲ ਸਿੰਜੀ ਗਈ ਫ਼ਸਲ ਤੋਂ ਪੈਦਾਵਾਰ ਨੂੰ ਜਦੋਂ ਪ੍ਰਾਣੀਆਂ ਦੁਆਰਾ ਗ੍ਰਹਿਣ ਕੀਤਾ ਜਾਂਦਾ ਹੈ ਤਾਂ ਕਈ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋਣ ਦਾ ਖ਼ਦਸ਼ਾ ਹੁੰਦਾ ਹੈ। ਚੋਣਵੀਆਂ ਰਚਨਾਵਾਂ ਅਧੀਨ ਪਾਣੀ ਦੀ ਬੇਲੋੜੀ ਵਰਤੋਂ, ਪ੍ਰਦੂਸ਼ਣ ਅਤੇ ਜੰਗਲਾਂ ਦੀ ਨਿਸੰਗ ਕਟਾਈ ਕਰਕੇ ਸੋਕੇ ਵਰਗੀਆਂ ਅਣ-ਸੁਖਾਵੀਆਂ ਸਥਿਤੀਆਂ ਦਾ ਵਰਨਣ ਕੀਤਾ ਗਿਆ ਹੈ। ਕੁਝ ਰਚਨਾਵਾਂ ਵਿੱਚ ਜਲ ਸੰਕਟ ਨੂੰ ਕਾਬੂ ਕਰਨ ਲਈ ਲੋੜੀਂਦੇ ਮਨੁੱਖੀ ਸਹਿਯੋਗ ਦੀ ਨਿਸ਼ਾਨਦੇਹੀ ਵੀ ਕੀਤੀ ਗਈ ਹੈ। 'ਜਲ' ਸਿਰਲੇਖ ਅਧੀਨ ਵਰਿੰਦਰ ਪਰਿਹਾਰ ਦੀ ਕਵਿਤਾ ਜਲ ਨੂੰ ਖ਼ਾਤਮੇ 'ਤੇ ਲਿਆਉਣ ਵਾਲੇ ਮਨੁੱਖ ਨੂੰ ਵੰਗਾਰਿਆ ਗਿਆ ਹੈ। ਮਿਸਾਲ ਦੇ ਰੂਪ ਵਿੱਚ ਉਕਤ ਕਵਿਤਾ ਦੀਆਂ ਕੁਝ ਸਤਰਾਂ ਵਿਚਾਰਨਯੋਗ ਹਨ:

ਰੁਕਦਾ ਕਿਉਂ ਨਹੀਂ ਦਰਿਆ ਸੁੱਕਦਾ ਕਿਉਂ ਨਹੀਂ ਸਮੁੰਦਰ
ਬੂੰਦ ਅੱਕ ਹੋਂਦ ਤੋਂ ਆਖ਼ਰ ਕਿਉਂ ਨਹੀਂ ਹੋ ਜਾਂਦੀ ਮੁਨਕਰ
ਨਦੀ ਕਿਉਂ ਨਹੀਂ ਮੁੜ ਜਾਂਦੀ ਚੋਟੀ ਵੱਲ
ਰੇਤ ਪੱਥਰ ਧਾਤ ਥਲ ਜਾਂ ਪਰਬਤ ਕਿਉਂ ਨਹੀਂ ਹੋ ਜਾਂਦਾ ਜਲ...
ਮੌਤ ਦੇ ਸਾਏ ਤੋਂ ਜਾਂ ਆਦਮ ਰਾਏ ਤੋਂ
ਇੱਕਲ ਤੋਂ ਹੋਂਦ ਆਪਣੀ ਖਿੰਡ-ਪੁੰਡ ਜਾਣ ਹੋਊ
ਬੰਦਾ ਤਾਂ ਵੈਸੇ ਹੀ ਕਦੋਂ ਦਾ ਕਹਿ ਚੁੱਕਾ ਜਲ ਨੂੰ ਅਲਵਿਦਾ(98)

ਜਲ ਦੀ ਅਹਿਮੀਅਤ ਨੂੰ ਬਿਆਨ ਕਰਦਿਆਂ ਪਰਿਹਾਰ ਨੇ ਪ੍ਰਿਥਵੀ ਉੱਤੇ ਜਲ ਦੀ ਹੋਂਦ ਨੂੰ ਕੁਦਰਤ ਦਾ ਜਾਦੂ ਕਹਿ ਕੇ ਪ੍ਰਭਾਸ਼ਿਤ ਕੀਤਾ ਹੈ, ਪਰ ਇਸ ਜਾਦੂ ਨੂੰ ਖ਼ਤਮ ਕਰਨ ਲਈ ਮਨੁੱਖ ਨੇ ਜਿਵੇਂ ਸਹੁੰ ਹੀ ਖਾਧੀ ਹੋਵੇ। ਪਰਿਹਾਰ ਦੀ ਕਵਿਤਾ 'ਪਾਣੀ' ਵਿਚਲੀਆਂ ਕਾਵਿ-ਸਤਰਾਂ ਇਹੀ ਵਿਚਾਰ ਦ੍ਰਿੜ ਕਰਦੀਆਂ ਹਨ:

ਜਾਦੂ ਜੇ ਗ੍ਰਹਿ 'ਤੇ ਹੈ ਕੋਈ ਬਚਿਆ

ਜਾਦੂ ਪਾਣੀ ਦਾ ਵੱਡਾ

ਬੇਮੇਲ ਬੇਜੋੜ ਵੱਖਰਾ-ਵੱਖਰਾ...

ਹੁਣ ਸੀ!

'ਹੁਣ ਨਹੀਂ ਹੈ'-

ਛੁਪਣ-ਛੋ ਨਿਰਾ ਛੱਲ੍ਹੇਡਾ!(101)

ਮਨਮੋਹਨ ਸਿੰਘ ਦਾਊਂ ਨੇ ਆਪਣੀ ਕਵਿਤਾ 'ਰੁੱਖ ਦਾ ਕਰਜ਼ਾ' ਵਿੱਚ ਰੁੱਖਾਂ ਦੀ ਮਨੁੱਖਾਂ ਤੇ ਹੋਰਨਾਂ ਜੀਵਾਂ ਲਈ ਪਰਉਪਕਾਰੀ ਸਾਂਝ ਦੀ ਗੱਲ ਕਰਦਿਆਂ ਦੱਸਿਆ ਹੈ ਕਿ ਨਦੀ ਪਾਰ ਕਰਨ ਲਈ ਬੇੜੀ ਦੀ ਲੱਕੜ ਵੀ ਰੁੱਖਾਂ ਪਾਸੋਂ ਹੀ ਮਿਲਦੀ ਹੈ, ਧਰਤੀ ਦੀ ਹਿੱਕ ਨੂੰ ਸੀਤਲਤਾ ਪ੍ਰਦਾਨ ਕਰਨ ਲਈ, ਪ੍ਰਾਣੀਆਂ ਨੂੰ ਗਰਮੀ ਤੋਂ ਬਚਾਉਣ ਲਈ ਅਤੇ ਖੇਤੀ ਲੋੜਾਂ ਨੂੰ ਪੂਰਾ ਕਰਨ ਲਈ ਵਰਖਾ ਲਿਆਉਣ ਵਿੱਚ ਵੀ ਰੁੱਖ ਸਹਾਈ ਹੁੰਦੇ ਹਨ। ਕਵਿਤਾ ਦੇ ਬੋਲ ਹਨ ਕਿ:

ਰੁੱਖ ਦਰਿਆ ਦੇ ਦੋਸਤੀ ਗੂੜ੍ਹੀ,

ਕਿਸ਼ਤੀ ਨੂੰ ਹਿੱਕ ਆਪਣੀ ਉੱਤੇ

ਤਰਨਾ ਦੱਸਦੀ

ਕੰਢੇ ਲੱਗਣ 'ਤੇ ਮੇਲਾ ਸਜਦਾ

ਰੁੱਖ ਉਦੋਂ ਫ਼ਿਰ ਹੱਸਣ ਲੱਗਦਾ...

ਰੁੱਖ ਥੋੜ੍ਹੀ ਥਾਂ ਮੱਲਦੇ

ਪਰ ਕਾਰਜ ਵੱਡਾ ਕਰਦੇ,

ਵਰਖਾ ਨਾਲ ਦੋਸਤੀ ਗੰਢਦੇ

ਬਲਿਹਾਰੀ ਕੁਦਰਤ ਵਸਿਆ

ਯਾਦ ਕਰਾਉਂਦੇ(30)

ਜਸਵੀਰ ਰਾਣਾ ਦੇ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' ਦੇ ਛੇਵੇਂ ਕਾਂਡ ਵਿੱਚ ਵਿਖਾਇਆ ਗਿਆ ਹੈ ਕਿ ਦੌਲਤ ਦੇ ਲਾਲਚ ਵਿੱਚ ਨਾਵਲ ਦੀ ਨਾਇਕਾ ਨੀਤੀ ਦਾ ਭਰਾ ਰੁਪਿੰਦਰ ਉਰਫ਼ ਕੀ ਰੌਕੀ ਖੇਤ ਵਿਚਲੇ ਰੁੱਖ ਕੱਟਣ ਦਾ ਠੇਕਾ ਦੇ ਆਉਂਦਾ ਹੈ। ਇਸੇ ਦੌਰਾਨ ਉਸਦਾ ਹਰਦੇਵ ਦਾਇਆ ਖੇਤ ਵਿੱਚ ਬੋਰ ਦੇ ਪਾਣੀ ਨਾ ਚੁੱਕਣ ਕਰਕੇ ਮੁੜ ਤੋਂ ਸਬਮਰਸੀਬਲ ਬੋਰ ਕਰਵਾਉਣ ਦੀ ਗੱਲ ਕਰਦਾ ਹੈ। ਘਰੇ ਆ ਕੇ ਰੁਪਿੰਦਰ ਆਪਣੀ ਮਾਂ ਤੇ ਭੈਣ ਨਾਲ ਇਸ ਪ੍ਰਸੰਗ ਵਿੱਚ ਸੰਵਾਦ ਕਰਦਾ ਹੈ। ਪੇਸ਼ ਹਨ ਸੰਵਾਦ ਦੇ ਕੁਝ ਅੰਸ਼:

> ...ਰਾਹ ਵਿੱਚ ਹਰਦੇਵ ਤਾਇਆ ਮਿਲ ਗਿਆ! ਕਹਿੰਦਾ...ਖੇਤ ਆਪਣਾ ਬੋਰ ਪਾਣੀ ਨੀ ਚੁੱਕਦਾ।...ਇਸ ਵਾਰ ਵੀ ਸਬਮਰਸੀਬਲ ਬੋਰ ਕਰਵਾਉਣਾ ਪਾਊ...।ਉਸ ਦੀ ਗੱਲ ਸੁਣ ਮਾਂ ਅਫਸੋਸ ਵਿੱਚ ਸਿਰ ਮਾਰਨ ਲੱਗੀ ਹੈ, "ਨਾ ਗੱਲ ਸੁਣ!....ਜਦੋਂ ਸਬਮਰਸੀਬਲ ਬੋਰ ਵੀ ਪਾਣੀ ਛੱਡੇਗਾ !....ਫੇਰ ਕੀਹਦੀ ਮਾਂ ਨੂੰ ਮਾਸੀ ਆਖੋਂਗੇ..
>
> "ਵੇਖ ਰੁਪਿੰਦਰ! ਬੂੰਦ-ਬੂੰਦ ਨਾਲ ਸਮੁੰਦਰ ਬਣਦਾ!....ਬੂੰਦ-ਬੂੰਦ ਨਾਲ ਖਾਲੀ ਹੁੰਦਾ!....ਮੈਂ ਤੇਰੀ ਗੱਲ ਨਾਲ ਸਹਿਮਤ ਨਹੀਂ!" ਮੇਰੀ ਗੱਲ ਕੱਟ ਭਰਾ ਨੇ ਤਰਕ ਦਿੱਤਾ ਹੈ, "ਵੇਖ ਨੀਤੀ!...ਪੁਰਾਣੇ ਬੋਰ ਪਾਣੀ ਨਹੀਂ ਚੁੱਕਦੇ!...ਪਾਣੀ ਬਿਨ੍ਹਾਂ ਕੋਈ ਜ਼ਮੀਨ ਠੇਕੇ 'ਤੇ ਨਹੀਂ ਲੈਂਦਾ! ਪਤਾ ਨੀ ਹੁਣ ਕਿੰਨੀ ਕੁ ਵਾਰ ਸਬਮਰਸੀਬਲ ਬੋਰ ਕਰਾਉਣੇ ਪੈਣਗੇ...! ਤੂੰ ਇਸਨੂੰ ਆਪਣੀ ਮਜਬੂਰੀ ਹੀ ਸਮਝ ਲੈ...!"(31)

ਜਲ ਪ੍ਰਦੂਸ਼ਣ ਅਤੇ ਪੀਣਯੋਗ ਸਾਫ਼ ਪਾਣੀ ਦੀ ਪੰਜਾਬ ਦੇ ਪਿੰਡਾਂ ਵਿੱਚ ਆ ਰਹੀ ਕਿਲ੍ਹੱਤ ਨੂੰ ਦਰਸਾਉਣ ਲਈ ਨਛੱਤਰ ਦੇ ਨਾਵਲ 'ਕੈਂਸਰ ਟਰੇਨ' ਵਿੱਚ ਬਾਖ਼ੂਬੀ ਪੇਸ਼ ਕੀਤਾ ਗਿਆ ਹੈ। ਜਦੋਂ ਅਮਨ ਤੇ ਜਰਨੈਲ ਮਾਲਵੇ ਦੇ ਪਿੰਡਾਂ ਵਿੱਚ ਕੈਂਸਰ ਨਾਲ ਹੋ ਰਹੀਆਂ ਮੌਤਾਂ ਬਾਰੇ ਤੱਥ ਇੱਕਠੇ ਕਰਨ ਲਈ ਇੱਕ ਪਿੰਡ ਵਿੱਚ ਪੁੱਜਦੇ ਹਨ ਤਾਂ ਕਾਗਜ਼ੀ ਨੀਤੀਆਂ ਅਤੇ ਵਿਹਾਰਕ ਸੱਚਾਈਆਂ ਵਿਚਲਾ ਵੱਡਾ ਪਾੜਾ ਵੇਖ ਕੇ ਹੈਰਾਨੀ ਹੁੰਦੀ ਹੈ:

> "ਕਦੋਂ ਕੁ ਦਾ ਲੱਗਿਆ ਹੋਇਆ ਏ ਏਹ ਪਲਾਂਟ?" ਆਰ.ਓ. ਪਲਾਟ ਦੇ ਲਾਗੇ ਪਹੁੰਚ ਕੇ ਅਮਨ ਨੇ ਉਸ ਨੂੰ ਪੁੱਛਿਆ। "ਦੋ ਕੁ ਸਾਲ ਪਹਿਲਾਂ ਹੀ ਲੱਗਿਆ ਏ! ਉਸ ਤੋਂ ਪਹਿਲਾਂ ਤਾਂ ਨਹਿਰ ਦਾ ਪਾਣੀ ਹੀ

ਪੀਂਦੇ ਰਹੇ ਆਂ” “ਆਹ ਪਾਣੀ ਪੀਂਦੇ ਸੀ ਤੁਸੀਂ?” ਉੱਥੋਂ ਕੁਝ ਹੀ ਕਦਮਾਂ ਦੀ ਵਿੱਥ ਉੱਤੇ ਡਿੱਗੀ ਵੱਲ ਨੂੰ ਜਾ ਉਸ ਵਿਚਲੇ ਪਾਣੀ ਨੂੰ ਦੇਖ ਅਮਨ ਬੋਲਿਆ।

ਆਰ.ਓ. ਲੱਗਣ ਤੋਂ ਪਹਿਲਾਂ ਤਾਂ ਪੂਰੇ ਪਿੰਡ ਨੇ ਏਹੋ ਪਾਣੀ ਪੀਤਾ ਏ। ਗੰਦਾ ਪਾਣੀ ਪੀਣ ਤੇ ਲੋਕਾਂ ਨੇ ਤਾਂ ਮਰਨਾ ਈ ਆ। ਉੱਥੇ ਖੜ੍ਹੇ ਅਮਨ ਦੇ ਮਨ ‘ਚ ਇਹ ਖ਼ਿਆਲ ਆਇਆਂ। “ਟੈਂਕ ਦੀ ਸਫ਼ਾਈ ਕਦੋਂ ਕੁ ਦੀ ਹੋਈ ਆ?” ਅਮਨ ਨੇ ਓਪਰੇਟਰ ਨੂੰ ਪੱਛਿਆ। “ਜਦੋਂ ਦਾ ਲੱਗਿਆ ਏ ਸਫ਼ਾਈ ਤਾਂ ਕਦੇ ਨ੍ਹੀਂ ਹੋਈ ਪਰ ਪਾਣੀ ਦੀ ਅਜੇ ਤੱਕ ਕੋਈ ਸ਼ਕੈਤ ਨ੍ਹੀਂ ਆਈ”(16)

‘ਪਵਣੁ ਗੁਰੂ ਪਾਣੀ ਪਿਤਾ’ ਸੰਗ੍ਰਿਹ ਦੀ ਪਹਿਲੀ ਕਹਾਣੀ ਵਿੱਚ ਹੀ ਕਾਹਣੀਕਾਰ ਜਸਵੀਰ ਸਿੰਘ ਦੀਦਾਰਗੜ੍ਹ ਨੇ ਪਾਣੀ ਦੇ ਦੁਰਉਪਯੋਗ ਕਾਰਨ ਦਰਪੇਸ਼ ਹੋ ਸਕਦੇ ਭਵਿੱਖਤ ਸੰਕਟ ਦਾ ਨਕਸ਼ਾ ਖਿੱਚਿਆ ਹੈ। ਉਸਦੀ ਕਹਾਣੀ ‘ਪਾਣੀ ਪਿਤਾ’ ਵਿੱਚ ਪਾਣੀ ਦੀ ਬੂੰਦ-ਬੂੰਦ ਨੂੰ ਤਰਸਦੀ ਲੋਕਾਈ ਦਾ ਮਾਰਮਿਕ ਦ੍ਰਿਸ਼ ਚਿਤਰਿਆ ਗਿਆ ਹੈ। ਇਸ ਪ੍ਰਥਾਇ ਉੱਤਮ-ਪੁਰਖ ਬਚਨੀ ਕਰਦਾ ਹੋਇਆ ਮੈਂ-ਪਾਤਰ ਦੱਸਦਾ ਹੈ ਕਿ:

ਮੈਂ ਇੱਕਦਮ ਉੱਠਦਾਂ ਤੇ ਭੱਜ ਕੇ ਫ਼ਰਿੱਜ, ਘੜੇ, ਢੋਲ, ਕੈਂਪਰ, ਟੈਂਕੀ ‘ਚ ਝਾਕਦਾਂ, ਪਰ ਇਹ ਭਾਣਾ ਤਾਂ ਸੱਚੀ ਵਰਤ ਗਿਆ ਲੱਗਿਆ। ਪਾਣੀ ਦੀ ਬੂੰਦ ਤਾਂ ਸੱਚੀਂ ਹੀ ਮਹਾਂ-ਦੁਰਲੱਭ ਹੋ ਗਈ ਲੱਗਦੀ ਹੈ। ਘਰੇਲੂ ਮੋਟਰ ਵੀ ਕਿੰਨੇ ਹੀ ਦਿਨ ਤੋਂ ਗੁੱਸੇ ਹੋ ਕੇ ਰੁੱਸੀ ਹੋਈ ਹੈ। ਵਾਟਰ ਵਰਕਸ ਦੀਆਂ ਟੂਟੀਆਂ ‘ਚ ਉਂਵ ਹੀ ਕੁਝ ਨ੍ਹੀਂ ਹੁੰਦਾ ਤੇ ਉਹ ਆਪ ਹੀ ਸਦਾ ਆਪਣੇ ਖ਼ੁਸ਼ਕ ਬੁੱਲ੍ਹਾਂ ‘ਤੇ ਜੀਭ ਫੇਰਦੀਆਂ ਪਿਆਸੀਆਂ ਮਰਦੀਆਂ ਰਹਿੰਦੀਆਂ ਨੇ। ਗਲੀ-ਮੁਹੱਲੇ ਤੇ ਪਿੰਡ ‘ਚ ਵੀ ਬਹੁਤ ਹੀ ਅਜੀਬ ਤਰ੍ਹਾਂ ਦਾ ਸ਼ੋਰ ਮੱਚਿਆ ਪਿਆ ਹੈ। ਚਾਰੋਂ ਪਾਸੇ ਕੂਕਾਂ, ਚੀਕਾਂ, ਵੈਣ, ਰੌਲ਼ਾ, ਹਫੜਾ-ਦਫੜੀ ਤੇ ਭਗਦੜ ਹੈ, ਜਿਵੇਂ ਕਿਸੇ ਬਹੁਤ ਭਿਆਨਕ ਜੰਗ ਕਾਰਨ ਪਿੰਡ ਮਰ ਤੇ ਉੱਜੜ ਰਿਹਾ ਹੋਵੇ(14)

ਇਸੇ ਸੰਗ੍ਰਿਹ ਦੀ ਜਲ ਪ੍ਰਦੂਸ਼ਣ ਨਾਲ ਸੰਬੰਧਿਤ ਇੱਕ ਹੋਰ ਕਹਾਣੀ ‘ਕੌਫ਼ੀ ਕਲਰ ਵਾਟਰ’ ਅਧੀਨ ਪੀਣ ਵਾਲੇ ਤੇ ਖੇਤੀਯੋਗ ਪਾਣੀ ਦੇ ਪਲੀਤ ਹੋਣ ਦਾ ਹਵਾਲਾ ਬੜੇ ਸੰਵੇਦਨਸ਼ੀਲ ਢੰਗ ਨਾਲ ਦਿੱਤਾ ਗਿਆ ਹੈ। ਮੈਂ-ਪਾਤਰ ਦੇ ਬੱਚੇ ਟਿਊਬਵੈੱਲ ਹੇਠ ਪਾਣੀ ‘ਚ ਖੇਡਦੇ-ਖੇਡਦੇ ਪਿਆਸ ਲੱਗਣ ‘ਤੇ ਉਹੀ ਪਾਣੀ ਦਾ ਘੁੱਟ ਭਰ

ਲੈਂਦੇ ਹਨ ਤੇ ਅੰਤ ਨੂੰ ਜਾਨ ਗੁਆ ਬੈਠਦੇ ਹਨ। ਇੱਥੇ ਕਹਾਣੀ ਵਿੱਚ ਸਮੂਹ-ਮਨੁੱਖਤਾ ਲਈ ਵੱਡਾ ਪ੍ਰਸ਼ਨ ਚਿੰਨ੍ਹ ਖੜ੍ਹਾ ਹੁੰਦਾ ਹੈ ਕਿ ਕੀ ਉਹ ਨੰਨ੍ਹੇ-ਮੁੰਨ੍ਹੇ ਬੱਚੇ ਪਾਣੀ ਦੇ ਪ੍ਰਦੂਸ਼ਿਤ ਹੋਣ ਲਈ ਜ਼ਿੰਮੇਵਾਰ ਹਨ ਕਿ ਅਸੀਂ ਪਰਪੱਕ ਲੋਕ ਉਹਨਾਂ ਦੇ ਦੋਸ਼ੀ ਹਾਂ..? ਕਹਾਣੀ 'ਕੌਫ਼ੀ ਕਲਰ ਵਾਟਰ'ਸੰਵਾਦ ਦੇ ਕੁਝ ਅੰਸ਼ ਪੇਸ਼ ਹਨ:

> "ਡੈਡੀ...ਕੌਫ਼ੀ ਕਲਰ ਵਾਟਰ..!" ਮੈਨੂੰ ਤਾਂ ਇਸਦੀ ਕੋਈ ਸਮਝ ਨਾ ਲੱਗੀ, ਪਰ ਕੌਫ਼ੀ ਕਲਰ ਉਸਦੇ ਆਖ਼ਰੀ ਬੋਲ ਸਨ। ਉਸ ਤੋਂ ਬਾਅਦ ਉਸਨੂੰ ਖ਼ੂਨ ਦੀਆਂ ਉਲਟੀਆਂ ਹੀ ਬੰਦ ਨਹੀਂ ਹੋਈਆਂ ਤੇ ਫ਼ਿਰ ਉਹ ਕੁਝ ਨਹੀਂ ਦੱਸ ਸਕਿਆ। ਆਪ ਅਬੋਲ ਹੋ ਗਿਆ ਤੇ ਮੈਨੂੰ ਕਰ ਗਿਆ(60)

ਡਾ. ਬਲਵਿੰਦਰ ਕੌਰ ਬਰਾੜ ਆਪਣੇ ਭਾਵਪੂਰਨ ਲੇਖ 'ਵਾਤਾਵਰਣ ਸਮੱਸਿਆ: ਇੱਕ ਵਿਰਲਾਪ' ਅਧੀਨ ਇਹ ਜਾਣਕਾਰੀ ਸਾਂਝੀ ਕਰਦੇ ਹਨ ਕਿ ਭਾਰਤ ਵਿੱਚ ਹਰ ਪੰਦਰਾਂ ਸੈਕਿੰਡ ਪਿੱਛੋਂ ਇੱਕ ਬੱਚਾ ਗੰਦਾ ਪਾਣੀ ਪੀਣ ਨਾਲ ਮਰ ਰਿਹਾ ਹੈ। ਭਾਰਤ ਕੋਲ ਕੇਵਲ 3% ਪਾਣੀ ਪੀਣਯੋਗ ਬਚਿਆ ਹੈ। ਕਾਰਾਂ, ਮੋਟਰਾਂ, ਕਾਰਖਾਨਿਆਂ ਵਿੱਚ ਫ਼ਜ਼ੂਲ ਹੋ ਰਹੀ ਪਾਣੀ ਦੀ ਵਰਤੋਂ ਕਾਰਣ ਕੇਵਲ ਬੈਂਗਲੋਰ ਵਿੱਚ 50 ਪ੍ਰਤੀਸ਼ਤ ਲੋਕਾਂ ਨੂੰ ਦਮਾ ਹੈ। ਇਸ ਤੋਂ ਇਲਾਵਾ ਡਾ. ਬਰਾੜ ਦੱਸਦੇ ਹਨ ਕਿ 3119 ਸ਼ਹਿਰਾਂ ਵਿੱਚੋਂ ਕੇਵਲ 209 ਸ਼ਹਿਰਾਂ ਕੋਲ ਪੀਣ ਲਈ ਸਾਫ਼ ਪਾਣੀ ਹੈ। ਇਹ ਸਥਿਤੀ ਹੋਰ ਵੀ ਗੰਭੀਰ ਹੋ ਰਹੀ ਹੈ।

ਜੀਵ ਤਕਨੋਲੋਜੀ ਵਿੱਚ ਪੀ.ਐਚ.ਡੀ. ਦੀ ਉਪਾਧੀ ਪ੍ਰਾਪਤ ਕਰਨ ਵਾਲੇ ਵਕੀਲ, ਪੱਤਰਕਾਰ, ਮਾਨਵ ਅਧਿਕਾਰਾਂ ਦੇ ਹਾਮੀ ਅਤੇ ਪ੍ਰਸਿੱਧ ਸਾਹਿਤਕਾਰ ਡਾ. ਚਰਨਜੀਤ ਸਿੰਘ ਨਾਭਾ ਨੇ ਆਪਣੇ ਨਿਬੰਧ ਵਿੱਚ ਜਲ ਦੀ ਮਹੱਤਤਾ, ਜਲ ਪ੍ਰਦੂਸ਼ਣ ਦੇ ਕਾਰਨ, ਪ੍ਰਭਾਵ ਤੇ ਇਸ ਪ੍ਰਸੰਗ ਵਿੱਚ ਸੁਚਾਰੂ ਹੱਲਾਂ ਨੂੰ ਉਲੀਕਿਆ ਹੈ। ਡਾ. ਨਾਭਾ ਦੇ ਵਿਚਾਰ ਅਨੁਸਾਰ:

> ਉਦਯੋਗ ਕਿਸੇ ਵੀ ਦੇਸ਼ ਦੀ ਆਰਥਿਕ ਤਰੱਕੀ, ਨਿਰਭਰਤਾ ਅਤੇ ਖੁਸ਼ਹਾਲੀ ਦੀ ਨਿਸ਼ਾਨੀ ਹੁੰਦੇ ਹਨ। ਪਿਛਲੀ ਸਦੀ ਵਿਗਿਆਨ ਅਤੇ ਤਕਨਾਲੋਜੀ ਦੀ ਸਦੀ ਰਹੀ ਹੈ। ਵਿਗਿਆਨ ਅਤੇ ਤਕਨਾਲੋਜੀ ਨੇ ਉਦਯੋਗਿਕ ਖੇਤਰ ਵਿੱਚ ਸੰਸਾਰ ਪੱਧਰ ਤੇ ਇੱਕ ਕ੍ਰਾਂਤੀ ਲਿਆਂਦੀ ਜਿਸ ਦਾ ਫ਼ਲ ਅਸੀਂ ਖਾ ਰਹੇ ਹਾਂ,

ਅਤੇ ਸਾਡੇ ਭਵਿੱਖ ਦੀਆਂ ਪੀੜ੍ਹੀਆਂ ਖਾਣਗੀਆਂ। ਪਰ ਇਸ ਫ਼ਲ ਦੇ ਬੀਜਾਂ ਨੇ ਸਾਡਾ ਵਾਤਾਵਰਣ ਇੰਨਾ ਕੁ ਪਲੀਤ ਕੀਤਾ ਕਿ ਇਸ ਦੇ ਪੈਣ ਵਾਲੇ ਪ੍ਰਭਾਵਾਂ ਤੋਂ ਅਸੀਂ ਅੱਜ ਵੀ ਅਵੇਸਲੇ ਬੈਠੇ ਹਾਂ(23)

ਡਾ. ਜਤਿੰਦਰਪਾਲ ਸਿੰਘ, ਜਿਹੜੇ ਜੀਵ-ਵਿਗਿਆਨ ਦੇ ਮਾਹਿਰ ਹੋਣ ਦੇ ਨਾਲ-ਨਾਲ ਪੰਜਾਬੀ ਸਾਹਿਤ ਦੇ ਅਣਥੱਕ ਸੇਵਕ ਅਤੇ ਵਾਤਾਵਰਨ ਪ੍ਰੇਮੀ ਵੀ ਹਨ, ਜਲ ਪ੍ਰਦੂਸ਼ਣ ਦੇ ਸੰਕਟ ਦੀ ਭਿਆਨਕਤਾ ਦਾ ਬਿਓਰਾ ਪ੍ਰਸਤੁਤ ਕਰਦੇ ਹੋਏ ਲਿਖਦੇ ਹਨ ਕਿ:

ਪਾਣੀ ਦੇ ਪ੍ਰਦੂਸ਼ਣ ਕਾਰਣ ਫੈਲਦੀਆਂ ਬਿਮਾਰੀਆਂ ਵੀ ਅੱਜ ਬਹੁਤ ਹੀ ਚਿੰਤਾ ਦਾ ਵਿਸ਼ਾ ਬਣ ਚੁੱਕੀਆਂ ਹਨ। ਸਮੁੱਚੇ ਭਾਰਤ ਵਿੱਚ ਪ੍ਰਦੂਸ਼ਿਤ ਪਾਣੀ ਦੇ ਨਾਲ ਹੋਣ ਵਾਲੀ ਬਿਮਾਰੀ ਨਾਲ 4 ਸਾਲ ਤੋਂ ਘੱਟ ਉਮਰ ਦੇ 3.7 ਕਰੋੜ ਬੱਚੇ ਪ੍ਰਤੀ ਸਾਲ ਪ੍ਰਭਾਵਿਤ ਹੋ ਰਹੇ ਹਨ ਅਤੇ 49000 ਦੇ ਕਰੀਬ ਮੌਤਾਂ ਹੋ ਰਹੀਆਂ ਹਨ(9)

ਡਾਕਟਰਾਂ ਵੱਲੋਂ ਦਿੱਤੀ ਜਾਂਦੀ ਜਾਣਕਾਰੀ ਅਨੁਸਾਰ ਟਾਇਫ਼ਾਈਡ, ਹੈਜ਼ਾ, ਦਸਤ ਅਤੇ ਫੂਡ-ਪੁਆਈਜ਼ਨਿੰਗ ਦਾ ਕਾਰਨ ਪ੍ਰਦੂਸ਼ਿਤ ਪਾਣੀ ਦਾ ਸਰੀਰ ਦੇ ਅੰਦਰ ਪ੍ਰਵੇਸ਼ ਕਰਨਾ ਹੁੰਦਾ ਹੈ। ਦੂਸ਼ਿਤ ਪਾਣੀ ਵਿੱਚ ਸ਼ਾਮਿਲ ਅਣਲੋੜੀਂਦੇ ਰਸਾਇਣ ਅਤੇ ਭਾਰੀ ਧਾਤਾਂ ਦੇ ਅੰਸ਼ ਪਾਚਨ-ਕ੍ਰਿਆ ਨੂੰ ਵੀ ਘਾਤਕ ਨੁਕਸਾਨ ਪਹੁੰਚਾਉਂਦੇ ਹਨ।

**ਭੂਮੀ ਪ੍ਰਦੂਸ਼ਣ:-** ਮਾਂ ਵਰਗੀ ਸਹਿਣਸ਼ੀਲਤਾ ਅਤੇ ਪਰਉਪਕਾਰ ਦੇ ਗੁਣਾਂ ਦੀ ਧਾਰਨੀ ਧਰਤੀ ਨੂੰ ਧਰਤੀ ਮਾਂ ਜਾਂ ਧਰਤੀ ਮਾਤਾ ਆਖ ਕੇ ਸਤਿਕਾਰਿਆ ਜਾਂਦਾ ਹੈ। ਗੁਰਬਾਣੀ ਵਿੱਚ ਦਰਜ 'ਮਾਤਾ ਧਰਿਤ ਮਹਤੁ' ਦਾ ਪਾਵਣ ਵਾਕ ਇਸੇ ਵਿਚਾਰ ਨੂੰ ਦ੍ਰਿੜ੍ਹਤਾ ਪ੍ਰਦਾਨ ਕਰਦਾ ਹੈ।

ਹਰਿਆਲੀ ਦਾ ਸ਼ਿੰਗਾਰ ਕਰਦੀ ਧਰਤੀ ਨੇ ਹੌਲ਼ੀ-ਹੌਲ਼ੀ ਮਨੁੱਖਾਂ ਦੀ ਬੇਰੁਖੀ ਕਰਕੇ ਕਦੋਂ ਪੀਲਾ ਤੇ ਸੁਰਮੇ-ਰੰਗਾ ਵੇਸ ਧਾਰ ਲਿਆ, ਬੰਦੇ ਨੂੰ ਕੁਝ ਮਹਿਸੂਸ ਵੀ ਨਾ ਹੋਇਆ। ਧਰਤੀ ਦੇ ਧੁਆਂਖੇ ਵੇਸ ਨੇ ਮਨੁੱਖਾਂ ਨੂੰ ਵੀ ਆਪਣੇ ਦੁੱਖ ਦਾ ਸੇਕ ਲਗਾਇਆ ਤਾਂ ਜਾਗ ਥੋੜ੍ਹੀ-ਥੋੜ੍ਹੀ ਖੁੱਲ੍ਹਣ ਲੱਗੀ। ਇਸ ਤਰ੍ਹਾਂ ਦੇ ਵਿਚਾਰ ਨੂੰ ਸਾਂਝੇ ਕਰਦਿਆਂ ਵਰਿੰਦਰ ਪਰਿਹਾਰ ਨੇ ਆਪਣੀ ਕਵਿਤਾ 'ਧਰਤੀ' ਵਿੱਚ ਵਿਚਾਰ ਪੇਸ਼ ਕੀਤੇ ਹਨ ਕਿ:

ਉਹ ਹੁਣ ਵਸਤਰ ਪਰਨ ਬੈਠੀ-

'ਪੀਲ਼ਾ-ਸੁਰਮਈ' ਲਿਬਾਸ

ਤਿਆਰ ਬਰ ਤਿਆਰ

ਮੌਕਾ ਕੋਈ ਖ਼ਾਸ-ਖ਼ਾਸ ਉਦਾਸ ਉਦਾਸ

ਮੂੰਹ ਤੇ ਝੁਰੜੀਆਂ ਚਹੁੰ ਜੁਗਾਂ ਦੀਆਂ

ਫੇਫੜਿਆਂ 'ਚੋਂ ਮਸ਼ੀਨਾਂ ਦੀ ਘਰਰ ਘਰਰ ਆਵੇ

ਧੂੰਏਂ ਕਾਰਬਨ ਨਾਲ਼ ਲਿਬੜਿਆ ਚਿਹਰਾ

ਮੈਂ ਵੇਖਿਆ ਹੋਇਆ ਕਦੇ ਰਾਂਗਲਾ ਹਰਾ(229)

ਰਾਣਾ ਨੇ ਵੀ ਨਾਵਲ ਵਿੱਚ ਫ਼ਸਲ ਦਾ ਝਾੜ ਪ੍ਰਾਪਤ ਕਰਨ ਉਪਰੰਤ ਦੂਜੀ ਫ਼ਸਲ ਬੀਜਣ ਤੋਂ ਪਹਿਲਾਂ ਨਾੜ/ਪਰਾਲੀ ਨੂੰ ਹਰਦੇਵ ਤਾਏ ਅਤੇ ਉਸਦੇ ਸੀਰੀ ਰਾਮੂ ਕੋਲੋਂ ਖੇਤਾਂ ਨੂੰ ਅੱਗ ਲਗਾਉਣ ਦਾ ਦ੍ਰਿਸ਼ ਵਿਖਾਇਆ ਹੈ:

> ਹਰਦੇਵ ਤਾਇਆ ਖੇਤਾਂ ਵਿੱਚ ਖੜ੍ਹਾ ਹੈ। ਉਸ ਦੇ ਹੱਥ ਵਿੱਚ ਮਾਚਿਸ ਹੈ। ਉਸ ਨੇ ਮਾਚਿਸ ਨਾਲ ਤੀਲੀ ਛੁਹਾਈ ਹੈ। ਵੱਢੀ ਹੋਈ ਫਸਲ ਦੇ ਕਰਚਿਆਂ ਨੂੰ ਅੱਗ ਲੱਗ ਗਈ ਹੈ। ਖੇਤ ਸੜਨ ਲੱਗੇ ਹਨ। ਧੂੰਏਂ ਦੇ ਗੁਬਾਰ ਉੱਡਣ ਲੱਗੇ ਹਨ। ਤਪਸ਼ ਵਧਣ ਲੱਗੇ ਹੈ। ਅੱਖਾਂ ਵਿੱਚੋਂ ਪਾਣੀ ਵਗਣ ਲੱਗਾ ਹੈ। ਲੋਕ ਖੰਘ ਰਹੇ ਹਨ। ਮੈਂ ਖੰਘਦੀ ਹੋਈ ਮੋਟਰ ਵਾਲੇ ਕੋਠੇ ਵੱਲ ਨੂੰ ਤੁਰ ਪਈ ਹਾਂ। ਕੋਠੇ ਦੇ ਦਰਵਾਜ਼ੇ ਅੱਗੇ ਬਿਹਾਰ ਤੋਂ ਆਇਆ ਰਾਮੂ ਖੜ੍ਹਾ ਹੈ। ਉਹ ਹਰਦੇਵ ਤਾਏ ਨਾਲ ਸੀਰੀ ਹੈ। ਉਸ ਦੇ ਹੱਥ ਵਿੱਚ ਮਾਚਿਸ ਫੜਾ ਕੇ ਤਾਇਆ ਸਮਝਾਉਣ ਲੱਗਾ ਹੈ, "ਮੇਰੀ ਬਾਤ ਸੁਨ ਰੇ ਮਰਦਵਾ!...ਮੈਂ ਜਾ ਰਹਾ ਹੂੰ ਘਰ ਕੋ!...ਜੈਸੇ ਮੈਨੇ ਖੇਤੋਂ ਕੋ ਆਗ ਲਗਾਈ ਹੈ!...ਉਸੀ ਤਰ੍ਹਾਂ ਤੁਮ ਭੀ ਬਾਕੀ ਖੇਤੋਂ ਕੋ ਆਗ ਲਗਾ ਦੇਨਾ...!(39)

ਪੰਜਾਬ ਦੇ ਮਾਲਵੇ ਖੇਤਰ ਦੀ ਕਪਾਹ ਪੱਟੀ ਦੇ ਨਾਮ ਨਾਲ ਮਸ਼ਹੂਰ ਜ਼ਿਲ੍ਹੇ; ਫ਼ਰੀਦਕੋਟ, ਮੁਕਤਸਰ, ਬਠਿੰਡਾ ਤੇ ਮਾਨਸਾ ਦੇ ਪਿੰਡਾਂ ਵਿੱਚ ਜਿੱਥੇ ਵੀ ਕਪਾਹ ਅਤੇ ਨਰਮੇ ਦੀ ਖੇਤੀ ਵਧੇਰੇ ਕੀਤੀ ਜਾਂਦੀ ਹੈ, ਉੱਥੇ-

ਉੱਥੇ ਹੀ ਰੋਗੀਆਂ ਅਤੇ ਮੌਤਾਂ ਦੀ ਗਿਣਤੀ ਵਧੇਰੇ ਦਰਜ ਕੀਤੀ ਗਈ ਹੈ। ਦੀਦਾਰਗੜ੍ਹ ਦੀ ਕਹਾਣੀ 'ਸਿੱਧਰੀ ਬਹੂ' ਇਹ ਸੰਦੇਸ਼ ਸੰਚਾਰਿਤ ਕਰਦੀ ਹੈ ਕਿ ਧਰਤੀ ਉੱਪਰ ਅਜਿਹੀਆਂ ਫਸਲਾਂ ਉਗਾਉਣ ਦੀ ਚੋਣ ਕਰਨੀ ਚਾਹੀਦੀ ਹੈ, ਜੋ ਘੱਟ ਪਾਣੀ ਨਾਲ ਵਿਗਸ ਸਕਣ ਤੇ ਜੋ ਖੇਤ ਦੀ ਮਿੱਟੀ ਦੇ ਅਨੁਕੂਲ ਹੋਣ। ਖੇਤੀ ਅਰਥਚਾਰੇ ਦੇ ਧਰੂ-ਤਾਰੇ ਮੰਨ੍ਹੇ ਜਾਂਦੇ ਡਾ. ਸਰਦਾਰਾ ਸਿੰਘ ਜੌਹਲ ਨੂੰ ਕਿਸਾਨਾਂ ਦੀ ਇੱਕਤਰਤਾ ਵਿੱਚ ਕਿਸੇ ਨੇ ਸਵਾਲ ਪੁੱਛਿਆ ਸੀ ਕਿ ਸਾਨੂੰ ਵਾਤਾਵਰਨ ਨੂੰ ਬਚਾਉਣ ਹਿੱਤ ਕਿਹੋ ਜਿਹੀਆਂ ਫ਼ਸਲਾਂ ਬੀਜਣੀਆਂ ਚਾਹੀਦੀਆਂ ਹਨ ਤਾਂ ਉਨ੍ਹਾਂ ਨੇ ਜਵਾਬ ਵਿੱਚ ਇਹ ਗੱਲ ਆਖੀ ਕਿ ਉਹੀ ਫ਼ਸਲਾਂ ਬੀਜੋ ਜਿਹੜੀਆਂ ਪਾਣੀ ਦੇ ਮੁੱਕ ਜਾਣ 'ਤੇ ਵੀ ਬੀਜ ਸਕੋ; ਭਾਵ ਘੱਟ ਪਾਣੀ ਦੀ ਖਪਤ ਕਰਨ ਵਾਲੀਆਂ ਫਸਲਾਂ ਬੀਜ ਕੇ ਧਰਤੀ ਹੇਠਲੇ ਪਾਣੀ ਨੂੰ ਹੋਰ ਡੂੰਘਾ ਜਾਣ ਤੋਂ ਬਚਾਇਆ ਜਾ ਸਕਦਾ ਹੈ।

ਮੁਖਦੀਪ ਸਿੰਘ ਨੇ ਈ-ਵੇਸਟ ਦੀ ਸਮੱਸਿਆ ਦਾ ਮੁੱਦਾ ਪੇਸ਼ ਕਰਦੇ ਹੋਏ ਧਰਤੀ ਪ੍ਰਦੂਸ਼ਣ ਦੇ ਦਾਇਰੇ ਵਿੱਚ ਇੱਕ ਹੋਰ ਸਰੋਕਾਰ ਉਜਾਗਰ ਕੀਤਾ ਹੈ। ਸਾਰੇ ਬਿਜਲਈ ਯੰਤਰਾਂ/ਉਪਕਰਨਾਂ ਦੇ ਪ੍ਰਯੋਗ-ਕਾਲ ਤੋਂ ਬਾਅਦ ਇਹਨਾਂ ਦਾ ਨਿਪਟਾਰਾ ਨਾ ਹੋਣਾ ਇੱਕ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ।

ਹਰੀ ਕ੍ਰਾਂਤੀ ਦੇ ਸਿਖ਼ਰ ਛੂੰਹਦੇ ਅਮਲਾਂ ਦੇ ਫ਼ਲਸਰੂਪ ਵੱਧ ਮਾਤਰਾ ਵਿੱਚ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਆਦਿ ਦੀ ਵਰਤੋਂ ਨੇ ਇੱਕ ਪਾਸੇ ਤਾਂ ਬਹੁਤੇ ਪੰਜਾਬੀ ਕਿਸਾਨਾਂ ਤੇ ਖੇਤ ਮਜ਼ਦੂਰਾਂ ਨੂੰ ਕੈਂਸਰ ਤੇ ਦਮੇ ਦੇ ਰੋਗੀ ਬਣਾਇਆ ਹੈ ਤੇ ਦੂਜੇ ਪਾਸੇ ਪੰਜਾਬ ਦੀ ਧਰਤੀ ਨੂੰ ਵੀ ਬੰਜਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

ਡਾ. ਮਨਜੀਤ ਇੰਦਰ ਸਿੰਘ ਸੱਗੂ ਨੇ ਆਪਣੇ ਨਿਬੰਧ 'ਧਰਤ ਦਾ ਪ੍ਰਦੂਸ਼ਣ' ਅਧੀਨ ਲੋੜੋਂ ਵੱਧ ਮਸ਼ੀਨੀਕਰਨ, ਸ਼ਹਿਰੀਕਰਨ, ਉਦਯੋਗੀਕਰਨ, ਖੇਤੀ ਰਸਾਇਣਾਂ ਅਤੇ ਘਰੇਲੂ ਕੂੜੇ-ਕਰਕਟ ਨੂੰ ਭੂਮੀ-ਪ੍ਰਦੂਸ਼ਣ ਵਧਾਉਣ ਲਈ ਦੋਸ਼ੀ ਕਰਾਰ ਦਿੱਤਾ ਹੈ।

**ਵਾਯੂ ਪ੍ਰਦੂਸ਼ਣ:-** ਵਾਤਾਵਰਨ ਵਿੱਚ ਮੌਜੂਦ ਗੈਸਾਂ ਦੀ ਮਿਕਦਾਰ ਦਾ ਨਿਯਤ ਦਰ ਤੋਂ ਘਟਣਾ ਜਾਂ ਵੱਧ ਜਾਣਾ ਵਾਯੂ ਪ੍ਰਦੂਸ਼ਣ ਦਾ ਸੰਕੇਤ ਹੈ। ਡਾ. ਡੀ.ਪੀ. ਸਿੰਘ ਦੇ ਕਥਨ ਅਨੁਸਾਰ ਮਨੁੱਖ ਕੁਝ ਦੇਰ ਰੋਟੀ-ਪਾਣੀ ਤੋਂ ਬਿਨਾਂ ਤਾਂ ਰਹਿ ਸਕਤਾ ਹੈ ਪਰ ਹਵਾ ਤੋਂ ਬਿਨਾਂ ਉਹ ਪਲ ਭਰ ਲਈ ਵੀ ਜੀਅ ਨਹੀਂ ਸਕਦਾ। ਹਥਲੇ ਸਾਹਿਤ ਵਿੱਚ

ਹਵਾ ਦੇ ਦੂਸ਼ਿਤ ਕੀਤੇ ਜਾਣ ਤੇ ਉਸ ਪ੍ਰਤੀ ਸਮਾਧਾਨਾਂ ਦੀ ਗੱਲ ਕੀਤੀ ਗਈ ਹੈ। ਪਰਿਹਾਰ ਦੀ ਕਵਿਤਾ 'ਚੰਬਾ ਵਾਦੀ 'ਚ ਦੋ ਪਰਬਤਾਂ ਦਾ ਵਾਰਤਾਲਾਪ' ਅੰਦਰ ਪਰਬਤਾਂ, ਬੱਦਲ ਅਤੇ ਹਵਾ ਆਦਿ ਦਾ ਮਾਨਵੀਕਰਨ ਕਰਦੇ ਹੋਏ ਹਵਾ ਦੇ ਦੂਸ਼ਿਤ ਕੀਤੇ ਜਾਣ ਦਾ ਅਕੇਂਵਾਂ ਤੇ ਥਕੇਂਵਾਂ ਇਸ ਪ੍ਰਕਾਰ ਪ੍ਰਸਤੁਤ ਕੀਤਾ ਗਿਆ ਹੈ:

ਪਤੈ?-

ਹਵਾ ਵੀ ਰੋਂਦੀ ਆਈ ਇਕ ਦਿਨ

ਅਖੇ ਬੁਰਾ ਨ ਮਨਾਵੇਂ ਜੇ

ਗੁਫ਼ਾ ਤੇਰੀ ਕਿਸੇ ਕੰਦਰੀ 'ਚ

ਰੁਕ 'ਲਾਂ ਦੋ ਘੜੀ ਲੁਕ ਜਾਂ

ਹਾਂ ਉੜ ਉੜ

ਦਮ ਲੈ ਲਾਂ ਹਾਂ ਅੱਕੀ ਬੜੀ

ਹੋ ਲਾਂ ਇਕ ਦੋ ਛਿਣ ਖੜ੍ਹੀ(85)

ਜਸਵੀਰ ਸਿੰਘ ਦੀਦਾਰਗੜ੍ਹ ਦੀ ਕਹਾਣੀ 'ਸਾਹਾਂ 'ਚ ਘੁਲ਼ੀ ਮੌਤ' ਵਿੱਚ ਵਾਤਾਵਾਰਨ ਸੰਕਟ ਦੇ ਪ੍ਰਸੰਗ ਵਿੱਚ ਵਿਸ਼ੇਸ਼ ਤੌਰ 'ਤੇ ਵਾਯੂ ਪ੍ਰਦੂਸ਼ਣ ਦਾ ਪ੍ਰਗਟਾਵਾ ਕੀਤਾ ਗਿਆ ਹੈ। ਪ੍ਰਦੂਸ਼ਣ ਦੀ ਮਾਰ ਝੱਲ ਰਹੇ ਪਿੰਡ ਮੂੰਹੋਂ ਕਹਾਣੀਕਾਰ ਨੇ ਨਿਮਨ ਲਿਖਤ ਬੋਲ ਅਖਵਾਏ ਹਨ:

> ਮੂੰਹ 'ਤੇ ਧੂੜ ਮਿੱਟੀ ਦੇ ਪਹਾੜ ਜੰਮਣ ਕਰਕੇ ਬੇਪਛਾਣ ਹੋ ਗਿਆ ਹਾਂ। ਸੰਘ 'ਚ ਗਾੜ੍ਹਾ ਚਿੱਟਾ-ਕਾਲ਼ਾ ਧੂੰਆਂ ਖੁਲ਼ਦਾ ਰਹਿੰਦਾ। ਵਿਹੁ ਦੇ ਸੈਂਕੜੇ ਸਾਗਰ ਅੱਖਾਂ, ਨੱਕ ਤੇ ਮੂੰਹ ਨਾਲ਼ ਹੀ ਡੀਕ ਰਿਹਾਂ; ਗਲ਼ 'ਚ ਵੀ ਤੇਜ਼ ਦਰਦ ਰਹਿੰਦਾ ਹੈ। ਕੋਈ ਅਦਿੱਖ ਸ਼ਕਤੀ ਗਲ਼ ਘੁੱਟਣ ਲੱਗਦੀ ਹੈ। ਖੰਘਦਾ ਹਾਂ ਤਾਂ ਅੰਦਰੋਂ ਲਹੂ ਦੇ ਲੋਥੜੇ ਆਉਂਦੇ ਨੇ। ਆਕਸੀਜਨ ਬਿਨ ਸਾਹ ਬੰਦ ਹੋ ਜਾਂਦਾ। ਵਾਤਾਵਰਨ 'ਚ ਰਲ਼ੀਆਂ ਭਿਆਨਕ ਗੈਸਾਂ ਤੋਂ ਬਹੁਤ ਡਰ ਲੱਗਦਾ ਹੈ(150)

‘ਇਥੋਂ ਰੇਗਿਸਤਾਨ ਦਿਸਦਾ ਹੈ’ ਨਾਵਲ ਦੇ 18ਵੇਂ ਕਾਂਡ ਵਿੱਚ ਹਰਦੇਵ ਤਾਇਆ ਨੀਤੀ ਅਤੇ ਉਸਦੀ ਮਾਂ ਨੂੰ ਆਪਣੇ ਸੁਫ਼ਨੇ ਵਿੱਚ ਬਾਰ-ਬਾਰ ਭਰਾ ਗੁਰਮੁਖ ਸਿੰਘ ਦੇ ਆਉਣ ਅਤੇ ਉਸ ਦੁਆਰਾ ਕੀਤੀਆਂ ਗਈਆਂ ਤਾਕੀਦਾਂ ਦਾ ਜ਼ਿਕਰ ਕਰਦਾ ਹੈ। ਪਰਾਲੀ ਨੂੰ ਅੱਗ ‘ਲਾ ਕੇ ਸਾੜਣ ਨਾਲ ਅਤੇ ਖੇਤਾਂ ਵਿੱਚ ਜ਼ਹਿਰੀਲੇ ਰਸਾਇਣਾਂ ਦੀ ਬੇਹੱਦ ਵਰਤੋਂ ਕਰਕੇ ਉਸ ਨੂੰ ਸਿਹਤ ਸੰਬੰਧੀ ਸਮੱਸਿਆਵਾਂ ਨੇ ਘੇਰਾ ਪਾ ਲਿਆ ਹੈ। ਇਸ ਦਾ ਦ੍ਰਿਸ਼ਟਾਂਤ ਨਾਵਲ ਵਿੱਚ ਜਸਵੀਰ ਰਾਣਾ ਇਉਂ ਪੇਸ਼ ਕਰਦਾ ਹੈ:

> ਉੱਠ ਕੇ ਤੁਰਨ ਲੱਗਿਆ ਤਾਇਆ ਉੱਚੀ-ਉੱਚੀ ਖੰਘਣ ਲੱਗਾ ਹੈ, “ਬੱਸ ਹੁਣ ਹੋਰ ਨੀ ਬੈਠ ਹੁੰਦਾ!... ਮੈਂ ਜਿੱਥੇ ਵੀ ਜਾਨਾ!...ਮੇਰਾ ਸਾਹ ਘੁੱਟਦੈ!...ਪਤਾ ਨੀ ਗੁਰਮੁਖ ਸੱਚ ਈ ਕਹਿੰਦਾ ਤੀ!...ਤੁਰਨ ਲੱਗਿਆ ਉਹ ਮੇਰੀ ਛਾਤੀ ਵੱਲ ਉਂਗਲੀ ਕਰ ਕੇ ਕਹਿੰਦਾ!...ਖੇਤਾਂ ਨੂੰ ਅੱਗ ਲਾ-ਲਾ ਅੰਦਰ ਧੂੰਆਂ ‘ਕੱਠਾ ਕਰੀਂ ਬੈਠਾ ਹਰਦੇਵ ਸਿਆਂ!...ਨਿਕੰਮਾ ਜ਼ਿੰਮੀਦਾਰ ਨਿੱਕਲਿਆ ਤੂੰ!...ਨਾ ਮੇਰੀ ਜ਼ਮੀਨ ਸਾਂਭ ਸਕਿਆ ਨਾ ਹਵਾ!... ਚੱਲ ਹੁਣ ਰੁੱਖ ‘ਤੇ ਪਾਣੀ ਸੰਭਾਲ ਕੇ ਰੱਖੀ...!”(91)

ਇਸੇ ਪ੍ਰਕਾਰ ‘ਕੈਂਸਰ ਟਰੇਨ’ ਨਾਵਲ ਦਾ ਮੁੱਖ ਪਾਤਰ ਅਮਨ ਆਪਣੇ ਹੋਸਟਲ ਦੇ ਕਮਰੇ ਵਿੱਚ ਜਦੋਂ ਗਰਦ ਭਰੀ ਹਨੇਰੀ-ਤੁਫ਼ਾਨ ਦਾ ਸਾਹਮਣਾ ਕਰਦਾ ਹੈ ਤਾਂ ਚੁਗਿਰਦੇ ਦਾ ਦ੍ਰਿਸ਼ ਸਿਰਜਦੇ ਹੋਏ ਉਸਨੇ ਅਤਿ ਗਰਮ ਮੌਸਮ ਵਿੱਚ ਚੱਲੇ ਧੂੜ੍ਹ ਭਰੇ ਝੱਖੜ ਦਾ ਜ਼ਿਕਰ ਇਸ ਪ੍ਰਕਾਰ ਕੀਤਾ ਹੈ:

> ‘ਲਗਦਾ ਹਨੇਰੀ ਮੱਠੀ ਪੈ ਗਈ ਏ।’ ਅੱਗੇ ਵਧ ਦਰਵਾਜ਼ੇ ਦੀ ਚਿਟਕਣੀ ਖੋਲ੍ਹ ਅਮਨ ਨੇ ਬਾਹਰ ਗੈਲਰੀ ਵਿੱਚ ਪੈਰ ਰੱਖਿਆ ਤਾਂ ਹਨ੍ਹੇਰੀ ਦੁਆਰਾ ਅਸਮਾਨੀ ਚੜ੍ਹੀ ਗਰਦ ਦੇ ਵਿੱਚੋਂ ਲੰਘ ਕੇ ਆਇਆ ਗਰਮ ਹਵਾ ਦਾ ਬੁੱਲਾ ਉਸਦੇ ਚਿਹਰੇ ਨਾਲ਼ ਟਕਰਾਇਆ ਤਾਂ ਉਸਨੂੰ ਲੱਗਿਆ ਜਿਵੇਂ ਕਿਸੇ ਨੇ ਤੱਤੇ ਰੇਤੇ ਦੀ ਲੱਪ ਭਰ ਉਸ ਵੱਲ ਵਗਾਹ ਮਾਰੀ ਹੋਵੇ। ਅਮਨ ਨੇ ਆਪਣੀਆਂ ਅੱਖਾਂ ਘੁੱਟ ਕੇ ਮੀਚੀਆਂ ਤਾਂ ਰੇਤੇ ਦੇ ਬਰੀਕ ਕਣ ਇਉਂ ਰੜਕੇ ਜਿਵੇਂ ਕਿਸੇ ਨੇ ਉਸ ਦੀਆਂ ਅੱਖਾਂ ਵਿੱਚ ਮਿਰਚਾਂ ਧੂੜ ਦਿੱਤੀਆਂ ਹੋਣ(8)

ਮੂਲ ਰੂਪ ਵਿੱਚ ਮਕੈਨੀਕਲ ਇੰਜਨੀਅਰ ਅਤੇ ਵਿਖਿਆਤ ਪੰਜਾਬੀ ਸਾਹਿਤਕਾਰ ਡਾ. ਕੁਲਦੀਪ ਸਿੰਘ ਧੀਰ ਨੇ ਆਪਣੇ ਨਿਬੰਧ 'ਪੌਣਾਂ ਵਿੱਚ ਘੁਲ ਰਿਹਾ ਜ਼ਹਿਰ' ਅਧੀਨ ਵਾਯੂ ਪ੍ਰਦੂਸ਼ਣ ਦੇ ਕਾਰਨਾਂ, ਕੁਪ੍ਰਭਾਵਾਂ ਅਤੇ ਸਮਾਧਾਨਾਂ ਦੀ ਪੇਸ਼ਕਾਰੀ ਕਰਦੇ ਹੋਏ ਇਹ ਬਿਆਨ ਕੀਤਾ ਗਿਆ ਹੈ ਕਿ ਪ੍ਰਦੂਸ਼ਣ ਦੀ ਕਿਸਮ ਕੋਈ ਵੀ ਹੋਵੇ ਉਸ ਬਾਰੇ ਜਾਗਰੂਕਤਾ ਦਾ ਫੈਲਾਓ ਹੀ ਵਾਤਾਵਰਨਿਕ ਪ੍ਰਦੂਸ਼ਣ ਨੂੰ ਨਿਯੰਤ੍ਰਿਤ ਕਰਨ ਦੀ ਸਭ ਤੋਂ ਪਹਿਲੀ ਪੌੜੀ ਹੈ:

> ਏਅਰ ਕੰਡੀਸ਼ਨਰਾਂ ਤੇ ਫਰਿੱਜਾਂ ਵਿੱਚੋਂ ਨਿਕਲੇ ਕਲੋਰੋਫਲੋਰੋ ਕਾਰਬਨ ਓਜ਼ੋਨ ਪਰਤ ਨੂੰ ਤਬਾਹ ਕਰ ਰਹੇ ਹਨ। ਇਸ ਨਾਲ ਅੰਧਰਾਤਾ, ਕੁਕਰੇ, ਚਮੜੀ ਦਾ ਕੈਂਸਰ ਜਿਹੀਆਂ ਬੀਮਾਰੀਆਂ ਵਿੱਚ ਵਾਧਾ ਹੋ ਰਿਹਾ ਹੈ। ਕਾਰਖ਼ਾਨਿਆਂ ਦੀ ਕਾਬਨ ਡਾਇਆਕਸਾਈਡ ਗੈਸ, ਗਰੀਨ ਹਾਊਸ ਪ੍ਰਭਾਵ ਨਾਲ ਧਰਤੀ ਦਾ ਤਾਪਮਾਨ ਨਿਰੰਤਰ ਵਧ ਰਿਹਾ ਹੈ। ਵਧ ਰਹੇ ਤਾਪਮਾਨ ਨਾਲ ਸਮੁੰਦਰਾਂ ਦੇ ਪਾਣੀ ਦਾ ਲੈਵਲ ਨਿਰੰਤਰ ਉੱਚਾ ਹੋ ਰਿਹਾ ਹੈ। ਪੌਣਾਂ ਦਾ ਜ਼ਹਿਰ ਤਾਂ ਅਸੀਂ ਪੀ ਹੀ ਰਹੇ ਹਾਂ ਇਸ ਦੇ ਸੇਕ ਨਾਲ ਪਹਾੜਾਂ ਤੇ ਧਰੁਵਾਂ ਦੀ ਬਰਫ਼ ਵੀ ਪਿਘਲਣ ਲੱਗੀ ਹੈ(18)

ਵਾਤਾਵਰਨ ਵਿੱਚ ਵਾਯੂ ਪ੍ਰਦੂਸ਼ਣ ਦੇ ਖੇਤਰ ਵਿੱਚ ਕੁਝ ਹੋਰ ਪ੍ਰਕਾਰ ਦੇ ਪ੍ਰਦੂਸ਼ਣ ਜਿਵੇਂ ਆਲਮੀ ਤਪਸ਼, ਓਜ਼ੋਨ ਪਰਤ ਦਾ ਸੰਕਟ, ਪੁਲਾੜੀ ਪ੍ਰਦੂਸ਼ਣ ਆਦਿ ਵੀ ਸ਼ਾਮਿਲ ਕੀਤੇ ਜਾਂਦੇ ਹਨ। ਡਾ. ਡੀ.ਪੀ. ਸਿੰਘ ਦਾ ਨਿਬੰਧ 'ਪੁਲਾੜੀ ਪ੍ਰਦੂਸ਼ਣ' ਅਧੀਨ ਇਹ ਦੱਸਿਆ ਗਿਆ ਹੈ ਕਿ ਪੁਲਾੜ ਰਾਕਟਾਂ ਵਿੱਚੋਂ ਸੁੱਟੇ ਜਾਂਦੇ ਕੂੜੇ-ਕਰਕਟ ਦੇ ਅੰਸ਼, ਟੁੱਟ-ਭੰਨ, ਤੇ ਇੱਥੋਂ ਤੱਕ ਕਿ ਪੁਲਾੜ ਵਿੱਚ ਰਾਕਟ ਭੇਜਣ ਸਮੇਂ ਵੀ ਬਹੁਤ ਜ਼ਿਆਦਾ ਪ੍ਰਦੂਸ਼ਣ ਪੈਦਾ ਹੁੰਦਾ ਹੈ। ਡਾ. ਡੀ.ਪੀ. ਸਿੰਘ ਜਾਣਕਾਰੀ ਪ੍ਰਦਾਨ ਕਰਦੇ ਹਨ ਕਿ:

> ਬਾਹਰੀ ਪੁਲਾੜ ਵਿੱਚ ਭੇਜੇ ਜਾ ਰਹੇ ਰਾਕਟ ਵੀ ਪੁਲਾੜੀ ਪ੍ਰਦੂਸ਼ਣ ਵਿੱਚ ਵਾਧਾ ਕਰਦੇ ਹਨ। ਸ਼ਟਲ ਨੂੰ ਪੁਲਾੜ ਵੱਲ ਭੇਜਣ ਦਾ ਦ੍ਰਿਸ਼ ਬੇਸ਼ੱਕ ਬਹੁਤ ਸੁੰਦਰ ਹੁੰਦਾ ਹੈ, ਪ੍ਰੰਤੂ ਇਸ ਸ਼ਟਲ ਦੀ ਨਿਕਾਸ ਨਾਲੀ ਵਿੱਚੋਂ ਨਿਕਲਦੀਆਂ ਲਾਟਾਂ ਨਾਲ ਸ਼ਟਲ ਦੇ ਪੁਲਾੜ ਵੱਲ ਭੇਜਣ ਵਾਲੇ ਸਥਾਨ ਤੋਂ ਲੈ ਕੇ 10 ਕਿਲੋਮੀਟਰ ਦੀ ਦੂਰੀ ਤੱਕ ਇਕ ਖ਼ਾਸ ਧੂੜ੍ਹ ਬਿਖਰ ਜਾਂਦੀ ਹੈ। ਇਸ ਧੂੜ੍ਹ ਦੀ ਤਾਸੀਰ ਬਹੁਤ ਵਧੇਰੇ

ਮਾਤਰਾ ਵਿੱਚ ਤੇਜ਼ਾਬੀ ਹੁੰਦੀ ਹੈ ਅਤੇ ਇਹ ਜੀਵਾਂ ਦੀਆਂ ਅੱਖਾਂ ਵਿੱਚ ਰੜਕ ਪੈਦਾ ਕਰਦੀ ਹੈ ਤੇ ਉਨ੍ਹਾਂ

ਦੀਆਂ ਸਾਹ ਨਾਲੀਆਂ ਵਿੱਚ ਖ਼ਰਾਸ਼ ਪੈਦਾ ਕਰਨ ਦਾ ਕਾਰਨ ਬਣਦੀ ਹੈ(45)

**ਜੰਗਲੀ ਜੀਵ ਜਗਤ ਲਈ ਸੰਕਟ:** ਇਸ ਅੰਗ ਅਧੀਨ ਜੰਗਲਾਂ ਦੀ ਤਬਾਹੀ ਕਰਕੇ ਪੈਦਾ ਹੋਏ ਜੰਗਲੀ ਜੀਵਾਂ ਦੇ ਵਸੇਬੇ ਦਾ ਉਤਪੰਨ ਹੋਇਆ ਸੰਕਟ, ਜੈਵਿਕ, ਵਿੰਭਿੰਨਤਾ, ਜਲਗਾਹਾਂ ਦੀ ਨਿੱਘਰਦੀ ਸਥਿਤੀ ਅਤੇ ਖ਼ਤਰੇ ਵਿੱਚ ਪਈਆਂ ਅਨੇਕਾਂ ਪ੍ਰਜਾਤੀਆਂ ਨਾਲ ਸੰਬੰਧਿਤ ਸਮੱਸਿਆਵਾਂ ਦਾ ਜ਼ਿਕਰ ਕਰਨਾ ਬਣਦਾ ਹੈ। 'ਕਣ-ਕਾਇਨਾਤ' ਸੰਗ੍ਰਿਹ ਅੰਦਰ ਪਰਿਹਾਰ ਨੇ 'ਸੀਡਲੈੱਸ ਗਰੇਪਸ' ਨਾਮੀ ਕਵਿਤਾ ਅੰਦਰ ਲੁਪਤ ਹੋ ਚੁੱਕੀਆਂ ਅਤੇ ਹੋ ਜਾਣ ਦੇ ਕਾਗਾਰ ਉੱਤੇ ਪੁੱਜ ਚੁੱਕੀਆਂ ਜੀਵਾਂ ਦੀਆਂ ਪ੍ਰਜਾਤੀਆਂ ਬਾਰੇ ਚਿੰਤਾ ਪ੍ਰਗਟ ਕਰਦੇ ਹੋਏ ਸੀਡਲੈੱਸ ਅੰਗੂਰ ਦੇ ਮੁੱਖੋਂ ਮਨੁੱਖ ਨੂੰ ਚੇਤਾਇਆ ਹੈ। ਇਸ ਸੰਵੇਦਨਸ਼ੀਲ ਕਵਿਤਾ ਵਿੱਚ ਮਨੁੱਖ ਦੀਆਂ ਕੁਤਾਈਆਂ ਕਰਕੇ ਖ਼ਤਰੇ ਵਿੱਚ ਪੈ ਰਹੇ ਬਨਸਪਤੀ ਜਗਤ ਤੇ ਜੈਵਿਕ ਜਗਤ ਦੀਆਂ ਸਮੱਸਿਆਵਾਂ ਦਾ ਉਲੇਖ ਕੀਤਾ ਗਿਆ ਹੈ। ਵਿਸ਼ੇਸ਼ ਧਿਆਨ ਦੀਆਂ ਲਖਾਇਕ ਕਵਿਤਾ ਦੀਆਂ ਸਤਰਾਂ ਪੇਸ਼ ਹਨ:

ਖਾਓ ! ਮਜ਼ੇ ਉੜਾਓ-

ਮੈਂ ਆਖ਼ਰੀ ਹਾਂ

ਮੁਕਤੀ ਮੋਕਸ਼ ਮਿਲ਼ਣ ਵਾਲਾ ਮੈਨੂੰ

ਅੰਤਲਾ ਕੁਲ-ਦੂਤ ਸ਼ੁਕਰ ਮੈਂ ਆਖ਼ਰੀ ਹਾਂ

ਬੀਅ ਨਹੀਂ ਸੁੱਖ ਨਾ' ਸਾਖ ਨਾ ਹੁਣ ਕੁਲ ਬਚੂ ਵੰਸ਼-ਬਿਰਛ ਮੇਰਾ ਜਿਉਣ

ਦਾਇਨਾਸੁਰ ਸਤਰੰਗੀ ਅਫ਼ਰੀਕਨ ਤਿਤਲੀ ਐਮੇਜ਼ਨ ਦੀ ਸੁਨਹਿਰੀ ਪਿੱਦੀ ਚਿੜੀ(53)

'ਜਲਗਾਹਾਂ ਦੀ ਸਾਂਭ-ਸੰਭਾਲ' ਸਿਰਲੇਖ ਅਧੀਨ ਰਚੇ ਗਏ ਨਿਬੰਧ ਵਿੱਚ ਡਾ. ਡੀ.ਪੀ. ਸਿੰਘ ਨੇ ਜਲ-ਗਾਹਾਂ ਦਾ ਚੁਗਿਰਦੇ ਲਈ ਮਹੱਤਵ ਉਲੀਕਦੇ ਹੋਏ ਜਲ-ਜੀਵਾਂ ਤੇ ਪੰਛੀਆਂ ਪ੍ਰਤੀ ਇਹਨਾਂ ਦੇ ਯੋਗਦਾਨ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਜਲਗਾਹਾਂ ਵਿੱਚ ਤੇ ਉਹਨਾਂ ਦੇ ਲਾਗਲੇ ਖੇਤਰਾਂ ਵਿੱਚ ਗਾਰ ਅਤੇ ਕੂੜਾ-ਕਰਕਟ ਦੇ ਜਮ੍ਹਾ ਹੋਣ ਨਾਲ ਇਹ ਪ੍ਰਦੂਸ਼ਿਤ ਹੋ ਜਾਂਦੀਆਂ ਹਨ। ਸੈਰ-ਸਪਾਟੇ ਵਜੋਂ ਵਿਕਸਿਤ ਹੋਣ ਕਰਕੇ ਸੈਲਾਨੀ ਇਹਨਾਂ

ਖੇਤਰਾਂ ਵਿੱਚ ਕੂੜਾ ਸੁੱਟ ਜਾਂਦੇ ਹਨ, ਜਿਸ ਨਾਲ ਜਲਗਾਹਾਂ ਦਾ ਕੁਦਰਤੀ ਸਮਤੋਲ ਵਿਗੜ ਜਾਂਦਾ ਹੈ। ਇਸ ਸੰਬੰਧੀ ਹਵਾਲਾ ਇਸ ਪ੍ਰਕਾਰ ਦਿੱਤਾ ਗਿਆ ਹੈ:

> ਜਲਗਾਹਾਂ ਦੇ ਖੇਤਰਾਂ ਦਾ ਸ਼ਹਿਰੀਕਰਣ ਰੋਕਣਾ ਅਤਿ ਜ਼ਰੂਰੀ ਹੈ। ਇਨ੍ਹਾਂ ਖੇਤਰਾਂ ਵਿਖੇ ਵੱਧ ਤੋਂ ਵੱਧ ਦਰੱਖਤਾਂ ਦਾ ਲਗਾਉਣਾ ਸਾਡੇ ਰਾਜ ਦੀ ਜੈਵਿਕ ਵਿਭਿੰਨਤਾ ਕਾਇਮ ਰੱਖਣ ਵਿੱਚ ਮੱਦਦ ਕਰ ਸਕਦਾ ਹੈ। ਜਲਗਾਹਾਂ ਦੇ ਕਿਨਾਰੇ ਪੱਕੇ ਕਰਨ, ਵਿਸ਼ੇਸ਼ ਵਾੜ ਲਗਾਉਣ ਤੇ ਕੂੜੇ-ਕਰਕਟ ਤੋਂ ਇਨ੍ਹਾਂ ਨੂੰ ਮੁਕਤ ਰੱਖਣ ਨਾਲ ਅਸੀਂ ਇਨ੍ਹਾਂ ਖੇਤਰਾਂ ਦੀ ਸਹੀ ਸਾਂਭ-ਸੰਭਾਲ ਕਰਦੇ ਹੋਏ ਦੇਸ਼ ਦੀ ਇਸ ਅਨਮੋਲ ਸੰਪਤੀ ਨੂੰ ਖ਼ਰਾਬ ਹੋਣ ਤੋਂ ਬਚਾ ਸਕਦੇ ਹਾਂ ਅਤੇ ਇਹ ਹੈ ਵੀ ਅਜੋਕੇ ਸਮੇਂ ਦੀ ਅਹਿਮ ਲੋੜ(116)

**ਸ਼ੋਰ ਪ੍ਰਦੂਸ਼ਣ**: ਭੌਤਿਕ ਵਾਤਾਵਰਨ ਦੇ ਪ੍ਰਸੰਗ ਦੀ ਵਿਚਾਰ ਕਰਦਿਆਂ ਵਿਭਿੰਨ ਪ੍ਰਕਾਰ ਦੇ ਪ੍ਰਦੂਸ਼ਣਾਂ ਵਿੱਚ ਸ਼ੋਰ ਪ੍ਰਦੂਸ਼ਣ ਨੂੰ ਗੌਣ ਸਥਾਨ ਪ੍ਰਾਪਤ ਹੁੰਦਾ ਹੈ। ਇਸ ਪਿੱਛੇ ਕਈ ਕਾਰਨ ਹੋ ਸਕਦੇ ਹਨ। ਪਹਿਲਾ ਤੇ ਵਿਸ਼ੇਸ਼ ਕਾਰਨ ਤਾਂ ਹੈ ਕਿ ਧੁਨੀ ਜਾਂ ਆਵਾਜ਼ੀ ਪ੍ਰਦੂਸ਼ਣ ਨਜ਼ਰ ਨਹੀਂ ਆਉਂਦਾ ਕੇਵਲ ਪ੍ਰਭਾਵ ਪਾਉਂਦਾ ਹੈ। ਹਰੇਕ ਸੁਣਦੀ ਆਵਾਜ਼ ਬਾਰੇ ਆਮ ਤੌਰ 'ਤੇ ਇਹ ਅੰਦਾਜ਼ਾ ਲਗਾਉਣਾ ਔਖਾ ਹੋ ਜਾਂਦਾ ਹੈ ਕਿ ਕੰਨੀ ਪੈ ਰਹੀ ਆਵਾਜ਼ ਸੁਰੱਖਿਅਤ ਹੈ ਜਾਂ ਫਿਰ ਨੁਕਸਾਨਦਾਇਕ? ਇਸ ਤੋਂ ਇਲਾਵਾ ਆਵਾਜ਼ੀ ਪੱਧਰ ਦੀ ਉਚਤਾ ਵਾਲੇ ਸ਼ੋਰ ਦੇ ਸੰਪਰਕ ਵਿੱਚ ਥੋੜ੍ਹੇ ਸਮੇਂ ਲਈ ਜਾਂ ਲੰਬੀ ਅਵਧੀ ਲਈ ਰਹਿਣ ਨਾਲ ਅੱਡ-ਅੱਡ ਪ੍ਰਭਾਵ ਵੇਖੇ ਜਾ ਸਕਦੇ ਹਨ।

ਵਰਿੰਦਰ ਪਰਿਹਾਰ ਅਤੇ ਮਨਮੋਹਨ ਸਿੰਘ ਦਾਊਂ ਹੁਰਾਂ ਨੂੰ ਜਿੱਥੇ ਆਪਣੇ ਕਾਵਿ ਵਿੱਚ ਚਿੜੀਆਂ ਦੀ ਚਿਹੁੰ-ਚਿਹੁੰ, ਬੀਂਡੇ ਦੀ ਤੇ ਘਾਹ ਟਿੱਡੇ ਦੀ ਆਵਾਜ਼ ਮਨਮੋਹਕ ਲੱਗਦੀ ਹੈ. ਉੱਥੇ ਰਾਣਾ ਨੂੰ ਰੁੱਖ ਵੱਢਣ ਵਾਲੇ, ਆਦਮੀ ਵੱਡੇ-ਵੱਡੇ ਬਿਜਲਈ ਆਰੇ ਘਾਤਕ ਲੱਗਦੇ ਹਨ। ਇੱਕ ਪਾਸੇ ਜਿੱਥੇ ਦੀਦਾਰਗੜ੍ਹ ਨੇ ਕੰਨ-ਪਾੜਵੀਆਂ ਡੀ.ਜੇ ਦੀਆਂ ਧੁਨਾਂ, ਉਦਯੋਗੀ ਆਵਾਜਾਂ ਅਤੇ ਆਵਾਜਾਈ ਸਾਧਨਾਂ ਦੇ ਹਾਰਨਾਂ ਨੂੰ ਦਿਲ ਕੰਬਾਊ ਬਿਆਨ ਕੀਤਾ ਹੈ, ਉੱਥੇ ਡਾ. ਡੀ.ਪੀ ਸਿੰਘ ਨੇ ਵਿਗਿਆਨਿਕ ਤੱਥਾਂ ਨਾਲ ਭਰਪੂਰ ਨਿਬੰਧ ਵਿੱਚ ਸ਼ੋਰ ਪ੍ਰਦੂਸ਼ਣ ਦੇ ਕਾਰਕਾਂ, ਸਿਹਤ 'ਤੇ ਪੈਂਦੇ ਇਸ ਦੇ ਮਾੜੇ ਪ੍ਰਭਾਵਾਂ ਅਤੇ ਇਸ ਸੰਬੰਧੀ ਉੱਚਿਤ ਸਮਾਧਾਨਾਂ ਨੂੰ ਪੇਸ਼ ਕੀਤਾ ਹੈ। 'ਕਹਾਣੀ

ਸਾਹਾਂ 'ਚ ਘੁਲੀ ਮੌਤ' ਅੰਦਰ ਧਾਰਮਿਕ ਸਥਾਨਾਂ,ਚੋਣ ਪ੍ਰਚਾਰਾਂ ਅਤੇ ਪਟਾਕਿਆਂ ਦੁਆਰਾ ਹੁੰਦੇ ਸ਼ੋਰ ਪ੍ਰਦੂਸ਼ਣ ਦਾ ਹਵਾਲਾ ਇਸ ਪ੍ਰਕਾਰ ਦਿੱਤਾ ਗਿਆ ਹੈ:

> ਪਟਾਕ.....ਪਟਾਕ.. ਠਾਹ....ਠਾਹ ....ਹਾਏ ਰੱਬਾ, ਨਾ ਮੇਰੀ ਗੱਲ ਸੁਣਨੀ ਹੈ....ਨਾ ਸੁਣਨ ਦੇਣੀ ਹੈ...ਬਸ ਹਰ ਪਾਸੇ ਦਿਨ ਰਾਤ ਰੌਲਾ ਪ੍ਰਦੂਸ਼ਣ ....ਸ਼ੋਰ..(157)

ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' ਦੇ ਪੰਦਰਵੇਂ ਕਾਂਡ ਵਿੱਚ ਖੋਜੀ ਆਪਣੀ ਮੰਗੇਤਰ ਨੀਤੀ ਨੂੰ ਫੋਨ 'ਤੇ ਇੱਕ ਫੋਟੋ ਸੰਦੇਸ਼ ਭੇਜਦਾ ਹੈ, ਜਿਸ ਵਿੱਚ ਨਿਰੰਤਰ ਸ਼ੋਰ ਪ੍ਰਦੂਸ਼ਣ ਵਿੱਚ ਰਹਿਣ ਵਾਲੇ ਲੋਕਾਂ ਦੀ ਸੁਣਨ-ਸ਼ਕਤੀ ਉੱਤੇ ਮਨਫੀ ਪ੍ਰਭਾਵ ਹੋਇਆ ਇਸ ਪ੍ਰਕਾਰ ਵਿਖਾਇਆ ਗਿਆ ਹੈ:

> ਖੋਜੀ ਨੇ ਵੱਟਸਐਪ 'ਤੇ ਇੱਕ ਗਰੁੱਪ-ਫੋਟੋ ਭੇਜੀ ਹੈ। ਉਸ ਵਿੱਚ ਬਹੁਤ ਸਾਰੇ ਲੋਕ ਕੰਨਾਂ ਨੂੰ ਸੁਣਨ ਵਾਲੀਆਂ ਮਸ਼ੀਨਾਂ ਲਾਈ ਖੜ੍ਹੇ ਹਨ। ਫੋਟੋ ਦੇ ਹੇਠਾਂ ਇੱਕ ਸਤਰ ਲਿਖੀ ਹੋਈ ਹੈ: ਪਰੈਸ਼ਰ ਹਾਰਨ ਵੱਜਣ ਕਾਰਨ ਇਹਨਾਂ ਲੋਕਾਂ ਨੂੰ ਉੱਚਾ ਸੁਣਨ ਲੱਗਾ ਹੈ। ਫੋਟੋ ਵੇਖ ਕੇ ਮੈਂ ਮਾਂ ਦੇ ਕੰਨਾਂ ਵੱਲ ਵੇਖਣ ਲੱਗੀ ਹਾਂ, ਉਸ ਨੂੰ ਵੱਡੀ ਉਮਰ ਵਿੱਚ ਵੀ ਸਾਫ਼ ਸੁਣਾਈ ਦਿੰਦਾ ਹੈ।(79)

ਵਰਿੰਦਰ ਪਰਿਹਾਰ ਦੀ ਕਵਿਤਾ ਜਿੱਥੇ ਚਿੜੀਆਂ ਦੀ ਚਿਰ੍ਹੁੰ-ਚਿਰ੍ਹੁੰ ਅਤੇ ਕਲ-ਕਲ ਕਰਦੇ ਪਾਣੀ ਦੀ ਧੁਨ ਨੂੰ ਮਨਮੋਹਕ ਮੰਨਦੀ ਹੈ ਉੱਥੇ ਜੰਗਲੀ ਆਰਿਆਂ ਦੇ ਤਾਮ-ਝਾਮ ਨੂੰ ਨਿਰਾ ਬੇਸੁਆਦਾ ਸ਼ੋਰ ਕਰਾਰ ਦਿੰਦੀ ਹੈ। ਸੰਘਣੇ ਛਾਂ ਦਾਰ ਰੁੱਖਾਂ ਨੂੰ ਵੱਢੇ ਜਾਣ ਨਾਲ ਉਹਨਾਂ ਰੁੱਖਾਂ ਉੱਤੇ ਆਬਾਦ ਅਨੇਕਾਂ ਪੰਛੀ ਅਤੇ ਜੀਵ-ਜੰਤੂ ਘਰੋਂ ਬੇਘਰ ਹੋ ਜਾਂਦੇ ਹਨ। ਇਸੇ ਪ੍ਰਸੰਗ ਵਿੱਚ ਕਵਿਤਾ 'ਜਿਉਂ-ਦ-ਤਿਉਂ' ਦਿੜ੍ਹ ਕਰਵਾਉਂਦੀ ਹੈ:

> ਕੁਹਰਾਮ ਮਚਿਆ
>
> ਪੰਛੀ ਜੰਗਲ ਛੱਡ ਉੱਡੇ
>
> ਰੁੱਖਾਂ ਨੂੰ ਵਿਚਕਾਰੋਂ ਉਹਨਾਂ ਰੱਸੇ ਪਾਏ
>
> ਥੱਲੇ ਜੜ੍ਹਾਂ ਕੋਲ ਬਿਜਲੀ ਆਰੇ ਚਲਾਏ(167)

**ਬਿਜਲੀ-ਚੁੰਬਕੀ ਪ੍ਰਦੂਸ਼ਣ**: ਇਲੈਕਟ੍ਰੋਨਿਕ ਉਪਕਰਨਾਂ ਬਿਜਲੀ-ਚੁੰਬਕੀ ਪ੍ਰਭਾਵ ਜੇਕਰ ਨਿਰੰਤਰ ਹੋਵੇ ਅਤੇ ਵਧੇਰੇ ਮਾਤਰਾ ਵਿੱਚ ਹੋਵੇ, ਤਾਂ ਇਹ ਨਾ ਕੇਵਲ ਮਨੁੱਖਾਂ ਸਗੋਂ ਜੀਵ-ਜੰਤੂਆਂ ਲਈ ਵੀ ਘਾਤਕ ਸਿੱਧ ਹੁੰਦਾ ਹੈ। ਮੋਬਾਇਲ ਸਿਗਨਲ ਦੇ ਮੀਨਾਰਾਂ ਦੇ ਆਲੇ-ਦੁਆਲੇ ਦਾ ਘੇਰਾ ਬਿਜਲੀ-ਚੁੰਬਕੀ ਪ੍ਰਭਾਵ ਦਾ ਇੱਕ ਤਰ੍ਹਾਂ ਨਾਲ ਸਿਖ਼ਰ ਹੀ ਹੁੰਦਾ ਹੈ। ਇਸ ਨਾਲ ਪੰਛੀਆਂ, ਜਨੌਰਾਂ ਅਤੇ ਮਨੁੱਖਾਂ ਦੀ ਸਿਹਤ ਉੱਤੇ ਬੁਰਾ ਪ੍ਰਭਾਵ ਪੈਂਦਾ ਹੈ। ਚਿੜੀਆਂ ਦਾ ਪਿੱਛੇ ਜਿਹੇ ਪਿੰਡਾਂ/ਸ਼ਹਿਰਾਂ ਵਿੱਚੋਂ ਗਾਇਬ ਹੋ ਜਾਣ ਦਾ ਕਾਰਨ ਵੀ ਇਹੋ ਮੋਬਾਇਲ ਟਾਵਰ ਹੀ ਦੱਸੇ ਗਏ ਸਨ। ਇਹਨਾਂ ਤੋਂ ਬਿਨਾਂ ਕੰਪਿਊਟਰਾਂ, ਲੇਜ਼ਰ-ਮਸ਼ੀਨਾਂ, ਐਕਸ-ਰੇ-ਮਸ਼ੀਨਾਂ ਅਤੇ ਹੋਰ ਕਈ ਉਦਯੋਗਿਕ ਉਪਕਰਨ ਵੱਡੀ ਮਾਤਰਾ ਦੀਆਂ ਘਾਤਕ ਰੈਡਏਸ਼ਨਾਂ ਛੱਡਦੇ ਹਨ। ਇਸ ਦੇ ਫ਼ਲਸਰੂਪ ਦਿਮਾਗੀ ਅਸੰਤੁਲਨ, ਫੇਫੜਿਆਂ ਦੇ ਰੋਗ ,ਸਾਹ ਦੇ ਰੋਗ, ਅੱਖਾਂ ਅਤੇ ਕੰਨ ਦੇ ਰੋਗ ਉਪਜਦੇ ਹਨ। ਸੀ.ਪੀ. ਕੰਬੋਜ਼ ਨੇ ਆਪਣੇ ਨਿਬੰਧ ਵਿੱਚ ਬਿਜਲੀ-ਚੁੰਬਕੀ ਪ੍ਰਦੂਸ਼ਣ ਵਾਲੀਆਂ ਵਿਕਰਨਾਂ ਬਾਰੇ ਵਿਸਤਾਰ ਵਿੱਚ ਜਾਣਕਾਰੀ ਦਿੱਤੀ ਹੈ:

> ਸੰਚਾਰ ਸਿਗਨਲਾਂ ਨੂੰ ਪਕੜਨ ਵਾਲੇ ਡਿਸ਼ ਐਨਟੀਨੇ ,ਮਿਲਟਰੀ ਦੇ ਸਾਜੋ ਸਮਾਨ ਨੂੰ ਸਥਾਪਤ ਕਰਨ ਵਾਲੇ ਯੰਤਰ , ਹਵਾਈ ਅੱਡਿਆਂ ਉੱਤੇ ਹਵਾਈ ਜਹਾਜਾਂ ਦੀ ਦੂਰੀ ,ਉਚਾਈ ਅਤੇ ਰਫ਼ਤਾਰ ਆਦਿ ਦਾ ਪਤਾ ਲਗਾਉਣ ਵਾਲੇ ਰਾਡਾਰ, ਸਨੱਅਤਾਂ ਵਿੱਚ ਵਰਤੀਆਂ ਜਾਣ ਵਾਲੀਆਂ ਭਾਰੀ ਭਰਕਮ ਮਸ਼ੀਨਾਂ ਆਦਿ ਵੀ ਬਿਜਲ-ਚੁੰਬਕੀ ਤਰੰਗਾਂ ਦੇ ਸ੍ਰੋਤ ਦਾ ਕਾਰਨ ਬਣਦੇ ਹਨ(43)

ਜਸਵੀਰ ਦੀਦਾਰਗੜ੍ਹ ਨੇ ਵੀ 'ਕਹਾਣੀ ਸਾਹਾਂ 'ਚ ਘੁਲੀ ਮੌਤ' ਦੁਆਰਾ ਪਿੰਡ ਦਾ ਮਾਨਵੀਕਰਨ ਕਰਕੇ ਉਸ ਦੇ ਮੂੰਹੋਂ ਵਾਤਾਵਰਨ ਪ੍ਰਦੂਸ਼ਣ  ਦੇ ਸੰਤਾਪ ਅਖਵਾਏ ਹਨ। ਪਿੰਡ ਕਹਾਣੀਕਾਰ ਨੂੰ ਦੱਸਦਾ ਹੈ ਕਿ ਸਿਰਫ ਸ਼ਹਿਰ ਹੀ ਨਹੀਂ, ਸਗੋਂ ਪਿੰਡ ਵੀ ਚੁਫੇਰਿਉਂ ਪ੍ਰਦੂਸ਼ਣ ਦਾ ਅੱਡਾ ਬਣਦੇ ਜਾ ਰਹੇ ਹਨ। ਸਰਕਾਰਾਂ ਦੀ ਸੁਸਤੀ ਨੂੰ ਆਰੋਪਿਤ ਕਰਨ ਤੋਂ ਪਹਿਲਾਂ ਨਿੱਜੀ ਵਰਤਾਰਿਆਂ ਨੂੰ ਵੀ ਵਾਚ ਲੈਣਾ ਜ਼ਰੂਰੀ ਹੁੰਦਾ ਹੈ। ਮੋਬਾਇਲਾਂ ਦੀਆਂ ਤਰੰਗਾਂ ਦੇ ਮਾੜੇ ਪ੍ਰਭਾਵਾਂ ਬਾਰੇ ਜ਼ਿਕਰ ਕਰਦੇ ਹੋਏ ਦੱਸਿਆ ਗਿਆ ਹੈ ਕਿ ਡੂੰਘੀ ਰਾਤ ਵਿੱਚ ਵੀ ਨੌਜਵਾਨ ਆਧੁਨਿਕ ਤਕਨਾਲੌਜੀ ਦੇ ਕਿਸ ਪ੍ਰਕਾਰ ਆਦੀ ਹੋਏ ਪਏ ਹਨ:

> ਅਜੇ ਵੀ ਬਹੁਤ ਲੋਕ ਮੋਬਾਇਲਾਂ ਨੂੰ ਚਿੰਬੜੇ ਹੋਏ ਹਨ। ਬੈਟਰੀਆਂ ਲੋਅ ਹੋਣ ਕਾਰਨ, ਰੇਡੀਏਸ਼ਨਾਂ ਮੈਨੂੰ ਕੱਚੇ ਨੂੰ ਚਬਾਉਣਾ ਚਾਹੁੰਦੀਆਂ ਨੇ। ਮੋਬਾਇਲਾਂ ਨੂੰ ਚਿੰਬੜੇ ਮਨੁੱਖ ਨੂੰ ਕੋਈ ਪਰਵਾਹ ਨਹੀਂ। ਇੱਕ-ਦੋ ਬੈਟਰੀਆਂ ਪਟਾਕਾ ਪਾਉਣ ਵਾਲੀਆਂ ਨੇ...ਟਾਵਰਾਂ ਤੋਂ ਮੈਨੂੰ ਬਹੁਤ ਡਰ ਲੱਗਦਾ ਹੈ(162)

**ਜੀਵਾਂ ਅਤੇ ਜਨੌਰਾਂ ਦਾ ਸੰਕਟ**:- ਸਹਿਜ ਵਾਤਾਵਰਨ ਦੀ ਪ੍ਰਕਿਰਿਆ ਵਿੱਚ ਜੰਗਲੀ ਜੀਵਨ ਦਾ ਵੀ ਓਹਨਾਂ ਹੀ ਮਹੱਤਵ ਹੈ ਜਿਨ੍ਹਾਂ ਕਿ ਮਨੁੱਖਾਂ, ਬਨਸਪਤੀ ਅਤੇ ਪੰਛੀਆਂ ਦਾ। ਜੈਵਿਕ ਵਿਭਿੰਨਤਾ ਦੇ ਨਸ਼ਟ ਹੋਣ ਨਾਲ ਪ੍ਰਕਿਰਤੀ ਦਾ ਸੰਤੁਲਣ ਡਗਮਗਾ ਜਾਂਦਾ ਹੈ। ਪੰਛੀਆਂ ਅਤੇ ਜਾਨਵਰਾਂ ਦੀਆਂ ਅਲੋਪ ਹੋ ਚੁੱਕੀਆਂ ਜਾਂ ਅਲੋਪ ਹੋਣ ਦੇ ਕਗਾਰ 'ਤੇ ਪੁੱਜੀਆਂ ਪ੍ਰਜਾਤੀਆਂ ਨੂੰ ਬਚਾਉਣ ਦਾ ਕੰਮ ਵੀ ਵਾਤਾਵਰਨ ਨੂੰ ਬਚਾਉਣ ਵਾਲਾ ਹੀ ਹੈ। ਜਲਗਾਹਾਂ ਦੇ ਦੂਸ਼ਿਤ ਹੋਣ ਨਾਲ ਉੱਥੇ ਵਸੇਬਾ ਕਰਦੇ ਅਨੇਕਾਂ ਜਲ-ਜੀਵ ਲੁਪਤ ਹੋ ਜਾਂਦੇ ਹਨ। ਜੰਗਲਾਂ ਦੀ ਸਫ਼ਾਈ ਕਰ ਦੇਣ ਨਾਲ ਜੰਗਲੀ ਜੀਵ ਜਾਂ ਤਾਂ ਪਲਾਇਣ ਕਰ ਜਾਂਦੇ ਹਨ ਜਾਂ ਫਿਰ ਸੁਖ਼ਾਵੇਂ ਚੁਗਿਰਦੇ ਦੀ ਅਣਹੋਂਦ ਵਿੱਚ ਹੌਲ਼ੀ-ਹੌਲ਼ੀ ਖ਼ਤਮ ਹੋ ਜਾਂਦੇ ਹਨ। ਸੁਰਜੀਤ ਤਲਵਾਰ ਨੇ ਆਪਣੇ ਨਿਬੰਧ 'ਜੈਵਿਕ-ਵਿਭਿੰਨਤਾ ਦੇ ਨਸ਼ਟ ਹੋਣ ਦਾ ਮਸਲਾ' ਅਧੀਨ ਬੜੀ ਸਖ਼ੂਮਤਾ ਨਾਲ ਇਹ ਵਿਚਾਰ ਪੇਸ਼ ਕੀਤੇ ਹਨ ਕਿ ਮਨੁੱਖ ਦੇ ਲਾਲਚ ਨੇ ਜੰਗਲੀ ਜਾਵਾਂ ਦੀ ਪ੍ਰਜਾਤੀਆਂ ਨੂੰ ਬਹੁਤ ਹੱਦ ਤੱਕ ਅਸਰ-ਅੰਦਾਜ਼ ਕੀਤਾ ਹੈ। ਇਸ ਪ੍ਰਥਾਇ ਇਹ ਦੱਸਿਆ ਗਿਆ ਹੈ ਕਿ:

> ਜੈਵਿਕ ਵਿਭਿੰਨਤਾ ਜੋ ਮਨੁੱਖ ਦੇ ਆਪਣੇ ਵਾਸਤੇ ਬੇਹੱਦ ਮਹੱਤਵਪੂਰਨ ਹੈ, ਉਸ ਨੂੰ ਸਭ ਵੱਡਾ ਖ਼ਤਰਾ ਮਨੁੱਖ ਦੀਆਂ ਸਰਗਰਮੀਆਂ ਤੋਂ ਹੀ ਪੈਦਾ ਹੋਇਆ ਹੈ। ਅਗਲੇ ਵੀਹ-ਤੀਹ ਸਾਲਾਂ ਵਿੱਚ ਲਗਭਗ ਦਸ ਲੱਖ ਦੇ ਕਰੀਬ ਜਾਤੀਆਂ ਸਮਾਪਤ ਹੋ ਸਕਦੀਆਂ ਹਨ(77)

ਜਲਗਾਹਾਂ ਦੀ ਸਾਂਭ-ਸੰਭਾਲ ਬਾਬਤ ਵਿਚਾਰ ਦਿੰਦੇ ਹੋਏ ਡਾ. ਡੀ.ਪੀ. ਸਿੰਘ ਵੀ ਇਹ ਦ੍ਰਿੜ ਕਰਵਾਉਂਦੇ ਹਨ ਕਿ ਜਲਗਾਹਾਂ ਕੁਦਰਤੀ ਸਹਿਵਾਸ ਦਾ ਅਟੁੱਟ ਅੰਗ ਹਨ। ਉਹਨਾਂ ਦਾ ਦੂਸ਼ਿਤ ਹੋਣ ਜਾਂ ਨਸ਼ਟ ਹੋਣਾ ਵਾਤਾਵਰਨ ਸੰਕਟ ਨੂੰ ਖੁੱਲ੍ਹਾ-ਸੱਦਾ ਹੈ। ਜਲਗਾਹਾਂ ਦੇ ਅਨੇਕਾਂ ਉਪਯੋਗ ਦੱਸਣ ਤੋਂ ਬਾਦ ਲੇਖਕ ਨੇ ਇਨ੍ਹਾਂ ਦੇ ਪ੍ਰਦੂਸ਼ਣ ਵੱਲ ਧਿਆਨ ਦਵਾਇਆ ਹੈ। ਇਸ ਪ੍ਰਥਾਇ ਇਹ ਵਰਣਨਯੋਗ ਹੈ ਕਿ:

ਕੂੜਾ-ਕਰਕਟ ਬਨਾਉਟੀ ਖਾਦਾਂ ਨਾਲ ਸੜੀ ਹੋਈ ਮਿੱਟੀ, ਨਦੀਨ-ਨਾਸ਼ਕਾਂ ਤੇ ਕੀਟ-ਨਾਸ਼ਕਾਂ ਨਾਲ ਲਿੱਬੜੀ ਗਾਰ, ਲਿਫ਼ਾਫ਼ੇ ਆਦਿ ਬਰਸਾਤੀ ਪਾਣੀ ਨਾਲ ਰੁੜ੍ਹ ਕੇ ਜਲਗਾਹਾਂ ਨੂੰ ਮਲੀਨ ਕਰ ਦਿੰਦੇ ਹਨ(115)

'ਕਣ-ਕਾਇਨਾਤ' ਦੇ ਕਰਤਾ ਵਰਿੰਦਰ ਪਰਿਹਾਰ ਨੇ ਬਹੁਤ ਸਾਰੇ ਹਾਸ਼ੀਆ-ਗਤ ਜੀਵ-ਜੰਤੂ ਅਤੇ ਫਲ਼-ਫੁੱਲ ਗਿਣਾਏ ਹਨ; ਜਿਹੜੇ ਮਨੁੱਖੀ ਬੇਕਦਰੀਆਂ ਕਰਕੇ ਵਰਤਮਾਨ ਵਿੱਚੋਂ ਮਨਫ਼ੀ ਹੁੰਦੇ ਹੋਏ ਅਤੀਤ ਦਾ ਅੰਸ਼ ਬਣਨ ਜਾ ਰਹੇ ਹਨ। ਸੀਡਲੈੱਸ ਗਰੇਪਸ', 'ਸਦੀ 'ਚੋਂ ਬਾਹਰ' ਅਤੇ 'ਨੀਲਾ ਘਾਹ ਹਰਾ ਅਸਮਾਨ' ਕੁਝ ਅਜਿਹੀਆਂ ਵਿਸ਼ੇਸ ਕਵਿਤਾਵਾਂ ਹਨ, ਜਿਹਨਾਂ ਵਿੱਚ ਮਨੁੱਖੀ ਕਾਰਿਆਂ ਕਰਕੇ ਬਦ-ਦਸਤੂਰ ਹੁੰਦੇ ਵਾਤਾਵਰਨ ਦੇ ਨਾਲ-ਨਾਲ ਖ਼ੁਦ ਮਨੁੱਖ ਦਾ ਵੀ ਭਵਿੱਖ ਧੁੰਦਲਾ ਵਿਖਾਇਆ ਗਿਆ ਹੈ। ਮਿਸਾਲ ਲਈ ਕੁਝ ਸਤਰਾਂ ਵਰਣਨਯੋਗ ਹਨ:

ਖਾਓ! ਮਜ਼ੇ ਉੜਾਓ-

ਮੈਂ ਆਖ਼ਰੀ ਹਾਂ

ਸੀਡਲੈੱਸ ਗਰੇਪ!(54)

ਹੱਡੀ ਇਕ ਲੰਮੀ

ਉੱਤੇ ਆਂਦਰ ਇੱਕ ਚਿਪਕੀ ਸੁੱਕੀ ਸੜੀ

ਤੇ ਫੁੱਲ ਸੁੱਕਾ ਬੱਧਾ ਇੱਕ ਸਿਰੇ

-ਇਹ ਮੈਂ ਸੀ।(72)

ਬੰਦੇ ਨੂੰ ਦਾਇਨਾਸੁਰ ਹੋਇਆ

ਪੂਰਾ ਇੱਕ ਹਜ਼ਾਰਾ

ਬੀਤ ਚੁੱਕਿਆ ਸੀ।(230)

**ਆਲਮੀ ਤਪਸ਼:-** ਵਿਭਿੰਨ ਕਿਰਿਆਵਾਂ ਅਤੇ ਘਟਨਾਵਾਂ ਕਰਕੇ ਸਮੁੱਚੀ ਧਰਤੀ ਦਾ ਤਾਪਮਾਨ ਜਦੋਂ ਵੱਧ ਜਾਵੇ ਤਾਂ ਉਹ ਸਮੁੱਚੇ ਜੀਵ-ਜਗਤ ਲਈ ਖ਼ਤਰਾ ਬਣ ਜਾਂਦਾ ਹੈ। ਬ੍ਰਹਿਮੰਡੀ ਕਾਇਨਾਤ ਦਾ ਪਸਾਰਾ ਮੁਲਕਾਂ ਦੀ ਹੱਦ-ਬੰਦੀ ਤੋਂ ਉਤਾਂਹ ਉੱਠ ਕੇ ਸਰਬ-ਵਿਆਪੀ ਵਰਤਾਰਾ ਹੋ ਨਿਬੱੜਦਾ ਹੈ। ਧਰਤੀ ਉੱਤੇ ਤਾਪਮਾਨ ਦੇ ਵਧਣ ਦੀ ਸਥਿਤੀ ਨੂੰ ਆਲਮੀ ਤਪਸ਼, ਗਲੋਬਲ ਵਾਰਮਿੰਗ ਜਾਂ ਗਲੋਬਲ ਹੀਟਿੰਗ ਆਖਿਆ ਜਾਂਦਾ ਹੈ। ਭਾਵੇਂ ਧਰਤੀ ਦਾ ਤਾਪਮਾਨ ਦਸ਼ਮਲਵ ਪੈਮਾਨੇ ਦੀ ਦਰ ਨਾਲ ਹੀ ਵਧਦਾ ਹੋਵੇ, ਪਰੰਤੂ ਇਸ ਦਾ ਨਿਰੰਤਰ ਵਾਧਾ ਘਾਤਕ ਨਤੀਜੇ ਲਿਆ ਸਕਦਾ ਹੈ। ਇਸਦੀ ਗੰਭੀਰਤਾ ਦਾ ਅਨੁਮਾਨ ਚੋਣਵੇਂ ਨਿਬੰਧਾਂ ਅਤੇ ਕਹਾਣੀਆਂ ਦੇ ਅਧਿਐਨ ਉਪਰੰਤ ਸਹਿਜੇ ਹੀ ਲੱਗ ਜਾਂਦਾ ਹੈ। ਦੀਦਾਰਗੜ੍ਹ ਦੀਆਂ ਕਹਾਣੀਆਂ, 'ਧਰਤੀ ਪਤਨ', 'ਸਾਹਾਂ 'ਚ ਘੁਲੀ ਮੌਤ' ਅਤੇ 'ਮਾਰੂ ਨਾਦ' ਵਿੱਚ ਹੋਰਨਾਂ ਵਾਤਾਵਰਨਿਕ ਸੰਕਟਾਂ ਦੇ ਨਾਲ ਆਲਮੀ ਤਪਸ਼ ਬਾਬਤ ਵੀ ਬਿਓਰਾ ਪੇਸ਼ ਕੀਤਾ ਗਿਆ ਹੈ ਕਿ:

> ਮੈਂ ਮੋਬਾਇਲ 'ਤੇ ਅੱਜ ਦਾ ਤਾਪਮਾਨ ਚੈੱਕ ਕਰਨ ਲੱਗਦਾ ਹਾਂ, ਮੋਬਾਇਲ ਵੀ ਕੁਝ ਜ਼ਿਆਦਾ ਹੀ ਗਰਮ ਲੱਗਾ ਜਿਵੇਂ ਗਰਮ ਤਵੇ 'ਤੇ ਸੇਕਿਆ ਹੁੰਦਾ। ਅੱਜ ਦਾ ਮੌਸਮ ਦੇਖਦਾ ਹਾਂ- ਮੇਰੀ ਨਿਗਾਹ ਸਕਰੀਨ 'ਤੇ ਜੰਮ ਗਈ ਹੈ। ਤਾਪਮਾਨ ਤਾਂ ਸਵੇਰੇ ਹੀ 60 ਸੈਲਸੀਅਸ ਡਿਗਰੀ ਟੱਪਣ ਨੂੰ ਫਿਰਦੈ(80)

ਇਸ ਲੜੀ ਵਿੱਚ ਅਗਾਂਹ ਵਿਚਾਰ ਕਰਦੇ ਹੋਏ ਡਾ. ਜਤਿੰਦਰਪਾਲ ਸਿੰਘ ਨੇ ਆਪਣੇ ਲੇਖ 'ਵਧ ਰਿਹਾ ਵਿਸ਼ਵ ਤਾਪਮਾਨ' ਵਿੱਚ ਦੱਸਦੇ ਹਨ ਕਿ ਵਾਯੂਮੰਡਲ ਵਿੱਚ ਤਾਪਮਾਨ ਵਧਾਉਣ ਵਾਲੀਆਂ ਗ੍ਰੀਨ ਹਾਊਸ ਪ੍ਰਭਾਵ ਗੈਸਾਂ ਹਨ; ਜਿਹਨਾਂ ਵਿੱਚ ਕਾਰਬਨ ਡਾਈਕਸਾਈਡ, ਮੀਥੇਨ, ਨਾਈਟ੍ਰਸ ਆਕਸਾਈਡ, ਕਲੋਰੋਫਲੋਰੋ ਕਾਰਬਨ ਅਤੇ ਓਜ਼ੋਨ ਪ੍ਰਮੁੱਖ ਹਨ। ਇਹਨਾਂ ਗੈਸਾਂ ਦੇ ਪ੍ਰਭਾਵ ਸਦਕਾ ਪ੍ਰਿਥਵੀ ਦਾ ਤਾਪਮਾਨ ਜੀਵਨ ਲਈ ਸੁਖਾਵਾਂ ਰਹਿੰਦਾ ਹੈ, ਪਰ ਜੇ ਇਹਨਾਂ ਗੈਸਾਂ ਦੀ ਮਾਤਰਾ ਲੋੜ ਤੋਂ ਵੱਧ ਹੋ ਜਾਵੇ ਤਾਂ ਇਹ ਤਾਪਮਾਨ ਵਿੱਚ ਅਣ-ਸੁਖਾਵਾਂ ਵਾਧਾ ਕਰ ਦਿੰਦੀਆਂ ਹਨ।

ਇਸੇ ਪ੍ਰਕਾਰ ਅਜਮੇਰ ਸਿੱਧੂ ਦਾ ਨਿਬੰਧ 'ਗਲੋਬਲ ਵਾਰਮਿੰਗ' ਇਹ ਬਿਆਨ ਕਰਦਾ ਹੈ ਕਿ ਹਰਾ-ਘਰ ਪ੍ਰਭਾਵ ਵਧਾਉਣ ਵਾਲੀਆਂ ਗੈਸਾਂ ਜ਼ਿਆਦਾਤਰ ਮਨੁੱਖੀ ਕਾਰਵਾਈਆਂ ਦਾ ਹੀ ਨਤੀਜਾ ਹੁੰਦੀਆਂ ਹਨ। ਕੋਲਾ, ਪੈਟਰੋਲੀਅਮ, ਹੀਟਰ, ਗੀਜ਼ਰ, ਫਰਿੱਜ, ਏ.ਸੀ. ਆਦਿ ਦੀ ਲੋੜ ਤੋਂ ਵੱਧ ਵਰਤੋਂ ਕਰਕੇ ਤਾਪਮਾਨ ਵਧਣ ਨਾਲ ਹੀ ਸੁਰੱਖਿਆ ਛਤਰੀ 'ਓਜ਼ੋਨ ਪਰਤ' ਵਿੱਚ ਸੁਰਾਖ਼ ਹੋ ਗਿਆ ਸੀ। ਆਲਮੀ ਤਪਸ਼ ਅਤੇ ਓਜ਼ੋਨ ਛਤਰੀ ਛਿੱਦਣ ਨਾਲ ਅਨੇਕਾਂ ਬਿਮਾਰੀਆਂ ਦਾ ਬੋਲਬਾਲਾ ਹੁੰਦਾ ਹੈ। ਚਮੜੀ ਐਲਰਜੀ, ਚਮੜੀ ਕੈਂਸਰ, ਜਾਨਲੇਵਾ ਲੂੰਅ, ਆਫ਼ਤਾਂ, ਕੈਟਰੀਨਾ ਵਰਗੇ ਵੱਡੇ ਸਮੁੰਦਰੀ ਤੁਫ਼ਾਨ ਤੇ ਸੁਨਾਮੀ ਵਰਗੀਆਂ ਕਹਿਰ ਬਰਪਾਉਣ ਵਾਲੀਆਂ ਘਟਨਾਵਾਂ ਉਪਜ ਜਾਂਦੀਆਂ ਹਨ। ਇਹਨਾਂ ਸਭਨਾਂ ਦੇ ਫਲਸਰੂਪ ਜਾਨ-ਮਾਲ ਦਾ ਨੁਕਸਾਨ ਹੁੰਦਾ ਹੈ, ਭੋਜਨ ਲੜੀ ਅਸੰਤੁਲਨ ਹੋ ਜਾਂਦੀ ਹੈ।

ਓਜ਼ੋਨ ਪਰਤ ਦੇ ਖ਼ਾਤਮੇ ਵੱਲ ਇਸ਼ਾਰਾ ਕਰਦੀ ਪਰਿਹਾਰ ਦੀ ਕਵਿਤਾ 'ਸੁਰਾਖ਼' ਵੀ ਭਵਿੱਖਤ ਆਪਦਾਵਾਂ ਦਾ ਜ਼ਿਕਰ ਇਸ ਪ੍ਰਕਾਰ ਕਰਦੀ ਹੈ:

ਆਸਮਾਨ ਵਿੱਚ ਸੁਰਾਖ਼ ਹੋ ਗਿਆ-  
ਕਿਸੇ ਕਿਹਾ ਤੇ ਘਰ ਚਲਿਆ ਗਿਆ  
ਭੀੜ 'ਕੱਠੀ ਹੋਈ  
ਸੁਰਾਖ਼ ਆਸਮਾਨ ਤੋਂ ਵੱਡਾ ਹੁੰਦਾ ਗਿਆ  
'ਨੇਰ੍ਹਾ ਹੋਣ ਲੱਗਾ  
ਖਿੰਡ ਗਈ ਭੀੜ ਹੌਲ਼ੇ-ਹੌਲ਼ੇ  
ਕੁਝ ਵੀ ਹੁਣ ਆਸਾਨ ਨਹੀਂ ਸੀ  
ਸਿਰ 'ਤੇ ਹੁਣ ਆਸਮਾਨ ਨਹੀਂ ਸੀ(11)

**ਸੁਝਾਵਾਂ ਦੀ ਪੇਸ਼ਕਾਰੀ:-** ਕਿਸੇ ਵੀ ਸਮੱਸਿਆ ਦਾ ਮੰਥਨ, ਉਸ ਵਿਸ਼ੇਸ ਸਮੱਸਿਆ ਦੇ ਪਿਛੋਕੜ ਕਾਰਨਾਂ ਨੂੰ ਜਾਣਨ, ਪ੍ਰਭਾਵਾਂ ਨੂੰ ਸਮਝ ਕੇ ਉਸ ਪ੍ਰਤੀ ਸੰਭਵ ਸਮਾਧਾਨਾਂ ਨੂੰ ਸਥਾਪਿਤ ਕਰਨ ਦੇ ਮਨੋਰਥ ਨਾਲ ਕੀਤਾ

ਜਾਂਦਾ ਹੈ। ਕੇਵਲ ਪ੍ਰਦੂਸ਼ਣ ਦੇ ਕਾਰਕਾਂ, ਕਾਰਨਾਂ ਅਤੇ ਪ੍ਰਭਾਵਾਂ ਨੂੰ ਦ੍ਰਿੜ ਕਰਨ ਨਾਲ ਹੱਲ ਨਹੀਂ ਨਿਕਲ ਸਕਦੇ। ਇਸ ਆਸ਼ੇ ਲਈ ਦੁਪਾਸੀ ਨੀਤੀ ਨਾਲ ਚੱਲਿਆ ਜਾ ਸਕਦਾ ਹੈ। ਇਕ ਤਾਂ ਸਮੱਸਿਆ ਦੇ ਕਾਰਨਾਂ ਨੂੰ ਜਾਣਦੇ ਹੋਏ ਸਮੱਸਿਆ ਦੇ ਮੂਲ ਕਾਰਨਾ ਨੂੰ ਕਾਬੂ ਕਰਨਾ ਹੈ ਅਤੇ ਦੂਜਾ ਵਾਤਾਵਰਨ-ਹਿਤੈਸ਼ੀ ਜੀਵਨ-ਜਾਚ ਨੂੰ ਅਪਣਾਉਂਦੇ ਹੋਏ ਨਵੀਨ ਵਿਕਲਪਾਂ ਦੀ ਨਿਸ਼ਾਨਦੇਹੀ ਵੀ ਕਰਨੀ ਹੈ।

ਸਾਹਿਤ ਦੀ ਸਿਧਾਂਤਕ ਰੂਪ-ਰੇਖਾ ਦਾ ਪਾਲਣ ਕਰਦੇ ਹੋਏ ਵੱਖ-ਵੱਖ ਸਾਹਿਤਕ ਰੂਪ ਆਪਣੇ ਨਿਵੇਕਲੇ ਢੰਗ ਨਾਲ ਵਾਤਾਵਰਨ ਸੁਰੱਖਿਆ ਹਿਤ ਸੁਝਾਵਾਂ ਦੀ ਪੇਸ਼ਕਾਰੀ ਕਰਦੇ ਹਨ। ਕਵਿਤਾ ਵਿੱਚ ਸੰਕੇਤਕ ਅਤੇ ਪ੍ਰਤੀਕਾਤਮਕ ਢੰਗ ਨਾਲ ਹੀ ਮਨੁੱਖ ਨੂੰ ਹਲੂਣਾ ਦੇ ਕੇ ਵਾਤਾਵਰਨ ਨੂੰ ਬਚਾਉਣ ਹਿਤ ਪ੍ਰੇਰਿਆ ਗਿਆ ਹੈ। ਕਵਿਤਾ ਦੇ ਮੁਕਾਬਲੇ ਕਹਾਣੀ ਵਿੱਚ ਕਈ ਘਟਨਾਕ੍ਰਮਾਂ ਅਤੇ ਪਾਤਰਾਂ ਦੀ ਮੱਦਦ ਨਾਲ ਵਧੇਰੇ ਸਮਾਧਾਨਾਂ ਵੱਲ ਪ੍ਰੇਰਿਤ ਕੀਤਾ ਗਿਆ ਹੈ। ਨਾਵਲ ਵਿੱਚ ਵੱਡਾ ਆਕਾਰ ਹੋਣ ਕਰਕੇ ਪਾਤਰਾਂ ਅਤੇ ਘਟਨਾਵਾਂ ਦੇ ਸੁਮੇਲ ਸਦਕਾ ਨਿੱਠ ਕੇ ਸਮੱਸਿਆਵਾਂ ਅਤੇ ਉਹਨਾਂ ਪ੍ਰਤੀ ਸਮਾਧਾਨਾਂ ਦਾ ਚਿਤਰਨ ਕੀਤਾ ਗਿਆ ਹੈ। ਮੂਲ ਰੂਪ ਵਿੱਚ ਇੱਕੋ ਵਿਸ਼ੇ ਦੇ ਘੇਰੇ ਵਿੱਚ ਬੰਨੇ ਹੋਏ ਨਿਬੰਧ-ਵਿਧਾ ਅੰਦਰ ਸਭ ਤੋਂ ਵਧੇਰੇ ਖੁੱਲ੍ਹ ਕੇ ਜਾਣਕਾਰੀ ਵੀ ਦਿੱਤੀ ਗਈ ਹੈ ਤੇ ਸਮਾਧਾਨਾਂ ਦੀ ਪੇਸ਼ਕਾਰੀ ਵੀ ਕੀਤੀ ਗਈ ਹੈ। ਅਧਿਐਨ ਅਧੀਨ ਨਿਬੰਧਾਂ ਵਿੱਚੋਂ ਕੋਈ ਇੱਕ ਵੀ ਨਿਬੰਧ ਅਜਿਹਾ ਨਹੀਂ ਹੈ, ਜਿਸ ਅੰਦਰ ਕੋਈ ਸੁਝਾਓ ਪ੍ਰਸਤੁਤ ਨਾ ਕੀਤਾ ਗਿਆ ਹੋਵੇ। ਸਗੋਂ ਕੁਝ ਨਿਬੰਧ ਤਾਂ ਨਿਰੇ-ਪੁਰੇ ਸੁਝਾਓ-ਮੂਲਕ ਹੀ ਹਨ; ਮਿਸਾਲ ਵਜੋਂ ਸੰਜੀਵਨ ਸਿੰਘ ਡਢਵਾਲ ਦਾ 'ਟਿਕਾਊ ਵਿਕਾਸ ਲਈ ਹਰਾ ਰਸਾਇਣ ਵਿਗਿਆਨ' ਕੁਲਦੀਪ ਸਿੰਘ ਦਾ 'ਸਿਹਤ ਉੱਤੇ ਵਾਤਾਵਰਣ ਦਾ ਪ੍ਰਭਾਵ ਅਤੇ ਕੁਦਰਤੀ ਚਕਿਤਸਾ ਰਾਹੀਂ ਇਲਾਜ' ਡਾ. ਰਮਨਦੀਪ ਸਿੰਘ ਦਾ 'ਪਾਣੀ ਦਾ ਮਹੱਤਵ ਅਤੇ ਬਚਾਓ', ਕੁਲਦੀਪ ਕੌਰ ਜੱਸਲ ਦਾ 'ਪੇਂਡੂ ਸੁਆਣੀਆਂ ਅਤੇ ਵਾਤਾਵਰਣ' ਇਸੇ ਵਰਗ ਦੇ ਨਿਬੰਧ ਹਨ। ਇਸ ਤੋਂ ਬਿਨਾਂ ਜਸਵੀਰ ਸਿੰਘ ਦੀਦਾਰਗੜ੍ਹ ਦੀਆਂ ਕਹਾਣੀਆਂ 'ਅਬ ਜੂਝਨ ਕੋ ਦਾਓ' ਅਤੇ 'ਕਾਲੇ ਲਿਖੁ ਨ ਲੇਖ' ਵੀ ਪ੍ਰਤੱਖ ਰੂਪ ਵਿੱਚ ਸੁਝਾਓ ਪੇਸ਼ ਕਰਨ ਵਾਲੀਆਂ ਹਨ।

ਇਕ ਸਫ਼ਲ ਸਾਹਿਤਕਾਰ ਦੀ ਵਿਸ਼ੇਸ਼ਤਾ ਇਹੀ ਹੁੰਦੀ ਹੈ ਕਿ ਉਹ ਕਿਸੇ ਵਿਸ਼ੇਸ਼ ਸਮੱਸਿਆ ਨੂੰ ਪਾਠਕਾਂ ਸਾਹਮਣੇ ਪੇਸ਼ ਕਰੇ ਤੇ ਉਸ ਪ੍ਰਤੀ ਕੁਝ ਵਿਕਲਪਾਂ ਭਾਵ ਸਮਾਧਾਨਾਂ ਦੀ ਤਜ਼ਵੀਜ਼ ਵੀ ਰੱਖੇ ਤਾਂ ਜੋ ਪਾਠਕ ਕੇਵਲ ਮਾਨਸਿਕ ਤੌਰ 'ਤੇ ਹੀ ਨਹੀਂ, ਸਗੋਂ ਵਿਹਾਰਕ ਤੌਰ 'ਤੇ ਵੀ ਜਾਗ੍ਰਿਤ ਹੋ ਜਾਣ।

ਦੋਵੇਂ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' ਅਤੇ 'ਕੈਂਸਰ ਟਰੇਨ' ਅੰਤ ਵਿੱਚ ਸੁਖ਼ਾਵਾਂ ਮੋੜ ਲੈ ਲੈਂਦੇ ਹਨ। ਨਾਵਲ ਦੇ ਮੁੱਖ ਪਾਤਰ ਨਾਵਲ ਦੇ ਅੰਤ ਵਿੱਚ ਪੁੱਜ ਕੇ ਸਮੂਹ ਪਾਠਕਾਂ ਨੂੰ ਸੰਕੇਤਕ ਸੁਝਾਓ ਦੇ ਕੇ ਜਾਂਦੇ ਹਨ। 'ਕੈਂਸਰ ਟਰੇਨ' ਦਾ ਮੁੱਖ ਪਾਤਰ ਅਮਨ ਜਦੋਂ ਇਸ ਮਾਨਸਿਕ ਬੋਝ ਨਾਲ ਦੁਖੀ ਹੁੰਦਾ ਹੈ ਕਿ ਉਸਨੇ ਆਪਣੀ ਡਿਗਰੀ ਮੁਕੰਮਲ ਕਰਨ ਲਈ ਗ਼ਰੀਬ, ਅਨਪੜ੍ਹ ਤੇ ਲਾਚਾਰ ਕੈਂਸਰ ਰੋਗੀਆਂ ਅਤੇ ਉਹਨਾਂ ਦੇ ਪਰਿਵਾਰਾਂ ਦੇ ਜ਼ਖ਼ਮ ਕੰਡੇ ਨਾਲ ਫ਼ਰੋਲੇ ਹਨ ਤਾਂ ਉਹ ਆਤਮ-ਗਲਾਨੀ ਨਾਲ ਭਰ ਜਾਂਦਾ ਹੈ। ਉਸ ਨੂੰ ਭਵਿੱਖ ਦਿੱਸਦਾ ਹੈ ਕਿ ਨਾ ਕੇਵਲ ਮਾਲਵਾ ਦੀ ਕੈਂਸਰ ਬੈਲਟ ਸਗੋਂ ਪੰਜਾਬ ਦਾ ਹਰ ਪਿੰਡ, ਹਰ ਸ਼ਹਿਰ ਇਸ ਬਿਮਾਰੀ ਦੀ ਗਿਰਫ਼ਤ ਵਿੱਚ ਆ ਜਾਵੇਗਾ ਤੇ ਉਹਦੇ ਵਰਗਾ ਪੜ੍ਹਿਆ ਲਿਖਿਆ ਨੌਜਵਾਨ ਕੇਵਲ ਮਨ-ਮਸੋਸਦਾ ਹੀ ਰਹਿ ਜਾਵੇਗਾ। ਫਿਰ ਅਚਾਨਕ ਉਸ ਦੇ ਮਨ ਵਿੱਚ ਆਸ ਦੀ ਕਿਰਨ ਜਾਗਦੀ ਹੈ ਕਿ ਜਿਵੇਂ ਜਰਨੈਲ, ਸੁੱਖੀ ਤੇ ਹੋਰ ਐਨ.ਆਰ.ਆਈ ਮਿੱਤਰਾਂ ਨੇ ਕੁਝ ਪਿੰਡਾਂ ਵਿੱਚ ਕੈਂਸਰ ਜਾਗਰੂਕਤਾ ਕੈਂਪ ਲਗਾਏ ਸਨ, ਜਿਹਨਾਂ ਵਿੱਚ ਬਿਮਾਰੀ ਨੂੰ ਪਛਾਣਨ ਵਾਲੇ ਟੈਸਟ ਵੀ ਮੁਫ਼ਤ ਕੀਤਾ ਜਾਂਦੇ ਸਨ। ਉਸੇ ਤਰ੍ਹਾਂ ਦੇ ਕੈਂਪ ਵੱਧ ਤੋਂ ਵੱਧ ਲਗਾਏ ਜਾਣ ਤਾਂ ਪਿੰਡਾਂ ਦੇ ਭੋਲੇ-ਭਾਲੇ ਕਿਸਾਨੀ ਪਰਿਵਾਰ ਰੋਗ ਤੋਂ ਬਚਣ ਲਈ ਸਤਰਕ ਰਹਿ ਸਕਦੇ ਹਨ। ਨਾਵਲ ਦੇ ਅਖ਼ਰੀਲੇ (ਉਂਨੀਵੇਂ) ਕਾਂਡ ਵਿੱਚ ਉਦਾਸ ਹੋਏ ਅਮਨ ਨੂੰ ਇੰਝ ਪ੍ਰਤੀਤ ਹੁੰਦਾ ਹੈ, ਜਿਵੇਂ ਜਰਨੈਲ ਹਮੇਸ਼ਾ ਵਾਂਗ ਉਸ ਦਾ ਹੌਂਸਲਾ ਵਧਾਉਣ ਲਈ ਹੁਣ ਵੀ ਉਸਦੇ ਨਾਲ ਹੀ ਹੈ:

> "ਛੋਟੇ ਵੀਰ, ਤੈਨੂੰ ਇੰਨਾ ਉਦਾਸ ਹੋਣ ਦੀ ਲੋੜ ਨਹੀ।" ਗੈਲਰੀ ਵਿੱਚ ਖੜ੍ਹੇ ਅਮਨ ਨੂੰ ਲੱਗਿਆ ਕਿ ਜਿਵੇਂ ਨਜ਼ਦੀਕ ਹੀ ਖੜ੍ਹੇ ਜਰਨੈਲ ਨੇ ਹੱਲਾਸ਼ੇਰੀ ਦਿੱਤੀ ਹੋਵੇ...ਫਿਰ ਜਦੋਂ ਅਮਨ ਨੂੰ ਤਰਕੀਬ ਸੁੱਝਦੀ ਹੈ ਕਿ ਉਹ ਕਿਵੇਂ ਸਮਾਜ ਦੀ ਇਸ ਪੱਖੋਂ ਸੇਵਾ ਕਰ ਸਕਦਾ ਹੈ ਤਾਂ ਉਸਨੂੰ ਹਨ੍ਹੇਰਾ ਛੱਟਦਾ ਵਿਖਾਈ

ਦੇਣ ਲੱਗਦਾ ਹੈ ਤਾਂ ਉਹ ਕੀਰਤੀ ਨੂੰ ਆਖਦਾ ਹੈ! "ਕਮਲੀਏ, ਏਹ ਸੌਂਣ ਦਾ ਨ੍ਹੀਂ ਜਾਗਣ ਦਾ ਸਮਾਂ ਏ"(173)

ਜਸਵੀਰ ਰਾਣਾ ਨੇ ਵੀ ਪੂਰੇ ਨਾਵਲ ਵਿੱਚ ਥਾਂ-ਥਾਂ 'ਤੇ ਵਾਤਾਵਰਨ-ਹਿਤੈਸ਼ੀ ਪਾਤਰਾਂ ਦੁਆਰਾ ਸੁਝਾਓ ਪ੍ਰਸਤੁਤ ਕੀਤੇ ਹਨ। ਵਿਆਹ ਸਮਾਗਮ ਅਤੇ ਜਨਮ-ਦਿਨ ਨੂੰ ਪੌਦੇ ਲਗਾ ਕੇ ਮਨਾਉਣਾ, ਨੀਤੀ ਦੀ ਮਾਂ ਦੇ ਸੰਸਕਾਰ ਵੇਲੇ ਬੋਹੜ ਤੇ ਪਿੱਪਲ ਲਗਾਉਣੇ, ਪਾਣੀ ਦਾ ਘੜਾ ਭੰਨ੍ਹਣ ਦੀ ਬਜਾਏ ਘਰ ਲਿਜਾ ਕੇ ਵਰਤਣਾ ਆਦਿ ਅਨੇਕਾਂ ਐਸੇ ਨੁਕਤੇ ਹਨ, ਜਿਹੜੇ ਪਾਠਕ ਨੂੰ ਵਾਤਾਵਰਨ ਦੇ ਮਿੱਤਰ ਬਣਾ ਕੇ ਸਹੀ ਮਾਰਗ ਦਰਸ਼ਨ ਕਰਦੇ ਹਨ। ਮਰ ਚੁੱਕੀ ਮਾਂ ਦਾ ਮੁੜ ਜਿਉਂਦੀ ਹੋ ਕੇ ਕਥਨ ਕਰਨਾ ਕਿ:

ਉਹ ਤਾਂ ਜਮਦੂਤ ਗਲਤੀ ਨਾਲ ਲੈ ਗਏ ਤੀ!...ਮੈਨੂੰ ਛੱਡ ਕੇ ਜਾਣ ਲੱਗੇ ਕਹਿੰਦੇ ਮੌਤ ਤਾਂ ਕਿਸੇ ਹੋਰ ਦੀ ਆਈ ਐ...!!(157)

ਕਹਾਣੀਕਾਰ ਜਸਵੀਰ ਸਿੰਘ ਦੀਦਾਰਗੜ੍ਹ ਦੀ ਨਾਇਕਾ ਪਿੰਕੋ ਜਦੋਂ ਆਪਣੇ ਸੁਹਰੇ ਘਰ ਪ੍ਰਵੇਸ਼ ਕਰਦੀ ਹੈ ਤਾਂ ਪਿੰਡਾਂ ਵਾਲੇ ਉਸਨੂੰ 'ਸਿੱਧਰੀ ਬਹੂ' ਦਾ ਖ਼ਿਤਾਬ ਦੇ ਦਿੰਦੇ ਹਨ। ਉਹ ਪਾਣੀ ਵਾਰਨ ਵੇਲੇ ਸੱਸ ਨੂੰ ਗੜ੍ਹਵੀ ਵਾਲਾ ਪਾਣੀ ਡੋਲਣੋਂ ਰੋਕ ਦਿੰਦੀ ਹੈ, ਪਾਣੀ ਦੀ ਟੈਂਕੀ ਵਿੱਚੋਂ ਭਰਨ ਮਗਰੋਂ ਉਛੱਲਦੇ ਤੇ ਬਰਬਾਦ ਹੁੰਦੇ ਪਾਣੀ ਨੂੰ ਰੋਕਣ ਲਈ ਉਹ ਘੁੰਡ ਵਿੱਚੋਂ ਵੀ ਬੋਲ ਪੈਂਦੀ ਹੈ। ਇਸ ਪ੍ਰਕਾਰ 'ਕਰਕ ਕਰੇਜੇ ਮਾਹਿ' ਦਾ ਮੈਂ ਪਾਤਰ, ਨੰਨ੍ਹੇ-ਮੁੰਨ੍ਹੇ ਬੱਚੇ, ਪਾਣੀ ਪਿਤਾ ਦੇ ਪਾਤਰ ਅਨੇਕਾਂ ਹੀ ਢੰਗਾਂ ਨਾਲ ਪਾਠਕਾਂ ਨੂੰ ਪਾਣੀ, ਹਵਾ ਤੇ ਧਰਤੀ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਸਮਾਧਾਨਾਂ ਦੀ ਪੇਸ਼ਕਾਰੀ ਕਰਦੇ ਹਨ।

ਹਥਲੇ ਨਿਬੰਧਾਂ ਵਿੱਚ ਸੁਝਾਵਾਂ ਦੀ ਪੇਸ਼ਕਸ਼ ਕਾਫ਼ੀ ਵਿਸਤਾਰ ਨਾਲ ਕੀਤੀ ਗਈ ਹੈ। ਇਹਨਾ ਵਿੱਚੋਂ ਕੁਝ ਪ੍ਰਮੁੱਖ ਸਮਾਧਾਨਾਂ ਬਾਰੇ ਚਰਚਾ ਕਰਨੀ ਬਣਦੀ ਹੈ:

(ੳ) ਜਲ ਪ੍ਰਦੂਸ਼ਣ ਨੂੰ ਰੋਕਣ ਦੇ ਉਪਾਅ:

1. ਪ੍ਰਦੂਸ਼ਣ ਰੋਕਥਾਮ ਬੋਰਡਾਂ ਵੱਲੋਂ ਨਿਰਧਾਰਿਤ ਕਾਨੂੰਨ ਅਤੇ ਉਹਨਾਂ ਦੀ ਸਖ਼ਤੀ ਨਾਲ ਪਾਲਣਾ।
2. ਘਰੇਲੂ ਔਰਤਾਂ ਨੂੰ ਪਾਣੀ ਦੀ ਸੰਜਮ ਭਰਪੂਰ ਵਰਤੋਂ ਬਾਰੇ ਚੇਤੰਨ ਕਰਨਾ।

3. ਉਦਯੋਗਾਂ ਦਾ ਨਿਕਾਸੀ ਜਲ ਪੂਰੀ ਤਰ੍ਹਾਂ ਸਾਫ਼ ਕਰਕੇ ਹੀ ਬਾਹਰ ਕੱਢਿਆ ਜਾਵੇ ਅਤੇ ਨਦੀਆਂ ਵਿੱਚ ਇਸ ਪਾਣੀ ਦੀ ਨਿਕਾਸੀ ਨਾ ਕੀਤੀ ਜਾਵੇ।
4. ਨਾਲੀਆਂ ਤੇ ਸੀਵਰ ਦਾ ਪਾਣੀ ਪੀਣਯੋਗ ਪਾਣੀ ਦੇ ਸ੍ਰੋਤਾਂ ਅਤੇ ਨਦੀਆਂ ਵਿੱਚ ਨਾ ਸੁੱਟਿਆ ਜਾਵੇ।
5. ਨਹਿਰਾਂ, ਨਦੀਆਂ ਤੇ ਨਾਲਿਆਂ ਦੇ ਕਿਨਾਰੇ ਰੁੱਖ ਲਗਾਏ ਜਾਣ, ਸਾਫ਼-ਸਫ਼ਾਈ ਰੱਖੀ ਜਾਵੇ ਤੇ ਕੂੜਾ-ਕਰਕਟ ਬਿਲਕੁਲ ਵੀ ਨਾ ਸੁੱਟਿਆ ਜਾਵੇ।
6. ਜਲ-ਸ੍ਰੋਤਾਂ ਦੇ ਨਜ਼ਦੀਕ ਘਰੇਲੂ ਜਾਂ ਉਦਯੋਗਿਕ ਕੂੜਾ ਅਤੇ ਮਲ-ਮੂਤਰ ਤੋਂ ਵਰਜਨਾ ਕੀਤੀ ਜਾਵੇ।
7. ਜਲਗਾਹਾਂ ਵਿੱਚ ਤੇਜ਼ਾਬੀ ਤੇ ਰਸਾਇਣਯੁਕਤ ਪਾਣੀ ਦੀ ਨਿਕਾਸੀ ਬੰਦ ਕੀਤੀ ਜਾਵੇ।
8. ਵੱਧ ਤੋਂ ਵੱਧ ਰੁੱਖ ਲਗਾ ਕੇ ਵਰਖਾ ਲਈ ਯਤਨ ਹੋਣੇ ਚਾਹੀਦੇ ਹਨ।
9. ਮੀਹਾਂ ਦਾ ਪਾਣੀ ਧਰਤੀ ਵਿੱਚ ਮੁੜ ਰੀਚਾਰਜ ਕਰਨ ਵਜੋਂ ਵਰਤਿਆ ਜਾਵੇ।

(ਅ) ਵਾਯੂ ਪ੍ਰਦੂਸ਼ਣ ਰੋਕਣ ਦੇ ਉਪਾਅ:-

1. ਤੇਲ, ਪੈਟਰੋਲ, ਡੀਜ਼ਲ, ਕੈਮੀਕਲਾਂ ਦੀ ਬੇਲੋੜੀ ਵਰਤੋਂ ਨਹੀਂ ਹੋਣੀ ਚਾਹੀਦੀ।
2. ਪਰਾਲੀ ਤੇ ਫਸਲਾਂ ਦੀ ਸਾੜ-ਫੂਕ ਤੋਂ ਹਟਣਾ ਚਾਹੀਦਾ ਹੈ।
3. ਉਦਯੋਗਿਕ ਪਲਾਟ ਰਿਹਾਇਸ਼ੀ ਖੇਤਰਾਂ ਤੋਂ ਦੂਰ ਹੋਣੇ ਚਾਹੀਦੇ ਹਨ।
4. ਕੂੜੇ-ਕਰਕਟ ਦੇ ਢੇਰਾਂ ਦੀ ਥਾਂ ਇਹਨਾਂ ਦਾ ਯੋਗ ਨਿਪਟਾਰਾ ਕੀਤਾ ਜਾਣਾ ਚਾਹੀਦਾ ਹੈ।
5. ਵਿਕਾਸ ਯੋਜਨਾਵਾਂ ਵਿੱਚ ਤਕਨਾਲੋਜੀ ਨੂੰ ਇਸ ਪ੍ਰਕਾਰ ਵਰਤਿਆ ਜਾਵੇ ਕਿ ਵਾਤਾਵਰਨ ਨੂੰ ਘਾਤਕ ਨੁਕਸਾਨ ਨਾ ਪੁੱਜੇ।
6. ਖੇਤੀਬਾੜੀ ਵਿੱਚ ਰਸਾਇਣਾਂ ਦੀ ਥਾਂ ਜੈਵਿਕ ਵਿਕਲਪ ਚੁਣੇ ਜਾਣੇ ਚਾਹੀਦੇ ਹਨ।

(ੲ) ਭੂਮੀ ਪ੍ਰਦੂਸ਼ਣ ਨੂੰ ਰੋਕਣ ਦੇ ਉਪਾਅ:

1. ਘੱਟ ਤੋਂ ਘੱਟ ਰਸਾਇਣ ਖਾਦਾਂ ਦੀ ਵਰਤੋਂ
2. ਕੂੜੇ-ਕਰਕਟ ਦਾ ਯੋਗ ਨਿਪਟਾਰਾ।

3. 'ਤਿੰਨ ਆਰ' ਦੇ ਸੰਕਲਪ ਦੀ ਪਾਲਣਾ ਭਾਵ ਮੁੜ ਵਰਤੋਂ, ਸੰਕੋਚੀ ਵਰਤੋਂ ਤੇ ਪੁਨਰ-ਆਵਰਿਤੀ ਵਰਤੋਂ (Reuse, Reduce, Recycle)
4. ਭੂਮੀ ਨੂੰ ਖੁਰਨ ਤੋਂ ਰੋਕਣ ਲਈ ਵੱਧ ਤੋਂ ਵੱਧ ਰੁੱਖਾਂ ਨੂੰ ਉਗਾਉਣਾ ਤੇ ਉਹਨਾਂ ਦੀ ਪਾਲਣਾ ਕਰਨੀ।
5. ਘੱਟ ਪਾਣੀ ਖਪਤ ਕਰਨ ਵਾਲੀਆਂ ਫਸਲਾਂ ਦੀ ਖੇਤੀ ਨੂੰ ਉਤਸ਼ਾਹਿਤ ਕਰਨਾ। ਫਸਲੀ ਵਿਭਿੰਨਤਾ ਨੂੰ ਆਪਣਾ ਕੇ ਧਰਤੀ ਦੀ ਉਪਜਾਊ ਸਮਰੱਥਾ ਨੂੰ ਸਹੇਜਣਾ।

(ਸ) ਆਵਾਜ਼ੀ ਪ੍ਰਦੂਸ਼ਣ ਨੂੰ ਰੋਕਣ ਦੇ ਉਪਾਅ:-

1. ਬਾਹਰੀ ਪ੍ਰਦੂਸ਼ਣ ਦੀ ਰੋਕਥਾਮ ਤੋਂ ਪਹਿਲਾਂ ਮਨ ਅੰਦਰ ਲੁਕੇ ਹੋਏ ਮਾਨਸਿਕ ਪ੍ਰਦੂਸ਼ਣ ਤੋਂ ਮੁਕਤ ਹੋਣਾ ਬਹੁਤ ਜ਼ਰੂਰੀ ਹੈ। ਫਾਲਤੂ ਦੀ ਸ਼ੋਅ-ਪੋਅ ਤੋਂ ਬਿਨਾਂ ਸਾਦਗੀ ਨਾਲ ਵਿਸ਼ੇਸ਼ ਮੌਕਿਆਂ ਨੂੰ ਮਨਾਉਣ ਨਾਲ ਕਾਫ਼ੀ ਕੁਝ ਹੱਲ ਹੋ ਸਕਦਾ ਹੈ।
2. ਡੀ.ਜੇ., ਸਪੀਕਰ, ਪਟਾਕੇ, ਵਾਹਨਾਂ ਦੇ ਹਾਰਨ, ਕਾਰਖਾਨਿਆਂ ਦੀਆਂ ਭਾਰੀ ਮਸ਼ੀਨਾਂ ਅਤੇ ਹੋਰ ਸ਼ੋਰ-ਗੁੱਲ ਨੂੰ ਘੱਟ ਕਰਨ ਲਈ ਪ੍ਰਸਤਾਵਿਤ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਹੋਣੀ ਚਾਹੀਦੀ ਹੈ।
3. ਸੰਘਣੇ ਰੁੱਖ ਵੀ ਆਵਾਜ਼ੀ ਪ੍ਰਦੂਸ਼ਣ ਦੀ ਅਣ-ਲੜੀਂਦੀ ਮਾਤਰਾ ਨੂੰ ਆਪਣੇ ਅੰਦਰ ਜਜ਼ਬ ਕਰ ਲੈਂਦੇ ਹਨ। ਸੋ ਰੁੱਖਾਂ ਨੂੰ ਵੱਧ ਤੋਂ ਵੱਧ ਲਗਾਉਣਾ ਚਾਹੀਦਾ ਹੈ।
4. ਫੋਨ ਦੇ ਇਸਤੇਮਾਲ ਵੇਲੇ ਈਅਰ-ਪਲੱਗ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।

ਉਪਰੋਕਤ ਵਿਚਾਰ ਉਪਰੰਤ ਜੋ ਗੱਲ ਮੁੱਖ ਰੂਪ ਵਿੱਚ ਸਾਹਮਣੇ ਆਉਂਦੀ ਹੈ ਕਿ ਲਗਭਗ ਸਾਰੇ ਸੰਬੰਧਿਤ ਸਾਹਿਤ ਰੂਪਾਂ ਵਿੱਚ ਵਾਤਾਵਰਨ ਪ੍ਰਤੀ ਚਿੰਤਾ ਅਤੇ ਚੇਤਨਾ ਦੇ ਅੰਸ਼ ਮੌਜੂਦ ਹਨ। ਜਾਗਰੂਕਤਾ ਵੀ ਵਾਤਾਵਰਨ ਨੂੰ ਨਿਯੰਤ੍ਰਿਤ ਕਰਨ ਲਈ ਸਭ ਤੋਂ ਅਹਿਮ ਅਤੇ ਪਹਿਲੀ ਪੌੜੀ ਹੈ। ਜਾਗਰੂਕਤਾ ਦੀ ਘਾਟ ਹੋਣ ਕਰਕੇ ਹੀ ਲੋਕਾਂ ਵੱਲੋਂ ਵਾਤਾਵਰਨ ਪ੍ਰਤੀ ਅਣਗਹਿਲੀ ਵਰਤੀ ਜਾਂਦੀ ਹੈ। ਲਾਲਚੀ ਤੇ ਪੂੰਜੀਵਾਦੀ ਸ਼ਕਤੀਆਂ ਕੋਲ ਜਾਗਰੂਕਤਾ ਦੀ ਕਮੀ ਨਹੀਂ ਸਗੋਂ ਨਿੱਜੀ ਸਵਾਰਥਾਂ ਦੀ ਬਹੁਤਾਤ ਹੈ। ਅਜਿਹੀਆਂ ਸ਼ਕਤੀਆਂ ਨੂੰ ਕਾਨੂੰਨ ਦੀ ਸਹਾਇਤਾ ਨਾਲ ਹੋੜ੍ਹਣ ਦੀ ਲੋੜ ਹੈ। ਸਾਰੇ ਹੀ ਲੇਖਕਾਂ ਨੇ ਵੱਧ ਤੋਂ ਵੱਧ ਜਾਗਰੂਕਤਾ ਦਾ ਪ੍ਰਚਾਰ ਕਰਨ, ਵਧੇਰੇ

ਰੁੱਖ ਲਗਾਉਣ, ਪ੍ਰਕਿਰਤੀ ਨਾਲ ਪ੍ਰੇਮ ਕਰਨ, ਸਾਦਗੀ ਨਾਲ ਜੀਵਣ ਬਿਤਾਉਣ ਅਤੇ ਪ੍ਰਦੂਸ਼ਣਕਾਰੀ ਕਾਰਵਾਈਆਂ ਘਟਾਉਣ ਉੱਤੇ ਜ਼ੋਰ ਦਿੱਤਾ ਹੈ।

ਦੋ ਕਾਵਿ-ਸੰਗ੍ਰਿਹ 'ਕਣ-ਕਾਇਨਾਤ (104/147) ਅਤੇ 'ਪੰਛੀ ਬਿਰਖ ਸੁਹਾਵੜਾ'(30/30), ਦੋ ਨਾਵਲ: 'ਇਥੋਂ ਰੇਗਿਸਤਾਨ ਦਿਸਦਾ ਹੈ' ਅਤੇ 'ਕੈਂਸਰ ਟਰੇਨ', ਇੱਕ ਕਹਾਣੀ ਸੰਗ੍ਰਿਹ 'ਪਵਣੁ ਗੁਰੂ ਪਾਣੀ ਪਿਤਾ'(12/13), ਤਿੰਨ ਨਿਬੰਧ ਸੰਗ੍ਰਿਹ: 'ਵਾਤਾਵਰਣ ਸਮੱਸਿਆਵਾਂ'(18), 'ਮਨੁੱਖੀ ਹੋਂਦ ਲਈ ਖ਼ਤਰਾ ਵਾਤਾਵਰਣ ਪ੍ਰਦੂਸ਼ਣ'(27), 'ਵਾਤਾਵਰਣੀ ਮਸਲੇ ਤੇ ਸਮਾਧਾਨ'(15) ਇਸ ਖੋਜ ਕਾਰਜ ਲਈ ਪਾਠ ਸਮੱਗਰੀ ਵਜੋਂ ਸ਼ਾਮਿਲ ਕੀਤੇ ਗਏ ਹਨ।

ਖੋਜ ਵਿਸ਼ਾ ਕਿਉਂਕਿ ਮੂਲ ਰੂਪ ਵਿੱਚ ਵਾਤਾਵਰਨਿਕ ਸਰੋਕਾਰਾਂ ਨਾਲ ਸੰਬੰਧਿਤ ਵਿਸ਼ਾ ਹੈ, ਸੋ ਤੁਲਨਾਤਮਿਕ ਅਧਿਐਨ ਲਈ ਵੀ ਮੂਲ ਰੂਪ ਵਿੱਚ ਵਿਸ਼ਾਗਤ ਅਧਿਐਨ ਨੂੰ ਹੀ ਆਧਾਰ ਬਣਾਇਆ ਗਿਆ ਹੈ। ਭਾਵੇਂ ਇੱਕੀਵੀਂ ਸਦੀ ਦੇ ਪੰਜਾਬੀ ਸਾਹਿਤ ਵਿੱਚ ਵਾਤਾਵਰਨ ਸੰਕਟ ਨਾਲ ਸੰਬੰਧਿਤ ਚੰਗਾ ਸਾਹਿਤ ਲਿਖਿਆ ਗਿਆ ਹੈ ਪਰ ਇਸ ਦਹਾਕੇ ਵਿੱਚ ਕਹਾਣੀ ਦੀ ਆਮਦ ਦੀ ਅਜੇ ਵੀ ਭਰਪੂਰ ਲੋੜ ਹੈ। ਹੋਰ ਸਮਾਜਿਕ, ਮਨੋ-ਵਿਗਿਆਨਕ ਅਤੇ ਆਰਥਿਕ ਮਸਲਿਆਂ ਵਾਂਗ ਵਾਤਾਵਰਨਿਕ ਵਿਸ਼ਿਆਂ ਬਾਰੇ ਸਾਹਿਤ ਦਾ ਰਚਿਆ ਜਾਣਾ ਵਕਤ ਦੀ ਲੋੜ ਵੀ ਹੈ ਅਤੇ ਸਮਾਜ ਦੀ ਵੀ।

# ਸਥਾਪਨਾਵਾਂ ਅਤੇ ਸਿੱਟੇ

ਹਥਲੇ ਖੋਜ ਕਾਰਜ 'ਪੰਜਾਬੀ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਸਮੀਖਿਆਤਮਕ ਅਧਿਐਨ' ਨੂੰ ਪੰਜ ਅਧਿਆਵਾਂ ਵਿੱਚ ਵੰਡਿਆ ਗਿਆ ਹੈ। ਇਸ ਖੋਜ ਕਾਰਜ ਵਿੱਚ ਚੋਣਵੇਂ ਸਾਹਿਤ ਅੰਦਰ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਵਿਦਮਾਨ ਵਾਤਾਵਰਨ ਸੰਬੰਧੀ ਚੇਤਨਾ ਦੀ ਸਮੀਖਿਆ ਕੀਤੀ ਗਈ ਹੈ। ਵਿਸ਼ਵ-ਪੱਧਰ ਉੱਤੇ ਨਿੱਘਰ ਰਹੀ ਵਾਤਾਵਰਨ ਦੀ ਸਥਿਤੀ ਨੇ ਮਾਨਵਤਾ ਦੀ ਹੋਂਦ 'ਤੇ ਸਵਾਲੀਆ ਚਿੰਨ੍ਹ ਖੜ੍ਹਾ ਕਰ ਦਿੱਤਾ ਹੈ। ਭਵਿੱਖਤ ਪੁਸ਼ਤਾਂ ਅਜੋਕੇ ਮਨੁੱਖ ਨੂੰ ਹੀ ਮੁਜ਼ਰਿਮ ਕਰਾਰ ਦੇ ਕੇ ਆਰੋਪਿਤ ਕਰਨਗੀਆਂ। ਸਮੇਂ ਦੀ ਭਰਪੂਰ ਮੰਗ ਹੈ ਕਿ ਇਸ ਤੋਂ ਪਹਿਲਾਂ ਕਿ ਸਮੇਂ ਦੀ ਡੋਰ ਹੱਥੋਂ ਛੁੱਟ ਜਾਵੇ, ਸਮਾਂ ਸੰਭਾਲ ਲਈਏ।

ਬੇਸ਼ੱਕ ਬਹੁਤ ਸਾਰੇ ਸਾਹਿਤਕਾਰਾਂ, ਬੁੱਧੀਜੀਵੀਆਂ ਅਤੇ ਚਿੰਤਕਾਂ ਨੇ ਵਾਤਾਵਰਨ ਨੂੰ ਸੰਭਾਲਣ ਦੀ ਗੁਹਾਰ ਸਮੇਂ-ਸਮੇਂ-ਸਮੇਂ 'ਤੇ ਲਗਾਈ ਹੈ, ਪਰੰਤੂ ਕੀ ਵਿਹਾਰਕ ਰੂਪ ਵਿੱਚ ਇਹ ਗੁਹਾਰ, ਇਹ ਚਿੰਤਾ, ਇਹ ਸੋਚ ਕੋਈ ਸਾਮੂਹਿਕ ਚੇਤਨਾ ਦੀ ਲਹਿਰ ਬਣ ਸਕੀ ਹੈ? ਵਾਤਾਵਰਨ ਪ੍ਰਦੂਸ਼ਣ ਦੇ ਸੰਦਰਭ ਵਿੱਚ ਆਧੁਨਿਕ ਵਰਗ ਬੜਾ ਕੁਝ ਜਾਣਦਾ ਹੈ। ਬਹੁਤੇ ਸੰਗਠਨਾਂ, ਸੰਸਥਾਵਾਂ, ਸੰਗਠਨਾਂ, ਵਿੱਦਿਅਕ ਅਦਾਰਿਆਂ ਅਤੇ ਸਰਕਾਰਾਂ ਵੱਲੋਂ ਵਾਤਾਵਰਨ ਪ੍ਰਦੂਸ਼ਣ ਤੋਂ ਬਚਣ ਲਈ ਯੋਜਨਾਵਾਂ ਬਣਾ ਕੇ ਉਪਰਾਲੇ ਕੀਤੇ ਜਾ ਰਹੇ ਹਨ। ਪਰ ਕੀ ਅਸੀਂ ਕੇਵਲ ਸਮੱਸਿਆ ਦਾ ਅੰਸ਼ ਬਣਕੇ ਜਿਉਣਾ ਹੈ ਜਾਂ ਕੋਈ ਸਮਾਧਾਨ ਵੀ ਭਾਲਣਾ ਹੈ...? ਭਿੰਨ-ਭਿੰਨ ਪ੍ਰਦੂਸ਼ਣਾਂ ਦੇ ਕਾਰਕਾਂ ਬਾਰੇ ਪੜ੍ਹ-ਸੁਣ ਲਿਆ ਜਾਂਦਾ ਹੈ ਪਰ ਕਿਸੇ ਪ੍ਰਕਾਰ ਪ੍ਰਦੂਸ਼ਣ ਕਿਉਂ ਅਤੇ ਕਿਵੇਂ ਹੁੰਦਾ ਹੈ, ਉਸ ਬਾਰੇ ਤਬਦੀਲੀ ਲਿਆਉਣ ਦੀ ਜ਼ਰੂਰਤ ਹੈ ਅਤੇ ਅਜਿਹੀ ਤਬਦੀਲੀ ਵਾਤਾਵਰਨ ਚੇਤਨਾ ਸਦਕਾ ਆਵੇਗੀ ਅਤੇ ਅੱਗੋਂ ਚੇਤਨਾ ਦਾ ਪ੍ਰਸਾਰ ਕਰੇਗੀ। ਮਿਸਾਲ ਵਜੋਂ ਜੇਕਰ ਜੰਗਲ ਹੇਠ ਰਕਬੇ ਦੀ ਕਟਾਈ ਦੀ ਗੱਲ ਕਰੀਏ ਤਾਂ ਕੀ ਕਾਨੂੰਨੀ ਦਸਤਾਵੇਜ਼ਾਂ ਨਾਲ ਮਨੁੱਖ ਰੁੱਖ ਵੱਢਣੇ ਬੰਦ ਕਰ ਦਵੇਗਾ? ਕੀ ਇਹ ਪਤਾ ਲੱਗਣ 'ਤੇ ਕਿ ਜ਼ਹਿਰੀਲੀਆਂ ਖਾਦਾਂ ਫ਼ਸਲਾਂ ਨੂੰ ਵੀ ਜ਼ਹਿਰੀਲਾ ਕਰ ਦਿੰਦੀਆਂ ਹਨ ਤਾਂ ਕਿਸਾਨ ਇਹਨਾਂ ਦਾ ਪ੍ਰਯੋਗ ਬੰਦ ਕਰ ਦੇਣਗੇ....? ਕੀ ਉਦਯੋਗਿਕ ਨਿਕਾਸੀ ਕੇਵਲ ਕਾਨੂੰਨ ਬਣਨ ਨਾਲ ਨਦੀਆਂ-ਨਾਲ਼ਿਆਂ 'ਚ ਪੈਣੀ ਬੰਦ ਹੋ

ਜਾਵੇਗੀ...? ਭਾਰਤ ਵਰਗੇ ਵੱਡ-ਆਬਾਦੀ ਮੁਲਕ ਵਿੱਚ ਇੱਕ-ਇੱਕਲਾ ਬੰਦਾ ਕੋਈ ਜੰਗ ਨਹੀਂ ਜਿੱਤ ਸਕਦਾ, ਕੋਈ ਸੰਘਰਸ਼ ਨਹੀਂ ਵਿੱਡ ਸਕਦਾ। ਇਹ ਲਾਜ਼ਮੀ ਹੈ ਕਿ ਵਾਤਾਵਰਨ ਸੰਕਟਾਂ ਤੋਂ ਪ੍ਰਿਥਵੀ ਨੂੰ ਬਚਾਉਣ ਲਈ ਨਿਸ਼ਕਾਮ-ਸੇਵਾ ਵਾਲੇ ਆਗੂਆਂ ਦੀ ਸਖ਼ਤ ਲੋੜ ਹੈ, ਪਰ ਨਾਲ ਹੀ ਇਹ ਵੀ ਜ਼ਰੂਰੀ ਹੈ ਕਿ ਉਹਨਾਂ ਨਾਲ ਜਨ-ਸਧਾਰਨ ਦਾ ਨਿਰੰਤਰ ਸਹਿਯੋਗ ਹੋਵੇ। ਜੇਕਰ ਯਾਦ ਕਰੀਏ ਕਿ ‘ਚਿਪਕੋ ਅੰਦੋਲਨ’ ਆਮ ਜਨਤਾ ਨੇ ਹੀ ਅਰੰਭਿਆ ਤੇ ਜਿੱਤਿਆ ਸੀ। ਬਾਹਰੀ ਭਾਵ ਭੌਤਿਕ ਪ੍ਰਦੂਸ਼ਣ ਦੇ ਵਧੇਰੇ ਕਾਰਨਾਂ ਵਿੱਚ ਮਨੁੱਖੀ ਕਾਰਵਾਈਆਂ ਦਾ ਹੀ ਨਾਮ ਹੈ। ਵਾਤਾਵਰਨ ਮਨੁੱਖ ਲਈ ਸੁਖਾਵਾਂ ਤੇ ਮੈਤਰੀ-ਭਰਪੂਰ ਸੀ, ਮਨੁੱਖ ਨੇ ਹੀ ਉਸਨੂੰ ਵਿਸ਼ੈਲਾ ਕਰ ਦਿੱਤਾ ਤੇ ਹੁਣ ਮਨੁੱਖ ਹੀ ਆਪਣੀ ਕਰਨੀ ਦੀ ਮਾਰ ਭੁਗਤ ਰਿਹਾ ਹੈ। ਭੌਤਿਕ ਵਾਤਾਵਰਨ ਦੇ ਪ੍ਰਦੂਸ਼ਣ ਦੀ ਜੜ੍ਹ ਵਿਅਕਤੀ ਅੰਦਰ ਉਤਪੰਨ ਹੋਏ ਮਾਨਸਿਕ ਪ੍ਰਦੂਸ਼ਣ ਵਿੱਚ ਮਿਲਦੀ ਹੈ। ਜੇਕਰ ਕੋਈ ਮਨੁੱਖ ਰੁੱਖ ਵੱਢਦਾ ਹੈ ਤਾਂ ਉਸਦੀ ਮਾਨਸਿਕਤਾ ਵਿੱਚ ਪੂੰਜੀਵਾਦ ਭਾਰੂ ਹੈ। ਲਾਲਚ ਹੀ ਉਸਨੂੰ ਰੁੱਖਾਂ ਨੂੰ ਵੱਢ-ਵੇਚ ਕੇ ਅਮੀਰ ਬਣਨ ਲਈ ਉਕਸਾਉਂਦਾ ਹੈ। ਜੇਕਰ ਮਨ ਨੂੰ ਸਮਝਾ ਲਿਆ ਜਾਵੇ, ਵਾਤਾਵਰਨ ਦਾ ਮਿੱਤਰ ਬਣਾ ਲਿਆ ਜਾਵੇ, ਤਾਂ ਹੌਲੀ-ਹੌਲੀ ਸਭ ਕੁਝ ਦਰੁੱਸਤ ਹੋਣ ਲੱਗੇਗਾ। ਡਾ. ਜਗਦੀਸ਼ ਚੰਦਰ ਬੋਸ ਮੰਨਦੇ ਹਨ ਕਿ ਰੁੱਖ ਤੇ ਮਨੁੱਖ ਇੱਕ-ਦੂਜੇ ਦੇ ਪੂਰਕ ਹਨ ਤੇ ਇੱਕ-ਦੂਜੇ ਨੂੰ ਪ੍ਰਭਾਵਿਤ ਕਰਦੇ ਹਨ। ਘਰ ਵਿੱਚ ਛੋਟੇ ਬਾਲਕਾਂ ਨੂੰ ਬਾਰ-ਬਾਰ ਝਿੜਕਾਂ ਮਾਰ ਕੇ ਚੰਗੀਆਂ ਆਦਤਾਂ ਸਿਖਾਈਏ, ਤਾਂ ਕੀ ਉਹ ਸਿੱਖ ਸਕਣਗੇ...? ਨਹੀਂ....ਜਾਂ ਤਾਂ ਉਹ ਡਰ ਜਾਣਗੇ ਤੇ ਜਾਂ ਢੀਠ ਹੋ ਜਾਣਗੇ। ਕੁਝ ਵਿਗਿਆਨੀ ਮੰਨ੍ਹਦੇ ਹਨ ਕਿ ਕੀ ਜੀਵ, ਪੰਛੀ ਤੇ ਕੀ ਪੌਦੇ, ਸਭਨਾਂ ਕੋਲ ਸੰਵੇਦਨਾ ਹੈ ਤੇ ਸੂਝ ਹੈ। ਤਾਂ ਹੀ ਤਾਂ ਪਾਲਤੂ ਪਸ਼ੂ ਸਾਂਭਣ ਵਾਲੇ ਉਨ੍ਹਾਂ ਨਾਲ ਸਹਿਯੋਗੀ ਵਤੀਰਾ ਰੱਖਿਆ ਕਰਦੇ ਹਨ। ਲੋੜੀਂਦੀ ਮਾਨਸਿਕ ਤਬਦੀਲੀ ਲਿਆਉਣ ਲਈ ਸਾਹਿਤ ਦਾ ਬਹੁਤ ਮਹੱਤਵਪੂਰਨ ਰੋਲ ਹੁੰਦਾ ਹੈ। ਜੇਕਰ ਮਨ ਵਿੱਚ ਘਰ ਕਰ ਚੁੱਕੇ ਵਾਤਾਵਰਨ ਵਿਰੋਧੀ ਸੰਕਲਪਾਂ ਨੂੰ ਮਿਟਾ ਕੇ ਵਾਤਾਵਰਨ-ਹਿਤੈਸ਼ੀ ਇਬਾਰਤ ਲਿਖਾਂਗੇ ਤਾਂ ਹੀ ਉਹ ਕਾਰਜ ਬੰਦ ਹੋਣਗੇ, ਜਿਨ੍ਹਾਂ ਨਾਲ ਵਾਤਾਵਰਨ ਵਿਗੜ ਰਿਹਾ ਹੈ। ਚੇਤਨਾ ਦੀ ਇਹ ਲੋਅ ਕੇਵਲ ਦੋ-ਚਾਰ ਦਿਨਾਂ, ਵਿਸ਼ੇਸ਼ ਸਮਾਗਮਾਂ ਜਾਂ ਕੁਝ ਚੁਨਿੰਦਾ ਉੱਦਮੀਆਂ ਦੀ ਜ਼ਿੰਮੇਵਾਰੀ ਨਹੀਂ, ਸਗੋਂ

ਇਹ ਤਾਂ ਸਭਨਾ ਦਾ ਪਰਮ ਕਰਤੱਵ ਹੈ ਕਿ ਆਪ ਚੇਤਨਾ ਗ੍ਰਹਿਣ ਕਰੀਏ, ਅਮਲਾਂ ਵਿੱਚ ਧਾਰੀਏ ਅਤੇ ਹੋਰਨਾਂ ਨੂੰ ਚੇਤੰਨ ਕਰਨ ਲਈ ਘਾਲਣਾ ਘਾਲੀਏ।

ਹਥਲੇ ਖੋਜ ਕਾਰਜ ਦਾ ਪਹਿਲਾ ਅਧਿਆਇ ਸਿਧਾਂਤਕ ਪਿਛੋਕੜ ਹੈ, ਜਿਸ ਵਿੱਚ ਵਾਤਾਵਰਨ ਅਤੇ ਵਾਤਾਵਰਨ ਸੰਕਟਾਂ ਦੇ ਸਿਧਾਂਤਕ ਪੱਖ ਨੂੰ ਪੇਸ਼ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਨਿਮਨ ਲਿਖਤ ਸਿੱਟੇ ਪ੍ਰਾਪਤ ਹੋਏ ਹਨ:

- ਇਸ ਅਧਿਆਇ ਵਿੱਚ ਵਾਤਾਵਰਨ ਦੇ ਸਰੂਪ ,ਪਰਿਭਾਸ਼ਾ ਅਤੇ ਵਿਭਿੰਨ ਪ੍ਰਕਾਰ ਦੇ ਵਾਤਾਵਰਨੀ ਪ੍ਰਦੂਸ਼ਣਾਂ ਦਾ ਗਿਆਨ ਪ੍ਰਾਪਤ ਹੋਇਆ ਹੈ। ਇਸ ਦੇ ਨਾਲ-ਨਾਲ ਸਾਹਿਤ ਅਤੇ ਵਾਤਾਵਰਨ ਦੇ ਅੰਤਰ ਸੰਬੰਧਾਂ ਦਾ ਖੁਲਾਸਾ ਵੀ ਹੋਇਆ ਹੈ ।
- ਵਾਤਾਵਰਨ ਨੂੰ ਸੰਭਾਲਣ ਦੀ ਜ਼ਰੂਰਤ ਅਤੇ ਮਹੱਤਤਾ ਦਾ ਸੰਕਲਪ ਉਲੀਕਿਆ ਗਿਆ ਹੈ।
- ਵਾਤਾਵਰਨ ਦੇ ਵਿਭਿੰਨ ਪਹਿਲੂਆਂ ਬਾਰੇ ਚਰਚਾ ਭੂਮਿਕਾ ਵਾਲੇ ਭਾਗ ਵਿੱਚ ਕੀਤੀ ਗਈ ਹੈ। ਇਸ ਤੋਂ ਇਲਾਵਾ ਵਿਸ਼ੇ ਨਾਲ ਸੰਬੰਧਿਤ ਖੋਜ ਦੇ ਉਦੇਸ਼, ਖੋਜ ਵਿਧੀਆਂ, ਸੰਭਾਵਿਤ ਨਤੀਜੇ ਅਤੇ ਖੋਜ ਦੀ ਸਾਹਿਤਕ ਅਤੇ ਸਮਾਜਿਕ ਸਾਰਥਿਕਤਾ ਦੀ ਪੜਚੋਲ ਵੀ ਕੀਤੀ ਗਈ ਹੈ।

ਉਕਤ ਸਿੱਟਿਆਂ ਦੇ ਆਧਾਰ ਉੱਤੇ ਕਿਹਾ ਜਾ ਸਕਦਾ ਹੈ ਕਿ ਵਰਤਮਾਨ ਸਦੀ ਵਿੱਚ ਵਾਤਾਵਰਨ ਦੀ ਸਥਿਤੀ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਪੂੰਜੀਵਾਦੀ ਸੋਚ ਅਧੀਨ ਜਿਉਂਦੇ ਹੋਏ ਬਹੁ-ਗਿਣਤੀ ਲੋਕ ਵਾਤਾਵਰਨ ਦੀ ਸੰਭਾਲ ਵਲੋਂ ਮੁਨਕਰ ਹਨ, ਅਵੇਸਲੇ ਹਨ ਜਾਂ ਫਿਰ ਜਾਣ-ਬੁੱਝ ਕੇ ਅਣਜਾਣ ਬਣੇ ਰਹਿੰਦੇ ਹਨ। ਪੜ੍ਹੀ-ਲਿਖੀ ਆਧੁਨਿਕ ਪੀੜ੍ਹੀ ਸਵੈ-ਮੁਨਾਫ਼ੇ ਲਈ ਬਹੁਤ ਚੇਤੰਨ ਹੈ ਪਰ ਵਾਤਾਵਰਨ ਲਈ ਬਹੁਤ ਹੀ ਉਦਾਸੀਨ। ਬਹੁਤੇ ਲੋਕ ਇਸ ਦਾ ਜ਼ਿੰਮਾ ਸਰਕਾਰਾਂ ਸਿਰ ਪਾਉਂਦੇ ਹਨ। ਵਾਤਾਵਰਨ ਸੰਕਟ ਦਾ ਅਜਿਹਾ ਦ੍ਰਿਸ਼ ਉੱਭਰਨ ਨਾਲ ਸਭ ਦਾ ਫ਼ਰਜ਼ ਬਣਦਾ ਹੈ ਕਿ ਇਸ ਪ੍ਰਥਾਇ ਯਥਾ-ਸੰਭਵ ਜਤਨ ਕੀਤੇ ਜਾਣ। ਇੱਕ ਦੂਜੇ 'ਤੇ ਉਂਗਲੀਆਂ ਚੁੱਕਣ ਵਾਲੀ ਰਾਜਨੀਤੀ ਕਰਨ ਦੀ ਬਜਾਏ ਇੱਕ-ਦੂਜੇ ਨਾਲ ਸਹਿਯੋਗ ਕਰਦੇ ਹੋਏ ਨਿਰੰਤਰ

ਕੋਸ਼ਿਸ਼ਾਂ ਕਰਦੇ ਰਹੀਏ। ਬੂੰਦ-ਬੂੰਦ ਨਾਲ ਸਾਗਰ ਭਰ ਵੀ ਜਾਂਦਾ ਹੈ ਤੇ ਬੂੰਦ-ਬੂੰਦ ਨਾਲ ਖ਼ਾਲੀ ਵੀ ਹੋ ਜਾਂਦਾ ਹੈ। ਲੋੜ ਹੈ ਵਾਦ-ਵਿਵਾਦ ਤਿਆਗ ਕੇ ਸੰਵਾਦ ਰਾਹੀਂ ਹੱਲ ਕੱਢਣ ਦੀ ਅਤੇ ਉਹਨਾਂ ਨੂੰ ਅਪਣਾਉਣ ਦੀ।

ਮਨਮੋਹਨ ਸਿੰਘ ਦਾਊਂ ਦੇ ਕਾਵਿ ਸੰਗ੍ਰਿਹ ਦਾ ਹਾਸਲ ਉਹ ਫਿਲਾਸਫੀ ਹੈ ਜਿਸ ਅਧੀਨ ਉਹ ਬਿਰਖਾਂ ਅਤੇ ਪੰਛੀਆਂ ਨੂੰ ਆਪਣੇ ਪੁਰਖ਼ਿਆਂ ਵਾਂਗ ਆਦਰ-ਪਿਆਰ ਕਰਨ ਦਾ ਸੰਦੇਸ਼ ਦਿੰਦਾ ਹੈ। 'ਪੰਛੀ ਬਿਰਖ ਸੁਹਾਵੜਾ' ਕਾਵਿ ਸੰਗ੍ਰਿਹ ਵਿੱਚ ਕੁੱਲ ਇੱਕਤੀ ਕਵਿਤਾਵਾਂ ਸ਼ਾਮਲ ਹਨ। 'ਕਣ-ਕਾਇਨਾਤ' ਵਾਂਗ ਹੀ ਇਸ ਦੀਆਂ ਵੀ ਸਾਰੀਆਂ ਕਵਿਤਾਵਾਂ ਵਾਤਾਵਰਨ ਦੇ ਪ੍ਰਸੰਗ ਵਿੱਚ ਲਿਖੀਆਂ ਗਈਆਂ ਹਨ। ਵਿਰੋਧੀ-ਸੁਰ ਦੀ ਥਾਂ ਦਾਊਂ ਦੀ ਦੀ ਕਵਿਤਾ ਪਿਆਰ ਨਾਲ ਉਪਦੇਸ਼ ਕਰਨ ਵਾਲੀ ਹੈ। ਦਾਊਂ-ਕਾਵਿ ਸੱਭਿਆਚਾਰ, ਨੈਤਿਕਤਾ, ਵੇਦਾਂ-ਗ੍ਰੰਥਾਂ ਤੇ ਗੁਰੂਆਂ-ਪੀਰਾਂ ਤੋਂ ਸੇਧ ਪ੍ਰਾਪਤ ਕਰਦਾ ਹੋਇਆ ਰੁੱਖਾਂ ਦੀ ਦੇਖਭਾਲ ਕਰਨ ਦੀ ਪ੍ਰੇਰਨਾ ਕਰਦਾ ਹੈ। ਰੁੱਖਾਂ ਦੀ ਹਰ ਨਿੱਕੀ-ਵੱਡੀ ਉਪਕਾਰੀ ਦੇਣ ਦਾ ਵਿਚਾਰ ਪੇਸ਼ ਕਰਦਾ ਹੈ। ਰੁੱਖਾਂ ਨੂੰ ਰਿਸ਼ੀਆਂ ਦਾ ਦਰਜਾ ਦਿੰਦਾ ਹੈ ਤੇ ਪੁਰਾਣੇ ਬੋਹੜ ਦਾ ਚਿੰਨ੍ਹ ਦਾ ਪ੍ਰਯੋਗ ਕਰਕੇ ਬਜ਼ੁਰਗਾਂ ਅਤੇ ਰੁੱਖਾਂ ਦਾ ਸਮੁੱਚਿਤ ਸੰਕਲਪ ਸਿਰਜਦਾ ਹੈ।

- ਉਸਦੀ ਕਾਵਿ-ਵਿਚਾਰਧਾਰਾ ਦਾ ਸੁਰ ਸੁਧਾਰਵਾਦੀ, ਸ਼ਾਂਤ ਅਤੇ ਪ੍ਰੇਰਨਾ-ਸਾਪੇਖ ਹੈ।
- ਉਸਦੀ ਕਵਿਤਾ ਵਿੱਚ ਫੁੱਲ, ਫਲ, ਬੇਰੀ, ਨਿੰਮ, ਪੱਤੇ, ਆਲ੍ਹਣੇ, ਪੰਛੀ, ਛਾਂ, ਢੱਕ, ਅਮਲਤਾਸ, ਕਚਨਾਰ, ਜੜ੍ਹਾਂ, ਗੁਲਮੋਹਰ, ਹਰਿਆਲੀ ਤੇ ਰੁੱਖ/ਬਿਰਖ਼ ਦਾ ਦ੍ਰਿਸ਼ ਬਾਖ਼ੂਬੀ ਪ੍ਰਗਟਾਇਆ ਗਿਆ ਹੈ। ਕੁੱਲ ਇਕੱਤੀ ਕਵਿਤਾਵਾਂ ਵਿੱਚੋਂ ਚੌਦਾਂ ਕਵਿਤਾ ਦੇ ਸਿਰਲੇਖ ਵਜੋਂ 'ਰੁੱਖ ਜਾਂ ਬਿਰਖ਼' ਸ਼ਬਦ ਦਾ ਪ੍ਰਯੋਗ ਕੀਤਾ ਗਿਆ ਹੈ।
- ਸੁਰਜੀਤ ਪਾਤਰ ਵਾਂਗ ਦਾਊਂ ਦੀ ਕਵਿਤਾ ਬਿਰਖ਼ ਦੀ ਕਥਾ ਕਰਦੀ ਹੈ, ਉਸ ਨਾਲ ਸੰਵਾਦ ਰਚਾਉਂਦੀ ਹੈ। ਪੁਰਾਣੇ ਬੋਹੜਾਂ ਵਿੱਚੋਂ ਉਸਨੂੰ ਆਪਣੇ ਵੱਡਿਕੇ ਵਿਖਾਲੀ ਦਿੰਦੇ ਹਨ। ਉਸਦਾ ਕਾਵਿ ਬਿਰਖਾਂ ਤੇ ਬਜ਼ੁਰਗਾਂ ਨੂੰ ਸੰਭਾਲਣ ਦਾ ਨਾਅਰਾ ਮਾਰਦਾ ਹੈ।
- ਸੱਭਿਆਚਾਰਕ ਪੱਖ ਤੋਂ ਰੁੱਖਾਂ ਦੀ ਮਨੁੱਖ ਦੇ ਹਰ ਸੁੱਖ-ਦੁੱਖ ਵਿੱਚ ਸਾਂਝੇਦਾਰੀ ਚਿਰੋਕੀ ਹੈ। ਪੰਘੂੜੇ ਤੋਂ ਅਰਥੀ ਤੱਕ, ਮਧਾਣੀ ਤੋਂ ਹੱਥੀ ਤੱਕ, ਹੱਲ਼ ਤੋਂ ਪੰਜਾਲੀ ਤੱਕ ਅਤੇ ਇਮਾਰਤ ਤੋਂ ਇਬਾਰਤ ਤੱਕ ਸਭ ਕੁਝ ਹੀ ਰੁੱਖਾਂ ਦੀ ਦੇਣ ਹੈ। ਬਹੁਤ ਸਾਰੇ ਗੁਣਕਾਰੀ ਰੁੱਖਾਂ ਨੂੰ ਦੇਵਤਿਆਂ ਵਾਂਗ ਪੂਜਣ (ਸਤਿਕਾਰਨ) ਦੀ ਪ੍ਰਥਾ ਪੰਜਾਬੀ

ਸੱਭਿਆਚਾਰ ਦਾ ਅਨਿੱਖੜ ਅੰਗ ਹੈ। ਮਨੁੱਖ ਤੇ ਰੁੱਖ ਦੀ ਚਿਰੋਕੜੀ ਸਾਂਝ ਦਾ ਵਰਨਣ ਕਰਦੇ ਹੋਏ ਕਵੀ ਰੁੱਖਾਂ ਨੂੰ ਪੁਰਖ਼ਿਆਂ ਵਾਂਗ ਮੰਨਦਾ ਹੋਈ ਆਪਣਾ ਖ਼ੂਨ ਦਾ ਰਿਸ਼ਤੇਦਾਰ ਕਰਾਰ ਦਿੰਦਾ ਹੈ। ਰੁੱਖਾਂ ਨਾਲ ਰਿਸ਼ਤੇਦਾਰੀ ਉਸਦੇ ਕਾਵਿ ਦੀ ਸੁੰਦਰਤਾ ਹੈ।

- ਰੁੱਖਾਂ ਦੀ ਸਹਿਨਸ਼ੀਲਤਾ ਅਤੇ ਪਰਉਪਕਾਰੀ ਗੁਣਾਂ ਨੂੰ ਉਜਾਗਰ ਕਰਨਾ ਦਾਊਂ-ਕਾਵਿ ਦੀ ਵਿਸ਼ੇਸ਼ਤਾ ਹੈ।
- 'ਦਰਵੇਸ਼ਾਂ ਨੂੰ ਲੋੜੀਏ ਰੁੱਖਾਂ ਦੀ ਜੀਰਾਂਦ' ਦੇ ਗੁਰਬਾਣੀ ਵਾਕ ਅਨੁਸਾਰ ਦਾਊਂ ਦੀ ਕਵਿਤਾ ਵਿੱਚ ਰੁੱਖ ਨਾ ਕੇਵਲ ਪੂਜਨੀਕ ਹਨ, ਸਗੋਂ ਵਾਤਾਵਰਨ ਪ੍ਰਦੂਸ਼ਣ ਨੂੰ ਘਟਾਉਣ ਲਈ ਵੀ ਸਹਾਇਕ ਹੁੰਦੇ ਹਨ। ਰੁੱਖ ਮੁਫ਼ਤ ਵਿੱਚ ਆਕਸੀਜਨ ਵੰਡਦੇ ਹਨ, ਛਾਂਵਾਂ ਪ੍ਰਦਾਨ ਕਰਦੇ ਹਨ, ਔਸ਼ੁੱਧੀ ਗੁਣਾਂ ਨਾਲ ਭਰਪੂਰ ਹਨ, ਵਰਖ਼ਾ ਸੱਦ ਕੇ ਲਿਆਉਂਦੇ ਹਨ, ਵਾਯੂ ਸ਼ੁੱਧ ਕਰਦੇ ਹਨ, ਧਰਤੀ ਦਾ ਹਰਿਆਉਲਾ ਸ਼ਿੰਗਾਰ ਕਰਦੇ ਹਨ, ਪੰਛੀਆਂ ਤੇ ਜੀਵਾਂ ਦਾ ਰੈਣ-ਬਸੇਰਾ, ਆਪ ਦੁੱਖ ਸਹਿ ਕੇ ਵੀ ਹੋਰਾਂ ਨੂੰ ਖ਼ੁਸ਼ੀਆਂ-ਖੇੜੇ ਵੰਡਦੇ ਹਨ। ਦਰਵੇਸ਼ਾਂ ਤੇ ਰੁੱਖਾਂ ਦੀ ਸਹਿਸ਼ੀਲਤਾ ਅਤੇ ਪਰਉਪਕਾਰ ਗੁਰਬਾਣੀ ਵਿੱਚ ਵੀ ਬਿਆਨ ਕੀਤਾ ਗਿਆ ਹੈ।
- ਵਰਿੰਦਰ ਪਰਿਹਾਰ ਦੀ ਈਕੋ ਕਵਿਤਾ ਨੂੰ ਸਾਰੀਆਂ ਕੰਡੀਸ਼ਨਾਂ (ਸਾਹਿਤਕ ਸੀਮਾਵਾਂ) ਤੋੜਣ ਵਾਲੀ ਕਵਿਤਾ ਵਾਂਗ ਸਮਝਿਆ ਜਾ ਰਿਹਾ ਹੈ। ਕਵੀ ਆਪਣੀ ਕਵਿਤਾ ਦੁਆਰਾ ਕੁਦਰਤ ਦੀ ਵਿਸ਼ਾਲ ਪਰੰਪਰਾ ਨਾਲ ਆ ਜੁੜਿਆ ਹੈ। ਜਿਵੇਂ ਕੁਦਰਤ ਹਰ ਜਗ੍ਹਾ ਅਤੇ ਹਰ ਸਮੇਂ 'ਤੇ ਇਕਾਗਰ ਅਤੇ ਵਿਲੱਖਣ ਹੁੰਦੀ ਹੈ। ਕੁਦਰਤ ਦਾ ਵਰਤਾਰਾ ਆਰੰਭ ਤੋਂ ਹੀ ਆਪ-ਹੁਦਰਾ ਅਤੇ ਮੌਲਿਕ ਰਿਹਾ ਹੈ। ਜਿੱਥੇ ਕਦੇ ਪਹਾੜ ਸਨ ਕਾਲ-ਅੰਤਰ ਬਾਅਦ ਉੱਥੇ ਮੈਦਾਨੀ ਖੇਤਰ ਹੋ ਜਾਂਦਾ ਹੈ। ਕੁਦਰਤ ਦੀ ਵਿਲੱਖਣਤਾ ਅਤੇ ਵੰਨ੍ਹ-ਸੁਵੰਨਤਾ ਵਾਂਗ ਪਰਿਹਾਰ ਦੀ ਕਵਿਤਾ ਵੀ ਵਿਲੱਖਣ ਹੈ, ਸਹਿਜ-ਸੁਭਾਅ ਹੈ ਤੇ ਨਿਰੋਲ ਹੈ।
- 'ਹਰਾ ਅਸਮਾਨ' ਤੇ 'ਵਰਟੀਕਲ ਕਵਿਤਾ' ਸਿਰਲੇਖ ਦੀਆਂ ਕਵਿਤਾਵਾਂ ਉਸਦੇ ਮੌਲਿਕ ਕਾਵਿ-ਪ੍ਰਯੋਗ ਹਨ। ਉਸਦੀ ਕਾਵਿ ਕਲਾ ਦੀ ਪਕੜ੍ਹ ਪਾਠਕ ਨੂੰ ਝੰਜੋੜ ਕੇ ਰੱਖ ਦਿੰਦੀ ਹੈ ਤੇ ਰੂਹ ਨੂੰ ਖੌਰੂ ਪਾ ਦਿੰਦੀ ਹੈ। 'ਕਣ-ਕਾਇਨਾਤ' ਕਾਵਿ ਸੰਗ੍ਰਿਹ ਵਿੱਚ ਉਸਦੀਆਂ ਕੁੱਲ ਇੱਕ ਸੌ ਸੰਤਾਲੀ ਕਵਿਤਾਵਾਂ ਹਨ। 'ਹਾਇਕੂ' ਵਰਗੀਆਂ ਤਿੰਨ ਸਤਰਾਂ ਵਾਲੀਆਂ ਕਵਿਤਾਵਾਂ ਵੀ ਹਨ ਅਤੇ 'ਈ.ਮੇਲ' ਕਵਿਤਾ ਵਾਂਗ ਬਵੰਜਾ ਸਤਰਾਂ ਵਾਲੀਆਂ ਵੱਡ-

ਅਕਾਰੀ ਕਵਿਤਾਵਾਂ ਵੀ ਦਰਜ ਹਨ। ਉਸਦੀ ਕਾਵਿ-ਭਾਸ਼ਾ ਵਿੱਚ ਨਿਰੋਲ ਪੰਜਾਬੀ ਦੇ ਨਾਲੋ-ਨਾਲ ਪ੍ਰਵਾਸ ਦੇ ਅਸਰ ਹੇਠ ਅੰਗਰੇਜ਼ੀ ਤੇ ਵੈਦਿਕ ਪਰੰਪਰਾ ਦੇ ਜ਼ਿਕਰ ਕਰਕੇ ਹਿੰਦੀ ਦਾ ਵੀ ਵਰਤਾਰਾ ਹੈ। ਬਹੁਤੀਆਂ ਕਵਿਤਾਵਾਂ ਵਿਚਲੇ ਨੁਕਤਿਆਂ ਤੇ ਹੋਰ ਭਾਸ਼ਾਵਾਂ ਦੇ ਸ਼ਬਦਾਂ ਨੂੰ ਸਪੱਸ਼ਟ ਕਰਨ ਲਈ ਕਵਿਤਾ ਦੇ ਹੇਠਾਂ ਅਖ਼ੀਰ ਵਿੱਚ ਕਵੀ ਦੁਆਰਾ ਨੋਟ ਅੰਕਿਤ ਕੀਤੇ ਗਏ ਹਨ। ਪੂੰਜੀਵਾਦ ਦੇ ਵਿਰੋਧ ਵਜੋਂ ਉਪਜੀ ਪਰਿਹਾਰ ਦੀ ਕਵਿਤਾ ਵਿੱਚ ਪੰਜਾਬੀ, ਭਾਰਤੀ ਤੇ ਵਿਸ਼ਵੀ ਵਰਤਾਰਿਆਂ ਦੀ ਸੰਕਲਪਨਾ ਵੀ ਪੇਸ਼ ਕੀਤੀ ਗਈ ਹੈ। ਇਤਿਹਾਸ, ਮਿਥਿਹਾਸ, ਲੋਕ-ਵਿਸ਼ਵਾਸ ਤੋਂ ਲੈ ਕੇ ਵਰਤਮਾਨ ਤੋਂ ਹਜ਼ਾਰਾਂ ਸਾਲ ਅੱਗੇ ਜਾ ਕੇ ਭਵਿੱਖ ਨੂੰ ਅੰਕਿਤ ਕਰਦੀ ਕਵਿਤਾ ਵੀ ਲਿਖੀ ਗਈ ਹੈ। ਉਸਦੀ ਕਵਿਤਾ ਅੰਦਰ ਓਪੇਕ ਭਾਸ਼ਾ ਦੀ ਜਗ੍ਹਾ ਟਰਾਂਸਪੇਰੇਂਟ ਭਾਸ਼ਾ ਦਾ ਪ੍ਰਯੋਗ ਜਟਿਲ ਵਾਤਾਵਰਨ ਸਥਿਤੀਆਂ ਨੂੰ ਆਸਾਨੀ ਨਾਲ ਸਮਝਣਯੋਗ ਬਣਾ ਦਿੰਦਾ ਹੈ।

- ਤਕਨੀਕੀ ਵਿਕਾਸ ਅਤੇ ਪ੍ਰਕਿਤਕ ਸਕੂਨ ਦੀ ਕਸ਼ਮਕਸ਼ ਵਿੱਚ ਸੂਤਿਆ ਪਿਆ ਆਧੁਨਿਕ ਮਨੁੱਖ ਤ੍ਰਿਸ਼ੰਕੂ ਵਾਂਗ ਅੱਧਵਾਟੇ ਹੀ ਠੋਕਰਾਂ ਖਾ ਰਿਹਾ ਹੈ। ਪ੍ਰਕਿਰਤੀ ਵੱਲੋਂ ਵਿਮੁੱਖ ਹੋ ਕੇ ਪਦਾਰਥਕ ਤਰੱਕੀ ਦੀ ਅੰਨ੍ਹੀ ਦੌੜ ਵਿੱਚ ਖ਼ੁਆਰ ਹੁੰਦਾ ਹੈ। ਅਖੌਤੀ ਵਿਕਾਸ ਦੀ ਸਿਖ਼ਰ ਉੱਤੇ ਅੱਪੜ ਕੇ ਜਦੋਂ ਉਸ ਦਾ ਮਨ ਅੱਕ-ਥੱਕ ਜਾਂਦਾ ਹੈ ਤਾਂ ਉਸਨੂੰ ਮਾਨਿਸਕ ਸ਼ਾਂਤੀ ਦੀ ਤੋੜ੍ਹ ਲੱਗਦੀ ਹੈ। ਮਨ ਦੇ ਸਕੂਨ ਦੀ ਪ੍ਰਾਪਤੀ ਲਈ ਉਹ ਫਿਰ ਤੋਂ ਕੁਦਰਤ ਦੀ ਗੋਦ ਵਿੱਚ ਆ ਕੇ ਘਰ ਵਾਪਸੀ ਕਰਨੀ ਲੋਚਦਾ ਹੈ। ਪੂੰਜੀਵਾਦੀ ਸੱਤਾ ਦੀ ਪ੍ਰਤੀਯੋਗੀ ਕਸਵੱਟੀ ਉਸਨੂੰ ਘਰ ਵਾਪਸੀ ਨਹੀਂ ਕਰਨ ਦਿੰਦੀ ਪਰ ਅਸੰਖ ਅਭਾਸੀ ਵਸਤਾਂ ਵਿੱਚ ਘਿਰਿਆ ਮਨੁੱਖ ਬਿਨਾਂ ਪਾਣੀ ਦੀ ਮੱਛੀ ਵਾਂਗ ਤੜਫ਼ਦਾ ਹੈ। ਇਸੇ ਮਨੋ-ਦਵੰਦ ਦੀ ਸਥਿਤੀ ਵਿੱਚ ਆਧੁਨਿਕ ਮਨੁੱਖ ਪਿਸਦਾ ਜਾ ਰਿਹਾ ਹੈ।
- ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਹਥਲੇ ਪੰਜਾਬੀ ਕਾਵਿ ਦੀ ਸਾਰਥਿਕਤਾ ਇਸ ਆਧਾਰ ਉੱਪਰ ਸਪੱਸ਼ਟ ਹੁੰਦੀ ਹੈ ਕਿ ਕਵਿਤਾ ਵਿੱਚ ਸੰਤੁਲਿਤ ਵਾਤਾਵਰਨ ਦੀ ਮਹੱਤਤਾ ਉਜਾਗਰ ਕਰਦੇ ਹੋਏ ਇਸ ਵਿੱਚ ਪੈ ਰਹੇ ਵਿਗਾੜਾਂ ਨੂੰ ਰੇਖਾਂਕਿਤ ਕੀਤਾ ਗਿਆ ਹੈ ਅਤੇ ਮਨੁੱਖੀ ਮਨ ਨੂੰ ਹਲੂਣਦੇ ਹੋਏ ਸੁਝਾਵਾਂ ਦੀ ਅਪ੍ਰਤੱਖ ਪੇਸ਼ਕਾਰੀ ਵੀ ਕੀਤੀ ਗਈ ਹੈ।

- ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਹਥਲੇ ਪੰਜਾਬੀ ਕਾਵਿ ਦੀ ਸਾਰਥਕ ਭੂਮਿਕਾ ਰਹੀ ਹੈ। ਜਿਵੇਂ ਬਾਲਕਾਂ ਨੂੰ ਮਾੜੀਆਂ ਆਦਤਾਂ ਤੋਂ ਹੋੜ੍ਹਣ ਲਈ ਅਤੇ ਚੰਗੀਆਂ ਆਦਤਾਂ ਨਾਲ ਜੋੜਣ ਲਈ ਮਾਪਿਆਂ ਨੂੰ ਕਦੇ ਤਾੜਣਾ ਪੈਂਦਾ ਹੈ ਅਤੇ ਕਦੇ ਪਿਆਰਨਾ ਪੈਂਦਾ ਹੈ, ਠੀਕ ਇਸੇ ਤਰ੍ਹਾਂ ਖੋਜ ਅਧੀਨ ਕਵਿਤਾ ਵਿੱਚ ਕਦੇ ਰੋਹ ਵਿੱਚ ਤੇ ਕਦੇ ਵੇਦਨਾਮਈ ਢੰਗ ਨਾਲ ਮਨੁੱਖੀ ਮਨ ਵਿੱਚ ਵਾਤਾਵਰਨ ਪ੍ਰਤੀ ਪੱਥਰ ਹੋ ਚੁੱਕੀ ਚੇਤਨਾ ਨੂੰ ਮੁੜ ਸੰਜੀਵ ਕਰਨ ਦਾ ਕਾਰਜ ਨਿਭਾਇਆ ਗਿਆ ਹੈ। ਕਵਿਤਾ ਦੀ ਸਮਰੱਥਾ ਇੰਨ੍ਹੀ ਤੀਖਣ ਹੁੰਦੀ ਹੈ ਕਿ ਨਿੱਕੇ ਜਿਹੇ ਆਕਾਰ ਨਾਲ ਵੀ ਡੂੰਘਾ ਵਾਰ ਕਰ ਸਕਦੀ ਹੈ। ਕਵਿਤਾ ਵਿੱਚ ਥੋੜ੍ਹੇ, ਸ਼ਬਦਾਂ ਵਿੱਚ ਕਹੀ ਵਿਸ਼ੇਸ਼ ਗੱਲ ਬਹੁਤ ਵੱਡੀ ਅਹਿਮੀਅਤ ਰੱਖਦੀ ਹੈ। ਹਥਲੀ ਕਵਿਤਾ ਵਿੱਚ ਵਾਤਾਵਰਨਿਕ ਸਮੱਸਿਆ ਦੇ ਲਗਭਗ ਹਰ ਅੰਗ ਨੂੰ ਛੋਹਿਆ ਹੈ ਅਤੇ ਸੰਕੇਤਕ ਰੂਪ ਵਿੱਚ ਯੋਗ ਸਮਾਧਾਨਾਂ ਦੀ ਪੇਸ਼ਕਾਰੀ ਵੀ ਕੀਤੀ ਹੈ।

ਖੋਜ ਕਾਰਜ ਦਾ ਤੀਜਾ ਅਧਿਆਇ ਪੰਜਾਬੀ ਗਲਪ ਵਿੱਚ ਵਾਤਾਵਰਨ ਚੇਤਨਾ ਦਾ ਪ੍ਰਗਟਾਵਾ ਹੈ। ਇਸ ਅਧਿਆਇ ਅੰਦਰ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਪ੍ਰਕਾਸ਼ਿਤ ਦੋ ਨਾਵਲ ਸੰਗ੍ਰਿਹ: 'ਇੱਥੋ ਰੇਗਿਸਤਾਨ ਦਿਸਦਾ ਹੈ' ਤੇ 'ਕੈਂਸਰ ਟਰੇਨ' ਸ਼ਾਮਿਲ ਕੀਤੇ ਗਏ ਹਨ। ਇਸ ਅਵਧੀ ਦੌਰਾਨ ਇੱਕ ਕਹਾਣੀ ਸੰਗ੍ਰਿਹ 'ਪਵਣੁ ਗੁਰੂ ਪਾਣੀ ਪਿਤਾ' ਨੂੰ ਖੋਜ ਕਾਰਜ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਅਧਿਆਇ ਵਿੱਚ ਇੱਕੀਵੀਂ ਸਦੀ ਦੇ ਗਲਪ ਦੇ ਵਿਸ਼ੇਸ਼ ਝੁਕਾਵਾਂ ਨੂੰ ਵਿਚਾਰਿਆ ਗਿਆ ਹੈ। ਇਸ ਅਧਿਆਇ ਵਿੱਚ ਵਰਤਮਾਨ ਦਹਾਕੇ ਦੀ ਪੰਜਾਬੀ ਕਹਾਣੀ ਅਤੇ ਨਾਵਲ ਵਿੱਚ ਪੇਸ਼ ਵਾਤਾਵਰਨ ਸੰਕਟਾਂ ਦਾ ਵਿਸਤ੍ਰਿਤ ਅਧਿਐਨ ਕੀਤਾ ਗਿਆ ਹੈ। ਇਸ ਅਧਿਆਇ ਦੇ ਅਖ਼ੀਰ ਵਿੱਚ ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਪੰਜਾਬੀ ਗਲਪ ਦੀ ਸਾਰਥਿਕਤਾ ਨੂੰ ਉਲੀਕਿਆ ਗਿਆ ਹੈ। ਤੀਜੇ ਅਧਿਆਇ ਦੇ ਸੰਦਰਭ ਵਿੱਚ ਨਿਮਨ ਲਿਖਤ ਸਿੱਟੇ ਪ੍ਰਾਪਤ ਹੋਏ ਹਨ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਉਪਲੱਬਧ ਨਾਵਲਾਂ ਦਾ ਅਧਿਐਨ ਕਰਨ ਉਪਰੰਤ ਇਹ ਕਿਹਾ ਜਾ ਸਕਦਾ ਹੈ:

- ਦ੍ਰਿਸ਼ਟੀਕੋਣ ਵਜੋਂ ਮੂਲ ਰੂਪ ਵਿੱਚ ਵਾਤਾਵਰਨਵਾਦੀ ਅਤੇ ਮਾਰਕਸਵਾਦੀ ਨਾਵਲਕਾਰ ਜਸਵੀਰ ਸਿੰਘ ਰਾਣਾ ਨੇ ਨਾਵਲ 'ਇੱਥੋਂ ਰੇਗਿਸਤਾਨ ਦਿੱਸਦਾ ਹੈ' ਵਿੱਚ ਪੰਜਾਬੀ ਭਾਸ਼ਾ ਦੀ ਬੇਅਦਬੀ, ਵਾਤਾਵਰਨਿਕ ਅਸੰਤੁਲਨ, ਪਰਿਵਾਰਿਕ ਟੁੱਟ-ਭੰਨ੍ਹ, ਜਲ ਸੰਕਟ, ਭੂਮੀ ਸੰਕਟ, ਸ਼ੋਰ ਪ੍ਰਦੂਸ਼ਣ, ਪਦਾਰਥਵਾਦ, ਪਰਵਾਸ, ਅਨੈਤਿਕਤਾ,

ਸੰਜਮ, ਪਰਉਪਕਾਰ, ਗ਼ਰੀਬੀ, ਨਸ਼ਾਖੋਰੀ, ਸਿੱਖਿਆ-ਪ੍ਰਣਾਲੀ, ਅਤਿ-ਆਧੁਨਿਕ ਅਤੇ ਮਹੱਤਵ-ਅਕਾਂਖਿਆ ਆਦਿ ਵਰਗੇ ਵਿਸ਼ਿਆਂ ਨੂੰ ਅੰਕਿਤ ਕੀਤਾ ਹੈ। ਪੂਰੇ ਨਾਵਲ ਵਿੱਚ ਮਾਂ-ਬੋਲੀ ਪੰਜਾਬੀ ਨੂੰ ਸਨਮਾਨ ਦਿਵਾਉਣ ਵਾਲੇ ਅਤੇ ਵਾਤਾਵਰਨ ਨੂੰ ਬਚਾਉਣ ਵਾਲੇ ਘਟਨਾਕ੍ਰਮ ਸਮਾਂਤਰ ਵਿਕਸਤ ਹੁੰਦੇ ਹਨ ਦਿਖਾਈ ਦਿੰਦੇ ਹਨ।

- ਆਧੁਨਿਕ ਵਿਕਾਸ ਮਾਡਲ ਦੇ ਅਤਿ ਨੇ ਜਦੋਂ ਧਰਤੀ, ਹਵਾ, ਰੁੱਖ ਤੇ ਜਲ ਨੂੰ ਖ਼ਤਰੇ ਦੇ ਨਿਸ਼ਾਨ ਉੱਤੇ ਲਿਆ ਕੇ ਖੜ੍ਹਾ ਕਰ ਦਿੱਤਾ ਹੈ ਤਾਂ ਨਾਵਲਕਾਰ ਨੇ ਨਵੀਂ ਜੀਵਨ ਸ਼ੈਲੀ ਦੇ ਮਾਧਿਅਮ ਰਾਹੀਂ ਪੰਜਾਬੀ ਸੱਭਿਆਚਾਰ ਦੇ ਪੁਰਾਣੇ ਨਕਸ਼ਾਂ ਨੂੰ ਰੂਪਾਂਤਰਿਤ ਕਰਕੇ ਨਵੇਂ ਨਕਸ਼ ਉਲੀਕੇ ਹਨ। ਵਾਤਾਵਰਨ ਪ੍ਰਤੀ-ਚੇਤਨਾ ਦਾ ਪ੍ਰਸਾਰ ਕਰਨ ਲਈ ਇਸ ਨਾਵਲ ਵਿੱਚ ਭਿੰਨ-ਭਿੰਨ ਪ੍ਰਕਾਰ ਦੇ ਨਵੀਨ ਪ੍ਰਯੋਗ ਕੀਤੇ ਗਏ ਹਨ। ਹਥਲੇ ਨਾਵਲ ਅਧੀਨ ਵਾਤਾਵਰਨ ਸੰਕਟ ਦੇ ਸਿਖ਼ਰ ਨੂੰ ਦਿਖਾ ਕੇ ਜਸਵੀਰ ਰਾਣਾ ਨੇ ਸਮੂਹ ਪੰਜਾਬੀਆਂ ਨੂੰ ਆਪਣੀ ਦਿੱਬ-ਦ੍ਰਿਸ਼ਟੀ ਨਾਲ ਆਉਣ ਵਾਲੇ ਸਮੇਂ ਵਿੱਚ ਪੰਜ-ਪਾਣੀਆਂ ਦੀ ਧਰਤੀ ਪੰਜਾਬ ਦੇ ਮਾਰੂਥਲ ਵਿੱਚ ਤਬਦੀਲ ਹੋ ਸਕਣ ਦੀ ਪ੍ਰਬਲ ਸੰਭਾਵਨਾ ਦਾ ਦ੍ਰਿਸ਼ ਫੈਲਾਉਣ ਲਈ ਸਫ਼ਲ ਉੱਦਮ ਦੀ ਪੇਸ਼ਕਾਰੀ ਕੀਤੀ ਹੈ।
- ਪਹਿਲੇ ਕਾਂਡ ਵਿੱਚ ਡਾ. ਜਗਦੀਸ਼ ਚੰਦਰ ਬੋਸ ਦੁਆਰਾ ਤਿੰਨ ਰੁੱਖਾਂ ਨਾਲ ਵਿਗਿਆਨਕ ਮੀਟਰਾਂ ਦਾ ਜੋੜਨਾ, ਨੀਤੀ ਹੱਥ ਕੁਹਾੜੀ ਫੜਾ ਕੇ ਰੁੱਖਾਂ ਵੱਲ ਵਧਦੇ ਹੋਏ ਕਿਸੇ ਇੱਕ ਰੁੱਖ ਨੂੰ ਵੱਢਣ ਦਾ ਕੇਵਲ ਵਿਚਾਰ ਹੀ ਮਨ ਵਿੱਚ ਲਿਆਉਣ ‘ਤੇ ਉਸ ਵਿਸ਼ੇਸ਼ ਰੁੱਖ ਵਾਲੇ ਮੀਟਰ ਦੀ ਸੂਈ ਦਾ ਰੁੱਖ ਦੇ ਡਰ ਜਾਣ ਨਾਲ ਹਿੱਲਣਾ ਅਤੇ ਕੁਹਾੜਾ ਹਟਾ ਲੈਣ ‘ਤੇ ਮੀਟਰ ਦੀ ਸੂਈ ਦਾ ਸਧਾਰਨ ਪੱਧਰ ‘ਤੇ ਆ ਜਾਣਾ ਨਵੀਨ ਤੇ ਵਿਗਿਆਨਕ ਪ੍ਰਯੋਗ ਦਾ ਵਿਹਾਰਿਕ ਪ੍ਰਦਰਸ਼ਨ ਹੈ।
- ਨਾਵਲ ‘ਇੱਥੋਂ ਰੇਗਿਸਤਾਨ ਦਿੱਸਦਾ ਹੈ’ ਵਿੱਚ ਨਾਵਲਕਾਰ ਨੇ ਨਾਵਲ ਵਿਚਲੇ ਪਾਤਰਾਂ ਨੂੰ ਮੁੱਖ ਰੂਪ ਵਿੱਚ ਤਿੰਨ ਭਾਗਾਂ ਵਿੱਚ ਵੱਖਰਾਇਆ ਹੈ- ਵਾਤਾਵਰਨ-ਹਿਤੈਸ਼ੀ, ਵਾਤਾਵਰਨ-ਵਿਰੋਧੀ ਅਤੇ ਪਰਵਰਤਕ ਪਾਤਰ। ਨਾਵਲ ਦੀ ਨਾਇਕਾ ਨੀਤੀ, ਉਸਦੀ ਮਾਂ, ਉਸਦਾ ਮੰਗੇਤਰ, ਡਾ. ਤ੍ਰਿਪਾਠੀ, ਵਿਦਿਆਰਥੀ ਤੇ ਨੀਤੀ ਦਾ ਪਿਤਾ ਵਾਤਾਵਰਨ-ਹਿਤੈਸ਼ੀ ਪਾਤਰਾਂ ਵਜੋਂ ਸਿਰਜੇ ਗਏ ਹਨ। ਵਾਤਾਵਰਨ ਵਿਰੋਧੀ ਪਾਤਰਾਂ ਵਜੋਂ ਨੀਤੀ ਦੀ ਭਾਬੀ, ਭਰਾ, ਤਾਇਆ, ਤਾਏ ਦਾ ਮੁੰਡਾ, ਪ੍ਰਦੀਪ ਮੋਦੀ ਆਦਿ ਦੇ ਨਾਮ ਦਰਜ ਹਨ। ਪਰਵਰਤਕ ਪਾਤਰਾਂ

ਵਿੱਚ ਹਰਦੇਵ ਤਾਇਆ, ਭਿੰਦਰ ਕਾਮਰੇਡ, ਰੁਪਿੰਦਰ ਤੇ ਪ੍ਰਦੀਪ ਮੋਦੀ ਸ਼ਾਮਲ ਕੀਤੇ ਗਏ ਹਨ। ਪਰਵਰਤਕ ਭਾਵ ਰੂਪਾਂਤਰਿਤ ਪਾਤਰ ਪਹਿਲਾਂ ਵਾਤਾਵਰਨ-ਮਿੱਤਰਾਂ ਦਾ ਵਿਰੋਧ ਕਰਦੇ ਹਨ ਪਰ ਅਖ਼ੀਰ ਵਿੱਚ ਵਾਤਾਵਰਨ-ਹਿਤੈਸ਼ੀ ਬਣ ਜਾਂਦੇ ਹਨ। ਉਹਨਾਂ ਦੀ ਮਾਨਸਿਕ ਜੱਦੋ-ਜਹਿੱਦ, ਇਕੱਲਤਾ, ਚੇਤਨਾ ਅਤੇ ਅਨੁਭਵ ਹੀ ਉਹਨਾਂ ਨੂੰ ਵਾਤਾਵਰਨ ਨਾਲ ਪਿਆਰ ਕਰਨ ਲਗਾ ਦਿੰਦੇ ਹਨ। ਇਸ ਟ੍ਰਾਂਜ਼ੀਸ਼ਨਲ ਉਪਕ੍ਰਮ ਸਦਕਾ ਨਾਵਲਕਾਰ ਨੇ ਹਨ੍ਹੇਰੇ ਵਿੱਚ ਦੀਵਾ ਜਗਾਉਣ ਵਰਗਾ ਕਾਰਜ ਕੀਤਾ ਹੈ।

- ਨਾਵਲੀ ਜੁਗਤਾਂ ਦੇ ਕੁਝ ਹਵਾਲੇ ਜਿੱਥੇ ਪਰੰਪਰਾਗਤ ਹਨ ਅਤੇ ਸੱਭਿਆਚਾਰ ਨਾਲ ਜੁੜੇ ਹੋਏ ਹਨ, ਉੱਥੇ ਕੁਝ ਪ੍ਰਯੋਗ ਆਧੁਨਿਕ, ਭਵਿੱਖਮਈ ਅਤੇ ਨਵੀਨ ਹਨ। ਇਤਿਹਾਸਿਕ, ਧਾਰਮਿਕ, ਸਿਆਸੀ ਅਤੇ ਆਰਥਿਕ ਹਵਾਲਿਆਂ ਦਾ ਜ਼ਿਕਰ ਹੋਣ ਨਾਲ ਨਾਵਲ ਦੀ ਧਰਾਤਲ ਨੂੰ ਵਿਸ਼ਾਲ ਕੈਨਵਸ ਵਜੋਂ ਪੇਸ਼ ਕੀਤਾ ਗਿਆ ਹੈ।
- ਵਾਤਾਵਰਨ-ਵਿਰੋਧੀ ਕਾਰਜ ਕਰਨ ਵਾਲਿਆਂ ਪ੍ਰਤੀ ਵਿਅੰਗਾਤਮਕ ਵਾਰਤਾਲਾਪ ਪ੍ਰਸਤੁਤ ਕਰਦੇ ਹੋਏ ਨਾਵਲ ਵਿੱਚ ਵੇਰਵੇ ਦਿੱਤੇ ਗਏ ਹਨ। ਇੱਕਲੀ ਤੂੜੀ ਖੁਰਲੀ ਵਿੱਚ ਖਿਲਾਰ ਕੇ ਮੱਝਾਂ ਦੇ ਹਰੀਆਂ ਐਨਕਾਂ ਲਗਾਉਣੀਆਂ, ਰਾਜ-ਨੇਤਾ ਦੁਆਰਾ ਵਾਤਾਵਰਨ-ਦਿਵਸ ਮੌਕੇ ਦਿੱਤਾ ਗਿਆ ਹਾਸੋਹੀਣਾ ਭਾਸ਼ਣ, ਵਾਪਸੀ ਮੌਕੇ ਨੇਤਾ ਦੇ ਕਾਰਾਂ ਦੇ ਕਾਫ਼ਲੇ ਦੁਆਰਾ ਮਿੱਧੇ ਗਏ ਪੌਦੇ, ਨੀਤੀ ਦੀ ਭਾਬੀ ਵੱਲੋਂ ਪਾਣੀ ਨੂੰ ਪੇਟੈਂਟ ਕਰਵਾਉਣ ਦੀ ਤਜ਼ਵੀਜ਼ ਦੇਣਾ ਅਤੇ 'ਢਾਈ ਦਰਿਆਵਾਂ ਦਾ ਪਾਣੀ' ਨਾਮ ਦੀ ਫ਼ਿਲਮ ਆਦਿ ਅਨੇਕਾਂ ਉਦਾਹਰਨਾਂ ਇਸ ਵਿਚਾਰ ਨੂੰ ਦ੍ਰਿੜਤਾ ਪ੍ਰਦਾਨ ਕਰਦੀਆਂ ਹਨ।
- ਪੂਰੇ ਨਾਵਲ ਵਿੱਚ 'ਬਿੰਦੀ' ਦਾ ਫਲਸਫ਼ਾ ਵੱਖ-ਵੱਖ ਦ੍ਰਿਸ਼ਟੀਕੋਣਾਂ ਤੋਂ ਪੇਸ਼ ਕੀਤਾ ਮਿਲਦਾ ਹੈ। ਬਾਬੇ ਨਾਨਕ ਦੇ 'ਤੇਰਾ-ਤੇਰਾ' ਦੇ ਸਿਧਾਂਤ ਤੋਂ ਆਰੰਭ ਕਰਕੇ ਨਾਵਲ ਦੇ ਅਖ਼ਰੀਲੇ ਕਾਂਡ ਵਿੱਚ ਮਾਂ ਦੇ ਅੰਤਮ ਸਸਕਾਰ ਸਮੇਂ ਮੱਥੇ ਉੱਤੇ ਮਿੱਟੀ ਦੀ ਚੁਟਕੀ ਭਰ ਕੇ ਨੀਤੀ ਦੁਆਰਾ ਬਿੰਦੀ ਲਗਾਉਣਾ ਆਪਣੇ-ਆਪ ਵਿੱਚ 'ਬਿੰਦੀ' ਦੇ ਸੰਕਲਪ ਦਾ ਹੀ ਪਸਾਰਾ ਹੈ। ਨੀਤੀ ਦਾ ਬਾਪੂ ਗੁਰਮੁਖ ਸਿੰਘ ਪ੍ਰਦੀਮ-ਮੋਦੀ ਦੀ ਦੁਕਾਨ ਦੇ ਬੋਰਡ ਉੱਤੇ ਬਿੰਦੀ ਦੀ ਗਲਤੀ ਨੂੰ ਸੁਧਾਰਨ ਕਰਕੇ ਹੀ ਮਾਰਿਆ ਗਿਆ। ਬਿੰਦੀ ਦੀ ਵਿਸ਼ੇਸ਼ਤਾ ਉਸ ਪ੍ਰਕਾਰ ਸਥਾਪਿਤ ਕੀਤੀ ਗਈ ਹੈ ਜਿਵੇਂ ਮਜਾਜੀ ਤੋਂ ਹਕੀਕੀ ਤੱਕ ਦਾ ਸਫ਼ਰ ਹੋਵੇ। ਰੁੱਖਾਂ ਦੇ ਵੱਢੇ ਜਾਣ ਨਾਲ ਨੀਤੀ ਅਤੇ ਉਸ

ਦੀ ਮਾਂ ਦੇ ਮੱਥੇ ਉੱਤੇ ਬਿੰਦੀ ਲਗਾਉਣ ਵਾਲੀ ਥਾਂ 'ਤੇ ਪੀੜ ਜਾਗ ਪੈਂਦੀ ਹੈ। ਨੀਤੀ ਦੀ ਭਾਬੀ-ਰੂਪਰੇਖਾ ਸ਼ਾਤਿਰ ਅਤੇ ਗੈਰ-ਭਰੋਸੇਯੋਗ ਹੈ ਅਤੇ ਉਹ ਸੱਪ ਦੇ ਅਕਾਰ ਵਾਲੀ ਬਿੰਦੀ ਲਗਾਉਂਦੀ ਹੈ। ਬਿੰਦੀ ਵਾਲੀ ਥਾਂ ਅਸਲ ਵਿੱਚ ਸੁਰਤ-ਜਾਗ੍ਰਿਤੀ ਦਾ ਕੇਂਦਰ ਬਿੰਦੂ ਮੰਨ੍ਹੀ ਗਈ ਹੈ। ਆਤਮਿਕ ਸਫ਼ਰ ਦੀ ਸ਼ੁਰੂਆਤ ਇਸੇ ਥਾਂ ਤੋਂ ਹੀ ਆਰੰਭ ਹੁੰਦੀ ਮੰਨ੍ਹੀ ਗਈ ਹੈ। ਮੁੱਦਾ ਭਾਵੇਂ ਵਾਤਾਵਰਨ ਦਾ ਹੋਵੇ, ਭਾਸ਼ਾ ਦਾ, ਪਰਵਾਰ ਦਾ, ਸਮਾਜ ਦਾ ਜਾਂ ਹੋਰ ਕੋਈ ਵੀ ਹੋਵੇ, ਬਿੰਦੀ ਵਾਲੀ ਥਾਂ ਅੰਦਰਲੀ ਦਿੱਬ-ਦ੍ਰਿਸ਼ਟੀ, ਆਤਮਕ ਅਡੋਲਤਾ ਅਤੇ ਪਰਪੱਕਤਾ ਪ੍ਰਦਾਨ ਕਰਕੇ ਇਨਸਾਨ ਨੂੰ ਸਹੀ ਮਾਰਗ ਦਰਸ਼ਨ ਪ੍ਰਦਾਨ ਕਰਦੀ ਹੈ। ਨਾਵਲ ਵਿੱਚ ਪ੍ਰਸਤੁਤ ਬਿੰਦੀ ਦਾ ਫਲਸਫਾ ਜਿੱਥੇ ਸੰਸਾਰਕ ਚਕਾਚੂੰਧ ਦਾ ਪ੍ਰਗਟਾਵਾ ਕਰਦਾ ਹੈ, ਉੱਥੇ ਬੁੱਧ-ਬਿਬੇਕ ਨਾਲ ਨੇਕੀ ਦੇ ਮਾਰਗ ਉੱਤੇ ਚੱਲਣ ਦੀ ਤਰਜਮਾਨੀ ਵੀ ਪੇਸ਼ ਕਰਦਾ ਹੈ। ਨਾਵਲ ਦਾ ਅੰਤ ਸੁਖਾਂਤ ਹੈ। ਨੀਤੀ ਦੀ ਮਾਂ ਦਾ ਸੁਨੇਹਾ ਕਿ 'ਮੌਤ ਮੇਰੀ ਨਹੀਂ...ਮੌਤ ਤਾਂ ਕਿਸੇ ਹੋਰ ਦੀ ਆਈ ਹੈ!' ਸਮੁੱਚੇ ਨਾਵਲ ਦਾ ਸਾਰ ਪ੍ਰਸਤੁਤ ਕਰਦਾ ਹੈ।

ਨਛੱਤਰ ਦੁਆਰਾ ਲਿਖੇ ਨਾਵਲ 'ਕੈਂਸਰ-ਟਰੇਨ' ਵਿੱਚ ਇੱਕੀਵੀਂ ਸਦੀ ਦੇ ਵਾਤਾਵਰਨਿਕ ਸੰਕਟਾਂ ਦੀ ਪੇਸ਼ਕਾਰੀ ਕੀਤੀ ਗਈ ਹੈ। ਨਾਵਲ ਦੇ ਅਧਿਐਨ ਉਪਰੰਤ ਪੰਜਾਬ ਦੇ ਮਾਲਵੇ ਖੇਤਰ ਵਿੱਚ ਦਰਪੇਸ਼ ਕਿਰਸਾਨੀ, ਆਰਥਿਕ, ਸਮਾਜਿਕ, ਰਾਜਨੀਤਕ ਅਤੇ ਵਾਤਾਵਰਨਿਕ ਸੰਕਟਾਂ ਦੇ ਸਰੋਕਾਰ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਏ ਹਨ। ਤੀਜੇ ਅਧਿਆਇ ਦੇ ਇਸ ਭਾਗ ਵਿੱਚੋਂ ਜੋ ਨਤੀਜੇ ਪ੍ਰਾਪਤ ਹੋਏ ਹਨ, ਉਹ ਇਸ ਪ੍ਰਕਾਰ ਹਨ:-

- ਪੰਜਾਬ ਦੇ ਮਾਲਵੇ ਖੇਤਰ ਵਿੱਚ ਮੁੱਖ ਰੂਪ ਵਿੱਚ ਕਪਾਹ, ਚੌਲ ਅਤੇ ਕਣਕ ਦੀ ਕਾਸ਼ਤ ਕੀਤੀ ਜਾਂਦੀ ਹੈ। ਇਸ ਪੱਟੀ ਨੂੰ 'ਕੈਂਸਰ-ਬੈਲਟ' ਜਾਂ 'ਡਾਰਕ ਜ਼ੋਨ' ਕਹਿ ਕੇ ਵੱਖਰਾਇਆ ਜਾਂਦਾ ਹੈ। ਜ਼ਿਆਦਾ ਪਾਣੀ ਖਪਾਉਣ ਵਾਲੀਆਂ ਫਸਲਾਂ ਕਰਕੇ ਧਰਤੀ ਹੇਠਲੇ ਪਾਣੀ ਦਾ ਪੱਧਰ ਡੂੰਘਾ ਹੋ ਰਿਹਾ ਹੈ। ਅਜਿਹੀਆਂ ਫਸਲਾਂ ਲਈ ਪ੍ਰਯੋਗ ਵਿੱਚ ਲਿਆਂਦੇ ਜਾ ਰਹੇ ਕੀਟਨਾਸ਼ਕ ਦਹਾਕਿਆਂ ਤੀਕਰ ਆਪਣੇ ਮਾਰੂ ਪ੍ਰਭਾਵ ਜਲ, ਧਰਤੀ ਅਤੇ ਹਵਾ ਵਿੱਚ ਛੱਡ ਜਾਂਦੇ ਹਨ।

- ਮਾਲਵੇ ਦੇ ਬਹੁਤੇ ਕਿਸਾਨ ਦੁਪਾਸੜ ਮਾਰ ਹੇਠ ਹਨ। ਗ਼ਰੀਬ ਅਤੇ ਅਨਪੜ੍ਹ ਕਿਸਾਨ ਜਾਗਰੁਕਤਾ ਦੀ ਅਣਹੋਂਦ ਵਿੱਚ ਫ਼ਸਲਾਂ ਲਈ ਉਪਯੁਕਤ ਬੀਜ, ਸੁਰੱਖਿਅਤ ਤਕਨੀਕਾਂ ਅਤੇ ਖਾਦਾਂ ਆਦਿ ਨਹੀਂ ਜੁਟਾ ਸਕਦੇ ਅਤੇ ਉਪਰੋਂ ਕੈਂਸਰ ਦੀ ਲਪੇਟ ਵਿੱਚ ਆਏ ਪਰਿਵਾਰਕ ਮੈਂਬਰਾਂ ਦੇ ਇਲਾਜ ਵਿੱਚ ਲੂੰ-ਲੂੰ ਕਰਜ਼ਾਈ ਹੋ ਜਾਂਦੇ ਹਨ। ਕਰਜ਼ੇ ਵਧੀ ਜਾਂਦੇ ਹਨ ਅਤੇ ਕਮਾਈ ਘਟੀ ਜਾਂਦੀ ਹੈ। ਪਿੰਡਾਂ ਵਿੱਚ ਛੋਟੀ ਕਿਰਸਾਨੀ ਨਾਲ ਜਿਉਂ ਰਹੇ ਲੋਕਾਂ ਤੱਕ ਅਸਲ ਵਿੱਚ ਚੇਤਨਾ-ਮੁਹਿੰਮਾਂ ਦੀ ਪਹੁੰਚ ਹੀ ਨਹੀਂ ਅੱਪੜ ਪਾਉਂਦੀ।
- ਮਨਰੇਗਾ ਸਕੀਮ ਅਧੀਨ ਕੰਮ ਕਰਦੇ ਲੋਕ, ਖੇਤਾਂ ਵਿੱਚ ਕੰਮ ਕਰਨ ਵਾਲੀਆਂ ਚੁਗਾਵਗੀਆਂ, ਸਪਰੇਆਂ ਕਰ ਰਹੇ ਲੋਕ, ਵਾਹੀਵਾਨ...ਗੱਲ ਕੀ, ਪ੍ਰਭਾਵਿਤ ਪਿੰਡਾਂ ਦੇ ਆਮ ਨਾਗਰਿਕ ਵੀ ਕੈਂਸਰ ਵਰਗੀ ਭਿਆਨਕ ਬਿਮਾਰੀ ਦੇ ਖ਼ੌਫ ਹੇਠਾਂ ਜੀ ਰਹੇ ਹਨ, ਕਿਉਂਕਿ ਖੇਤਾਂ ਵਿੱਚ ਮਜ਼ਦੂਰੀ ਨਾ ਵੀ ਕਰ ਰਹੇ ਵਿਅਕਤੀ ਨੂੰ ਪ੍ਰਭਾਵਿਤ ਖੇਤਰ ਦੀ ਜ਼ਮੀਨ ਵਿੱਚ ਉੱਗਿਆ ਅਨਾਜ, ਸਬਜ਼ੀਆਂ ਆਦਿ ਉੱਤੇ ਨਿਰਭਰ ਰਹਿਣਾ ਪੈਂਦਾ ਹੈ। ਪਾਣੀ ਭਾਵੇਂ ਫ਼ਿਲਟਰ ਦਾ ਪੀ ਲਵੇਗਾ ਪਰੰਤੂ ਸਾਹ ਲੈਣ ਲਈ ਕਿਹੜੇ ਫਿਲਟਰ ਦਾ ਇਸਤੇਮਾਨ ਕੀਤਾ ਜਾ ਸਕੇਗਾ?
- ਅਬੋਹਰ ਤੋਂ ਚੱਲ ਕੇ ਬੀਕਾਨੇਰ ਦੇ ਕੈਂਸਰ ਹਸਪਤਾਲ ਪੁੱਜਦੀ ਮਰੀਜ਼ਾਂ ਨਾਲ ਭਰੀ 'ਕੈਂਸਰ ਟਰੇਨ' ਇਸ ਗੱਲ ਨੂੰ ਦ੍ਰਿੜ ਕਰਵਾਉਂਦੀ ਹੈ ਕਿ ਪੰਜਾਬ ਦੇ ਕੈਂਸਰ ਪੀੜਤ ਇਲਾਕੇ ਵਿੱਚ ਕੋਈ ਵੀ ਸਰਕਾਰੀ ਜਾਂ ਅਰਧ-ਸਰਕਾਰੀ ਹਸਪਤਾਲ ਨਹੀਂ ਹੈ, ਜਿੱਥੇ ਮਰੀਜ਼ਾਂ ਨੂੰ ਰਿਆਇਤੀ/ਮੁਫ਼ਤ ਟੈਸਟਾਂ ਅਤੇ ਦਵਾਈਆਂ ਦੀ ਸੁਵਿਧਾ ਮਿਲਦੀ ਹੋਵੇ। ਬੀਕਾਨੇਰ ਹਸਪਤਾਲ ਵਾਂਗੂੰ ਵੱਡ-ਅਕਾਰੀ ਮਾਲਵੇ ਵਿੱਚ ਵੀ ਦੋ-ਤਿੰਨ ਅਜਿਹੇ ਹਸਪਤਾਲ ਬਣਾਏ ਜਾਣ ਦੀ ਭਰਪੂਰ ਲੋੜ ਹੈ, ਜਿੱਥੇ ਗ਼ਰੀਬ ਪੇਂਡੂ ਲੋਕਾਂ ਦਾ ਇਲਾਜ ਸੰਭਵ ਹੋ ਸਕੇ।
- ਚੇਤੰਨਤਾ ਦੀ ਥੁੜ੍ਹ ਕਾਰਨ ਬਹੁਤੇ ਪਰਿਵਾਰ ਹੋਰਨਾਂ ਦੀ ਦੇਖਾ-ਦੇਖੀ ਉਹਨਾਂ ਫਸਲਾਂ, ਬੀਜਾਂ ਅਤੇ ਸਪਰੇਆਂ ਨੂੰ ਤਰਜੀਹ ਦੇਣ ਲੱਗ ਜਾਂਦੇ ਹਨ ਜਿਹੜੀਆਂ ਜੀਵਨ ਲਈ ਘਾਤਕ ਸਿੱਧ ਹੁੰਦੀਆਂ ਹਨ।
- ਵੀ.ਆਈ.ਪੀ. ਅਤੇ ਰਾਜਨੀਤਕ ਦਾਅ-ਪੇਚ ਵਾਲੇ ਲੋਕ ਆਟੇ 'ਚ ਲੂਣ ਬਰਾਬਰ ਵੀ ਗਰੀਬਾਂ ਤੇ ਰੋਗੀਆਂ ਨੂੰ ਸਰਕਾਰੀ ਗ੍ਰਾਂਟਾਂ ਦਾ ਲਾਭ ਨਹੀਂ ਪੁੱਜਣ ਦਿੰਦੇ। ਭ੍ਰਿਸ਼ਟਾਚਾਰ, ਪੱਖ-ਪਾਤ ਤੇ ਅਫਸਰਸ਼ਾਹੀ ਕਰਕੇ ਆਮ

ਜਨਤਾ ਨੂੰ ਰੋਟੀ ਲਈ ਵੀ ਤਰਲੇ ਕਰਨੇ ਪੈਂਦੇ ਹਨ। ਅਮੀਰ ਜਾਂ ਰਸੂਖ਼ਵਾਨ ਲੋਕ ਆਪਣੇ ਰਿਸ਼ੇਤਦਾਰਾਂ ਦਾ ਇਲਾਜ ਦਿੱਲੀ, ਚੰਡੀਗੜ੍ਹ ਜਾਂ ਵਿਦੇਸ਼ਾਂ 'ਚੋਂ ਕਰਵਾ ਲੈਂਦੇ ਹਨ। ਪਰ ਗ਼ਰੀਬ, ਅਨਪੜ੍ਹ ਤੇ ਰੋਗਾਂ ਦਾ ਘੇਰਿਆ ਕਿਸਾਨ ਕੀ ਕਰੇ....?

- ਕਾਮਰੇਡੀ ਵਿਚਾਰਧਾਰਾ ਵਾਲੇ ਯੁਵਕ ਨਿੱਜੀ ਪੱਧਰ ਉੱਤੇ ਉਕਤ ਪਿੰਡਾਂ ਵਿੱਚ ਲੋਕ-ਭਲਾਈ ਦੇ ਕੰਮ ਕਰਦੇ ਹਨ ਪਰੰਤੂ ਆਰਥਿਕ ਆਧਾਰ ਤੋਂ ਬਿਨਾਂ ਬਹੁਤਾ ਕੁਝ ਲਟਕਿਆ ਹੀ ਰਹਿ ਜਾਂਦਾ ਹੈ। ਐਨ.ਆਰ.ਆਈ. ਸੰਸਥਾਵਾਂ ਵਲੋਂ ਦੁਆਬੇ ਖੇਤਰ ਵਿੱਚ ਪਹਿਲ-ਕਦਮੀ ਜ਼ਰੂਰ ਆਰੰਭ ਹੋਈ ਹੈ ਪਰ ਚਿੰਤਾਜਨਕ ਅਤੇ ਨਿਰਾਸ਼ਾ-ਭਰਪੂਰ ਗੱਲ ਹੈ ਕਿ ਸਾਬਕਾ ਮੁੱਖ ਮੰਤਰੀ ਅਤੇ ਮੌਜੂਦਾ ਮੁੱਖ-ਮੰਤਰੀ ਪੰਜਾਬ ਦੇ ਮਾਲਵੇ ਖੇਤਰ ਨਾਲ ਸੰਬੰਧਿਤ ਹੋਣ ਦੇ ਬਾਵਜੂਦ ਵੀ ਮਾਲਵੇ ਦੀ ਇਸ ਸਮੱਸਿਆ ਬਾਰੇ ਕੁਝ ਕਰ ਕਿਉਂ ਨਾ ਸਕੇ?
- ਗੱਲ ਚਾਹੇ ਚੇਤਨਾ ਫੈਲਾਉਣ ਦੀ ਹੋਵੇ ਜਾਂ ਫਿਰ ਸਰਕਾਰੀ ਹਸਪਤਾਲ ਸੁਵਿਧਾਵਾਂ ਦੀ, ਕੇਵਲ ਕਾਗਜ਼, ਪ੍ਰਸਤਾਵਨਾ, ਫਾਇਲਾਂ, ਗੋਸ਼ਟੀਆਂ, ਕਾਨਫਰੰਸਾਂ, ਖੋਜ-ਪਰਚਿਆਂ, ਰਿਪੋਰਟਾਂ ਅਤੇ ਵਿਚਾਰ-ਵਟਾਂਦਰਿਆਂ ਨਾਲੋਂ ਵਧੇਰੇ ਅਹਿਮ ਹੈ- ਇਸ ਪ੍ਰਤੀ ਵਿਹਾਰਕ, ਪੁਖ਼ਤਾ ਅਤੇ ਨਿਰੰਤਰ ਉਪਰਾਲਿਆਂ ਦਾ ਕੀਤਾ ਜਾਣਾ। ਇਹੀ ਸੋਚ ਨਾਵਲ ਦੇ ਅੰਤ ਵਿੱਚ ਮੁੱਖ ਪਾਤਰ ਨਾਵਲ ਅਮਨ ਨੂੰ ਵੀ ਇਹ ਸੋਚ ਕੇ ਆਤਮ-ਗਲਾਣੀ ਹੁੰਦੀ ਹੈ ਕਿ ਉਹ ਕੇਵਲ ਖੋਜ-ਕਾਰਜ ਕਰਕੇ ਪੱਕੀ ਨੌਕਰੀ ਪ੍ਰਾਪਤ ਕਰਨ ਲਈ ਲਾਚਾਰ ਰੋਗੀਆਂ ਦੇ ਪਰਿਵਾਰਾਂ ਦੇ ਜਜ਼ਬਾਤਾਂ ਨਾਲ ਚਾਲਾਕੀ ਖੇਡ ਗਿਆ ਹੈ, ਪਰ ਜੋ ਉਹਨਾਂ ਖ਼ਾਤਰ ਕੀਤਾ ਜਾਣਾ ਚਾਹੀਦਾ ਸੀ ਉਹ ਤਾਂ ਕਰ ਨਹੀਂ ਸਕਿਆ। ਇਸ ਬਾਬਤ ਬਹੁਤਾ ਕੁਝ ਸਰਕਾਰ ਵਲੋਂ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਨਿੱਜੀ ਪੱਧਰ 'ਤੇ ਆਰਥਿਕ ਤੇ ਸਮਾਜਿਕ ਸੀਮਾ ਦੇ ਦਾਇਰੇ ਤੋਂ ਬਾਹਰ ਨਹੀਂ ਜਾਇਆ ਜਾ ਸਕਦਾ।
- ਕੈਂਸਰ-ਪੀੜਤ ਮਾਲਵੇ ਦੇ ਖੇਤਰ ਵਿੱਚ ਰੋਗ ਨਾਲ ਗ੍ਰਸਤ ਹਰ ਉਮਰ ਦੇ ਲੋਕ ਹਨ। ਬੰਸੋ ਇੱਕ ਨਿੱਕੇ ਜਿਹੇ ਬਾਲਕ ਦੀ ਮਾਂ ਹੈ, ਮਾਸਟਰ ਰਣਧੀਰ ਸੇਵਾਮੁਕਤ ਅਧਿਆਪਕ ਹੈ, ਜਰਨੈਲ ਅਧੱਖੜ ਉਮਰ ਦਾ ਵਿਅਕਤੀ ਹੈ, ਕਰਮੋ ਤੇ ਉਸਦਾ ਪਤੀ ਜਾਗਰ ਬਜ਼ੁਰਗ ਦੰਪਤੀ ਹਨ, ਨਿਰਮਲ ਦਸਵੀਂ ਦੀ ਵਿਦਿਆਰਥਣ ਹੈ। ਇਹ ਕਿਹਾ ਜਾ ਸਕਦਾ ਹੈ ਕਿ ਕੈਂਸਰ ਦੀ ਬੀਮਾਰੀ ਉਮਰ ਦੇਖ ਕੇ ਨਹੀਂ ਦਬੋਚਦੀ। ਦੂਸਰਾ ਇਹ ਪੱਖ ਸਾਹਮਣੇ

ਆਉਂਦਾ ਹੈ ਕਿ ਕੇਵਲ ਪੁਰਸ਼ ਹੀ ਨਹੀਂ ਔਰਤਾਂ ਵੀ ਇਸ ਨਾਮੁਰਾਦ ਬੀਮਾਰੀ ਦੀ ਲਪੇਟ ਵਿੱਚ ਆ ਰਹੀਆਂ ਹਨ। ਜਦਕਿ ਵਿਚਾਰਯੋਗ ਹੈ ਕਿ ਸਾਰੇ ਪਰਿਵਾਰਾਂ ਵਿੱਚੋਂ ਔਰਤਾਂ ਖੇਤੀਬਾੜੀ ਦੇ ਕੰਮ ਨਹੀਂ ਕਰਦੀਆਂ। ਇਸ ਗੱਲ ਤੋਂ ਇਹ ਨਤੀਜੇ ਪ੍ਰਾਪਤ ਹੁੰਦੇ ਹਨ ਕਿ ਸਿੱਧੇ ਤੌਰ 'ਤੇ ਖੇਤਾਂ ਵਿੱਚ ਕੰਮ ਕਰਨ ਜਾਂ ਮਿੱਟੀ ਦੇ ਸੰਪਰਕ ਵਿੱਚ ਆਉਣ ਨਾਲ ਤਾਂ ਖ਼ਤਰਾ ਵੱਧ ਹੈ ਹੀ, ਇਸ ਤੋਂ ਇਲਾਵਾ ਵੀ ਬਹੁਤ ਲੋਕ ਅਸਿੱਧੇ ਰੂਪ ਵਿੱਚ ਜਲਵਾਯੂ ਦਾ ਸੇਵਨ ਕਰਦੇ ਹੋਏ ਇਸ ਰੋਗ ਦਾ ਸ਼ਿਕਾਰ ਬਣ ਰਹੇ ਹਨ।

- ਨਾਵਲ ਦਾ ਘਟਨਾਕ੍ਰਮ ਤ੍ਰਾਸਦਿਕ ਅਤੇ ਦੁੱਖਾਂ ਨਾਲ ਭਰਪੂਰ ਹੁੰਦੇ ਹੋਏ ਵੀ ਅੰਤ ਸੁਖਾਂਤਕ ਹੈ। ਨਾਵਲ ਦੇ ਨਾਇਕ ਅਮਨ ਦੇ ਜ਼ਿਹਨ ਵਿੱਚ ਡਿਗਰੀ ਪ੍ਰਾਪਤ ਕਰਨ ਤੋਂ ਕਿਤੇ ਵੱਧ ਖੌਰੂ ਪਾਉਣ ਵਾਲੇ ਵਿਚਾਰਾਂ ਦਾ ਹੜ੍ਹ ਚੜ੍ਹ ਆਉਂਦਾ ਹੈ ਕਿ ਹੌਲੀ-ਹੌਲੀ ਪੂਰੇ ਪੰਜਾਬ ਵਿੱਚ, ਸਾਰੇ ਪਿੰਡ ਅਤੇ ਸ਼ਹਿਰਾਂ ਵਿੱਚ ਕੈਂਸਰ ਦੇ ਮਰੀਜ਼ ਦਗ-ਦਗ ਕਰਕੇ ਤੁਰਦੀ-ਫਿਰਦੀ ਕੈਂਸਰ-ਟਰੇਨ ਵਿੱਚ ਚੜ੍ਹਨ ਲਈ ਭੱਜਦੇ ਫਿਰਨਗੇ। ਉਸਨੂੰ ਹਨੇਰ੍ਹੇ ਵਿੱਚੋਂ ਵੀ ਜੁਗਨੂੰ ਦੀ ਲਿਸ਼ਕੋਰ ਵਾਂਗ ਇੱਕ ਫੁਰਨਾ ਫੁਰਦਾ ਹੈ ਕਿ ਐਨ.ਆਰ.ਆਈ. ਸੰਸਥਾ ਵੱਲੋਂ ਲਗਾਏ ਗਏ ਮੁਫ਼ਤ ਕੈਂਸਰ ਜਾਗਰੂਕਤਾ ਕੈਂਪ, (ਜਿਸ ਵਿੱਚ ਟੈਸਟ ਵੀ ਫ੍ਰੀ ਕੀਤੇ ਗਏ ਸਨ) ਵਾਂਗ ਉਹ ਹੁਣ ਤੋਂ ਸਦਾ ਲਈ ਇਸ ਮੁਹਿੰਮ ਦਾ ਪੱਕਾ ਹਿੱਸਾ ਬਣਿਆ ਰਹੇਗਾ। ਆਪਣੇ ਆਪ ਨਾਲ ਕੀਤੇ ਇਸ ਵਾਅਦੇ ਤੋਂ ਬਾਅਦ ਅਮਨ ਨੂੰ ਲੱਗਦਾ ਹੈ ਕਿ ਉਸਦੇ ਮਨ ਤੋਂ ਮਣਾ-ਮੂੰਹੀਂ ਬੋਝ ਉੱਤਰ ਗਿਆ ਹੋਵੇ। ਜਦੋਂ ਕੀਰਤੀ ਕਹਿੰਦੀ ਹੈ, ਕਿ 'ਸਾਰੀ ਰਾਤ ਦੇ ਪਰੇਸ਼ਾਨ ਹੋ, ਕੁਝ ਦੇਰ ਸੌਂ ਕੇ ਆਰਾਮ ਕਰ ਲੋ'। ਤਾਂ ਉਹ ਖ਼ੁਸ਼ੀ ਅਤੇ ਤਸੱਲੀ ਨਾਲ ਜਵਾਬ ਦਿੰਦਾ ਹੈ ਕਿ 'ਕਮਲੀਏ! ਇਹ ਸੌਣ ਦਾ ਨਹੀਂ, ਇਹ ਤਾਂ ਜਾਗਣ ਦਾ ਵੇਲਾ ਹੈ।'

ਤੀਜੇ ਅਧਿਆਇ ਦੇ ਅੰਤਲੇ ਭਾਗ ਵਿੱਚ ਜਸਵੀਰ ਸਿੰਘ ਦੀਦਾਰਗੜ੍ਹ ਦੇ ਕਹਾਣੀ ਸੰਗ੍ਰਿਹ 'ਪਵਣੁ ਗੁਰੂ ਪਾਣੀ ਪਿਤਾ' ਦਾ ਮੁੱਖ ਵਿਸ਼ਾ ਵਾਤਾਵਰਨ ਸੰਕਟ ਹੈ। ਇਸ ਸੰਗ੍ਰਿਹ ਅੰਦਰ ਕਹਾਣੀਕਾਰ ਨੇ ਵਾਤਾਵਰਨ ਸੰਕਟ ਦੇ ਵਿਭਿੰਨ ਪਹਿਲੂਆਂ ਨੂੰ ਰੇਖਾਂਕਿਤ ਕਰਦੇ ਹੋਏ ਸੰਬੰਧਿਤ ਸਮਾਧਾਨਾਂ ਦੀ ਨਿਸ਼ਾਨਦੇਹੀ ਵੀ ਕੀਤੀ ਹੈ। ਬਾਰੂਦ ਦੇ ਢੇਰ ਉੱਤੇ ਖੜ੍ਹਾ ਹੋਇਆ ਬੰਦਾ ਜੇਕਰ ਪਲੀਤੇ ਨੂੰ ਆਪਣੇ ਹੱਥੀਂ ਚਿਣਗ ਲਗਾਏਗਾ ਤਾਂ ਸਭ ਨੂੰ ਪਤਾ ਹੈ ਕਿ ਕੀ ਹੋਵੇਗਾ? ਅਜਿਹੇ ਹੀ ਦ੍ਰਿਸ਼ਟਾਂਤ ਪੇਸ਼ ਕਰਦੇ ਹੋਏ ਕਹਾਣੀਕਾਰ ਨੂੰ ਵਾਤਾਵਰਨ ਵਿਗਾੜ ਦੇ ਪ੍ਰਸੰਗ ਵਿੱਚ

ਸਮਾਜ ਨੂੰ ਅਗਾਉਂ ਚੇਤਾਵਨੀ ਦਿੱਤੀ ਹੈ। ਤੀਜੇ ਅਧਿਆਇ ਦੇ ਤੀਜੇ ਭਾਗ ਅਧਿਐਨ ਮਗਰੋਂ ਜੋ ਸਿੱਟੇ ਪ੍ਰਾਪਤ ਹੋਏ ਹਨ, ਉਹ ਇਸ ਪ੍ਰਕਾਰ ਹਨ:-

- ਕਹਾਣੀ ਸੰਗ੍ਰਿਹ ਦੀਆਂ ਕੁਲ ਤੇਰਾਂ ਕਹਾਣੀਆਂ ਵਿੱਚੋਂ ਬਾਰ੍ਹਾਂ ਕਹਾਣੀਆਂ ਵਾਤਾਵਰਨ- ਸਮੱਸਿਆ ਨਾਲ ਸੰਬੰਧਿਤ ਹਨ ਅਤੇ ਇੱਕ ਕਹਾਣੀ ਵੱਧਦੀ ਆਬਾਦੀ ਅਤੇ ਸੜਕ ਹਾਦਸਿਆਂ ਨਾਲ ਸੰਬੰਧਿਤ ਹੈ।
- ਵਾਤਾਵਰਨ ਦੇ ਵਿਸ਼ੇਸ਼ ਪੱਖਾਂ ਨੂੰ ਉਜਾਗਰ ਕਰਦੇ ਹੋਏ ਸੰਕਟ ਦੇ ਭਵਿੱਖਤ ਖ਼ਤਰਿਆਂ ਦੀ ਸਫ਼ਲ ਪੇਸ਼ਕਾਰੀ ਹੋਈ ਹੈ। ਬਹੁਤੀਆਂ ਕਹਾਣੀਆਂ ਦਾ ਅਧਿਐਨ ਕਰਦਿਆਂ ਇੰਝ ਪ੍ਰਤੀਤ ਹੁੰਦਾ ਹੈ ਕਿ ਸਟੇਜ ਉੱਤੇ ਕਹਾਣੀ ਦਾ ਸਫ਼ਲ ਮੰਚਨ ਹੁੰਦਾ ਵੇਖ ਰਹੇ ਹੋਈਏ।
- ਜਲ ਪ੍ਰਦੂਸ਼ਣ, ਵਾਯੂ ਪ੍ਰਦਸ਼ਣ, ਭੂਮੀ ਪ੍ਰਦੂਸ਼ਣ, ਸ਼ੋਰ ਪ੍ਰਦੂਸ਼ਣ, ਸੋਸ਼ਲ-ਸਾਈਟਸ ਦੀ ਲੋੜ ਤੋਂ ਵੱਧ ਵਰਤੋਂ ਕਰਕੇ ਉਤਪੰਨ ਹੁੰਦੀਆਂ ਸਿਹਤ ਸਮੱਸਿਆਵਾਂ, ਈ-ਵੇਸਟ ਸਮੱਸਿਆ, ਗ਼ਰੀਬੀ, ਮਹਿੰਗਾਈ, ਅਨਪੜ੍ਹਤਾ, ਅਗਿਆਨਤਾ, ਨਸ਼ਾਖੋਰੀ ਅਤੇ ਭ੍ਰਿਸ਼ਟਾਚਾਰ ਆਦਿ ਸਮੱਸਿਆਵਾਂ ਨੂੰ ਵਾਤਾਵਰਨਿਕ ਸਰੋਕਾਰਾਂ ਦੇ ਨਾਲ ਜੋੜ ਕੇ ਪੇਸ਼ ਕੀਤਾ ਗਿਆ ਹੈ।
- ਬਹੁਤੀਆਂ ਕਹਾਣੀਆਂ ਮੈਂ-ਪਾਤਰ ਦੇ ਮੂੰਹੋਂ ਅਖਵਾਈਆਂ ਗਈਆਂ ਹਨ। ਕਿਤੇ-ਕਿਤੇ ਪਾਤਰਾਂ ਦੇ ਵਾਰਤਾਲਾਪ ਦੁਆਰਾ ਵੀ ਘਟਨਾਕ੍ਰਮ ਨੂੰ ਅੱਗੇ ਤੋਰਿਆ ਗਿਆ ਹੈ। ਇਸ ਤੋਂ ਬਿਨਾ ਵਾਤਾਵਰਨ ਚਿਤਰਨ, ਕਾਵਿਕ ਸ਼ੈਲੀ ਅਤੇ ਮਾਨਵੀਕਰਨ ਦੀਆਂ ਜੁਗਤਾਂ ਜਸਵੀਰ ਦੀਆਂ ਕਹਾਣੀਆਂ ਵਿੱਚ ਵਿਸ਼ੇਸ਼ ਦਿਲਚਸਪੀ ਪੈਦਾ ਕਰ ਦਿੰਦੀਆਂ ਹਨ।
- ਭ੍ਰਿਸ਼ਟ-ਰਾਜਨੀਤਿਕ ਦਾਅ-ਪੇਚ ਕਰਕੇ ਵੀ ਵਾਤਾਵਰਨ ਨੂੰ ਚੋਣਾਂ ਦਾ ਮੁੱਦਾ ਤਾਂ ਜ਼ਰੂਰ ਬਣਾਇਆ ਜਾਂਦਾ ਰਿਹਾ ਹੈ ਪਰ ਵਾਤਾਵਰਨ ਪ੍ਰਦੂਸ਼ਣ ਨੂੰ ਰੋਕਣ ਲਈ ਅਤੇ ਜੀਵਨ ਨੂੰ ਸੁਰੱਖਿਅਤ ਕਰਨ ਲਈ ਕੋਈ ਰਾਜਸੀ ਪਾਰਟੀ ਜਾਂ ਆਗੂ ਸਿਵਾਏ ਜ਼ੁਬਾਨੀ ਜਮਾਂ-ਖ਼ਰਚ ਦੇ ਕੁਝ ਵੀ ਨਹੀਂ ਕਰਦਾ। ਕਹਾਣੀ ਵਿੱਚ ਪ੍ਰਸਤੁਤ ਧਾਰਮਿਕ ਆਗੂ ਵੀ ਵਾਤਾਵਰਨ-ਬਚਾਉਣ ਹਿੱਤ ਪ੍ਰੇਰਨਾ ਪ੍ਰਸਾਰਿਤ ਕਰਨ ਵਾਲੇ ਮਨੁੱਖਾਂ ਨੂੰ ਦੁਤਕਾਰਦੇ

ਹੋਏ ਇਹ ਇਲਜ਼ਾਮ ਲਗਾਉਂਦੇ ਹਨ ਕਿ ਧਰਮ ਦਾ ਪ੍ਰਚਾਰ ਕਰਨ ਦੀ ਬਜਾਏ ਧਰਮ ਵਿਰੋਧੀ ਗੱਲ ਕੀਤੀ ਗਈ ਹੈ।

- ਵਾਤਾਵਰਨ ਸੁਰੱਖਿਆ ਦੇ ਸਿਰਕੱਢ ਉੱਦਮੀਆਂ ਵਜੋਂ ਕਾਹਣੀਕਾਰ ਨੂੰ ਛੋਟੇ-ਛੋਟੇ ਬੱਚੇ ਹੀ ਭਵਿੱਖ ਦੇ ਸੈਨਾਪਤੀ ਜਾਪਦੇ ਹਨ, ਕਿਉਂਕਿ ਬੱਚਿਆਂ ਉੱਪਰ ਅਜੇ ਤੱਕ ਗੰਧਲੀ ਰਾਜਨੀਤੀ, ਭ੍ਰਿਸ਼ਟਾਚਾਰ, ਲਾਲਚ ਅਤੇ ਕੱਟੜਤਾ ਦੀ ਪਾਹ ਨਹੀਂ ਚੜ੍ਹੀ ਹੁੰਦੀ। ਬੱਚੇ ਰੱਬ ਦਾ ਰੂਪ ਹੁੰਦੇ ਹਨ। ਸੱਚੇ ਤੇ ਇਮਾਨਦਾਰ ਬੱਚਿਆਂ ਨੂੰ ਵਾਤਾਵਰਨ ਦੇ ਸੰਦਰਭ ਵਿੱਚ ਜੇਕਰ ਸਹੀ ਢੰਗ ਨਾਲ ਸਿਖਲਾਈ ਦਿੱਤੀ ਜਾਵੇਗੀ ਤਾਂ ਹੀ ਉਹ ਵਿਹਾਰਕ ਉਪਰਾਲੇ ਕਰਦੇ ਹੋਏ ਵਾਤਾਵਰਨ ਦੀ ਸੰਭਾਲ ਕਰਨਗੇ।
- ਹਥਲੇ ਕਹਾਣੀ-ਸੰਗ੍ਰਿਹ ਵਿੱਚ ਵਾਤਾਵਰਨ ਸਮੱਸਿਆਵਾਂ ਦੇ ਸਰੋਕਾਰਾਂ ਦੀ ਪੇਸ਼ਕਾਰੀ ਭਾਵੇਂ ਪੰਜਾਬ ਦੇ ਹਵਾਲੇ ਨਾਲ ਕੀਤੀ ਗਈ ਹੈ ਪਰ ਵਾਤਾਵਰਨ ਸੰਕਟ ਨੂੰ ਪੂਰੀ ਧਰਤ ਦਾ ਸੰਤਾਪ ਚਿਤਵਦੇ ਹੋਏ ਚਿੰਤਾ ਜਤਾਈ ਗਈ ਹੈ।
- ਕੰਡੇ ਨਾਲ ਕੰਡਾ ਕੱਢਣ ਦੀ ਤਰਕੀਬ ਅਨੁਸਾਰ ਕਹਾਣੀਕਾਰ ਨੇ ਵਰਤਮਾਨ ਹਾਲਾਤ ਦੇ ਅਨੁਪਾਤ ਵਿੱਚ ਭਵਿੱਖ ਵਿੱਚ ਵਾਪਰਨ ਵਾਲੀਆਂ ਦੁਸ਼ਵਾਰੀਆਂ ਦਾ ਚਿਤਰਨ ਪਾਠਕਾਂ ਅੰਦਰ ਡਰ ਪੈਦਾ ਕਰਨ ਲਈ ਨਹੀਂ, ਸਗੋਂ ਸਮੂਹ ਲੋਕਾਈ ਨੂੰ ਵਾਤਾਵਰਨ ਪ੍ਰਤੀ ਡੂੰਘੀ ਨੀਂਦ ਵਿੱਚੋਂ ਹਲੂਣ ਕੇ ਜਗਾਉਣ ਲਈ ਕੀਤਾ ਹੈ। ਬਿਜਲਈ ਉਪਕਰਨਾਂ ਦਾ ਅਤਿ ਗਰਮੀ ਨਾਲ ਪਿਘਲ ਜਾਣਾ, ਟਰਾਂਸਫਾਰਮਰ ਦਾ ਫੱਟ ਜਾਣਾ, ਪੈਟਰੋਲ ਪੰਪਾਂ ਅਤੇ ਘਰੇਲੂ ਗੈਸ ਸਿਲੰਡਰਾਂ ਦਾ ਬੰਬਾਂ ਵਾਂਗ ਫੱਟਣਾ, ਤਾਜ਼ੀਆਂ ਬਣੀਆਂ ਸਬਜ਼ੀਆਂ ਦਾ ਉਬਾਲੇ ਖਾ ਜਾਣਾ, ਧਰਤ ਦਾ ਤਪ-ਤਪ ਕੇ ਤੰਦੂਰ ਬਣ ਜਾਣਾ ਆਦਿ ਭਾਵੇਂ ਖ਼ੌਫਨਾਕ ਦ੍ਰਿਸ਼ ਹਨ ਪਰ ਇਹਨਾਂ ਦਾ ਮੰਤਵ ਪਾਠਕ ਨੂੰ ਇਹ ਸੰਦੇਸ਼ ਦੇਣਾ ਹੈ ਕਿ ਅਜਿਹੀ ਸਥਿਤੀ ਨਾ ਆਵੇ, ਇਸ ਲਈ ਹੁਣੇ ਤੋਂ ਵਾਤਾਵਰਨ ਸੁਰੱਖਿਆ ਲਈ ਇੱਕਠੇ ਹੋ ਕੇ ਕੰਮ ਕੀਤੇ ਜਾਣ।
- ਵਾਤਾਵਰਨ ਦੀਆਂ ਵਿਭਿੰਨ ਸਮੱਸਿਆਵਾਂ ਜਿਵੇਂ ਜਲ-ਪ੍ਰਦੂਸ਼ਣ, ਵਾਯੂ-ਪ੍ਰਦੂਸ਼ਣ, ਸ਼ੋਰ-ਪ੍ਰਦੂਸ਼ਣ, ਬਿਜਲਈ-ਚੁੰਬਕੀ ਪ੍ਰਦੂਸ਼ਣ ਤੇ ਧਰਤ ਪ੍ਰਦੂਸ਼ਣ ਬਾਬਤ ਪੇਸ਼ ਕੀਤੀਆਂ ਗਈਆਂ ਕਹਾਣੀਆਂ ਰਾਹੀਂ ਨਾ-ਕੇਵਲ

ਸਮੱਸਿਆਵਾਂ ਦੇ ਕਾਰਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ, ਸਗੋਂ ਸਮੱਸਿਆਵਾਂ ਦੇ ਸਮਾਧਾਨਾਂ ਦਾ ਵਰਨਣ ਵੀ ਕੀਤਾ ਗਿਆ ਹੈ। ਪਾਣੀ ਦੀ ਸੰਜਮ ਭਰਪੂਰ ਵਰਤੋਂ, ਉਪਕਰਨਾਂ ਦੀ ਲੋੜ ਅਨੁਸਾਰ ਵਰਤੋਂ, ਵੱਧ ਤੋਂ ਵੱਧ ਰੁੱਖ ਉਗਾਉਣਾ ਅਤੇ ਪਾਲਣਾ, ਕੁਦਰਤ ਨਾਲ ਸੰਬੰਧ ਬਣਾ ਕੇ ਰੱਖਣਾ, ਕੂੜੇ-ਕਰਕਟ ਦਾ ਯੋਗ ਨਿਪਟਾਰਾ ਕਰਨਾ ਆਦਿ ਅਨੇਕਾਂ ਨੁਕਤਿਆਂ ਦੁਆਰਾ ਕਹਾਣੀਕਾਰ ਨੇ ਨਿੱਜੀ ਉਪਰਾਲਿਆਂ ਸਦਕਾ ਵਾਤਾਵਰਨ ਨੂੰ ਬਚਾਉਣ ਲਈ ਪ੍ਰੇਰਿਤ ਕੀਤਾ ਹੈ। 'ਸਿਧਰੀ ਬਹੂ' ਦੀ ਪਿੰਕੋ ਅਤੇ ਉਸਦਾ ਪਤੀ ਮਨਦੀਪ ਰੱਕੜ ਜ਼ਮੀਨ ਵਿੱਚ ਸਿਰੜ ਤੇ ਸੰਜਮ ਨਾਲ ਖੇਤੀ ਕਰਕੇ ਆਪਣੇ ਇਲਾਕੇ ਦੇ ਉੱਭਰਦੇ ਜੈਵਿਕ ਕਿਸਾਨ ਬਣੇ ਵਿਖਾਏ ਗਏ ਹਨ। ਇਸ ਤੋਂ ਬਿਨਾਂ ਜ਼ਹਿਰੀਲੀਆਂ ਖਾਦਾਂ ਤੇ ਰਸਾਇਣਕ ਛਿੜਕਾਅ ਦੁਆਰਾ ਦੂਸ਼ਿਤ ਹੁੰਦੇ ਧਰਤੀ ਹੇਠਲੇ ਪਾਣੀ ਅਤੇ ਖੇਤੀਯੋਗ ਭੂਮੀ ਦੇ ਸੰਕਟ ਦਾ ਪ੍ਰਗਟਾਵਾ ਵੀ ਕਹਾਣੀਕਾਰ ਨੇ 'ਕੌਫ਼ੀ ਕਲਰ ਵਾਟਰ' ਅਤੇ 'ਕਰਕ ਕਰੇਜੇ ਮਾਹਿ' ਵਰਗੀਆਂ ਕਹਾਣੀਆਂ ਵਿੱਚ ਜ਼ਿਕਰ ਕੀਤਾ ਹੈ।

ਚੌਥੇ ਅਧਿਆਇ ਵਿੱਚ ਇੱਕੀਵੀਂ ਸਦੀ ਦੇ ਚੋਣਵੇਂ ਵਾਤਾਵਰਨਿਕ ਨਿਬੰਧਾਂ ਦੀ ਸਮੀਖਿਆ ਕੀਤੀ ਗਈ ਹੈ। ਪਾਠਗਤ ਅਧਿਐਨ ਅਧੀਨ ਤਿੰਨ ਸੰਪਾਦਿਤ ਨਿਬੰਧ ਸੰਗ੍ਰਿਹ ਸ਼ਾਮਿਲ ਕੀਤੇ ਹਨ:- ਡਾ. ਬਲਦੇਵ ਸਿੰਘ ਚੀਮਾ ਅਤੇ ਡਾ. ਡੀ.ਪੀ. ਸਿੰਘ ਦਾ 'ਵਾਤਾਵਰਣੀ ਮਸਲੇ ਤੇ ਸਮਾਧਾਨ', ਰਾਜਦੀਪ ਸਿੰਘ ਧਾਲੀਵਾਲ ਅਤੇ ਅੰਗਰੇਜ਼ ਸਿੰਘ ਵਿਰਕ ਦਾ 'ਵਾਤਾਵਰਣ ਸਮੱਸਿਆਵਾਂ' ਤੇ ਡਾ. ਜਤਿੰਦਰਪਾਲ ਸਿੰਘ ਦਾ ਸੰਗ੍ਰਿਹ 'ਮਨੁੱਖੀ ਹੋਂਦ ਲਈ ਖ਼ਤਰਾ: ਵਾਤਾਵਰਣੀ ਪ੍ਰਦੂਸ਼ਣ'। ਚੌਥੇ ਅਧਿਆਇ ਦੇ ਅਧਿਐਨ ਤੋਂ ਬਾਅਦ ਜੋ ਸਿੱਟੇ ਪ੍ਰਾਪਤ ਹੋਏ ਹਨ, ਉਹਨਾਂ ਦਾ ਵੇਰਵਾ ਇਸ ਪ੍ਰਕਾਰ ਹੈ:

- ਨਿਬੰਧ ਕਿਸੇ ਵੀ ਵਿਸ਼ੇ ਬਾਰੇ ਜਾਣਕਾਰੀ ਨਾਲ ਭਰਪੂਰ ਹੋਣ ਦੇ ਨਾਲ-ਨਾਲ ਰੋਚਕਤਾ ਅਤੇ ਮੌਲਿਕਤਾ ਦਾ ਸਾਥ ਕਦੇ ਨਹੀਂ ਛੱਡਦੇ।
- ਇੱਕੀਵੀਂ ਸਦੀ ਦੇ ਪ੍ਰਮੁੱਖ ਨਿਬੰਧ-ਪੁਸਤਕਾਂ ਨੂੰ ਵਾਚਦਿਆਂ ਇਹ ਸਪੱਸ਼ਟ ਹੁੰਦਾ ਹੈ ਕਿ ਨਿਬੰਧ ਵਿਧਾ ਵਾਰਤਕ ਦੀ ਪ੍ਰਤੀਨਿਧ ਵੰਨਗੀ ਹੈ, ਜਿਸ ਵਿੱਚ ਸੰਜਮ ਅਤੇ ਨਿਯਮ ਵਿੱਚ ਰਹਿੰਦਿਆਂ ਹੋਇਆ ਵੀ ਨਿਬੰਧਕਾਰ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਇੱਕੀਵੀਂ ਸਦੀ ਦੇ ਨਿਬੰਧ ਵੱਖ-ਵੱਖ ਵਿਸ਼ਿਆਂ

ਨਾਲ ਸੰਬੰਧਿਤ ਹਨ; ਜਿਨ੍ਹਾਂ ਵਿੱਚ ਪੇਂਡੂ ਕਿਰਸਾਨੀ ਜੀਵਨ, ਆਮ ਵਰਗ ਦੀਆਂ ਸਮਾਜਿਕ ਤੇ ਆਰਥਿਕ ਸਮੱਸਿਆਵਾਂ, ਸੱਭਿਆਚਾਰਕ ਅਤੇ ਨੈਤਿਕ ਕਦਰਾਂ-ਕੀਮਤਾਂ, ਮਹਾਂਨਗਰਾਂ ਦਾ ਜੀਵਨ, ਗੁਰਮਤਿ ਵਿਚਾਰਧਾਰਾ, ਰੁਮਾਂਟਿਕ ਵਿਸ਼ੇ ਅਤੇ ਨਿਰੋਲ ਗਿਆਨਮਈ ਵਿਸ਼ੇ ਪ੍ਰਮੁੱਖ ਹਨ।

- ਭਾਈ ਵੀਰ ਸਿੰਘ, ਪ੍ਰੋ. ਸਾਹਿਬ ਸਿੰਘ, ਭਾਈ ਜੋਧ ਸਿੰਘ, ਡਾ. ਬਲਬੀਰ ਸਿੰਘ, ਡਾ. ਸ਼ੇਰ ਸਿੰਘ, ਡਾ. ਪਿਆਰਾ ਸਿੰਘ ਪਦਮ, ਪ੍ਰਿੰਸੀਪਲ ਸਤਬੀਰ ਸਿੰਘ ਆਦਿ ਨੇ ਧਾਰਮਿਕ ਨਿਬੰਧਾਂ ਦੀ ਰਚਨਾ ਕੀਤੀ ਹੈ।
- ਪ੍ਰੋ. ਪੂਰਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਤੇ ਕਿਰਪਾਲ ਕਸੇਲ ਆਦਿ ਨੇ ਰੁਮਾਂਟਿਕ ਨਿਬੰਧ ਲਿਖੇ ਹਨ।
- ਸਮਾਜ ਦੀਆਂ ਕੌੜੀਆਂ ਸੱਚਾਈ ਨਾਲ ਰੂ-ਬ-ਰੂ ਕਰਵਾਉਣ ਵਾਲੇ ਯਥਾਰਥਵਾਦੀ ਨਿਬੰਧਕਾਰਾਂ ਦੇ ਸ਼੍ਰੇਣੀ ਵਿੱਚ ਲਾਲ ਸਿੰਘ ਕਮਲਾ ਅਕਾਲੀ, ਪ੍ਰਿੰਸੀਪਲ ਤੇਜਾ ਸਿੰਘ, ਪ੍ਰਿੰਸੀਪਲ ਸੰਤ ਸਿੰਘ ਸੇਖੋਂ, ਪ੍ਰਿੰਸੀਪਲ ਗੁਰਬਚਨ ਸਿੰਘ ਤਾਲਿਬ, ਪ੍ਰੋ. ਨਰਿੰਦਰ ਸਿੰਘ ਕਪੂਰ ਆਦਿ ਦੇ ਨਿਬੰਧ ਵਰਨਣਯੋਗ ਹਨ।
- ਹਲਕੇ-ਫੁਲਕੇ ਜਾਂ ਵਿਅੰਗਮਈ ਸ਼ੈਲੀ ਦੇ ਨਿਬੰਧਾਂ ਵਿੱਚ ਡਾ. ਕੁਲਬੀਰ ਸਿੰਘ ਕਾਂਗ, ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ, ਪ੍ਰਿੰਸੀਪਲ ਸਰਵਣ ਸਿੰਘ, ਲਾਭ ਸਿੰਘ ਸੰਧੂ ਆਦਿ ਦੇ ਨਾਮ ਵਿਸ਼ੇਸ਼ ਸਥਾਨ ਦਾ ਰੁਤਬਾ ਰੱਖਦੇ ਹਨ।
- ਡਾ. ਕਾਂਗ, ਡਾ. ਚਰਨ ਸਿੰਘ, ਹਰਿੰਦਰ ਸਿੰਘ ਰੂਪ, ਹਾਸਰਸ ਨਾਲ ਭਰਪੂਰ ਨਿਬੰਧਕਾਰ ਰਹੇ ਹਨ। ਸ. ਸ. ਅਮੋਲ, ਡਾ. ਕਾਂਗ ਤੇ ਪ੍ਰੋ. ਪੂਰਨ ਸਿੰਘ ਕਾਵਿ-ਸ਼ੈਲੀ ਵਿੱਚ ਨਿਬੰਧ ਰਚਨਾ ਕਰਨ ਵਾਲੇ ਸਾਹਿਤਕਾਰ ਹਨ।
- ਡਾ. ਮਹਿੰਦਰ ਸਿੰਘ ਰੰਧਾਵਾ, ਡਾ. ਸੁਰਜੀਤ ਸਿੰਘ ਢਿੱਲੋਂ, ਓਮ ਪ੍ਰਕਾਸ਼ ਗਾਸੋ ਆਦਿ ਪੰਜਾਬੀ ਸੱਭਿਆਚਾਰ ਨੂੰ ਰੇਖਾਂਕਿਤ ਕਰਨ ਵਾਲੇ ਨਿਬੰਧਕਾਰ ਹਨ।
- ਪਹਿਲੇ ਨਿਬੰਧ ਸੰਗ੍ਰਿਹ 'ਵਾਤਾਵਰਣ ਸਮੱਸਿਆਵਾਂ' ਵਿੱਚ ਕੁੱਲ ਅਠਾਰਾਂ ਨਿਬੰਧ ਦਰਜ ਹਨ। ਪੱਤਰਕਾਰੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਡਾ. ਨਰਿੰਦਰ ਸਿੰਘ ਕਪੂਰ ਦਾ ਨਿਬੰਧ' 'ਸੁੱਕ ਗਏ

ਦਰਿਆਵਾਂ ਦੇ ਪਾਣੀ' ਪੰਜਾਬ ਵਿੱਚ ਦਰਪੇਸ਼ ਪਾਣੀ ਦੀ ਥੁੜ੍ਹ ਨੂੰ ਪੇਸ਼ ਕਰਦਾ ਹੈ। ਕਾਵਿਕ ਸ਼ੈਲੀ ਤੇ ਸੱਭਿਆਚਾਰਕ ਰੰਗਣ ਨਾਲ ਸਜੀ ਹੋਈ ਨਿਬੰਧਕਾਰੀ ਪਾਠਕਾਂ ਉੱਤੇ ਵਿਸ਼ੇਸ਼ ਪ੍ਰਭਾਵ ਛੱਡਦੀ ਹੈ। ਇਸੇ ਪ੍ਰਕਾਰ ਸੱਭਿਆਚਾਰ ਅਤੇ ਵਾਤਾਵਰਨ ਦੇ ਅੰਤਰ-ਸੰਬੰਧਾਂ ਨੂੰ ਅੰਗਰੇਜ ਸਿੰਘ ਵਿਰਕ ਨੇ ਪੇਸ਼ ਕੀਤਾ ਹੈ। ਡਾ. ਕਮਲਜੀਤ ਕੌਰ ਨੇ ਗੁਰਬਾਣੀ ਦੇ ਹਵਾਲੇ ਨਾਲ ਵਾਤਾਵਰਨਿਕ ਅੰਸ਼ਾਂ ਨੂੰ ਪ੍ਰਸਤੁਤ ਕੀਤਾ ਹੈ। ਵਧਦੀ ਆਬਾਦੀ ਅਤੇ ਵਾਤਾਵਰਨ ਦੇ ਆਪਸੀ ਮੇਲ ਨੂੰ ਦਰਸਾਉਣ ਲਈ ਡਾ. ਗੁਰਿੰਦਰ ਕੌਰ ਨੇ ਆਪਣੇ ਨਿਬੰਧ ਵਿੱਚ ਵਿਚਾਰ ਪੇਸ਼ ਕੀਤੇ ਹਨ। ਡਾ. ਰਾਜਿੰਦਰ ਪਾਲ ਸਿੰਘ ਬਰਾੜ ਦਾ ਨਿਬੰਧ 'ਵਾਤਾਵਰਣਿਕ ਆਲੋਚਨਾ' ਈਕੋ-ਕ੍ਰਿਟੀਸਿਜ਼ਮ ਦਾ ਵਿਸਥਾਰ-ਪੂਰਕ ਗਿਆਨ ਪ੍ਰਸਤੁਤ ਕਰਦਾ ਹੈ। ਡਾ. ਪਰਮਜੀਤ ਸਿੰਘ ਗਿੱਲ ਦਾ ਨਿਬੰਧ: 'ਵਾਤਾਵਰਣਵਾਦ ਵਾਤਾਵਰਨਿਕ ਵਿਚਾਰਧਾਰਾ ਦੇ ਸੰਦਰਭ ਵਿੱਚ' ਅਧੀਨ ਵਾਤਾਵਰਨਿਕ ਵਿਚਾਰਧਾਰਾ ਦੇ ਵਿਭਿੰਨ ਸਕੂਲਾਂ ਜਿਵੇਂ ਈਕੋ ਉਦਾਰਵਾਰ, ਈਕੋ-ਸਮਾਜਵਾਦ, ਈਕੋ ਨਾਰੀਵਾਦ ਆਦਿ ਨੂੰ ਸਥਾਪਿਤ ਕਰਦਾ ਹੈ। ਹਰੇ ਇਨਕਲਾਬ ਦੇ ਵਾਤਾਵਰਨ-ਵਿਰੋਧੀ ਨਤੀਜਿਆਂ ਦੀ ਨਿਸ਼ਾਨਦੇਹੀ ਕਰਨ ਲਈ ਪਰਮਜੀਤ ਸਿੰਘ ਤੇ ਸੁਖਦੇਵ ਸਿੰਘ ਦਾ ਭਾਵਪੂਰਨ ਨਿਬੰਧ, 'ਹਰਾ ਇਨਕਲਾਬ ਅਤੇ ਵਾਤਾਵਰਨ ਸੰਕਟ' ਅਤੇ ਸੁਰਿੰਦਰ ਸਿੰਘ ਰਚਿਤ 'ਬੰਜਰ ਹੁੰਦਾ ਪੰਜ ਆਬ' ਦਰਜ ਹੈ। ਕੁਦਰਤੀ ਚਕਿਤਸਾ ਪ੍ਰਣਾਲੀ ਦੁਆਰਾ ਪ੍ਰਦੂਸ਼ਣ ਕਰਕੇ ਸਿਹਤ ਤੇ ਪੈ ਰਹੇ ਪ੍ਰਭਾਵਾਂ ਨੂੰ ਮਨਫ਼ੀ ਕਰਨ ਲਈ ਯੋਗ ਅਧਿਆਪਕ ਕੁਲਦੀਪ ਸਿੰਘ ਨੇ ਸਮਾਧਾਨਾਂ ਦੀ ਪੇਸ਼ਕਾਰੀ ਕੀਤੀ ਹੈ। ਉਕਤ ਨਿਬੰਧਾਂ ਵਿੱਚ ਨਾ ਕੇਵਲ ਕਾਰਨਾਂ ਤੇ ਪ੍ਰਭਾਵਾਂ ਦੀ ਵਿਚਾਰ ਕੀਤੀ ਗਈ ਹੈ ਸਗੋਂ ਸਮੱਸਿਆ ਨਾਲ ਸੰਬੰਧਿਤ ਸਮਾਧਾਨਾਂ ਦੀ ਪੇਸ਼ਾਕਰੀ ਵੀ ਕੀਤੀ ਗਈ ਹੈ। ਸੰਜੀਵਨ ਸਿੰਘ ਡਢਵਾਲ, ਡਾ. ਸਤਨਾਮ ਸਿੰਘ ਦਿਓਲ, ਕੁਲਦੀਪ ਸਿੰਘ, ਡਾ.ਰਮਨਦੀਪ ਸਿੰਘ ਦੇ ਨਿਬੰਧਾਂ ਵਿੱਚ ਸੁਚਾਰੂ ਸੁਝਾਵਾਂ ਦੀ ਪ੍ਰਸਤੁਤੀ ਹੋਈ ਮਿਲਦੀ ਹੈ।

- ਉਪਰੋਕਤ ਨਿਬੰਧ ਸੰਗ੍ਰਿਹ ਦੀ ਵਿਸ਼ੇਸ਼ਤਾ ਇਹ ਹੈ ਕਿ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਲਗਭਗ ਹਰ ਵਿਭਾਗ ਦੇ ਮਾਹਿਰਾਂ ਨੇ ਵੱਖ-ਵੱਖ ਵਾਤਾਵਰਨਿਕ ਸਰੋਕਾਰਾਂ ਬਾਬਤ ਪੰਜਾਬੀ ਭਾਸ਼ਾ, ਪੰਜਾਬੀ ਰਹਿਤਲ ਅਤੇ ਪੰਜਾਬੀ ਪਰਿਪੇਖ ਵਿੱਚ ਨਿਬੰਧ ਲਿਖੇ ਹਨ। ਡਾ. ਬਲਵਿੰਦਰ ਕੌਰ ਬਰਾੜ, ਡਾ. ਰਜਿੰਦਰ

ਪਾਲ ਸਿੰਘ ਬਰਾੜ, ਅੰਗਰੇਜ ਸਿੰਘ ਵਿਰਕ, ਪੰਜਾਬੀ ਵਿਭਾਗ ਨਾਲ ਜੁੜੇ ਹੋਏ ਹਨ। ਡਾ. ਨਰਿੰਦਰ ਸਿੰਘ ਕਪੂਰ ਪੱਤਰਕਾਰੀ ਮਾਹਿਰ ਹਨ। ਡਾ. ਪਰਮਜੀਤ ਕੌਰ ਗਿੱਲ ਰਾਜਨੀਤੀ ਸ਼ਾਸ਼ਤਰ ਦੇ ਦਿੱਗਜ ਹਨ। ਰਾਜਦੀਪ ਸਿੰਘ ਧਾਲੀਵਾਲ ਬਨਸਪਤੀ ਵਿਗਿਆਨ, ਮੁਖਦੀਪ ਸਿੰਘ ਗਣਿਤ ਵਿਭਾਗ, ਡਾ. ਕਮਲਜੀਤ ਕੌਰ ਧਰਮ ਅਤੇ ਸੱਭਿਅਤਾ ਅਧਿਐਨ ਵਿਭਾਗ, ਪਰਮਜੀਤ ਸਿੰਘ ਤੇ ਸੁਖਦੇਵ ਸਿੰਘ ਅਰਥ ਸ਼ਾਸਤਰ, ਕੁਲਦੀਪ ਸਿੰਘ ਯੋਗਾ ਵਿਭਾਗ ਨਾਲ ਜੁੜੇ ਹੋਏ ਨਿਬੰਧਕਾਰ ਹਨ। ਵੱਖ-ਵੱਖ ਗਿਆਨ ਅਤੇ ਅਧਿਐਨ ਖੇਤਰਾਂ ਨਾਲ ਜੁੜੇ ਹੋਣ ਦੇ ਬਾਵਜੂਦ ਉਪਰੋਕਤ ਨਿਬੰਧਕਾਰਾਂ ਨੇ ਪੰਜਾਬੀ ਭਾਸ਼ਾ ਵਿੱਚ ਵਾਤਾਵਰਨਿਕ ਸਰੋਕਾਰਾਂ ਬਾਰੇ ਨਿਬੰਧਕਾਰੀ ਕਰਕੇ ਇਹ ਦ੍ਰਿੜ ਕਰਾਇਆ ਹੈ ਕਿ ਜਿਵੇਂ ਪ੍ਰਕ੍ਰਿਤੀ ਦੀ ਕੋਈ ਇੱਕ ਭਾਸ਼ਾ ਨਹੀਂ, ਕੋਈ ਇੱਕ ਪ੍ਰਾਂਤ ਨਹੀਂ, ਠੀਕ ਉਵੇਂ ਹੀ ਪ੍ਰਕ੍ਰਿਤੀ ਤੇ ਵਾਤਾਵਰਨ ਬਾਰੇ ਸੰਵਾਦ ਅਤੇ ਸਾਹਿਤ ਦੀ ਰਚਨਾ ਕਰਨਾ ਵੀ ਵਿਆਪਕ ਕਿਰਤ ਹੈ। ਜਿਵੇਂ ਪਾਣੀ ਸ਼ੁੱਧ ਹੋਵੇ, ਹਵਾ ਸ਼ੁੱਧ ਹੋਵੇ ਤਾਂ ਸਾਰੀ ਲੋਕਾਈ ਇਹਨਾਂ ਤੋਂ ਲਾਭ ਪ੍ਰਾਪਤ ਕਰਦੀ ਹੈ। ਠੀਕ ਇਸੇ ਪ੍ਰਕਾਰ ਵਾਤਾਵਰਨ ਦੇ ਅੰਸ਼ ਜਦੋਂ ਪ੍ਰਦੂਸ਼ਿਤ ਹੋ ਰਹੇ ਹੋਣ ਤਾਂ ਇਹ ਵੀ ਸੰਪੂਰਨ ਲੋਕਾਈ ਦਾ ਹੀ ਦਰਦ ਹੁੰਦੀ ਹੈ। ਵਿਸ਼ਵ-ਵਿਆਪੀ ਦਰਦਾਂ ਦੀ ਪੀੜ ਸਾਂਝੀ ਹੋਇਆ ਕਰਦੀ ਹੈ ਤੇ ਇਹਨਾਂ ਸਮਾਧਾਨਾਂ ਦੀ ਵਿਚਾਰ ਵੀ ਵਿਆਪਕ ਪੱਧਰ 'ਤੇ ਹੋਣੀ ਬਣਦੀ ਹੈ।

- ਦੂਜੇ ਨਿਬੰਧ ਸੰਗ੍ਰਿਹ: 'ਵਾਤਾਵਰਣੀ ਮਸਲੇ ਤੇ ਸਮਾਧਾਨ' ਅਧੀਨ ਕੁੱਲ ਪੰਦਰਾਂ ਨਿਬੰਧ ਸ਼ਾਮਲ ਕੀਤੇ ਗਏ ਹਨ। ਵਾਤਾਵਰਨ ਸੰਕਟ ਦਾ ਸੰਪੂਰਨ ਪਰਿਪੇਖ ਪ੍ਰਸਤੁਤ ਕਰਨ ਵਾਲੇ ਨਿਬੰਧਾਂ ਦੀ ਸੂਚੀ ਵਿੱਚ ਡਾ. ਗੁਲਜ਼ਾਰ ਸਿੰਘ ਕੰਘ ਦਾ ਨਿਬੰਧ 'ਵਾਤਾਵਰਣ ਤੇ ਮਨੁੱਖ', ਭੁਪਿੰਦਰ ਸਿੰਘ ਵਿਰਕ ਦਾ 'ਵਾਤਾਵਰਣੀ ਪ੍ਰਦੂਸ਼ਣ ਅਤੇ ਕਾਨੂੰਨ', ਗੁਲਜੀਤ ਸਿੰਘ ਚੱਠਾ ਦਾ ਨਿਬੰਧ 'ਰੁੱਖ, ਮਨੁੱਖ ਅਤੇ ਵਾਤਾਵਰਣ' ਸ਼ਾਮਿਲ ਹਨ। ਆਲਮੀ ਤਪਸ਼ ਦੇ ਸੰਕਟ ਨੂੰ ਪੇਸ਼ ਕਰਨ ਵਾਲੇ ਨਿਬੰਧ 'ਧਰਤੀ ਦੀ ਲੁਪਤ ਹੋ ਰਹੀ ਓਜ਼ੋਨ ਪਰਤ' (ਵਿਦਵਾਨ ਸਿੰਘ ਸੋਨੀ), 'ਗਲੋਬਲ ਵਾਰਮਿੰਗ'(ਅਜਮੇਰ ਸਿੱਧੂ) ਹਨ। ਡਾ. ਡੀ.ਪੀ. ਸਿੰਘ ਦੇ ਦੋ ਨਿਬੰਧ ਕ੍ਰਮਵਾਰ 'ਸ਼ੋਰ ਪ੍ਰਦੂਸ਼ਣ' ਅਤੇ 'ਜਲਗਾਹਾਂ ਦੀ ਸਾਂਭ-ਸੰਭਾਲ' ਬਾਰੇ ਗਿਆਨ ਪ੍ਰਦਾਨ ਕਰਨ ਵਾਲੇ ਹਨ। ਡਾ. ਕੁਲਦੀਪ ਸਿੰਘ ਧੀਰ ਦਾ ਨਿਬੰਧ 'ਪਲੀਤ ਨਾ ਕਰੋ ਨਿਰਮਲ ਅੰਬਰ ਨੂੰ' ਪੁਲਾੜੀ ਪ੍ਰਦੂਸ਼ਣ ਦਾ

ਵੇਰਵਾ ਪੇਸ਼ ਕਰਦਾ ਹੈ। ਜਤਿੰਦਰਪਾਲ ਸਿੰਘ ਦਾ ਨਿਬੰਧ ਤੇਜ਼ਾਬੀ ਮੀਂਹ ਦੇ ਸੰਕਟ ਬਾਰੇ ਤੱਥ ਪੇਸ਼ ਕਰਦਾ ਹੈ।

- ਡਾ. ਗੁਲਜ਼ਾਰ ਸਿੰਘ ਪੰਜਾਬੀ ਅਤੇ ਧਰਮ ਅਧਿਐਨ ਵਿਭਾਗ ਨਾਲ ਜੁੜੇ ਹੋਏ ਹਨ। ਇਹੀ ਰੰਗਤ ਉਹਨਾਂ ਦੀ ਨਿਬੰਧਕਾਰੀ ਵਿੱਚ ਵੀ ਸਾਫ਼ ਝਲਕਦੀ ਹੈ। ਡਾ. ਕੁਲਦੀਪ ਸਿੰਘ ਧੀਰ ਮੂਲ ਰੂਪ ਵਿੱਚ ਮਕੈਨੀਕਲ ਇੰਜਨੀਅਰ ਹੋਏ ਹਨ ਤੇ ਪੰਜਾਬੀ ਦੇ ਮਕਬੂਲ ਵਿਦਵਾਨ ਹਨ। ਵਿਗਿਆਨਕ ਨਿਬੰਧਕਾਰੀ ਵਿੱਚ ਆਪ ਨੂੰ ਮੁਹਾਰਤ ਹਾਸਲ ਹੈ। ਡਾ. ਚਰਨਜੀਤ ਸਿੰਘ 'ਨਾਭਾ' ਕੈਮਿਸਟਰੀ, ਜੀਵ-ਤਕਨਾਲੋਜੀ, ਪੱਤਰਕਾਰੀ ਅਤੇ ਵਕਾਲਤ ਖੇਤਰਾਂ ਵਿੱਚ ਡਿਗਰੀਆਂ ਪ੍ਰਾਪਤ ਕਰ ਚੁੱਕੇ ਹਨ। ਮਨਜੀਤ ਇੰਦਰ ਸਿੰਘ ਸੱਗੂ ਬਨਸਪਤੀ ਵਿਗਿਆਨ ਦੇ ਸਥਾਪਿਤ ਮਾਹਿਰ ਹਨ। ਡਾ. ਡੀ.ਪੀ. ਸਿੰਘ ਭੌਤਿਕ ਵਿਗਿਆਨੀ ਹਨ। ਸੀ.ਪੀ. ਕੰਬੋਜ ਪੰਜਾਬੀ ਅਧਿਐਨ ਦੇ ਵਿਦਿਆਰਥੀਆਂ ਲਈ ਕੰਪਿਊਟਰ ਦੀਆਂ ਗੁੰਝਲਾਂ ਹੱਲ ਕਰਨ ਵਾਲੇ ਮੋਢੀ ਲੇਖਕ ਹਨ। ਡਾ. ਵਿਦਵਾਨ ਸਿੰਘ ਸੋਨੀ ਭੌਤਿਕ ਵਿਗਿਆਨੀ, ਡਾ. ਦਵਿੰਦਰ ਸਿੰਘ ਕੀਟ-ਵਿਗਿਆਨੀ, ਡਾ. ਜਤਿੰਦਰਪਾਲ ਸਿੰਘ ਜੀਵ-ਵਿਗਿਆਨੀ, ਡਾ. ਗੁਲਜੀਤ ਸਿੰਘ ਚੱਠਾ ਪੌਦਾ ਵਿਗਿਆਨੀ, ਡਾ. ਭੁਪਿੰਦਰ ਸਿੰਘ ਵਿਰਕ ਵਕਾਲਤ ਗਿਆਨ ਖੇਤਰ ਦੇ ਮਾਹਿਰ ਅਤੇ ਅਜਮੇਰ ਸਿੰਘ ਸਿੱਧੂ ਪੰਜਾਬੀ ਦੇ ਸਥਾਪਿਤ ਕਹਾਣੀਕਾਰ, ਵਿਗਿਆਨ ਦੇ ਰਸੀਏ ਅਤੇ ਪੱਤਰਕਾਰਿਤਾ ਦੇ ਮਾਹਿਰ ਹਨ। ਇਸ ਪ੍ਰਕਾਰ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਨਿਬੰਧ ਸੰਗ੍ਰਿਹ ਵਿੱਚ ਵੀ ਵੱਖ-ਵੱਖ ਗਿਆਨ-ਖੇਤਰਾਂ ਤੋਂ ਸੰਬੰਧਿਤ ਲੇਖਕਾਂ ਨੇ ਵਰਤਮਾਨ ਸਦੀ ਦੀ ਅੱਤ-ਜਲੰਤ ਮੁੱਦੇ ਬਾਰੇ ਡੂੰਘੀ ਸੂਝ-ਬੂਝ ਨਾਲ ਨਿਬੰਧਕਾਰੀ ਪ੍ਰਸਤੁਤ ਕੀਤੀ ਹੈ।
- ਤੀਜੇ ਨਿਬੰਧ ਸੰਗ੍ਰਿਹ 'ਮਨੁੱਖੀ ਹੋਂਦ ਲਈ ਖ਼ਤਰਾ: ਵਾਤਾਵਰਣੀ ਪ੍ਰਦੂਸ਼ਣ' ਵਿੱਚ ਕੁੱਲ੍ਹ ਸਤਾਈ ਨਿਬੰਧ ਦਰਜ ਕੀਤੇ ਗਏ ਹਨ। ਵਾਤਾਵਰਨ ਦੇ ਵਿਗਾੜ ਦੀ ਸਮੂਹਿਕ/ਸਮੁੱਚੀ ਕਥਾ ਪੇਸ਼ ਕਰਨ ਵਾਲੇ ਨਿਬੰਧਾਂ ਦੀ ਸੂਚੀ ਵਿੱਚ 'ਮਨੁੱਖ ਅਤੇ ਕੁਦਰਤ'(ਡਾ. ਤਰਲੋਕ ਸਿੰਘ), 'ਆਪਣੇ ਹੀ ਸਰਾਪ ਨਾਲ ਸਰਾਪਿਆ ਮਨੁੱਖ'(ਡਾ. ਸੁਰਜੀਤ ਸਿੰਘ ਢਿੱਲੋਂ) 'ਵਾਤਾਵਰਣ ਅਸੰਤੁਲਣ ਦਾ ਖ਼ਮਿਆਜ਼ਾ'(ਜਸਵੀਰ ਸਿੰਘ ਸੀਰੀ), ਅਜੋਕਾ ਮਨੁੱਖ ਅਤੇ ਵਾਤਾਵਰਣ'(ਡਾ.ਏ. ਪੀ. ਐਸ. ਕਾਲੇਕਾ ਅਤੇ ਡਾ. ਪਰਮਿੰਦਰ ਕੌਰ), 'ਧਰਤੀ ਕਰੇ

ਪੁਕਾਰ'(ਰੇਖਾ ਅਵਸਥੀ ਸ਼ਰਮਾ), 'ਗੱਲੀਂ ਅਸੀਂ ਚੰਗੀਆਂ'(ਦਵੀ ਦਵਿੰਦਰ ਕੌਰ), 'ਵਾਤਾਵਰਣ ਅਤੇ ਇੱਕੀਵੀਂ ਸਦੀ'(ਡਾ. ਡੀ.ਪੀ. ਸਿੰਘ), 'ਰੁੱਖ ਅਤੇ ਮਨੁੱਖ ਦੀ ਟੁੱਟਦੀ ਸਾਂਝ'(ਕਿਰਪਾਲ ਸਿੰਘ ) ਸ਼ਾਮਿਲ ਹੋਏ ਹਨ। ਖੇਤੀਬਾੜੀ ਵਿੱਚ ਪ੍ਰਯੋਗ ਕੀਤੇ ਜਾ ਰਹੇ ਰਸਾਇਣਕਾਂ ਦੇ ਪ੍ਰਦੂਸ਼ਣ ਬਾਬਤ ਜਾਣਕਾਰੀ ਪ੍ਰਦਾਨ ਕਰਨ ਵਾਲੇ ਨਿਬੰਧਾਂ ਵਿੱਚ 'ਰਸਾਇਣਾਂ ਨਾਲ ਪ੍ਰਦੂਸ਼ਿਤ ਭੂਮੀ (ਡਾ. ਐਨ.ਐਸ.ਟਿਵਾਣਾ), 'ਖੇਤੀਬਾੜੀ ਕਾਰਜ ਅਤੇ ਪ੍ਰਦੂਸ਼ਣ'(ਡਾ. ਹਰਜਿੰਦਰ ਕੌਰ ਪਰਵਾਨਾ), 'ਕੀਟਨਾਸ਼ਕਾਂ ਦੀ ਅੰਧਾ-ਧੁੰਦ ਵਰਤੋਂ'(ਸੁਰਿੰਦਰ ਕੁਮਾਰ ਜਿੰਦਲ), 'ਰਸਾਇਣਕ ਖਾਦਾਂ ਦੀ ਬੇਲੋੜੀ ਵਰਤੋਂ'(ਡਾ. ਏ.ਪੀ. ਐਸ. ਤੇ ਡਾ. ਪਰਮਿੰਦਰ ਕੌਰ) ਦਰਜ ਹਨ। ਆਵਾਜ਼ੀ ਪ੍ਰਦੂਸ਼ਣ ਨੂੰ ਰੇਖਾਂਕਿਤ ਕਰਨ ਵਾਲੇ ਨਿਬੰਧਾਂ ਵਿੱਚ 'ਸ਼ੋਰ ਪ੍ਰਦੂਸ਼ਣ ਦੀ ਸਮੱਸਿਆ' (ਅਭਿਯ ਕੁਮਾਰ ਜੈਨ), ਅਤੇ 'ਮੈਰਿਜ ਪੈਲਸ ਅਤੇ ਪ੍ਰਦੂਸ਼ਣ'(ਡਾ. ਡੇਵਿਡ ਤੇਜਾ) ਦਾ ਨਾਮ ਆਉਂਦਾ ਹੈ। ਗਲੋਬਲ ਵਾਰਮਿੰਗ ਦੇ ਪਰਿਪੇਖ ਵਿੱਚ 'ਵਧ ਰਿਹਾ ਵਿਸ਼ਵ ਤਾਪਮਾਨ'(ਡਾ. ਜਤਿੰਦਰਪਾਲ ਸਿੰਘ), 'ਬਲਦੀਆਂ ਰੁੱਤਾਂ ਅਤੇ ਮੌਸਮ'(ਡਾ. ਸੁਰਜੀਤ ਸਿੰਘ ਢਿੱਲੋਂ) ਦੇ ਨਾਮ ਵਰਨਣਯੋਗ ਹਨ। ਇਸ ਤੋਂ ਇਲਾਵਾ ਓਜ਼ੋਨ ਪਰਤ ਵਣ-ਸੰਪਤੀ ਅਤੇ ਇਲੈਕਟ੍ਰੋਨਿਕ ਪਦਾਰਥਾਂ ਦੇ ਪ੍ਰਦੂਸ਼ਣ ਨਾਲ ਸੰਬੰਧਿਤ ਨਿਬੰਧ ਵੀ ਸ਼ਾਮਿਲ ਕੀਤੇ ਗਏ ਹਨ।

- ਡਾ. ਜਤਿੰਦਰਪਾਲ ਸਿੰਘ ਮੂਲ ਰੂਪ ਵਿੱਚ ਜੀਵ-ਵਿਗਿਆਨ ਦੇ ਮਾਹਿਰ ਹਨ। ਡਾ. ਸੁਰਜੀਤ ਸਿੰਘ ਢਿੱਲੋਂ ਮੂਲ-ਰੂਪ ਵਿੱਚ ਜੀਵ-ਵਿਗਿਆਨੀ ਹਨ। ਡਾ. ਏ. ਪੀ. ਐਸ. ਕਾਲੇਕਾ ਤੇ ਡਾ. ਪਰਮਜੀਤ ਕੌਰ ਵੀ ਜੀਵ-ਵਿਗਿਆਨੀ ਹਨ। ਡਾ. ਡੀ.ਪੀ. ਸਿੰਘ ਭੌਤਿਕ ਵਿਗਿਆਨ ਦੇ ਖੇਤਰ ਨਾਲ ਸੰਬੰਧਿਤ ਹਨ। ਡਾ. ਬੀ.ਐਸ. ਗਿੱਲ ਬਨਸਪਤੀ ਵਿਗਿਆਨ ਦੇ ਮਾਹਿਰ ਹਨ। ਡਾ. ਬਲਵਿੰਦਰ ਸਿੰਘ ਸੂਚ ਬਾਇਓਟੈਕਨੋਲੋਜੀ ਖੇਤਰ ਨਾਲ ਜੁੜੇ ਹੋਏ ਹਨ। ਡਾ. ਹਰਜਿੰਦਰ ਕੌਰ ਪਰਵਾਨਾ ਪੰਜਾਬੀ ਪਲਿਊਸ਼ਨ ਕੰਟਰੋਲ ਬੋਰਡ ਪੰਜਾਬ ਤੋਂ ਸੇਵਾ-ਮੁਕਤ ਹੋਏ ਹਨ। ਡਾ. ਡੇਵਿਡ ਤੇਜਾ ਮਕਬੂਲ ਨਾਵਲਕਾਰ ਹਨ।
- ਉਪਰੋਕਤ ਤਿੰਨਾਂ ਨਿਬੰਧ-ਸੰਗ੍ਰਿਹਾਂ ਦੇ ਅਧਿਐਨ ਕਰਨ ਉਪਰੰਤ ਇਹ ਪ੍ਰਾਪਤੀ ਹੁੰਦੀ ਹੈ ਕਿ ਲਗਭਗ ਸੱਠ ਨਿਬੰਧਾਂ ਵਿੱਚ ਵਾਤਾਵਰਨ ਅਸੰਤੁਲਣ ਦੇ ਵਿਭਿੰਨ ਪ੍ਰਸੰਗਾਂ ਦਾ ਉਲੇਖ ਕੀਤਾ ਗਿਆ ਮਿਲਦਾ ਹੈ।

- ਵਧੇਰੇ ਨਿਬੰਧ ਹੋਰ ਅਨੁਸ਼ਾਸਨਾਂ ਦੇ ਵਿਦਵਾਨਾਂ/ਮਹਿਰਾਂ ਦੁਆਰਾ ਰਚੇ ਗਏ ਹਨ। ਇਸ ਪ੍ਰਕਾਰ ਖੋਜ ਦੀ ਅੰਤਰ-ਅਨੁਸ਼ਾਸਨੀ ਵਿਧੀ ਦਾ ਵਿਹਾਰਕ ਰੂਪ ਵੇਖਣ ਨੂੰ ਪ੍ਰਾਪਤ ਹੁੰਦਾ ਹੈ।
- ਨਿਬੰਧਾਂ ਵਿੱਚ ਹਥਲੀ ਸਮੱਸਿਆ ਦੀ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਕਰਨ ਦੇ ਨਾਲ-ਨਾਲ ਸੁਝਾਵਾਂ ਦੀ ਤਜ਼ਵੀਜ਼ ਵੀ ਪ੍ਰਸਤੁਤ ਕੀਤੀ ਗਈ ਹੈ।

ਪੰਜਵਾਂ ਅਧਿਆਇ ਪਾਠ ਅਧੀਨ ਸ਼ਾਮਿਲ ਕੀਤੇ ਗਏ ਸਾਹਿਤ ਰੂਪਾਂ ਦੇ ਵਿਸ਼ਾ-ਗਤ ਅਧਿਐਨ ਨਾਲ ਸੰਬੰਧਿਤ ਹੈ। ਖੋਜ ਅਧੀਨ ਸਾਲ 2010 ਤੋਂ ਹੁਣ ਤੱਕ ਦੀ ਭਾਵ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਵਾਤਾਵਰਨਿਕ ਕਵਿਤਾ, ਕਹਾਣੀ, ਨਾਵਲ ਅਤੇ ਨਿਬੰਧ ਸ਼ਾਮਿਲ ਕੀਤੇ ਗਏ ਹਨ। ਇਸ ਅਧਿਆਇ ਵਿੱਚ ਵੱਖ-ਵੱਖ ਰਚਨਾਵਾਂ ਦਾ ਵਾਤਾਵਰਨਿਕ ਵਿਸ਼ੇ-ਪੱਖ ਤੋਂ ਤੁਲਨਾਤਮਿਕ ਅਧਿਐਨ ਕੀਤਾ ਗਿਆ ਹੈ ਇਸ ਅਧਿਆਇ ਦੀ ਸਮੀਖਿਆ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ:

- ਕਵਿਤਾ ਭਾਵੇਂ ਸੂਖ਼ਮ, ਮਹੀਨ ਆਕਾਰੀ ਅਤੇ ਕਿੰਨੀ ਵੀ ਸੰਖੇਪ ਕਿਉਂ ਨਾ ਹੁੰਦੀ ਹੋਵੇ ਪਰ ਇਸ ਦੀ ਤੀਖਣ ਨੋਕ ਪੜ੍ਹਣ ਤੇ ਸਮਝਣ ਵਾਲੇ ਦੇ ਹਿਰਦੇ ਵਿੱਚ ਡੂੰਘੀ ਖੁੱਭ ਜਾਣ ਦੀ ਸਮਰੱਥਾ ਰੱਖਦੀ ਹੈ। ਵਾਤਾਵਰਨ ਦੇ ਪ੍ਰਸੰਗ ਵਿੱਚ ਕਵਿਤਾ ਪਰੋਖ ਰੂਪ ਵਿੱਚ ਹੀ ਸਮੱਸਆ ਦੇ ਰੂਪ, ਉਸਦੇ ਪਿਛੋਕੜ ਕਾਰਨਾਂ ਅਤੇ ਉਸ ਪ੍ਰਤੀ ਸਮਧਾਨਾਂ ਦੀ ਪੇਸ਼ਕਾਰੀ ਕਰਦੀ ਹੈ। ਕਵਿਤਾ ਵਿੱਚ ਕੇਵਲ ਸੰਵੇਦਨਸ਼ੀਲ ਇਸ਼ਾਰਾ ਮਾਤਰ ਹੀ ਹੁੰਦਾ ਹੈ।
- ਖੋਜ ਅਧੀਨ ਦੋ ਕਾਵਿ ਸੰਗ੍ਰਹਿ 'ਕਣ ਕਾਇਨਾਤ' ਅਤੇ 'ਪੰਛੀ ਬਿਰਖ ਸੁਹਾਵੜਾ' ਸ਼ਾਮਿਲ ਕੀਤੇ ਗਏ। ਦੋਹਾਂ ਵਿੱਚੋਂ ਕ੍ਰਮਵਾਰ 135 ਅਤੇ 30 ਕਵਿਤਾਵਾਂ ਦੀ ਸਮੀਖਿਆ ਕੀਤੀ ਗਈ ਹੈ 'ਕਣ ਕਾਇਨਾਤ' ਦੀ ਕਵਿਤਾ ਵਿੱਚ ਵੱਡੇ ਕੋਣ ਦੇ ਦਾਇਰੇ ਨਾਲ ਕਾਵਿ-ਪੇਸ਼ਕਾਰੀ ਹੋਈ ਹੈ। ਕਵੀ ਦਾ ਸੁਰ ਨਿਮਾਣਾ, ਮਮਤਾਮਈ ਕਰੁਣਾ ਭਰਪੂਰ ਹੁੰਦਾ ਹੋਇਆ ਕਿਤੇ-ਕਿਤੇ ਵਿਦਰੋਹੀ ਵੀ ਹੋਇਆ ਹੈ। 'ਪੰਛੀ ਬਿਰਖ ਸੁਹਾਵੜਾ' ਸੰਗ੍ਰਹਿ ਦਾ ਕਾਵਿ ਵਿਦਰੋਹੀ ਸੁਰ ਨਾ ਅਲਾਪਦਾ ਹੋਇਆ ਸ਼ਾਂਤਮਈ ਢੰਗ ਨਾਲ ਰੁੱਖਾਂ ਨੂੰ ਪੁਰਖਿਆਂ ਵਾਂਗ ਪਰਉਪਕਾਰੀ ਕਰਾਰ ਦਿੰਦਾ ਹੈ ਅਤੇ ਰੁੱਖਾਂ ਨੂੰ ਬਚਾਉਣ ਦੀ ਪੈਰਵੀ ਕਰਦਾ ਹੈ।

- ਖੋਜ ਅਧੀਨ ਦੋ ਨਾਵਲ 'ਇੱਥੋਂ ਰੇਗਿਸਤਾਨ ਦਿਸਦਾ ਹੈ' ਅਤੇ 'ਕੈਂਸਰ ਟਰੇਨ' ਸ਼ਾਮਿਲ ਕੀਤੇ ਗਏ ਹਨ। ਦੋਵੇਂ ਹੀ ਨਾਵਲ ਪੰਜਾਬ ਦੀ ਰਹਿਤਲ ਉੱਤੇ ਵਾਪਰ ਰਹੇ ਵਿਭਿੰਨ ਵਾਤਾਵਰਨੀ ਸੰਕਟਾਂ ਨੂੰ ਰੇਖਾਂਕਿਤ ਕਰਦੇ ਹੋਏ ਯੋਗ ਸੁਝਾਵਾਂ ਦੀ ਅਗਵਾਈ ਪੇਸ਼ ਕਰਦੇ ਹਨ। ਨਾਵਲ ਦੇ ਮੁੱਖ ਪਾਤਰਾਂ ਦੁਆਰਾ ਘੋਰ ਨਿਰਾਸ਼ਾਮਈ ਸਥਿਤੀਆਂ ਦੇ ਬਾਵਜੂਦ ਹਾਂ-ਪੱਖੀ ਉਪਰਾਲਿਆਂ ਸਦਕਾ ਦੋਵੇ ਹੀ ਨਾਵਲਾਂ ਦਾ ਅੰਤ ਸੁਖਾਂਤਕ ਹੋ ਨਿਬੜਿਆ ਹੈ।
- ਕਹਾਣੀ ਸੰਗ੍ਰਿਹ 'ਪਵਣੁ ਗੁਰੂ ਪਾਣੀ ਪਿਤਾ' ਵਿੱਚ ਦਰਜ ਲਗਭਗ ਸਾਰੀਆਂ ਹੀ ਕਹਾਣੀਆਂ ਵਾਤਾਵਰਨ ਸਮੱਸਿਆ ਦੇ ਵਿਭਿੰਨ ਸਰੋਕਾਰਾਂ ਨੂੰ ਉਜਾਗਰ ਕਰਦੇ ਹੋਏ ਵਿਹਾਰਕ ਸਮਾਧਾਨਾਂ ਦੀ ਪੇਸ਼ਕਾਰੀ ਕਰਦੀਆਂ ਹਨ।
- ਤਿੰਨੇ ਨਿਬੰਧ ਸੰਗ੍ਰਿਹਾਂ ਅਧੀਨ ਵਾਤਾਵਰਨ ਦੇ ਵੱਖ-ਵੱਖ ਪੱਖਾਂ ਬਾਰੇ ਵਿਗਿਆਨ-ਭਰਪੂਰ ਵਿਸਥਾਰਿਤ ਅਤੇ ਜਾਣਕਾਰੀ ਭਰਪੂਰ ਚਰਚਾ ਹੋਈ ਮਿਲਦੀ ਹੈ। ਵਿਭਿੰਨ ਅਧਿਐਨ ਅਨੁਸ਼ਾਸਨਾਂ  ਨਾਲ ਸੰਬੰਧਿਤ ਸਾਹਿਤਕਾਰਾਂ, ਵਿਗਿਆਨੀਆਂ ਅਤੇ ਉੱਦਮੀਆਂ ਵਲੋਂ ਪੰਜਾਬੀ ਭਾਸ਼ਾ ਵਿੱਚ ਰਚੇ ਗਏ ਵਿਸ਼ੇ ਅਧਾਰਿਤ ਨਿੰਬਧਾਂ ਨੂੰ ਵਾਤਾਵਰਨ ਲਈ ਚੰਗੀ ਪਹਿਲ ਵਜੋਂ ਪਛਾਣਿਆ ਜਾ ਸਕਦਾ ਹੈ। ਨਿੰਬਧ ਸੰਗ੍ਰਿਹ 'ਵਾਤਾਵਰਣ ਸਮੱਸਿਆਵਾਂ' ਵਿੱਚੋਂ 18, 'ਵਾਤਾਵਰਣੀ ਮਸਲੇ ਤੇ ਸਮਾਧਾਨ' ਵਿੱਚੋਂ 15 ਅਤੇ 'ਮਨੁੱਖੀ ਹੋਂਦ ਲਈ ਖਤਰਾ: ਵਾਤਾਵਰਣੀ ਪ੍ਰਦੂਸ਼ਣ' ਵਿੱਚੋਂ 24 ਨਿਬੰਧ ਅਧਿਐਨ ਵਿੱਚ ਸ਼ਾਮਿਲ ਕੀਤੇ ਗਏ ਹਨ।

ਖੋਜ ਪ੍ਰਬੰਧ ਦੇ ਸਾਰ ਵਿੱਚ ਇਹ ਸਿੱਟਾ ਕਿ ਚੋਣਵੇਂ ਪੰਜਾਬੀ ਕਾਵਿ, ਗਲਪ ਅਤੇ ਨਿਬੰਧ ਦੇ ਮਾਧਿਅਮ ਦੁਆਰਾ ਜਿੰਨੀ ਵੀ ਚੇਤਨਾ ਪੰਜਾਬੀ ਜਗਤ ਦੇ ਪਾਠਕਾਂ ਲਈ ਪਰਸਾਰਿਤ ਹੋਈ ਮਿਲਦੀ ਹੈ , ਉਹ ਸਵਾਗਤ ਦੀ ਲਖਾਇਕ ਹੈ। 2010 ਤੋਂ ਲੈ ਕੇ ਹੁਣ ਤੱਕ ਪ੍ਰਕਾਸ਼ਿਤ ਵਿਸ਼ੇ ਨਾਲ ਸੰਬੰਧਿਤ ਪੰਜਾਬੀ ਨਿਬੰਧ ਤੇ ਕਵਿਤਾ ਵਿੱਚ ਗੁਣਾਤਮਕ ਅਤੇ ਗਿਣਾਤਮਕ ਪੱਖੋਂ ਚੰਗੀ ਪਹਿਲ ਹੋ ਚੁੱਕੀ ਹੈ। ਇਸੇ ਕਰਕੇ ਕਵਿਤਾ ਅਤੇ ਨਿੰਬਧਾਂ ਦੀ ਚੋਣ ਲਈ ਕੁੱਝ ਪ੍ਰਤੀਨਿਧ ਸੰਗ੍ਰਿਹਾਂ ਦੀ ਚੋਣ ਕੀਤੀ ਗਈ। ਵਿਸ਼ੇ ਨਾਲ ਸੰਬੰਧਿਤ ਨਾਵਲ ਅਤੇ ਕਹਾਣੀ ਦੇ ਪ੍ਰਸੰਗ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਵਰਤਮਾਨ ਦਹਾਕੇ ਵਿੱਚ ਨਾਵਲ ਅਤੇ ਕਹਾਣੀ ਵਿਧਾ ਅਧੀਨ

ਵਿਸ਼ੇ ਨਾਲ ਸੰਬੰਧਿਤ ਸਾਹਿਤ ਅਜੇ ਉਨਾਂ ਨਹੀਂ ਲਿਖਿਆ ਗਿਆ ਜਿੰਨਾ ਸਮੇਂ ਅਨੁਸਾਰ ਇਸਦੀ ਲੋੜ ਹੈ। ਸਭ ਤੋਂ ਵੱਧ ਨਿਬੰਧ ਅਤੇ ਕਵਿਤਾ ਵਿੱਚ ਵਾਤਾਵਰਨੀ ਵਿਸ਼ਿਆਂ ਨੂੰ ਛੋਹਿਆ ਗਿਆ ਹੈ ਅਤੇ ਉਕਤ ਰਚਨਾਵਾਂ ਵਿੱਚ ਯਕੀਨੀ ਤੌਰ ਉਤੇ ਵਾਤਾਵਰਨ ਚੇਤਨਾ ਪ੍ਰਸਾਰਿਤ ਕਰਨ ਦੇ ਸਮਰੱਥ ਵੀ ਹਨ। ਖੋਜ ਅਧੀਨ ਵਿਸ਼ੇ ਦੇ ਸੰਬੰਧ ਵਿੱਚ ਕਹਾਣੀ ਵਿਧਾ ਵਿੱਚ ਸਭ ਤੋਂ ਘੱਟ ਲਿਖਿਆ ਗਿਆ ਹੈ। ਇਸ ਬਾਬਤ ਪੰਜਾਬੀ ਸਾਹਿਤਕਾਰਾਂ ਨੂੰ ਪੰਜਾਬ ਦੀ, ਪੰਜਾਬੀ ਧਰਾਤਲ ਦੀ ਅਤੇ ਪਾਠਕਾਂ/ਖੋਜੀਆਂ ਵਲੋਂ ਬੇਨਤੀ ਹੈ ਕਿ ਇਸ ਵਿਸ਼ੇ ਲਈ ਵੀ ਭਰਪੂਰ ਰਚਨਾਵਾਂ ਲਿਖ ਕੇ ਆਮ ਵਰਗ ਨੂੰ ਚੇਤੰਨ ਕਰਨ ਦਾ ਕਰਤੱਵ ਨਿਭਾਉਣ। ਕੁਝ ਹੋਰ ਸੁਝਾਵਾਂ ਦੀ ਪ੍ਰਸਤਾਵਨਾ ਹੇਠ ਲਿਖੇ ਅਨੁਸਾਰ ਪ੍ਰਸਤੁਤ ਕੀਤੀ ਜਾ ਰਹੀ ਹੈ:

- ਪਾਣੀ ਨੂੰ ਸੋਧ ਕੇ (ਟ੍ਰੀਟ) ਕਰਕੇ ਹੋਰ ਯੋਗ ਕਾਰਜਾਂ ਲਈ ਵਰਤਿਆ ਜਾ ਸਕਦਾ ਹੈ
- ਆਰ. ੳ. ਸਿਸਟਮ ਦੇ ਨਿਕਾਸਤ ਹੁੰਦੇ ਪਾਣੀ ਨੂੰ ਹੋਰ ਕਾਰਜਾਂ ਜਿਵੇਂ ਘਰੇਲੂ ਬਗੀਚੀ ਦੀ ਸਿੰਚਾਈ ਜਾਂ ਸਾਫ਼-ਸਫ਼ਾਈ ਲਈ ਪ੍ਰਯੋਗ ਕੀਤਾ ਜਾ ਸਕਦਾ ਹੈ।
- ਜਿੱਥੋਂ ਤੱਕ ਸੰਭਵ ਹੋ ਸਕੇ ਤਾਂ ਪੰਛੀਆਂ ਤੇ ਜੀਵਾਂ ਲਈ ਪਾਣੀ ਦੀ ਵਿਵਸਥਾ ਕਰਦੇ ਰਹਿਣਾ ਚਾਹੀਦਾ ਹੈ। ਇਸ ਕਾਰਜ ਲਈ ਮਿੱਟੀ ਦੇ ਕੌਲੇ, ਘਰ ਦੇ ਤਿੜਕੇ ਹੋਏ ਵਾਧੂ ਭਾਂਡੇ ਜਾਂ ਘਿਓ/ਤੇਲ ਵਾਲੀਆਂ ਪੀਪੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ।
- ਪੰਛੀਆਂ ਲਈ ਲੱਕੜੀ ਦੇ ਆਭਾਸੀ ਟ੍ਰੀ-ਹਾਊਸ ਬਣਾਉਣ ਦੀ ਬਜਾਏ ਵੱਧ ਤੋਂ ਵੱਧ ਰੁੱਖ ਉਗਾਉਣੇ ਚਾਹੀਦੇ ਹਨ ਤਾਂ ਜੋ ਪੰਛੀ ਆਪਣੇ-ਆਪ ਉਹਨਾਂ 'ਤੇ ਆ ਕੇ ਵਸੇਬਾ ਕਰਨ।
- ਪੰਛੀਆਂ ਲਈ ਦਾਣੇ-ਦੁਣਕੇ/ਭੋਜਨ ਦਾ ਪ੍ਰਬੰਧ ਸਮੇਂ-ਸਮੇਂ 'ਤੇ ਕਰਦੇ ਰਹਿਣਾ ਚਾਹੀਦਾ ਹੈ, ਚਾਹੇ ਉਹ ਘਰ ਵਿੱਚ ਵਧੇਰੇ ਪਈ ਖਾਧ ਸਮੱਗਰੀ ਜਿਵੇਂ; ਅਨਾਜ, ਦਾਲਾਂ, ਚੌਲ, ਬਾਜਰਾ, ਬੂਰਾ, ਸ਼ੱਕਰ, ਗੁੜ੍ਹ, ਸੇਵੀਆਂ, ਰਸ, ਬਿਸਕੁਟ ਜਾਂ ਹੋਰ ਵੀ ਕਈ ਵਿਕਲਪ ਹੋ ਸਕਦੇ ਹਨ। ਆਨ-ਲਾਈਨ ਬਜ਼ਾਰਾਂ ਵਿੱਚ ਪੰਛੀਆਂ ਨੂੰ ਦਾਣਾ ਸਪਲਾਈ ਕਰਨ ਵਾਲੇ 'ਬਰਡਜ਼ ਫੀਡਰਜ਼' ਦੇ ਦੇਸੀ ਵਿਕਲਪਾਂ ਨੂੰ ਵੀ ਚੁਣਿਆ ਜਾ ਸਕਦਾ ਹੈ। ਇਸ ਜੁਗਾੜ ਨੂੰ ਬਣਾਉਣ ਲਈ ਖ਼ਾਲੀ ਤੇ ਵੇਸਟ ਪਈਆਂ ਪੇਂਟ ਵਾਲੀਆਂ ਬਾਲਟੀਆਂ, ਵੱਡੀਆਂ ਪਲਾਸਟਿਕ

ਦੀਆਂ ਪੀਪੀਆਂ ਤੇ ਪੇਂਟ ਵਾਲੀਆਂ ਬਾਲਟੀਆਂ ਦੇ ਢੱਕਣ ਸਮੇਤ ਕੇਵਲ ਇੱਕ ਮਜ਼ਬੂਤ ਰੱਸੀ ਜਾਂ ਤਾਰ ਦੀ ਲੋੜ ਪਵੇਗੀ। ਇਸ ਦੇਸੀ ਜੁਗਾੜ ਨੂੰ ਟੰਗਣ ਲਈ ਕਿਸੇ ਰੁੱਖ ਦੀ ਲੋੜ ਪਵੇਗੀ ਜੋ ਕਿ ਬਗ਼ੀਚੀ ਜਾਂ ਕਿਆਰੀ ਵਿੱਚ ਉੱਗਿਆ ਹੋਵੇ।

- ਕੁਦਰਤੀ ਸ੍ਰੋਤਾਂ ਨੂੰ ਦੂਸ਼ਿਤ ਕਰਨ ਵਾਲੀਆਂ ਕਾਰਵਾਈਆਂ ਨੂੰ ਆਪਣਾ ਫ਼ਰਜ਼ ਸਮਝ ਕੇ ਹਮੇਸ਼ਾ ਲਈ ਬੰਦ ਕਰ ਦੇਣਾ ਚਾਹੀਦਾ ਹੈ।

- ਘਰੇਲੂ ਕੂੜੇ-ਕਰਕਟ ਨੂੰ ਦੋ ਜਗ੍ਹਾ, ਵੱਖ-ਵੱਖ ਕਰਕੇ ਰੱਖਣਾ ਚਾਹੀਦਾ ਹੈ। ਗਿੱਲਾ ਕੂੜਾ (ਜਿਸ ਵਿੱਚ ਫ਼ਲਾਂ ਤੇ ਸਬਜ਼ੀਆਂ ਦੇ ਛਿੱਲੜ, ਪ੍ਰਯੋਗ ਹੋ ਚੁੱਕੀ ਚਾਹ-ਪੱਤੀ, ਮੁਰਝਾਏ ਹੋਏ ਫੁੱਲ ਆਦਿ ਸ਼ਾਮਲ ਹੁੰਦੇ ਹਨ) ਤੇ ਦੂਜਾ ਹੈ- ਸੁੱਕਾ ਕੂੜਾ (ਜਿਸ ਵਿੱਚ ਮਿੱਟੀ, ਕਾਗਜ, ਪਲਾਸਟਿਕ ਕਚਰਾ ਆਦਿ ਸ਼ਾਮਲ ਹੁੰਦਾ ਹੈ।) ਘਰੇਲੂ ਗਿੱਲੇ ਕੂੜੇ ਨੂੰ ਕਿਸੇ ਟੋਏ, ਬਾਲਟੀ ਜਾਂ ਵੱਡੇ ਗ਼ਮਲੇ ਵਿੱਚ ਮਿੱਟੀ ਤੇ ਸੁੱਕੇ ਪੱਤਿਆਂ ਨਾਲ ਮਿਲਾ ਕੇ ਕੁੱਝ ਮਹੀਨੇ ਰੱਖਣ ਨਾਲ ਬਹੁਤ ਹੀ ਉਪਯੋਗੀ ਘਰੇਲੂ ਦੇਸੀ ਖਾਦ ਬਣਾਈ ਜਾ ਸਕਦੀ ਹੈ। ਜਿਸਨੂੰ ਕੰਪੋਸਟ ਵੀ ਕਿਹਾ ਜਾਂਦਾ ਹੈ। ਇਸ ਪ੍ਰਕਾਰ ਤਿਆਰ ਕੀਤੀ ਗਈ ਕੰਪੋਸਟ ਬਿਲਕੁਲ ਮਹੀਨ, ਕਾਲੇ ਰੰਗ ਦੀ ਅਤੇ ਪੌਦਿਆਂ ਲਈ ਸਿਹਤ-ਵਰਧਕ ਹੁੰਦੀ ਹੈ।

ਇੱਥੇ ਇਹ ਵਰਨਣਯੋਗ ਹੈ ਕਿ ਬੈਂਗਲੋਰ ਵਰਗੇ ਵੱਡੇ ਸ਼ਹਿਰਾਂ ਵਿੱਚ ਘਰਾਂ ਤੋਂ ਕੂੜਾ ਇੱਕਠਾ ਕਰਕੇ ਲਿਜਾਉਣ ਵਾਲੇ ਸਫ਼ਾਈ ਸੇਵਕ ਉਦੋਂ ਤੱਕ ਕੂੜਾ ਨਹੀਂ ਲਿਜਾਂਦੇ , ਜਦੋਂ ਤੱਕ ਉਹਨਾਂ ਨੂੰ ਗਲਣਸ਼ੀਲ ਅਤੇ ਨਾ-ਗਲਣਸ਼ੀਲ ਕੈਟੇਗਰੀ ਵਿੱਚ ਵੱਖ-ਵੱਖ ਕਰਕੇ ਨਾ ਦਿੱਤਾ ਜਾਵੇ।

- ਘਰੇਲੂ ਕੂੜੇ ਨੂੰ ਸੁਲਝਾਉਣਾ ਫਿਰ ਵੀ ਆਸਾਨ ਹੈ, ਪਰ ਵੱਡੇ ਪੱਧਰ ਦੇ ਉਪਕ੍ਰਮਾਂ ਜਿਵੇਂ ਹਸਪਤਾਲਾਂ, ਉਦਯੋਗਾਂ ਆਦਿ ਦੇ ਵੇਸਟ-ਪ੍ਰਬੰਧਣ ਨੂੰ ਵਿਵਸਥਿਤ ਕਰਨਾ ਬਹੁਤ ਜ਼ਰੂਰੀ ਹੈ, ਕਿਉਂਕਿ ਇਹਨਾ ਅਦਾਰਿਆਂ ਦਾ ਯੋਗਦਾਨ ਪ੍ਰਦੂਸ਼ਣ ਵਧਾਉਣ ਲਈ ਵਧੇਰੇ ਹੁੰਦਾ ਹੈ।

- ਅਸਲ ਵਿੱਚ ਵਾਤਾਵਰਨ ਚੇਤਨਾ ਨੂੰ ਪ੍ਰਸਾਰਿਤ ਕਰਨਾ ਬਹੁਤ ਹੀ ਮਹੱਤਪੂਰਨ ਉੱਦਮ ਹੈ ਪਰ ਇਸ ਚੇਤਨਾ ਦੇ ਫਲਸਰੂਪ ਵਿਹਾਰਕ ਉੱਦਮ ਦੀ ਬਹੁਤ ਹੀ ਜ਼ਿਆਦਾ ਲੋੜ ਹੈ। ਆਮ ਤੌਰ ‘ਤੇ ਉਦਯੋਗਿਕ ਖੇਤਰਾਂ

ਵੱਲੋਂ ਸਰਕਾਰੀ ਮਸ਼ੀਨਰੀ ਦੇ ਢਿੱਡ ਭਰਕੇ ਮੂੰਹ ਬੰਦ ਕਰ ਦਿੱਤਾ ਹੈ। ਕਾਨੂੰਨ ਸਖ਼ਤ ਹੋਣ ਅਤੇ ਹਰ ਆਮੋਂ-ਖਾਸ ਲਈ ਇੱਕ-ਜਿਹੇ ਹੋਣ।

- ਸਕੂਲਾਂ/ਕਾਲਜਾਂ ਦੇ ਵਾਤਾਵਰਨ ਵਿਸ਼ੇ ਦੇ ਪਾਠਕ੍ਰਮ ਵਿੱਚ ਵਿਹਾਰਕ ਸੁਧਾਰਾਂ ਦੀ ਲੋੜ ਹੈ। ਹੁਣ ਤੱਕ ਵਾਧੂ ਦੱਸਿਆ ਜਾ ਚੁੱਕਾ ਹੈ ਕਿ ਵਾਤਾਵਰਨ ਕੀ ਹੈ? ਪ੍ਰਦੂਸ਼ਣ ਕੀ ਹੈ? ਕਿਉਂ ਹੈ ਤੇ ਕੀ-ਕੀ ਪ੍ਰਭਾਵ ਹਨ? ਪਰ ਹੁਣ ਇਹ ਦੱਸਣ ਦੀ ਵਾਰੀ ਵੀ ਆਉਣੀ ਚਾਹੀਦੀ ਹੈ ਕਿ ਅਸੀ ਵਾਤਾਵਰਨ ਨੂੰ ਦਰੁੱਸਤ ਕਰਨ ਲਈ ਨਿੱਜੀ ਪੱਧਰ ਉੱਤੇ ਕੀ-ਕੀ ਕਰੀਏ? ਕਿਵੇਂ ਕਰੀਏ? ਤੇ ਇਸ ਸੰਬੰਧੀ ਕਿੱਥੋਂ-ਕਿੱਥੋਂ ਮਦਦ ਮਿਲ ਸਕਦੀ ਹੈ। ਇਹ ਵੀ ਪ੍ਰਣ ਕਰੀਏ ਕਿ ਵਾਤਾਵਰਨ ਨੂੰ ਮੁੜ-ਸੁਰਜੀਤ ਕਰਨ ਲਈ ਵਿਤਕਰਿਆਂ ਤੋਂ ਉੱਪਰ ਉੱਠ ਕੇ ਸਰਕਾਰ ਨੂੰ ਕਿਵੇਂ ਇਸ ਵਿੱਚ ਅਸਲੀ ਰੂਪ ਵਿੱਚ ਸ਼ਾਮਿਲ ਕਰੀਏ। ਇਹ ਵੀ ਦੱਸਿਆ ਜਾਵੇ (ਪ੍ਰੈਕਟੀਕਲ ਕਰਕੇ) ਕਿ ਘਰ ਵਿੱਚ ਨਾ-ਮਾਤਰ ਲਾਗਤ ਨਾਲ ਕੰਪੋਸਟ ਕਿਵੇਂ ਬਣਾਈ ਜਾਵੇ, ਪੌਦੇ ਘੱਟ ਜਗ੍ਹਾ ਵਿੱਚ ਕਿਵੇਂ ਉਗਾਏ ਜਾਣ, ਸਿੰਚਾਈ ਦਾ ਪ੍ਰਬੰਧਣ ਕਿਵੇਂ ਕੀਤਾ ਜਾਵੇ। ਨਿੱਜੀ ਤੌਰ ‘ਤੇ ਜਲ-ਪ੍ਰਬੰਧਣ ਕਿਵੇਂ ਕੀਤਾ ਜਾ ਸਕਦਾ ਹੈ। ਇਹ ਨਿੱਕੀਆਂ-ਨਿੱਕੀਆਂ ਘਰੇਲੂ ਪ੍ਰਬੰਧਣ ਦੀਆਂ ਜਾਣਕਾਰੀਆਂ ਸਮੂਹ ਸਮਾਜ ਵਿੱਚ ਵੱਡੇ ਅਤੇ ਸੁਖਾਂਵੇ ਬਦਲਾਓ ਲਿਆ ਸਕਦੀਆਂ ਹਨ। ਜਦੋਂ ਨੌਜਵਾਨ ਵਰਗ ਇਸ ਪ੍ਰਤੀ ਚੇਤੰਨ ਹੋ ਗਿਆ ਤਾਂ ਦੇਸ਼ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਖੇਤਰਾਂ ਵਿੱਚ ਵੀ ਵਾਤਾਵਰਨ-ਹਿਤੈਸ਼ੀ ਉਪਰਾਲੇ ਹੋਣੇ ਆਰੰਭ ਹੋ ਜਾਣਗੇ। ਅੱਜ ਭਾਸ਼ਣ ਤੋਂ ਵੱਧ ਲੋੜ ਕਰਨੀ ਦੀ ਹੈ।

- ਜਾਗ੍ਰਿਤ ਵਰਗ ਆਪਣੀ ਕਰਨੀ ਨਾਲ ਹੋਰਨਾਂ ਨੂੰ ਜਾਗ੍ਰਿਤ ਕਰਦਾ ਜਾਵੇਗਾ ਤੇ ਇਸ ਪ੍ਰਕਾਰ ਵੱਡੇ-ਵੱਡੇ ਕਾਰਪੋਰੇਟ ਅਦਾਰਿਆਂ ਵਿੱਚ ਜਿੱਥੇ-ਜਿੱਥੇ ਵੀ ਵਾਤਾਵਰਨ ਨੂੰ ਢਾਹ ਲੱਗ ਰਹੀ ਹੈ, ਉੱਥੇ-ਉੱਥੇ ਜਨਤਾ ਵਿਵਸਥਿਤ ਮੁਹਿੰਮ ਆਰੰਭੇਗੀ। ਜੇ ਗੌਰਮਿੰਟ ਗੌਰ ਨਾ ਕਰੇ ਤਾਂ ਚੇਤੰਨ ਵਰਗ ਸਮੂਹਿਕ ਤੌਰ ‘ਤੇ ਉਸਨੂੰ ਗੌਰ ਕਰਨ ਲਈ ਮਜਬੂਰ ਕਰ ਸਕਦਾ ਹੈ।

**ਖੋਜ ਕਾਰਜ ਨਾਲ ਸੰਬੰਧਿਤ ਭਵਿੱਖਤ ਸੰਭਾਵਨਾਵਾਂ:** ਕੋਈ ਵੀ ਲਿਖਤ, ਕੋਈ ਵੀ ਖੋਜ, ਕੋਈ ਵੀ ਵਿਚਾਰ ਜਾਂ ਕਾਰਜ ਆਪਣੇ ਆਪ ਵਿੱਚ ਅੰਤਿਮ ਜਾਂ ਪਰਿਪੂਰਨ ਨਹੀਂ ਹੁੰਦਾ । ਦਿਖਣ ਵਿੱਚ ਜੋ ਕਦੇ ਵਸਲ ਲਗਦਾ

ਹੁੰਦਾ ਹੈ, ਉਹ ਭਵਿੱਖਤ ਪਾਂਧੀਆਂ ਲਈ ਰਾਹ ਦਾ ਮੀਲ ਪੱਥਰ ਤਾਂ ਬਣ ਹੀ ਸਕਦਾ ਹੈ, ਪਰ ਮੰਜਿਲ ਕੁੱਝ ਹੋਰ ਅਗਲੇਰੀ ਹੋ ਜਾਇਆ ਕਰਦੀ ਹੈ । ਇਸ ਖੋਜ ਪ੍ਰਬੰਧ ਦੇ ਅਕਾਰ ਨੂੰ ਸੀਮਿਤ ਰੱਖਣ ਕਰਕੇ ਇਸ ਦਾ ਦਾਇਰਾ 21ਵੀਂ ਸਦੀ ਦੇ ਦੂਜੇ ਦਹਾਕੇ ਵਿੱਚ ਪ੍ਰਕਾਸ਼ਿਤ ਕਵਿਤਾ, ਗਲਪ ਅਤੇ ਨਿਬੰਧ ਤੱਕ ਹੀ ਰੱਖਿਆ ਗਿਆ ਹੈ। ਕਵਿਤਾ ਅਤੇ ਨਿਬੰਧ ਵਿੱਚ ਆਧਾਰ-ਪੁਸਤਕਾਂ ਨੂੰ ਚੋਣਵੇਂ ਰੂਪ ਵਿੱਚ ਅਤੇ ਨਾਵਲ ਤੇ ਕਹਾਣੀ ਵਿਧਾ ਲਈ ਉਪਲਬਧ ਪੁਸਤਕਾਂ ਨੂੰ ਪੂਰਨ ਰੂਪ ਵਿੱਚ ਸ਼ਾਮਿਲ ਕੀਤਾ ਗਿਆ ਹੈ। ਖੋਜ ਪ੍ਰਬੰਧ ਨੂੰ ਅੰਤਿਮ ਛੋਹਾਂ ਦਿੰਦੇ ਹੋਏ ਕੁੱਝ ਸੰਭਾਵਨਾਵਾਂ ਭਵਿੱਖਤ ਖੋਜੀਆਂ ਲਈ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਈਆਂ ਹਨ ਜਿਹਨਾਂ ਬਾਰੇ ਸੰਕੇਤ ਨਿਮਨ ਲਿਖਤ ਹਨ:

- 21ਵੀਂ ਸਦੀ ਦੇ ਪਹਿਲੇ ਤੇ ਦੂਜੇ ਦਹਾਕੇ ਦਾ ਪ੍ਰਸਪਰ ਅਧਿਐਨ ਵਾਤਾਵਰਨ ਦੇ ਸੰਦਰਭ ਵਿੱਚ।
- ਇਸ ਖੋਜ ਪ੍ਰਬੰਧ ਵਿੱਚ ਜਿਹੜੇ ਸਾਹਿਤ ਰੂਪ ਜਾਂ ਰਚਨਾਵਾਂ ਨੂੰ ਸ਼ਾਮਿਲ ਨਹੀਂ ਕੀਤਾ ਜਾ ਸਕਿਆ ਉਹਨਾਂ ਨੂੰ ਅਧਿਐਨ ਦਾ ਆਧਾਰ ਬਣਾਇਆ ਜਾ ਸਕਦਾ ਹੈ।
- ਪੰਜਵੇਂ ਅਧਿਆਇ ਵਿੱਚ ਵੱਖ-ਵੱਖ ਸਾਹਿਤ ਵਿਧਾਵਾਂ ਦਾ ਵਿਸ਼ੇ ਪੱਖ ਤੋਂ ਤੁਲਨਾਤਮਕ ਅਧਿਐਨ ਪ੍ਰਸਤੁਤ ਕੀਤਾ ਗਿਆ ਹੈ। ਆਕਾਰ ਦੀ ਸੀਮਾ ਨੂੰ ਮੱਦੇ ਨਜ਼ਰ ਰੱਖਦੇ ਹੋਏ ਕਲਾ ਪੱਖ ਦੀ ਤੁਲਨਾ ਤੋਂ ਸੰਕੋਚ ਕੀਤਾ ਗਿਆ ਹੈ। ਆਉਣ ਵਾਲੀਆਂ ਖੋਜਾਂ ਵਿੱਚ ਵਾਤਾਵਰਨ ਦੇ ਸੰਦਰਭ ਵਿੱਚ ਸੰਬੰਧਿਤ ਲਿਖਤਾਂ ਦਾ ਕਲਾ-ਪੱਖ ਤੋਂ ਤੁਲਨਾਤਮਕ ਅਧਿਐਨ ਵੀ ਕੀਤਾ ਜਾ ਸਕਦਾ ਹੈ
- ਖੋਜ ਮਾਡਲ ਜੋ ਕਿ ਬਿਲਕੁਲ ਹੀ ਮੁੱਢਲਾ ਜਾਂ ਬੁਨਿਆਦੀ ਖੋਜ ਮਾਡਲ ਹੈ, ਨੂੰ ਅਗਲੇਰੇ ਵਿਸ਼ੇ ਦੀ ਲੋੜ ਅਨੁਸਾਰ ਮੁੜ ਵਿਵਸਥਿਤ ਕੀਤਾ ਜਾ ਸਕਦਾ ਹੈ ।

ਖੋਜ ਦੀਆਂ ਸੁਖਾਵੀਆਂ ਸੰਭਾਵਨਾਵਾਂ ਦੇ ਨਾਲ-ਨਾਲ ਇਹ ਦੱਸਣਾ ਵੀ ਲਾਜ਼ਮੀ ਹੈ ਕਿ ਹਥਲੀ ਖੋਜ ਆਪਣੇ ਮਿੱਥੇ ਹੋਏ ਉਦੇਸ਼ਾਂ ਨੂੰ ਪ੍ਰਾਪਤ ਕਰਨ ਦੇ ਸਮਰੱਥ ਵੀ ਹੋਈ ਕਿ ਨਹੀਂ? ਵਾਤਾਵਰਨ ਨਾਲ ਸੰਬੰਧਿਤ ਸੰਕਟਾਂ ਦੀ ਪੰਜਾਬੀ ਸਾਹਿਤ ਵਿੱਚ ਭਰਪੂਰ ਪੇਸ਼ਕਾਰੀ ਹੋਈ ਮਿਲਦੀ ਹੈ, ਵਾਤਾਵਰਨ ਪ੍ਰਦੂਸ਼ਣ ਦੇ ਲਗਭਗ ਹਰ ਅੰਗ ਬਾਰੇ ਅਧਿਐਨ ਅਧੀਨ ਸਾਹਿਤ ਵਿੱਚ ਵੇਰਵਾ ਪ੍ਰਸਤੁਤ ਹੁੰਦਾ ਹੈ। ਇਸ ਪ੍ਰਕਾਰ ਪੰਜਾਬੀ ਸਾਹਿਤ ਵਿੱਚ ਪੇਸ਼

ਵਾਤਾਵਰਨੀ ਸੰਕਟਾਂ ਨੂੰ ਉਜਾਗਰ ਕਰਦੇ ਹੋਏ ਅਤੇ ਇਸ ਨੂੰ ਮੁੜ ਸੁਰਜੀਤ ਕਰਨ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਇਸ ਪ੍ਰਥਾਇ ਲੋੜੀਂਦੇ ਯਤਨਾਂ ਦੀ ਨਿਸ਼ਾਨਦੇਹੀ ਵੀ ਪੇਸ਼ ਹੋਈ ਹੈ। ਸਮਾਧਾਨਾਂ ਨੂੰ ਵਿਹਾਰਕ ਜਾਮਾ ਪਹਿਨਾ ਕੇ ਹੀ ਸਾਰਥਿਕ ਸਿੱਟਿਆਂ ਦੀ ਉਮੀਦ ਕੀਤੀ ਜਾ ਸਕਦੀ ਹੈ। ਵਿਹਾਰਕ ਅਤੇ ਨਿਰੰਤਰ ਘਾਲਣਾ ਦੀ ਉਮੀਦ ਉੱਥੋਂ ਹੀ ਕੀਤੀ ਜਾ ਸਕਦੀ ਹੈ ਜਿੱਥੇ ਪ੍ਰਕਿਤੀ ਲਈ ,ਜੀਵ ਜੰਤੂਆਂ ਲਈ ਅਤੇ ਕਾਦਰ ਦੀ ਸਾਜੀ ਨਿਰੋਲ ਕੁਦਰਤ ਲਈ ਦਿਲੋਂ ਬਿਨਾਂ ਕਿਸੇ ਲਾਲਚ ਦਾ ਪਿਆਰ ਹੋਵੇ। ਵਾਤਾਵਰਨ ਲਈ ਹਿਰਦਿਆਂ ਵਿੱਚ ਪਿਆਰ ਜਗਾਉਣ ਦਾ ਸ਼ੁੱਭ ਕਾਰਜ ਸਾਹਿਤ ਕਰਦਾ ਹੈ। ਸੰਪੂਰਨ ਜਗਤ ਦੇ ਜਿਊਣ ਲਈ ਸੁਖਾਵਾਂ ਮਾਹੌਲ ਬਣਾਉਣ ਦੀ ਚੇਤਨਾ ਵੀ ਸਾਹਿਤ ਹੀ ਪ੍ਰਸਾਰਿਤ ਕਰਦਾ ਹੈ। ਸਤਯੰ, ਸ਼ਿਵਮ, ਸੁੰਦਰਮ ਦੇ ਕਥਨ ਅਨੁਸਾਰ ਸਰਬਤ ਦੇ ਭਲੇ ਲਈ ਮੰਗਲ-ਅਰਦਾਸ ਲਈ ਅਤੇ ਸਚਾਈ ਦੀ ਜਿੱਤ ਲਈ ਅਥਾਹ ਸਮਰੱਥਾ ਸਾਹਿਤ ਕੋਲ ਹੀ ਹੈ। ਲਗਾਤਾਰ ਅਸੰਤੁਲਿਤ ਹੁੰਦੇ ਜਾ ਰਹੇ ਵਾਤਾਵਰਨ ਨੂੰ ਜੇਕਰ ਅੱਖੋਂ-ਪਰੋਖੇ ਕੀਤਾ ਗਿਆ ਤਾਂ ਭਵਿੱਖਤ ਸੰਕਟਾਂ ਬਾਰੇ ਚੇਤਾਉਣਾ ਵੀ ਤਾਂ ਸਾਹਿਤ ਦੇ ਹਿੱਸੇ ਹੀ ਆਉਂਦਾ ਹੈ।

ਇਸ ਪ੍ਰਕਾਰ ਮੈਂ ਪੂਰੇ ਭਰੋਸੇ ਨਾਲ ਅਕਾਲ ਪੁਰਖ ਅੱਗੇ ਅਰਦਾਸ ਅਤੇ ਆਸ ਕਰਦੀ ਹਾਂ ਕਿ ਸਾਰੇ ਬ੍ਰਹਿਮੰਡ ਵਿੱਚ, ਦੇਸ਼ ਵਿੱਚ ਤੇ ਪੰਜਾਬ ਵਿੱਚ ਵਾਤਾਵਰਨ ਬਿਨਾਂ ਲਾਕਡਾਊਨ ਦੇ ਵੀ ਹਰਿਆ ਭਰਿਆ ਅਤੇ ਖੁਸ਼ਹਾਲ ਹੋਵੇ, ਬਿਨਾਂ ਪ੍ਰਦੂਸ਼ਣ ਦੇ ਜੀਵਨ ਨਾਲ ਭਰਪੂਰ ਹੋਵੇ, ਸਾਹਿਤ ਅਤੇ ਵਾਤਾਵਰਨ ਉੱਦਮੀਆਂ ਦੀ ਘਾਲਣਾ ਸਦਕਾ ਇਸ ਸੰਦਰਭ ਵਿੱਚ ਸੁਖਾਵਾਂ ਹਲੂਣਾ ਮਿਲਦਾ ਰਹੇ ਅਤੇ ਇਸ ਪ੍ਰਕਾਰ ਖੋਜ ਦੇ ਅਸਲੀ ਮਨੋਰਥ ਕਾਗਜਾਂ ਵਿੱਚ ਹੀ ਨਹੀਂ ਸਗੋਂ ਵਿਹਾਰਕ ਧਰਾਤਲ ਉੱਪਰ ਵੀ ਸਾਕਾਰ ਹੁੰਦੇ ਰਹਿਣ।

ਪ੍ਰਕਿਰਤੀ ਦੇ ਨਾਸ ਦਾ ਰੋਸ ਸਾਹਿਤ ਵਿੱਚ ਵੀ ਭਾਰੂ ਹੈ। ਵਾਤਾਵਰਨ ਸੰਕਟ ਬਾਰੇ ਚੇਤਨਾ ਦਾ ਇਹ ਆਰੰਭਿਕ ਪੜਾਓ ਹੈ। ਇਸ ਸੰਕਟ ਨੂੰ ਨਿਯੰਤ੍ਰਿਤ ਕਰਨ ਲਈ ਕਰਨਯੋਗ ਅਤੇ ਨਾਕਰਨਯੋਗ ਕਾਰਵਾਈਆਂ ਬਾਬਤ ਚੇਤਨਾ ਅਜੇ ਹੋਰ ਚਾਹੀਦੀ ਹੈ। ਜਦ ਤੱਕ ਸਾਹਿਤਕਾਰ ਦੀ ਸੋਚ ਵਿੱਚ ਸੱਚਾਈ ਅਤੇ ਕਲਮ ਵਿੱਚ ਤਾਕਤ ਹੈ, ਤਦੋਂ ਤੱਕ ਉਸਦੇ ਲਿਖੇ ਹਰ ਇੱਕ ਲਫ਼ਜ਼ ਨਾਲ ਵਾਤਾਵਰਨ ਬਚਾਉਣ ਲਈ ਜਨ-ਜਾਗ੍ਰਿਤਾ ਦੀ ਲੋਅ ਵਿੱਚ ਤੇਲ ਪੈਂਦਾ ਰਹੇਗਾ। ਵੱਡੇ ਪੱਧਰ ਉੱਤੇ ਜਨ ਜਾਗ੍ਰਿਤੀ ਕਰਨ ਦਾ ਕੰਮ ਸਰਕਾਰਾਂ ਦਾ ਹੁੰਦਾ ਹੈ।

ਵਾਤਾਵਰਨ ਨੂੰ ਸੁਰੱਖਿਅਤ ਕਰਨ ਲਈ ਨੀਤੀ ਬਣਾਉਣ ਅਤੇ ਇਹਨਾਂ ਦੀ ਸਖ਼ਤੀ ਨਾਲ ਪਾਲਣਾ ਕਰਨ ਅਤੇ ਕਰਵਾਉਣ ਦਾ ਦਾਰੋਮਦਾਰ ਸਰਕਾਰ ਕੋਲ ਹੈ। ਵਾਤਾਵਰਨ ਪ੍ਰਦੂਸ਼ਣ ਨੂੰ ਕਾਬੂ ਕਰਨ ਲਈ ਕਾਨੂੰਨਾਂ ਦੀ ਇਮਾਨਦਾਰੀ ਨਾਲ ਪਾਲਣਾ ਨੂੰ ਯਕੀਨੀ ਬਣਾਉਣਾ ਪ੍ਰਬੰਧਣ ਦਾ ਮੁੱਖ ਕਾਰਜ ਹੋਣਾ ਚਾਹੀਦਾ ਹੈ। ਇਸ ਪਰਿਪੇਖ ਵਿੱਚ ਦੇਸ਼-ਵਿਆਪੀ ਚੇਤਨਾ ਨੂੰ ਪਰਸਾਰਿਤ ਕਰਨ ਦੀ ਮੁਹਿੰਮ ਵੀ ਸਰਕਾਰ ਵੱਲੋਂ ਆਰੰਭਣੀ ਚਾਹੀਦੀ ਹੈ। ਸੰਤ ਬਲਬੀਰ ਸਿੰਘ ਸੀਚੇਵਾਲ ਹੋਰਾਂ ਦਾ ਕਥਨ ਹੈ ਕਿ ਜੇਕਰ ਗੌਰਮੈਂਟ ਗੌਰ ਕਰੇ ਤਾਂ ਅਜੇ ਵੀ ਬਹੁਤ ਕੁੱਝ ਸੰਭਾਲਿਆ ਜਾ ਸਕਦਾ ਹੈ। ਚੱਲ ਰਹੇ ਕਰੋਨਾ ਕਾਲ ਨੇ ਸਾਨੂੰ ਜੀਵਨ ਨੂੰ ਜੀਊਣ ਲਈ ਪ੍ਰਕਿਰਤਿਕ ਢੰਗ-ਤਰੀਕੇ ਸਿਖਾਉਣੇ ਸ਼ੁਰੂ ਕਰ ਦਿੱਤੇ ਹਨ। ਪ੍ਰਕਿਰਤੀ ਵੱਲ ਘਰ-ਵਾਪਸੀ ਦਾ ਇਹ ਸੰਦੇਸ਼ ਕਰੋਨਾ ਕਾਲ ਵਿੱਚ ਕਾਫੀ ਸਥਾਪਿਤ ਹੋ ਰਿਹਾ ਹੈ। ਗੱਲ ਭਾਵੇਂ ਰੋਗਾਂ ਤੋਂ ਬਚਣ ਦੀ ਹੋਵੇ ਜਾਂ ਸਰੀਰ ਵਿੱਚ ਰੋਗ ਪ੍ਰਤੀਰੋਧਕ ਸਮਰੱਥਾ ਨੂੰ ਵਧਾਉਣ ਦੀ ਹੋਵੇ, ਪ੍ਰਕਿਰਤੀ ਦੀ ਓਟ ਵਿੱਚ ਸਹਿਜ, ਸ਼ਾਂਤੀ ਤੇ ਸੁਰੱਖਿਆ ਪ੍ਰਦਾਨ ਹੁੰਦੀ ਹੈ। ਸਰਕਾਰ ਵਲੋਂ ਜਾਰੀ ਬਜਟ, ਨੀਤੀਆਂ ਅਤੇ ਕਾਨੂੰਨ ਅਮਲੀ ਜਾਮਾ ਪਹਿਨਣ- ਇਹ ਬੇਹੱਦ ਜ਼ਰੂਰੀ ਹੈ। ਸਾਹਿਤ ਦਾ ਪਰਮ ਕਰਤੱਵ ਹੈ ਕਿ ਸਮਾਜ ਨੂੰ ਚੇਤੰਨ ਕਰਕੇ ਪ੍ਰੇਰਨਾ ਦਿੰਦਾ ਰਹੇ। ਖੋਜ ਅਧੀਨ ਸਾਹਿਤ ਵਿੱਚ ਵਾਤਾਵਰਨ ਚੇਤਨਾ ਦਾ ਸਮੀਖਿਆਤਮਕ ਅਧਿਐਨ ਕਰਨ ਉਪਰੰਤ ਇਹ ਯਕੀਨੀ ਤੌਰ ‘ਤੇ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਵਾਤਾਵਰਨਿਕ ਸਾਹਿਤ ਦੀ ਖ਼ੁਸ਼ਾਮਦੀਦ ਹਨੇਰੇ ਵਿੱਚ ਚਮਕਦੀ ਲੋਅ ਵਾਂਗ ਲਟ-ਲਟ ਬਲ ਰਹੀ ਹੈ ਅਤੇ ਅਜਿਹੇ ਹੋਰ ਸਾਹਿਤ ਦੀ ਆਸ ਹੈ। ਚੇਤਨਾ ਦੀ ਇਸ ਲੋਅ ਵਿੱਚ ਤੇਲ ਭਰਦੇ ਰਹਿਣ ਦੀ ਅਜੇ ਬਹੁਤ ਲੋੜ ਹੈ ਤੇ ਇਸ ਦੀ ਮੁੱਖ ਜ਼ਿੰਮੇਦਾਰੀ ਸਰਕਾਰਾਂ ਕੋਲ ਹੀ ਹੈ ਸਾਹਿਤ ਮਨੁੱਖ ਨੂੰ ਵਾਤਾਵਰਨ ਨੂੰ ਬਚਾਉਣ ਦਾ ਸੁਖਾਵਾਂ ਸੁਨੇਹਾ ਪੇਸ਼ ਕਰਦਾ ਹੈ। ਇਸ ਪ੍ਰਕਾਰ ਹਾਂ-ਪੱਖੀ ਯਤਨਾਂ ਦੀ ਨਿਸ਼ਾਨਦੇਹੀ ਕਰਦੇ ਹੋਏ ਕਾਵਿ ਸੰਗ੍ਰਿਹ ‘ਸੁਰਜ਼ਮੀਨ’ ਵਿੱਚ ਪਦਮ ਸ਼੍ਰੀ ਡਾ.ਸੁਰਜੀਤ ਪਾਤਰ ਦੇ ਕਾਵਿ-ਬੋਲ ਬਿਆਨ ਕਰਦੇ ਹਨ ਕਿ:

ਜੇ ਆਈ ਪਤਝੜ ਤਾਂ ਫੇਰ ਕੀ ਹੈ,

ਤੂੰ ਅਗਲੀ ਰੁੱਤ ‘ਚ ਯਕੀਨ ਰੱਖੀ।

ਮੈਂ ਲੱਭ ਕੇ ਕਿਤੋਂ ਲਿਆਉਨੈਂ ਕਲਮਾਂ

ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀਂ(15)

# ਅੰਤਿਕਾ

## ਸਾਹਿਤਕਾਰਾਂ ਨਾਲ ਮੁਲਾਕਾਤਾਂ

### ਕਵੀ ਮਨਮੋਹਨ ਸਿੰਘ ਦਾਊਂ ਨਾਲ ਮੁਲਾਕਾਤ

ਵਿੱਚ ਭਰਪੂਰ ਰਚਨਾ ਕਰ ਚੁੱਕੇ ਹਨ। ਆਪ ਦੇ ਹੋਰ ਕਾਵਿ ਸੰਗ੍ਰਹਿ: 'ਖ਼ਾਮੋਸ਼ ਚਸ਼ਮਾ' (1971), 'ਦਰਦ ਸੰਗ ਦੋਸਤੀ' (1975), **'ਪੰਛੀ ਬਿਰਖ ਸੁਹਾਵੜਾ'** ਮਨਮੋਹਨ ਸਿੰਘ ਦਾਊਂ ਦਾ ਪ੍ਰਤੀਨਿਧ ਕਾਵਿ ਸੰਗ੍ਰਹਿ ਹੈ। ਲੋਕਗੀਤ ਪ੍ਰਕਾਸ਼ਨ ਵੱਲੋਂ 2016 ਵਿੱਚ ਪ੍ਰਕਾਸ਼ਿਤ ਹੋਇਆ ਇਹ ਕਾਵਿ ਸੰਗ੍ਰਹਿ ਬਾਬਾ ਫ਼ਰੀਦ ਸਾਹਿਤ ਸਨਮਾਨ ਨਾਲ ਨਵਾਜਿਆ ਜਾ ਚੁੱਕਾ ਹੈ। ਇਹ ਸਨਮਾਨ ਆਲਮੀ ਪੰਜਾਬੀ ਅਦਬ ਫਾਊਂਡੇਸ਼ਨ ਫਰੀਦਕੋਟ ਵੱਲੋਂ ਹਥਲੇ ਕਾਵਿ ਸੰਗ੍ਰਹਿ ਨੂੰ 2018 ਵਿੱਚ ਪ੍ਰਦਾਨ ਕੀਤੀ ਗਿਆ ਹੈ। ਮੂਲ ਰੂਪ ਵਿੱਚ ਬਾਲ-ਸਾਹਿਤ ਰਚੇਤਾ ਵਜੋਂ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਮਨਮੋਹਨ ਸਿੰਘ ਦਾਊਂ ਕਾਵਿ- ਸੰਗ੍ਰਿਹਾਂ ਵਿੱਚ 'ਮਿੱਟੀ ਦਾ ਰੁਦਨ' (1986), 'ਰਾਤਾਂ ਪ੍ਰਭਾਤਾਂ' (1988), 'ਅਗੰਮ ਅਗੋਚਰ' (2003), 'ਸ਼ਾਇਰੀ ਦਾ ਸਰਵਰ' (2007), 'ਤਿੱਪ ਤੇ ਕਾਇਨਾਤ' (2009), 'ਲੋਕ ਰਾਂਗਲਾ ਪਿੱਪਲ' (2009), 'ਸ਼ਾਇਰੀ ਸਾਗਰ' (2011), 'ਉਦਾਸੀਆਂ ਦਾ ਬੂਹਾ-ਸੁਲਖਣੀ' (2014) ਸ਼ਾਮਿਲ ਹਨ। ਆਪ ਦੀਆਂ ਪ੍ਰਸਿੱਧ ਵਾਰਤਕ ਪੁਸਤਕਾਂ ਦਾ ਵੇਰਵਾ ਇਸ ਪ੍ਰਕਾਰ ਹੈ: 'ਸੱਭਿਆਚਾਰਕ ਮੁਹਾਂਦਰੇ', 'ਬਾਲ ਝਰੋਖਾ', 'ਚਾਚਾ ਨਹਿਰੂ', 'ਜ਼ਿੰਦਗੀ ਦਾ ਸੱਚ', 'ਪੁਆਧ ਦਰਪਣ (ਸੰਪਾਦਨਾ)', 'ਰੁੱਖਾਂ ਨਾਲ ਦੋਸਤੀ', 'ਪੰਜਾਬ ਦਾ ਸੁਪਨ ਸਾਜ਼- ਡਾ. ਐਮ.ਐਸ'. ਰੰਧਾਵਾ', 'ਚੰਡੀਗੜ੍ਹ ਲੋਪ ਕੀਤੇ ਪੁਆਧੀ ਪਿੰਡ'।

ਪੰਜਾਬ ਦੇ ਧਾਰਮਿਕ ਪਿਛੋਕੜ ਵਿੱਚੋਂ ਰੁੱਖਾਂ ਦੀ ਮਹਿਮਾ ਕਰਦਾ ਹੋਇਆ ਕਵੀ ਰੁੱਖ ਲਗਾ ਕੇ ਚੁਗਿਰਦੇ ਦੀ ਸੰਭਾਲ ਕਰਨਾ ਆਪਣੇ ਸੱਭਿਆਚਾਰ ਦਾ ਲਾਜ਼ਮੀ ਅੰਗ ਮੰਨਦਾ ਹੈ। ਰੁੱਖਾਂ ਦੀ ਤੁਲਨਾ ਮਹਾਂਪੁਰਖਾਂ ਅਤੇ ਦਰਵੇਸ਼ਾਂ ਨਾਲ ਕਰਕੇ ਕਵੀ ਨੇ ਵਾਤਾਵਰਨ ਦਾ ਦਾਰਸ਼ਨਿਕ ਸੰਕਲਪ ਸਿਰਜਿਆ ਹੈ। ਦਾਰਸ਼ਨਿਕ ਨਜ਼ਰੀਏ ਤੋਂ ਉਹ ਮੰਨਦਾ ਹੈ ਕਿ ਬਿਰਖ ਹੀ ਜ਼ਿੰਦਗੀ ਦਾ ਗੀਤ ਹੈ। ਹਰ ਰੁੱਖ ਕਿਸੇ ਨਾ ਕਿਸੇ

ਰੂਪ ਵਿੱਚ ਮਨੁੱਖ ਦਾ ਲਾਭ ਕਰਨ ਹਿੱਤ ਪ੍ਰਮਾਤਮਾ ਵੱਲੋਂ ਉਪਜਾਇਆ ਗਿਆ ਹੈ ਪਰ ਦੁੱਖ ਦੀ ਗੱਲ ਹੈ ਕਿ ਆਧੁਨਿਕਤਾ ਦੀ ਦੌੜ ਵਿੱਚ ਸ਼ਾਮਿਲ ਹੋਇਆ ਮਨੁੱਖ ਨਾ ਤਾਂ ਆਪਣੇ ਨਫ਼ੇ-ਨੁਕਸਾਨ ਬਾਰੇ ਚਿੰਤਨ ਹੈ ਅਤੇ ਨਾ ਹੀ ਵਾਤਾਵਰਨ ਦੀ ਵਿਗੜ ਰਹੀ ਸਥਿਤੀ ਬਾਰੇ। ਮਨੁੱਖ ਨੂੰ ਸਿਰਫ਼ ਤੇ ਸਿਰਫ਼ ਨਿੱਜੀ ਅਤੇ ਪਦਾਰਥਕ ਲਾਭ ਹੀ ਨਜ਼ਰ ਆਉਂਦੇ ਹਨ। ਉਹ ਆਪਣੀ ਹਸਤੀ ਨੂੰ ਕਾਦਰ ਦੀ ਸਿਰਜੀ ਕੁਦਰਤ ਨਾਲੋਂ ਨਿਖੇੜ ਕੇ ਵਾਚਦਾ ਹੈ। ਖੋਜ ਜਿਵੇਂ ਜਿਗਿਆਸਾ ਦੀ ਮਾਂ ਹੈ, ਠੀਕ ਉਵੇਂ ਹੀ ਵਿਦਵਾਨਾਂ, ਸਾਹਿਤਕਾਰਾਂ ਅਤੇ ਵਾਤਾਵਰਨ-ਉੱਦਮੀਆਂ ਦੀ ਸਾਹਿਤਕ ਮਿਲਣੀ ਵੀ ਖੋਜੀਆਂ ਅਤੇ ਵਿਦਿਆਰਥੀਆਂ ਲਈ ਮਾਂ ਵਰਗੀ ਠੰਢੜੀ ਛਾਂ ਹੁੰਦੀ ਹੈ। ਇਸੇ ਮੰਤਵ ਨੂੰ ਪੂਰਨ ਕਰਨ ਲਈ ਮਨਮੋਹਨ ਸਿੰਘ ਦਾਊਂ ਹੁਰਾਂ ਪਾਸੋਂ ਪ੍ਰਸਤੁਤ ਵਿਚਾਰ ਲੜੀ ਪੇਸ਼ ਕੀਤੀ ਜਾ ਰਹੀ ਹੈ:

1. **ਅਜੋਕੇ ਸਮੇਂ ਦੀਆਂ ਕਿਹੜੀਆਂ-ਕਿਹੜੀਆਂ ਵਿਸ਼ਵ-ਵਿਆਪੀ ਸਮੱਸਿਆਵਾਂ ਤੁਹਾਡਾ ਧਿਆਨ ਖਿੱਚਦੀਆਂ ਹਨ?**

**ਦਾਊਂ**: ਵਾਤਾਵਰਨ ਸੰਕਟ ਪ੍ਰਦੂਸ਼ਣ ਨਾਲ ਸਬੰਧਿਤ ਹੈ। ਹਵਾ, ਪਾਣੀ, ਸ਼ੋਰ, ਜ਼ਮੀਨ ਨੂੰ ਗੰਧਲੀ ਸੋਚ ਤੇ ਸਾਡੇ ਆਲੇ-ਦੁਆਲੇ ਪ੍ਰਦੂਸ਼ਣ ਫੈਲਾਣ ਵਾਲੇ ਵਸੀਲੇ ਹਨ। ਖੇਤੀਬਾੜੀ ਨੂੰ ਕੀਟਨਾਸ਼ਕ ਦਵਾਈਆਂ ਜ਼ਹਿਰ ਘੋਲ ਰਹੀਆਂ ਹਨ ਜਿਸ ਦੇ ਨਤੀਜੇ ਵੱਜੋਂ ਸਾਡੀ ਖਾਧ-ਖੁਰਾਕ ਵੀ ਜ਼ਹਿਰੀਲੇ ਅੰਸ਼ਾਂ ਦੀ ਲਪੇਟ ਵਿੱਚ ਆ ਰਹੀ ਹੈ। ਭਾਰਤ ਤੇ ਪੰਜਾਬ ਵਿੱਚ ਇਸ ਸੰਕਟ ਬਾਰੇ ਜਾਗ੍ਰਤੀ ਦੀ ਲਹਿਰ ਬਚਾਓ ਬਾਰੇ ਪ੍ਰਚਾਰ ਕਰ ਰਹੀ ਹੈ, ਜੋ ਕਿ ਚੰਗੀ ਸ਼ੁਰੂਆਤ ਹੈ।

2. **ਵਾਤਾਵਰਨ ਸੰਕਟ ਦੇ ਪ੍ਰਸੰਗ ਵਿੱਚ ਪੂਰੇ ਭਾਰਤ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਦੀ ਸਥਿਤੀ ਬਾਰੇ ਤੁਹਾਡੇ ਕੀ ਵਿਚਾਰ ਹਨ?**

**ਦਾਊਂ**: ਦਹਿਸ਼ਤਗਰਦੀ (ਹਿੰਸਾ) ਅਤੇ ਨਸ਼ਿਆਂ ਦੀ ਹੋੜ੍ਹ। ਮਨੁੱਖ ਦਾ ਆਪਣੀਆਂ ਜੜ੍ਹਾਂ (ਵਿਰਸਾ) ਤੋਂ ਉਖੜਨਾ ਤੇ ਮਾਇਆ ਦੀ ਲਾਲਸਾ। ਇਸ ਵੇਲੇ ਕਰੋਨਾ ਮਹਾਂਮਾਰੀ ਵਿਸ਼ਵ ਵਿੱਚ ਸਭ ਤੋਂ ਵੱਧ ਵੱਡੀ-ਸਮੱਸਿਆ ਤੇ ਚਿੰਤਾ ਦਾ ਵਿਸ਼ਾ ਹੈ। ਦੂਜੇ ਨੰਬਰ 'ਤੇ ਕੁਦਰਤ ਨਾਲ ਛੇੜ-ਛਾੜ ਜਿਸ ਦੇ ਮਾਰੂ ਨਤੀਜੇ ਸਾਡੇ ਸਾਹਮਣੇ ਆ ਰਹੇ ਹਨ। ਪ੍ਰਮਾਣੂ-ਜੰਗ ਤੀਜਾ ਖ਼ਤਰਨਾਕ ਮਸਲਾ ਉੱਭਰ ਸਕਦਾ ਹੈ।

**3. ਆਪ ਜੀ ਦੇ ਮਤ ਅਨੁਸਾਰ ਪੰਜਾਬੀ ਸਾਹਿਤ ਅਤੇ ਵਾਤਾਵਰਨ ਪ੍ਰਦੂਸ਼ਣ ਦੇ ਕੀ-ਕੀ ਅੰਤਰ-ਸੰਬੰਧ ਹਨ ਅਤੇ ਕਿਹੜੀਆਂ-ਕਿਹੜੀਆਂ ਵਿੱਥਾਂ ਹਨ?**

**ਦਾਊਂ**: ਸਾਹਿਤ ਸਮਾਜ ਦੀ ਉਪਜ ਹੁੰਦੀ ਹੈ। ਦਰਪਣ ਹੁੰਦਾ ਹੈ। ਇਸ ਲਈ ਸਾਹਿਤ ਨੇ ਮਾਰੂ ਪ੍ਰਭਾਵਾਂ ਤੋਂ ਲੋਕਾਂ ਨੂੰ ਸੁਚੇਤ ਕਰਨ ਦੀ ਅਗਵਾਈ ਕਰਨੀ ਹੁੰਦੀ ਹੈ। ਸਮਾਜਿਕ ਸਰੋਕਾਰਾਂ ਨੂੰ ਸਾਹਿਤਕਾਰ ਵੱਲੋਂ ਸਾਹਿਤਕ ਰਚਨਾਵਾਂ 'ਚ ਪ੍ਰਤੀਬਿੰਬਤ ਕੀਤਾ ਜਾਦਾਂ ਹੈ। ਇਹੋ ਸਾਹਿਤ ਦਾ ਮਨੋਰਥ ਚਾਹੀਦਾ। ਸੱਚ, ਸੁੰਦਰਤਾ ਤੇ ਕਲਿਆਣਕਾਰੀ ਆਧਾਰਤ ਹੋਣਾ।

**4. ਵਾਤਾਵਰਨ ਚੇਤਨਾ ਦਾ ਪ੍ਰਸਾਰ ਵਿਵਹਾਰਕ ਰੂਪ ਲਾਗੂ ਵਿੱਚ ਕਰਨ ਲਈ ਪੰਜਾਬੀ ਸਾਹਿਤ ਦਾ ਯੋਗਦਾਨ ਕਿਵੇਂ ਹੋ ਸਕਦਾ ਹੈ?**

**ਦਾਊਂ**: ਵਾਤਾਵਰਨ ਚੇਤਨਾ ਦਾ ਪ੍ਰਸਾਰਨ ਕਵਿਤਾਵਾਂ, ਕਹਾਣੀਆਂ, ਲੇਖਾਂ, ਨਾਟਕ ਤੇ ਇਕਾਂਗੀ ਰਾਹੀਂ ਪ੍ਰਸਾਰਿਆ ਜਾ ਸਕਦਾ ਹੈ। ਸੈਮੀਨਾਰ ਕਰਵਾਏ ਜਾ ਸਕਦੇ ਹਨ। ਪ੍ਰਦਰਸ਼ਨੀਆਂ ਲਾਈਆਂ ਜਾਣ। ਮੇਲਾ ਰੂਪੀ ਸਮਾਗਮ ਆਯੋਜਿਤ ਹੋਣ।

**5. ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਇੱਕੀਵੀਂ ਸਦੀ ਦੇ ਪੰਜਾਬੀ ਨਾਵਲ ਦੀ ਨਿਸ਼ਾਨਦੇਹੀ ਕਿਵੇਂ ਕੀਤੀ ਜਾ ਸਕਦੀ ਹੈ?**

**ਦਾਊਂ**: ਵਾਤਾਵਰਨ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਜਿਵੇਂ ਨਛੱਤਰ ਦਾ ਨਾਵਲ 'ਕੈਂਸਰ ਟਰੇਨ' ਨਾਮ ਠੀਕ ਕਰ ਲੈਣਾ ਜੇ ਗ਼ਲਤ ਹੋਵੇ, ਇੱਕ ਅੱਛਾ ਉੱਦਮ ਹੈ। ਇੰਜ ਹੀ ਬਲਦੇਵ ਸਿੰਘ ਸੜਕਨਾਮਾ ਦਾ ਨਾਵਲ 'ਗੰਧਲੇ ਪਾਣੀ' ਝੰਜੋੜਨ ਦਾ ਕੰਮ ਕਰਦੇ ਨਾਵਲ ਹਨ। ਹੋਰ ਵੀ ਕੋਈ ਨਾਵਲ ਸ਼ਾਮਲ ਕੀਤਾ ਜਾ ਸਕਦਾ ਹੈ। ਪੰਜਾਬੀ ਨਾਵਲ ਨੇ ਇਸ ਵਿਸ਼ੇ ਨੂੰ ਪ੍ਰਮੁੱਖਤਾ ਦਿੱਤੀ ਹੈ। ਨਾਵਲ ਲਿਖਣਾ ਵੱਡਾ ਕਾਰਜ ਹੈ।

**6. 20ਵੀਂ ਸਦੀ ਦੇ ਵਾਤਾਵਰਨਿਕ ਸਾਹਿਤ ਅਤੇ ਇੱਕੀਵੀਂ ਸਦੀ ਦੇ ਵਾਤਾਵਰਨਿਕ ਸਾਹਿਤ ਵਿੱਚ ਕੀ ਵਖਰੇਂਵਾਂ ਮਹਿਸੂਸ ਕਰਦੇ ਹੋ?**

**ਦਾਊਂ**: ਇੱਕੀਵੀਂ ਸਦੀ ਦੇ ਵਾਤਾਵਰਨਿਕ ਸਾਹਿਤ ਵਧੇਰੇ ਫ਼ਿਕਰਮੰਦੀ ਦੇ ਨਜ਼ਰੀਏ ਤੋਂ ਵਿਗਿਆਨਕ ਤੇ ਯਥਾਰਥਿਕ ਹੈ। ਮਨੁੱਖ ਦੀਆਂ ਸਮੱਸਿਆਵਾਂ ਨੂੰ ਕੇਂਦਰਤਿ ਕੀਤਾ ਗਿਆ।

7. **ਕਿਰਪਾ ਕਰਕੇ ਵਿਸਤਾਰ ਨਾਲ ਦੱਸੋ ਕਿ ਵਾਤਾਵਰਨ ਨੂੰ ਬਚਾਉਣਾ ਕਿਉਂ ਜ਼ਰੂਰੀ ਹੈ ਤੇ ਇਸਨੂੰ ਕਿਵੇਂ ਬਚਾਇਆ ਜਾਵੇ? ਤੁਹਾਡੇ ਨਿਰੋਲ ਸੁਝਾਵਾਂ ਦੀ ਉਡੀਕ ਹੈ?**

**ਦਾਊਂ**: ਵਾਤਾਵਰਨ ਸ਼ੁੱਧ ਹੋਣ ਨਾਲ ਹੀ ਮਨੁੱਖ ਅਰੋਗ ਰਹਿ ਸਕਦਾ ਹੈ। ਗੁਰਬਾਣੀ 'ਚ ਆਉਂਦਾ "ਜੋ ਬ੍ਰਹਿਮੰਡੇ ਸੋਈ ਪਿੰਡੇ" ਧਰਤੀ 'ਤੇ ਸ਼ੁੱਧ ਵਾਤਾਵਰਨ ਨਾਲ ਹੀ ਮਨੁੱਖ ਤੋਂ ਬਿਨਾਂ ਪੰਛੀ-ਜੀਵਾਂ, ਜਾਨਵਰਾਂ, ਬਨਸਪਤੀ ਤੇ ਪ੍ਰਕਿਰਤੀ ਬਚੀ ਰਹਿ ਸਕਦੀ ਹੈ। ਜੇ ਸੰਸਾਰ ਹੈ ਤਾਂ ਸ਼ੁੱਧ ਵਾਤਾਵਰਨ ਕਰਕੇ ਮਾਣਿਆ ਜਾ ਸਕਦਾ ਹੈ। "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥" ਬਾਬੇ ਨਾਨਕ ਦੇ ਸੰਦੇਸ਼ ਨੂੰ ਅਪਣਾਉਣਾ ਜ਼ਰੂਰੀ ਹੈ। ਤਦੇ ਉਹਨਾਂ ਦਾ ਕਥਨ ਹੈ:- ਬਲਿਹਾਰੀ ਕੁਦਰਤ ਵਸਿਆ। ਤੇਰਾ ਅੰਤ ਨਾ ਜਾਈ ਲਖਿਆ॥ ਸਰਕਾਰਾਂ ਨੂੰ ਇਸ ਕਾਰਜ ਲਈ ਲੋਕ-ਲਹਿਰ ਪੈਦਾ ਕਰਨ ਦੀ ਲੋੜ ਹੈ। ਸਕੂਲਾਂ, ਯੂਨੀਵਰਸਿਟੀਆਂ ਤੇ ਸਮਾਜ-ਸੇਵੀ ਅਦਾਰਿਆਂ ਤੇ ਸਾਹਿਤਕ ਸਭਿਆਚਾਰਕ ਸੰਸਥਾਵਾਂ ਇਸ ਨੂੰ ਸਫ਼ਲ ਬਣਾਉਣ ਵਿੱਚ ਆਪਣੀ-ਆਪਣੀ ਜ਼ਿੰਮੇਵਾਰੀ ਨਿਭਾਉਣ। ਪਾਠ-ਪੁਸਤਕਾਂ ਤੇ ਪ੍ਰੀਖਿਆਵਾਂ ਦੇ ਸਿਲੇਬਸ ਵਿੱਚ ਇਸ ਨੂੰ ਲਾਜ਼ਮੀ ਵਿਸ਼ਾ ਬਣਾਇਆ ਜਾਵੇ। ਸਦਾਚਾਰਕ ਤੇ ਸਭਿਆਚਾਰਕ ਪੱਖੋਂ ਵਾਤਾਵਰਨ ਲਹਿਰ ਨੂੰ ਲੋਕਾਂ ਦੇ ਰੋਜ਼ਾਨਾ ਜੀਵਨ ਨਾਲ ਜੋੜਿਆ ਜਾਵੇ।

8. **ਇੱਕ ਸਾਹਿਤਕਾਰ ਵਜੋਂ ਅਤੇ ਇੱਕ ਪਾਠਕ ਵਜੋਂ ਵਾਤਾਵਰਨ ਨੂੰ ਪ੍ਰਦੂਸ਼ਣ ਤੋਂ ਬਚਾਉਣ ਲਈ ਕਿਵੇਂ ਯੋਗਦਾਨ ਪਾਇਆ ਜਾ ਸਕਦਾ ਹੈ?**

**ਦਾਊਂ**: ਸਾਹਿਤਕਾਰ ਨੂੰ ਵਾਤਾਵਰਨ ਦੀ ਮਹੱਤਤਾ ਤੇ ਸੰਭਾਲ ਬਾਰੇ ਰਚਨਾਵਾਂ ਲਿਖਣੀਆਂ ਚਾਹੀਦੀਆਂ ਹਨ। ਮੇਰੀ ਕਾਵਿ-ਪੁਸਤਕ 'ਪੰਛੀ ਬਿਰਖ ਸੁਹਾਵੜਾ' ਇਸੇ ਦ੍ਰਿਸ਼ਟੀ ਤੋਂ ਲਿਖੀ ਗਈ ਹੈ। ਪਾਠਕਾਂ ਨੂੰ ਅਜਿਹੀਆਂ ਰਚਨਾਵਾਂ ਚੁਣ ਕੇ ਉਨ੍ਹਾਂ ਨੂੰ ਲੋਕਾਂ ਤੀਕ ਪਹੁੰਚਾਉਣ ਦਾ ਜਤਨ ਕਰਨਾ ਚਾਹੀਦਾ ਹੈ। ਅਜਿਹਾ ਸਾਹਿਤ ਖਰੀਦਣਾ ਚਾਹੀਦਾ ਹੈ। ਸਮਾਜਿਕ-ਸਮਾਗਮਾਂ 'ਤੇ ਵਾਤਾਵਰਨ ਸੰਬੰਧੀ ਲਿਖੀਆਂ ਪੁਸਤਕਾਂ ਭੇਟਾਂ

ਕਰਨੀਆਂ ਚਾਹੀਦੀਆਂ ਹਨ। ਖ਼ੁਸ਼ੀ ਦੇ ਮੌਕੇ 'ਤੇ ਬੱਚਿਆਂ ਨੂੰ ਅਜਿਹੀਆਂ ਪੁਸਤਕਾਂ ਤੋਹਫ਼ੇ ਵੱਜੋਂ ਭੇਟ ਕਰਨੀਆਂ ਚਾਹੀਦੀਆਂ ਹਨ। ਰੁੱਖ-ਬੂਟੇ ਲਾਉਣ ਦੀ ਮੁਹਿੰਮ 'ਚ ਵੱਧ ਤੋਂ ਵੱਧ ਭਾਗ ਲੈਣਾ ਚਾਹੀਦਾ ਹੈ।

**9. ਵਾਤਾਵਰਨ ਚੇਤਨਾ ਦੇ ਸੰਦਰਭ ਵਿੱਚ ਆਪ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਕਵਿਤਾ ਦਾ ਮੁਲਾਂਕਣ ਕਿਵੇਂ ਕਰੋਗੇ?**

**ਦਾਊਂ**: ਹਰ ਯੁੱਗ ਵਿੱਚ ਸਾਹਿਤ ਨੇ ਲੋਕ-ਹਿੱਤ ਲਈ ਹਿੱਸਾ ਪਾਇਆ। ਸਾਡੇ ਗਰੰਥ ਨੈਤਿਕ ਕਦਰਾਂ-ਕੀਮਤਾਂ ਨਾਲ ਭਰੇ ਪਏ ਹਨ। ਬੋਧ-ਕਥਾਵਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ। ਕੁਦਰਤ 'ਚ ਕਾਦਰ ਦੇ ਦਰਸ਼ਨ ਕਰਵਾਏ ਹਨ। ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਕਵਿਤਾ ਨੇ ਪ੍ਰਦੂਸ਼ਣ ਅਤੇ ਵਾਤਾਵਰਨ ਦੀ ਸੰਭਾਲ ਬਾਰੇ ਬਹੁਤ ਅੱਛੀ ਭੂਮਿਕਾ ਨਿਭਾਈ। ਪਾਣੀ, ਹਵਾ, ਮਿੱਟੀ, ਬਿਰਖ਼, ਪ੍ਰਕਿਰਤੀ ਬਾਰੇ ਬਹੁਤ ਖ਼ੂਬਸੂਰਤ ਕਵਿਤਾਵਾਂ ਤੇ ਕਾਵਿ-ਸੰਗ੍ਰਹਿ (ਸੰਪਾਦਿਤ) ਵੀ ਛਪੇ ਹਨ। ਮੈਂ ਬੱਚਿਆਂ ਲਈ ਉਚੇਚੇ ਤੌਰ 'ਤੇ ਜੋ ਕਿਤਾਬਾਂ ਲਿਖੀਆਂ, ਉਹ ਹਨ: ਪੰਛੀਆਂ ਦੇ ਗੀਤ, ਫਲਾਂ ਦੀ ਟੋਕਰੀ, ਸ਼ੁੱਧ ਹਵਾ ਦੀ ਲੋੜ, ਰੁੱਖਾਂ ਨਾਲ ਦੋਸਤੀ, ਰੁੱਖਾਂ ਦਾ ਖ਼ਜ਼ਾਨਾ, ਫੁੱਲਾਂ ਦਾ ਪੰਘੂੜਾ, ਸੋਹਣਾ ਸਵੇਰਾ ਆਦਿਕ। ਹੋਰ ਲੇਖਕਾਂ ਨੇ ਵੀ ਪੁਸਤਕਾਂ ਲਿਖੀਆਂ ਹਨ। ਪੰਜਾਬੀ-ਸੱਥ ਲਾਂਬੜਾ ਜਲੰਧਰ ਨੇ ਵੀ ਕਈ ਪੁਸਤਕਾਂ ਪ੍ਰਕਾਸ਼ਿਤ ਕੀਤੀਆਂ ਹਨ।

**10. ਕੀ ਤੁਸੀਂ ਸਮਝਦੇ ਹੋ ਕਿ ਪੰਜਾਬੀ ਸਾਹਿਤ ਦੇ ਗਲਿਆਰੇ ਵਿੱਚ ਪੰਜਾਬੀ ਵਾਤਾਵਰਨਿਕ ਕਵਿਤਾ ਨੂੰ ਹੁਣ ਤੱਕ ਯੋਗ ਸਥਾਨ ਪ੍ਰਾਪਤ ਹੋ ਚੁੱਕਿਆ ਹੈ?**

**ਦਾਊਂ**: ਪੰਜਾਬੀ ਵਾਤਾਵਰਨਿਕ ਕਵਿਤਾ ਨੂੰ ਉਤਨਾ ਸਥਾਨ ਨਹੀਂ ਦਿੱਤਾ ਗਿਆ , ਜਿਤਨਾ ਹੋਣਾ ਚਾਹੀਦਾ। ਸਾਡੇ ਆਲੋਚਕਾਂ ਦੀ ਇਹ ਅਣਦੇਖੀ ਹੀ ਕਹੀ ਜਾ ਸਕਦੀ ਹੈ।

**11. ਆਪ ਅਨੁਸਾਰ ਵਾਤਾਵਰਨਿਕ ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਹੋਰ ਕੀ-ਕੁਝ ਕੀਤਾ ਜਾ ਸਕਦਾ ਹੈ?**

**ਦਾਊਂ**: ਵਾਤਾਵਰਨਿਕ ਕਵਿਤਾ ਪਾਠ ਪੁਸਤਕਾਂ ਦੇ ਸਲੇਬਸ ਵਿੱਚ ਸ਼ਾਮਲ ਹੋਵੇ। ਲੇਖਕਾਂ ਨੂੰ ਇਸ ਵਿਸ਼ੇ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਕਵਿਤਾ ਉਚਾਰਨ ਮੁਕਾਬਲੇ ਇਸ ਵਿਸ਼ੇ 'ਤੇ ਕਰਵਾਏ ਜਾਣ। ਸਲੋਗਨਜ਼ ਪ੍ਰਦਰਸ਼ਿਤ ਕਰਵਾਏ ਜਾਣ। ਟੀ.ਵੀ. ਚੈਨਲਾਂ 'ਤੇ ਇਸ ਬਾਰੇ ਪ੍ਰੋਗਰਾਮ ਵਿਖਾਏ ਜਾਣ। ਅਖ਼ਬਾਰ ਵੀ ਹਿੱਸਾ ਪਾਉਣ।

**12. ਇੱਕੀਵੀਂ ਸਦੀ ਵਾਤਾਵਰਨਿਕ ਕਵੀਆਂ/ਕਵਿਤਾਵਾਂ ਵਿੱਚੋਂ ਆਪ ਨੂੰ ਕੌਣ-ਕੌਣ ਵਿਸ਼ੇਸ਼ ਵਰਨਣਯੋਗ ਲੱਗਦਾ ਹੈ ਅਤੇ ਕਿਉਂ?**

**ਦਾਊਂ**: ਹਰ ਕਵੀ ਦੀ ਆਪਣੀ-ਆਪਣੀ ਦ੍ਰਿਸ਼ਟੀ ਤੇ ਸਮਰੱਥਾ ਹੈ। ਪੰਜਾਬੀ ਸ਼ਾਇਰਾਂ ਦੀਆਂ ਕਵਿਤਾਵਾਂ ਮੈਗਜ਼ੀਨਾਂ ਦਾ ਸ਼ਿੰਗਾਰ ਬਣ ਰਹੀਆਂ ਹਨ। ਇਹੋ ਚੰਗਾ ਹੈ।

**13. ਪਾਤਰ ਸਿਧਾਂਤ ਅਨੁਸਾਰ ਬਿਰਖ ਅਰਜ ਕਰ ਕੇ ਹੁਣ ਤੱਕ ਸਫਲ ਹੋਇਆ ਜਾਂ ਅਸਫਲ? ਕੀ ਪਾਤਰ-ਕਾਵਿ ਵਾਂਗ ਤੁਹਾਡਾ ਕਾਵਿ ਵੀ ਨਿਰਾਸ਼ਾ 'ਚੋਂ ਕੱਢ ਕੇ ਆਸ ਦੇ ਜੁਗਨੂੰ ਜਗਾਉਂਦਾ ਹੈ?**

**ਦਾਊਂ**: ਸੁਰਜੀਤ ਪਾਤਰ ਸਾਡਾ ਵੱਡਾ ਸ਼ਾਇਰ ਹੈ। ਬਿਰਖ਼ ਦਾ ਬਿੰਬ ਉਸ ਦੀ ਸ਼ਾਇਰੀ ਦਾ ਥੀਮੈਟਿਕ ਵਿਚਾਰ ਹੈ। ਮੈਨੂੰ ਹਮੇਸ਼ਾ ਹੀ ਬਿਰਖ਼ ਰਿਸ਼ੀ ਲੱਭਿਆ ਹੈ, ਪਰਉਪਕਾਰੀ ਦਾਤਾ ਤੇ ਆਸ਼ਾਵਾਦੀ ਬਿਰਖ਼ ਮੇਰੇ ਲਈ ਜੀਵਨ ਜੀਉਣ ਲਈ ਚਾਨਣ ਮੁਨਾਰਾ ਹੋ ਨਿਬੜਿਆ ਹੈ।

ਅੰਤ ਵਿੱਚ ਮੈਂ ਇਹ ਕਹਿਣਾ ਚਾਹਾਂਗਾ ਕਿ ਵਾਤਾਵਰਨ ਪ੍ਰੇਮੀ ਬਾਬਾ ਬਲਬੀਰ ਸਿੰਘ ਸੀਚੇਵਾਲ ਅਤੇ ਰੁੱਖਾਂ ਦੇ ਰਖਵਾਲੇ ਬਾਬਾ ਸੇਵਾ ਸਿੰਘ ਖੰਡੂਰ ਸਾਹਿਬ ਵਾਲਿਆਂ ਤੋਂ ਸਾਨੂੰ (ਸਭਨਾਂ ਨੂੰ) ਪ੍ਰੇਰਨਾ ਲੈਣੀ ਚਾਹੀਦੀ ਹੈ।

## ਨਾਵਲਕਾਰ ਨਛੱਤਰ ਨਾਲ ਮੁਲਾਕਾਤ

'ਕੈਂਸਰ ਟਰੇਨ' ਨਛੱਤਰ ਦਾ ਲਿਖਿਆ ਪ੍ਰਤੀਨਿਧ ਨਾਵਲ ਹੈ। ਪੰਜਾਬੀ ਕਹਾਣੀਆਂ ਅਤੇ ਨਾਵਲ ਦੇ ਖੇਤਰ ਵਿੱਚ ਨਛੱਤਰ ਦਾ ਵਿਸ਼ੇਸ਼ ਸਥਾਨ ਹੈ। ਤੰਗੀ ਭਰੇ ਪੇਂਡੂ ਜੀਵਨ ਵਿੱਚ ਜਿਉਂਦੇ ਹੋਏ ਨਛੱਤਰ ਨੇ ਨਿਰੰਤਰ ਸੰਘਰਸ਼ ਕਰਕੇ ਆਪਣਾ ਤੇ ਪਰਿਵਾਰ ਦਾ ਜੀਵਨ ਨਿਰਬਾਹ ਕੀਤਾ। ਸੰਘਰਸ਼ ਦੇ ਲੰਮੇਰੇ ਤਜ਼ਰਬੇ ਅਤੇ ਜ਼ਿੰਦਗੀ ਦੀਆਂ ਤਲਖ਼ ਹਕੀਕਤਾਂ ਨਾਲ ਦਸਤਪੰਜਾ ਲੈਂਦਾ ਹੋਇਆ ਇਹ ਗਲਪਕਾਰ ਜੇਤੂ ਹੋ ਕੇ ਸਥਾਪਿਤ ਹੋਇਆ ਹੈ। ਬੈਂਕਿੰਗ ਸੇਵਾ ਤੋਂ ਰਿਟਾਇਰ ਹੋਣ ਮਗਰੋਂ ਵੀ ਨਿਰੰਤਰ ਸਾਹਿਤ ਰਚਨਾ ਕਰਦਾ ਆ ਰਿਹਾ ਹੈ। ਨਛੱਤਰ ਦੇ ਨਾਵਲ 'ਸਲੋਅ ਡਾਊਨ' ਨੂੰ ਸਾਹਿਤ ਆਕਦਮੀ ਪੁਰਸਕਾਰ ਮਿਲ ਚੁੱਕਿਆ ਹੈ। ਨਛੱਤਰ ਦੇ ਮੁੱਖ ਕਹਾਣੀ ਸੰਗ੍ਰਿਹ ਇਸ ਪ੍ਰਕਾਰ ਹਨ: 'ਧੁਖਦੇ ਚਿਹਰੇ' (1974), 'ਤੀਲ੍ਹਾ ਤੀਲ੍ਹਾ' (1982), 'ਜਿਊਣ ਜੋਗੇ' (1986), 'ਘੁੰਮਣ ਘੇਰੀ' (1991), 'ਹਾਰ ਜਿੱਤ' (2000), 'ਰੇਤ 'ਚ ਨਹਾਉਂਦੀਆਂ ਚਿੜੀਆਂ' (2014) ਅਤੇ 'ਇਕੱਤੀ ਕਹਾਣੀਆਂ' (2019)। ਅਨੁਵਾਦ ਦੇ ਖੇਤਰ ਵਿੱਚ ਨਛੱਤਰ ਦੀਆਂ ਕੁਝ ਕਹਾਣੀਆਂ ਅਤੇ ਨਾਵਲਾਂ ਦਾ ਹਿੰਦੀ ਵਿੱਚ ਵੀ ਅਨੁਵਾਦ ਕੀਤਾ ਗਿਆ ਹੈ। ਜਿਵੇਂ: 'ਚਿਹਰੇ' (ਕਹਾਣੀਆਂ), 'ਸਲੋਅ ਡਾਊਨ'(ਨਾਵਲ), 'ਹਨੇਰੀਆਂ ਗਲੀਆਂ' (ਨਾਵਲ)। ਨਛੱਤਰ ਦੀ ਕਲਮ ਨਾਲ ਲਿਖੇ ਗਏ ਹੋਰ ਨਾਵਲ ਇਸ ਪ੍ਰਕਾਰ ਹਨ: 'ਬੁੱਢੀ ਸਦੀ ਦਾ ਮਨੁੱਖ' (1988), 'ਬਾਕੀ ਦਾ ਸੱਚ' (1994), 'ਨਿੱਕੇ ਨਿੱਕੇ ਅਸਮਾਨ' (2004), 'ਹਨੇਰੀਆਂ ਗਲੀਆਂ' (2007), 'ਸਲੋਅ ਡਾਊਨ' (2012) ਅਤੇ 'ਕੈਂਸਰ ਟਰੇਨ' (2017) ਵਾਤਾਵਰਨ ਸੰਕਟ ਦਾ ਵਿਸ਼ੇਸ਼ ਚਿਤਰਨ ਕਰਦਾ ਇਹ ਨਾਵਲ ਨਾ ਕੇਵਲ ਵਾਤਾਵਰਨ ਪ੍ਰਦੂਸ਼ਣ ਕਰਕੇ ਉਪਜੀਆਂ ਸਿਹਤ ਸਮੱਸਿਆਵਾਂ ਦਾ ਜ਼ਿਕਰ ਕਰਦਾ ਹੈ ਸਗੋਂ ਗ਼ਰੀਬ ਤੇ ਬਿਮਾਰ ਪੇਂਡੂ ਕਿਸਾਨਾਂ ਦੀਆਂ ਮਜ਼ਬੂਰੀਆਂ ਬਾਰੇ ਵੀ ਜਾਣੂ ਕਰਵਾਉਂਦਾ ਹੈ। ਨਾਵਲ ਦੇ ਅੰਤ ਵਿੱਚ ਨਿਰਾਸ਼ਾ ਵਿੱਚੋਂ ਉਪਜੀ ਆਸ਼ਾ ਦੀ ਕਿਰਨ ਵਾਂਗ ਨਛੱਤਰ ਨੇ ਨਾਵਲ ਦੇ ਮੁੱਖ ਪਾਤਰ ਵੱਲੋਂ ਮੂਲ ਸਮੱਸਿਆ ਪ੍ਰਤੀ ਸਮਾਧਾਨ ਵੀ ਸੁਝਾਏ ਹਨ। ਦੇਸ਼-ਵਿਦੇਸ਼ ਵਿੱਚ ਅਨੇਕਾਂ ਅੰਤਰ-ਰਾਸ਼ਟਰੀ ਕਾਨਫ਼ਰੰਸਾਂ ਅਤੇ ਸੰਮੇਲਨਾਂ ਵਿੱਚ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨ ਵਾਲੇ ਨਛੱਤਰ ਦਾ ਜੀਵਨ ਸਾਦਾ ਅਤੇ ਸਰਲ ਰਿਹਾ ਹੈ। ਪੰਜਾਬੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਆਪ ਦੇ ਕਹਾਣੀ ਸੰਗ੍ਰਿਹ 'ਘੁੰਮਣ-ਘੇਰੀ' ਨੂੰ 1992

ਵਿੱਚ ਪੁਰਸਕਾਰ ਪ੍ਰਾਪਤ ਹੋਇਆ। ਕਹਾਣੀ ਸੰਗ੍ਰਹਿ 'ਹਾਰ-ਜਿੱਤ' ਲਈ ਸਾਲ 2000 ਵਿੱਚ ਪੰਜਾਬੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਗਲਪ ਪੁਰਸਕਾਰ ਦਿੱਤਾ ਗਿਆ। ਸੰਨ 2004 ਵਿੱਚ ਪੰਜਾਬੀ ਸਾਹਿਤ ਅਕਾਦਮੀ ਦਿੱਲੀ ਨੇ ਆਪ ਨੂੰ ਪੰਜਾਬੀ ਸਾਹਿਤ ਸੇਵਾ ਸਨਮਾਨ ਨਾਲ ਨਿਵਾਜ਼ਿਆ ਗਿਆ। ਸਾਲ 2005 ਵਿੱਚ ਪੰਜਾਬੀ ਸਾਹਿਤ ਸਭਾ ਅਤੇ ਪ੍ਰਦੇਸੀ ਕਲਾ ਮੰਚ ਬਰਨਾਲਾ ਵੱਲੋਂ ਨਾਵਲ 'ਨਿੱਕੇ-ਨਿੱਕੇ ਅਸਮਾਨ' ਲਈ ਸਨਮਾਨ ਪ੍ਰਾਪਤ ਹੋਇਆ। ਪੰਜਾਬੀ ਸਾਹਿਤ ਅਕਾਦਮੀ ਦਿੱਲੀ ਵੱਲੋਂ ਸਾਲ 2011 ਵਿੱਚ 'ਪਰਮ ਸਾਹਿਤ ਸਤਿਕਾਰ' ਸਨਮਾਨ ਦਿੱਤਾ ਗਿਆ। ਵਿਖਿਆਤ ਨਾਵਲ 'ਸਲੋਅ ਡਾਉਨ' ਨੂੰ 2013 ਵਿੱਚ ਲੋਕ ਰੰਗ ਪ੍ਰਕਾਸ਼ਨ ਬਰਨਾਲਾ ਵੱਲੋਂ ਸਨਮਾਨਿਤ ਕੀਤਾ ਗਿਆ ਅਤੇ ਇਸੇ ਨਾਵਲ ਨੂੰ 2017 ਵਿੱਚ ਸਾਹਿਤ ਅਕਾਦਮੀ ਪੁਰਸਕਾਰ ਪ੍ਰਾਪਤ ਹੋਇਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਕੁਰੂਕਸ਼ੇਤਰ ਯੂਨੀਵਰਸਿਟੀ ਵਿਖੇ ਐਮ.ਫਿਲ. ਅਤੇ ਪੀ.ਐਚ.ਡੀ. ਦੇ ਖੋਜ ਕਾਰਜ ਆਪ ਦੇ ਗਲਪ ਦੇ ਆਧਾਰਿਤ ਕੀਤੇ ਜਾ ਰਹੇ ਹਨ। ਮਾਲਵੇ ਦੇ ਲੋਕਾਂ ਦੀਆਂ ਸਮੱਸਿਆਵਾਂ, ਥੁੜ੍ਹਾਂ ਅਤੇ ਅਨੁਭਵਾਂ ਦਾ ਚਿਤਰਨ ਆਪ ਦੀ ਕਲਮ ਬਾ-ਖ਼ੂਬੀ ਨਾਲ ਕਰਦੀ ਆ ਰਹੀ ਹੈ। ਅਜਿਹੇ ਯੋਗ ਗਲਪਕਾਰ ਦੇ ਸਾਹਿਤਕ ਅਨੁਭਵ ਤੇ ਅੰਤਰ-ਦ੍ਰਿਸ਼ਟੀ ਨੂੰ ਜਾਣਨ ਦੇ ਆਸ਼ੇ ਨਾਲ ਨਿਮਨ ਲਿਖਤ ਮੁਲਾਕਾਤ ਕਾਫ਼ੀ ਮਹੱਤਵਪੂਰਨ ਰੋਲ ਅਦਾ ਕਰ ਸਕਦੀ ਹੈ:-

**ਪ੍ਰ.1 :ਜਦੋਂ 2017 ਵਿੱਚ ਤੁਹਾਡਾ ਨਾਵਲ 'ਕੈਂਸਰ ਟਰੇਨ' ਛਪ ਕੇ ਆਇਆ,ਉਦੋਂ ਤੁਹਾਨੂੰ ਦਿੱਲੀ ਰਹਿੰਦੇ ਲਗਭਗ 36 ਸਾਲ ਹੋ ਗਏ ਸਨ। ਉਸ ਸਮੇਂ ਪੇਂਡੂ ਪਿੱਠ-ਭੂਮੀ ਨੂੰ ਪਿੱਛੇ ਛੱਡ ਤੁਹਾਡੀਆਂ ਰਚਨਾਵਾਂ ਵਿੱਚ ਮਹਾਨਗਰ ਸ਼ਾਮਲ ਹੋ ਚੁੱਕਿਆ ਸੀ। ਮਹਾਂਨਗਰ ਦੀ ਜ਼ਿੰਦਗੀ ਬਾਰੇ 'ਹਨੇਰੀਆਂ ਗਲੀਆਂ' ਅਤੇ 'ਸਲੋਅ ਡਾਊਨ' ਨਾਵਲਾਂ ਨੂੰ ਲਿਖਣ ਤੋਂ ਬਾਅਦ ਮਾਲਵੇ ਦੇ ਪਿੰਡਾਂ ਦੀ ਤ੍ਰਾਸਦੀ ਚਿਤਰਨ ਲਈ ਤੁਹਾਡਾ ਕਿਵੇਂ ਸਬੱਬ ਬਣਿਆ?**

**ਨਛੱਤਰ**: ਉਹਨੀਂ ਦਿਨੀਂ ਡਾ. ਸਵਰਾਜ (ਅੱਜਕਲ੍ਹ ਪੰਜਾਬੀ ਟ੍ਰਿਬਿਊਨ ਦੇ ਸੰਪਾਦਕ )ਦੀ ਪੋਸਟਿੰਗ ਦਿੱਲੀ ਸੀ। ਮੈਂ ਪੰਜਾਬ ਬਾਰੇ ਇੱਕ ਨਾਵਲ ਦਾ ਪ੍ਰੋਜੈਕਟ ਉਲੀਕ ਕੇ ਉਹਨਾਂ ਨਾਲ ਡਿਸਕਸ ਕਰਨ ਲਈ ਗਿਆ ਸੀ। ਲਿਖੇ ਜਾਣ ਵਾਲੇ ਨਾਵਲ ਵਿੱਚ ਪੰਜਾਬ ਅੰਦਰ ਵੱਖ-ਵੱਖ ਸਮਿਆਂ ਤੋਂ ਚੱਲੀਆਂ ਲੋਕ-ਲਹਿਰਾਂ ਦਾ ਜ਼ਿਕਰ ਹੋਣਾ ਸੀ।

ਨਕਸਲਵਾੜੀ ਲਹਿਰ ਅਤੇ ਅੱਤਵਾਦ ਦੇ ਦਿਨਾਂ ਦੀ ਚਰਚਾ ਕਰਨ ਦਾ ਵਿਚਾਰ ਵੀ ਸੀ। ਪੰਜਾਬ ਵਿੱਚ ਨੌਜੁਆਨ ਪੀੜ੍ਹੀ ਦੇ ਨਸ਼ਿਆਂ ਵਿੱਚ ਗਰਕ ਹੋਣਾ ਅਤੇ ਦਿਨੋਂ-ਦਿਨ ਵੱਧ ਰਹੀ ਬੇਰੁਜ਼ਗਾਰੀ ਬਾਰੇ ਵੀ ਚਰਚਾ ਹੋਣੀ ਸੀ। ਮਾਲਵੇ ਦੇ ਪਿੰਡਾਂ ਵਿੱਚ ਫੈਲੀ ਕੈਂਸਰ ਦੀ ਬੀਮਾਰੀ ਦੇ ਨਾਲ ਹੋਰ ਵੀ ਬਹੁਤ ਕੁੱਝ ਬਾਰੇ ਉਸ ਨਾਵਲ ਵਿੱਚ ਸਮੇਟਣ ਦਾ ਮੇਰਾ ਵਿਚਾਰ ਸੀ। "ਤੇਰੇ ਉਲੀਕੇ ਪ੍ਰੋਜੈਕਟ ਦਾ ਘੇਰਾ ਵਿਸ਼ਾਲ ਆ। ਏਸ ਸਭ ਕਾਸੇ ਲਈ ਤੈਨੂੰ ਬਹੁਤ ਅਧਿਐਨ ਕਰਨਾ ਪਏਗਾ। ਤੇਰੇ ਕੋਲੋਂ ਏਨਾਂ ਕੁੱਝ ਸਮੇਟਿਆ ਨਹੀਂ ਜਾਣਾ" ਮੇਰੇ ਉਲੀਕੇ ਨੁਕਤੇ ਦੇਖ ਕੇ ਉਹਨਾਂ ਨੇ ਇਹ ਗੱਲ ਆਖੀ ਸੀ । "ਤੂੰ ਇੱਕੋ-ਇੱਕ ਨੁਕਤੇ ਕੈਂਸਰ ਬਾਰੇ ਸੋਚ। ਏਸ ਵਿਸ਼ੇ ਬਾਰੇ ਅਜੇ ਤੱਕ ਕੋਈ ਨਾਵਲ ਨਈ ਲਿਖਿਆ ਗਿਆ।" ਉਹਨਾਂ ਗੱਲ ਅੱਗੇ ਤੋਰੀ ਸੀ ।

ਉਹਨਾਂ ਦਾ ਜੁਆਬ ਸੁਣ ਕੇ ਮੈਂ ਆਪਣੀ ਸਮੱਸਿਆ ਬਾਰੇ ਦੱਸਿਆ ਸੀ ਕਿ ਮੈਂ ਚੌਂਤੀ ਸਾਲਾਂ ਤੋਂ ਦਿੱਲੀ ਵਿੱਚ ਰਹਿ ਰਿਹਾ ਹਾਂ ਅਤੇ ਪੰਜਾਬ ਦੇ ਪਿੰਡਾਂ ਨਾਲੋਂ ਮੇਰਾ ਸੰਪਰਕ ਲਗਭਗ ਪੂਰੀ ਤਰਾਂ ਟੁੱਟਿਆ ਹੋਇਆ ਹੈ। ਸਿਰਫ਼ ਤੇ ਸਿਰਫ਼ ਇੱਕ ਉਸੀ ਬੀਮਾਰੀ ਬਾਰੇ ਪੂਰਾ ਨਾਵਲ ਮੈਂ ਕਿਵੇਂ ਲਿਖਾਂਗਾ ? ਜਿਸ ਬਾਰੇ ਮੈਂ ਤਕਨੀਕੀ ਤੌਰ ਤੇ ਕੁੱਝ ਨਹੀਂ ਜਾਣਦਾ। ਕੀ ਇੰਨੇ ਰੁੱਖੇ ਵਿਸ਼ੇ ਨੂੰ ਚਿਤਰਦੇ ਸਮੇਂ ਮੈਂ ਪਾਠਕ ਨੂੰ ਆਪਣੇ ਨਾਲ ਤੋਰ ਵੀ ਸਕਾਂਗਾ ਕਿ ਨਹੀਂ ? ਇਸ ਤਰ੍ਹਾਂ ਦੇ ਕਿੰਨ੍ਹੇ ਹੀ ਸਵਾਲ ਸਨ, ਜਿਹਨਾਂ ਬਾਰੇ ਮੈਂ ਸਵਰਾਜਬੀਰ ਨਾਲ ਗੱਲ ਕੀਤੀ।

"ਨਹੀਂ, ਤੂੰ ਏਹ ਸਭ ਕੁੱਝ ਕਰ ਸਕਦਾ ਏਂ। ਰਹੀ ਗੱਲ ਬੀਮਾਰੀ ਦੀਆਂ ਤਕਨੀਕੀ ਗੱਲਾਂ ਬਾਰੇ, ਉਹ ਮੈਂ ਦੱਸਾਂਗਾ" ਸਵਰਾਜਬੀਰ ਨੇ ਇਹ ਗੱਲ ਮੈਨੂੰ ਠਰ੍ਹੰਮੇਂ ਨਾਲ ਸਮਝਾਈ। ਕੈਂਸਰ ਦੀ ਬੀਮਾਰੀ ਸੰਬੰਧੀ ਨੁਕਤਿਆਂ ਬਾਰੇ ਦੱਸਣ ਲਈ ਉਹ ਇਸ ਲਈ ਆਖ ਰਹੇ ਸਨ ਕਿਉਂਕਿ ਆਈ. ਪੀ. ਐੱਸ. ਬਣਨ ਤੋਂ ਪਹਿਲਾਂ ਉਹਨਾਂ ਨੇ ਐੱਮ.ਬੀ.ਬੀ.ਐੱਸ. ਦੀ ਡਿਗਰੀ ਲਈ ਹੋਈ ਹੈ ਅਤੇ ਗੁਰਦਾਸਪੁਰ ਵੱਲ ਉਹਨਾਂ ਨੇ ਕੁੱਝ ਸਮੇਂ ਲਈ ਇੱਕ ਸਰਕਾਰੀ ਹਸਪਤਾਲ ਵਿੱਚ ਨੌਕਰੀ ਵੀ ਕੀਤੀ ਹੋਈ ਸੀ।

"ਇੱਕ ਸੁਹਿਰਦ ਲੇਖਕ ਦਾ ਇਹ ਫ਼ਰਜ਼ ਹੈ ਕਿ ਉਹ ਆਪਣੇ ਆਲੇ-ਦੁਆਲੇ ਦੇ ਸਮਾਜ ਅੰਦਰ ਵਾਪਰਦੇ ਉਸ ਸਭ ਕੁੱਝ ਨੂੰ ਵੀ ਆਪਣੀਆਂ ਰਚਨਾਵਾਂ ਦਾ ਹਿੱਸਾ ਬਣਾਵੇ ਜਿਹਨਾਂ ਕਾਰਨ ਆਮ ਆਦਮੀ ਦਾ ਜਿਉਣਾ ਦਿਨੋਂ-ਦਿਨ ਔਖਾ ਹੁੰਦਾ ਜਾ ਰਿਹੈ" ਸਵਰਾਜਬੀਰ ਦੀ ਆਖੀ ਇਸ ਗੱਲ ਨੂੰ ਸੁਣ ਕੇ ਮੈਂ ਮਾਲਵੇ ਦੇ ਪਿੰਡਾਂ ਵਿੱਚ

ਫੈਲੀ ਕੈਂਸਰ ਦੀ ਬਿਮਾਰੀ ਬਾਰੇ ਨਾਵਲ ਲਿਖਣ ਦਾ ਮਨ ਬਣਾਇਆ ਅਤੇ ਪੂਰੇ ਸਾਢੇ ਤਿੰਨ ਵਰ੍ਹਿਆਂ ਬਾਅਦ ਉਹ ਪ੍ਰੋਜੈਕਟ 2017 ਵਿੱਚ 'ਕੈਂਸਰ ਟਰੇਨ' ਨਾਵਲ ਦੇ ਰੂਪ ਵਿੱਚ ਪਾਠਕਾਂ ਦੇ ਸਾਹਮਣੇ ਆਇਆ।

**ਪ੍ਰ.2. ਕੈਂਸਰ ਟਰੇਨ ਨਾਵਲ ਦੀ ਸਿਰਜਣ ਪ੍ਰਕਿਰਿਆ ਬਾਰੇ ਕੁੱਝ ਚਾਨਣਾ ਪਾਓ।**

**ਨਛੱਤਰ:** ਨਾਵਲ ਲਿਖਣ ਤੋਂ ਪਹਿਲਾਂ ਕੁੱਝ ਜਰੂਰੀ ਜਾਣਕਾਰੀਆਂ ਇੱਕਠੀਆਂ ਕਰਨ ਲਈ ਮੈਨੂੰ ਵਾਰ-ਵਾਰ ਦਿੱਲੀਓਂ ਪੰਜਾਬ ਆਉਣਾ ਪਿਆ। ਕਦੀ ਮੈਂ ਚੰਡੀਗੜ੍ਹ ਜਾ ਰਿਹਾ ਹੁੰਦਾ, ਕਦੇ ਪਟਿਆਲੇ, ਕਦੇ ਬਠਿੰਡੇ ਤੇ ਕਦੇ ਬੀਕਾਨੇਰ ਦੇ ਹਸਪਤਾਲ। ਪਾਣੀ ਅਤੇ ਮਿੱਟੀ ਦੇ ਪ੍ਰਦੂਸ਼ਤ ਹੋਣ ਬਾਰੇ ਰਿਪੋਰਟਾਂ ਇੱਕਠੀਆਂ ਕਰਦਿਆਂ ਕਾਫੀ ਸਮਾਂ ਲੱਗ ਗਿਆ। ਮਾਲਵੇ ਦੇ ਪਿੰਡਾਂ ਵਿੱਚ ਕੈਂਸਰ ਦੇ ਮਰੀਜ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਗੱਲਬਾਤ ਕਰਦੇ ਸਾਨੂੰ ਪਿੰਡਾਂ ਵਿਚਲੀਆਂ ਸਿਹਤ ਸਹੂਲਤਾਂ ਬਾਰੇ ਵੀ ਪਤਾ ਲੱਗਾ। ਮੈਂ ਜ਼ਿਆਦਾਤਰ ਉਹਨਾਂ ਪਿੰਡਾਂ ਨੂੰ ਨਾਵਲ ਦਾ ਆਧਾਰ ਬਣਾਇਐ, ਜਿੱਥੇ ਕੈਂਸਰ ਨਾਲ ਬਹੁਤ ਜ਼ਿਆਦਾ ਮੌਤਾਂ ਹੋਈਆਂ ਸਨ। ਬਠਿੰਡੇ ਤੋਂ ਬੀਕਾਨੇਰ ਜਾਣ ਵਾਲੀ ਟਰੇਨ ਰਾਹੀਂ ਜਾਣ ਵਾਲੇ ਕੈਂਸਰ ਪੀੜਤਾਂ ਅਤੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨਾਲ ਬਠਿੰਡੇ ਪਲੇਟ ਫਾਰਮ ਤੇ ਜਾ ਕੇ ਉਹਨਾਂ ਨੂੰ ਨੇੜਿਓਂ ਵੇਖਣ ਅਤੇ ਗੱਲਬਾਤ ਕਰਨ ਲਈ ਵੀ ਜਾਣਾ ਪਿਆ। ਮਾਲਵੇ ਦੇ ਪਿੰਡਾਂ ਤੋਂ ਬੀਕਾਨੇਰ ਦੇ ਹਸਪਤਾਲ ਜਾਣ ਵਾਲੇ 90 ਪ੍ਰਤੀਸ਼ਤ ਮਰੀਜ਼ਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਲਈ ਉੱਥੇ ਜਾਣਾ ਪਿਆ। ਕੁੱਝ ਐੱਨ.ਆਰ. ਆਈ. ਦਾਨੀਆਂ ਵਲੋਂ ਕੈਂਸਰ ਪੀੜਤਾਂ ਦੀ ਸਹਾਇਤਾ ਲਈ ਚਲਾਈ ਜਾ ਰਹੀ ਇੱਕ ਐੱਨ. ਜੀ. ਓ. ਵਲੋਂ ਬੀਮਾਰੀ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਮੁਫ਼ਤ ਟੈਸਟ ਕਰਨ ਲਈ ਲਾਏ ਜਾਂਦੇ ਕੈਂਪਾਂ ਵਿੱਚੋਂ ਇੱਕ ਵਿੱਚ ਮੈਨੂੰ ਵੀ ਜਾਣ ਦਾ ਮੌਕਾ ਮਿਲਿਆ। ਪੂਰਾ ਦਿਨ ਮਰੀਜਾਂ ਅਤੇ ਡਾਕਟਰਾਂ ਵਿੱਚ ਰਹਿ ਕੇ ਉਸ ਸਾਰੇ ਵਰਤਾਰੇ ਨੂੰ ਬਹੁਤ ਨੇੜੇ ਹੋ ਕੇ ਦੇਖਿਆ ਅਤੇ ਸਮਝਿਆ। ਲਗਭਗ ਦੋ ਸਾਲ ਤੱਕ ਪੇਪਰ ਵਰਕ ਪੂਰਾ ਕਰਨ ਤੋਂ ਬਾਅਦ ਉਸ ਸਭ ਕਾਸੇ ਨੂੰ ਬੜੀ ਹੀ ਮੁਸ਼ਕਲ ਨਾਲ ਕਾਗਜ਼ ਉੱਤੇ ਉਤਾਰਿਆ।

**ਪ੍ਰ.3 ਨਾਵਲ ਬਾਰੇ ਇੰਨੇ ਸਾਰੇ ਤੱਥ ਇੱਕਠੇ ਕਰਦਿਆਂ ਤੁਹਾਨੂੰ ਕਿਸੇ ਮੁਸ਼ਕਿਲ ਦਾ ਵੀ ਸਾਹਮਣਾ ਕਰਨਾ ਪਿਆ ਜਾਂ ਨਹੀਂ ?**

**ਨਛੱਤਰ**: ਹੁਣ ਜਦੋਂ ਮੈਂ ਉਸ ਸਭ ਕਾਸੇ ਬਾਰੇ ਸੋਚਦਾ ਹਾਂ ਤਾਂ ਮੈਨੂੰ ਯਕੀਨ ਨਹੀਂ ਹੋ ਰਿਹਾ ਕਿ ਉਹ ਸਭ ਕੁੱਝ ਮੈਂ ਹੀ ਕੀਤਾ ਹੈ। ਪਤਾ ਨਹੀਂ ਕਿੰਨੀ ਕੁ ਵਾਰ ਦਿੱਲੀਓਂ ਆਪਣੇ ਛੋਟੇ ਭਰਾ ਕੋਲ ਬਰਨਾਲੇ ਗਿਆ ਹੋਵਾਂਗਾ। ਉੱਥੇ ਪਹੁੰਚਣ ਤੇ ਆਪਣੇ ਕਿਸੇ ਮਿੱਤਰ ਨੂੰ ਨਾਲ ਚੱਲਣ ਲਈ ਤਿਆਰ ਕਰਦਾ ਸੀ, ਜਿਸਨੂੰ ਕੈਂਸਰ ਨਾਲ ਪ੍ਰਭਾਵਿਤ ਪਿੰਡਾਂ ਦੀ ਜਾਣਕਾਰੀ ਹੋਵੇ। ਬਾਹਰੋਂ ਗਏ ਕਿਸੇ ਵੀ ਓਪਰੇ ਬੰਦੇ ਅੱਗੇ ਪਿੰਡ ਦੇ ਲੋਕ ਉੱਥੇ ਫੈਲੀ ਬੀਮਾਰੀ ਤੋਂ ਪ੍ਰਭਾਵਿਤ ਹੋਣ ਬਾਰੇ ਕਿਸੇ ਵੀ ਤਰਾਂ ਦੀ ਜਾਣਕਾਰੀ ਦੇਣੋਂ ਝਿਜਕਦੇ ਸਨ। ਉਹ ਇਸ ਗੱਲੋਂ ਡਰੇ ਹੋਏ ਸਨ ਕਿ ਮੂੰਹ ਖੋਲਣ ਤੇ ਗੱਲ ਬਹੁਤ ਦੂਰ ਤੱਕ ਜਾਏਗੀ ਅਤੇ ਭਵਿੱਖ ਵਿੱਚ ਉਹਨਾਂ ਦੇ ਬੱਚਿਆਂ ਦੇ ਹੋਣ ਵਾਲੇ ਰਿਸ਼ਤਿਆਂ ਉੱਤੇ ਇਸਦਾ ਬੁਰਾ ਪ੍ਰਭਾਵ ਪਵੇਗਾ । ਕਈ ਪਿੰਡਾਂ ਦੇ ਲੋਕ ਤਾਂ ਬਹੁਤ ਖਿਝੇ ਹੁੰਦੇ ਸਨ। ਉਹ ਸਾਡੇ ਨਾਲ ਕਿਸੇ ਵੀ ਤਰ੍ਹਾਂ ਦੀ ਗੱਲ ਕਰਨ ਲਈ ਤਿਆਰ ਹੀ ਨਾ ਹੁੰਦੇ ਕਿਉਂਕਿ ਸਾਡੇ ਤੋਂ ਪਹਿਲਾਂ ਪਤਾ ਨਹੀਂ ਕਿੰਨੇ ਕੁ ਅਖ਼ਬਾਰਾਂ ਅਤੇ ਚੈਨਲਾਂ ਨੇ ਉਹਨਾਂ ਤੋਂ ਬਾਰ-ਬਾਰ ਉਸੇ ਤਰਾਂ ਦੀਆਂ ਹੀ ਗੱਲਾਂ ਪੁੱਛੀਆਂ ਹੋਣਗੀਆਂ, ਜਿਹੋ-ਜਿਹੀਆਂ ਅਸੀਂ ਪੁੱਛਣਾ ਚਾਹੁੰਦੇ ਸੀ। ਨਾ ਤਾਂ ਸਰਕਾਰ ਨੇ ਅਤੇ ਨਾ ਹੀ ਕਿਸੇ ਅਖਬਾਰਾਂ ਜਾਂ ਚੈਨਲਾਂ ਵਾਲਿਆਂ ਨੇ ਉਹਨਾਂ ਦੀ ਕੋਈ ਸਾਰ ਨਹੀਂ ਸੀ ਲਈ। ਕੈਂਸਰ ਨਾਲ ਪ੍ਰਭਾਵਿਤ ਪਿੰਡਾਂ ਵਿੱਚ ਅਸੀਂ ਜਾਂਦੇ ਤਾਂ ਉੱਥੋਂ ਦੇ ਪ੍ਰਦੂਸ਼ਿਤ ਪਾਣੀ ਅਤੇ ਮਿੱਟੀ ਦੀਆਂ ਰਿਪੋਰਟਾਂ ਬਾਰੇ ਪੜ੍ਹਿਆ ਹੋਣ ਕਾਰਨ ਉੱਥੋਂ ਦਾ ਕੁੱਝ ਵੀ ਖਾਣ-ਪੀਣ ਤੋਂ ਡਰਦੇ ਰਹਿੰਦੇ ਪਰ ਉੱਥੋਂ ਦੇ ਲੋਕਾਂ ਨੂੰ ਉਹੀ ਪਾਣੀ ਪੀਂਦੇ ਅਤੇ ਉੱਥੇ ਉਗਾਈਆਂ ਸਬਜ਼ੀਆਂ ਖਾਂਦੇ ਦੇਖਦੇ ਤਾਂ ਡਰਦੇ-ਡਰਦੇ ਸਾਨੂੰ ਵੀ ਕੁੱਝ ਨਾ ਕੁੱਝ ਖਾਣਾ ਪੈ ਹੀ ਜਾਂਦਾ। ਇਹੋ ਜਿਹੇ ਹੋਰ ਵੀ ਬਹੁਤ ਕਿੱਸੇ ਹਨ ਪਰ ਅਜੇ ਏਨਾ ਹੀ ਕਾਫੀ ਹੈ।

**ਪ੍ਰ.4. ਤੁਸੀਂ ਨਾਵਲ ਵਿੱਚ ਵਰਨਿਤ ਬੀਮਾਰੀ ਸੰਬੰਧੀ ਕਿੰਨੇ ਹੀ ਪਿੰਡਾਂ ਵਿੱਚ ਗਏ ਹੋਵੋਗੇ। ਉੱਥੇ ਮਰੀਜ਼ਾਂ ਅਤੇ ਉਹਨਾਂ ਦੇ ਪਰਿਵਾਰਾਂ ਨਾਲ ਤੁਸੀ ਗੱਲਾਂ-ਬਾਤਾਂ ਕੀਤੀਆਂ ਹੋਣਗੀਆਂ। ਉਹਨਾਂ ਵਿੱਚੋਂ ਕਈਆਂ ਨੂੰ ਤੁਸੀਂ ਆਪਣੇ ਨਾਵਲ ਦਾ ਹਿੱਸਾ ਵੀ ਬਣਾਇਆ ਹੋਵੇਗਾ। ਜਿਸ ਤਰ੍ਹਾਂ ਦਾ ਤੁਸੀਂ ਉਹਨਾਂ ਨੂੰ ਦੇਖਿਆ ਸੀ, ਉਹ ਉਸੇ ਰੂਪ ਵਿੱਚ ਹੀ ਤੁਹਾਡੀ ਰਚਨਾ ਵਿੱਚ ਆਏ ਜਾਂ ਤੁਹਾਨੂੰ ਉਹਨਾਂ ਨੂੰ ਨਵੇਂ ਸਿਰਿਓਂ ਤਰਾਸ਼ਣਾ ਪਿਆ ਸੀ?**

**ਨਛੱਤਰ:** ਨਾਵਲ ਦੀ ਸਮੱਗਰੀ ਇੱਕਠੀ ਕਰਦੇ ਸਮੇਂ ਕਈ ਤਰ੍ਹਾਂ ਦੇ ਲੋਕਾਂ ਦੇ ਸੰਪਰਕ ਵਿੱਚ ਜਾਣ ਦਾ ਮੌਕਾ ਮਿਲਿਆ। ਉਹਨਾਂ ਵਿੱਚੋਂ ਕਈ ਮੌਤ ਦੀ ਉਡੀਕ ਕਰਦੇ ਮਰੀਜ ਵੀ ਸਨ। ਕਦੇ-ਕਦੇ ਮਰ ਚੁੱਕਿਆਂ ਬਾਰੇ ਉਹਨਾਂ ਦੇ ਪਰਿਵਾਰਕ ਮੈਂਬਰਾਂ ਨੇ ਦੱਸਿਆ। ਪਿੰਡਾਂ ਦੇ ਪੜ੍ਹੇ-ਲਿਖੇ ਲੋਕ ਅਤੇ ਨੌਜੁਆਨ ਵੀ ਸਨ ਜਿਹਨਾਂ ਨੇ ਜਾਣਕਾਰੀ ਇੱਕਠੀ ਕਰਨ ਵਿੱਚ ਬਹੁਤ ਸਹਾਇਤਾ ਕੀਤੀ ਪਰ ਉਹ ਸਾਰੇ ਨਾਵਲ ਦਾ ਹਿੱਸਾ ਨਹੀਂ ਬਣ ਸਕੇ। ਕਹਾਣੀਕਾਰ ਕਿਰਪਾਲ ਕਜ਼ਾਕ ਅਕਸਰ ਹੀ ਸਾਹਿਤਕ ਸਮਾਗਮਾਂ ਵਿੱਚ ਆਖਿਆ ਕਰਦੇ ਸਨ ਕਿ ਸਿਰਫ਼ ਖਰੇ ਸੋਨੇ ਦਾ ਗਹਿਣਾ ਨਹੀਂ ਬਣ ਸਕਦਾ, ਕਾਰੀਗਰ ਨੂੰ ਗਹਿਣਾ ਬਣਾਉਣ ਲਈ ਕੁੱਝ ਨਾ ਕੁੱਝ ਰਲ਼ਾ ਪਾਉਣਾ ਪੈਂਦਾ ਹੈ ਪਰ ਉਸ ਸੋਨੇ ਵਿੱਚ ਕਿੰਨਾ ਕੁ ਰਲ਼ਾ ਪਾਉਣਾ ਹੈ ਇਹ ਉਸ ਕਾਰੀਗਰ ਦੀ ਸਮਝ ਤੇ ਨਿਰਭਰ ਕਰਦਾ ਹੈ ਤਾਂ ਕਿ ਗਹਿਣਾ ਸੁੰਦਰ ਅਤੇ ਟਿਕਾਊ ਬਣ ਸਕੇ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਮੈਂ ਵੀ ਆਪਣੇ ਸੰਪਰਕ ਵਿੱਚ ਆਉਣ ਵਾਲਿਆਂ ਵਿੱਚੋਂ ਕਈਆਂ ਨੂੰ ਤਰਾਸ਼ਣ ਤੋਂ ਬਾਅਦ ਹੀ ਆਪਣੇ ਨਾਵਲ ਦਾ ਹਿੱਸਾ ਬਣਾਇਆ ਹੈ।

**ਪ੍ਰ.5. 'ਕੈਂਸਰ ਟਰੇਨ' ਨਾਵਲ ਦੀ ਸਿਰਜਨ ਪ੍ਰਕਿਰਿਆ ਦੌਰਾਨ ਤੁਸੀਂ ਕਈ ਤਰ੍ਹਾਂ ਦੀ ਨਵਾਂ ਕੁੱਝ ਵੀ ਅਨੁਭਵ ਕੀਤਾ ਹੋਵੇਗਾ। ਉਹਨਾਂ ਵਿੱਚੋਂ ਕੋਈ ਬਹੁਤ ਹੀ ਖਾਸ ਤੁਸੀਂ ਆਪਣੇ ਪਾਠਕਾਂ ਨਾਲ ਸਾਂਝਾ ਕਰਨਾ ਚਾਹੁੰਦੇ ਹੋਵੋ, ਉਸ ਬਾਰੇ ਦੱਸੋ।**

**ਨਛੱਤਰ:** ਇਸ ਨਾਵਲ ਦੀ ਲਿਖਣ ਪ੍ਰਕਿਰਿਆ ਦੌਰਾਨ ਮੈਨੂੰ ਅਨੇਕਾਂ ਹੀ ਨਵੇਂ ਤਰ੍ਹਾਂ ਅਨੁਭਵ ਅਤੇ ਮੌਕੇ ਪ੍ਰਾਪਤ ਹੋਏ ਜਿਨ੍ਹਾਂ ਕਾਰਨ ਮੈਨੂੰ ਹਜ਼ਾਰਾਂ ਲੋਕਾਂ ਨੂੰ ਹੋਰ ਨੇੜਿਓਂ ਦੇਖਣ ਅਤੇ ਸਮਝਣ ਦਾ ਮੌਕਾ ਮਿਲਿਆ। ਪਾਠਕਾਂ ਨਾਲ ਸਾਂਝਾ ਕਰਨ ਲਈ ਬਹੁਤ ਕੁੱਝ ਹੈ ਪਰ ਹਾਲ ਦੀ ਘੜੀ ਮੈਂ ਸਿਰਫ਼ ਓਹੀ ਅਨੁਭਵ ਹੀ ਪਾਠਕਾਂ ਨਾਲ ਸਾਂਝਾ ਕਰ ਰਿਹਾ ਹਾਂ ਜਿਹੜਾ ਨਾਵਲ ਦੇ ਛਪ ਕੇ ਆਉਣ ਤੱਕ ਵੀ ਮੇਰੇ ਜ਼ਹਿਨ ਦੀ ਸਕਰੀਨ ਉੱਤੇ ਛਾਇਆ ਰਿਹਾ ਸੀ।

ਨਾਵਲ ਲਿਖਣ ਤੋਂ ਪਹਿਲਾਂ ਕੈਂਸਰ ਦੀ ਬੀਮਾਰੀ ਸੰਬੰਧੀ ਕੁੱਝ ਕਿਤਾਬਾਂ ਵਿੱਚੋਂ ਅਤੇ ਨਾਲ ਹੀ ਡਾ. ਸਵਰਾਜਬੀਰ ਹੋਰਾਂ ਤੋਂ ਉਸ ਬੀਮਾਰੀ ਬਾਰੇ ਜਾਣਕਾਰੀ ਇੱਕਠੀ ਕੀਤੀ। ਵਾਰ-ਵਾਰ ਪਿੰਡਾਂ ਵਿੱਚ ਕੈਂਸਰ ਪੀੜਤਾਂ ਅਤੇ ਉਹਨਾਂ ਦੇ ਪਰਵਾਰਾਂ ਨਾਲ ਸਿਰਫ਼ ਬੀਮਾਰੀ ਦੀਆਂ ਗੱਲਾਂ ਕਰਦਾ। ਬਠਿੰਡਾ ਰੇਲਵੇ ਸਟੇਸ਼ਨ ਦੇ

ਪਲੇਟਫਾਰਮ ‘ਤੇ ਬੀਕਾਨੇਰ ਦੇ ਹਸਪਤਾਲ ਜਾਣ ਲਈ ਬੈਠੇ ਮਰੀਜਾਂ ਅਤੇ ਉਹਨਾਂ ਦੇ ਪਵਾਰਕ ਮੈਂਬਰਾਂ ਦੇ ਉੱਤਰੇ ਹੋਏ ਚਿਹਰੇ, ਬੀਕਾਨੇਰ ਦੇ ਹਸਪਤਾਲ ਵਿੱਚ ਡਾਕਟਰਾਂ ਦੇ ਕਮਰਿਆਂ  ਬਾਹਰ ਖੜ੍ਹੇ ਮੌਤ ਦੀ ਉਡੀਕ ਕਰਦੇ ਕੈਂਸਰ ਦੇ ਮਰੀਜ਼ ...। ਇਹ ਬਾਰ-ਬਾਰ ਨਾਵਲ ਕਦੀ ਕਾਂਟ-ਛਾਂਟ ਕਰਦਿਆਂ ਅਤੇ ਬਾਰ-ਬਾਰ ਨਾਵਲ ਦੀ ਪਰੂਫ਼ ਪੜ੍ਹਦਿਆਂ ਉਹ ਸਾਰੇ ਦੇ ਸਾਰੇ ਚਿਹਰੇ ਮੇਰੇ ਆਲ਼ੇ-ਦੁਆਲ਼ੇ ਹੁੰਦੇ ਸਨ। ਉਹਨਾਂ ਨੂੰ ਦੇਖਦਿਆਂ ਮੈਨੂੰ ਵੀ ਲੱਗਣ ਲੱਗ ਪਿਆ ਸੀ ਜਿਵੇਂ ਮੈਂ ਵੀ ਕੈਂਸਰ ਦਾ ਹੀ ਮਰੀਜ਼ ਹੋਵਾਂ । ਕੈਂਸਰ ਦੀ ਬਿਮਾਰੀ ਦੇ ਜਿਹੜੇ ਲੱਛਣ ਮੈਂ ਕਿਤਾਬਾਂ ਵਿਚੋਂ ਪੜ੍ਹੇ ਅਤੇ ਡਾਕਟਰਾਂ ਕੋਲੋਂ ਸੁਣੇ ਉਹ ਸਾਰੇ ਦੇ ਸਾਰੇ ਮੈਂ ਆਪ ਵੀ ਮਹਿਸੂਸ ਕਰਨ ਲੱਗ ਪਿਆ ਸੀ । ਮੇਰੇ ਦਿਮਾਗ ਵਿੱਚ ਬੈਠਾ ਇਹ ਵਹਿਮ ਨਾਵਲ ਛਪਣ ਤੋਂ ਵੀ ਕਾਫੀ ਦੇਰ ਬਾਅਦ ਦੂਰ ਹੋਇਆ ਸੀ।

## ਕਹਾਣੀਕਾਰ ਜਸਵੀਰ ਸਿੰਘ ਦੀਦਾਰਗੜ੍ਹ ਨਾਲ ਮੁਲਾਕਾਤ

ਵਾਤਾਵਰਨ ਸੰਕਟ ਦੇ ਸੰਦਰਭ ਵਿੱਚ ਜਸਵੀਰ ਸਿੰਘ ਦੀਦਾਰਗੜ੍ਹ ਦਾ ਪਲੇਠਾ ਕਹਾਣੀ-ਸੰਗ੍ਰਹਿ "ਪਵਣੁ ਗੁਰੂ ਪਾਣੀ ਪਿਤਾ" ਅਗਸਤ 2019 ਵਿੱਚ ਪ੍ਰਕਾਸ਼ਿਤ ਹੋਇਆ ਹੈ। ਲੋਕ ਰੰਗ ਪ੍ਰਕਾਸ਼ਨ, ਬਰਨਾਲਾ ਦੁਆਰਾ ਪ੍ਰਕਾਸ਼ਿਤ ਹਥਲਾ ਕਹਾਣੀ ਸੰਗ੍ਰਹਿ ਵਾਤਾਵਰਨ ਚਿੰਤਾ ਅਤੇ ਚਿੰਤਨ ਦੇ ਪ੍ਰਸੰਗ ਵਿੱਚ ਲਿਖਿਆ ਗਿਆ ਹੈ। ਦਿਨ ਪ੍ਰਤੀਦਿਨ ਪ੍ਰਦੂਸ਼ਿਤ ਹੋ ਰਿਹਾ ਵਾਤਾਵਰਨ ਮਨੁੱਖੀ ਹੋਂਦ ਲਈ ਵੱਡਾ ਪ੍ਰਸ਼ਨ ਚਿੰਨ੍ਹ ਖੜਾ ਕਰ ਰਿਹਾ ਹੈ। ਅਜੋਕੀ ਪੀੜ੍ਹੀ ਨੂੰ ਭਵਿੱਖਤ ਪੀੜ੍ਹੀ ਦੇ ਸਾਹਮਣੇ ਮੁਜ਼ਰਿਮ ਹੋਣ ਤੋਂ ਬਚਾਉਣ ਲਈ ਵਾਤਾਵਰਨ ਸੰਕਟ ਪ੍ਰਤੀ ਲੋਕਾਈ ਨੂੰ ਜਗਾਉਣਾ ਨਿਹਾਇਤ ਜ਼ਰੂਰੀ ਹੈ। ਕੁਦਰਤੀ ਸ੍ਰੋਤਾਂ ਦੀ ਸੰਜਮ-ਭਰਪੂਰ ਵਰਤੋਂ, ਵਾਤਾਵਰਨ ਦੀ ਸੰਭਾਲ, ਵਿਹਾਰਿਕ, ਨਿਰੰਤਰ ਉਪਰਾਲੇ ਅਤੇ ਵਾਤਾਵਰਨ ਵਿਗਾੜ ਦੇ ਭਿਆਨਕ ਨਤੀਜਿਆਂ ਬਾਬਤ ਚੇਤਨਾ ਨੂੰ ਸੰਚਾਰਿਤ ਅਤੇ ਪ੍ਰਸਾਰਿਤ ਕਰਨ ਲਈ ਸਾਹਿਤ ਦਾ ਅਹਿਮ ਯੋਗਦਾਨ ਹੈ। ਇਸ ਪ੍ਰਤੀ ਸਾਹਿਤ ਦੀ ਕਹਾਣੀ ਵਿਧਾ ਵਿੱਚ ਵੀ ਰਚਨਾ ਹੋਣਾ ਜ਼ਰੂਰੀ ਹੈ। ਵਿਸ਼ੇਸ਼ ਕਰਕੇ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਭਾਵ 2010 ਹੁਣ ਤੱਕ ਕੋਈ ਵੀ ਅਜਿਹਾ ਪੰਜਾਬੀ ਕਹਾਣੀ ਸੰਗ੍ਰਹਿ ਨਹੀਂ ਉਪਲੱਬਧ ਹੋ ਸਕਿਆ ਜਿਸ ਵਿੱਚ ਵਾਤਾਵਰਨ ਸੰਕਟ ਦੀ ਪੇਸ਼ਕਾਰੀ ਕੀਤੀ ਗਈ ਹੋਵੇ ਜਾਂ ਜਿਸ ਵਿੱਚ ਵਾਤਾਵਰਨ ਸਮੱਸਿਆ ਨੂੰ ਨਿਯੰਤਰਿਤ ਕਰਨ ਲਈ ਅਪਣਾਏ ਜਾਣ ਯੋਗ ਸੁਝਾਵਾਂ ਦੀ ਤਜ਼ਵੀਜ਼ ਕੀਤੀ ਗਈ ਹੋਵੇ। ਉਂਝ ਵਾਤਾਵਰਨ ਨਾਲ ਸੰਬੰਧਿਤ ਕੁਝ ਕੁ ਮਿਆਰੀ ਕਹਾਣੀਆਂ ਜਿਵੇਂ- 'ਰੱਬ ਤੇ ਰੁੱਤਾਂ' (ਦਲੀਪ ਕੌਰ ਟਿਵਾਣਾ), 'ਡਾਰਕ ਜ਼ੋਨ' (ਜਸਵੀਰ ਸਿੰਘ ਰਾਣਾ), ਦੁਆਰਾ ਜ਼ਰੂਰ ਲਿਖੀਆਂ ਗਈਆਂ ਹਨ। ਅਜਿਹੀਆਂ ਕਹਾਣੀਆਂ ਬਹੁਤ ਵਧੀਆ ਚੇਤਨਾ ਪੈਦਾ ਕਰਦੀਆਂ ਹਨ। ਪ੍ਰੰਤੂ ਉਕਤ ਦੋਵੇਂ ਕਹਾਣੀਆਂ 2010 ਤੋਂ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ।

ਕਹਾਣੀਕਾਰ ਜਸਵੀਰ ਸਿੰਘ ਦੀਦਾਰਗੜ੍ਹ ਵਾਤਾਵਰਨ ਦੇ ਸਿੱਖਰ 'ਤੇ ਅੱਪੜ ਕੇ ਵਾਤਾਵਰਨੀ ਵਿਨਾਸ਼ ਦੇ ਦ੍ਰਿਸ਼ਟਾਂਤ ਪੇਸ਼ ਕੀਤੇ ਹਨ। ਇਹਨਾਂ ਦ੍ਰਿਸ਼ਾਂ ਨੂੰ ਚਿਤਰਨ ਕਰਨ ਦਾ ਮੰਤਵ ਪਾਠਕ ਨੂੰ ਡਰਾਉਣਾ ਨਹੀਂ, ਸਗੋਂ ਮਾਰੂ ਭਵਿੱਖ ਦੇ ਆ ਖਲ੍ਹੋਣ ਤੋਂ ਪਹਿਲਾਂ ਹੀ ਸਥਿਤੀ ਨੂੰ ਸੰਭਾਲ ਲੈਣ ਲਈ ਪ੍ਰੇਰਿਤ ਕਰਨਾ ਹੈ। ਤਜਿਵੇਂ ਅਰਸਤੂ ਨੇ ਦੁਖਾਂਤ ਨਾਟ ਵਿਖਾ ਕੇ ਦਰਸ਼ਕਾਂ ਅੰਦਰੋਂ ਡਰ ਮਾਨਸਿਕ ਪੀੜ ਅਤੇ ਆਤਮ-

ਵਿਸ਼ਵਾਸ਼ਹੀਣਤਾ ਨੂੰ ਬਾਹਰ ਕੱਢ ਦੇਣ ਲਈ ਕਥਾਰਸਿਸ ਦਾ ਸਿਧਾਂਤ ਪ੍ਰਸਤੁਤ ਕੀਤਾ ਸੀ, ਜਿਵੇਂ ਕੰਡੇ ਦੀ ਚੋਭ ਨਾਲ ਹੀ ਚਮੜੀ ਵਿੱਚ ਖੁੱਭੇ ਹੋਏ ਕੰਡੇ ਨੂੰ ਕੱਢਿਆ ਜਾ ਸਕਦਾ ਹੈ , ਜਿਵੇਂ ਜ਼ਹਿਰ ਮੌਰੇ ਵਿੱਚ ਜ਼ਹਿਰ ਦਾ ਪ੍ਰਯੋਗ ਵੀ ਕੀਤਾ ਜਾਂਦਾ ਹੈ ਠੀਕ ਉਵੇਂ ਹੀ ਹਥਲੇ ਕਹਾਣੀ ਸੰਗ੍ਰਹਿ ਅੰਦਰ ਆਪਣੀ ਕਲਪਨਾ ਸ਼ਕਤੀ ਸਦਕਾ ਵਾਤਾਵਰਨ ਦੇ ਸੰਬੰਧ ਵਿੱਚ ਭਵਿੱਖ ਦੇ ਭਿਆਨਕ ਦ੍ਰਿਸ਼ ਸਿਰਜੇ ਗਏ ਹਨ ਤਾਂ ਕਿ ਪਾਠਕ ਸਮੇਂ ਸਿਰ ਜਾਗ ਕੇ ਆਪਣੇ ਚੁਗਿਰਦੇ ਨੂੰ ਸੰਭਾਲਣ ਲਈ ਹੰਭਲੇ ਮਾਰਨ। ਇਸ ਕਹਾਣੀ ਸੰਗ੍ਰਹਿ ਵਿੱਚ ਕੁੱਲ ਤੇਰ੍ਹਾਂ ਕਹਾਣੀਆਂ ਹਨ ਅਤੇ ਸਾਰੀਆਂ ਦੀਆਂ ਸਾਰੀਆਂ ਕਹਾਣੀਆਂ ਵਾਤਾਵਰਨ ਦੇ ਪ੍ਰਦੂਸ਼ਣ ਸੰਕਟ ਅਤੇ ਘਾਤਕ ਨਤੀਜਿਆਂ , ਨਾਲ ਸੰਬੰਧਤ ਹਨ।

**1 ਅਜੋਕੇ ਸਮੇਂ ਦੀਆਂ ਕਿਹੜੀਆਂ-ਕਿਹੜੀਆਂ ਵਿਸ਼ਵ-ਵਿਆਪੀ ਸਮੱਸਿਆਵਾ ਤੁਹਾਡਾ ਧਿਆਨ ਖਿੱਚਦੀਆਂ ਹਨ?**

**ਦੀਦਾਰਗੜ੍ਹ:** ਵਾਤਾਵਰਨ ਦੀ ਗਿਰਾਵਟ, ਨਸ਼ੇ, ਹਰ ਖੇਤਰ ਵਿੱਚ ਕਿਰਤ ਦੀ ਲੁੱਟ, ਕਿਰਤ ਦਾ ਤਣਾਅ, ਮਿਲਾਵਟਖੋਰੀ, ਰਿਸ਼ਤਿਆਂ ਦੀ ਟੁੱਟ-ਭੱਜ, ਨੈੱਟ ਦੀ ਦੁਰਵਰਤੋਂ, ਰਾਜਨੀਤੀ 'ਚ ਫਾਸੀਵਾਦ ਦਾ ਭਾਰੂ ਹੋਣਾ, ਹਰ ਤਰ੍ਹਾਂ ਦੇ ਕਚਰੇ 'ਚ ਵਾਧਾ, ਬੇਲੋੜਾ ਮਸ਼ੀਨੀਕਰਨ, ਕੰਕਰੀਟ ਦੇ ਜੰਗਲ ਆਦਿ ਵਿਸ਼ਵ ਵਿਆਪੀ ਸਮੱਸਿਆਵਾਂ ਹਨ।

ਹਰ ਖੇਤਰ 'ਚ ਜਾਤੀਵਾਦ ,ਕਾਮੀ ਸਾਈਟਸ ਦੀ ਭਰਮਾਰ, ਹਥਿਆਰਾਂ ਦਾ ਪ੍ਰਚਾਰ ਤੇ ਭਰਮਾਰ, ਮਨੁੱਖ ਦੀ ਪਦਾਰਥ ਦੇ ਮੁਕਾਬਲੇ ਲਗਾਤਾਰ ਡਿੱਗ ਰਹੀ ਕੀਮਤ ਪ੍ਰਮੁੱਖ ਸਮੱਸਿਆਵਾਂ ਹਨ।

**2 ਵਾਤਾਵਰਨ ਸੰਕਟ ਦੇ ਪ੍ਰਸੰਗ ਵਿੱਚ ਪੂਰੇ ਭਾਰਤ ਵਿੱਚ ਵਿਸ਼ੇਸ਼ ਕਰ ਪੰਜਾਬ ਦੀ ਸਥਿਤੀ ਬਾਰੇ ਤੁਹਾਡੇ ਕੀ ਵਿਚਾਰ ਹਨ?**

**ਦੀਦਾਰਗੜ੍ਹ:** ਇਹ ਸੰਕਟ ਵਿਸ਼ਵਵਿਆਪੀ ਹੈ। ਇਸ ਸੰਬੰਧ 'ਚ ਸਾਰਾ ਸੰਸਾਰ ਹੀ ਇਸ ਤੋਂ ਪੀੜਤ ਹੈ। ਹਰ ਪਾਸੇ ਨਿਘਾਰ ਹੀ ਆ ਰਿਹਾ ਹੈ ਤੇ ਕਿਧਰੋਂ ਵੀ ਕੋਈ ਤੱਸਲੀਜਨਕ ਉਪਰਾਲੇ ਅਜੇ ਸਾਹਮਣੇ ਨਹੀਂ ਆ ਰਹੇ, ਪਰ ਯਤਨ ਜਾਰੀ ਹਨ। ਭਾਰਤ ਦੀ ਸਥਿਤੀ ਬਹੁਤ ਗੰਭੀਰ ਹੈ। ਕੇਂਦਰੀ ਤੇ ਸੂਬਾ ਸਰਕਾਰਾਂ ਕੋਲ ਇਸ ਲਈ

ਕੋਈ ਵਿਸ਼ੇਸ਼ ਯੋਜਨਾ ਜਾਂ ਬਜਟ ਨਹੀਂ ਹਨ, ਸਿਰਫ਼ ਖਾਨਾਪੂਰਤੀ ਹੀ ਹੈ। ਜੋ ਹਨ, ਉਹ ਨਾਕਾਫੀ ਹਨ। ਕਾਨੂੰਨ 'ਚ ਵੀ ਲੋੜੀਂਦੀ ਸਖਤੀ ਨਹੀਂ ਹੈ। ਲੋਕ ਵੀ ਜਾਗ੍ਰਿਤ ਨਹੀਂ ਹਨ। ਇਸੇ ਕਾਰਨ ਭਾਰਤ 'ਚ ਇਹ ਸਮੱਸਿਆ ਹਰ ਪਲ ਗੰਭੀਰ ਹੁੰਦੀ ਜਾ ਰਹੀ ਹੈ।

ਰਹੀ ਗੱਲ ਪੰਜਾਬ ਦੀ, ਤਾਂ ਪੰਜਾਬ ਦੇ ਹਾਲਾਤ ਤਾਂ ਬਹੁਤ ਜਿਆਦਾ ਨਿੱਘਰ ਚੁੱਕੇ ਹਨ। ਪੌਣ-ਪਾਣੀ, ਖਾਣੇ ਆਦਿ ਜ਼ਹਿਰੀਲੇ ਹੋ ਗਏ ਹਨ। ਜਦੋਂ ਕਿ ਏਥੇ ਗੁਰੂ ਸਾਹਿਬਾਨਾਂ ਦੇ ਵਾਤਾਵਰਨ ਸੰਬੰਧੀ ਸ਼ਬਦ ਰੋਜ਼ ਪੜ੍ਹੇ-ਸੁਣੇ ਜਾਂਦੇ ਤੇ ਕਥਾ-ਕੀਰਤਨ ਕੀਤਾ ਜਾਂਦਾ ਹੈ, ਪਰ ਸਿਧਾਂਤਕ ਤੇ ਵਿਹਾਰਕ ਪੱਖੋਂ ਬਿਲਕੁੱਲ ਹੀ ਅਵੇਸਲੇ ਹਾਂ। ਥੋੜ੍ਹੇ ਸਮੇਂ ਤੋਂ ਇਸ ਸੰਬੰਧੀ ਲੋਕ ਚੇਤਨ ਹੋਣੇ ਸ਼ੁਰੂ ਹੋਏ ਹਨ। ਨਿੱਜੀ ਤੇ ਸਮੂਹਿਕ ਤੌਰ 'ਤੇ ਵੀ ਕਾਫੀ ਲੋਕ ਲੱਗੇ ਹੋਏ ਹਨ। ਯਤਨ ਵੀ ਸੁਹਿਰਦ ਨੇ ਪਰ ਇਹ ਅਜੇ ਨਾਕਾਫ਼ੀ ਹਨ।

ਮੇਰੀ ਹਜ਼ਾਰਾਂ ਪਾਠਕਾਂ ਨਾਲ ਗੱਲਬਾਤ ਹੁੰਦੀ ਰਹਿੰਦੀ ਹੈ, ਮਹਿਸੂਸ ਕੀਤਾ ਹੈ ਕਿ ਲੋਕ ਕਾਫ਼ੀ ਜਾਗ੍ਰਿਤ ਹੋ ਵੀ ਰਹੇ ਨੇ ਕਿਉਂਕਿ ਉਹਨਾਂ ਨੂੰ ਸਮਝ ਆਉਣੀ ਸ਼ੁਰੂ ਹੋ ਗਈ ਹੈ ਕਿ ਅਵੇਸਲਾਪਣ ਮੌਤ ਹੀ ਹੈ। ਇਸ ਲਈ ਲੱਗੇ ਹੋਏ ਹਨ। ਜ਼ਿਆਦਾਤਰ ਲੋਕ ਫਰਜ਼ ਸਮਝ ਕੇ ਨਹੀਂ, ਡਰਕੇ ਹੀ ਅਜਿਹਾ ਕਰਦੇ ਹਨ ਲੋਕਾਂ 'ਚ ਸ਼ਕਤੀ ਬਹੁਤ ਹੈ ਪਰ ਯਤਨ ਸਾਰੇ ਪਾਸਿਆਂ ਤੋਂ ਹੀ ਢਿੱਲੇ ਹਨ। ਇਸ 'ਚ ਲਗਾਤਾਰ ਗਤੀ ਦੀ ਜ਼ਰੂਰਤ ਹੈ।

ਕੁੱਲ ਮਿਲਾ ਕੇ ਪੰਜਾਬ ਦੀ ਸਥਿਤੀ ਜਿੰਨੀ ਗੰਭੀਰ ਹੈ, ਸਰਕਾਰੀ, ਧਾਰਮਿਕ ਤੇ ਸਮਾਜਿਕ ਅਦਾਰੇ, ਸੰਸਥਾਵਾਂ ਤੇ ਓਨੇ ਹੀ ਅਵੇਸਲੇ ਹਨ। ਜੇ ਪੰਜਾਬੀ ਇੱਧਰ ਕਰਮ ਕਰਦੇ ਹਨ ਤਾਂ ਉਹ ਵਾਤਾਵਰਨ ਨੂੰ ਤਾਂ ਬਚਾਉਣਗੇ ਹੀ ਦੇਸ਼ ਦਾ ਰੋਲ ਮਾਡਲ ਬਣਨ ਦੇ ਵੀ ਪੂਰੀ ਤਰ੍ਹਾਂ ਸਮਰੱਥ ਹੋ ਜਾਣਗੇ।

**3. ਆਪ ਜੀ ਦੇ ਵਿਚਾਰ ਅਨੁਸਾਰ ਪੰਜਾਬੀ ਸਾਹਿਤ ਤੇ ਵਾਤਾਵਰਨ ਪ੍ਰਦੂਸ਼ਣ 'ਚ ਕੀ-ਕੀ ਅੰਤਰ-ਸਬੰਧ ਹਨ ਤੇ ਕਿਹੜੀਆਂ-ਕਿਹੜੀਆਂ ਵਿੱਥਾਂ ਹਨ?**

**ਦੀਦਾਰਗੜ੍ਹ:** ਪੰਜਾਬੀ ਸਾਹਿਤ ਤੇ ਵਾਤਾਵਰਨ ਪ੍ਰਦੂਸ਼ਣ 'ਚ ਸਭ ਤੋਂ ਵੱਡਾ ਅੰਤਰ ਸੰਬੰਧ ਤਾਂ ਇਹੋ ਹੈ ਕਿ ਦੋਵਾਂ ਦਾ ਨਰੋਆਪਣ ਗੁਆਚ ਰਿਹਾ ਹੈ ਤੇ ਕਚਰਾ ਅਤੇ ਪੇਤਲਾਪਣ ਭਾਰੂ ਪੈਣ ਕਰਕੇ ਦੋਵੇ ਪੱਖਾਂ ਤੋਂ ਡਾਹਢੀ ਬੇਚੈਨੀ ਹੈ। ਦੋਵੇਂ ਪਾਸੇ ਹੀ ਸੁਹਿਰਦਤਾ ਨਾਲ ਚੰਗਾ ਸਿਰਜਣ ਨਾਲੋਂ ਦਿਖਾਵਾ ਜ਼ਿਆਦਾ ਹੈ ਤੇ ਵਕਤੀ ਕੰਮ ਨੂੰ

ਤਰਜੀਹ ਦਿੱਤੀ ਜਾ ਰਹੀ ਹੈ। ਫਿਰ ਵੀ ਸਾਹਿਤ ਵਿੱਚ ਵੀ ਅਤੇ ਵਾਤਾਵਰਨ ‘ਚ ਵੀ ਕਦੇ-ਕਦਾਈਂ ਕੋਈ ਚੰਗਾ ਬੁੱਲ੍ਹਾ ਆਉਂਦਾ ਹੈ ਤੇ ਧਰਵਾਸ ਦੇਂਦਾ ਹੈ।

ਜ਼ਿਆਦਾਤਰ ਪੰਜਾਬੀ ਸਾਹਿਤ ਖੁਦ ਵੀ ਵਾਤਾਵਰਨ ਤੋਂ ਕੁੱਝ ਵਿੱਥ ਬਣਾ ਕੇ ਚੱਲ ਰਿਹਾ ਹੈ। ਕਵਿਤਾ ਅਤੇ ਵਾਰਤਕ ਤਾਂ ਕਦੇ-ਕਦਾਈਂ ਵਾਤਾਵਰਨ ਸੰਕਟ ਦੀ ਗੱਲ ਕਰਦੇ ਹਨ। ਪਰ ਗਲਪ ਆਦਿਕ ‘ਚ ਇਸਨੂੰ ਜ਼ਿਆਦਾ ਮਾਨਤਾ ਨਹੀਂ ਮਿਲੀ। ਸਾਹਿਤਕ ਸਮਾਗਮਾਂ ‘ਚ ਵੀ ਇਸ ਬਾਰੇ ਨਿੱਠ ਕੇ ਗੱਲ ਨਹੀਂ ਹੁੰਦੀ। ਉੱਥੇ ਵੀ ਫ਼ੋਕੀਆਂ ਕਵਤੜੀਆਂ ਪੇਸ਼ ਕਰਕੇ ਪ੍ਰਸ਼ੰਸਾ ਬਟੋਰਨ ਤੀਕ ਹੀ ਸੀਮਤ ਰਿਹਾ ਜਾਂਦਾ ਹੈ। ਵਾਤਾਵਰਨ ਬਾਰੇ ਲਿਖਣ ਵਾਲੇ ਲੇਖਕ ਨੂੰ ਵੀ ਬਣਦਾ ਸਨਮਾਨ ਨਹੀਂ ਮਿਲ ਰਿਹਾ ਤੇ ਇਸ ਸਾਹਿਤ ਨੂੰ ਆਲੋਚਕਾਂ ਵੱਲੋਂ ਵੀ ਅਣਗੌਲਿਆ ਕੀਤਾ ਜਾਂਦਾ ਰਿਹਾ ਹੈ। ਇਸ ਸਾਹਿਤ ਨੂੰ ਸਾਹਿਤ ਨਾ ਮੰਨਣ ਕਰਕੇ ਵਿੱਥਾਂ ਗਹਿਰੀਆਂ ਹਨ।

**4. ਵਾਤਾਵਰਨ ਚੇਤਨਾ ਦਾ ਪਸਾਰ ਵਿਹਾਰਕ ਰੂਪ ਵਿੱਚ ਲਾਗੂ ਕਰਨ ਲਈ ਪੰਜਾਬੀ ਸਾਹਿਤ ਦਾ ਯੋਗਦਾਨ ਕਿਵੇਂ ਦਾ ਹੋ ਸਕਦਾ ਹੈ?**

**ਦੀਦਾਰਗੜ੍ਹ:** ਸਾਹਿਤ ਇਸ ਪੱਖੋਂ ਵੱਡਾ ਤੇ ਕਾਰਗਰ ਹਥਿਆਰ ਹੈ ਜੋ ਸੁਨੱਖੀ ਤੇ ਨਰੋਈ ਭੂਮਿਕਾ ਨਿਭਾ ਸਕਦਾ ਹੈ ਤੇ ਨਿਭਾ ਵੀ ਰਿਹਾ ਹੈ। ਵੱਡੀ ਜਨ-ਚੇਤਨਾ ਇਸਦੀ ਗਵਾਹ ਵੀ ਹੈ। ਭਗਤ ਪੂਰਨ ਸਿੰਘ ਜੀ ਨੇ ਬਹੁਤ ਪਹਿਲਾਂ ਇਹ ਮੁਹਿੰਮ ਚਲਾ ਦਿੱਤੀ ਸੀ। ਉਸ ਸਾਹਿਤ ਨੇ ਜ਼ਿਕਰਯੋਗ ਰੋਲ ਨਿਭਾਇਆ। ਹੋਰ ਵੀ ਕਾਫ਼ੀ ਕੁੱਝ ਲਿਖਿਆ ਗਿਆ ਤੇ ਲਿਖਿਆ ਜਾ ਰਿਹਾ ਹੈ, ਉਸਤੋਂ ਵੀ ਵੱਡੀ ਚੇਤਨਾ ਪੈਦਾ ਹੁੰਦੀ ਹੈ ਤੇ ਹੋ ਰਹੀ ਹੈ। ਵਿਹਾਰਕ ਰੂਪ ਵਿੱਚ ਲਾਗੂ ਕਰਨ ਲਈ ਸਮੂਹਿਕ ਚੇਤਨਾ ਦੀ ਹੀ ਵੱਡੀ ਲੋੜ ਮਹਿਸੂਸ ਹੁੰਦੀ ਹੈ। ਇਸ ਨੂੰ ਲਿਖਤੀ ਰੂਪ ‘ਚ ਪ੍ਰਕਾਸ਼ਿਤ ਕਰਵਾ ਕੇ ਪਾਠਕਾਂ ਤੱਕ ਲਾਗਤ ਮਾਤਰ ‘ਤੇ ਪਹੁੰਚਾਇਆ ਜਾਵੇ, ਪੌਣ-ਪਾਣੀਆਂ ਤੇ ਰੁੱਖਾਂ ਦੀ ਸੰਭਾਲ, ਪਾਣੀ ਨੂੰ ਰੀਚਾਰਜ ਕਰਨ ਵਾਲੇ ਕਾਰਜ ਤੁਰੰਤ ਵਿੱਢ ਦੇਣੇ ਚਾਹੀਦੇ ਹਨ। ਸਭ ਤੋਂ ਵੱਡੀ ਗੱਲ ਫਰਜ਼ ਸਮਝਣ ਦੀ ਹੀ ਹੈ। ਖ਼ਤਰਾ ਤਾਂ ਸਭ ਲਈ ਹੀ ਹੈ। ਸਭਨੇ ਆਪਣੀਆਂ ਹੀ ਨਸਲਾਂ ਤੇ ਫਸਲਾਂ ਨੂੰ ਬਚਾਉਣ ਲਈ ਹੀ ਵਿਹਾਰਕ ਕਾਰਜ ਕਰਨੇ ਹਨ। ਸਾਹਿਤ ਦੇ ਨਾਲ ਹਰ ਮਨੁੱਖ, ਤੇ ਸਭ ਅਦਾਰੇ, ਬੁਲਾਰੇ, ਰਾਗੀ,

ਢਾਡੀ, ਪ੍ਰਚਾਰਕ, ਡੇਰੇਦਾਰ ਇਸ ਵੱਲ ਪਹਿਲ ਕਦਮੀ ਕਰਨ। ਸਾਹਿਤ ਤੇ ਪ੍ਰਚਾਰ ਪ੍ਰਸਾਰ ਦਾ ਮੁਹਾਂਦਰਾ ਬਦਲਣ ਦੀ ਲੋੜ ਹੈ।

**5. ਵੀਹਵੀਂ ਸਦੀ ਦੇ ਵਾਤਾਵਰਨਿਕ ਸਾਹਿਤ ਤੇ ਇੱਕੀਵੀਂ ਸਦੀ ਦੇ ਵਾਤਾਵਰਨਿਕ ਸਾਹਿਤ ਵਿੱਚ ਕੀ ਵਖਰੇਵਾਂ ਮਹਿਸੂਸ ਕਰਦੇ ਹੋ?**

**ਦੀਦਾਰਗੜ੍ਹ:** ਵੀਹਵੀਂ ਸਦੀ ਦੇ ਸਾਹਿਤ 'ਚ ਵਾਤਾਵਰਨ ਚੇਤਨਾ ਵਾਲਾ ਸਾਹਿਤ ਨਾਮਾਤਰ ਹੀ ਉਪਲਬਧ ਹੈ। ਉਂਝ ਗਲਪ ਚ ਯਥਾਰਥੀ ਖ਼ੂਬਸੂਰਤੀ ਲਈ ਭਾਵੇਂ ਇਸਦੀ ਭਰਪੂਰ ਵਰਤੋਂ ਮਿਲਦੀ ਹੈ ਪਰ ਉਂਝ ਚੇਤਨਾ ਪੱਖ ਤੋਂ ਇਹ ਅਭਿੱਜ ਹੀ ਰਿਹਾ। ਕਾਵਿ 'ਚ ਮਹਿਬੂਬਾ ਦੀ ਤੁਲਨਾ ਵੀ ਫੁੱਲਾਂ ਨਾਲ ਹੁੰਦੀ ਰਹੀ ਹੈ ਬਾਲ ਕਵਿਤਾਵਾਂ 'ਚ ਵੀ ਫੁੱਲਾਂ ਜਾਂ ਜੰਗਲ਼ ਦਾ ਹੀ ਚਿਤਰਨ ਹੁੰਦਾ ਰਿਹਾ ਹੈ। ਪਰ ਨਿੱਠ ਕੇ ਕੀਤਾ ਕੰਮ ਨਜ਼ਰੀਂ ਨਹੀਂ ਪੈਂਦਾ, ਪਰ ਇਸ ਚ ਭਰਪੂਰ ਯੋਗਦਾਨ ਭਗਤ ਪੂਰਨ ਸਿੰਘ ਜੀ ਨੇ ਹੀ ਪਾਇਆ। ਬਹੁਤ ਰੁਝੇਵਿਆਂ ਦੇ ਹੁੰਦਿਆਂ ਵੀ  ਉਹ ਸਾਹਿਤਕ, ਸਿਧਾਂਤਕ ਤੇ ਵਿਹਾਰਕ ਸਿਰਜਦੇ ਰਹੇ। ਉਨਾਂ ਦੀਆਂ ਹਾਕਾਂ-ਹੋਕਿਆਂ ਨੂੰ ਜਾਂ ਸਾਹਿਤ ਨੂੰ ਧਾਰਮਿਕ, ਸਮਾਜਿਕ ਜਾਂ ਰਾਜਨੀਤਕ ਆਦਿ ਕਿਸੇ ਵੱਲੋਂ ਵੀ ਗੰਭੀਰਤਾ ਨਾਲ ਨਹੀਂ ਲਿਆ ਗਿਆ ਇਸ ਕਾਰਨ ਪੰਜਾਬ ਦੇ ਵਾਤਾਵਰਨ ਦੇ ਨਤੀਜੇ ਸਾਡੇ ਸਾਹਮਣੇ ਹਨ। ਡਾ. ਦੇਵਿੰਦਰਪਾਲ ਸਿੰਘ ਜੀ ਨੇ ਵੀਹਵੀਂ ਤੇ ਇੱਕੀਵੀਂ ਸਦੀ ਚ ਵੀ ਕਾਫ਼ੀ ਨਿੱਗਰ ਸਾਹਿਤ ਰਚਿਆ ਹੈ ਤੇ ਉਹ ਭਵਿੱਖੀ ਖਤਰਿਆਂ ਤੋਂ ਉਦੋਂ ਵੀ ਤੇ ਹੁਣ ਵੀ  ਚੇਤੰਨ ਕਰਦੇ ਆ ਰਹੇ ਹਨ।

ਹੁਣ ਇੱਕੀਵੀਂ ਸਦੀ 'ਚ ਗਲਪ, ਕਾਵਿ, ਵਾਰਤਕ ਅਤੇ ਫੁਟਕਲ ਸਾਹਿਤ 'ਚ ਮੱਧਮ ਚਾਲੇ ਸਾਹਿਤ ਰਚਿਆ ਤੇ ਸਵੀਕਾਰਿਆ ਜਾ ਰਿਹਾ ਹੈ। ਨਵੀਂ ਪੀੜ੍ਹੀ ਦੇ ਲੇਖਕ ਇਸਨੂੰ ਗੰਭੀਰਤਾ ਨਾਲ ਲੈਣ ਲਈ ਆਪਣੇ ਪਰ ਤੋਲ ਰਹੇ ਹਨ। ਇੱਕੀਵੀਂ ਸਦੀਂ 'ਚ ਜਿਓਂ ਹੀ ਵਾਤਾਵਰਨ ਕਰੂਪ ਹੋਇਆ, ਸਾਹਿਤਕ ਰਚਨਾਵਾਂ ਵੀ ਫ਼ਿਕਰਮੰਦ ਹੋਈਆਂ ਹਨ। ਪਰ ਫਿਰ ਵੀ ਅਜੇ ਇਹ ਵਿਸ਼ਾ ਹੋਰ ਖੋਜ ਵਿਸਥਾਰ, ਪ੍ਰਸਾਰ-ਪ੍ਰਚਾਰ ਦੀ ਮੰਗ ਕਰਦਾ ਹੈ। ਪੰਜਾਬੀ ਦੇ ਸਮਰੱਥ ਸਮਕਾਲੀ ਕਥਾਕਾਰ ਜਸਵੀਰ ਸਿੰਘ ਰਾਣਾ ਨੇ ਇਸ ਨੂੰ ਕੇਂਦਰ 'ਚ ਰੱਖ ਕੇ ਨਾਵਲ ਵੀ ਸਿਰਜਿਆ ਹੈ ਪਰ ਆਲੋਚਕਾਂ ਤੇ ਪਾਠਕਾਂ ਨੇ ਉਸਦਾ ਉਸ ਢੰਗ ਨਾਲ ਸਵਾਗਤ ਨਹੀਂ ਕੀਤਾ

ਜਿਸਦਾ ਉਹ ਹੱਕਦਾਰ ਹੈ। ਲੱਗਦਾ ਹੈ ਕਿ ਨਿੱਗਰ ਰਚਨਾਵਾਂ ਨਾਲੋਂ ਪੰਜਾਬੀ ਪਾਠਕ ਕੂੜਾ-ਕਚਰਾ ਪੜ੍ਹਨਾ ਤੇ ਸਮਝਣਾ ਜ਼ਿਆਦਾ ਜਰੂਰੀ ਸਮਝਦੇ ਹਨ ਤੇ ਫਿਰ ਮਰਦੇ ਵੀ ਹਨ। ਮੈਂ ਇਹ ਸਮਝਦਾ ਹਾਂ ਕਿ ਸਾਹਿਤ ਦੀ ਹਰ ਵਿਧਾ 'ਚ ਇਸਦਾ ਭਰਪੂਰ ਵਾਧਾ ਅਤਿਅੰਤ ਜਰੂਰੀ ਹੈ। ਪਾਠਕ ਵੀ ਅਜਿਹੀਆਂ ਰਚਨਾਵਾਂ ਦਾ ਭਰਪੂਰ ਸੁਆਗਤ ਕਰੇ। ਤਾਂ ਹੀਂ ਲੇਖਕ ਇੱਧਰ ਤੁਰੇਗਾ। ਜਿਸਦੀ ਲੋੜ ਸ਼ਿਦੱਤ ਨਾਲ ਮਹਿਸੂਸ ਹੁੰਦੀ ਹੈ।

**6. ਕਿਰਪਾ ਕਰਕੇ ਦੱਸੋ ਕਿ ਵਾਤਾਵਰਨ ਨੂੰ ਬਚਾਉਣਾ ਕਿਉਂ ਜ਼ਰੂਰੀ ਹੈ ਤੇ ਇਸ ਨੂੰ ਕਿਵੇਂ ਬਚਾਇਆ ਜਾ ਸਕਦਾ ਹੈ?**

**ਦੀਦਾਰਗੜ੍ਹ:** ਅਸਲ 'ਚ ਵਾਤਾਵਰਨ ਬਚਾ ਕੇ ਮਨੁੱਖ ਨੇ ਖ਼ੁਦ ਹੀ ਬਚਣਾ ਤੇ ਧਰਤੀ ਦੇ ਹਰ ਜਨਜੀਵਨ ਨੂੰ ਬਚਾਉਣਾ ਹੈ। ਸਾਵੀਂ ਧਰਤੀ ਅਤੇ ਸਾਫ਼ ਵਾਤਾਵਰਨ ਸਭ ਜੀਵਾਂ ਦਾ ਬਰਾਬਰ ਦਾ ਅਧਿਕਾਰ ਹੈ। ਵੈਸੇ ਵੀ ਅਸੀਂ ਅਣਆਈ ਤੇ ਅਣਚਿਤਵੀ ਮੌਤ ਮਰਨ ਲਈ ਪੈਦਾ ਹੋਏ ਹਾਂ। ਜੇ ਵਾਤਾਵਰਨ ਸਾਫ਼ ਸਵੱਛ ਹੋਵੇਗਾ, ਪੌਣ-ਪਾਣੀ ਸ਼ੁੱਧ ਹੋਣਗੇ ਤਾਂ ਮਨੁੱਖ ਤੇ ਪਸ਼ੂ-ਪੰਛੀ, ਬਨਸਪਤੀ ਵੀ ਨਿੱਗਰ ਨਰੋਈ ਹੋਵੇਗੀ। ਜੀਵਨ ਸ਼ੁੱਧ ਤੇ ਨਿਰੋਗ ਹੋਵੇਗਾ। ਇੰਝ ਹਰ ਕੋਈ ਆਪਣੇ ਹਿੱਸੇ ਦਾ ਅਰੋਗ ਜੀਵਨ ਜੀਵੇਗਾ ਤੇ ਬਿਮਾਰੀਆਂ ਆਦਿ ਨਾਲ ਤੇ ਕੁਦਰਤੀ ਸੋਮਿਆਂ ਦੀ ਘਾਟ ਖੁਣੋਂ ਰਿੱਝ-ਰਿੱਝ ਕੇ ਨਹੀਂ ਮਰੇਗਾ। ਵੈਸੇ ਵੀ ਵਾਤਾਵਰਨ ਨੂੰ ਪਲੀਤ ਕਰਨ ਵਾਲੀ ਮਨੁੱਖ ਜਾਤੀ ਨੇ ਇਸ ਉੱਤੇ ਆਪਣਾ ਹੀ ਏਕਾਧਿਕਾਰ ਸਮਝ ਲਿਆ ਹੈ ਜਦੋਂ ਕਿ ਕੁਦਰਤੀ ਤੌਰ ਤੇ ਘਾਹ ਦੇ ਤਿਣਕੇ ਦਾ ਵੀ ਇਸ ਉੱਤੇ ਪੂਰਾ ਅਧਿਕਾਰ ਹੈ। ਆਪਣੀ ਅਣਗਹਿਲੀ ਕਾਰਨ ਪਦਾਰਥਕ ਵਿਕਾਸ ਕਰਦਿਆਂ, ਜੀਵਨ ਵਿਨਾਸ਼ ਦਾ ਸਫ਼ਰ ਹੀ ਤਹਿ ਕਰ ਲਿਆ ਹੈ। ਪਦਾਰਥ ਦੀ ਅੰਨ੍ਹੀ ਹੋੜ ਚ ਮੌਤ ਦੇ ਦਰਾਂ 'ਤੇ ਜਾ ਖੜ੍ਹੇ ਹੋਏ। ਅੱਗੇ ਧਰਤੀ ਪਤਨ ਦਾ ਖਦਸ਼ਾ ਹੀ ਤਾਂ ਹੈ। ਮਨੁੱਖ ਹੋਣ ਦੇ ਨਾਤੇ ਸਮੂਹਿਕ ਤੌਰ ਤੇ ਮਰਨ ਨਾਲੋਂ ਜੇ ਬਚਣ-ਬਚਾਉਣ ਦੇ ਸਮੂਹਿਕ ਯਤਨ ਕਰੀਏ ਤਾਂ ਚੰਗਾ ਵੀ ਹੈ। ਮਨੁੱਖ ਕੀ ਨਹੀਂ ਕਰ ਸਕਦਾ?

ਵਾਤਾਵਰਨ ਨੂੰ ਬਚਾਉਣ ਲਈ ਸੁਹਿਰਦ ਤੇ ਚਿਰਸਥਾਈ ਸਮੂਹਿਕ ਯਤਨਾਂ ਦੀ ਵੱਡੀ ਪੱਧਰ 'ਤੇ ਲੋੜ ਹੈ। ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਸਿਲੇਬਸ ਵਿੱਚ ਵੀ ਸਬੰਧਿਤ ਸਾਹਿਤ ਹੋਵੇ। ਧਾਰਮਿਕ, ਸਮਾਜਿਕ ਰਾਜਨੀਤਕ ਅਦਾਰਿਆਂ ਤੋਂ ਲੈ ਕੇ ਮੁੱਹਲਾ ਪੱਧਰ ਤੱਕ; ਹਰ ਕੋਈ ਆਪਣਾ ਫਰਜ਼ ਸਮਝ ਕੇ ਇਸ ਪ੍ਰਤੀ ਗੰਭੀਰ

ਹੋਵੇ। ਕਲਾਕਾਰ ਵੀ ਇਸ ਖੇਤਰ ‘ਚ ਆਪਣੀ ਵੱਡੀ ਭੂਮਿਕਾ ਨਿਭਾ ਸਕਦੇ ਨੇ। ਹਰ ਮਨੁੱਖ ਫਜ਼ੂਲ ਦੀਆਂ ਗੱਲਾਂ ਛੱਡ ਕੇ ਇਸ ਪਾਸੇ ਵੱਲ ਰੁਚਿਤ ਹੋਵੇ। ਰਾਜਨੀਤਕ ਲੋਕ ਇਸ ਸੰਬੰਧ ‘ਚ ਨਰੋਈ ਪਹਿਲਕਦਮੀ ਕਰਨ। ਸਾਹਿਤਕਾਰ ਲੋਕ ਵੀ ਆਪਣੀਆਂ ਰਚਨਾਵਾਂ ਨਾਲ ਜਨਚੇਤਨਾ ਦੀ ਧੂਣੀ ਮਘਾਈ ਰੱਖਣ। ਗਿਫ਼ਟ ਦੇ ਤੌਰ ‘ਤੇ ਹਰ ਤਰ੍ਹਾਂ ਦੇ ਪੌਦੇ ਭੇਂਟ ਕੀਤੇ ਜਾਣ। ਪੌਣ-ਪਾਣੀਆਂ ਦੀ ਸੁਚੱਜੀ ਸੰਭਾਲ ਤੇ ਰੁੱਖਾਂ ਨਾਲ ਇਸ਼ਕ ਕੀਤਾ ਜਾਵੇ।

ਇਸ ਲਈ ਸਭ ਦੇ ਹੀ ਫਰਜ਼ ਬਣਦੇ ਹਨ। ਹੁਣ ਗੁਆਉਣ ਲਈ ਸਮਾਂ ਨਹੀਂ। ਇਸ ਤੋਂ ਪਹਿਲਾਂ ਕੇ ਵਾਤਾਵਰਨ ਦੀ ਭਿਆਨਕਤਾ ਸਾਨੂੰ ਮਾਰੇ, ਅਸੀਂ ਕੁੱਝ ਨਾ ਕੁੱਝ ਜਰੂਰ ਸਾਰਥਿਕ ਕਰ ਲਈਏ। ਘਰੇਲੂ ਬਜਟ ‘ਚੋਂ ਵੀ ਇਸ ਵੱਲ ਧਿਆਨ ਦੇਈਏ। ਹਰ ਮਨੁੱਖ ਨੂੰ ਇਸਦਾ ਪ੍ਰਚਾਰਕ ਤੇ ਪ੍ਰਸਾਰਕ ਬਣਨ ਦੀ ਵੀ ਵੱਡੀ ਲੋੜ ਹੈ।

**7. ਇੱਕ ਸਾਹਿਤਕਾਰ ਵਜੋਂ ਤੇ ਇੱਕ ਪਾਠਕ ਵਜੋਂ ਵਾਤਾਵਰਨ ਨੂੰ ਬਚਾਉਣ ਲਈ ਕਿਵੇਂ ਯੋਗਦਾਨ ਪਾਇਆ ਜਾ ਸਕਦਾ?**

**ਦੀਦਾਰਗੜ੍ਹ:** ਇਸ ਸੰਬੰਧ ‘ਚ ਸਾਹਿਤਕਾਰ ਬਹੁਤ ਸ਼ਾਨਦਾਰ ਰੋਲ ਨਿਭਾ ਸਕਦਾ ਹੈ। ਉਸ ਕੋਲ ਚੇਤਨਾ ਹੈ, ਸ਼ਬਦ ਨੇ, ਕਲਾ ਤੇ ਸ਼ਕਤੀਸ਼ਾਲੀ ਕਲਮ ਹੈ ਤੇ ਸੁਹਿਰਦ ਪਾਠਕ ਵੀ। ਜੇ ਸੁਜੋਗ ਵਰਤੋਂ ਕਰੇ ਤਾਂ ਇਹ ਕੁੱਝ ਕਾਫ਼ੀ ਹੈ। ਲੇਖਕ ਆਪਣੀਆਂ ਰਚਨਾਵਾਂ ‘ਚ ਸਬੰਧਿਤ ਸਾਹਿਤ ਰਚ ਕੇ ਸਦਾ ਜਨ ਚੇਤਨਾ ਫੈਲਾਉਂਦਾ ਰਹੇ। ਹਰ ਜਗ੍ਹਾ ਇਸਦਾ ਹਰ ਮਨੁੱਖ ਕੋਲ ਪ੍ਰਚਾਰ-ਪ੍ਰਸਾਰ ਕਰਦਾ ਰਹੇ। ਆਪ ਵੀ ਇਸਦੀ ਸੁਚੱਜੀ ਸਾਂਭ-ਸੰਭਾਲ ਕਰਕੇ ਰੋਲ਼ ਮਾਡਲ ਬਣੇ। ਫਜ਼ੂਲ ਦੀਆਂ ਗੱਲਾਂ ਤੇ ਸਾਹਿਤ ਛੱਡ ਕੇ ਏਧਰ ਹੀ ਧਿਆਨ ਕੇਂਦਰਿਤ ਕਰੇ। ਆਪਣੇ ਖ਼ੁਸ਼ੀ ਗ਼ਮੀ ਦੇ ਸਮਾਗਮਾਂ ਚ ਇਸ ਲਹਿਰ ਨੂੰ ਸਿਖ਼ਰ ਵੱਲ ਲਿਜਾਵੇ।

ਆਪਣੇ ਪਾਠਕ ਵਰਗ ਨੂੰ ਵੀ ਇਸ ਪਾਸੇ ਪ੍ਰੇਰਿਤ ਕਰਦਾ ਰਹੇ। ਲੇਖਿਕਾਵਾਂ ਦਾ ਪਾਠਕ ਵਰਗ ਜ਼ਿਆਦਾ ਵੱਡਾ ਹੁੰਦਾ ਹੈ। ਇਸ ਪਾਸੇ ਉਹ ਬਹੁਤ ਵੱਡਾ ਕਾਰਜ ਕਰ ਸਕਦੀਆਂ ਹਨ। ਬਸ਼ਰਤੇ ਕਿ ਉਹ ਆਪਣੀ ਪ੍ਰਸੰਸਾ ਨਾਲੋਂ ਵਾਤਾਵਰਨਿਕ ਸਰੋਕਾਰਾਂ ਵੱਲ ਧਿਆਨ ਦੇਣ। ਪਾਠਕ ਵੀ ਬਹੁਤ ਚੇਤਨ ਹੁੰਦਾ ਹੈ। ਉਹ ਵੀ ਆਪਣੇ ਸਮੇਂ ਦੀ ਸੁਚੇਤ ਵਰਤੋਂ ਕਰੇ। ਆਖ਼ਿਰ ਇਹ ਸਭ ਕੁੱਝ ਹਰ ਮਨੁੱਖ ਦਾ ਮੁੱਢਲਾ ਫਰਜ਼ ਹੀ ਹੈ। ਕੁਦਰਤੀ

ਸਰੋਤਾਂ ਤੇ ਕੋਈ ਪਰਉਪਕਾਰ ਨਹੀਂ ਤੇ ਹਰ ਤਰਾਂ ਦੀ ਸੇਵਾ ਆਖਿਰ ਮਨੁੱਖ ਨੇ ਹੀ ਕਰਨੀ ਹੁੰਦੀ ਹੈ। ਆਪਣੇ ਲਈ ਹੀ ਨਹੀਂ, ਕੁਦਰਤੀ ਸਰੋਤਾਂ ਲਈ ਸਮਾਂ ਦੇਣਾ ਸਾਡਾ ਫਰਜ਼ ਵੀ ਹੈ ਜਿੰਮੇਦਾਰੀ ਤੇ ਜਵਾਬਦੇਹੀ ਵੀ। ਇਹ ਕੰਮ ਪਸ਼ੂ-ਪੰਛੀਆਂ ਨੇ ਤਾਂ ਕਰਨੇ ਨਹੀਂ। ਮਨੁੱਖ ਚ ਬਹੁਤ ਸ਼ਕਤੀ ਹੁੰਦੀ ਹੈ ,ਇੱਕ ਪਲ ਚ ਦੁਨੀਆਂ ਦਾ ਪਾਸਾ ਪਲਟ ਸਕਦਾ ਹੈ ਤਾਂ ਵਾਤਾਵਰਨ ਲਈ ਵੀ ਬਹੁਤ ਕੁੱਝ ਹੋ ਸਕਦਾ ਹੈ। ਲੋੜ ਹੈ ਤਾਂ ਦ੍ਰਿੜ ਇੱਛਾ ਸ਼ਕਤੀ ਦੀ।

ਮੈ ਲੇਖਕਾਂ, ਪ੍ਰਚਾਰਕਾਂ, ਪੁਜਾਰੀਆਂ ਨੂੰ, ਧਾਰਮਿਕ ,ਸਮਾਜਿਕ ਅਦਾਰਿਆਂ,ਕਲਾਕਾਰਾਂ ਭਾਵੇਂ ਉਹ ਕਿਸੇ ਵੀ ਖੇਤਰ ਦੇ ਹੋਣ ਨੂੰ ਇਸ ਲਈ ਪ੍ਰੇਰਿਤ ਵੀ ਕਰਦਾ ਰਹਿੰਦਾ ਹਾਂ ਕਿਉਂਕਿ ਉਹਨਾਂ ਨਾਲ ਵੱਡਾ ਵਰਗ ਜੁੜਿਆ ਹੁੰਦਾ ਹੈ।

**8. ਵਤਾਵਰਨਿਕ ਚੇਤਨਾ ਦੇ ਪ੍ਰਸੰਗ ਵਿੱਚ ਸਿਧਾਂਤਕ ਤੇ ਵਿਹਾਰਿਕ ਉਪਰਾਲਿਆਂ ਦੇ ਅੰਤਰ ਨੂੰ ਕਿਵੇਂ ਘੱਟ ਕੀਤਾ ਜਾ ਸਕਦਾ ਹੈ?**

**ਦੀਦਾਰਗੜ੍ਹ:** ਸਿਧਾਂਤਕ ਤੌਰ ਤੇ ਹੀ ਗੱਲਾਂ ਕਰੀ ਜਾਣਾ, ਸੰਵਾਦ ਰਚਾਈ ਜਾਣਾ ਜਾਂ ਹੋਰ ਅਜਿਹਾ ਕੁੱਝ ਕਰਦੇ ਰਹਿਣਾ ਹੀ ਹੁਣ ਕਾਫ਼ੀ ਨਹੀਂ ਹੈ। ਵਿਹਾਰਕ ਲਗਾਤਾਰਤਾ ਹਰ ਜਗ੍ਹਾ ਬੇਹੱਦ ਜਰੂਰੀ ਹੈ। ਸਿਧਾਂਤਕ ਦੇ ਨਾਲ ਵਿਹਾਰਕ ਸੁਹਿਰਦਤਾ-ਸੁਮੇਲਤਾ ਦਾ ਆਪਣਾ ਹੀ ਕਰਮ ਹੈ। ਇਸਦੇ ਲਈ ਸਾਰੀਆਂ ਧਿਰਾਂ, ਧਰਮਾਂ ਨੂੰ ਨਾਲ ਲੈਕੇ ਚੱਲਣ ਦੀ ਵੱਡੀ ਜ਼ਰੂਰਤ ਵੀ ਹੈ। ਪੰਜਾਬ 'ਚ ਲੱਖਾਂ ਹੀ ਧਾਰਮਿਕ ਅਤੇ ਸਮਾਜਿਕ ਅਦਾਰੇ ਹਨ, ਜੇ ਚਾਹੁਣ ਤਾਂ ਅਜਿਹਾ ਬਾਖੂਬ ਤੇ ਬਾਕਮਾਲ ਕਾਰਜ ਕਰ ਸਕਦੇ ਹਨ। ਇਥੋਂ ਸਿਧਾਂਤਕ ਤੇ ਵਿਹਾਰਿਕ ਲਹਿਰ ਨੂੰ ਬੇਮਿਸਾਲ ਮੋੜਾ ਦਿੱਤਾ ਜਾ ਸਕਦਾ। ਸਕੂਲ-ਕਾਲਜ, ਯੂਨੀਵਰਸਿਟੀਆਂ ਵੀ ਇਸ ਸੰਬੰਧ 'ਚ ਕਮਾਲ ਕਰ ਸਕਦੀਆਂ ਹਨ ਕਿਉਂਕਿ ਉਹਨਾਂ ਕੋਲ ਟੀਚਰ ਤੇ ਸਟੂਡੈਂਟਸ ਹਨ। ਆਮ ਲੋਕ ਖੁਦ ਵੀ ਤਿਆਰ ਹਨ। ਬੱਸ ਚਿਣਗ ਮਘਾਉਣ ਦੀ ਹੀ ਲੋੜ ਹੈ। ਐਨ.ਆਰ. ਆਈ. ਵੀ ਆਪਣੇ-ਆਪਣੇ ਪਿੰਡਾਂ 'ਚ ਹਾਲਾਤਾਂ ਨੂੰ ਵੱਡਾ ਮੋੜਾ ਦੇ ਸਕਦੇ ਹਨ। ਕਿਉਂਕਿ ਪ੍ਰਦੂਸ਼ਿਤ ਵਾਤਾਵਰਨ ਪੂਰੀ ਮਨੁੱਖਤਾ ਲਈ ਹੀ ਘਾਤਕ ਹੈ। ਮਨੁੱਖਤਾ ਬਚਾਉਣ ਲਈ ਸਭ ਦਾ ਹੀ ਯਤਨਸੀਲ ਹੋਣਾ ਲਾਜ਼ਮੀ ਹੈ।

ਸਿਧਾਂਤਕ ਤੇ ਵਿਹਾਰਕ ਉਪਰਾਲਿਆਂ ਨੂੰ ਇੱਕਠਿਆਂ ਸਿਰਜਣ ਦੀ ਜ਼ਰੂਰਤ ਵੀ ਹੈ। ਖ਼ੁਸੀ-ਗ਼ਮੀ ਦੇ ਸਮਾਗਮਾਂ 'ਤੇ ਯੋਜਨਾਬੱਧ ਲਾਮਬੰਦੀ ਸਿਰਜੀ ਜਾਏ। ਸੰਤ ਬਲਵੀਰ ਸਿੰਘ ਸੀਚੇਵਾਲ, ਸੰਤ ਸੇਵਾ ਸਿੰਘ ਖਡੂਰ ਸਾਹਿਬ, ਭਗਤ ਪੂਰਨ ਸਿੰਘ ਪਿੰਗਲਵਾੜਾ ਵਾਲਿਆਂ ਨੂੰ ਰੋਲ ਮਾਡਲ ਬਣਾ ਕੇ ਸਥਿਤੀ ਨੂੰ ਤਕੜਾ ਮੋੜਾ ਦਿੱਤਾ ਜਾ ਸਕਦਾ ਹੈ। ਸਰਕਾਰਾਂ ਤੇ ਸਬੰਧਿਤ ਵਿਭਾਗ ਵੀ ਮਹਿਜ਼ ਖਾਨਾਪੂਰਤੀ ਹੀ ਨਾ ਕਰਨ। ਏਨਾ ਸਮਾਂ ਹੀ ਨਹੀਂ ਕਿ ਵਕਤ ਟਪਾਇਆ ਜਾਵੇ। ਵਾਤਾਵਰਨ ਦੀ ਸੇਵਾ ਅਸਲ 'ਚ ਗੁਰੂ ਤੇ ਪਰਮਾਤਮਾ ਦੀ ਹੀ ਸੇਵਾ ਹੁੰਦੀ ਹੈ। ਕਿਉਂਕਿ ਪ੍ਰਕਿਰਤੀ, ਗੁਰੂ ਤੇ ਰੱਬ ਵੱਖ-ਵੱਖ ਨਹੀਂ ਹਨ। ਸੁਹਿਰਦ ਸਮਝ ਦੀ ਹੀ ਗੱਲ ਹੈ।

**9. ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰਾਂ ਬਾਰੇ ਤੁਹਾਡੇ ਕੀ ਵਿਚਾਰ ਹਨ?**

**ਦੀਦਾਰਗੜ੍ਹ:** ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਦੇ ਪ੍ਰਮੁੱਖ ਸਰੋਕਾਰਾਂ ਚ ਪ੍ਰਥਮ ਤਾਂ ਮਨੁੱਖੀ ਜੀਵਨ ਦੀ ਬਾਹਰੀ ਤੇ ਅੰਦਰੂਨੀ ਜਟਲਿਤਾ ਹੀ ਹੈ। ਮਨੁੱਖ ਮਰ ਜਾਂ ਖੁਰ ਰਿਹਾ ਹੈ। ਮਨੁੱਖੀ ਜੀਵਨ 'ਚ ਹਰ ਤਰ੍ਹਾਂ ਦੇ ਪਾੜੇ ਵਧੇ ਹਨ। ਕਿਰਤ ਖ਼ੁੱਸੀ ਹੈ। ਵਾਤਾਵਰਨ ਦੇ ਨਾਲ ਰਿਸ਼ਤਿਆਂ ਵਿੱਚ ਵੀ ਪ੍ਰਦੂਸ਼ਣ ਵਧਿਆ ਹੈ। ਹਰ ਖੇਤਰ 'ਚ ਹੀ ਵਧੇ ਪ੍ਰਦੂਸ਼ਣ ਕਾਰਨ ਗਹਿਰੀ ਚਿੰਤਾ ਤੇ ਬੇਚੈਨੀ ਹੈ। ਮਨੁੱਖ ਨਾਲੋਂ ਪਦਾਰਥ ਦੀ ਕਦਰ ਵਧੀ ਹੈ। ਇਸ ਪਾਸੇ ਪੰਜਾਬੀ ਕਹਾਣੀ ਨੇ ਕਾਫ਼ੀ ਕੁੱਝ ਕਰ ਲਿਆ ਹੈ ਤੇ ਬਹੁਤ ਕੁੱਝ ਬਾਕੀ ਵੀ ਹੈ। ਨੈਸ਼ਨਲ ਪੱਧਰ 'ਤੇ ਪੈਰ ਜਮਾ ਰਹੀ ਹੈ ਤੇ ਵਿਸ਼ਵ ਪੱਧਰ ਵੱਲ ਉਡਾਣ ਭਰ ਰਹੀ ਹੈ। ਹੁਣ ਕਹਾਣੀ ਨੂੰ ਕਾਫ਼ੀ ਸੁਚੇਤ ਹੋਣ ਦੀ ਲੋੜ ਵੀ ਵਧੇਰੇ ਸ਼ਿਦੱਤ ਨਾਲ ਮਹਿਸੂਸ ਹੋ ਰਹੀ ਹੈ। ਸਾਡੇ ਕਹਾਣੀਕਾਰ ਸਭ ਪਾਸੇ ਸਭ ਮਸਲਿਆਂ 'ਤੇ ਕਰੜੀ ਨਜ਼ਰ ਰੱਖ ਰਹੇ ਹਨ ਤੇ ਸੋਹਣਾ ਸਿਰਜ ਵੀ ਰਹੇ ਹਨ।

ਇੰਟਰਨੈਟ ਨੇ ਇਸ 'ਚ ਕਾਫੀ ਦਖ਼ਲ ਦਿੱਤਾ ਹੈ, ਜਿਸ ਨਾਲ ਕਹਾਣੀ ਦੀਆਂ ਚੁਣੌਤੀਆਂ ਵੀ ਵਧ ਗਈਆਂ ਹਨ। ਪੰਜਾਬੀ ਕਹਾਣੀ ਦਾ ਸੰਘਰਸ਼ ਕਾਫੀ ਤਿੱਖਾ ਹੋ ਗਿਆ ਹੈ। ਪੰਜਾਬੀ ਕਹਾਣੀ ਪ੍ਰਮੁੱਖ ਸਰੋਕਾਰਾਂ ਨੂੰ ਹੀ ਕੇਂਦਰ 'ਚ ਲੈਕੇ ਚੱਲ ਰਹੀ ਹੈ ਜੋ ਤਸੱਲੀ ਵਾਲੀ ਗੱਲ ਵੀ ਹੈ। ਪਰ ਫਿਰ ਵੀ ਪਾਠਕਾਂ ਦੀ ਭੀੜ 'ਚ ਘਿਰਨ ਨਾਲੋਂ ਲੇਖਕ ਇੱਧਰ ਹੀ ਬਾਜ਼ ਅੱਖ ਰੱਖੇ ਤਾਂ ਸਿਰਜਣਾ ਦੁੱਗਣੀ ਚਮਕ ਸਕਦੀ ਹੈ।

**10. ਇੱਕ ਕਹਾਣੀਕਾਰ ਚੁਗਿਰਦੇ ਨੂੰ ਪੜ੍ਹਨ ਤੇ ਮਹਿਸੂਸਣ ਲਈ ਪਾਠਕ ਦਾ ਕੰਮ ਵੀ ਕਰਦਾ ਹੈ। ਵਰਤਮਾਨ ਦਹਾਕੇ ਦੇ ਵਾਤਾਵਰਨਿਕ ਸੰਕਟ ਨੂੰ ਤੁਸੀਂ ਕਿਵੇਂ ਵਾਚਦੇ ਹੋ?**

**ਦੀਦਾਰਗੜ੍ਹ:** ਕੋਈ ਵੀ ਲੇਖਕ ਪਹਿਲਾਂ ਪਾਠਕ ਹੀ ਹੁੰਦਾ ਹੈ। ਉਹ ਆਲੇ-ਦੁਆਲੇ ਨੂੰ ਬਹੁਤ ਗਹਿਰੀ ਨਜ਼ਰ ਨਾਲ ਘੋਖਦਾ ਹੈ। ਕੋਈ ਵੀ ਘਟਨਾ ਘਟੇ ਜਾਂ ਘਟਣ ਵਾਲੀ ਹੋਵੇ ਲੇਖਕ ਬਹੁਤ ਗਹਿਰੇ ਦਰਦ 'ਚੋਂ ਗੁਜ਼ਰਦਾ ਹੈ। ਭਾਵ ਕੇ ਪ੍ਰਸੂਤੀ-ਪੀੜਾ ਹੀ ਭੋਗਦਾ ਹੈ ਤੇ ਫਿਰ ਕਿਸੇ ਰਚਨਾ ਦਾ ਜਨਮ ਹੁੰਦਾ ਹੈ। ਕਲਮ ਚੁੱਕਣ ਤੋਂ ਪਹਿਲਾਂ ਮੈਨੂੰ ਵਾਤਾਵਰਨਿਕ ਸੰਕਟ ਜਿਸ ਤਰ੍ਹਾਂ ਦਾ ਨਜ਼ਰ ਆਇਆ ਇਸ ਉੱਤੇ ਉਸ ਤਰ੍ਹਾਂ ਦੀ ਹੀ ਮਨੁੱਖੀ ਲਾਪਰਵਾਹੀ ਵੀ। ਸੇਵਾ ਦੇ ਨਾਮ 'ਤੇ ਹਰ ਸਾਲ ਸਭ ਅਦਾਰਿਆਂ, ਸੰਸਥਾਵਾਂ ਵੱਲੋਂ ਪੰਜਾਬ 'ਚ ਹੀ ਅਰਬਾਂ ਰੁਪਏ ਮਿੱਟੀ ਕੀਤੇ ਕਰਵਾਏ ਜਾ ਰਹੇ ਹਨ ਪਰ ਅਸਲ ਸੇਵਾ 'ਤੇ ਧਿਆਨ ਹੀ ਨਹੀਂ।

ਸਾਡੇ ਸਾਰੇ ਕੁਦਰਤੀ ਸੋਮੇ ਖ਼ਾਤਮੇ ਵੱਲ ਜਾਂ ਬਰਬਾਦੀ ਦੀ ਕਗਾਰ 'ਤੇ ਹਨ। ਸਾਰੇ ਹੀ ਖਾਣ-ਪੀਣ ਪਦਾਰਥਾਂ 'ਚ ਜ਼ਹਿਰਾਂ ਹੀ ਜ਼ਹਿਰਾਂ ਘੁਲ਼ ਗਈਆਂ ਜਾਂ ਘੋਲ਼ ਲਈਆਂ। ਮਨੁੱਖ ਹੀ ਨਹੀਂ ਧਰਤੀ ਦੀ ਹੋਂਦ ਤੇ ਹੀ ਖ਼ਤਰਾ ਮੰਡਰਾ ਰਿਹਾ ਹੈ। ਜ਼ਹਿਰੀਲੇ ਖੇਤ, ਫ਼ਲ, ਸਬਜ਼ੀਆਂ, ਅਨਾਜ,ਪੌਣ-ਪਾਣੀ ਜ਼ਹਿਰੀਲੇ ਤੇ ਖਾਤਮੇ ਵੱਲ ਵਧਦੇ ਨਜ਼ਰ ਆ ਰਹੇ ਹਨ। ਰੁੱਖਾਂ ਦੀ ਅੰਨੇਵਾਹ ਕਟਾਈ; ਹਰ ਕਿਸੇ ਦਾ ਕੁਹਾੜਾ ਰੁੱਖਾਂ 'ਤੇ ਹੀ ਚਲਦਾ ਹੈ। ਇੰਡਸਟਰੀਆਂ ਪਾਣੀਆਂ ਤੇ ਫਿਜ਼ਾਵਾਂ ਨੂੰ ਕਤਲ ਕਰ ਰਹੀਆਂ ਹਨ। ਘੋਰ ਲਾਪਰਵਾਹੀ ਦਾ ਦੌਰ ਹੈ। ਪਰ ਫਿਰ ਵੀ ਕੁੱਝ ਸੰਸਥਾਵਾਂ, ਕਲੱਬਾਂ ਜਾਂ ਲੋਕ ਆਪਣੇ ਤੌਰ 'ਤੇ ਅੱਗੇ ਆਏ ਹਨ ਜਾਂ ਆ ਰਹੇ ਹਨ, ਜਿਸ ਤੋਂ ਚੰਗੇਰੇ ਦੀ ਆਸ ਵੀ ਬੱਝਦੀ ਹੈ। ਇਸਦੇ ਨਾਲ ਹੀ ਸੰਸਥਾਵਾਂ-ਕਲੱਬਾਂ ਵੱਲੋਂ ਜਾਂ ਨਿੱਜੀ ਤੌਰ 'ਤੇ ਕੀਤੇ ਜਾ ਰਹੇ ਕਾਰਜਾਂ ਦਾ ਭਰਪੂਰ ਸਵਾਗਤ ਹੋਣਾ ਚਾਹੀਦਾ ਹੈ। ਦਸਵੰਧ ਦੀ ਦਿਸ਼ਾ ਵੀ ਇੱਧਰ ਮੋੜਨ ਦੀ ਵੱਡੀ ਲੋੜ ਹੈ। ਮੇਰੇ ਪਿਆਰੇ ਮਿੱਤਰ ਲਖਵੀਰ ਸਿੰਘ ਔਲਖ ਜੀ ਨੇ ਇਸ ਦਿਸ਼ਾ 'ਚ ਆਪਣੇ ਖੇਤ 'ਚ ਜੰਗਲ਼ ਲਗਵਾਉਣ ਦੀ ਤਿਆਰੀ ਆਰੰਭੀ ਹੈਤੇ ਉਹ ਹੋਰ ਲੋਕਾਂ ਨੂੰ ਵੀ ਇਸ ਲਈ ਪ੍ਰੇਰਿਤ ਕਰ ਰਿਹਾ ਹੈ। ਇਹ ਪਹਿਲਕਦਮੀਆਂ ਇੱਕ ਦਿਨ ਜਰੂਰ ਰੰਗ ਲਿਆਉਣਗੀਆਂ।

**11. ਆਪ ਦੀ ਲੱਗਭੱਗ ਹਰ ਕਹਾਣੀ ਵਾਤਾਵਰਨ ਬਾਰੇ ਲਿਖੀ ਗਈ ਹੈ। ਕਹਾਣੀ ਵਿਧਾ ਵਿੱਚ ਅਜਿਹੀਆਂ ਕਹਾਣੀਆਂ ਬਾਰੇ ਪਾਠਕ ਵਰਗ ਵੱਲੋਂ ਕਿਸ ਤਰ੍ਹਾਂ ਦਾ ਹੁੰਘਾਰਾ ਮਿਲਿਆ ਹੈ?**

**ਦੀਦਾਰਗੜ੍ਹ:** ਮੈਂ ਦੱਸਣਾ ਚਾਹਾਂਗਾ ਕਿ ਮੂਲ ਰੂਪ 'ਚ ਮੈਂ ਨਾਹੀਂ ਕਹਾਣੀਕਾਰ ਤੇ ਨਾਂ ਸਾਹਿਤਕਾਰ ਹਾਂ। ਥੋੜ੍ਹੀ-ਬਹੁਤ ਗ਼ਜ਼ਲ ਕਵਿਤਾ ਜ਼ਰੂਰ ਲਿਖਦਾ ਰਿਹਾ ਹਾਂ, ਉਹ ਵੀ ਇਸ ਲਈ ਕਿ ਜੇ ਸਾਹਿਤਕ ਖੇਤਰ 'ਚ ਥੋੜ੍ਹਾ ਕੁ ਸਥਾਪਿਤ ਹੁੰਦਾ ਹਾਂ ਤਾਂ ਹੋਰ ਸਾਹਿਤਕਾਰਾਂ ਨੂੰ ਵਾਤਾਵਰਨੀ ਚੇਤਨਾ ਲਈ ਲਿਖਣ ਲਈ ਪ੍ਰੇਰ ਸਕਾਂ। ਬਹੁਤ ਸਾਹਿਤਕਾਰਾਂ ਨੂੰ ਅਜਿਹਾ ਕਿਹਾ ਵੀ ਪਰ ਸਭ ਆਪੇ 'ਚ ਮਸਤ ਲੱਗੇ। ਫਿਰ ਖੁਦ ਹੀ ਬਿਨ ਜਾਣਕਾਰੀ ਤੋਂ ਕਹਾਣੀ ਲਿਖਣੀ ਸ਼ੁਰੂ ਕਰ ਦਿੱਤੀ। ਪਹਿਲੀ ਕਹਾਣੀ 'ਪਾਣੀ ਪਿਤਾ' ਨੂੰ ਪਾਠਕਾਂ ਵੱਲੋਂ ਵੱਡਾ ਹੁੰਘਾਰਾ ਮਿਲਿਆ। ਬਾਅਦ 'ਚ ਲਿਖੀਆਂ ਗਈਆਂ ਸਭ ਕਹਾਣੀਆਂ ਨੂੰ ਬਹੁਤ ਪਿਆਰ ਮਿਲਿਆ, ਇਹ ਹੀ ਕਾਰਨ ਸੀ ਕਿ ਮੇਰੀ ਪਹਿਲੀ ਹੀ ਐਡੀਸ਼ਨ ਪਾਠਕਾਂ ਨੇ ਘਰੋਂ ਹੀ ਖ਼ਰੀਦ ਲਿਆ। ਇਸਤੋਂ ਤੁਸੀਂ ਖੁਦ ਹੀ ਅੰਦਾਜ਼ਾ ਲਗਾ ਸਕਦੇ ਹੋ। ਪਾਠਕ ਖੁਦ ਵੀ ਅਜਿਹਾ ਸਾਹਿਤ ਚਾਹੁੰਦੇ ਹਨ। ਸੈਂਕੜੇ ਸਕੂਲਾਂ-ਕਾਲਜਾਂ ਦੇ ਟੀਚਰਾਂ ਤੇ ਪ੍ਰੋਫੈਸਰਾਂ ਵੱਲੋਂ ਮੇਰੀਆਂ ਕਹਾਣੀਆਂ ਆਪਣੇ ਤੌਰ 'ਤੇ ਸਟੂਡੈਂਟਸ ਨੂੰ ਪੜ੍ਹਾ ਕੇ ਵਾਤਾਵਰਨਿਕ ਚੇਤਨਾ ਨੂੰ ਪ੍ਰਚੰਡ ਕੀਤਾ ਜਾ ਰਿਹਾ ਹੈ। ਕਈ ਅਧਿਆਪਕਾਂ ਦਾ ਕਹਿਣਾ ਹੈ ਕਿ ਮੇਰੀ ਕਹਾਣੀ ਲੈ ਕੇ ਉਹ ਸਟੂਡੈਂਟਸ 'ਚ ਖੜ੍ਹ ਕੇ ਚੱਜ ਦੀ ਗੱਲ ਕਰਨ ਜੋਗੇ ਹੋਏ ਹਨ।

ਭਾਵੇਂ ਕਿ ਨਵਾਂ ਲੇਖਕ ਹੋਣ ਕਰਕੇ ਅਤੇ ਇਸ ਖੇਤਰ ਦੀ ਕਰੂਰ ਗੈਂਗਵਾਰੀ, ਧੜੇਵੰਦੀ ਕਰਕੇ ਮੇਰੇ ਸਾਹਿਤ ਦੀ ਜ਼ਿਆਦਾ ਚਰਚਾ ਨਹੀਂ ਹੋਈ। ਪਰ ਇੰਨਾ ਜ਼ਰੂਰ ਕਿ ਮੇਰੇ ਪਾਠਕ ਇਸ ਖੇਤਰ ਵਿੱਚ ਵੱਡਾ ਕਰਮ ਜ਼ਰੂਰ ਕਰਨਗੇ; ਇਹ ਮੈਨੂੰ ਭਰਭੂਰ ਆਸ ਹੈ। ਫਿਰ ਵੀ ਪਾਠਕਾਂ, ਲੇਖਕਾਂ ਤੇ ਆਲੋਚਕਾਂ ਦੇ ਨੋਟਿਸ ਨੇ ਮੇਰੀ ਸਾਹਿਤਕ ਖੇਤਰ 'ਚ ਭਰਵੀਂ ਹਾਜ਼ਰੀ ਲਗਵਾ ਦਿੱਤੀ ਹੈ।

**12. ਆਪ ਜੀ ਨੂੰ ਹੁਣ ਤੱਕ ਮਿਲ ਚੁੱਕੇ ਵਿਸ਼ੇਸ ਸਨਮਾਨ ਤੇ ਪੁਰਸਕਾਰਾਂ ਬਾਰੇ ਸਾਂਝ ਪਾਓ!**

**ਦੀਦਾਰਗੜ੍ਹ:** ਮੇਰੇ ਲਿਖਣ ਦੇ ਮੁੱਢਲੇ ਪੜਾਅ 'ਤੇ ਹੀ ਪ੍ਰਸਿੱਧ ਕਵੀ ਹਰੀ ਸਿੰਘ ਜੀ ਜਾਚਕ ਜੀ ਵੱਲੋਂ, ਪਰਮਦੀਪ ਸਿੰਘ ਦੀਪ ਪੁਰਸਕਾਰ, ਪਾਣੀ ਪਿਤਾ ਕਹਾਣੀ ਨੂੰ ਸਾਹਿਤ ਸਭਾ ਕਾਲਾਬੂਲਾ ਵੱਲੋਂ ਗੁਰਨਾਮ ਸਿੰਘ ਭੱਠਲ'

ਪੁਰਸਕਾਰ, ਸਾਹਿਤ ਸਭਾ ਸ਼ੇਰਪੁਰ ਵੱਲੋਂ, ਵਾਤਾਵਰਨ ਪ੍ਰੇਮੀ ਸਾਹਿਤਕਾਰ ਐਵਾਰਡ, ਗ੍ਰੀਨ ਸੁਸਾਇਟੀ ਸੰਗਰੂਰ ਵੱਲੋਂ ਮੇਰੀ ਕਿਤਾਬ 'ਪਵਣੁ ਗੁਰੂ ਪਾਣੀ ਪਿਤਾ' ਇਕਵੰਜਾ ਸੌ ਰੁਪਏ ਨਾਲ ਸਨਮਾਨਿਤ, ਔਲਖ ਪਰਿਵਾਰ ਕੈਨੇਡਾ ਵੱਲੋਂ ਇਕਵੰਜਾ ਸੌ ਰੁਪਏ ਨਾਲ ਸਨਮਾਨਿਤ, ਗੁਰਦੁਆਰਾ ਸਾਚਾ ਧਨ ਮੋਹਾਲੀ ਵਲੋਂ ਤੇ ਤਖਤ ਸ੍ਰੀ ਦਮਦਮਾ ਸਾਹਿਬ ਵੱਲੋਂ ਸਨਮਾਨ, ਦਸ਼ਮੇਸ਼ ਕ੍ਰਿਕਟ ਕਲੱਬ ਸ਼ੇਰਪੁਰ ਵੱਲੋਂ ਵਿਸ਼ੇਸ਼ ਸਨਮਾਨ ਤੇ ਰੇਡੀਓ ਸੱਚ ਦੀ ਗੂੰਜ ਤੇ ਪੰਜਾਬੀ ਇਨ ਹਾਲੈਂਡ ਅਖਬਾਰ ਸਮੂਹ ਵੱਲੋਂ ਫਤਿਹਗੜ੍ਹ ਸਾਹਿਬ ਵਿੱਚ ਕਰਵਾਈ ਨਿਰਪੱਖ ਚੋਣ ‘ਚ ਕਹਾਣੀ ਵਿਧਾ ਲਈ ਕਿਤਾਬ ਪਵਣੁ ਗੁਰੂ ਪਾਣੀ ਪਿਤਾ ਨੂੰ ਮਾਤਾ ਸਤਮਿੰਦਰ ਕੌਰ ਪੁਰਸਕਾਰ ਵੀ ਪ੍ਰਾਪਤ ਹੋਇਆ ਜੋ ਕਾਫੀ ਚਰਚਾ ਦਾ ਵਿਸ਼ਾ ਬਣਿਆ।

ਪਾਠਕਾਂ ਦਾ ਘਰੋਂ ਕਿਤਾਬ ਲੈਣ ਆਉਣਾ ਵੀ ਵੱਡਾ ਪੁਰਸਕਾਰ ਹੈ। ਮੈਂ ਇਸਨੂੰ ਸਰਵੋਤਮ ਪੁਰਸਕਾਰ ਮੰਨਦਾ ਹਾਂ, ਜਦੋਂ ਮੇਰੇ ਪਾਠਕ ਦੱਸਦੇ ਹਨ ਕਿ ਉਹ ਕਿਵੇਂ ਵਾਤਾਵਰਨ ਬਚਾਉਣ ਲਈ ਯਤਨਸ਼ੀਲ ਹੋ ਗਏ ਹਨ ਤੇ ਕੀ-ਕੀ ਕਰ ਰਹੇ ਹਨ।

**13. ਆਪ ਜੀ ਦੀ ਕਹਾਣੀ ਵਿਚਲਾ ਮੁੱਖ ਪਾਤਰ 'ਮੈਂ 'ਹੀ ਰਿਹਾ ਹੈ।ਕੀ ਇਸ ਜੁਗਤ ਪਿੱਛੇ ਕੋਈ ਵਿਸ਼ੇਸ਼ ਕਾਰਨ ਰਿਹਾ ਹੈ?**

**ਦੀਦਾਰਗੜ੍ਹ:** ਜੀ ਇਸਦੇ ਕਈ ਕਾਰਨ ਹਨ। ਮੇਰਾ ਮਕਸਦ ਪਾਠਕ ਵਾਤਾਵਰਨ ਪ੍ਰੇਮੀ ਦੀ ਸਿਰਜਣਾ ਵੀ ਹੈ ਤੇ ਇਸ ‘ਚ ਮੈਨੂੰ ਸਫ਼ਲਤਾ ਵੀ ਮਿਲੀ ਹੈ। ਇਹ ਜੁਗਤ ਨੇ ਪਾਠਕ ਨੂੰ ਕੀਲਿਆ ਵੀ ਹੈ। ਮੈਂ ਪਾਤਰ ਨਾਲ ਪਾਠਕ ਸਭ ਕੁੱਝ ਆਪਣੇ ਨਾਲ ਹੀ ਘਟਤ ਮਹਿਸੂਸ ਕਰਦਾ ਹੈ ਤੇ ਹਾਜ਼ਿਰ ਰਹਿੰਦਾ ਹੈ। ਮੈਂ ਪਾਤਰ ਜੋੜਦਾ ਹੈ, ਝੰਜੋੜਦਾ ਹੈ ਤੇ ਪਾਠਕ ਦੀ ਰੂਹ ਕੰਬ ਜਾਂਦੀ ਹੈ। ਭਿਆਨਕਤਾ ਚਿਤਵ ਕੇ ਓਹ ਹੋਰ ਵੀ ਮਜ਼ਬੂਤ ਹੁੰਦਾ ਹੈ ਤੇ ਸਮਝਦਾ ਹੈ ਕਿ ਇਹ ਕਾਰਜ ਤਾਂ ਮੇਰਾ ਹੀ ਹੈ। ਅਸਲ ‘ਚ ਮੈ ਪਾਤਰ, ਵਾਤਾਵਰਨ ਪ੍ਰੇਮੀ ਪੈਦਾ ਕਰਨ ‘ਚ ਅਹਿਮ ਭੂਮਿਕਾ ਵੀ ਨਿਭਾਉਂਦਾ ਹੈ। ਚੇਤਨਾ ਲਈ ਮੈਂ ਪਾਠਕ ਨੂੰ ਪਾਤਰਾਂ ਦੇ ਜਾਲ਼ ਚ ਨਹੀ ਉਲਝਾਉਣਾ ਚਾਹੁੰਦਾ ਤਾਂ ਕਿ ਪਾਠਕ ਦਾ ਧਿਆਨ ਮੁੱਦੇ ‘ਤੇ ਹੀ ਰਹੇ ਤੇ ਜਿਸ ਤਰ੍ਹਾਂ ਮੈਂ ਪਾਠਕ ਦੀ ਕਿਤਾਬ ਪੜ੍ਹਨ ਤੋਂ ਬਾਅਦ ਉਸਾਰੀ ਚਾਹੁੰਦਾ ਸੀ ਉਸ ਤਰ੍ਹਾਂ ਹੀ ਸਾਹਮਣੇ ਆਵੇ। ਪੂਰੀ ਕਿਤਾਬ ਪੜ੍ਹਨ ਤੋਂ ਬਾਅਦ ਪਾਠਕ ਕਦੇ

ਵੀ ਕਿਸੇ ਹੋਰ ਵਿਸ਼ੇ ਵੱਲ ਨਾ ਸੋਚੇ ਤੇ ਪੂਰੀ ਤਰ੍ਹਾਂ ਅੰਦਰੋਂ ਸਮਰਪਿਤ ਹੋ ਜਾਵੇ। ਦੂਜਾ ਕਾਰਨ ਪਾਤਰਾਂ ਤੋਂ ਕੰਮ ਕਰਵਾਉਣ ਨਾਲ ਘਟਨਾਵਾਂ 'ਚੋਂ ਉਪਜੀ ਜਾਂ ਉਪਜਣ ਵਾਲੀ ਅੰਦਰਲੀ ਉਥਲ-ਪੁਥਲ ਨੂੰ ਪੂਰੀ ਤਰਾਂ ਸਕਾਰ ਕਰ ਸਕਾਂ ਤਾਂ ਕਿ ਪਾਠਕ ਇਸ ਨੂੰ ਮਨੋਰੰਜਨ ਵਜੋਂ ਨਾ ਲਏ ਅਤੇ ਪੜ੍ਹਕੇ ਭੁੱਲ ਨਾ ਜਾਏ। ਇਹ ਜੁਗਤ ਮੁੱਖ ਮਨੋਰਥ ਲਈ ਬੇਹੱਦ ਕਾਰਗਰ ਲੱਗੀ।

ਅਜਿਹਾ ਨਹੀਂ ਕਿ ਹੋਰਨਾਂ ਪਾਤਰਾਂ ਤੋਂ ਕੰਮ ਕਰਵਾਉਣ ਦੀ ਕਲਾ ਨਹੀਂ ਹੈ, ਪਰ ਅਸਲ ਕਲਾਕਾਰੀ ਮੈ ਪਾਤਰ ਹੀ ਨਿਭਾਉਂਦਾ ਹੈ।ਇਸ ਕਲਾ ਨਾਲ਼ ਪਾਠਕ ਨੂੰ ਇੰਝ ਲੱਗਦਾ ਹੈ ਜਿਵੇਂ ਸਕਾਰ ਹਾਲਾਤਾਂ ਚੋਂ ਖ਼ੁਦ ਗੁਜ਼ਰ ਰਿਹਾ ਹੋਵੇ। ਭਿਆਨਕ ਹੋਣੀ ਚੋਂ ਲੰਘ ਕੇ ਮਨੁੱਖ ਕੋਈ ਨਾ ਕੋਈ ਹੱਥ ਪੱਲਾ ਜ਼ਰੂਰ ਮਾਰੇਗਾ, ਇਹ ਮੇਰਾ ਵਿਸ਼ਵਾਸ ਹੈ।

**14. ਇੱਕੀਵੀਂ ਸਦੀ ਦੇ ਵਤਾਵਰਨਿਕ ਸੰਕਟ ਜਿੰਨੇ ਕੁ ਭਿਆਨਕ ਹੁੰਦੇ ਜਾ ਰਹੇ ਹਨ, ਕਹਾਣੀ ਵਿਧਾ ਵਿੱਚ ਵਾਤਾਵਰਨ ਨਾਲ ਸਬੰਧਿਤ ਸਾਹਿਤ ਓਨਾ ਹੀ ਘੱਟ ਲਿਖਿਆ ਜਾ ਰਿਹਾ ਹੈ। ਇਸ ਵਿੱਥ ਬਾਰੇ ਤੁਸੀਂ ਕੀ ਮਹਿਸੂਸ ਕਰਦੇ ਹੋ?**

**ਦੀਦਾਰਗੜ੍ਹ:** ਇਹ ਇੱਕ ਗੰਭੀਰ ਚਿੰਤਾ ਦਾ ਵਿਸ਼ਾ ਤੇ ਬਹੁਤ ਵੱਡਾ ਪਾੜਾ ਹੈ ਅਤੇ ਬਹੁਤ ਹੀ ਹੈਰਾਨਕੁੰਨ ਵੀ। ਖ਼ੌਰੇ ਅਜੇ ਪੰਜਾਬੀ ਸਾਹਿਤਕਾਰਾਂ ਨੂੰ ਵਰਜਿਤ ਰਿਸ਼ਤਿਆਂ 'ਤੇ ਹੀ ਜਿਆਦਾਤਰ ਕਲਮ ਚਲਾਉਣੀ ਕਿਉਂ ਭਾਉਂਦੀ ਹੈ ਅਤੇ ਵਾਤਾਵਰਨ ਦੇ ਅਤਿਅੰਤ ਵਿਗਾੜ ਉਹਨਾਂ ਨੂੰ ਕਿਉਂ ਨਹੀਂ ਦਿਸ ਰਹੇ ਜਾਂ ਉਹ ਦੇਖਣਾ ਹੀ ਨਹੀਂ ਚਾਹੁੰਦੇ। ਸੱਤਰੇ-ਬਹੱਤਰੇ ਕਵੀ ਵੀ ਇਸ਼ਕੀਆ ਕਵਿਤਾਵਾਂ ਸਿਰਜ ਰਹੇ ਹਨ। ਜ਼ਿਆਦਾਤਰ ਲੇਖਿਕਾਵਾਂ ਦਾ ਵੀ ਇਹੋ ਹਾਲ ਹੈ। ਇਹ ਵੀ ਸਮਝ ਨਹੀਂ ਆਉਂਦੀ ਕਿ ਸਨਮਾਨ ਤੇ ਪੁਰਸਕਾਰ ਕਿਸ ਗੱਲ ਲਈ ਦਿੱਤੇ ਤੇ ਲਏ ਜਾ ਰਹੇ ਹਨ। ਐਨੇ ਕਿਹੜੇ ਮਾਅਰਕੇ ਮਾਰ ਲਏ ਨੇ? ਜਵਾਨੀਆਂ-ਕਿਸਾਨੀਆ ਮਰ ਰਹੀਆਂ ਹਨ। ਆਮ ਲੋਕ ਚੌਰਾਹੇ 'ਚ ਖੜੇ ਬਿਲਖ ਰਹੇ ਹਨ। ਸਾਹਿਤਕ ਰਚਨਾਵਾਂ 'ਚ ਬਾਤਾਂ ਦੇ ਬਤੰਗੜ ਨੂੰ ਮਾਨਤਾ ਮਿਲ ਰਹੀ ਹੈ। ਹਾਲਾਂਕਿ ਪੰਜਾਬੀ ਸਾਹਿਤ 'ਚ ਸਮਰੱਥ ਸਾਹਿਤਕਾਰਾਂ ਦੀ ਕਮੀ ਨਹੀਂ ਹੈ। ਨਿੱਤ ਨਵੇਂ ਤਜ਼ਰਬੇ ਹੋ ਰਹੇ ਹਨ ਤੇ ਕਾਫ਼ੀ ਕਲਾਸੀਕਲ ਸਾਹਿਤ ਸਿਰਜਿਆ ਵੀ ਜਾ ਰਿਹਾ ਹੈ। ਪੰਜਾਬੀ ਦੀ ਹਰ ਵਿਧਾ ਵਿਸ਼ਵ ਸਾਹਿਤ ਨੂੰ

ਟੱਕਰ ਦੇਣ ਦੇ ਸਮਰੱਥ ਹੋ ਰਹੀ ਹੈ। ਨਵੇਂ ਸਾਹਿਤਕਾਰ ਬਹੁਤ ਵਧੀਆ ਲਿਖ ਰਹੇ ਹਨ। ਪਰ ਉਹਨਾਂ ਦੇ ਰਾਹ ਦਾ ਰੋੜਾ ਫੋਕੀ ਪ੍ਰਸ਼ੰਸਾ ਬਣ ਰਹੀ ਹੈ। ਇਸ ਪਾਸੇ ਵਧੇਰੇ ਧਿਆਨ ਦੇਣ ਦੀ ਲੋੜ ਹੈ। ਸਖ਼ਤ ਮਿਹਨਤ ਤੇ ਰਿਆਜ਼ ਤੋਂ ਸੱਖਣਾ ਸਾਹਿਤ ਵੀ ਪ੍ਰਦੂਸ਼ਣ ਹੀ ਫੈਲਾਏਗਾ। ਪੰਜਾਬੀ ਦੇ ਸਮਰੱਥ ਕਹਾਣੀਕਾਰ ਜਸਵੀਰ ਸਿੰਘ ਰਾਣਾ ਨੇ ਇਸ ਮਿੱਥ ਨੂੰ ਤੋੜਿਆ ਵੀ ਹੈ। ਹਾਲਾਂਕਿ ਉਸਨੂੰ ਉਹ ਸਨਮਾਨ ਨਹੀਂ ਮਿਲ ਸਕਿਆ ਜਿਸਦਾ ਉਹ ਅਸਲੀ ਹੱਕਦਾਰ ਹੈ। ਡਾ. ਡੀ. ਪੀ. ਸਿੰਘ, ਗੁਰਚਰਨ ਨੂਰਪੁਰ, ਬਲਵੀਰ ਪਰਵਾਨਾ, ਗੁਰਮੀਤ ਪਲਾਹੀ ਆਦਿ ਇਸ ਖੇਤਰ ਚ ਸੁਹਰਿਦਤਾ ਨਾਲ ਯਤਨਸੀਲ ਹਨ।

**15. ਇੱਕੀਵੀਂ ਸਦੀ ਦੇ ਵਰਤਮਾਨ ਦਹਾਕੇ ਦੀ ਪੰਜਾਬੀ ਕਹਾਣੀ ਦੀ ਦਸ਼ਾ ਤੇ ਦਿਸ਼ਾ ਕਿਸ ਤਰ੍ਹਾਂ ਨਿਰਧਾਰਿਤ ਕਰਨਾ ਚਾਹੁੰਦੇ ਹੋ?**

**ਦੀਦਾਰਗੜ੍ਹ:** ਇਸ ਖੇਤਰ 'ਚ ਅਜੇ ਮੈ ਨਵਾਂ ਹਾਂ ਤੇ ਪੜ੍ਹਿਆ ਵੀ ਬਹੁਤ ਘੱਟ ਹਾਂ ਕਿ ਇਸ ਦੀ ਦਸ਼ਾ ਤੇ ਦਿਸ਼ਾ ਬਾਰੇ ਗੱਲ ਕਰਾਂ। ਪਰ ਮੇਰਾ ਮੰਨਣਾ ਹੈ ਕਹਾਣੀ ਆਮ ਮਨੁੱਖ ਦੀਆਂ ਰੋਜ਼ਮੱਰ੍ਹਾ ਦੀਆਂ ਸਮੱਸਿਆਵਾਂ ਨਾਲ ਹੀ ਜੁੜੀ ਹੋਣੀ ਚਾਹੀਦੀ ਹੈ। ਉਸ 'ਚ ਬੇਲੋੜਾ ਵਿਸਥਾਰ, ਜਾਂ ਸਾਹਿਤਕ ਖੇਤਰ 'ਚ ਹਾਜ਼ਰੀ ਲਈ ਸਮਕਾਲੀ ਕਹਾਣੀਕਾਰਾਂ 'ਤੇ ਆਪਣਾ ਪ੍ਰਭਾਵ ਜਾਂ ਦਬਦਬਾ ਕਾਇਮ ਕਰਨ ਲਈ ਨਹੀਂ, ਸਗੋਂ ਸਮਾਜ ਦੇ ਕਲਿਆਣ ਹਿੱਤ ਹੀ ਹੋਣੀ ਚਾਹੀਦੀ ਹੈ। ਸ਼ਬਦਾਵਲੀ ਨਿੱਗਰ ਨਰੋਈ ਤੇ ਕਲਾਸਿਕ ਹੋਣੀ ਚਾਹੀਦੀ ਹੈ। ਪਾਠਕ ਅਕੇਵਾਂ ਮਹਿਸੂਸ ਨਾ ਕਰੇ। ਸਮੇਂ ਦੀਆਂ ਬਦਲਦੀਆਂ ਪ੍ਰਸਥਿਤੀਆਂ ਮੁਤਾਬਿਕ ਜਾਂ ਭਵਿੱਖ ਕਾਲ ਨੂੰ ਮੁੱਖ ਰੱਖ ਕੇ ਕਹਾਣੀ ਦੀ ਸਿਰਜਣਾ ਹੋਵੇ।

ਦੂਜਾ ਸਮਾਜਿਕ ਕਚਰਾ ਕਹਾਣੀ 'ਚ ਨਹੀਂ ਹੋਣਾ ਚਾਹੀਦਾ। ਵਰਜਿਤ ਰਿਸ਼ਤਿਆਂ 'ਤੇ ਕਾਫੀ ਲਿਖਿਆ ਜਾ ਰਿਹਾ ਹੈ। ਇਹ ਸਭ ਤਾਂ ਪਾਠਕ ਹਰ ਜਗ੍ਹਾ ਦੇਖ ਹੀ ਰਿਹਾ ਹੈ। ਕਹਾਣੀਕਾਰ ਨੂੰ ਚਾਹੀਦਾ ਹੈ ਕਿ ਮਰ ਰਹੇ ਮਨੁੱਖ ਨੂੰ ਕਿਰਤ ਨਾਲ ਜੁੜਨ ਤੇ ਸਹਿਜਤਾ-ਸਰਲਤਾ ਨਾਲ ਭਰਪੂਰ ਜੀਵਨ ਜਿਉਣ ਵਾਲੀ ਕਹਾਣੀ ਬੁਣੇ। ਜਿਸਦੀ ਪੰਜਾਬੀ ਗਲਪ ਚ ਕਾਫੀ ਘਾਟ ਹੈ। ਨਿੱਕੀਆਂ ਨਿੱਕੀਆਂ ਥੋਥੀਆਂ ਗੱਲਾਂ 'ਤੇ ਹੀ ਕਹਾਣੀ ਰਚਣ ਨਾਲੋਂ ਚੰਗਾ ਹੈ ਕੁਝ ਵਧੀਆ ਪੜ੍ਹ ਲਿਆ ਜਾਵੇ। ਘਟੀਆ ਕਹਾਣੀਕਾਰ ਹੋਣ ਨਾਲੋਂ ਵਧੀਆ ਪਾਠਕ ਹੋਣਾ ਕਿਤੇ ਚੰਗਾ

ਹੈ। ਇਹ ਵੀ ਕਹਾਂਗਾ ਕਿ ਪੰਜਾਬੀ ਜਨ ਜੀਵਨ 'ਚ ਕਾਫ਼ੀ ਉਥਲ-ਪੁਥਲ ਤੇ ਹਫ਼ੜਾ ਦਫ਼ੜੀ ਹੈ। ਹਰ ਮਨੁੱਖ ਹਾਲਾਤਾਂ ਦਾ ਛੰਬਿਆ ਪਿਆ ਹੈ। ਕਹਾਣੀਕਾਰ ਵੈਦ ਦਾ ਰੋਲ ਅਦਾ ਕਰੇ ਤੇ ਸੋਹਣੀ ਕਹਾਣੀ ਨਾਲ ਪਾਠਕ ਨੂੰ ਬਿਖੜੇ ਹਾਲਾਤਾਂ 'ਚੋਂ ਕੱਢੇ।

ਘੱਟੋ-ਘੱਟ ਮੈਂ ਇਸ ਪਾਸੇ ਤੁਰਨ ਲਈ ਯਤਨਸ਼ੀਲ ਰਹਾਂਗਾ। ਸਮਕਾਲੀ ਕਹਾਣੀਕਾਰਾਂ ਦੇ ਆਪਣੇ ਦਾਇਰੇ ਤੇ ਰੇਖਾਵਾਂ ਵੀ ਹੋ ਸਕਦੀਆਂ ਨੇ ਤੇ ਖ਼ਾਸ ਕਿਸਮ ਦਾ ਪਾਠਕ ਵਰਗ ਵੀ। ਮੇਰੀ ਭਰਪੂਰ ਕੋਸ਼ਿਸ਼ ਹੋਵੇਗੀ ਕਿ ਮਰ ਰਹੀ ਮਨੁੱਖਤਾ ਨੂੰ ਬਚਾਉਣ ਲਈ ਕਹਾਣੀ 'ਚ ਸਾਰੀਆਂ ਤਕਨੀਕਾਂ ਵਰਤਾਂਗਾ। ਆਪਣੇ ਹੀ ਢੰਗ ਦੇ ਸਮਾਜਿਕ ਮਸਲਿਆਂ ਨਾਲ ਜੁੜੇ ਪਾਤਰਾਂ ਦੀ ਨਵ ਸਿਰਜਣਾ ਵੱਲ ਕੇਂਦਰਿਤ ਰਹਿਣ ਦਾ ਯਤਨ ਕਰਾਂਗਾ।

**16. ਵਾਤਾਵਰਨਿਕ ਪੰਜਾਬੀ ਕਹਾਣੀ ਨੂੰ ਪਾਠਕਾਂ ਨਾਲ ਜੋੜਨ ਲਈ ਕੀ ਕੁੱਝ ਕੀਤਾ ਜਾ ਸਕਦਾ ਹੈ?**

**ਦੀਦਾਰਗੜ੍ਹ:** ਸਭ ਤੋਂ ਵੱਡੀ ਗੱਲ ਤਾਂ ਇਸ ਕਿਸਮ ਦੀ ਕਹਾਣੀ ਦੀ ਬੁਣਤੀ ਹੀ ਬਹੁਤ ਠੋਸ ਤੇ ਕਲਾਸਿਕ ਹੋਣੀ ਚਾਹੀਦੀ ਹੈ। ਸਮਾਜ ਵਿੱਚ ਚੱਲ ਰਹੇ ਚੇਤਨਾ ਪਸਾਰਾਂ ਤੋਂ ਇਲਾਵਾ ਭਵਿਖਮੁੱਖੀ ਢੰਗ ਨਾਲ ਕਹਾਣੀ ਲਿਖੀ ਜਾਵੇ ਜੋ ਪਾਠਕ ਨੂੰ ਭਰਪੂਰ ਹਲੂਣੇ ਦੇਵੇ। ਫਿੱਕੀਆਂ-ਥੋਥੀਆਂ ਕਹਾਣੀਆਂ ਪਾਠਕ ਨੂੰ ਨਾਲ ਨਹੀਂ ਜੋੜ ਸਕਦੀਆਂ, ਇਸ ਲਈ ਲੇਖਕ ਆਪਣੇ ਹੁਨਰ ਦੀ ਭਰਭੂਰ ਵਰਤੋਂ ਕਰਕੇ ਆਪਣੇ ਆਪ ਨੂੰ ਵੀ ਸਿੱਧ ਕਰੇ। ਸੋਸ਼ਲ ਮੀਡੀਆ 'ਤੇ ਉਹ ਆਪਣੀ ਨਵੀਂ ਲਿਖੀ ਕਹਾਣੀ ਦੇ ਨਿੱਕੇ-ਨਿੱਕੇ ਟੋਟੇ ਵਾਇਰਲ ਕਰੇ। ਅਖਬਾਰਾਂ ਤੇ ਮੈਗਜ਼ੀਨ ਵੀ ਅਜਿਹੀਆਂ ਕਹਾਣੀਆਂ ਨੂੰ ਪਹਿਲ ਦੇਣ। ਪ੍ਰਕਾਸ਼ਕ ਵੀ ਅਜਿਹੇ ਲੇਖਕਾਂ ਨੂੰ ਛਾਪਣ ਲਈ ਤਰਜੀਹ ਦੇਣ ਕਿਉਂਕਿ ਇਹ ਮੁੱਦਾ ਕਿਸੇ ਲਈ ਵੀ ਪੈਸੇ ਕਮਾਉਣ ਦਾ ਨਹੀਂ, ਸੇਵਾ ਵਾਲਾ ਕਾਰਜ ਹੀ ਹੈ। ਇਹ ਸਾਡੇ ਸਭ ਨਾਲ ਜੁੜਿਆ ਗੰਭੀਰ ਮਸਲਾ ਹੈ। ਪਾਠਕ ਵੀ ਕਿਤਾਬ ਖ਼ਰੀਦ ਕੇ ਇਸ ਦਾ ਪ੍ਰਚਾਰ ਪ੍ਰਸਾਰ ਕਰਨ। ਇਸ ਤਰਾਂ ਦਾ ਸਾਹਿਤ ਹਰ ਕਿਸੇ ਦੀ ਪਹੁੰਚ 'ਚ ਵੀ ਹੋਵੇ ਤੇ ਸਾਰੇ ਹੀ ਇਸਦੇ ਪ੍ਰਚਾਰਕ ਵੀ ਹੋਣ। ਲੇਖਕ ਵੀ ਈਰਖ਼ਬਾਜ਼ੀ ਧੜੇਬੰਦੀ ਛੱਡ ਕੇ ਅਜਿਹੇ ਸਾਹਿਤ ਨੂੰ ਪਿਆਰ ਭੇਂਟਣ। ਲੋੜਵੰਦ ਪਾਠਕਾਂ ਨੂੰ ਕਿਤਾਬ ਫ਼ਰੀ ਦਿੱਤੀ ਜਾ ਸਕਦੀ ਹੈ।

**17. ਕੀ ਵਿਸ਼ੇ ਅਧੀਨ ਪੰਜਾਬੀ ਕਹਾਣੀ ਵਾਤਾਵਰਨ ਚੇਤਨਾ ਪ੍ਰਸਾਰਿਤ ਕਰਨ ਦੇ ਸਮਰੱਥ ਹੈ? ਜੇ ਹੈ ਤਾਂ ਕਿਵੇਂ? ਕਿਰਪਾ ਕਰਕੇ ਵੇਰਵੇ ਸਾਹਿਤ ਸਮਝਾਓ।**

**ਦੀਦਾਰਗੜ੍ਹ:** ਜੀ! ਵਿਸ਼ੇ ਅਧੀਨ ਪੰਜਾਬੀ ਕਹਾਣੀ ਇਸ ਪੱਖੋਂ ਪੂਰਨ ਸਮਰੱਥ ਹੈ। ਇਹ ਪਾਠਕ 'ਤੇ ਜਾਦੂਈ ਅਸਰ ਕਰਦੀ ਹੈ। ਪਾਠਕ ਸਦੀਵੀ ਤੌਰ 'ਤੇ ਕੀਲਿਆ ਜਾਂਦਾ ਹੈ ਅਤੇ ਸੁਚੇਤ ਕਾਰਜ ਕਰਦਾ ਹੈ। ਉਸ ਅੰਦਰ ਸੇਵਾਭਾਵਨਾ ਪ੍ਰਫੁਲਿਤ ਹੁੰਦੀ ਹੈ। ਜ਼ਿੰਮੇਦਾਰੀ ਦਾ ਅਹਿਸਾਸ ਜਾਗਦਾ ਹੈ।

ਮੈਨੂੰ ਪਾਠਕਾਂ ਦੀਆਂ ਕਾਲਾਂ ਆਉਂਦੀਆਂ ਹਨ। ਪਾਠਕ ਕਹਾਣੀਆਂ ਪੜ੍ਹ ਕੇ ਇਸ ਪੱਖ ਤੋਂ ਆਪਣੇ ਵੱਲੋਂ ਸ਼ੁਰੂ ਕੀਤੇ ਜਾ ਰਹੇ ਕਾਰਜਾਂ ਬਾਰੇ ਦੱਸਦੇ ਹਨ। ਇੱਕ ਦੋ ਲੜਕੀਆਂ ਨੇ ਤਾਂ ਇੱਥੋਂ ਤੱਕ ਕਿਹਾ ਕਿ ਵਤਾਵਰਨਿਕ ਸੇਵਾ ਤੋਂ ਜੇ ਕੋਈ ਚੁਪੇੜ ਵੀ ਮਾਰ ਜਾਏ ਤਾਂ ਵੀ ਉਹ ਆਪਣੇ ਕਾਰਜ ਜਾਰੀ ਰੱਖਣਗੀਆਂ। ਪਾਣੀ ਪਿਤਾ ਕਹਾਣੀ ਨੇ ਲੱਖਾਂ ਕੁਦਰਤ ਪ੍ਰੇਮੀ ਪੈਦਾ ਕੀਤੇ ਹਨ। ਤਕਰੀਬਨ ਸਭ ਦਾ ਹੀ ਕਹਿਣਾ ਸੀ ਕਿ ਉਹ ਕਹਾਣੀ ਪੜ੍ਹ ਕੇ ਕੰਬ ਗਏ, ਉਹ੍ਹ ਭਵਿੱਖ ਬਾਰੇ ਸੋਚ ਕੇ ਡਰ ਗਏ। ਮੇਰਾ ਮਕਸਦ ਵੀ ਇਹੀ ਸੀ। ਇਸ ਲਈ ਭਵਿਖਮੁੱਖੀ ਕਹਾਣੀਆਂ ਸਿਰਜੀਆਂ। ਅਜਿਹੀਆਂ ਕਹਾਣੀਆਂ ਮਹਿਜ਼ ਮਨੋਰੰਜਨ ਲਈ ਤਾਂ ਹੁੰਦੀਆਂ ਨਹੀਂ।

ਪਾਠਕ ਮੇਰੀ ਪ੍ਰਸੰਸਾ ਕਰਦੇ ਹਨ। ਮੈਨੂੰ ਪ੍ਰਸ਼ੰਸਾ ਦੀ ਨਹੀਂ, ਉਹਨਾਂ ਵੱਲੋਂ ਕੀਤੇ ਕਾਰਜਾਂ ਦੀ ਲੋੜ ਹੈ। ਇਸ ਲਈ ਹਰ ਪਾਠਕ ਨੂੰ ਕਹਿੰਦਾ ਹਾਂ ਕਿ ਤੂੰ ਵਾਤਾਵਰਨ ਲਈ ਕੀ ਕਰ ਰਿਹਾ ਹੈਂ ਜਾਂ ਕਰੇਂਗਾ ਇਹ ਦੱਸ..ਫਿਰ ਮੈਂ ਉਸਨੂੰ ਇਸ ਪਾਸੇ ਸੇਵਾ ਕਰਨ ਦੀ ਨਿੱਗਰ ਪ੍ਰੇਰਨਾ ਦਿੰਦਾ ਹਾਂ।

ਗਲਪ ਵਿਧੀ ਕਾਫ਼ੀ ਸੋਚ ਸਮਝ ਕੇ ਹੀ ਚੁਣੀ ਹੈ। ਸਾਹਿਤ ਦੀ ਹੋਰ ਵਿਧਾ ਚੇਤਨਾ ਪਸਾਰ ਚ ਇੰਨੀ ਕਾਰਗਰ ਨਹੀਂ। ਹੋਰ ਵਿਧਾ 'ਚ ਅਸੀਂ ਸੁਣ ਜਾਂ ਪੜ੍ਹ ਤਾਂ ਲੈਂਦੇ ਹਾਂ ਪਰ ਅਵੇਸਲੇ ਹੀ ਰਹਿੰਦੇ ਹਾਂ। ਗਲਪ ਵਿਧੀ ਧੁਰ ਰੂਹ ਨੂੰ ਕੰਬਣੀ ਛੇੜਦੀ ਹੈ। ਦੂਸਰੇ ਪਾਠਕਾਂ ਬਾਰੇ ਕੀ, ਮੈਂ ਖ਼ੁਦ ਹੀ ਆਪਣੀ ਕਹਾਣੀ ਪੜ੍ਹ ਕੇ ਕੰਬ ਜਾਂਦਾ ਹਾਂ। ਇਹ ਵਿਧਾ ਇੱਕ ਬੇਹੱਦ ਕਾਰਗਰ ਹਥਿਆਰ ਹੈ। ਮੈ ਇਸਦੀ ਸ਼ਕਤੀ ਤੇ ਚਮਕ ਨੂੰ ਬਹੁਤ ਨੇੜਿਉਂ ਦੇਖਦਾ ਹਾਂ। ਧੁਰ ਕਿਤੇ ਆਸ ਦੀ ਚਿਣਗ ਮਘਦੀ ਲੱਗਦੀ ਹੈ।

**18. ਪੰਜਾਬੀ ਕਹਾਣੀ ਦੇ ਪਾਠਕਾਂ ਨੂੰ ਕੀ ਸੁਨੇਹਾ ਦੇਣਾ ਚਾਹੋਗੇ?**

**ਦੀਦਾਰਗੜ੍ਹ:** ਮੇਰਾ ਮੰਨਣਾ ਹੈ ਕਿ ਪੰਜਾਬੀ ਕਹਾਣੀ ਦੇ ਪਾਠਕ, ਲੇਖਕ ਨਾਲੋਂ ਜਿਆਦਾ ਸੁਚੇਤ ਹਨ। ਉਹਨਾਂ ਨੂੰ ਪਤਾ ਹੈ ਕਿ ਕੀ ਪੜ੍ਹਨਾ ਹੈ ਤੇ ਕੀ ਨਹੀਂ। ਪਰ ਫਿਰ ਵੀ ਕਹਿਣਾ ਚਾਹਾਂਗਾ ਕਿ ਉਹ ਜ਼ਿੰਦਗੀ ਦੇ ਜਾਂ ਸਮਾਜ

ਸੁਧਾਰਾਂ ਨਾਲ਼ ਜੁੜਿਆ ਨਿੱਗਰ ਸਾਹਿਤ ਹੀ ਪੜ੍ਹਨ ਤੇ ਬੱਚਿਆਂ ਨੂੰ ਪੜ੍ਹਾਉਣ ਤੇ ਇਸਦਾ ਪ੍ਰਚਾਰ-ਪ੍ਰਸਾਰ ਕਰਨ। ਖੁਸ਼ੀ ਗ਼ਮੀ ਦੇ ਪ੍ਰੋਗਰਾਮਾਂ ਤੇ ਵਧੀਆ ਕਿਤਾਬਾਂ ਦੋਸਤਾਂ ਰਿਸ਼ਤੇਦਾਰਾਂ ਨੂੰ ਭੇਂਟ ਕਰਨ ਤਾਂ ਜੋ ਸਭ ਵਧੀਆ ਸੇਧ ਲੈ ਕੇ ਚੰਗੀ ਤਿਆਰੀ ਨਾਲ ਸਮਾਜ ਤੇ ਦੇਸ਼ ਦੀ ਤੱਰਕੀ ਚ ਮੁੱਲਵਾਨ ਯੋਗਦਾਨ ਪਾਇਆ ਜਾ ਸਕੇ। ਦੂਸਰਾ ਕਿਸੇ ਵੀ ਲੇਖਕ ਕੋਲੋਂ ਕਿਤਾਬ ਖਰੀਦ ਕੇ ਹੀ ਪੜ੍ਹਨ। ਮੁਫ਼ਤ ਦੀ ਪ੍ਰੰਪਰਾ ਲੇਖਕ ਤੇ ਪਾਠਕ ਨੂੰ ਤੋੜਨੀ ਚਾਹੀਦੀ ਹੈ। ਲੇਖਕ ਵੀ ਕਿਤਾਬ ਖ਼ਰੀਦ ਕੇ ਹੀ ਪੜ੍ਹੇ ਤੇ ਆਪਣੀ ਕਿਤਾਬ ਦੇ ਕੁਝ ਪੈਸੇ ਜਰੂਰ ਲਵੇ। ਖ਼ੁਸ਼ੀ-ਗ਼ਮੀ ਦੇ ਪ੍ਰੋਗਰਾਮਾਂ 'ਤੇ ਕੁੱਝ ਅਜਿਹਾ ਵੀ ਕਰੇ ਕਿ ਵਾਤਾਵਰਨਿਕ ਚੇਤਨਾ ਦਾ ਪ੍ਰਚਾਰ-ਪ੍ਰਸਾਰ ਹੋ ਸਕੇ। ਧਾਰਮਿਕ ਤੇ ਸਮਾਜਿਕ ਅਦਾਰਿਆਂ ਅਤੇ ਰਾਜਨੀਤਕ ਲੋਕਾਂ ਜਾਂ ਜਿੰਨ੍ਹਾ ਸੰਸਥਾਵਾਂ ਦਾ ਲੋਕਾਂ ਨਾਲ ਸਿੱਧਾ ਸੰਪਰਕ ਹੋਵੇ, ਉਹਨਾਂ ਨੂੰ ਵਾਤਾਵਰਨ ਵਾਲੇ ਪਾਸੇ ਧਿਆਨ ਦੇਣ ਦੀ ਬੇਨਤੀ ਜ਼ਰੂਰ ਕਰੇ। ਛੋਟੇ-ਛੋਟੇ ਯਤਨਾਂ ਨਾਲ ਬਹੁਤ ਵੱਡਾ ਯੋਗਦਾਨ ਪਾਇਆ ਜਾ ਸਕਦਾ ਹੈ। ਚੰਗੀਆਂ ਕਿਤਾਬਾਂ ਦੇ ਵੀ ਲੰਗਰ ਲਗਾਏ ਜਾਣ ਤਾਂ ਜੋ ਨਰੋਆ ਸਾਹਿਤਕ ਭੋਜਨ ਛਕ ਕੇ ਸਿਹਤਮੰਦ ਸਮਾਜ ਦੀ ਸਿਰਜਣਾ ਅਮਲੀ ਰੂਪ 'ਚ ਪ੍ਰਕਾਸ਼ ਹੋਵੇ। ਹਨੇਰੇ ਖ਼ਤਮ ਹੋਣ ਤੇ ਸਭ ਜੀਅ-ਜੰਤ ਆਪਣੇ ਹਿੱਸੇ ਦਾ ਭਰਪੂਰ ਨਰੋਆ ਜੀਵਨ ਜਿਉਣ ਤੇ ਇਸ ਸਭ 'ਚ ਅਵੇਸਲਾਪਣ ਭਵਿੱਖ ਲਈ ਖਤਰਾ ਹੀ ਖਤਰਾ ਹੈ।

## ਨਿਬੰਧਕਾਰ ਡਾ. ਡੀ. ਪੀ. ਸਿੰਘ ਨਾਲ ਮੁਲਾਕਾਤ

ਸੰਨ 1956 ਵਿਚ ਜਨਮੇ ਡਾ. ਦੇਵਿੰਦਰ ਪਾਲ ਸਿੰਘ ਦਾ ਜੱਦੀ ਪਿੰਡ, ਹੁਸ਼ਿਆਰਪੁਰ-ਟਾਂਡਾ ਸੜਕ ਉੱਤੇ ਸਥਿਤ ਸਰਾਂ ਨਗਰ ਦੇ ਚੜ੍ਹਦੇ ਪਾਸੇ, ਵੱਲ ਮੌਜੂਦ ਪਿੰਡ ਬੀਰਮਪੁਰ ਹੈ। ਬਾਅਦ ਵਿਚ ਆਪ ਨੇ ਨਯਾਂ ਨੰਗਲ ਵਿਖੇ ਰਿਹਾਇਸ਼ ਕਰ ਲਈ ਅਤੇ ਹੁਣ ਪਿਛਲੇ ਲਗਭਗ ਇਕ ਦਹਾਕੇ ਤੋਂ ਆਪ ਕੈਨੇਡਾ ਦੇ ਸੂਬੇ ਓਂਟਾਰੀਓ ਵਿਖੇ ਵਸਦੇ ਹੋਏ ਵੀ ਵਿਗਿਆਨ, ਸਾਹਿਤ ਅਤੇ ਚੌਗਿਰਦੇ ਪ੍ਰਤੀ ਕਾਰਜਸ਼ੀਲ ਹਨ। ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਡਾ. ਡੀ. ਪੀ. ਸਿੰਘ, ਵਿੱਦਿਅਕ ਤੇ ਸਾਹਿਤਕ ਸਰਗਰਮੀਆਂ ਦੀ ਸਰਪ੍ਰਸਤੀ ਕਰਦੇ ਹੋਏ ਸਮੂਹ ਪਾਠਕਾਂ, ਸ੍ਰੋਤਿਆਂ ਅਤੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੇ ਆ ਰਹੇ ਹਨ। ਸਾਹਿਤਕ ਖੇਤਰ ਵਿਚ ਡਾ. ਦੇਵਿੰਦਰ ਪਾਲ ਸਿੰਘ ਆਪਣੇ ਸੰਖੇਪ ਨਾਮ ਡਾ. ਡੀ. ਪੀ. ਸਿੰਘ ਨਾਲ ਹੀ ਵਧੇਰੇ ਜਾਣੇ ਜਾਂਦੇ ਹਨ।

ਮੂਲ ਰੂਪ ਵਿਚ ਭੌਤਿਕ ਵਿਗਿਆਨੀ ਵਜੋਂ ਸਥਾਪਿਤ ਡਾ. ਡੀ. ਪੀ. ਸਿੰਘ ਨੂੰ ਕੁਦਰਤ, ਕਾਦਰ ਤੇ ਕਾਇਨਾਤ ਨਾਲ ਉਚੇਚਾ ਪਿਆਰ ਹੈ। ਇਸੇ ਪਿਆਰ ਦੀ ਖਿੱਚ ਨੂੰ ਹੋਰ ਪੱਕਾ ਕਰਨ ਲਈ ਇਸ ਭੌਤਿਕ ਵਿਗਿਆਨੀ ਨੇ ਮਾਂ-ਬੋਲੀ ਪੰਜਾਬੀ ਵਿਚ 20 ਪੁਸਤਕਾਂ ਪਾਠਕਾਂ ਦੀ ਝੋਲੀ ਵਿਚ ਪਾ ਕੇ ਸਾਹਿਤ ਦੇ ਖਜ਼ਾਨੇ ਨੂੰ ਹੋਰ ਅਮੀਰ ਬਣਾਇਆ ਹੈ। ਆਪ ਦਾ ਨਾਮ ਉਨ੍ਹਾਂ ਦੁਰਲੱਭ ਵਿਗਿਆਨੀਆਂ ਵਿਚ ਸ਼ੁਮਾਰ ਹੈ, ਜਿਨ੍ਹਾਂ ਨੇ ਵੱਖਰੇ ਨਿੱਜੀ ਪ੍ਰੋਫ਼ੈਸ਼ਨ ਦੇ ਨਾਲ ਨਾਲ ਮਾਂ-ਬੋਲੀ ਦੀ ਵੀ ਭਰਪੂਰ ਸੇਵਾ ਕੀਤੀ ਹੈ। ਆਪ ਨੇ ਜਾਣਕਾਰੀ ਭਰਪੂਰ, ਸਰਲ ਅਤੇ ਦਿਲਚਸਪ ਲੇਖਾਂ ਦੀ ਰਚਨਾ ਨਾਲ ਵਿਗਿਆਨਕ ਲੇਖਾਂ ਪ੍ਰਤੀ ਪਾਠਕਾਂ ਦੀ ਭੁੱਖ ਨੂੰ ਜਾਗ੍ਰਿਤ ਕੀਤਾ ਹੈ। ਕਦੇ ਨਿਰੋਲ ਸ਼ੁਧ-ਵਿਗਿਆਨਕ ਲੇਖ ਲਲਿਤ ਸਾਹਿਤ ਦੇ ਪਾਠਕਾਂ ਨੂੰ ਨੀਰਸ ਅਤੇ ਉਬਾਊ ਲੱਗਿਆ ਕਰਦੇ ਸਨ। ਡਾ. ਸਾਹਿਬ ਨੇ ਵਿੱਲਖਣ ਸ਼ੈਲੀ ਦੁਆਰਾ ਪਾਠਕਾਂ ਦੀ ਦਿਲਚਸਪੀ ਨੂੰ ਇਸ ਪ੍ਰਤੀ ਵਧਾਇਆ ਹੈ।

ਕਿੱਤੇ ਵਜੋਂ ਡਾ. ਡੀ. ਪੀ. ਸਿੰਘ ਭੌਤਿਕ ਵਿਗਿਆਨ ਦਾ ਅਧਿਆਪਕ ਤੇ ਖੋਜੀ ਹੈ ਪਰ ਕਲਮ ਵਜੋਂ ਉਹ ਸ਼ਬਦਾਂ ਦਾ ਜਾਦੂਗਰ ਹੈ। ਉਨ੍ਹਾਂ ਦੇ ਨਿੱਜੀ ਤਜ਼ਰਬੇ ਅਤੇ ਵਿਚਾਰਾਂ ਨੂੰ ਜਾਨਣ ਦੀ ਉਤਸੁਕਤਾ ਹਰ ਪਾਠਕਦੇ ਹਿਰਦੇ ਅੰਦਰ ਠਾਠਾਂ ਮਾਰਦੀ ਹੋਵੇਗੀ। ਖੋਜ ਜਿਵੇਂ ਜਿਗਆਸਾ ਦੀ ਮਾਂ ਹੈ, ਠੀਕ ਉਵੇਂ ਹੀ ਵਿਦਵਾਨਾਂ, ਸਾਹਿਤਕਾਰਾਂ ਅਤੇ ਵਾਤਾਵਰਨ-ਉੱਦਮੀਆਂ ਦੀ ਸਾਹਿਤਕ ਮਿਲਣੀ ਵੀ ਖੋਜੀਆਂ ਅਤੇ ਵਿਦਿਆਰਥੀਆਂ ਲਈ

ਮਾਂ ਵਰਗੀ ਠੰਢੜੀ ਛਾਂ ਹੁੰਦੀ ਹੈ। ਇਸੇ ਮੰਤਵ ਨੂੰ ਪੂਰਨ ਕਰਨ ਲਈ ਡਾ. ਡੀ. ਪੀ. ਸਿੰਘ ਹੁਰਾਂ ਪਾਸੋਂ ਪ੍ਰਾਪਤ ਵਿਚਾਰ-ਲੜੀ ਪੇਸ਼ ਕੀਤੀ ਜਾ ਰਹੀ ਹੈ:

**1: ਡਾ. ਸਾਹਿਬ, ਆਪ ਨੇ ਪੀ.ਐਚ. ਡੀ. ਦੀ ਡਿਗਰੀ ਕਿੱਥੋਂ ਪ੍ਰਾਪਤ ਕੀਤੀ? ਆਪ ਦੇ ਨਿਗਰਾਨ ਕੌਣ ਰਹੇ ਤੇ ਆਪ ਦਾ ਖੋਜ ਵਿਸ਼ਾ ਕੀ ਸੀ?**

**ਡਾ. ਸਿੰਘ:** ਭੌਤਿਕ ਵਿਗਿਆਨ ਵਿਸ਼ੇ ਸੰਬੰਧਤ ਖੋਜ ਕਾਰਜਾਂ ਲਈ ਮੈਨੂੰ ਸੰਨ 1986 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਲੋਂ ਪੀ.ਐਚ. ਡੀ. ਦੀ ਡਿਗਰੀ ਪ੍ਰਦਾਨ ਕੀਤੀ ਗਈ। ਇਹ ਖੋਜ ਕਾਰਜ, ਮੈਂ ਇਸੇ ਯੂਨੀਵਰਸਿਟੀ ਦੇ ਹੀ ਅੰਤਰ-ਰਾਸ਼ਟਰੀ ਵਿਗਿਆਨੀ ਤੇ ਵਿਲੱਖਣ ਅਧਿਆਪਕ ਪ੍ਰੋਫੈਸਰ ਸੁਰਜੀਤ ਸਿੰਘ ਭੱਟੀ ਜੀ ਦੀ ਰਹਿਨੁਮਾਈ ਵਿਚ ਸੰਪਨ ਕੀਤੇ ਸਨ। ਪੀ.ਐਚ. ਡੀ. ਡਿਗਰੀ ਸੰਬੰਧਤ ਖੋਜ ਕਾਰਜਾਂ ਦੌਰਾਨ ਮੈਂ ਪਰਾ-ਧੁਨੀ ਤਰੰਗਾਂ ਦੀ ਵਰਤੋਂ ਕਰਦੇ ਹੋਏ, ਵਿਭਿੰਨ ਦ੍ਰਵਾਂ ਦੇ ਮਿਸ਼ਰਣਾਂ ਵਿਚ ਮੌਜੂਦ ਅਣੂਵੀ ਕ੍ਰਿਆਵਾਂ ਦਾ ਅਧਿਐਨ ਕੀਤਾ। ਸਰਲ ਸ਼ਬਦਾਂ ਵਿਚ, ਮੈਂ, ਭੌਤਿਕ ਵਿਗਿਆਨ ਦੇ ਖੇਤਰ ਵਿਚ ਧੁਨੀ-ਤਰੰਗਾਂ ਦੀ ਮਦਦ ਨਾਲ ਵਿਭਿੰਨ ਪਦਾਰਥਾਂ ਦੇ ਗੁਣਾਂ ਦੀ ਜਾਂਚ ਪੜਤਾਲ ਕੀਤੀ।

**2: ਸਰ! ਆਪਜੀ ਦੀਆਂ ਹੁਣ ਤਕ ਕਿੰਨ੍ਹੀਆਂ ਪੁਸਤਕਾਂ ਛਪ ਚੁੱਕੀਆਂ ਹਨ ਤੇ ਕਿਹੜੀਆਂ ਕਿਹੜੀਆਂ? ਕੋਈ ਛਪਾਈ ਅਧੀਨ ਵੀ ਹੈ? ਕ੍ਰਿਪਾ ਕਰ ਕੇ ਵਿਸਥਾਰ ਸਹਿਤ ਦੱਸੋ।**

**ਡਾ. ਸਿੰਘ:** ਮੈਂ ਹੁਣ ਤਕ 24 ਕਿਤਾਬਾਂ ਦੀ ਰਚਨਾ ਕਰ ਚੁੱਕਾ ਹਾਂ। ਜਿਨ੍ਹਾਂ ਵਿਚੋਂ 20 ਕਿਤਾਬਾਂ ਪੰਜਾਬੀ ਭਾਸ਼ਾ ਵਿਚ ਹਨ। ਤਿੰਨ ਕਿਤਾਬਾਂ ਅੰਗਰੇਜ਼ੀ ਭਾਸ਼ਾ ਵਿਚ ਅਤੇ ਇਕ ਕਿਤਾਬ ਸ਼ਾਹਮੁਖੀ ਲਿਪੀ ਵਿਚ ਹੈ। ਮੈਂ ਆਮ ਪਾਠਕਾਂ ਲਈ ਤੇਰ੍ਹਾਂ ਕਿਤਾਬਾਂ ਲਿਖੀਆਂ ਹਨ। ਜਿਨ੍ਹਾਂ ਵਿਚੋਂ ਦਸ ਕਿਤਾਬਾਂ; "ਸੀ. ਵੀ. ਰਮਨ - ਜੀਵਨ ਤੇ ਸਮਾਂ", "ਵਿਗਿਆਨ:ਪ੍ਰਾਪਤੀਆਂ ਤੇ ਮਸਲੇ", "ਧਰਮ ਅਤੇ ਵਿਗਿਆਨ", "ਭਵਿੱਖ ਦੀ ਪੈੜ", "ਵਾਤਾਵਰਣੀ ਪ੍ਰਦੂਸ਼ਣ", "ਵਾਤਾਵਰਣੀ ਮਸਲੇ ਅਤੇ ਸਮਾਧਾਨ" (ਸੰਪਾਦਨ), "ਈਜ਼ਾਦਕਾਰ-ਜਿਨ੍ਹਾਂ ਦੁਨੀਆ ਹਿਲਾ ਦਿੱਤੀ" (ਅਨੁਵਾਦ), "ਲੇਜ਼ਰਕਿਰਨਾਂ", "ਅਣੂਵੀ ਸਪੈਕਟ੍ਰੋਸਕੋਪੀ", "ਸਾਇੰਸ ਐਂਡ ਸਿੱਖਇਜ਼ਮ-ਕੌਨਫਲਿਕਟ ਔਰ

ਕੋਹੈਰੈਂਸ" ਛਪ ਚੁੱਕੀਆਂ ਹਨ। ਬਾਕੀ ਤਿੰਨ ਕਿਤਾਬਾਂ; "ਸਮੇਂ ਦੇ ਵਹਿਣ", "ਏ ਪਾਥ ਟੂ ਟਰੁਥਫੁੱਲ ਲਿਵਿੰਗ" ਅਤੇ "ਅਲਟਰਾਸੋਨਿਕਸ-ਦਾ ਇੰਨਔਡੀਬਲ ਸਾਊਂਡਜ" ਛਪਾਈ ਅਧੀਨ ਹਨ।

ਮੈਂ ਬੱਚਿਆਂ ਲਈ ਅੱਠ ਕਿਤਾਬਾਂ ਲਿਖੀਆਂ ਹਨ, ਜਿਨ੍ਹਾਂ ਵਿਚੋਂ ਛੇ ਕਿਤਾਬਾਂ; "ਟੈਲੀਪ੍ਰਿੰਟਰ", "ਅਜਬ ਹੈ ਰਾਤ ਦਾ ਅੰਬਰ", "ਸਤਰੰਗ", "ਰੋਬਟ, ਮਨੁੱਖ ਤੇ ਕੁਦਰਤ", "ਧਰਤੀਏ ਰੁਕ ਜਾ" ਅਤੇ "ਸਪਤਰਿਸ਼ੀ" ਛੱਪ ਚੁੱਕੀਆਂ ਹਨ। ਬਾਕੀ ਦੋ ਕਿਤਾਬਾਂ; "ਪੰਜਾਬ ਦੇ ਦਰਿਆ", ਅਤੇ "ਸਤਰੰਗੀ ਪੀਂਘ ਤੇ ਹੋਰ ਨਾਟਕ" ਛਪਾਈ ਅਧੀਨ ਹਨ। ਇਸ ਤੋਂ ਇਲਾਵਾ ਮੈਂ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਲਈ ਫਿਜ਼ਿਕਸ/ਵਿਗਿਆਨ ਸੰਬੰਧਤ ਤਿੰਨ ਟੈਕਸਟ ਬੁੱਕਸ ਦਾ ਅੰਗਰੇਜ਼ੀ ਤੋਂ ਪੰਜਾਬੀ ਭਾਸ਼ਾ ਵਿਚ ਅਨੁਵਾਦ ਵੀ ਕੀਤਾ ਹੈ।

ਮੇਰੀਆਂ ਉਪਰੋਕਤ ਕਿਤਾਬਾਂ ਪੰਜਾਬੀ ਯੂਨੀਵਰਸਿਟੀ, ਪਟਿਆਲਾ, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਚੰਡੀਗੜ੍ਹ, ਨੈਸ਼ਨਲ ਬੁੱਕ ਟਰਸਟ ਆਫ਼ ਇੰਡੀਆ ਦਿੱਲੀ, ਸੂਚਨਾ ਤੇ ਪ੍ਰਸਾਰਣ ਮੰਤਰਾਲਾ ਭਾਰਤ ਸਰਕਾਰ ਦਿੱਲੀ ਅਤੇ ਸਿੰਘ ਬ੍ਰਦਰਜ਼ ਪਬਲਿਸ਼ਰਜ਼ ਅੰਮ੍ਰਿਤਸਰ ਦੁਆਰਾ ਛਾਪੀਆਂ ਗਈਆਂ/ਛਪਾਈ ਅਧੀਨ ਹਨ।

**3: ਆਪਣੇ ਪ੍ਰੋਫੈਸ਼ਨਲ ਸਫ਼ਰ ਬਾਰੇ ਜਾਣੂ ਕਰਵਾਓ। ਨੌਕਰੀ ਦੀ ਸ਼ੁਰੂਆਤ ਕਿੱਥੋਂ ਹੋਈ? ਕੀ ਕੀ ਸੇਵਾ ਨਿਭਾਈ ਤੇ ਕਿਥੇ ਕਿਥੇ?**

ਡਾ. ਸਿੰਘ: ਮੈਂ ਸੰਨ 1978 ਵਿਚ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਫਿਜ਼ਿਕਸ ਵਿਸ਼ੇ ਵਿਚ ਐਮ. ਐਸ. ਸੀ. ਦੀ ਡਿਗਰੀ ਹਾਸਿਲ ਕੀਤੀ। ਉਸੇ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਚੰਡੀਗੜ੍ਹ ਵਿਖੇ ਫਿਜ਼ਿਕਸ ਵਿਸ਼ੇ ਸੰਬੰਧਤ ਅਧਿਆਪਨ ਕਾਰਜ ਦਾ ਆਰੰਭ ਕੀਤਾ ਪਰ ਜਲਦੀ ਹੀ ਖਾਲਸਾ ਕਾਲਜ ਅੰਮ੍ਰਿਤਸਰ ਵਿਖੇ ਫਿਜ਼ਿਕਸ ਦੇ ਅਧਿਆਪਕ ਵਜੋਂ ਕਾਰਜ ਭਾਰ ਸੰਭਾਲ ਲਿਆ। ਅਗਲੇ ਦੋ ਸਾਲ ਇਥੇ ਹੀ ਬੀਤੇ। ਸੰਨ 1979-80 ਦੌਰਾਨ, ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਅਧਿਆਪਕ ਤੇ ਖੋਜਕਾਰ ਡਾ. ਸੁਰਜੀਤ ਸਿੰਘ ਭੱਟੀ ਦੀ ਦੇਖ-ਰੇਖ ਵਿਚ, ਫ਼ਿਜ਼ਿਕਸ ਵਿਸ਼ੇ ਸੰਬੰਧਤ ਖੋਜ ਕਾਰਜ ਵੀ ਸ਼ੁਰੂ ਕਰ ਲਏ। ਅਗਸਤ 1980 ਵਿਚ ਸ਼ਿਵਾਲਿਕ

ਕਾਲਜ ਨਯਾਂ ਨੰਗਲ ਵਿਖੇ ਪੱਕੇ ਤੌਰ ਉੱਤੇ ਭੌਤਿਕ ਵਿਗਿਆਨ ਦੇ ਲੈਕਚਰਾਰ ਵਜੋਂ ਸੇਵਾ ਸੰਭਾਲੀ। ਸੰਨ 1986 ਵਿਚ, ਭੌਤਿਕ ਵਿਗਿਆਨ ਵਿਸ਼ੇ ਵਿਚ ਖੋਜ ਕਾਰਜਾਂ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪੀ.ਐਚ. ਡੀ. ਦੀ ਡਿਗਰੀ ਪ੍ਰਾਪਤ ਹੋਈ। ਸੰਨ 1997 ਵਿਚ ਸ਼ਿਵਾਲਿਕ ਕਾਲਜ ਨਯਾਂ ਨੰਗਲ ਦੇ ਸਰਕਾਰੀਕਰਨ ਤੋਂ ਬਾਅਦ ਪੰਜਾਬ ਦੇ ਹੋਰ ਸਰਕਾਰੀ ਕਾਲਜਾਂ ਵਿਚ ਵੀ ਐਸੋਸੀਏਟ ਪ੍ਰੋਫੈਸਰ ਵਜੋਂ ਅਧਿਆਪਨ ਕਾਰਜ ਕਰਨ ਦਾ ਮੌਕਾ ਮਿਲਿਆ। ਇਸ ਤਰ੍ਹਾਂ ਭਾਰਤ ਵਿਖੇ ਸੰਨ 2008 ਤਕ ਲਗਭਗ 30 ਸਾਲ ਭੌਤਿਕ ਵਿਗਿਆਨ ਨਾਲ ਸੰਬੰਧਤ ਅਧਿਆਪਨ ਤੇ ਖੋਜ ਕਾਰਜ ਕੀਤੇ। ਇਸੇ ਕਾਲ ਦੌਰਾਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਥਾਪਰ ਇੰਸਟੀਚਿਊਟ ਆਫ ਇੰਜਨੀਅਰਿੰਗ ਐਂਡ ਟੈਕਨਾਲੋਜੀ, ਪਟਿਆਲਾ ਦੀਆਂ ਸੈਨੇਟ ਸਭਾਵਾਂ ਅਤੇ ਬੋਰਡ ਆਫ਼ ਸਟੱਡੀਜ਼ ਦੇ ਮੈਂਬਰ ਵਜੋਂ ਸੇਵਾ ਨਿਭਾਉਣ ਦਾ ਮਾਣ ਵੀ ਪ੍ਰਾਪਤ ਹੋਇਆ ਹੈ। ਸਰਕਾਰੀ ਸ਼ਿਵਾਲਿਕ ਕਾਲਜ ਨਯਾਂ ਨੰਗਲ ਵਿਖੇ ਡੀਨ, ਸਟੂਡੈਂਟ ਅਫੈਅਰਜ਼ ਬਤੌਰ, ਡਿਪਟੀ ਰਜਿਸਟਰਾਰ (ਐਗਜ਼ਾਮਜ਼), ਸਟਾਫ਼ ਸੈਕਟਰੀ, ਜਨਰਲ ਸੈਕਟਰੀ ਟੀਚਰ ਯੂਨੀਅਨ ਆਦਿ ਅਹੁਦਿਆਂ ਉੱਤੇ ਕੰਮ ਕਰਨ ਦਾ ਮੌਕਾ ਵੀ ਮਿਲਿਆ।

ਉਪਰੋਕਤ ਸੇਵਾ-ਕਾਲ ਦੌਰਾਨ, ਦੇਸ਼-ਵਿਦੇਸ਼ ਵਿਚ, ਫਿਜ਼ਿਕਸ ਵਿਸ਼ੇ ਦੇ ਖੋਜ ਕਾਰਜਾਂ ਨਾਲ ਸੰਬੰਧਤ ਲਗਭਗ 40 ਅੰਤਰ-ਰਾਸ਼ਟਰੀ ਤੇ ਰਾਸ਼ਟਰੀ ਕਾਨਫਰੈਂਸਾਂ/ਸੈਮੀਨਾਰਾਂ ਵਿਚ ਭਾਗ ਲੈਣ ਦਾ ਮੌਕਾ ਵੀ ਪ੍ਰਾਪਤ ਹੋਇਆ । ਸੰਨ 1987 ਵਿਚ ਲੰਡਨ (ਇੰਗਲੈਂਡ), 1988 ਵਿਚ ਸ਼ੰਘਾਈ (ਚੀਨ), 1988 ਵਿਚ ਹਾਂਗਕਾਂਗ ਅਤੇ 2006 ਐਡਮਿੰਨਟਨ (ਕੈਨੇਡਾ) ਵਿਖੇ ਕਾਨਫਰੈਂਸਾਂ/ ਸੈਮੀਨਾਰਾਂ ਵਿਚ ਭਾਰਤ ਦੀ ਪ੍ਰਧੀਨਿਧਤਾ ਕਰਨ ਦਾ ਮਾਣ ਵੀ ਪ੍ਰਾਪਤ ਹੋਇਆ। ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਕਾਨਫਰੈਸਾਂ/ਸੈਮੀਨਾਰਾਂ ਦੀ ਪ੍ਰਧਾਨਗੀ ਦਾ ਮਾਣ ਵੀ ਮਿਲਿਆ। ਹੁਣ ਤਕ ਮੈਂ ਫਿਜ਼ਿਕਸ ਵਿਸ਼ੇ ਸੰਬੰਧਤ ਲਗਭਗ 70 ਖੋਜ ਪੱਤਰ ਲਿਖ ਚੁੱਕਾ ਹਾਂ ਜੋ ਅਮਰੀਕਾ, ਇੰਗਲੈਂਡ, ਜਰਮਨੀ, ਕੈਨੇਡਾ, ਚੀਨ ਤੇ ਭਾਰਤ ਦੀਆਂ ਪ੍ਰਮੁੱਖ ਖੋਜ ਪੱਤ੍ਰਿਕਾਵਾਂ ਵਿਚ ਛਪੇ ਹਨ। ਇਸੇ ਕਾਲ ਦੌਰਾਨ ਲਗਭਗ 10 ਵਾਰ ਦੇਸ਼-ਵਿਦੇਸ਼ ਦੀਆਂ ਪ੍ਰਮੁੱਖ ਸੰਸਥਾਵਾਂ ਵਿਖੇ ਵਿਸ਼ੇਸ਼ ਸੱਦੇ ਉੱਤੇ ਲੈਕਚਰ ਦੇਣ ਦਾ ਮਾਣ ਵੀ ਪ੍ਰਾਪਤ ਹੋਇਆ।

ਅਮਰੀਕਾ, ਕੈਨੇਡਾ, ਚੀਨ ਤੇ ਭਾਰਤ ਦੀਆਂ ਫਿਜ਼ਿਕਸ ਵਿਸ਼ੇ ਨਾਲ ਸੰਬੰਧਤ ਪ੍ਰਸਿੱਧ ਖੋਜ ਪਤ੍ਰਿਕਾਵਾਂ ਦਾ ਰਿਵਿਊ ਪੈਨਲ ਮੈਂਬਰ ਵੀ ਰਹਿ ਚੁੱਕਾ ਹਾਂ ਅਤੇ ਭਾਰਤ ਤੇ ਕੈਨੇਡਾ ਦੀਆਂ ਵਿਗਿਆਨ ਅਤੇ ਅਧਿਆਪਨ ਸੰਬੰਧਤ 6 ਪ੍ਰਮੁੱਖ ਸੰਸੰਥਾਵਾਂ ਦਾ ਲਾਈਫ਼ ਮੈਂਬਰ ਹਾਂ। ਸੰਨ 2007 ਦੌਰਾਨ ਪਰਿਆਰ ਯੂਨੀਵਰਸਿਟੀ, ਤਾਮਿਲਨਾਡੂ ਵਲੋਂ ਮੈਨੂੰ ਫ਼ਿਜ਼ਿਕਸ ਵਿਸ਼ੇ ਵਿਚ ਰਿਸਰਚ ਗਾਇਡ ਵਜੋਂ ਮਾਨਤਾ ਪ੍ਰਾਪਤ ਹੋਈ। ਤਦ ਉਪਰੰਤ ਮੇਰੀ ਰਹਿਨੁਮਾਈ ਹੇਠ ਮੇਰੇ ਦੋ ਖੋਜ-ਵਿਦਿਆਰਥੀਆਂ; ਅਰੁਨ ਉੱਪਮੰਨਿਊ ਅਤੇ ਅਰਵਿੰਦ ਕੁਮਾਰ ਸ਼ਰਮਾ ਨੇ ਸੰਨ 2008 ਦੌਰਾਨ, ਪਰਿਆਰ ਯੂਨੀਵਰਸਿਟੀ, ਤਾਮਿਲਨਾਡੂ ਤੋਂ, ਫਿਜ਼ਿਕਸ ਵਿਸ਼ੇ ਵਿਚ ਮਾਸਟਰ ਆਫ਼ ਫਿਲਾਸਫੀ ਦੀ ਡਿਗਰੀ ਪ੍ਰਾਪਤ ਕੀਤੀ। ਹੁਣ ਤਕ ਮੇਰੇ ਲਗਭਗ 10 ਸਹਿ-ਖੋਜੀ, ਮੇਰੀ ਰਹਿਨੁਮਾਈ ਹੇਠ ਜਰਮਨੀ, ਇੰਗਲੈਂਡ, ਅਮਰੀਕਾ ਅਤੇ ਭਾਰਤ ਦੀਆਂ ਪ੍ਰਸਿੱਧ ਖੋਜ ਪੱਤ੍ਰਿਕਾਵਾਂ ਵਿਚ ਆਪਣੇ ਖੋਜ ਪੱਤਰ ਛੱਪਵਾ ਚੁੱਕੇ ਹਨ ਅਤੇ ਭਾਰਤ ਵਿਖੇ ਅਨੇਕ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਕਾਨਫਰੈਂਸਾਂ ਵਿਚ ਆਪਣੇ ਖੋਜ ਨਤੀਜੇ ਸਫਲਤਾਪੂਰਵਕ ਪੇਸ਼ ਕਰ ਚੁੱਕੇ ਹਨ।

ਸੰਨ 2008 ਤੋਂ ਟੋਰਾਂਟੋ, ਕੈਨੇਡਾ ਵਿਖੇ ਸੈਕੰਡਰੀ ਅਤੇ ਡਿਗਰੀ ਪੱਧਰ ਉੱਤੇ ਅਧਿਆਪਨ ਕਾਰਜਾਂ ਵਿਚ ਕਾਰਜ਼ਸ਼ੀਲ ਹਾਂ। ਵਿੱਦਿਆ ਪ੍ਰਦਾਨ ਕਾਰਜਾਂ ਨਾਲ ਸੰਬੰਧਤ, ਸੰਨ 2013 ਵਿਚ ਮੈਂ ਕੈਂਬਰਿਜ ਲਰਨਿੰਗ ਸੰਸਥਾ ਦੀ ਸਥਾਪਨਾ ਕੀਤੀ। ਜਿਸ ਦੇ ਬਾਨੀ ਡਾਇਰੈਕਟਰ ਵਜੋਂ ਮੈਂ ਅੱਜ ਵੀ ਅਧਿਆਪਨ ਕਾਰਜਾਂ ਨਾਲ ਜੁੜਿਆ ਹੋਇਆ ਹਾਂ। ਸੰਨ 2018-2019 ਦੌਰਾਨ ਭਾਰਤ ਵਿਖੇ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੇ ਚਿੱਤਕਾਰਾ ਯੂਨੀਵਰਸਿਟੀ ਰਾਜਪੁਰਾ ਵਿਖੇ ਵਿਸ਼ੇਸ਼ ਸੱਦੇ ਉੱਤੇ ਲੈਕਚਰ ਦੇਣ ਦਾ ਅਤੇ ਕੈਨੇਡਾ ਦੀਆਂ ਸੰਸਥਾਵਾਂ ਸ਼ੈਰੇਡਨ ਕਾਲਜ ਬ੍ਰੈਮਪਟਨ ਯੂਨੀਵਰਸਿਟੀ ਆਫ਼ ਵਾਟਰਲੂ ਵਾਟਰਲੂ, ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਮਾਂਟਰੀਅਲ ਅਤੇ ਪੰਜਾਬੀ ਹੈਰੀਟੇਜ਼ ਫਾਊਂਡੇਸ਼ਨ ਆਫ਼ ਕੈਨੇਡਾ ਓਟਵਾ ਵਿਖੇ ਸਮੇਂ-ਸਮੇਂ 'ਤੇ ਆਯੋਜਿਤ ਕੀਤੀਆਂ ਗਈਆਂ ਅਨੇਕ ਕਾਂਨਫ਼ਰੈਂਸਾਂ/ਸੈਮੀਨਾਰਾਂ ਵਿਚ ਭਾਗ ਲੈਣ ਦਾ ਮਾਣ ਵੀ ਹਾਸਿਲ ਹੋਇਆ ਹੈ।

**4: ਆਪ ਜੀ ਨੂੰ ਮਿਲੇ ਸਨਮਾਨਾਂ ਬਾਰੇ ਜਾਨਣ ਦੀ ਇਛੁੱਕ ਹਾਂ।**

**ਡਾ. ਸਿੰਘ**: ਸਾਹਿਤਕ ਲੇਖਣ ਕਾਰਜਾਂ ਸੰਬੰਧੀ ਸਭ ਤੋਂ ਪਹਿਲਾ ਸਨਮਾਨ, ਮੇਰੀ ਬਾਲ ਸਾਹਿਤ ਪੁਸਤਕ "ਸਤਰੰਗ" (ਵਿਗਿਆਨ ਕਹਾਣੀ ਸੰਗ੍ਰਹਿ) ਲਈ ਸੰਨ 1991 ਵਿਚ, "ਸ਼੍ਰੋਮਣੀ ਬਾਲ ਸਾਹਿਤ ਪੁਸਤਕ ਪੁਰਸਕਾਰ" ਦੇ ਰੂਪ ਵਿਚ, ਭਾਸ਼ਾ ਵਿਭਾਗ ਪੰਜਾਬ ਪਟਿਆਲਾ ਤੋਂ ਪ੍ਰਾਪਤ ਹੋਇਆ। ਸੰਨ 1994 ਵਿਚ, ਸਾਹਿਤ ਰੰਗ ਗਠਨ ਸੰਸਥਾ, ਚੰਡੀਗੜ੍ਹ ਨੇ ਮੇਰੀ ਕਿਤਾਬ "ਸੀ. ਵੀ. ਰਮਨ -ਜੀਵਨ ਤੇ ਸਮਾਂ" (ਜੀਵਨੀ) ਲਈ ਮੈਨੂੰ "ਹੈਨੀਬਲ ਸਾਹਿਤ ਰਤਨ ਪੁਰਸਕਾਰ" ਪ੍ਰਦਾਨ ਕੀਤਾ। ਸੰਨ 1997 ਵਿਚ, ਮੇਰੀ ਪੁਸਤਕ "ਰੋਬਟ, ਮਨੁੱਖ ਅਤੇ ਕੁਦਰਤ" (ਵਿਗਿਆਨ ਕਹਾਣੀ ਸੰਗ੍ਰਹਿ) ਲਈ ਮੈਨੂੰ ਦੂਸਰੀ ਵਾਰ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਲੋਂ, "ਸ਼੍ਰੋਮਣੀ ਬਾਲ ਸਾਹਿਤ ਪੁਸਤਕ ਪੁਰਸਕਾਰ" ਪ੍ਰਦਾਨ ਕੀਤਾ ਗਿਆ। ਸੰਨ 2000 ਵਿਚ ਮੈਨੂੰ ਮੇਰੀ ਕਿਤਾਬ "ਵਿਗਿਆਨ -ਪ੍ਰਾਪਤੀਆਂ ਤੇ ਮਸਲੇ" (ਨਿਬੰਧ ਸੰਗ੍ਰਹਿ) ਲਈ ਭਾਸ਼ਾ ਵਿਭਾਗ ਪੰਜਾਬ ਪਟਿਆਲਾ ਵਲੋਂ "ਡਾ. ਐਮ. ਐਸ. ਰੰਧਾਵਾ (ਗਿਆਨ ਸਾਹਿਤ) ਪੁਰਸਕਾਰ" ਨਾਲ ਨਿਵਾਜਿਆ ਗਿਆ ਹੈ। ਸੰਨ 2001 ਵਿਚ ਪੰਜਾਬੀ ਸੱਥ ਲਾਂਬੜਾ ਜਲੰਧਰ ਵਲੋਂ ਮੈਨੂੰ ਸਾਹਿਤ ਲੇਖਣ ਕਾਰਜਾਂ ਲਈ "ਪ੍ਰਿੰਸੀਪਲ ਤ੍ਰਿਲੋਚਨ ਸਿੰਘ ਭਾਟੀਆ (ਬਾਲ ਸਾਹਿਤ ਤੇ ਗਿਆਨ ਵਿਗਿਆਨ) ਪੁਰਸਕਾਰ" ਦੇ ਕੇ ਸਨਮਾਨਿਤ ਕੀਤਾ ਗਿਆ। ਸੰਨ 2003 ਵਿਚ ਦਿੱਲੀ ਵਿਖੇ ਆਯੋਜਿਤ ਕੀਤੇ ਗਏ ਰਾਸ਼ਟਰੀ ਸੈਮੀਨਾਰ ਦੌਰਾਨ, ਭਾਰਤੀ ਵਿਗਿਆਨ ਲੇਖਕ ਸਭਾ ਨਵੀਂ ਦਿੱਲੀ ਨੇ ਮੈਨੂੰ ਵਿਗਿਆਨ ਸੰਚਾਰ ਖੇਤਰ ਵਿਚ ਲੰਮੇ ਸਮੇਂ ਦੇ ਵਿਲੱਖਣ ਯੋਗਦਾਨ ਲਈ "ਇਸਵਾ ਸਨਮਾਨ" ਪ੍ਰਦਾਨ ਕੀਤਾ। ਸੰਨ 2010 ਵਿਚ ਪੀਸ ਆਨ ਅਰਥ ਸੰਸਥਾ, ਕੈਨੇਡਾ ਨੇ ਮੈਨੂੰ "ਲਾਈਫ਼ ਟਾਈਮ ਅਚੀਵਮੈਂਟ ਅਵਾਰਡ" ਦੇ ਕੇ ਸਨਮਾਨਿਤ ਕੀਤਾ। ਸੰਨ 2011 ਵਿਚ ਕੈਨੇਡਾ ਦੀਆਂ ਸੰਸਥਾਵਾਂ "ਅੱਜ ਦੀ ਆਵਾਜ" (ਰੇਡੀਓ) ਅਤੇ "ਡੇਲੀਪੰਜਾਬੀ" (ਅਖ਼ਬਾਰ), ਨੇ ਵਿਗਿਆਨ ਸਾਹਿਤ ਰਚਨਾ ਤੇ ਸੰਚਾਰ ਕਾਰਜਾਂ ਲਈ ਮੈਨੂੰ "ਉੱਤਮ ਲੇਖਕ ਅਵਾਰਡ" ਪ੍ਰਦਾਨ ਕੀਤਾ ਹੈ।

ਉਪਰੋਕਤ ਤੋਂ ਇਲਾਵਾ ਅਨੇਕ ਸਾਹਿਤਕ, ਸਰਕਾਰੀ, ਗ਼ੈਰ-ਸਰਕਾਰੀ ਤੇ ਸਵੈ-ਸੇਵੀ ਸੰਸਥਾਵਾਂ ਜਿਵੇਂ ਕਿ ਭਾਰਤ ਵਿਕਾਸ ਪ੍ਰੀਸ਼ਦ ਨੰਗਲ, ਪੰਜਾਬੀ ਰੰਗ-ਮੰਚ ਨੰਗਲ, ਜ਼ਿਲਾ ਲਿਖਾਰੀ ਸਭਾ ਰੋਪੜ, ਸੈਣੀ ਭਵਨ,

ਰੋਪੜ, ਹੁਸ਼ਿਆਰਪੁਰ ਤੇ ਰੋਪੜ ਜ਼ਿਲੇ ਦੇ ਕਈ ਸਕੂਲਾਂ ਆਦਿ ਨੇ ਵੀ ਸਮੇਂ ਸਮੇਂ ਮਾਣ-ਸਨਮਾਨ ਬਖਸ਼ਿਆ ਹੈ।

**5: ਸਰ! ਭੌਤਿਕ ਵਿਗਿਆਨੀ ਅਤੇ ਸਾਹਿਤਕਾਰ ਦਾ ਸੁਮੇਲ ਬੜਾ ਵਿਲੱਖਣ ਹੈ। ਆਪ ਦੀ ਸਖ਼ਸ਼ੀਅਤ ਅੰਦਰ ਵਿਗਿਆਨੀ ਅਤੇ ਲੇਖਕ ਹਮੇਸ਼ਾਂ ਸਮਾਂਤਰ (parallel) ਕਾਰਜ਼ਸ਼ੀਲ ਰਹਿੰਦੇ ਹਨ ਜਾਂ ਸਮੇਂ-ਦਰ-ਸਮੇਂ ਕੋਈ ਇਕ ਵਧੇਰੇ ਭਾਰੂ (dominating) ਵੀ ਹੋ ਜਾਂਦਾ ਹੈ?**

**ਡਾ. ਸਿੰਘ:** ਮੈਂ ਮੂਲ ਰੂਪ ਵਿਚ ਵਿਗਿਆਨ ਦਾ ਵਿਦਿਆਰਥੀ ਹਾਂ ਜਿਸ ਨੂੰ ਸੁਭਾਗ ਵੱਸ ਵਿਗਿਆਨ ਅਧਿਆਪਨਕਾਰਜ ਕਰਨ ਦਾ ਮੌਕਾ ਵੀ ਪ੍ਰਾਪਤ ਹੋਇਆ। ਵਿਗਿਆਨ ਦੇ ਹੈਰਾਨੀ ਭਰੇ ਤੇ ਦਿਲਚਸਪ ਭੇਤ, ਆਮ ਲੋਕਾਂ ਨਾਲ ਸਾਂਝਾ ਕਰਨ ਲਈ, ਪੰਜਾਬ ਦਾ ਵਾਸੀ ਹੋਣ ਕਾਰਣ, ਮਾਂ-ਬੋਲੀ ਪੰਜਾਬੀ ਦੀ ਵਰਤੋਂ ਨਾਲ ਸੰਚਾਰ ਕਾਰਜ ਕੀਤੇ। ਮੇਰੀਆਂ ਸਾਰੀਆਂ ਰਚਨਾਵਾਂ ਵਿਗਿਆਨ ਦੇ ਵਿਭਿੰਨ ਪਹਿਲੂਆਂ ਨੂੰ ਜਨ-ਸਾਧਾਰਣ/ਬੱਚਿਆਂ ਨਾਲ ਸਾਂਝਾ ਕਰਨ ਦਾ ਉਪਰਾਲਾ ਹੀ ਹਨ। ਇੰਝ ਮੇਰੇ ਕੇਸ ਵਿਚ ਭੌਤਿਕ ਵਿਗਿਆਨੀ ਹੋਣਾ ਤੇ ਸਾਹਿਤਕਾਰ ਹੋਣਾ, ਇਕੋ ਸਿੱਕੇ ਦੇ ਦੋ ਪਹਿਲੂ ਹਨ। ਹਾਂ, ਜੋ ਲਗਭਗ ਸਮਾਂਤਰ ਹੀ ਕਾਰਜ਼ਸ਼ੀਲ ਰਹਿੰਦੇ ਹਨ। ਇਹ ਵੀ ਸੱਚ ਹੈ ਕਿ ਭੌਤਿਕ ਵਿਗਿਆਨ ਸੰਬੰਧਤ ਖੋਜ ਕਾਰਜ ਕਰਦੇ ਹੋਏ, ਮਨ ਉਪਰ ਗੰਭੀਰ ਅਕਾਦਮਿਕਤਾ ਭਾਰੂ ਹੁੰਦੀ ਹੈ ਤੇ ਸਾਹਿਤ ਰਚਣ ਕਾਰਜਾਂਵੇਲੇ, ਤੱਥਾਂ ਦੇ ਨੇੜੇ ਤੇੜੇ ਰਹਿੰਦੇ ਹੋਏ, ਸਰਲਤਾ ਅਤੇ ਜਨ-ਸਾਧਾਰਣ/ਬੱਚਿਆ ਦੇ ਮਾਨਸਿਕ ਪੱਧਰ ਦਾ ਧਿਆਨ ਰੱਖਣਾ ਪੈਂਦਾ ਹੈ।

**6 : ਡਾ. ਸਾਹਿਬ! ਆਪਦੀ ਪਕੜ ਜਿੰਨ੍ਹੀ ਇਕ ਵਿਗਿਆਨੀ ਦੇ ਤੌਰ ਤੇ ਸਮਰੱਥ ਹੈ, ਓਨ੍ਹੀ ਹੀ ਲੇਖਕ ਦੇ ਰੂਪ ਵਿਚ ਵੀ ਹੈ ਪਰ ਆਪਣੇ ਨਿੱਜੀ ਵਿਚਾਰ ਦੱਸੋ ਕਿ ਆਪ ਨੂੰ ਦੋਨ੍ਹਾਂ ਵਿਚੋਂ ਕਿਹੜਾ ਰੂਪ ਵੱਧ ਪਸੰਦ ਹੈ ਅਤੇ ਕਿਉਂ?**

**ਡਾ. ਸਿੰਘ:** ਮੀਨਾ ਜੀ! ਆਪ ਦੀ ਕਦਰਦਾਨੀ ਲਈ ਧੰਨਵਾਦ। ਮਨੁੱਖ ਹਮੇਸ਼ਾਂ ਹੀ ਕੁਦਰਤੀ ਵਰਤਾਰਿਆਂ ਦੇ ਭੇਦ ਜਾਨਣ ਲਈ ਉਤਸੁਕ ਰਿਹਾ ਹੈ। ਵਿਗਿਆਨੀ ਕੁਦਰਤ ਦੇ ਅਜਬ ਭੇਦਾਂ ਨੂੰ ਮਨੁੱਖੀ ਸਮਝ ਦੇ ਦਾਇਰੇ ਵਿਚ ਲਿਆਉਣ ਲਈ ਹਮੇਸ਼ਾਂ ਯਤਨਸ਼ੀਲ ਰਹਿੰਦੇ ਹਨ। ਜਿਵੇਂ ਕਿ ਤੁਸੀਂ ਜਾਣਦੇ ਹੀ ਹੋ ਕਿ ਮੈਂ ਮੂਲ ਰੂਪ ਵਿਚ

ਵਿਗਿਆਨ ਦਾ ਵਿਦਿਆਰਥੀ/ਖੋਜਕਾਰ ਹਾਂ, ਜੋ ਆਪਣੇ ਲੇਖਣ ਕਾਰਜਾਂ ਰਾਹੀਂ ਵਿਗਿਆਨ ਦੇ ਗੁਹਜ਼ ਭੇਦਾਂ ਨੂੰ ਜਨ-ਸਾਧਾਰਣ ਨਾਲ ਸਾਂਝਾ ਕਰਨ ਲਈ ਯਤਨਸ਼ੀਲ ਹਾਂ। ਲੇਖਣੀ ਇਕ ਮਾਧਿਅਮ ਹੈ ਜਿਸ ਦੀ ਵਰਤੋਂ ਨਾਲ ਵਿਗਿਆਨ ਸੰਚਾਰ ਸੰਭਵ ਹੈ। ਇੰਝ ਵਿਗਿਆਨੀ ਤੇ ਲੇਖਕ ਦੋਨੋਂ ਹੀ ਰੂਪ ਆਪਣੀ ਸਾਰਥਿਕਤਾ ਰੱਖਦੇ ਹਨ। ਜਿਥੇ ਵਿਗਿਆਨ ਪ੍ਰਤੀ ਲਗਾਉ ਮੇਰੀ ਵਿਗਿਆਨਕ ਮਨੋਵਿਰਤੀ ਦਾ ਆਧਾਰ ਹੈ, ਉਥੇ ਇਸੇ ਲਗਾਉ ਦਾ ਪ੍ਰਗਟਾ ਮੈਂ ਆਪਣੇ ਲੇਖਣ ਕਾਰਜਾਂ ਵਿਚ ਦੇਖਦਾ ਹਾਂ। ਇੰਝ ਵਿਗਿਆਨੀ ਤੇ ਲੇਖਕ ਇਕੋ ਸਿੱਕੇ ਦੇ ਦੋ ਪਾਸੇ (sides) ਹਨ, ਇਕ ਦੂਜੇ ਦੇ ਪੂਰਕ। ਇਸ ਲਈ ਮੈਨੂੰ ਦੋਨੋਂ ਰੂਪ ਹੀ ਪਸੰਦ ਹਨ। ਪਰ ਸ਼ਾਇਦ ਵਿਗਿਆਨੀ ਵਾਲਾ ਰੂਪ ਥੋੜ੍ਹਾ ਵਧੇਰੇ ਕਿਉਂ ਕਿ ਇਹ ਰੂਪ ਉਤਸੁਕਤਾ ਦੀ ਨਵੀਂ ਤੇ ਸੱਜਰੀ ਪੂਰਤੀ ਦੇ ਵਧੇਰੇ ਨਜ਼ਦੀਕ ਹੁੰਦਾ ਹੈ

**7: ਸਰ! ਕੀ ਤੁਸੀਂ ਲੇਖ/ਨਿਬੰਧ ਤੋਂ ਇਲਾਵਾ ਹੋਰਨਾਂ ਸਾਹਿਤਕ ਵਿਧਾਵਾਂ ਵਿਚ ਵੀ ਕਲਮਕਾਰੀ ਕੀਤੀ ਹੈ?**

**ਡਾ. ਸਿੰਘ:** ਮੈਂ ਬੇਸ਼ਕ ਲੇਖ/ਨਿਬੰਧ ਵਿਧਾ ਨਾਲ ਕਲਮਕਾਰੀ ਸ਼ੁਰੂ ਕੀਤੀ ਤੇ ਮੇਰੀਆਂ ਬਹੁਤੀਆਂ ਕਿਤਾਬਾਂ ਇਸੇ ਵਿਧੀ ਵਿਚ ਹਨ। ਪਰ ਸਮੇਂ ਨਾਲ ਮੇਰੀ ਦਿਲਚਸਪੀ ਕਹਾਣੀ ਰਚਨਾ ਕਾਰਜਾਂ ਵੱਲ ਹੋ ਗਈ। ਮੈਂ ਇਸ ਵਿਧਾ ਵਿਚ ਆਮ ਪਾਠਕਾਂ ਲਈ ਦੋ ਪੁਸਤਕਾਂ ਲਿਖੀਆ ਹਨ "ਭਵਿੱਖ ਦੀ ਪੈੜ" ਅਤੇ "ਸਮੇਂ ਦੇ ਵਹਿਣ"। ਬਾਲਾਂ ਲਈ ਕਹਾਣੀ ਵਿਧਾ ਰਾਹੀਂ ਵਿਗਿਆਨ ਦਾ ਗਿਆਨ ਪ੍ਰਸਾਰ ਕਰਨ ਦੇ ਯਤਨ ਵੀ ਕੀਤੇ ਹਨ। ਕਹਾਣੀ ਵਿਧਾ ਦੀ ਵਰਤੋਂ ਕਰਦੇ ਹੋਏ ਬੱਚਿਆਂ ਲਈ ਮੈਂ ਚਾਰ ਪੁਸਤਕਾਂ "ਸਤਰੰਗ", "ਰੋਬਟ, ਮਨੁੱਖ ਅਤੇ ਕੁਦਰਤ", "ਧਰਤੀਏ ਰੁਕ ਜਾ" ਅਤੇ "ਪੰਜਾਬ ਦੇ ਦਰਿਆ" ਦੀ ਰਚਨਾ ਕੀਤੀ ਹੈ। ਪਿਛਲੇ ਦਿਨ੍ਹੀ ਪੰਜਾਬੀ ਵਿਚ ਬਾਲ-ਨਾਟਕਾਂ ਦੇ ਖੇਤਰ ਵਿਚ ਵੀ ਹੱਥ-ਅਜਮਾਈ ਕੀਤੀ ਹੈ। ਇਸ ਖੇਤਰ ਵਿਚ ਮੇਰੇ 12 ਨਾਟਕ, ਪਰਵਾਸੀ ਵੀਕਲੀ ਅਖਬਾਰ ਕੈਨੇਡਾ, ਜਾਗਰਣ (ਪੰਜਾਬੀ) ਜਲੰਧਰ, ਤੇ ਪੰਖੜੀਆਂ ਮੈਗਜ਼ੀਨ ਮੁਹਾਲੀ ਵਿਚ ਛਪੇ ਹਨ। ਇਹ ਨਾਟਕ, ਸ਼ਾਹਮੁਖੀ ਲਿਪੀ ਵਿਚ ਪਕਿਸਤਾਨ ਤੋਂ ਛੱਪਦੇ ਬਾਲ ਸਾਹਿਤ ਮੈਗਜ਼ੀਨ "ਪੰਖੇਰੂ" ਵਿਚ, 2017-18 ਦੌਰਾਨ ਲਗਾਤਾਰ ਛੱਪਦੇ ਰਹੇ ਹਨ। ਇਸ ਵਿਧਾ ਵਿਚ ਮੇਰੀ ਕਿਤਾਬ "ਸਤਰੰਗੀ ਪੀਂਘ ਤੇ ਹੋਰ ਨਾਟਕ"

ਸ਼ਾਹਮੁੱਖੀ ਲਿੱਪੀ ਵਿਚ ਅਦਾਰਾ ਪੰਜਾਬੀ ਬਾਲ ਅਦਬੀ ਬੋਰਡ ਲਾਹੌਰ, ਪਾਕਿਸਤਾਨ ਤੋਂ ਛਪਾਈ ਗਈ ਹੈ। ਹਿਮਾਚਲ ਦੇ ਪਹਾੜੀ ਖੇਤਰ ਦੀਆਂ ਸੈਰਗਾਹਾਂ, ਧਾਰਮਿਕ ਤੇ ਇਤਹਾਸਿਕ ਸਥੱਲਾਂ ਦੀ ਯਾਤਰਾ ਸੰਬੰਧੀ ਸਫ਼ਰਨਾਮਾ ਵੀ ਲਿਖਿਆ, ਜੋ ਸੰਨ 1997 ਦੌਰਾਨ ਨਵਾਂ ਜ਼ਮਾਨਾ ਅਖ਼ਬਾਰ ਜਲੰਧਰ ਨੇ ਪੰਜਾਬੀ ਵਿਚ ਅਤੇ ਸ਼ਿਵਾਲਿਕ ਪ੍ਰਤਿੱਕਾ, ਮਹਿਤਪੁਰ, ਊਨਾ ਨੇ ਹਿੰਦੀ ਵਿਚ ਲਗਾਤਾਰ 15 ਕਿਸ਼ਤਾਂ ਵਿਚ ਛਾਪਿਆ। ਇਸ ਤੋਂ ਇਲਾਵਾ ਵਿਗਿਆਨ ਅਤੇ ਧਾਰਮਿਕ ਵਿਸ਼ਿਆਂ ਸੰਬੰਧਤ ਮੇਰੀਆਂ ਕੁਝ ਕਵਿਤਾਵਾਂ ਵੀ ਪ੍ਰਕਾਸ਼ਿਤ ਹੋਈਆਂ ਹਨ। ਇਸ ਵਿਧਾ ਵਿਚ ਅਜੇ ਮੇਰੀ ਕੋਈ ਕਿਤਾਬ ਨਹੀਂ ਛਪੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਲੋਂ ਪ੍ਰਕਾਸ਼ਿਤ ਕੀਤੇ ਗਏ ਚਿਲਡਰਨ ਇੰਨਸਾਈਕਲੋਪਿਡੀਆ ਲਈ ਵੀ ਲਗਭਗ ਦੋ ਦਰਜਨ ਐਂਟਰੀਜ਼ ਲਿਖੀਆਂ ਹਨ। ਵਿਗਿਆਨ ਸੰਬੰਧਤ ਪਾਠ-ਪੁਸਤਕਾਂ ਦੇ ਅੰਗਰੇਜ਼ੀ ਭਾਸ਼ਾ ਤੋਂ ਪੰਜਾਬੀ ਭਾਸ਼ਾ ਵਿਚ ਅਨੁਵਾਦ ਕਾਰਜ਼ ਵੀ ਕੀਤੇ ਹਨ। ਵਿਗਿਆਨ ਤੇ ਧਰਮ ਦੇ ਖੇਤਰ ਸੰਬੰਧਤ, ਵਿਭਿੰਨ ਵਿਦਵਾਨਾਂ ਦੀਆਂ ਲਗਭਗ 15 ਕਿਤਾਬਾਂ ਦੇ ਰਿਵਿਊ ਵੀ ਲਿਖੇ ਹਨ। ਕਈ ਲੇਖਕਾਂ ਦੀਆਂ ਕਿਤਾਬਾਂ ਦੇ ਮੁੱਖਬੰਧ ਲਿਖਣ ਦਾ ਵੀ ਮਾਣ ਹਾਸਿਲ ਹੋਇਆ ਹੈ।

**8: ਤੁਹਾਡੇ ਵਿਚਾਰ ਅਨੁਸਾਰ ਵਿਗਿਆਨਕ ਖੋਜ ਅਤੇ (ਪੰਜਾਬੀ ਪਰਿਪੇਖ ਦੀ) ਸਾਹਿਤਕ ਖੋਜ ਵਿਚ ਕੀ ਅੰਤਰ ਹੈ?**

**ਡਾ. ਸਿੰਘ**: ਵਿਗਿਆਨਕ ਸਿਧਾਂਤ ਅਤੇ ਪ੍ਰੇਖਣ ਕਾਰਜ, ਵਿਗਿਆਨਕ ਖੋਜ ਦੇ ਦੋ ਥੰਮ ਹਨ। ਵਿਗਿਆਨਕ ਖੋਜ ਕਰਨ ਦੇ ਦੋ ਢੰਗ ਹਨ। ਇਕ ਢੰਗ ਹੈ ਸਿਧਾਂਤਕ ਪੜਚੋਲ ਤੇ ਦੂਸਰਾ ਹੈ ਪੁਸ਼ਟੀਯੋਗ ਪ੍ਰੇਖਣ ਕਾਰਜ। ਅਜਿਹੀ ਖੋਜ ਦੀ ਸਿਧਾਂਤਕ ਪੜਚੋਲ, ਕੁਦਰਤੀ ਜਾਂ ਸਮਾਜਿਕ ਵਰਤਾਰਿਆਂ ਦੀਆਂ ਮੂਲ ਧਾਰਨਾਵਾਂ, ਉਨ੍ਹਾਂ ਦੇ ਆਪਸੀ ਸੰਬੰਧਾਂ ਦੀ ਪਛਾਣ ਅਤੇ ਨਿਰਮਾਣ ਨਾਲ ਸੰਬੰਧਤ ਹੁੰਦੀ ਹੈ। ਇਨ੍ਹਾਂ ਮੂਲ ਧਾਰਨਾਵਾਂ ਵਿਚਲਾ ਸੰਬੰਧ ਹੀ ਵਿਗਿਆਨਕ ਸਿਧਾਂਤਾ ਦਾ ਜਨਮਦਾਤਾ ਬਣਦਾ ਹੈ। ਜਦ ਕਿ ਪ੍ਰੇਖਣ ਕਾਰਜ, ਸਿਧਾਂਤਕ ਸੰਕਲਪਾਂ ਅਤੇ ਸੰਬੰਧਾਂ ਦੇ ਜਾਂਚ ਤੇ ਮੁਲਾਂਕਣ ਕਾਰਜਾਂ ਨਾਲ ਸੰਬੰਧਿਤ ਹੁੰਦੇ ਹਨ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਉਹ ਸਿਧਾਂਤ, ਵਾਸਤਵਿਕਤਾ ਦਾ ਸਹੀ ਚਿੱਤਰਣ ਕਰਨ ਵਿਚ ਕਿੰਨ੍ਹੇ ਕੁ ਸਮਰਥ ਹਨ। ਪ੍ਰੇਖਣ ਕਾਰਜ ਹੀ ਸਮੇਂ ਨਾਲ ਵਧੇਰੇ ਉੱਤਮ ਸਿਧਾਂਤਾਂ ਦੇ ਜਨਮਦਾਤਾ ਬਣਦੇ ਹਨ। ਵਿਗਿਆਨਕ ਖੋਜ ਇਕ ਨਿਯਮਤ ਵਿਧੀ ਦੀ ਵਰਤੋਂ

ਕਰਦੇ ਹੋਏ ਦੋ ਰੂਪਾਂ ਵਿਚ ਕਾਰਜਸ਼ੀਲ ਨਜ਼ਰ ਆਉਂਦੀ ਹੈ, ਇਕ ਰੂਪ ਹੈ - ਪ੍ਰੇਰਕ (inductive) ਖੋਜ , ਜੋ ਪ੍ਰੇਖਣ ਦੁਆਰਾ ਪ੍ਰਾਪਤ ਹੋਏ ਤੱਥਾਂ ਤੋਂ ਸਿਧਾਂਤਾਂ ਦੇ ਘੜ੍ਹਣ ਦਾ ਕੰਮ ਕਰਦੀ ਹੈ। ਦੂਸਰਾ ਰੂਪ ਹੈ - ਵਿਯੋਜਕ (deductive) ਖੋਜ, ਜਿਸ ਦਾ ਕੰਮ ਨਵੇਂ ਪ੍ਰੇਖਣਾਂ ਦੀ ਵਰਤੋਂ ਕਰਦੇ ਹੋਏ ਪਹਿਲੋਂ ਸਥਾਪਿਤ ਸਿਧਾਂਤਾ ਦੀ ਜਾਂਚ ਕਰਨਾ ਹੁੰਦਾ ਹੈ ਤਾਂ ਜੋ ਉਨ੍ਹਾਂ ਸਿਧਾਂਤਾ ਨੂੰ ਹੋਰ ਵਧੇਰੇ ਦਰੁਸਤ ਰੂਪ ਦਿੱਤਾ ਜਾ ਸਕੇ। ਵਿਗਿਆਨਕ ਖੋਜ ਵਿਚ, ਵਿਗਿਆਨਕ ਵਿਧੀ ਦੀ ਵਰਤੋਂ ਕਰਦੇ ਹੋਏ ਅਸੀਂ ਕਿਸੇ ਨਵੇਂ ਪਦਾਰਥ, ਸੂਤਰ, ਸਿਧਾਂਤ ਜਾਂ ਕਾਢ ਦੀ ਭਾਲ ਕਰਦੇ ਹਾਂ।

ਪੰਜਾਬੀ ਪਰਿਪੇਖ ਦੀ ਸਾਹਿਤਕ ਖੋਜ ਬਾਰੇ ਗੱਲ ਕਰਨ ਤੋਂ ਪਹਿਲਾਂ ਸਾਨੂੰ ਸਾਹਿਤਕ ਖੋਜ ਦੀ ਗੱਲ ਕਰਨੀ ਹੋਵੇਗੀ। ਸਾਹਿਤਕ ਖੋਜ ਦਾ ਭਾਵ ਹੈ ਕਿ ਕਿਸੇ ਵੀ ਸਾਹਿਤਕ ਰਚਨਾ ਵਿਚੋਂ ਨਵੇਂ ਮਹੱਤਵਪੂਰਣ ਤੱਥਾਂ ਦੀ ਭਾਲ ਕਰਨੀ, ਮੌਜੂਦਾ ਜਾਣਕਾਰੀ ਦੀ ਨਵੇਂ ਢੰਗ ਨਾਲ ਵਿਆਖਿਆ ਕਰਨੀ ਅਤੇ ਇਸ ਵਿਆਖਿਆ ਦੀ ਤਰਕ ਅਧਾਰਿਤ ਚਰਚਾਕਰਨੀ। ਸਾਹਿਤਕ ਖੋਜ ਦੇ ਤਿੰਨ ਢੰਗ ਹਨ: ਪਹਿਲੇ ਢੰਗ ਅਨੁਸਾਰ, ਇਕ ਸਾਹਿਤਕ ਖੋਜੀ, ਕਿਸੇ ਵੀ ਸਾਹਿਤਕ ਰਚਨਾ ਦੇ ਵਿਸ਼ੇ (thesis) ਜਾਂ ਪ੍ਰਸੰਗ ਦੀ ਪ੍ਰੋੜਤਾ ਲਈ ਪ੍ਰਮਾਣਾਂ ਦੀ ਭਾਲ ਕਰਦਾ ਹੈ ਤੇ ਆਪਣੀ ਖੋਜ ਉਪਰੰਤ ਲੇਖਕ ਦੇ ਵਿਚਾਰਾਂ ਵਿਚ ਵਧਾਅ ਦਾ ਕਾਰਣ ਬਣਦਾ ਹੈ। ਦੂਸਰਾ ਢੰਗ ਹੈ ਕਿ ਅਜਿਹਾ ਖੋਜੀ ਰਚਨਾ ਵਿਚਲੇ ਪ੍ਰਸੰਗ ਦੀ ਵਿਰੋਧਤਾ ਲਈ ਸਬੂਤਾਂ ਦੀ ਭਾਲ ਕਰਦਾ ਹੈ ਅਤੇ ਲੇਖਕ ਦੇ ਵਿਚਾਰਾਂ ਦੇ ਵਿਰੋਧ ਵਿਚ ਤਰਕਪੂਰਣ ਦਲੀਲ ਪੇਸ਼ ਕਰਦਾ ਹੈ। ਤੀਸਰਾ ਢੰਗ ਇਹ ਹੈ ਕਿ ਸਾਹਿਤਕ ਖੋਜੀ, ਰਚਨਾ ਦੇ ਪ੍ਰਸੰਗ ਦੇ ਨਾ ਤਾਂ ਹੱਕ ਵਿਚ ਤੇ ਨਾਹੀ ਵਿਰੋਧਤਾ ਵਿਚ ਤੱਥ ਭਾਲਦਾ ਹੈ ਸਗੋਂ ਉਹ ਇਸ ਪ੍ਰਸੰਗ ਦੇ ਸੰਬੰਧ ਵਿਚ ਬਿਲਕੁਲ ਹੀ ਨਵੇਂ ਸਕੰਲਪ ਜਾਂ ਵਿਚਾਰਾਂ ਨੂੰ ਪੇਸ਼ ਕਰਦਾ ਹੈ। ਅਜਿਹੇ ਖੋਜ ਕਾਰਜਾਂ ਵਿਚ ਇਹ ਮਹੱਤਵਪੂਰਣ ਹੁੰਦਾ ਹੈ ਕਿ ਜਾਂਚ ਹੇਠਲੀ ਸਾਹਿਤਕ ਰਚਨਾ ਸੰਬੰਧਤ ਕੁਝ ਵਿਸ਼ੇਸ਼ ਵਿਚਾਰ ਪ੍ਰਗਟ ਕੀਤੇ ਜਾਣ, ਕਿਸੇ ਖਾਸ ਮੁੱਦੇ ਉੱਤੇ ਤਰਕਪੂਰਣ ਦਲੀਲ ਪੇਸ਼ ਕੀਤੀ ਜਾਵੇ। ਪੰਜਾਬੀ ਪਰਿਪੇਖ ਦੀ ਸਾਹਿਤਕ ਖੋਜ ਵਿਚ ਵੀ ਅਜਿਹਾ ਵਾਪਰਣਾ ਲਾਜ਼ਮੀ ਹੁੰਦਾ ਹੈ। ਫ਼ਰਕ ਸਿਰਫ਼ ਇਹ ਹੈ ਕਿ ਪੰਜਾਬੀ ਸਾਹਿਤਕ ਰਚਨਾਵਾਂ ਵਿਚ

ਅਜਿਹੀ ਖੋਜ ਪੰਜਾਬੀ ਲੋਕਾਂ ਦੇ ਸਮਾਜਿਕ, ਸਭਿਆਚਾਰਕ, ਆਰਥਿਕ, ਇਤਿਹਾਸਿਕ, ਰਾਜਨੀਤਕ, ਧਾਰਮਿਕ, ਵਿਗਿਆਨਕ ਜਾਂ ਵਾਤਾਵਰਣੀ ਵਿਸ਼ਿਆਂ ਆਦਿ ਨਾਲ ਲਗਾਉ ਵਾਲੀ ਹੋ ਸਕਦੀ ਹੈ।

**9: ਆਪ ਭਾਰਤੀ/ ਪੰਜਾਬੀ ਯੂਨੀਵਰਸਿਟੀਆਂ ਵਿਚ ਹੋ ਰਹੇ ਖੋਜ ਕਾਰਜਾਂ ਬਾਰੇ ਕੀ ਟਿੱਪਣੀ ਦੇਣਾ ਚਾਹੋਗੇ? ਕੋਈ ਸੁਝਾਓ ਵੀ ਜ਼ਰੂਰ ਦਿਉ।**

**ਡਾ. ਸਿੰਘ :** ਭਾਰਤ ਅਤੇ ਪੰਜਾਬ ਵਿਚ ਸਾਹਿਤਕ ਤੇ ਖੋਜ ਕਾਰਜਾਂ ਦੀ ਪ੍ਰੰਪਰਾ ਪ੍ਰਾਚੀਨ ਕਾਲ ਤੋਂ ਹੀ ਹੈ। ਜਿਸ ਦੇ ਫਲਸਰੂਪ ਭਾਰਤੀ ਵਿਰਸਾ ਵੇਦਾਂ, ਪੁਰਾਣਾਂ, ਅਤੇ ਗ੍ਰੰਥਾਂ ਦੀ ਹੋਂਦ ਨਾਲ ਸ਼ਰਮਸਾਰ ਹੈ। ਅਜੋਕੇ ਸਮੇਂ ਵਿਚ ਵੀ ਅਜਿਹੀ ਪਰੰਪਰਾ ਕਾਇਮ ਹੈ। ਅੱਜ ਭਾਰਤ ਅਤੇ ਪੰਜਾਬ ਦੀਆਂ ਯੂਨੀਵਰਸਿਟੀਆਂ ਅੰਦਰ ਵਿਭਿੰਨ ਵਿਸ਼ਿਆਂ ਸੰਬੰਧਤ ਅਹਿਮ ਖੋਜ ਕਾਰਜ ਕੀਤੇ ਜਾ ਰਹੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਵਿਦਿਅਕ ਤੇ ਸਿਖਲਾਈ ਖੇਤਰਾਂ ਵਿਚ ਵੱਡਾ ਵਿਕਾਸ ਹੋਇਆ ਹੈ। ਅਨੇਕ ਰਾਸ਼ਟਰੀ ਖੋਜ ਪ੍ਰਯੋਗਸ਼ਾਲਾਵਾਂ ਅਤੇ ਆਈ. ਆਈ. ਟੀਜ਼. ਦੀ ਸਥਾਪਨਾ ਕੀਤੀ ਗਈ। ਖੇਤੀਬਾੜੀ ਯੂਨੀਵਰਸਿਟੀਆਂ ਦੀ ਸਥਾਪਨਾ ਹੋਈ। ਡੀਫੈਂਸ ਰੀਸਰਚ ਅਤੇ ਵਿਕਾਸ ਸੰਸਥਾਵਾਂ, ਨਿਊਕਲੀ ਖੋਜ ਤੇ ਪੁਲਾੜੀ ਖੋਜ ਸੰਸਥਾਵਾਂ, ਸਾਇੰਸ, ਆਰਟਸ, ਇੰਜਨਅਰਿੰਗ ਅਤੇ ਟੈਕਨੀਕਲ ਵਿਸ਼ਿਆਂ ਸੰਬੰਧਤ ਸੈਂਕੜੇ ਯੂਨੀਵਰਸਿਟੀਆਂ ਦੀ ਸਥਾਪਨਾ ਹੋਈ ਹੈ। ਪਿਛਲੇ ਸਾਲਾਂ ਦੌਰਾਨ, ਇਨ੍ਹਾਂ ਸੰਸਥਾਵਾਂ ਵਿਖੇ ਕੀਤੇ ਗਏ ਖੋਜ ਕਾਰਜਾਂ ਦੀ ਬਦੌਲਤ  ਹੀ ਅੱਜ ਭਾਰਤ ਦਾ ਸ਼ੁਮਾਰ ਵਿਕਾਸਸ਼ੀਲ ਦੇਸ਼ਾਂ ਵਿਚ ਕੀਤਾ ਜਾ ਰਿਹਾ ਹੈ। ਭਾਰਤ ਅਨੇਕ ਖੇਤਰਾਂ ਵਿਚ ਸਵੈ-ਨਿਰਭਰ ਹੋ ਚੁੱਕਾ ਹੈ। ਨਿਊਕਲੀ ਊਰਜਾ, ਪੁਲਾੜੀ ਖੋਜ, ਖੇਤੀਬਾੜੀ ਕਾਰਜਾਂ, ਅਤੇ ਸਾਫ਼ਟ ਵੇਅਰ ਇੰਜਨੀਅਰਿੰਗ ਵਿਚ ਭਾਰਤੀ ਖੋਜਕਾਰਾਂ ਨੇ ਵੱਡਾ ਨਾਮਣਾ ਖੱਟਿਆ ਹੈ। ਇਨ੍ਹਾਂ ਖੋਜਾਂ ਦੀ ਬਦੌਲਤ, ਭਾਰਤੀ ਤੇ ਪੰਜਾਬੀ ਸਾਹਿਤ ਰਚਨਾ ਕਾਰਜਾਂ ਵਿਚ ਵੱਡਾ ਵਿਕਾਸ ਹੋਇਆ ਹੈ। ਪਰ ਬੜੇ ਹੀ ਦੁੱਖ ਦੀ ਗੱਲ ਹੈ ਕਿ ਪਿਛਲੇ ਦਿਨ੍ਹੀ ਅਖਬਾਰਾਂ ਤੇ ਹੋਰ ਸੰਚਾਰ ਸਾਧਨਾਂ ਰਾਹੀਂ ਪੰਜਾਬੀ ਸਾਹਿਤ ਦੇ ਖੋਜ ਥੀਸਿਸਾਂ ਵਿਚ ਸਾਹਿਤਕ ਚੋਰੀ (plagiarism) ਦੀਆਂ ਗੱਲਾਂ ਵੀ ਸੁਨਣ ਨੂੰ ਮਿਲੀਆਂ ਹਨ ਜੋ ਇਕ ਬਹੁਤ ਹੀ ਗਲਤ ਵਰਤਾਰਾ ਹੈ। ਸਾਨੂੰ ਸਾਰਿਆਂ ਨੂੰ ਅਜਿਹੇ ਗਲਤ ਵਰਤਾਰੇ ਪ੍ਰਤੀ ਸੁਚੇਤ ਹੋਣ ਦੀ ਅਹਿਮ ਲੋੜ ਹੈ। ਸਾਹਿਤਕਾਰ ਤਾਂ ਸਮਾਜ ਲਈ ਨੈਤਿਕਤਾ ਦਾ ਮਾਡਲ ਹੁੰਦੇ ਹਨ। ਚੰਗਾ ਸਾਹਿਤ ਸਮਾਜ

ਲਈ ਸ਼ੀਸ਼ੇ ਦਾ ਕੰਮ ਕਰਦਾ ਹੈ। ਚੰਗਿਆਈ-ਬੁਰਾਈ ਦਾ ਅੰਤਰ ਦੱਸਦਾ ਹੈ। ਇਸ ਲਈ ਸਾਹਿਤਕ ਖੋਜੀਆਂ ਦੀ ਇਹ ਅਹਿਮ ਜਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਸਮਾਜ ਵਿਚ ਸਹੀ ਕਦਰਾਂ ਕੀਮਤਾਂ ਦੇ ਪ੍ਰਸਾਰ ਦਾ ਸਾਧਨ ਬਨਣ।

**10: ਆਪ ਦੀਆਂ ਪੁਸਤਕਾਂ ਦੇ ਪ੍ਰਮੁੱਖ ਸਰੋਕਾਰ ਵਾਤਾਵਰਨ ਸੰਕਟ ਅਤੇ ਸੰਭਾਵੀ ਨਤੀਜਿਆਂ ਨਾਲ ਸੰਬੰਧਤ ਹਨ। ਕੀ ਸਮਾਜ ਨੂੰ ਇਸ ਪ੍ਰਤੀ ਚੇਤੰਨ ਕਰਨ ਲਈ ਪੁਸਤਕਾਂ ਦੇ ਨਾਲ-ਨਾਲ ਕੁਝ ਹੋਰ ਵੀ ਕੀਤਾ ਜਾ ਸਕਦਾ ਹੈ?**

**ਡਾ. ਸਿੰਘ :** ਇਹ ਗੱਲ ਬਿਲਕੁਲ ਠੀਕ ਹੈ ਕਿ ਮੇਰੀਆਂ ਪੁਸਤਕਾਂ ਦੇ ਪ੍ਰਮੁੱਖ ਸਰੋਕਾਰ ਵਾਤਾਵਰਣ ਸੰਕਟ ਅਤੇ ਸੰਭਾਵੀ ਨਤੀਜਿਆਂ ਨਾਲ ਸੰਬੰਧਤ ਹਨ। ਸਮਾਜ ਨੂੰ ਇਸ ਪ੍ਰਤੀ ਚੇਤੰਨ ਕਰਨ ਲਈ ਮੈਂ ਅਨੇਕ ਹੋਰ ਸਾਧਨਾਂ ਦੀ ਵੀ ਵਰਤੋਂ ਕੀਤੀ ਹੈ। ਜਿਵੇਂ ਕਿ ਮੈਂ ਅਖਬਾਰਾਂ, ਮੈਗਜੀਨਾਂ, ਇੰਟਰਨੈੱਟ, ਰੇਡੀਓ, ਟੈਲੀਵਿਯਨ ਅਤੇ ਯੂਟਿਊਬ ਦੀ ਵਰਤੋਂ ਨਾਲ ਅਜਿਹੀ ਜਾਣਕਾਰੀ ਆਮ ਲੋਕਾਂ ਤਕ ਪਹੁੰਚਾਣ ਦੇ ਸਫ਼ਲ ਯਤਨ ਕੀਤੇ ਹਨ। ਪੰਜਾਬ ਸਟੇਟ ਕੌਂਸਿਲ ਫਾਰ ਸਾਇੰਸ ਐਂਡਟੈਕਨਾਲੋਜੀ, ਚੰਡੀਗੜ੍ਹ ਦੁਆਰਾ ਸੰਨ 1992 ਤੋਂ ਸੰਨ 2003 ਦੌਰਾਨ ਵਿਗਿਆਨ ਤੇ ਵਾਤਾਵਰਣ ਸੰਬੰਧਤ ਪੰਜਾਬ ਭਰ ਵਿਚ ਕੀਤੀਆਂ ਗਈਆ ਅਨੇਕ ਵਰਕਸ਼ਾਪਸ ਵਿਚ ਮੈਂ ਰਿਸੋਰਸ ਪਰਸਨ ਦਾ ਰੋਲ ਨਿਭਾਇਆ ਹੈ। ਨੈਸ਼ਨਲ ਇੰਵਾਰਨਮੈਂਟ ਅਵੇਅਰਨੈੱਸ ਕੰਪੈਂਨ ਤਹਿਤ ਪੰਜਾਬ ਸਟੇਟ ਕੌਂਸਿਲ ਫਾਰਸਾਇੰਸ ਐਂਡ ਟੈਕਨਾਲੋਜੀ, ਚੰਡੀਗੜ੍ਹ ਦੇ ਔਫੀਸ਼ੀਅਲ ਓਵਜ਼ਰਵਰ ਵਜੋਂ ਸੰਨ 1997 ਤੋਂ ਸੰਨ 2001 ਤਕ ਰੋਪੜ ਜ਼ਿਲੇ ਵਿਖੇ ਵਾਤਵਰਣੀ ਸੁਰੱਖਿਅਣ ਕਾਰਜਾਂ ਲਈ ਕੰਮ ਕਰ ਰਹੀਆਂ ਗੈਰ-ਸਰਕਾਰੀ ਸੰਸਥਾਵਾਂ (ਜਿਵੇਂ ਕਿ ਅਰਪਨ ਸੰਸਥਾ ਨੰਗਲ, ਐੱਚ. ਆਰ. ਡੀ. ਸੈਂਟਰ ਸੈਣੀਮਾਜਰਾ, ਐਸ. ਡਬਲਿਊ. ਆਰ. ਡੀ. ਸੈਂਟਰ ਨੂਰਪੁਰ ਬੇਦੀ; ਸ਼ਿਵਾਲਿਕ ਕਾਲਜ ਆਫ਼ ਫਾਰਮੇਸੀ, ਨੰਗਲ ਆਦਿ) ਦੇ ਕੰਮ ਕਾਰ ਦੇ ਨਿਰੀਖਣ ਦਾ ਕਾਰਜ ਭਾਰ ਵੀ ਨਿਭਾਇਆ ਹੈ।

ਸੰਨ 1994 ਤੋਂ ਸੰਨ 1999 ਦੇ ਅਰਸੇ ਦੋਰਾਨ ਜ਼ਿਲਾ ਵਾਤਾਵਰਣ ਕਮੇਟੀ, ਰੌਪੜ ਦੇ ਮੈਂਬਰ ਵਜੋਂ ਨੰਗਲ/ਰੋਪੜ ਇਲਾਕੇ ਦੀਆਂ ਵਾਤਾਵਰਣੀ ਸਮੱਸਿਆਵਾਂ ਨੂੰ ਸਰਕਾਰ ਤਕ ਪਹੁੰਚਾਣ ਦਾ ਅਹਿਮ ਰੋਲ ਅਦਾ

ਕੀਤਾ ਹੈ। ਇਸੇ ਸਮੇਂ ਦੌਰਾਨ ਭਾਰਤ ਸਰਕਾਰ ਦੁਆਰਾ ਰੋਪੜ ਜ਼ਿਲੇ ਲਈ ਸਥਾਪਿਤ ਇਨਵਾਇਰਨਮੈਂਟ ਬ੍ਰਿਗੇਡ (ਵਾਤਾਵਰਣੀ ਵਾਹਿਣੀ) ਦਾ ਮੈਂਬਰ ਵੀ ਰਿਹਾ ਹਾਂ। ਜਿਸ ਦੇ ਫਲਸਰੂਪ ਵਾਤਾਵਰਣੀ ਸੁਰੱਖਿਅਣ ਸੰਬੰਧੀ ਗਿਆਨ ਵਾਧੇ ਲਈ ਰਾਸ਼ਟਰੀ ਅਤੇ ਰਾਜ ਪੱਧਰ ਦੀਆਂ ਵਾਤਾਵਰਣੀ ਵਰਕਸ਼ਾਪਸ ਵਿਚ ਭਾਗ ਲੈਣ ਦਾ ਮੌਕਾ ਮਿਲਿਆ। ਮੇਰੀ ਇਸ ਸਮੇਂ ਦੀ ਵਿਲੱਖਣ ਪ੍ਰਾਪਤੀ ਇਹ ਰਹੀ ਹੈ ਕਿ ਨੰਗਲ ਵਿਖੇ ਮੌਜੂਦ ਵੈੱਟਲੈਂਡ ਦਾ ਕੇਸ ਰਾਜ ਪੱਧਰ ਉੱਤੇ ਪ੍ਰਵਾਨਿਤ ਕਰਵਾਉਣ ਤੋਂ ਇਲਾਵਾ, ਰਾਸ਼ਟਰੀ ਪੱਧਰ ਉਤੇ ਇਸ ਦੀ ਪ੍ਰਵਾਨਗੀ ਲਈ ਕੇਸ ਨੂੰ ਸਰਕਾਰੀ ਚੈਨਲ ਰਾਹੀਂ ਸੁਯੋਗ ਕਾਰਵਾਈ ਕਰਨ/ਕਰਵਾਉਣ ਲਈ ਯਥਾਯੋਗ ਯੋਗਦਾਨ ਪਾਇਆ। ਅੱਜ ਮੈਨੂੰ ਮਾਣ ਹੈ ਕਿ ਨੰਗਲ ਵੈੱਟਲੈਂਡ ਨੂੰ ਰਾਸ਼ਟਰੀ ਪੱਧਰ ਉੱਤੇ ਮਾਨਤਾ ਪ੍ਰਾਪਤ ਹੋ ਚੁੱਕੀ ਹੈ ਅਤੇ ਇਸ ਦਾ ਸ਼ੁਮਾਰ ਰਾਮਸਰ ਲਿਸਟ ਵਿਚ ਕੀਤਾ ਜਾ ਰਿਹਾ ਹੈ। ਸੱਤ ਸੌ ਏਕੜ ਵਿਚ ਫੈਲੀ ਇਹ ਵੈੱਟਲੈਂਡ ਹਰ ਸਾਲ ਹਜ਼ਾਰਾਂ ਪਰਵਾਸੀ ਪੰਛੀਆਂ ਦੀ ਰਿਹਾਇਸ਼ਗਾਹ ਬਣਦੀ ਹੈ। ਇਸੇ ਤਰ੍ਹਾਂ ਮੈਂ ਨੰਗਲ ਵਿਖੇ ਫੈਕਟਰੀਆਂ ਅਤੇ ਭੱਠਿਆਂ ਤੋਂ ਪੈਦਾ ਹੋਏ ਹਵਾਈ ਪ੍ਰਦੂਸ਼ਣ, ਸਤਲੁਜ ਵਿਚ ਗੈਰਕਾਨੂੰਨੀ ਤੌਰ ਉੱਤੇ ਸੁੱਟੀ ਜਾ ਰਹੀਸਲੱਰੀ ਦੇ ਮਸਲੇ, ਰੋਪੜ੍ਹ ਜ਼ਿਲੇ ਵਿਚ ਨਜਾਇਜ਼ ਤੌਰ ਉੱਤੇ ਕੀਤੀ ਜਾ ਰਹੀ ਪਹਾੜ-ਮਾਇਨਿੰਗ, ਰੋਪੜ ਵੈੱਟਲੈਂਡ ਵਿਖੇ ਥਰਮਲ ਪਾਵਰ ਪਲਾਂਟ ਦੀ ਸਲੱਰੀ ਦੇ ਪ੍ਰਦੂਸ਼ਣ ਅਤੇ ਕੀਰਤਪੁਰ-ਆਨੰਦਪੁਰ ਸਾਹਿਬ ਸੜਕ ਦੇ ਚੌੜਾ ਕਰਨ ਦੌਰਾਨ ਕੱਟੇ ਗਏ ਰੁੱਖਾਂ ਦੀ ਭਰਪਾਈ ਕਰਨ ਲਈ ਨਵੇਂ ਰੁੱਖ ਲਾਉਣ ਦੀ ਅਹਿਮ ਲੋੜ ਪੂਰਤੀ ਲਈ ਸਰਕਾਰ ਤੱਕ ਆਵਾਜ਼ ਪਹੁੰਚਾਉਣ ਵਿਚ ਆਪਣਾ ਯੋਗਦਾਨ ਪਾਇਆ।

ਇਸ ਤੋਂ ਇਲਾਵਾ ਸਰਕਾਰੀ ਸ਼ਿਵਾਲਿਕ ਕਾਲਜ, ਨੰਗਲ; ਸ਼ਿਵਾਲਿਕ ਕਾਲਜ ਆਫ਼ ਫਾਰਮੇਸੀ ਨੰਗਲ, ਗਲੋਬਲਕਾਲਜ ਆਫ ਫਾਰਮੇਸੀ ਕਾਹਨਪੁਰ ਖੂਹੀ, ਗੁਰੂ ਤੇਗ ਬਹਾਦਰ ਪਬਲਿਕ ਸਕੂਲ ਨੰਗਲ, ਅਤੇ ਰੋਪੜ ਜ਼ਿਲੇ ਦੇ ਅਨੇਕ ਹੋਰ ਸਕੂਲਾਂ ਵਿਚ ਵੀ ਸੰਨ 1995 ਤੋਂ ਸੰਨ 2008 ਦੇ ਅਰਸੇ ਦੌਰਾਨ ਵਾਤਾਵਰਣੀ ਚੇਤਨਾ ਪ੍ਰਸਾਰ ਲਈ ਅਨੇਕ ਪ੍ਰੋਗ੍ਰਾਮਾਂ ਦੇ ਆਯੋਜਨ ਅਤੇ ਸਫਲਤਾਪੂਰਨ ਸੰਪਨਤਾ ਵਿਚ ਅਹਿਮ ਯੋਗਦਾਨ ਪਾਇਆ। ਸਰਕਾਰੀ ਕਾਲਜ, ਨੰਗਲ ਅਤੇ ਸਰਕਾਰੀ ਕਾਲਜ, ਰੋਪੜ ਅਤੇ ਨੰਗਲ ਇਲਾਕੇ ਦੇ ਕਈ ਸਕੂਲਾਂ ਵਲੋਂ ਸਮੇਂ-ਸਮੇਂ ਲਗਾਏ ਜਾਂਦੇ ਐੱਨ. ਐੱਸ. ਐੱਸ. ਕੈਂਪਾਂ ਵਿਚ ਵਿਗਿਆਨ ਤੇ ਵਾਤਾਵਰਣੀ ਵਿਸ਼ਿਆਂ ਬਾਰੇ ਜਾਣਕਾਰੀ

ਕੈਂਪਰਜ਼ ਨਾਲ ਸਾਂਝੀ ਕੀਤੀ। ਵਾਤਾਵਰਣੀ ਸੈਮੀਨਾਰਾਂ, ਵਾਤਾਵਰਣੀ ਚੇਤਨਾ ਰੈਲੀਆਂ, ਵਾਤਾਵਰਣੀ ਲੇਖ ਰਚਨਾ ਅਤੇ ਚਿੱਤਰਕਾਰੀ ਮੁਕਾਬਲਿਆ ਦੇ ਆਯੋਜਨਾਂ ਲਈ ਕਾਰਜ ਕੀਤੇ। ਇਨ੍ਹਾਂ ਦਿਨਾਂ ਵਿਚ ਹੀ ਵਾਤਾਵਰਣ ਸਾਂਭ ਸੰਭਾਲ ਸੰਬੰਧੀ ਮੇਰਾ ਨਾਟਕ "ਰੁੱਖ, ਮਨੁੱਖ ਅਤੇ ਵਾਤਾਵਰਣ" ਨੈਸ਼ਨਲ ਪਬਲਿਕ ਸਕੂਲ, ਪੱਸੀਵਾਲ ਦੇ ਵਿਦਿਆਰਥੀਆਂ ਵਲੋਂ ਆਪਣੇ ਸਾਲਾਨਾ ਸਮਾਗਮ ਵਿਚ ਖੇਡਿਆ ਗਿਆ ਜੋ ਵਾਤਾਵਰਣੀ ਗਿਆਨ ਪ੍ਰਸਾਰ ਕਾਰਜਾਂ ਲਈ ਕਾਫੀ ਮਕਬੂਲ ਹੋਇਆ। ਅਨੇਕ ਸਰਕਾਰੀ, ਗੈਰ-ਸਰਕਾਰੀ ਤੇ ਸਵੈ-ਸੇਵੀ ਸੰਸਥਾਵਾਂ ਨੂੰ ਵਣ-ਮਹਾਂ ਉਤਸਵ ਅਤੇ ਵਿਸ਼ਵ ਵਾਤਾਵਰਣੀ ਦਿਵਸ ਮਨਾਉਣ ਲਈ ਉਤਸ਼ਾਹਿਤ ਕੀਤਾ ਅਤੇ ਅਜਿਹੇ ਕਾਰਜਾਂ ਦੀ ਸੰਪਨਤਾ ਵਿਚ ਯੋਗਦਾਨ ਪਾਇਆ। ਇਸੇ ਸਮੇਂ ਦੌਰਾ ਨ ਬਾਲਾਂ ਵਿਚ ਵਿਗਿਆਨਕ ਤੇ ਵਾਤਾਵਰਣੀ ਚੇਤਨਾ ਦੇ ਵਿਕਾਸ ਲਈ, ਬਾਲ-ਰਸਾਲੇ "ਨਿੱਕੀਆਂ ਕਰੂੰਬਲਾਂ" ਦੇ ਸੰਪਾਦਕ ਬਲਜਿੰਦਰ ਮਾਨ ਮਾਹਿਲਪੁਰ ਦੇ ਸੱਦੇ ਉੱਤੇ ਸਹਿ-ਸੰਪਾਦਕ ਵਜੋਂ "ਵਿਗਿਆਨ ਵਿਸ਼ੇਸ਼ ਅੰਕ" ਅਤੇ "ਵਾਤਾਵਰਣੀ ਵਿਸ਼ੇਸ਼ ਅੰਕ" ਪ੍ਰਕਾਸ਼ਨ ਵਿਚਅਹਿਮ ਯੋਗਦਾਨ ਪਾਇਆ। ਇਸ ਤਰ੍ਹਾਂ ਸਪਸ਼ਟ ਹੀ ਹੋ ਜਾਂਦਾ ਹੈ ਕਿ ਕਿਤਾਬਾਂ ਤੋਂ ਇਲਾਵਾ ਅਨੇਕ ਹੋਰ ਖੇਤਰ ਹਨ ਜਿਨ੍ਹਾਂ ਵਿਚ ਕੋਈ ਵੀ ਵਿਅਕਤੀ ਆਪਣਾ ਯਥਾਯੋਗ ਯੋਗਦਾਨ ਪਾ ਸਕਦਾ ਹੈ।

**11: ਵਿਗੜ ਰਹੇ ਵਾਤਾਵਰਨ ਦਾ ਮੂਲ ਕਾਰਕ ਆਪ ਕਿਸ ਨੂੰ ਮੰਨਦੇ ਹੋ। ਵੱਡਾ ਦੋਸ਼ੀ ਕੌਣ ਹੈ ਤੇ ਕਿੰਨੀ-ਕਿੰਨੀ ਕੁ ਅਨੁਪਾਤ (ratio) ਵਿਚ?**

**ਡਾ. ਸਿੰਘ :** ਅਜੋਕੇ ਸਮੇਂ ਵਿਚ ਵਿਗੜ ਰਹੇ ਵਾਤਾਵਰਣ ਦੇ ਅਨੇਕ ਮੂਲ ਕਾਰਕ ਹਨ। ਜਿਨ੍ਹਾਂ ਨੂੰ ਕੁਝ ਕੁ ਸ਼ਬਦਾਂ ਵਿਚ ਬਿਆਨ ਕਰਨਾ ਸੰਭਵ ਨਹੀਂ ਹੈ। ਫਿਰ ਵੀ ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਉਦਯੋਗੀਕਰਣ, ਵੱਧਦੀ ਆਬਾਦੀ, ਸ਼ਹਿਰੀਕਰਣ, ਜੰਗਲਾਂ ਦੀ ਲੋੜੋਂ ਵੱਧ ਕਟਾਈ, ਆਵਾਜਾਈ ਦੇ ਵਾਹਨਾਂ ਵਿਚ ਬੇਮਿਸਾਲ ਵਾਧਾ ਤੇ ਫ਼ਾਸਿਲ ਫਿਊਲਜ਼ ਦੀ ਬਹੁਤ ਵਧੇਰੇ ਵਰਤੋਂ ਇਸ ਸਮੱਸਿਆ ਦੇ ਮੂਲ ਕਾਰਕ ਹਨ। ਦਰਅਸਲ ਵਧੇਰੇ ਸੁੱਖ ਸੁਵਿਧਾਵਾ ਦੀ ਪ੍ਰਾਪਤੀ ਦੇ ਲਾਲਚਵੱਸ, ਮਨੁੱਖ ਦੀ ਕੁਦਰਤ ਉੱਤੇ ਕਾਬਜ਼ ਹੋਣ ਦੀ ਲਾਲਸਾ ਹੀ, ਇਸ ਮਸਲੇ ਦੀ ਮੂਲ ਜੜ੍ਹ ਹੈ। ਵਾਤਾਵਰਣੀ ਸੱਮਸਿਆ ਦੇ ਕੁਝ ਕੁਦਰਤੀ ਕਾਰਕ ਵੀ ਹਨ ਜਿਵੇਂ ਕਿ ਜਵਾਲਾ ਮੁੱਖੀਆਂ ਦਾ ਫੱਟਣਾ, ਪੱਤਝੜ੍ਹ ਦਾ ਵਾਪਰਣਾ, ਹੜ੍ਹਾਂ ਤੇ ਭੁਚਾਲਾਂ ਦਾ ਆਉਣਾ। ਪਰ ਕੁਦਰਤ ਇਕ

ਸੰਤੁਲਨ ਵਿਚਕੰਮ ਕਰਦੀ ਹੈ। ਅੱਜ ਨਜ਼ਰ ਆ ਰਹੀਆਂ ਵੱਡੇ ਪੈਮਾਨੇ ਦੀਆਂ ਵਾਤਾਵਰਣੀ ਤਬਦੀਲੀਆਂ ਅਤੇ ਵਿਸ਼ਵ-ਵਿਆਪੀ ਤਾਪਮਾਨ ਵਾਧੇ ਦੀਆਂ ਸਮੱਸਿਆਵਾਂ ਦਾ ਮੁੱਖ ਕਾਰਕ ਮਨੁੱਖੀ ਕ੍ਰਿਆਵਾਂ ਹੀ ਹਨ ਜੋ ਕੁਦਰਤੀ ਸੰਤੁਲਨ ਨੂੰ ਡਾਵਾਂਡੋਲ ਕਰਨ ਵਿਚ ਗੰਭੀਰ ਰੋਲ ਅਦਾ ਕਰ ਰਹੀਆਂ ਹਨ। ਇੰਝ ਵਿਗੜ ਰਹੇ ਵਾਤਾਵਰਣ ਦਾ ਸੱਭ ਤੋਂ ਵੱਡਾ ਦੋਸ਼ੀ ਤਾਂ ਮਨੁੱਖ ਆਪ ਹੀ ਹੈ। ਪਰ  ਇਸ ਵਿਚ ਵੱਡਾ ਦੋਸ਼ ਉੱਨਤ ਦੇਸ਼ਾਂ ਵਿਖੇ ਕੀਤੇ ਗਏ/ਕੀਤੇ ਜਾ ਰਹੇ ਉਦਯੋਗਿਕ ਕਾਰਜਾਂ ਦਾ ਹੈ। ਉੱਨਤ ਦੇਸ਼ਾਂ ਦਾ ਪਦਾਰਥਵਾਦੀ ਨਜ਼ਰੀਆ ਖਾਸ ਕਰ ਚੀਜ਼ਾਂ ਦੀ ਰੀਸਾਇਕਲ (recycle) ਨੀਤੀ ਦੀ ਥਾਂ "ਵਰਤੋਂ ਤੇ ਸੁੱਟ ਦਿਓ ਨੀਤੀ" ਦਾ ਬੋਲ-ਬਾਲਾ ਇਸ ਮਸਲੇ ਦੀ ਗੰਭੀਰਤਾ ਵਿਚ ਵਾਧਾ ਕਰਨ ਵਿਚ ਵੱਡਾ ਰੋਲ ਅਦਾ ਕਰ ਰਿਹਾ ਹੈ। ਵਿਕਾਸਸ਼ੀਲ ਦੇਸ਼ ਵੀ ਇਸ ਖੇਤਰ ਵੱਲ ਲੋੜੀਂਦਾ ਧਿਆਨ ਦੇਣਤੋਂ ਗੁਰੇਜ਼ ਕਰ ਰਹੇ ਹਨ। ਅਜੋਕੇ ਸਮੇਂ  ਦੋਰਾਨ, ਉੱਨਤ ਅਤੇ ਵਿਕਾਸਸ਼ੀਲ ਦੇਸ਼ਾਂ ਦਾ ਇਸ ਮਸਲੇ ਵਿਚ ਦੋਸ਼-ਅਨੁਪਾਤ ਲਗਭਗ 65:35 ਨਜ਼ਰ ਆਉਂਦਾ ਹੈ।

**12: ਵਾਤਾਵਰਣਿਕ ਪ੍ਰਦੂਸ਼ਣ ਤੋਂ ਬਚਣ ਲਈ ਸਰਕਾਰੀ, ਨਿੱਜੀ ਅਤੇ ਗੈਰ-ਸਰਕਾਰੀ ਪੱਧਰ ਲਈ ਆਪ ਕੋਲ ਕਿਹੜੇ-ਕਿਹੜੇ ਉਪਾਓ ਅਤੇ ਸਮਾਧਾਨ ਹਨ?**

**ਡਾ. ਸਿੰਘ** : ਵਾਤਾਵਰਣੀ ਪ੍ਰਦੂਸ਼ਣ ਤੋਂ ਬਚਣ ਲਈ ਭਾਰਤੀ ਸੰਵਿਧਾਨ ਵਿਚ ਉਚਿਤ ਪ੍ਰਬੰਧ ਮੌਜੂਦ ਹਨ। ਨਵੀਂ ਕਿਸਮ ਦੇ ਪ੍ਰਦੂਸ਼ਣਾਂ ਜਿਵੇਂ ਕਿ ਬਿਜਲ-ਚੁੰਬਕੀ ਪ੍ਰਦੂਸ਼ਣ ਆਦਿ ਲਈ ਸਮੇਂ ਦੀ ਲੋੜ ਅਨੁਸਾਰ  ਨਵੇਂ ਕਾਨੂੰਨ ਬਣਾਉਣ ਦਾ ਪ੍ਰਬੰਧ ਵੀ ਹੈ ਅਤੇ ਅਜਿਹੇ ਕਾਨੂੰਨ ਬਣਾਏ ਵੀ ਜਾ ਰਹੇ ਹਨ। ਅਜੋਕੇ ਸਮੇਂ ਦੀ ਮੁੱਖ ਲੋੜ ਤਾਂ ਸਿਰਫ਼ ਇਹ ਹੈ ਕਿ ਇਨ੍ਹਾਂ ਕਾਨੂੰਨਾਂ/ਪ੍ਰਬੰਧਾਂ ਨੂੰ ਸਹੀ ਢੰਗ ਨਾਲ ਅਮਲ ਵਿਚ ਲਿਆਂਦਾ ਜਾਵੇ। ਸਰਕਾਰੀ ਪੱਧਰ ਉੱਤੇ ਅਜਿਹਾ ਕਰਨਾ ਸਹਿਜੇ ਹੀ ਸੰਭਵ ਹੈ। ਨਿੱਜੀ ਕੰਪਨੀਆ ਨੂੰ ਵੀ ਵਾਤਵਰਣ ਬਾਰੇ ਆਪਣੀ  ਜ਼ੁੰਮੇਵਾਰੀ ਲਈ ਸੁਚੇਤ ਹੋਣ ਦੀ ਲੋੜ ਹੈ। ਉਨ੍ਹਾਂ ਨੂੰ ਅਜਿਹੇ ਕਾਰਜਾਂ ਤੋਂ ਗੁਰੇਜ਼ ਕਰਨ ਦੀ ਲੋੜ ਹੈ ਜਿਸ ਨਾਲ ਵਾਤਾਵਰਣ ਨੂੰ ਨੁਕਸਾਨ ਪਹੁੰਚਦਾ ਹੈ ਜਾਂ ਅਜਿਹਾ ਹੋਣ ਦੀ ਸੰਭਾਵਨਾ ਹੈ। ਵਾਤਾਵਰਣੀ ਸੁਰੱਖਿਅਣ ਕਾਨੂੰਨ ਦੀ ਸਹੀ ਪਾਲਣਾ ਕਰਨੀ ਜਰੂਰੀ ਹੈ। ਗੈਰ-ਸਰਕਾਰੀ ਅਤੇ ਸਵੈ-ਸੇਵੀ ਸੰਸਥਾਵਾਂ ਆਪਣੇ ਪੱਧਰ ਉੱਤੇ ਅਜਿਹੇ ਕਾਰਜ ਜਿਵੇਂ ਕਿ ਰੁੱਖਾਂ ਦਾ ਲਗਾਉਣਾ ਅਤੇ ਉਨ੍ਹਾਂ ਦੀ ਸਾਂਭ ਸੰਭਾਲ, ਛੱਪੜਾਂ ਜਾਂ ਵੈੱਟਲੈਂਡਜ਼ ਦੀ

ਸੰਭਾਲ, ਕੁਦਰਤ ਦੇ ਵਿਭਿੰਨ ਅੰਗਾਂ ਬਾਰੇ ਜਾਗਰੂਪਤਾ ਤੇ ਸੁਰੱਖਿਅਣ ਕਾਰਜ ਆਦਿ ਕਰਕੇ ਵਾਤਾਵਰਣਿਕ ਪ੍ਰਦੂਸ਼ਣ ਤੋਂ ਨਿਜਾਤ ਪਾਣ ਵਿਚ ਵੱਡੀ ਮਦਦ ਕਰ ਸਕਦੇ ਹਨ।

**13: ਪੰਜਾਬੀ ਸਾਹਿਤ ਵਿਚ ਮੌਜੂਦ ਵਾਤਾਵਰਣਿਕ ਸਰੋਕਾਰਾਂ ਦੇ ਸਦੰਰਭ ਵਿਚ ਹੋ ਰਹੇ ਖੋਜਾਂ ਦੇ ਵਰਨਣ ਬਾਰੇ ਤੁਹਾਡੇ ਕੀ ਵਿਚਾਰ ਹਨ? ਕੀ ਪੰਜਾਬੀ ਸਾਹਿਤ ਅਧਾਰਿਤ, ਵਾਤਾਵਰਣੀ ਪ੍ਰਸੰਗ ਵਿਚ ਖੋਜਾਂ ਸਦਕਾ, ਵਾਤਾਵਰਣ ਵਿਚ ਕੁਝ ਸੁਧਾਰ ਹੋਣ ਦੀ ਸੰਭਾਵਨਾ ਹੈਂ?**

**ਡਾ. ਸਿੰਘ** : ਪੰਜਾਬੀ ਸਾਹਿਤ ਵਿਚ ਮੌਜੂਦ ਵਾਤਾਵਰਣਿਕ ਸਰੋਕਾਰਾਂ ਸੰਬੰਧੀ ਖੋਜ-ਕਾਰਜ, ਬਿਲਕੁਲ ਹੀ ਨਵਾਂ ਖੋਜ ਖੇਤਰ ਹੈ। ਅਜੋਕੇ ਸਮੇਂ ਦੇ ਕੁਝ ਕੁ ਨੋਜੁਆਨ ਖੋਜਕਾਰਾਂ ਨੇ ਅਜਿਹੇ ਸਰੋਕਾਰਾਂ ਦੀ ਸਮੀਖਿਆ ਵੱਲ ਧਿਆਨ ਦੇਣਾ ਸ਼ੁਰੂ ਕੀਤਾ ਹੈ। ਇਹ ਚੰਗੀ ਗੱਲ ਹੈ ਕਿ ਭਿੰਨ ਭਿੰਨ ਯੂਨੀਵਰਸਿਟੀਆਂ ਦੇ ਅਧਿਆਪਕ ਸਾਹਿਬਾਨ ਅਤੇ ਰੀਸਰਚ-ਗਾਈਡ ਇਸ ਖੇਤਰ ਵਿਚ ਖੋਜ ਕਾਰਜਾਂ ਨੂੰ ਉਤਸ਼ਾਹ ਦੇ ਰਹੇ ਹਨ। ਸਮੇਂ ਨਾਲ ਅਜਿਹੀਆਂ ਖੋਜਾਂ ਦੇ ਸਾਰਥਕ ਨਤੀਜੇ ਸਾਹਮਣੇ ਆਉਣ ਦੀ ਆਸ ਹੈ। ਪੰਜਾਬੀ ਸਾਹਿਤ ਵਿਚ ਅਜਿਹੀਆਂ ਖੋਜਾਂ ਸਦਕਾ, ਵਾਤਵਰਣ ਦੀ ਅਹਿਮੀਅਤ, ਇਸ ਦੀ ਸਾਂਭ-ਸੰਭਾਲ ਦੀਆਂ ਲੋੜਾਂ ਤੇ ਢੰਗ, ਇਸ ਸੰਬੰਧਤ ਮਸਲੇ ਤੇ ਉਨ੍ਹਾਂ ਦੇ ਹੱਲ ਕਰਨਦੀਆਂ ਵਿਧੀਆਂ ਬਾਰੇ ਜਾਣਕਾਰੀ ਨਾ ਸਿਰਫ਼ ਜਨ-ਸਾਧਰਣ ਤਕ ਪਹੁੰਚਾਣ ਵਿਚ ਸਫਲਤਾ ਮਿਲੇਗੀ ਉੱਥੇ ਸਰਕਾਰ ਨੂੰ ਵੀ ਵਾਤਾਵਰਣ ਸੰਬੰਧਤ ਆਪਣੀਆਂ ਨੀਤੀਆਂ ਘੜ੍ਹਣ ਵਿਚ ਮਦਦ ਮਿਲਣ ਦੇ ਆਸਾਰ ਹਨ।

**14 : ਜਿਵੇਂ ਕਿ ਪਹਿਲਾਂ ਚਰਚਾ ਹੋ ਚੁੱਕੀ ਹੈ ਕਿ ਪੰਜਾਬੀ ਸਾਹਿਤ ਵਿਚ ਵਾਤਾਵਰਣ ਨਾਲ ਸੰਬੰਧਤ ਅੰਤਰ-ਵਿਸ਼ਿਅਕ ਖੋਜ ਦਾ ਆਰੰਭ ਹੋ ਚੁੱਕਿਆ ਹੈ। ਆਪ ਮਾਰਗ ਦਰਸ਼ਨ ਕਰੋ ਕਿ ਖੋਜ ਦੇ ਇਸ ਨਵੇਂ ਉੱਭਰੇ ਪੰਧ** ਉਪਰ **ਖੋਜਾਰਥੀ ਵਿਸ਼ੇ ਦੇ ਅਧਿਐਨ ਤੇ ਵਿਸ਼ਲੇਸ਼ਣ ਲਈ ਕਿਹੜੀ-ਕਿਹੜੀ ਵਿਧੀ ਅਤੇ ਪਹੁੰਚ ਦਾ ਆਸਰਾ ਲੈ ਸਕਦੇ ਹਨ? ਹੋਰ ਕਿਹੜੇ ਨੁਕਤਿਆਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ?**

**ਡਾ. ਸਿੰਘ** :ਕਿਉਂ ਕਿ ਵਾਤਵਾਰਣੀ ਵਿਸ਼ਾ ਬਹੁ-ਵਿਸ਼ਿਅਕ (multidisciplinary) ਖੋਜ ਖੇਤਰ ਹੈ। ਇਸ ਲਈ ਇਹ ਸੁਭਾਵਿਕ ਹੀ ਹੈ ਕਿ ਇਸ ਵਿਸ਼ੇ ਦੇ ਅਧਿਐਨ ਤੇ ਵਿਸ਼ਲੇਸ਼ਣ ਲਈ ਖੋਜੀ ਦਾ ਬਹੁ-ਵਿਸ਼ਅਕ ਗਿਆਨਵਾਨ

ਹੋਣਾ ਲਾਜ਼ਮੀ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ ਕਿ ਪੰਜਾਬੀ ਸਾਹਿਤ ਵਿਚ ਵਾਤਾਵਰਣ ਨਾਲ ਸੰਬੰਧਤ ਅੰਤਰ-ਵਿਸ਼ਅਕ (interdisciplinary) ਖੋਜ ਦਾ ਆਰੰਭ ਹੋ ਚੁੱਕਾ ਹੈ। ਖੋਜ ਦੇ ਇਸ ਨਵੇਂ ਖੇਤਰ ਵਿਚ ਖੋਜਾਕਾਰਾਂ ਨੂੰ ਵਿਸ਼ੇ ਦੇ ਅਧਿਐਨ ਤੇ ਵਿਸ਼ਲੇਸ਼ਣ ਲਈ, ਜਿਥੇ ਸਾਹਿਤਕ ਖੋਜ ਵਿਧੀਆਂ ਦਾ ਸਹੀ ਅਨੁਸਰਣ ਤਾਂ ਕਰਨਾ ਹੀ ਹੈ, ਉਥੇ ਉਨ੍ਹਾਂ ਨੂੰ ਇਹ ਵੀ ਧਿਆਨ ਰੱਖਣਾ ਹੋਵੇਗਾ ਕਿ ਵਿਭਿੰਨ ਵਿਸ਼ਿਆ ਸੰਬੰਧਤ ਜਾਣਕਾਰੀ ਸਹੀ ਰੂਪ ਵਿਚ ਬਿਆਨੀ ਜਾਵੇ। ਅਜਿਹੇ ਵਿਸਥਾਰ ਵਿਚ ਵਿਗਿਆਨਕ ਤੱਥਾਂ ਦੀ ਸ਼ੁੱਧਤਾ ਅਤੇ ਨਵੀਨਤਾ ਦਾ ਖ਼ਾਸ ਖਿਆਲ ਰੱਖਿਆ ਜਾਵੇ। ਵਾਤਵਾਰਣ ਵਿਗਿਆਨ ਇਕ ਅਜਿਹਾ ਖੇਤਰ ਹੈ ਜਿਸ ਵਿਚ ਵਿਭਿੰਨ ਵਰਤਾਰਿਆ ਬਾਰੇ ਵਿਗਿਆਨਕ ਖੋਜ ਲਗਾਤਾਰ ਜਾਰੀ ਹੈ ਅਤੇ ਅਜਿਹੇ ਵਰਤਾਰਿਆਂ ਸੰਬੰਧਤ ਅੰਕੜਿਆਂ ਵਿਚ ਲਗਾਤਾਰ ਤਬਦੀਲੀ ਰਿਕਾਰਡ ਕੀਤੀ ਜਾ ਰਹੀ ਹੈ। ਵਾਤਾਵਰਣ ਸੰਬੰਧਤ ਪੰਜਾਬੀ ਸਾਹਿਤ ਵਿਚ ਆਪਣੇ ਅਧਿਐਨ ਤੇ ਵਿਸ਼ਲੇਸ਼ਣ ਕਾਰਜਾਂ ਪਿੱਛੋਂ ਪ੍ਰਾਪਤ ਨਤੀਜਿਆਂ ਨੂੰ ਬਿਆਨ ਕਰਦੇ ਸਮੇਂ ਖੋਜੀਆਂ ਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਉਨ੍ਹਾਂ ਦੁਆਰਾ ਦਰਸਾਏ ਜਾ ਰਹੇ ਤੱਤ, ਵਾਤਾਵਰਣੀ ਖੇਤਰ ਦੇ ਮੌਜੂਦਾ ਗਿਆਨ ਪੱਧਰ/ਤੱਥਾਂ ਦੀ ਰੌਸ਼ਨੀ ਵਿਚ ਪੁਸ਼ਟੀਯੋਗ ਹੋਣ।

**15: ਆਪ ਦੇ ਵਿਚਾਰ ਅਨੁਸਾਰ ਇੱਕੀਵੀਂ ਸਦੀ ਦੇ ਪੰਜਾਬੀ ਸਾਹਿਤ ਵਿਚ ਨਿਬੰਧ ਅਤੇ ਗਲਪ ਦੇ ਪ੍ਰਮੁੱਖ ਝੁਕਾਅ (ਵਿਸ਼ੇ ਪੱਖੋਂ) ਕਿਹੜੇ ਕਿਹੜੇ ਹਨ? ਕ੍ਰਿਪਾ ਕਰ ਕੇ ਵਿਸਥਾਰ ਨਾਲ ਸਮਝਾਓ।**

**ਡਾ. ਸਿੰਘ** : ਮੇਰੇ ਵਿਚਾਰ ਅਨੁਸਾਰ ਇੱਕੀਵੀਂ ਸਦੀ ਦੇ ਪੰਜਾਬੀ ਸਾਹਿਤ ਵਿਚ ਨਿਬੰਧਾਂ ਦੇ ਵਿਸ਼ਿਆਂ ਵਿਚ ਵਿਗਿਆਨਕ, ਵਾਤਾਵਰਣੀ, ਤਕਨੀਕੀ, ਕੰਪਿਊਟਰ, ਬਾਇਓ ਟੈਕਨਾਲੋਜੀ, ਪੁਲਾੜ ਵਿਗਿਆਨ, ਸਿਹਤ-ਸੰਭਾਲ ਅਤੇ ਖੇਤੀਬਾੜੀ ਸੰਬੰਧਤ ਵਿਸ਼ਿਆਂ ਦੀ ਭਰਮਾਰ ਹੈ। ਪਰ ਇਸਦੇ ਨਾਲ ਨਾਲ ਧਾਰਮਿਕ, ਰਾਜਨੀਤਕ, ਸਮਾਜਿਕ, ਇਤਹਾਸਿਕ, ਸਭਿਆਚਾਰਕ ਤੇ ਫੈਸ਼ਨ ਆਦਿ ਵਿਸ਼ਿਆਂਬਾਰੇ ਨਿਬੰਧਾਂ ਦੀ ਵੀ ਘਾਟ ਨਹੀਂ ਹੈ। ਪੰਜਾਬੀ ਗਲਪ ਰਚਨਾਵਾਂ ਵਿਚ, ਕਹਾਣੀਆਂ ਤੇ ਨਾਵਲਾਂ ਵਿਚ ਅਜੇ ਵੀ ਸਮਾਜਿਕ, ਧਾਰਮਿਕ ਤੇ ਰਾਜਨੀਤਕ ਵਰਤਾਰਿਆਂ ਦਾ ਬੋਲਬਾਲਾ ਹੈ। ਕਿਧਰੇ ਕਿਧਰੇ ਇਤਹਾਸਿਕ ਵਿਸ਼ਿਆਂ ਅਧਾਰਿਤ ਨਾਵਲ ਵੀ ਨਜ਼ਰ ਪੈਂਦੇ ਹਨ। ਕਵਿਤਾਵਾਂ ਤੇ ਗੀਤਾਂ ਦੀ ਵਿਧਾ ਵਿਚ ਧਾਰਮਿਕ, ਸਮਾਜਿਕ, ਅਤੇ ਰਾਜਨੀਤਕ ਮੁੱਦੇ ਚਰਚਾ ਵਿਚ ਹਨ।

ਗੀਤਾਂ ਦਾ ਵੱਡਾ ਹਿੱਸਾ ਲਿੰਗਕ ਰੁਚੀਆਂ ਤੇ ਹਿੰਸਾ ਦੇ ਉਭਾਰ ਵਿਚ ਡੁੱਬਿਆ ਹੋਇਆ ਹੈ। ਕਵਿਤਾਵਾਂ ਦਾ ਵੱਡਾ ਹਿੱਸਾ ਅਜੇ ਵੀ ਮੁਹੱਬਤ ਤੇ ਰੁਸਵਾਈ ਗਿਰਦ ਹੀ ਚੱਕਰ ਲਗਾ ਰਿਹਾ ਹੈ। ਹਾਂ! ਕਿਧਰੇ ਕਿਧਰੇ ਦੇਸ਼ ਭਗਤੀ ਤੇ ਇਨਕਲਾਬੀ ਜੋਸ਼ ਵਾਲੀ ਕਵਿਤਾ ਵੀ ਨਜ਼ਰ ਪੈਂਦੀ ਹੈ। ਪੰਜਾਬੀ ਗਜ਼ਲ ਵੀ ਹੌਲੇ ਹੌਲੇ ਸਾਹ ਭਰ ਰਹੀ ਹੈ। ਪੰਜਾਬੀ ਦੋਹੇ, ਟੱਪੇ, ਬੋਲੀਆਂ ਵਿਚ ਨਵੇਂਪਣ ਦਾ ਇੰਤਜ਼ਾਰ ਹੈ। ਮਿੰਨੀ ਕਹਾਣੀ ਤੇ ਹਾਇਕੂ ਰਚਨਾਵਾਂ ਵੀ ਵਿਕਾਸ ਦੇ ਰਾਹ ਚਲਰਹੀਆਂ ਹਨ। ਸਫਰਨਾਮਾ ਅਤੇ ਸਵੈਜੀਵਨੀ/ਜੀਵਨੀ ਰਚਨਾ ਕਾਰਜਾਂ ਦਾ ਵੀ ਪ੍ਰਚਲਣ ਵਧਿਆ ਹੈ। ਪਰ ਪੰਜਾਬੀ ਵਿਚ ਨਾਟਕ ਰਚਨਾ ਕਾਰਜਾਂ ਅਤੇ ਵਿਗਿਆਨ ਗਲਪ ਕਹਾਣੀਆਂ ਦੀ ਵੱਡੀ ਘਾਟ ਹੈ। ਵਿਗਿਆਨ ਗਲਪ ਅਧਾਰਿਤ ਨਾਵਲ ਤਾਂ ਕਿਧਰੇ ਨਜ਼ਰ ਹੀ ਨਹੀਂ ਆਉਂਦੇ। ਵਿਗਿਆਨ ਗਲਪ ਅਧਾਰਿਤ ਪੰਜਾਬੀ ਫਿਲਮਾਂ ਅਜੇ ਬਣਨੀਆਂ ਆਰੰਭ ਹੀ ਨਹੀਂ ਹੋਈਆਂ। ਵਿਗਿਆਨ ਤੇ ਵਾਤਾਵਰਣੀ ਵਿਸ਼ਿਆਂ ਅਧਾਰਿਤ ਟੈਲੀਵਿਯਨ ਸੀਰੀਅਲ ਤੇ ਡਕੂਮੈਂਟਰੀਜ਼ ਦੀ ਘਾਟ ਰੜਕਦੀ ਹੈ।

**16: ਆਪ ਦੇ ਸਮਕਾਲੀ ਵਾਤਾਵਰਣੀ ਪੰਜਾਬੀ ਲੇਖਕਾਂ ਵਿਚੋਂ ਆਪ ਕਿਸ ਕਿਸ ਦੀ ਕਿਹੜੀ ਵਿਸ਼ੇਸ਼ਤਾ ਤੋਂ ਪ੍ਰਭਾਵਿਤ ਹੋ?**

**ਡਾ. ਸਿੰਘ:** ਸਮਕਾਲੀ ਵਾਤਾਵਰਣੀ ਪੰਜਾਬੀ ਲੇਖਕਾਂ ਵਿਚ ਡਾ. ਵਿਦਵਾਨ ਸਿੰਘ ਸੋਨੀ, ਡਾ. ਕੁਲਦੀਪ ਸਿੰਘ ਧੀਰ, ਡਾ. ਫਕੀਰ ਚੰਦ ਸ਼ੁਕਲਾ, ਡਾ. ਸੁਰਜੀਤ ਸਿੰਘ ਢਿੱਲੋਂ, ਡਾ. ਹਰਦੇਵ ਸਿੰਘ ਵਿਰਕ, ਡਾ. ਮਲਕੀਅਤ ਸਿੰਘ ਸੈਣੀ, ਡਾ. ਜਗਬੀਰ ਸਿੰਘ, ਡਾ. ਮਨਜੀਤ ਇੰਦਰ ਸਿੰਘ ਸੱਗੂ, ਡਾ. ਦੇਵਿੰਦਰ ਸਿੰਘ, ਡਾ. ਸਤਨਾਮ ਸਿੰਘ ਲੱਧੜ, ਡਾ. ਗੁਲਜੀਤ ਸਿੰਘ ਚੱਠਾ, ਡਾ. ਜਤਿੰਦਰ ਪਾਲ ਸਿੰਘ, ਡਾ. ਭੂਪਿੰਦਰ ਸਿੰਘ ਵਿਰਕ, ਡਾ. ਚਰਨਜੀਤ ਸਿੰਘ ਨਾਭਾ, ਡਾ ਪੁਸ਼ਪਿੰਦਰ ਜੈ ਰੂਪ, ਡਾ ਅਰਸ਼ ਰੂਪ ਸਿੰਘ, ਡਾ. ਸੁਰਿੰਦਰ ਕੁਮਾਰ ਜਿੰਦਲ, ਡਾ.ਸੀ. ਪੀ. ਕੰਬੋਜ, ਨਿਰਮਲ ਜੌੜਾ, ਜਸਬੀਰ ਸਿੰਘ ਭੁੱਲਰ, ਰੂਪ ਢਿੱਲੋ ਲੰਡਨ, ਸੰਜੀਵਨ ਸਿੰਘ ਡੱਡਵਾਲ, ਮੇਘਰਾਜ ਮਿੱਤਰ, ਅਜਮੇਰ ਸਿੱਧੂ, ਨਵਾਬ ਫੈਸਲ ਖਾਨ, ਜਸਵੀਰ ਸਿੰਘ ਦੀਦਾਰਗੜ੍ਹ ਅਤੇ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਅਨੇਕ ਵਿਗਿਆਨੀਆਂ  ਦਾ ਯੋਗਦਾਨ ਪ੍ਰਸੰਸਾ ਯੋਗ ਹੈ। ਸਾਰੇ ਵਿਦਵਾਨ ਹੀ ਵਧੀਆ ਕੰਮ ਕਰ ਰਹੇ ਹਨ।  ਇਨ੍ਹਾਂ ਦਾ ਬਹੁਤਾ ਕੰਮ ਨਿਬੰਧ ਲੇਖਣ ਵਿਧੀ ਵਿਚ ਹੀ ਹੈ।  ਬਾਲ ਸਾਹਿਤ

ਵਿਚ, ਕਹਾਣੀ ਦੀ ਵਿਧਾ ਰਾਹੀਂ, ਵਾਤਾਵਰਣੀ ਸਰੋਕਾਰਾਂ ਦੇ ਵਰਨਣ ਲਈ ਡਾ. ਫਕੀਰ ਚੰਦ ਸ਼ੁਕਲਾ, ਜਸਬੀਰ ਸਿੰਘ ਭੁੱਲਰ, ਅਤੇ ਜਸਵੀਰ ਸਿੰਘ ਦੀਦਾਰਗੜ੍ਹ ਵਿਸ਼ੇਸ਼ ਪ੍ਰਸੰਸਾਂ ਦੇ ਪਾਤਰ ਹਨ। ਡਾ. ਫ਼ਕੀਰ ਚੰਦ ਸ਼ੁਕਲਾ ਨੇ ਤਾਂ ਬਾਲਾਂ ਲਈ ਵਾਤਾਵਰਣੀ ਨਾਟਕਾਂ ਦੀ ਰਚਨਾ ਕਰਣ ਦੇ ਨਾਲ ਨਾਲ ਬਾਲਾਂ ਨੂੰ ਅਜਿਹੇ ਨਾਟਕ ਖੇਡਣ/ਖਿਡਾਉਣ ਵਿਚ ਵੀ ਯੋਗਦਾਨ ਪਾਇਆ ਹੈ, ਜੋ ਬਹੁਤ ਹੀ ਵਧੀਆ ਉੱਦਮ ਹੈ।

**17: ਵੀਹਵੀਂ ਸਦੀ ਦੇ ਵਾਤਾਵਰਣੀ ਸੰਕਟ ਅਤੇ ਇੱਕੀਵੀਂ ਸਦੀ ਦੀ ਵਾਤਾਵਰਣਿਕ ਸਥਿਤੀ ਵਿਚ ਤੁਸੀਂ ਕਿਹੜੇ ਕਿਹੜੇ ਪਰਿਵਰਤਨ ਨੋਟ ਕੀਤੇ ਹਨ?**

**ਡਾ. ਸਿੰਘ :** ਵਾਤਾਵਰਣੀ ਸੰਕਟ ਦੀ ਗੰਭੀਰਤਾ ਬਾਰੇ ਮਨੁੱਖੀ ਚੇਤੰਨਤਾ ਦਾ ਆਰੰਭ ਬੀਹਵੀਂ ਸਦੀ ਦੇ ਦੂਸਰੇ ਅੱਧ ਵਿਚ ਹੀ ਹੋਇਆ। ਇਸ ਚੇਤੰਨਤਾ ਨੂੰ ਵਧੇਰੇ ਤੀਬਰਤਾ ਉਦੋਂ ਪ੍ਰਾਪਤ ਹੋਈ ਜਦ ਸੰਨ 1992 ਵਿਚ ਸੰਯੁਕਤ ਰਾਸ਼ਟਰ ਸੰਘ ਦੁਆਰਾ ਆਯੋਜਿਤ "ਜਲਵਾਯੂ ਤਬਦੀਲੀ ਸੰਮੇਲਨ" ਦੌਰਾਨ ਵਿਗਿਆਨੀਆਂ ਨੇ ਦੱਸ ਪਾਈ ਕਿ ਮਨੁੱਖੀ ਕ੍ਰਿਆਵਾਂ ਕਾਰਨ ਧਰਤੀ ਦੇ ਵਾਯੂਮੰਡਲ ਵਿਚ ਕਾਰਬਨ ਡਾਇਆਕਸਾਈਡ ਗੈਸ ਦੀ ਮਾਤਰਾ ਵੱਧ ਗਈ ਹੈ। ਜਿਸ ਦੇ ਫਲਸਰੂਪ ਵਿਸ਼ਵ-ਵਿਆਪੀ ਤਾਪਮਾਨ ਵਾਧਾ ਵਾਪਰਣਾ ਸ਼ੂਰੂ ਹੋ ਗਿਆ ਹੈ। ਦਸੰਬਰ 1997 ਵਿਚ  ਜਾਪਾਨ ਦੇ ਸ਼ਹਿਰ ਕਿਓਟੋ ਵਿਖੇ, ਹਾਜ਼ਿਰ ਦੇਸ਼ਾਂ ਵਲੋ ਕਿਓਟੋ ਪ੍ਰੋਟੋਕੋਲ ਦੀ ਸਥਾਪਨਾ ਕੀਤੀ ਗਈ। ਇਸ ਪ੍ਰੋਟੋਕੋਲ ਵਿਚ ਵਿਸ਼ਵ ਵਿਆਪੀ ਤਾਪਮਾਨ ਵਾਧੇ ਨੂੰ ਰੋਕਣ ਲਈ ਵਾਯੂਮੰਡਲ ਵਿਚ ਗਰੀਨ ਹਾਊਸ ਗੈਸਾਂ ਦੀ ਮਿਕਦਾਰ ਘੱਟ ਕਰਨ ਦਾ ਵਿਧਾਨ ਕਾਇਮ ਕੀਤਾ ਗਿਆ। ਇਹ ਪ੍ਰੋਟੋਕੋਲ ਫਰਵਰੀ 2005 ਤੋਂ ਵਿਸ਼ਵ ਭਰ ਵਿਚ ਲਾਗੂ ਕਰਨ ਲਈ ਪ੍ਰਵਾਨ ਕੀਤਾ ਗਿਆ। ਇਸ  ਪ੍ਰੋਟੋਕੋਲ ਨੂੰ ਆਪੋ ਆਪਣੇ ਦੇਸ਼ਾਂ ਵਿਚ ਲਾਗੂ ਕਰਨ ਲਈ ਹੁਣ ਤਕ 192 ਦੇਸ ਸਹਿਮਤੀ ਦੇ ਚੁੱਕੇ ਹਨ। ਇਸ ਪ੍ਰੋਟੋਕੋਲ ਦੀ ਵਚਨਬੱਧਤਾ ਦਾ ਸਮਾਂ ਸੰਨ 2008 ਤੋਂ 2012 ਤਕ ਦਾ ਸੀ। ਦਸੰਬਰ 2012 ਵਿਚ ਕਤਰ ਦੇਸ਼ ਦੇ ਸ਼ਹਿਰ ਦੋਹਾ ਵਿਖੇ ਇਸ ਪ੍ਰੋਟੋਕੋਲ ਵਿਚ ਸੋਧ ਕੀਤੀ ਗਈ ਜਿਸ ਅਨੁਸਾਰ ਗਰੀਨਹਾਊਸ ਗੈਸਾਂ ਨੂੰ ਮਿਥੇ ਪੱਧਰ ਤਕ ਸੰਨ 2020 ਤਕ ਘੱਟ ਕਰਨ ਦਾ ਵਿਧਾਨ ਨਿਯਤ ਕੀਤਾ ਗਿਆ ਹੈ। ਜੁਲਾਈ 2019 ਤਕ 130 ਦੇਸ਼ ਇਸ ਸੋਧ ਨੂੰ ਪ੍ਰਵਾਨਗੀ ਦੇ ਚੁੱਕੇ ਹਨ। ਦਸੰਬਰ 2015 ਵਿਚ ਫਰਾਂਸ ਦੇ ਸ਼ਹਿਰ ਪੈਰਿਸ ਵਿਖੇ ਕੀਤੇ ਗਏ "ਜਲਵਾਯੂ ਤਬਦੀਲੀ ਸੰਮੇਲਨ"

ਵਿਚ ਧਰਤੀ ਦੇ ਵਾਯੂਮੰਡਲ ਵਿਚ ਹੋ ਰਹੇ ਵਿਸ਼ਵ ਵਿਆਪੀ ਤਾਪਮਾਨ ਵਾਧੇ ਨੂੰ 1.5 ਦਰਜਾ ਸੈਲਸੀਅਸ ਤਕ ਸੀਮਿਤ ਕਰਨ ਲਈ ਯੋਗ ਯਤਨ ਕਰਨ ਦਾ ਫੈਸਲਾ ਕੀਤਾ ਗਿਆ। ਮਾਰਚ 2019 ਤਕ 195 ਮੈਂਬਰ ਦੇਸ਼ਾਂ ਨੇ ਅਜਿਹਾ ਕਰਨ ਦੀ ਸਹਿਮਤੀ ਦੇ ਦਿੱਤੀ ਹੈ। ਦੇਸ਼-ਵਿਦੇਸ਼ ਵਿਚ ਗਰੀਨ ਹਾਊਸ ਗੈਸਾਂ ਦੀ ਵਾਯੂਮੰਡਲ ਵਿਚ ਛੱਡੀ ਜਾ ਰਹੀ ਮਿਕਦਾਰ ਨੂੰ ਘੱਟ ਕਰਨ ਦੇ ਯਤਨ ਲਗਾਤਾਰ ਜਾਰੀ ਹਨ। ਇੰਜ ਬੀਹਵੀਂ ਸਦੀ ਦੌਰਾਨ ਮਨੁੱਖ ਵਾਤਾਵਰਣੀ ਮਸਲਿਆਂ ਦੀ ਗੰਭੀਰਤਾ ਬਾਰੇ ਚੇਤੰਨ ਹੋਇਆ ਸੀ ਅਤੇ ਇਨ੍ਹਾਂ ਬਾਰੇ ਸੁਯੋਗ ਯਤਨਾਂ ਦਾ ਆਰੰਭ ਵੀ ਉਸ ਨੇ ਬੀਹਵੀਂ ਸਦੀ ਦੇ ਆਖ਼ਰਲੇ ਦਹਾਕੇ ਦੌਰਾਨ ਹੀ ਕਰ ਲਿਆ। ਇੱਕੀਵੀਂ ਸਦੀ ਵਾਤਵਾਵਰਣੀ ਮਸਲਿਆਂ ਦੇ ਹੱਲਾਂ ਨੂੰ ਅਮਲੀ ਜਾਮਾ ਪਹਿਨਾਉਣ ਦੀ ਹੈ ਅਤੇ ਅਜਿਹਾ ਹੋ ਵੀ ਰਿਹਾ ਹੈ। ਜੋ ਬਹੁਤ ਹੀ ਆਸ਼ਵਾਦੀ ਸਥਿਤੀ ਦਾ ਪ੍ਰਤੀਕ ਹੈ। ਆਸ ਹੈ ਮਨੁੱਖ ਇਸ ਸਦੀ ਦੌਰਾਨ ਵਾਤਾਵਰਣੀ ਮਸਲਿਆਂ ਨੂੰ ਸੁਲਝਾ ਸਕਣ ਵਿਚ ਕਾਮਯਾਬੀ ਪ੍ਰਾਪਤ ਕਰ ਲਵੇਗਾ।

**18: ਵਾਤਾਵਰਣ ਨੂੰ ਪ੍ਰਦੂਸ਼ਣ-ਮੁਕਤ ਤੇ ਸੁਖਾਵਾਂ ਬਣਾਉਣ ਲਈ ਆਪ ਪੰਜਾਬੀ ਸਾਹਿਤ ਦਾ ਕੀ ਯੋਗਦਾਨ ਮੰਨਦੇ ਹੋ?**

**ਡਾ. ਸਿੰਘ** : ਪੰਜਾਬੀ ਸਾਹਿਤ ਇਕ ਮਾਧਿਅਮ ਹੈ ਜਿਸ ਦੀਆਂ ਵਿਭਿੰਨ ਵਿਧਾਵਾਂ ਦੀ ਵਰਤੋਂ ਨਾਲ ਅਸੀਂ ਵਾਤਾਵਰਣ ਦੇ ਵਿਭਿੰਨ ਪਹਿਲੂਆਂ ਬਾਰੇ ਜਾਣਕਾਰੀ ਆਮ ਲੋਕਾਂ ਤਕ ਪਹੁੰਚਾ ਸਕਦੇ ਹਾਂ। ਪੰਜਾਬੀ ਸਾਹਿਤ ਰਾਹੀਂ ਕੁਦਰਤ ਨਾਲ ਪ੍ਰੇਮ ਦਾ ਸੁਨੇਹਾ ਗੀਤਾਂ, ਕਵਿਤਾਵਾਂ, ਕਹਾਣੀਆਂ, ਨਾਟਕਾਂ, ਨਾਵਲਾਂ ਤੇ ਨਿਬੰਧਾਂ ਆਦਿ ਦੁਆਰਾ ਜਨ-ਸਾਧਾਰਣ ਤਕ ਪਹੁੰਚਾਣ ਦੇ ਨਾਲ ਨਾਲ ਬੱਚਿਆਂ ਤਕ ਵੀ ਸਹਿਜੇ ਹੀ ਪਹੁੰਚਾਇਆ ਜਾ ਸਕਦਾ ਹੈ। ਅਜਿਹਾ ਕਾਫੀ ਹਦ ਤਕ ਹੋ ਵੀ ਰਿਹਾ ਹੈ। ਪੰਜਾਬ ਦੀ ਰੂਹ ਬਾਬੇ ਨਾਨਕ ਨੇ ਆਪਣੀ ਬਾਣੀ ਰਾਹੀਂ ਕੁਦਰਤ ਨਾਲ ਪ੍ਰੇਮ ਤੇ ਸੁਰਮੇਲਤਾ ਦਾ ਸੁਨੇਹਾ ਤਾਂ ਸਦੀਆਂ ਪਹਿਲੋਂ ਹੀ ਦੇ ਦਿੱਤਾ ਸੀ, ਜੋ ਪੰਜਾਬੀ ਸਾਹਿਤ ਦਾ ਮਾਣਯੋਗ ਵਿਰਸਾਵੀ ਹੈ। ਪਰ ਅਸੀਂ ਤਾਂ ਉਸ ਸਭ ਨੂੰ ਤੋਤਾ ਰੱਟਣੀ ਦਾ ਸਾਧਨ ਬਣਾ ਲਿਆ। ਉਸ ਸੁਨੇਹੇ ਨੂੰਅੱਜ ਤਕ ਅਮਲ ਦਾ ਰੂਪ ਨਾ ਦੇ ਸਕੇ। ਨਹੀਂ ਤਾਂ ਪੰਜਾਬ ਵਿਚੋਂ ਜੰਗਲਾਂ ਦਾ ਖਾਤਮਾ, ਜੰਗਲੀ ਜੀਵਾਂ ਦਾ ਖਾਤਮਾ, ਪੰਛੀਆਂ ਦੇ ਰੈਣ-ਬਸੇਰਿਆਂ ਦਾ ਖਾਤਮਾ, ਪਰਪਰਾਗਣ ਕਰਨ ਵਾਲੇ ਕੀਟਾਂ ਦਾ ਖਾਤਮਾ, ਜ਼ਮੀਨ

ਹੇਠਲੇ ਜਲ-ਭੰਡਾਰਾਂ ਦਾ ਖਾਤਮਾ, ਨਦੀਆਂ-ਨਾਲਿਆਂ ਦਾ ਪਲੀਤ ਹੋ ਜਾਣਾ ਆਦਿ ਨਾ ਵਾਪਰਦਾ। ਪ੍ਰਤੱਖ ਹੀ ਹੈ ਕਿਅਜਿਹਾ ਪੰਜਾਬੀ ਸਾਹਿਤ ਦੀ ਕਿਸੇ ਘਾਟ ਕਰ ਕੇ ਨਹੀਂ ਸਗੋਂ ਅਜੋਕੇ ਯੁੱਗਵਿਚ ਮਨੁੱਖ ਦੀ ਪਦਾਰਥਵਾਦੀ ਸੋਚ ਅਤੇ ਵਧੇਰੇ ਤੋਂ ਵਧੇਰੇ ਲਾਭ ਪ੍ਰਾਪਤੀ ਦੇ ਲਾਲਚ ਕਾਰਣ ਵਾਪਰਿਆ ਹੈ। ਕਿਤਾਬੀ ਕਲਚਰ (ਸਾਹਿਤ ਪ੍ਰੇਮ, ਗਿਆਨ ਦੇ ਸਰੋਤਾਂ ਪ੍ਰਤੀ ਲਗਾਉ) ਦੀ ਘਾਟ ਕਾਰਣ ਵਾਪਰਿਆ ਹੈ। ਅੱਜ ਪੰਜਾਬੀਆਂ ਨੂੰ ਚੰਗੀ ਸੇਧ ਪ੍ਰਾਪਤੀ ਲਈ ਮੁੜ ਸਾਹਿਤ ਨਾਲ ਜੁੜਣ ਦੀ ਲੋੜ ਹੈ। ਕਿਤਾਬ ਪੜ੍ਹਣ-ਪੜਾਉਣ ਦਾ ਸੱਭਿਆਚਾਰ ਵਿਕਿਸਤ ਕਰਨ ਦੀ ਲੋੜ ਹੈ। ਵੇਦਾਂ ਅਤੇ ਗ੍ਰੰਥਾਂ ਦੀ ਜਨਮਦਾਤੀ ਪੰਜਾਬ ਦੀ ਧਰਤੀ ਅਤੇ ਇਸ ਦੇ ਜਾਏ, ਸਾਹਿਤ ਤੋਂ ਟੁੱਟ ਕੇ ਕਿਵੇਂ ਖੁਸ਼ਹਾਲ ਜੀਵਣ ਜੀ ਸਕਦੇ ਹਨ? ਸਪਸ਼ਟ ਹੈ ਕਿ ਪੰਜਾਬੀਆਂ ਨੂੰ ਸੁਚੱਜੀ ਜੀਵਨ ਜਾਚ ਸੰਬੰਧੀ ਲੋੜੀਂਦੀ ਸੇਧ ਪ੍ਰਾਪਤੀ ਲਈ ਆਪਣੇ ਮਨਾਂ ਅੰਦਰ ਸਾਹਿਤ ਪ੍ਰੇਮ ਦੀ ਜੋਤ ਜਗਾਉਣੀ ਹੀ ਹੋਵੇਗੀ।

**19: ਪਾਠਕਾਂ ਦਾ ਇਸ਼ਕ ਕਿਤਾਬਾਂ ਨਾਲੋਂ ਘੱਟ ਕੇ ਸ਼ੋਸ਼ਲ ਮੀਡੀਆਂ ਨਾਲ ਵੱਧ ਰਿਹਾ ਹੈ। ਪਾਠਕਾਂ ਨੂੰ ਕਿਤਾਬਾਂ ਵੱਲ ਮੋੜਣ ਲਈ ਕੋਈ ਹੱਲ?**

**ਡਾ. ਸਿੰਘ**: ਪਾਠਕਾਂ ਨੂੰ ਕਿਤਾਬਾਂ ਨਾਲ ਜੋੜਣ ਲਈ ਅਜੋਕੇ ਸਮੇਂ ਦੀਆਂ ਗਿਆਨ ਸੰਬੰਧਤ ਲੋੜਾਂ ਦੀ ਪੂਰਤੀ ਵਾਲੀਆਂ ਕਿਤਾਬਾਂ ਦੀ ਆਮ ਉਪਲਬਧੀ ਜ਼ਰੂਰੀ ਹੈ। ਗੁਣਤਾ ਵਾਲੇ ਸਾਹਿਤ ਦੀ ਲੋੜ ਹੈ। ਲਾਇਬ੍ਰੇਰੀ ਕਲਚਰ ਨੂੰ ਉਤਸ਼ਾਹਿਤ ਕਰਨ ਦੀ ਲੋੜ ਹੈ। ਬੱਚਿਆ ਨੂੰ ਸਾਹਿਤਕ ਚੇਟਕ ਲਾਉਣ ਲਈ ਹਰ ਸਕੂਲ ਦੇ ਟਾਇਮ ਟੇਬਲ ਵਿਚ ਇਕ ਪੀਰੀਅਡ ਲਾਇਬ੍ਰੇਰੀ ਲਈ ਰਾਖਵਾਂ ਹੋਣਾ ਚਾਹੀਦਾ ਹੈ। ਅੱਜ ਸਾਡੀਆਂ ਲਾਇਬ੍ਰੇਰੀਆਂ ਸਮੇਂ ਦੇ ਹਾਣ ਦੀਆਂ ਨਹੀਂ ਰਹੀਆਂ। ਆਮ ਕਰਕੇ ਸਾਡੀਆਂ ਲਾਇਬ੍ਰੇਰੀਆਂ ਵਿਚ ਕਿਤਾਬਾਂ ਤਾਲੇ ਬੰਦ ਅਲਮਾਰੀਆ ਵਿਚ ਰੱਖੀਆਂ ਜਾਂਦੀਆਂ ਹਨ। ਲਾਇਬ੍ਰੇਰੀ ਤੋਂ ਕਿਤਾਬ ਲੈਣ ਲਈ ਲਾਇਬ੍ਰੇਰੀ ਦੇ ਸਟਾਫ ਦੀ ਮਿਹਰਬਾਨੀ ਉੱਤੇ ਨਿਰਭਰ ਕਰਨਾ ਪੈਂਦਾ ਹੈ ਜੋ ਆਪਣੇ ਆਪ ਵਿਚ ਮਨ-ਅਕਾਊ ਕ੍ਰਿਆ ਹੈ। ਲਾਇਬ੍ਰੇਰੀ ਸਟਾਫ ਵਿਚ ਕਿਤਾਬੀ ਕਲਚਰ ਨੂੰ ਉਤਸ਼ਾਹਿਤ ਕਰਨ ਦੀ ਵੱਡੀ ਘਾਟ ਦੇਖੀ ਜਾ ਰਹੀ ਹੈ। ਬਹੁਤ ਲਾਇਬ੍ਰੇਰੀਆਂ ਵਿਚ ਕਿਤਾਬਾਂ ਦੀ ਘਾਟ ਹੈ, ਬਹੁਤ ਜਗਹ ਕਾਫੀ ਪੁਰਾਣੀਆਂ ਕਿਤਾਬਾਂ ਹੀ ਉਪਲਬਧ ਹਨ, ਸਮੇਂ ਦੀ ਲੋੜ/ਉਨੱਤੀ ਮੁਤਾਬਕ ਨਵੇਂ ਗਿਆਨ ਦੀਆ ਕਿਤਾਬਾਂ ਉਪਲਬਧ ਹੀ ਨਹੀਂ ਹਨ। ਮੈਂ ਤਾਂ ਕੁਝ ਕੁ ਲਾਇਬਰੇਰੀਆ ਵਿਚ ਕਿਤਾਬਾਂ ਘੱਟੇ-

ਮਿੱਟੀ ਦੀ ਪਰਤ ਹੇਠ ਵੀ ਦੱਬੀਆਂ ਦੇਖੀਆ ਹਨ। ਮਾਇਟਸ ਅਤੇ ਡਸਟ ਅਲਰਜੀ ਦੇ ਡਰੋਂ ਜਿਨ੍ਹਾਂ ਨੂੰ ਹੱਥ ਲਾਉਣ ਤੋਂ ਵੀ ਮਨ ਗੁਰੇਜ਼ ਕਰਦਾ ਹੈ।

ਅੱਜ ਲਾਇਬ੍ਰੇਰੀਆਂ ਨੂੰ ਨਵੀਂ ਦਿੱਖ ਪ੍ਰਦਾਨ ਕਰਨ ਦੀ ਵੱਡੀ ਲੋੜ ਹੈ। ਲਾਇਬ੍ਰੇਰੀ ਸਟਾਫ ਵਿਚ ਪਾਠਕ-ਸਹੂਲੀਅਤ ਕੇਂਦਿਰਤ ਦ੍ਰਿਸ਼ਟੀਕੋਣ ਪੈਦਾ ਕਰਨ ਲਈ ਲੋੜ ਹੈ। ਲਾਇਬ੍ਰੇਰੀ ਵਿਚ ਪਾਠਕਾਂ ਦੇ ਅਰਾਮ ਨਾਲ ਬੈਠ ਕੇ ਪੜ੍ਹ ਸਕਣ ਦੀਆਂ ਸੁਵਿਧਾਵਾਂ ਮੁਹੱਈਆ ਕਰਨ ਦੀ ਲੋੜ ਹੈ। ਸੁਖਾਵਾਂ ਅਤੇ ਖੁਸ਼ਨੁਮਾ ਮਾਹੌਲ ਸਿਰਜਣ ਦੀ ਲੋੜ ਹੈ। ਓਪਨ-ਸ਼ੈਲਫ ਸਿਸਟਮ ਅਪਨਾਉਣ ਦੀ ਲੋੜ ਹੈ ਤਾਂ ਜੋ ਕੋਈ ਵੀ ਪਾਠਕ ਆਪਣੇ ਮਨਪਸੰਦ ਦੀ ਕਿਤਾਬ ਚੁਨਣ ਲਈ ਲਾਇਬਰੇਰੀ ਸਟਾਫ ਦੀ ਮਿਹਰਬਾਨੀ ਦਾ ਮੁਥਾਜ ਨਾ ਰਹੇ। ਆਉ ਦੇਖੀਏ ਕਿ ਪੱਛਮੀ ਦੇਸ਼ਾਂ ਨੇ ਪਾਠਕ ਨੂੰ ਕਿਤਾਬਾਂ ਨਾਲ ਜੋੜਣ ਲਈ ਕਿਹੋ ਜਿਹੇ ਪ੍ਰਬੰਧ ਕੀਤੇ ਹਨ। ਪੱਛਮੀ ਦੇਸ਼ਾਂ ਦੀਆਂ ਲਾਇਬ੍ਰੇਰੀਆਂ ਵਿਚ, ਕਿਸੇ ਵੀ ਲਾਇਬ੍ਰੇਰੀ ਦੀ ਮੈਂਬਰਸ਼ਿਪ ਲੈਣ ਲਈ ਕੋਈ ਸਿਕਿਓਰਟੀ ਫੀਸ ਜਮਾਂ ਨਹੀਂ ਕਰਵਾਉਣੀ ਪੈਂਦੀ। ਸਿਰਫ਼ ਸ਼ਨਾਖਤੀ ਕਾਰਡ ਦਿਖਾਣ ਨਾਲ ਮੈਂਬਰਸ਼ਿਪ ਮਿਲ ਜਾਂਦੀ ਹੈ। ਜਿਸ ਨਾਲ ਸ਼ਹਿਰ ਦੀ ਹਰ ਲਾਇਬ੍ਰੇਰੀ ਦੀ ਸੁਵਿਧਾ ਉਪਲਬਧ ਹੋ ਜਾਂਦੀ ਹੈ। ਇਥੇ ਓਪਨ-ਸ਼ੈਲਫ ਸਿਸਟਮ ਦੇ ਨਾਲ ਨਾਲ ਖੁੱਦ ਕਿਤਾਬ ਇਸ਼ੂ ਕਰਨ ਦੀ ਸੁਵਿਧਾ ਵੀ ਹੈ। ਇੱਕੀ ਦਿਨਾਂ ਲਈ ਕਿਤਾਬ ਇਸ਼ੂ ਕੀਤੀ ਜਾਂਦੀ ਹੈ। ਜੇ ਹੋਰ ਵਧੇਰੇ ਸਮੇਂ ਲਈ ਉਸੇ ਕਿਤਾਬ ਦੀ ਲੋੜ ਹੈ ਤਾਂ ਘਰ ਬੈਠੇ ਬਿਠਾਏ ਇੰਟਰਨੈੱਟ ਜ਼ਰੀਏ ਅਗਲੇ ਇੱਕੀ ਦਿਨਾਂ ਲਈ ਇਹ ਕਿਤਾਬ ਰਿਨਿਊ ਕਰ ਸਕਣ ਦੀ ਸੁਵਿਧਾ ਹੈ। ਜੇ ਕਿਸੇ ਹੋਰ ਪਾਠਕ ਨੂੰ ਇਸ ਕਿਤਾਬ ਦੀ ਲੋੜ ਨਹੀਂ ਤਾਂ ਇਹੋ ਕਿਤਾਬ ਘੱਟੋ ਘੱਟ ਪੰਜ ਵਾਰ ਇੱਕੀ ਇੱਕੀ ਦਿਨਾਂ ਲਈ ਇਸ਼ੂ ਕੀਤੀ ਜਾ ਸਕਦੀ ਹੈ। ਜੇ ਕਿਤਾਬ ਕਿਸੇ ਹੋਰ ਨੂੰ ਚਾਹੀਦੀ ਹੈ ਤਾਂ ਉਸ ਦੀ ਜਾਣਕਾਰੀ ਵੀ ਰਿਨਿਊ ਕਰਨ ਸਮੇਂ ਮੈਂਬਰ (ਪਾਠਕ) ਦੀ ਕੰਪਿਊਟਰ ਸਕਰੀਨ ਉੱਤੇ ਆ ਜਾਂ ਦੀ ਹੈ ਤਦ ਕਿਤਾਬ ਰਿਨਿਊ ਨਹੀਂ ਕੀਤੀ ਜਾ ਸਕਦੀ। ਪੂਰੇ ਸ਼ਹਿਰ ਦੀਆਂ ਲਾਇਬ੍ਰੇਰੀਆਂ ਇੰਟਰਨੈੱਟ ਰਾਹੀਂ ਜੁੜੀਆਂ ਹੁੰਦੀਆਂ ਹਨ। ਤੁਸੀਂ ਕਿਸੇ ਵੀ ਲਾਇਬ੍ਰੇਰੀ ਤੋਂ ਇਸ਼ੂ ਕਰਵਾਈ ਕਿਤਾਬ ਕਿਸੇ ਵੀ ਹੋਰ ਲਾਇਬ੍ਰੇਰੀ ਵਿਚ ਵਾਪਸ ਕਰ ਸਕਦੇ ਹੋ। ਕਿਤਾਬ ਵਾਪਸ ਕਰਨ ਸਮੇਂ ਲਾਇਬ੍ਰੇਰੀ ਅੰਦਰ ਜਾਣ ਦੀ ਵੀ ਲੋੜ ਨਹੀਂ, ਤੁਸੀਂ ਇਹ ਕਿਤਾਬ ਲਾਇਬ੍ਰੇਰੀ ਦੀ ਬਾਹਰਲੀ ਕੰਧ ਵਿਚ ਬਣਾਏ

ਸੁਰਾਖ ਰਾਹੀਂ ਸਬਮਿਟ ਕਰ ਸਕਦੇ ਹੋ। ਅਜਿਹਾ ਕਰਨ ਲਈ ਕਿਸੇ ਵੀ ਲਾਇਬਰੇਰੀ ਸਟਾਫ ਦੀ ਮਦਦ ਦੀ ਲੋੜ ਨਹੀਂ ਪੈਂਦੀ।

ਲਾਇਬ੍ਰੇਰੀ ਸਟਾਫ਼ ਵਲੋਂ ਹਰ ਹਫਤੇ, ਕਿਸੇ ਨਾ ਕਿਸੇ ਵਿਸ਼ੇ ਸੰਬੰਧਤ, ਚੋਣਵੀਆਂ ਪੁਸਤਕਾਂ ਡਿਸਪਲੇ ਉੱਤੇ ਰੱਖੀਆ ਜਾਂਦੀਆ ਹਨ ਤਾਂ ਜੋ ਪਾਠਕਾਂ ਨੂੰ ਵਿਸ਼ੇ ਸੰਬੰਧਤ ਪੁਸਤਕ ਚੋਣ ਵਿਚ ਸੁਵਿਧਾ ਮਿਲ ਸਕੇ। ਇਹ ਇਕ ਚੰਗੀ ਰਿਵਾਇਤ ਹੈ। ਲਾਇਬ੍ਰੇਰੀ ਵਿਚ ਮਹੀਨੇ ਦੇ ਇਕ ਖਾਸ ਦਿਨ ਪਾਠਕਾਂ ਦੀ ਸਥਾਨਕ ਲੇਖਕਾਂ ਨਾਲ ਰੁਬਰੂ ਦਾ ਆਯੋਜਨ ਕੀਤਾ ਜਾਦਾ ਹੈ। ਫਰੈਂਡਜ਼ ਆਫ਼ ਲਾਇਬ੍ਰੇਰੀ ਪ੍ਰੋਗਰਾਮ ਤਹਿਤ ਸਸਤੇ ਭਾਅ ਉੱਤੇ ਕਿਤਾਬਾਂ ਪਾਠਕਾਂ ਦੀ ਖਰੀਦਦਾਰੀ ਲਈ ਮੁਹੱਈਆਂ ਕਰਵਾਈਆ ਜਾਦੀਆਂ ਹਨ। ਹਰ ਵਿਸ਼ੇ ਦੀ ਲੇਟੇਸਟ ਕਿਤਾਬ ਲਾਇਬਰੇਰੀ ਵਿਚ ਉਪਬਧ ਹੋਣ ਦਾ ਪ੍ਰਬੰਧ ਹੁੰਦਾ ਹੈ। ਜੇ ਕਿਸੇ ਪਾਠਕ ਨੂੰ ਕੋਈ ਖਾਸ ਕਿਤਾਬ ਚਾਹੀਦੀ ਹੈ ਤੇ ਉਹ ਲਾਇਬਰੇਰੀ ਵਿਚ ਉਪਲਬਧ ਨਹੀਂ ਤਾਂ, ਪਾਠਕ ਦੀ ਬੇਨਤੀ ਉੱਤੇ ਤੁਰੰਤ ਹੀ ਸ਼ਹਿਰ ਦੀ ਹਰ ਲਾਇਬ੍ਰੇਰੀ ਵਿਚ ਇਸ ਕਿਤਾਬ ਦੀ ਮੌਜੂਦਗੀ ਚੈੱਕ ਕਰਕੇ, ਜਿਸ ਵੀ ਲਾਇਬਰੇਰੀ ਵਿਚ ਇਹ ਕਿਤਾਬ ਮੌਜੂਦ ਹੈ, ਉਥੋਂ ਮੰਗਵਾਉਣ ਦਾ ਪ੍ਰਬੰਧ ਕਰ ਕੇ, ਪਾਠਕ ਨੂੰ ਮੁਹਈਆ ਕਰਵਾਈ ਜਾਂਦੀ ਹੈ। ਜੇ ਉਹ ਕਿਤਾਬ ਸ਼ਹਿਰ ਦੀ ਕਿਸੇ ਵੀ ਲਾਇਬ੍ਰੇਰੀ ਵਿਚ ਉਲਪਬਧ ਨਹੀਂ ਤਾਂ ਉਸ ਕਿਤਾਬ ਦੀ ਤੁਰੰਤ ਖਰੀਦ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਕਿਸੇ ਵੀ ਕਿਤਾਬ 'ਚੋਂ ਲੋੜੀਂਦਾ ਮੈਟੀਰੀਅਲ ਫੋਟੋ ਕਾਪੀ ਕਰਨ ਲਈ, ਮਾਮੂਲੀ ਕੀਮਤ ਉੱਤੇ ਫੋਟੋ ਕਾਪੀ ਕਰਨ ਦੀ ਸੁਵਿਧਾ ਵੀ ਉਪਲਬਧ ਹੁੰਦੀ ਹੈ। ਆਪਣੀ ਮਨਪਸੰਦ ਕਿਤਾਬ ਦੀ ਲਾਇਬ੍ਰੇਰੀ ਵਿਚ ਉਪਲਬਧੀ ਜਾਂਚਣ ਲਈ, ਲਾਇਬ੍ਰੇਰੀ-ਕੈਟਾਲੋਗ ਕੰਪਿਊਟਰ ਦੇ ਜ਼ਰੀਏ ਉਪਲਬਧ ਹੁੰਦਾ ਹੈ। ਜਿਸ ਦੀ ਮਦਦ ਨਾਲ ਪਾਠਕ ਖੁਦ ਸ਼ਹਿਰ ਦੀ ਕਿਸੇ ਵੀ ਲਾਇਬ੍ਰੇਰੀ ਵਿਚ ਲੋੜੀਂਦੀ ਕਿਤਾਬ ਦੀ ਉਪਲਬਧੀ ਬਾਰੇ ਜਾਣ ਸਕਦਾ ਹੈ। ਸ਼ਹਿਰ ਦੇ ਵਿਭਿੰਨ ਸ਼ਾਪਿੰਗ ਸੈਂਟਰਾਂ ਵਿਖੇ ਵੀ ਕਿਤਾਬਾਂ ਖਰੀਦਣ ਦੀ ਸੁਵਿਧਾ ਉਪਲਬਧ ਹੁੰਦੀ ਹੈ। ਕਿਤਾਬਾਂ ਵੇਚਣ ਵਾਲੀਆ ਦੁਕਾਨਾਂ ਵਿਚ ਜਿਥੇ ਵਿਸ਼ਾ ਵਿਭਿੰਨਤਾ ਦੀ ਭਰਮਾਰ ਹੁੰਦੀ ਹੈ ਉਥੇ ਦੁਕਾਨ ਵਿਚ ਹੀ ਬੈਠ ਮਨਮਰਜ਼ੀ ਦੀ ਕਿਤਾਬ ਪੜਣ ਦੀ ਵੀ ਸੁਵਿਧਾ ਹੁੰਦੀ ਹੈ। ਕਿਤਾਬ ਪੜ੍ਹਦਿਆ ਚਾਹ/ਕੌਫੀ ਦੀ ਇੱਛਾ ਪੂਰਤੀ ਲਈ ਉਚਤ ਪ੍ਰਬੰਧ ਵੀ ਮੌਜੂਦ ਹੁੰਦੇ ਹਨ। ਇੰਝ ਲਾਇਬ੍ਰੇਰੀ ਜਗਤ ਪੱਛਮ ਦੇ ਪਾਠਕ ਨੂੰ ਕਿਤਾਬੀ ਸੰਸਾਰ

ਨਾਲ ਜੋੜੇ ਰੱਖਣ ਵਿਚ ਕਾਫੀ ਹੱਦ ਤਕ ਸਫਲ ਰਿਹਾ ਹੈ/ਯਤਨਸ਼ੀਲ ਹੈ। ਸਪਸ਼ਟ ਹੈ ਕਿ ਉਪਰੋਕਤ ਲੀਹਾਂ ਉੱਤੇ ਚਲ ਕੇ ਅਸੀਂ ਵੀ ਪੰਜਾਬੀ ਜਗਤ ਨੂੰ ਕਿਤਾਬੀ ਸੰਸਾਰ ਨਾਲ ਜੋੜਣ ਦੇ ਸਮਰਥ ਹੋ ਸਕਦੇ ਹਾਂ।

**20: ਇੱਕੀਵੀਂ ਸਦੀ (ਖਾਸ ਕਰ ਦੂਜੇ ਦਹਾਕੇ) ਦੇ ਲੇਖਕਾਂ ਨੂੰ ਆਪ ਵਾਤਾਵਰਣ ਦੇ ਸੰਦਰਭ ਵਿਚ ਕੀ ਸੰਦੇਸ਼ ਦੇਣਾ ਚਾਹੁੰਦੇ ਹੋ?**

ਡਾ. ਸਿੰਘ : ਇੱਕੀਵੀਂ ਸਦੀ (ਖਾਸ ਕਰ ਦੂਜੇ ਦਹਾਕੇ) ਦੇ ਲੇਖਕਾਂ ਨੂੰ ਵਾਤਾਵਰਣ ਦੇ ਸੰਦਰਭ ਵਿਚ ਮੈਂ ਇਹ ਹੀ ਕਹਿਣਾ ਚਾਹਾਂਗਾ ਕਿ ਉਹ ਇਸ ਖੇਤਰ ਵਿਚ ਹੋ ਰਹੀਆਂ ਨਵੀਆਂ ਖੋਜਾਂ ਦੀ ਜਾਣਕਾਰੀ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਉਣ। ਸਮਕਾਲੀ ਵਾਤਾਵਰਣੀ ਤੱਥਾਂ ਦੀ ਸਹੀ ਜਾਣਕਾਰੀ ਜਨ-ਸਮੂਹ ਤਕ ਪਹੁੰਚਾਣ ਲਈ ਅਜੋਕੇ ਟੈਕਨਾਲੋਜੀ ਦੇ ਜ਼ਮਾਨੇ ਵਿਚ ਉਪਬਲਧ ਸੰਚਾਰ ਸੁਵਿਧਾਵਾਂ ਖ਼ਾਸ ਕਰ ਇੰਟਰਨੈੱਟ, ਸੋਸ਼ਲ ਮੀਡੀਆ, ਬਲਾਗ ਰਾਇਟਿੰਗ, ਇਲੈੱਕਟ੍ਰਾਨਿਕ ਮੈਗਜੀਨਾਂ ਤੇ ਅਖਬਾਰਾਂ ਆਦਿ ਦੀ ਵਰਤੋਂ ਨੂੰ ਵੀ ਆਪਣੇ ਸੰਚਾਰ ਕਾਰਜਾਂ ਦਾ ਅੰਗ ਬਣਾਉਣ। ਵਾਤਵਰਣੀ ਵਰਤਾਰਿਆਂ ਸੰਬੰਧਤ ਸੰਦੇਸ਼ਾਂ/ਸੁਝਾਵਾਂ ਨੂੰ ਰੋਜ਼ਾਨਾ ਜ਼ਿੰਦਗੀ ਦੇ ਸਮਾਜਿਕ, ਸੱਭਿਆਚਾਰਕ, ਆਰਥਿਕ, ਧਾਰਮਿਕ, ਰਾਜਨੀਤਕ ਤੇ ਵਿਗਿਆਨਕ ਪਰਿਪੇਖਾਂ ਨਾਲ ਔਤ-ਪ੍ਰੋਤ ਕਰ ਕੇ ਕਹਾਣੀਆਂ, ਨਾਟਕਾਂ, ਨਾਵਲਾਂ ਦੇ ਰੂਪ ਵਿਚ ਰੌਚਕਮਈ ਲੇਖਣ ਕਾਰਜ ਕਰਨ। ਵਾਤਾਵਰਣੀ ਸ਼ਬਦਾਵਲੀ ਸੰਬੰਧਤ ਸ਼ਬਦ ਕੋਸ਼ ਤਿਆਰ ਕਰਨ ਵਲ ਵੀ ਧਿਆਨ ਦੇਣ ਦੀ ਲੋੜ ਹੈ।

**21: ਵਿਗਿਆਨ, ਵਾਤਾਵਰਣ ਅਤੇ ਮਾਂ-ਬੋਲੀ, ਇਨ੍ਹਾਂ ਤਿੰਨਾਂ ਨੂੰ ਇਕ ਦੂਜੇ ਦੇ ਆੜੀ ਬਣਾ ਕੇ ਰੱਖਣ ਲਈ ਅੱਜ ਕੱਲ੍ਹ ਕੀ ਕੁਝ ਕਰ ਰਹੇ ਹੋ?**

**ਡਾ. ਸਿੰਘ :** ਵਿਗਿਆਨਕ ਖੋਜਾਂ ਦੁਆਰਾ ਲੱਭੇ ਵਾਤਾਵਰਣੀ ਤੱਥਾਂ ਦੀ ਜਾਣਕਾਰੀ, ਪੰਜਾਬੀ ਭਾਸ਼ਾ ਦੇ ਆਮ ਪਾਠਕਾਂ ਲਈ ਨਿਬੰਧਾਂ ਤੇ ਕਹਾਣੀਆਂ ਦੇ ਰੂਪ ਵਿਚ ਅਤੇ ਬਾਲਾਂ ਲਈ ਕਹਾਣੀਆਂ ਤੇ ਨਾਟਕਾਂ ਦੇ ਰੂਪ ਵਿਚ, ਅਖਬਾਰਾਂ ਤੇ ਮੈਗਜ਼ੀਨਾਂ ਵਿਚ ਪ੍ਰਕਾਸ਼ਨ ਰਾਹੀਂ ਸਾਂਝੀ ਕਰਦਾ ਰਹਿੰਦਾ ਹਾਂ। ਇਸ ਦੇ ਨਾਲ ਨਾਲ ਇੰਟਰਨੈੱਟ, ਰੇਡੀਓ, ਟੈਲੀਵਿਯਨ ਅਤੇ ਯੂਟਿਊਬ ਮਾਧਿਅਮਾਂ ਦੀ ਵਰਤੋਂ ਨਾਲ ਵੀ ਅਜਿਹਾ ਗਿਆਨ ਸਭ ਨਾਲ ਸਾਂਝਾ ਕਰਨ ਲਈ ਯਤਨਸ਼ੀਲ ਹਾਂ।

**22: ਸਮੂਹ ਪੰਜਾਬੀ ਸਾਹਿਤਕਾਰਾਂ ਵਲੋਂ ਭਾਵੇਂ ਉਹ ਸਾਹਿਤ ਦੀ ਕਿਸੇ ਵੀ ਵਿਧਾ ਵਿਚ ਲਿਖਦੇ ਹੋਣ, ਹੁਣ ਤਕ ਛਪੇ ਵਾਤਾਵਰਣਿਕ ਸਰੋਕਾਰਾਂ ਅਤੇ ਅਜੋਕੀ ਵਾਤਾਵਰਣਿਕ ਸਥਿਤੀ ਵਿਚ ਆਪ ਕੋਈ ਵਿੱਥ ਮਹਿਸੂਸ ਕਰਦੇ ਹੋ?**

**ਡਾ. ਸਿੰਘ** : ਪੰਜਾਬੀ ਸਾਹਿਤਕਾਰਾਂ ਵਲੋਂ, ਵਾਤਾਵਰਣਿਕ ਸਰੋਕਾਰਾਂ ਸੰਬੰਧਤ, ਹੁਣ ਤਕ ਛਾਪੇ ਗਏ ਸਾਹਿਤ ਵਿਚ ਮੁੱਖ ਤੌਰ ਉੱਤੇ ਇਨ੍ਹਾਂ ਸਰੋਕਾਰਾਂ ਦੇ ਵਿਭਿੰਨ ਪੱਖਾਂ/ਸਰੂਪਾਂ, ਕਾਰਣਾਂ, ਤੇ ਪ੍ਰਭਾਵਾਂ ਦਾ ਜ਼ਿਕਰ ਕੀਤਾ ਗਿਆ ਹੈ। ਇਨ੍ਹਾਂ ਸਰੋਕਾਰਾਂ ਦੇ ਹੱਲ/ਖਾਤਮੇ ਲਈ ਵਿਅਕਤੀਗਤ ਤੌਰ ਉੱਤੇ ਕੀਤੇ ਜਾ ਸਕਣ ਵਾਲੇ ਅਮਲੀ ਕਾਰਜਾਂ ਬਾਰੇ ਜਾਣਕਾਰੀ ਕਾਫ਼ੀ ਘੱਟ ਮਿਲਦੀ ਹੈ। ਲੋੜ ਹੈ ਕਿ ਅਸੀਂ ਇਨ੍ਹਾਂ ਮਸਲਿਆਂ ਸੰਬੰਧੀ ਸਮਾਜ ਦੇ ਵਿਭਿੰਨ ਵਰਗਾਂ (ਉਦਾਹਰਣ ਲਈ ਬੱਚੇ, ਨੌਜੁਆਨ, ਬਾਲਗ, ਅਤੇ ਬਜ਼ੁਰਗ ਆਦਿ) ਦੁਆਰਾ ਅਪਨਾਏ ਜਾ ਸਕਣਯੋਗ ਹੱਲਾਂ ਦੀ ਜਾਣਕਾਰੀ ਵੀ ਸੱਭ ਨਾਲ ਸਾਂਝੀ ਕਰੀਏ। ਅਜਿਹੇ ਸਾਹਿਤ ਦੀ ਰਚਨਾ ਕਰੀਏ ਕਿ ਪਾਠਕ ਇਸ ਤੋਂ ਪ੍ਰੇਰਿਤ ਹੋ ਖ਼ੁੱਦ ਬਖ਼ੁੱਦ ਆਪਣੇ ਚੋਗਿਰਦੇ ਵਿਚ ਮੌਜੂਦ ਵਾਤਾਵਰਣੀ ਸਮੱਸਿਆਵਾਂ ਨੂੰ ਪਛਾਣ ਸਕੇ ਤੇ ਉਨ੍ਹਾਂ ਦੇ ਹੱਲ ਵਿਚ ਆਪਣਾ ਯੋਗਦਾਨ ਪਾਣ ਲਈ ਕਾਰਜ਼ਸ਼ੀਲ ਹੋ ਜਾਵੇ।

**23 : ਡਾ. ਰਾਜਿੰਦਰ ਪਾਲ ਸਿੰਘ ਬਰਾੜ ਅਨੁਸਾਰ ਈਕੋ-ਕ੍ਰਿਟੀਸਿਜ਼ਮ ਭਾਵ ਈਕੋ ਆਲੋਚਨਾ ਪੰਜਾਬੀ ਸਾਹਿਤ ਲਈ ਅਜੇ ਨਵਾਂ ਸ਼ਬਦ ਹੈ। ਆਪ ਇਸ ਕਥਨ ਨੂੰ ਕਿਸ ਤਰ੍ਹਾਂ ਵਾਚਦੇ ਹੋ?**

**ਡਾ. ਸਿੰਘ :** ਡਾ. ਰਾਜਿੰਦਰ ਪਾਲ ਸਿੰਘ ਬਰਾੜ ਦਾ ਕਥਨ: "ਈਕੋ-ਕ੍ਰਿਟੀਸਿਜ਼ਮ ਜਾਂ ਈਕੋ ਆਲੋਚਨਾ ਪੰਜਾਬੀ ਸਾਹਿਤ ਲਈ ਅਜੇ ਨਵਾਂ ਸ਼ਬਦ ਹੈ।" ਬਿਲਕੁਲ ਸਹੀ ਕਥਨ ਹੈ। ਈਕੋ-ਕ੍ਰਿਟੀਸ਼ਿਜ਼ਮ, ਵਾਤਾਵਰਣ ਤੇ ਸਾਹਿਤ ਦੇ ਅੰਤਰ-ਵਿਸ਼ਅਕ ਨਜ਼ਰੀਏ ਤੋਂ ਕੀਤੇ ਜਾ ਰਹੇ ਅਧਿਐਨ ਕਾਰਜਾਂ ਦੇ ਮੁਲਾਂਕਣ ਦਾ ਨਾਂ ਹੈ । ਕੁਦਰਤ ਨਾਲ ਸੰਬੰਧਤ ਇਸ ਖੇਤਰ ਨੂੰ ਸਾਹਿਤ ਵਿਚ ਕਿਹੜੇ ਢੰਗਾਂ ਨਾਲ ਪੇਸ਼ ਕੀਤਾ ਗਿਆ ਹੈ, ਖੋਜਕਾਰ ਉਨ੍ਹਾਂ ਢੰਗਾਂ ਦੀ ਜਾਂਚ ਕਰਦੇ ਹਨ। ਵਿਆਪਕ ਪਰਿਪੇਖ ਵਿਚ ਸਾਹਿਤਕ ਅਤੇ ਸਭਿਆਚਾਰਕ ਖੋਜੀ, ਵਿਸ਼ਵ-ਵਿਆਪੀ ਵਾਤਾਵਰਣੀ ਮਸਲਿਆਂ ਨੂੰ ਸਾਹਿਤ, ਸਭਿਆਚਾਰ, ਅਤੇ ਭੌਤਿਕ ਵਾਤਾਵਰਣ ਦੀ ਪ੍ਰਸਪਰਤਾ ਤੇ ਪ੍ਰਸੰਗਤਾ ਵਿਚ ਜਾਂਚ ਦੇ ਹਨ। ਅਜਿਹੇ ਅਧਿਐਨ ਕਾਰਜ ਪੰਜਾਬੀ ਸਾਹਿਤ ਵਿਚ ਬਿਲਕੁਲ ਹੀ ਨਵੇਂ ਹਨ। ਵੈਸੇ ਵੀ

ਵਾਤਾਵਰਣੀ ਸਰੋਕਾਰ, ਬੀਹਵੀਂ ਸਦੀ ਦੇ ਦੂਸਰੇ ਅੱਧ ਵਿਚ ਵਧੇਰੇ ਪ੍ਰਬਲਤਾ ਨਾਲ ਲੋਕਾਂ ਸਾਹਮਣੇ ਪ੍ਰਗਟ ਹੋਏ ਅਤੇ ਤਦ ਹੀ ਸਾਹਿਤ ਵਿਚ ਇਨ੍ਹਾਂ ਸੰਬੰਧੀ ਵਰਨਣ ਕੀਤਾ ਜਾਣਾ ਆਰੰਭ ਹੋਇਆ। ਇੱਕੀਵੀਂ ਸਦੀ ਦੇ ਮੁੱਢਲੇ ਦਹਾਕਿਆ ਵਿਚ ਅਜਿਹੀ ਖੋਜ ਲਈ ਮੈਦਾਨ ਤਿਆਰ ਹੋ ਚੁੱਕਾ ਹੋਣ ਕਾਰਣ ਅਜੋਕੇ ਵਿਦਵਾਨ ਤੇ ਖੋਜਕਾਰ ਇਸ ਖੇਤਰ ਵਿਚ ਖੋਜਕਾਰਜਾਂ ਲਈ ਯਤਨਸ਼ੀਲ ਹਨ, ਜੋ ਬਹੁਤ ਹੀ ਵਧੀਆ ਗੱਲ ਹੈ।

**24: ਡਾ. ਸਾਹਿਬ ਆਪ ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਵਾਤਾਵਰਣਿਕ ਪ੍ਰਸੰਗਿਕਤਾ ਵਿਚ ਪੰਜਾਬੀ ਸਾਹਿਤ ਦੀ ਸਥਿਤੀ ਦਾ ਮੁਲਾਂਕਣ ਕਿਵੇਂ ਕਰਨਾ ਚਾਹੋਗੇ?**

ਡਾ. ਸਿੰਘ: ਇੱਕੀਵੀਂ ਸਦੀ ਦੇ ਦੂਜੇ ਦਹਾਕੇ ਦੀ ਵਾਤਾਵਰਣਿਕ ਪ੍ਰਸੰਗਿਕਤਾ ਵਿਚ, ਪੰਜਾਬੀ ਸਾਹਿਤ ਦੀ ਸਥਿਤੀ ਬਹੁਤੀ ਤਸੱਲੀ ਬਖ਼ਸ਼ ਨਹੀਂ ਹੈ। ਬੇਸ਼ਕ ਪਿਛਲੇ ਦਹਾਕਿਆਂ ਦੌਰਾਨ, ਸਾਹਿਤ ਦੀਆਂ ਕਈ ਵਿਧਾਵਾਂ ਜਿਵੇਂ ਕਿ ਨਿਬੰਧਾਂ, ਕਹਾਣੀਆਂ, ਨਾਟਕਾਂ, ਕਵਿਤਾਵਾਂ ਆਦਿ ਵਿਚ ਵਾਤਾਵਰਣੀ ਸਰੋਕਾਰਾਂ ਬਾਰੇ ਕਾਫ਼ੀ ਕੁਝ ਰਚਿਆ ਗਿਆ ਹੈ ਅਤੇ ਰਚਿਆ ਵੀ ਜਾ ਰਿਹਾ ਹੈ। ਈਕੋ-ਕ੍ਰਿਟੀਸ਼ਿਜ਼ਮ ਦੇ ਖੇਤਰ ਵਿਚ ਵੀ ਖੋਜ ਕਾਰਜ ਸ਼ੁਰੂ ਹੋ ਚੁੱਕੇ ਹਨ। ਪਰ ਕਈ ਖੇਤਰਾਂ ਖਾਸ ਕਰ ਕੇ ਵਾਤਾਵਰਣੀ ਵਿਸ਼ਿਆਂ ਸੰਬੰਧਤ ਨਾਵਲ ਰਚਨਾ ਕਾਰਜ, ਇਤਹਾਸਿਕ ਗਲਪ ਰਚਨਾਵਾਂ, ਵਾਸਤਵਿਕ ਗਲਪ ਰਚਨਾਵਾਂ, ਨੀਤੀ ਕਥਾਵਾਂ, ਅਤੇ ਕਲਪਨਿਕ ਕਿੱਸੇ ਕਹਾਣੀਆਂ ਆਦਿ ਦਾ ਅਜੇ ਆਰੰਭ ਵੀ ਨਹੀਂ ਹੋਇਆ ਹੈ। ਸਮਕਾਲੀ ਪੰਜਾਬੀ ਫਿਲਮਾਂ ਵਿਚ ਕਿਧਰੇ ਕਿਧਰੇ ਵਾਤਾਵਰਣੀ ਸਰੋਕਾਰਾਂ ਬਾਰੇ ਗੱਲ ਆਰੰਭੀ ਗਈ ਹੈ। ਜੋ ਇਕ ਵਧੀਆ ਰੁਝਾਣ ਹੈ।ਵਾਤਾਵਰਣੀ ਸਰੋਕਾਰਾਂ ਅਧਾਰਿਤ ਟੈਲੀਵਿਜਨ ਸੀਰੀਅਲ ਤੇ ਡਕੂਮੈਂਟਰੀਜ਼ ਦੀ ਘਾਟ ਰੜਕਦੀ ਹੈ। ਈਕੋ-ਫੈਮੀਨਿਜ਼ਮ (ਵਾਤਾਵਰਣੀ ਨਾਰੀਵਾਦ), ਈਕੋ-ਟੈਰਰਿਜ਼ਮ (ਵਾਤਾਵਰਣੀ ਆਤੰਕਵਾਦ) ਅਤੇ ਈਕੋ-ਟੂਰਿਜ਼ਮ (ਵਾਤਾਵਰਣੀ ਸੈਰ-ਸਪਾਟਾ) ਧਾਰਨਾਵਾਂ ਬਾਰੇ ਚੇਤੰਨ ਹੋਣ ਦੇ ਨਾਲ ਨਾਲ ਇਨ੍ਹਾਂ ਧਾਰਨਾਵਾਂ ਸੰਬੰਧਤ ਸਾਹਿਤ ਦੇ ਵਿਕਾਸ ਵੱਲ ਵੀ ਧਿਆਨ ਦੇਣ ਦੀ ਲੋੜ ਹੈ।

**25: ਆਪ ਆਮ ਨਾਗਰਿਕਾਂ, ਨੌਜਵਾਨਾਂ, ਕਿਰਤੀਆਂ, ਉਭਰਦੇ ਲੇਖਕਾਂ ਅਤੇ ਖੋਜਾਰਥੀਆਂ ਨੂੰ ਵਾਤਾਵਰਣ ਸੰਭਾਲਣ ਹਿਤ ਕੀ ਸੰਦੇਸ਼ ਦੇਣਾ ਚਾਹੁੰਦੇ ਹੋ?**

**ਡਾ. ਸਿੰਘ** : ਮੇਰਾ ਖਿਆਲ ਹੈ ਕਿ ਸਮਾਜ ਦੇ ਹਰ ਵਰਗ ਨੂੰ ਹੀ ਵਾਤਵਰਣ ਸਾਂਭ-ਸੰਭਾਲ ਪ੍ਰਤੀ ਆਪਣੀ ਜ਼ੁੰਮੇਵਾਰੀ ਸਮਝਣੀ ਚਾਹੀਦੀ ਹੈ ਅਤੇ ਵਾਤਾਵਰਣੀ ਹਿੱਤ ਸੰਬੰਧਤ ਸੁਯੋਗ ਕਾਰਵਾਈਆ ਕਰਨ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਆਮ ਨਾਗਰਿਕ ਨੂੰ ਵਾਤਾਵਰਣੀ ਸੁਰੱਖਿਅਣ ਦੇ ਤਿੰਨ ਮਸ਼ਹੂਰ ਅਸੂਲਾਂ ਦੀ ਪਾਲਣਾ ਕਰਨੀ ਬਹੁਤ ਜ਼ਰੂਰੀ ਹੈ। ਇਹ ਅਸੂਲ ਹਨ: ਘੱਟ ਕਰੋ (reduce), ਦੁਬਾਰਾ ਵਰਤੋਂ ਕਰੋ, (reuse), ਵਾਰਵਾਰ ਵਰਤੋਂ ਕਰੋ (recycle) ।ਇਥੇ ਘੱਟ ਕਰਨ (reduce) ਦਾ ਮਤਲਬ ਹੈ ਕਿ ਚੀਜ਼ਾਂ ਦੀ ਫਜ਼ੂਲ ਵਰਤੋਂ ਤੋਂ ਗੁਰੇਜ਼ ਕਰਨਾ ਤੇ ਅਜਿਹੀ ਵਰਤੋਂ ਦੀ ਮਾਤਰਾ ਨੂੰ ਘੱਟ ਕਰਦੇ ਹੋਏ ਵਾਤਾਵਰਣ ਦੀ ਸ਼ੁੱਧਤਾ ਬਣਾਈ ਰੱਖਣ ਵਿਚ ਯੋਗਦਾਨ ਪਾਉਣਾ। ਅਜਿਹਾ ਕਰਨ ਦੇ ਅਨੇਕ ਢੰਗ ਹਨ ਜਿਵੇਂ ਕਿ ਫਜ਼ੂਲ ਵਗ ਰਹੇ ਪਾਣੀ ਦੇ ਨਲ ਨੂੰ ਬੰਦ ਕਰਨਾ। ਘਰਾਂ ਤੇ ਦਫ਼ਤਰਾਂ ਵਿਚ ਬੇਵਜਹ ਜਗ ਰਹੀਆ ਲਾਇਟਾਂ ਨੂੰ ਬੰਦ ਕਰਨਾ। ਘਰਾਂ, ਦਫਤਰਾਂ ਤੇ ਅਦਾਰਿਆਂ ਵਿਖੇ ਪੈਦਾ ਹੋ ਰਹੇ ਕਚਰੇ ਦੀ ਮਾਤਰਾ ਨੂੰ ਘੱਟ ਕਰਨਾ ਅਤੇ ਉਸ ਦੇ ਨਿਪਟਾਰੇ ਦੀ ਉਚਿਤ ਵਿਵਸਥਾ ਦਾ ਸਹੀ ਪਾਲਣ ਕਰਨਾ, ਆਦਿ। ਦੂਸਰਾ ਅਸੂਲ ਹੈ ਪੁਰਾਣੀਆਂ ਵਰਤੋਂ ਯੋਗ ਚੀਜ਼ਾਂ ਨੂੰ ਸੁੱਟਣ ਦੀ ਥਾਂ ਉਨ੍ਹਾਂ ਦੀ ਦੁਬਾਰਾ ਵਰਤੋਂ (reuse) ਕਰਨਾ। ਉਦਾਹਰਣ ਵਜੋਂ ਤੁਸੀਂ ਖਰੀਦੋ ਫਰੋਖ਼ਤ ਲਈ ਜਾਣ ਸਮੇਂ ਕੱਪੜੇ ਦਾ ਥੈਲਾ ਲਿਜਾ ਸਕਦੇ ਹੋ ਤਾਂ ਜੋ ਖਰੀਦੀਆਂ ਗਈਆ ਵਸਤਾਂ ਨੂੰ ਘਰ ਲਿਆਉਣ ਲਈ ਪਲਾਸਟਿਕ ਜਾਂ ਕਾਗਜ ਦੇ ਲਿਫਾਫੇ ਦੀ ਲੋੜ ਨਾ ਪਵੇ। ਇੰਝ ਤੁਸੀਂ ਰੁੱਖਾਂ ਨੂੰ ਬਚਾਉਣ ਵਿਚ ਰੋਲ ਅਦਾ ਕਰ ਰਹੇ ਹੋਵੋਗੇ। ਪੁਰਾਣੇ ਕੱਪੜੇ, ਖਿਡੌਣੇ, ਸਮਾਨ ਅਤੇ ਹੋਰ ਚੀਜ਼ਾਂ, ਜਿਸ ਦੀ ਤੁਹਾਨੂੰ ਲੋੜ ਨਹੀਂ ਰਹੀ, ਉਹ ਆਪਣੇ ਦੋਸਤਾਂ ਮਿੱਤਰਾਂ ਵਿਚ ਵੰਡ ਦਿਓ ਜਾਂ ਫਿਰ ਹੋਰ ਲੋੜਵਦਾਂ ਨੂੰ ਦਾਨ ਕਰ ਦਿਓ, ਆਦਿ । ਵਾਤਾਵਰਣੀ ਸੁਰੱਖਿਅਣ ਦਾ ਤੀਸਰਾ ਅਸੂਲ ਹੈ: ਵਾਰ ਵਾਰ ਵਰਤੋਂ ਕਰੋ (recycle)। ਉਦਾਹਰਣ ਲਈ ਦੁਕਾਨ ਤੋਂ ਕਰਿਆਨਾ ਲਿਆਉਣ ਲਈ ਕਾਗਜ਼ ਜਾਂ ਪਲਾਸਟਿਕ ਦੇ ਲਿਫਾਫੇ ਅਤੇ ਪਲਾਸਟਿਕ ਦੀਆਂ ਬੋਤਲਾਂ ਜਾਂ ਡੱਬਿਆਂ ਦੀ ਵਰਤੋਂ ਵਾਰ ਵਾਰ ਕੀਤੀ ਜਾ ਸਕਦੀ ਹੈ। ਵਾਰ ਵਾਰ ਵਰਤੋਂ ਯੋਗ ਪਦਾਰਥਾਂ ਤੋਂ ਬਣੀਆਂ ਵਸਤਾਂ ਨੂੰ ਰੋਜ਼ਾਨਾ ਜ਼ਿੰਦਗੀ ਵਿਚ ਇਸਤੇਮਾਲ ਕਰਨ ਨੂੰ ਤਰਜ਼ੀਹ ਦਿਉ, ਆਦਿ। ਹਰ ਕੋਈ, ਭਾਵੇਂ ਉਹ ਆਮ ਨਾਗਰਿਕ ਹੋਵੇ, ਜਾਂ ਫਿਰ ਨੌਜਵਾਨ ਜਾਂ ਕਿਰਤੀ ਹੋਵੇ, ਇਨ੍ਹਾਂ ਅਸੂਲਾਂ ਨੂੰ ਆਪਣੇ ਜੀਵਨ ਵਿਚ ਅਪਨਾ ਕੇ ਵਾਤਾਵਰਣ ਦੀ

ਸਾਂਭ-ਸੰਭਾਲ ਤੇ ਸੁੱਰਖਿਅਣ ਵਿਚ ਅਹਿਮ ਯੋਗਦਾਨ ਪਾ ਸਕਦਾ ਹੈ। ਉਭਰਦੇ ਲੇਖਕਾਂ ਨੂੰ ਮੇਰੀ ਸਲਾਹ ਹੈ ਕਿ ਉਹ ਆਪਣੀਆਂ ਰਚਨਾਵਾਂ ਵਿਚ ਵਾਤਾਵਰਣ ਸਾਂਭ-ਸੰਭਾਲ ਦੇ ਨਵੇਂ ਨਵੇਂ ਤਰੀਕਿਆ ਦਾ ਗਿਆਨ ਆਮ ਲੋਕਾਂ ਵਿਚ ਸਰਲ ਤੇ ਰੌਚਕਮਈ ਭਾਸ਼ਾ ਵਿਚ ਪਹੁੰਚਾਣ ਵਾਸਤੇ ਲਗਾਤਾਰ ਯਤਨਸ਼ੀਲ ਰਹਿਣ। ਵਾਤਾਵਰਣੀ ਖੋਜਾਰਥੀਆਂ ਨੂੰ ਵਾਤਾਵਰਣ ਦੇ ਮਸਲਿਆ ਦੇ ਹੱਲ ਲਈ ਜਿਥੇ ਨਵੇਂ ਤਰੀਕੇ ਲੱਭਣੇ ਜ਼ਰੂਰੀ ਹਨ ਉਥੇ ਉਨ੍ਹਾਂ ਨੂੰ ਸਥਾਨਕ ਵਾਤਾਵਰਣੀ ਮਸਲਿਆਂ ਦੇ ਹੱਲ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਅਜਿਹੇ ਹੱਲਾਂ ਦਾ ਗਿਆਨ ਜਨ-ਸਾਧਾਰਣ ਤਕ ਪਹੁੰਚਾਣ ਦਾ ਉੱਦਮ ਕਰਨਾ ਵੀ ਜ਼ਰੂਰੀ ਹੈ ਤਾਂ ਜੋ ਇਹ ਹੱਲ ਆਪਣੇ ਅਮਲੀ ਰੂਪ ਵਿਚ ਪ੍ਰਗਟ ਹੋ ਸਾਡੇ ਵਾਤਾਵਰਣੀ ਮਾਹੌਲ ਨੂੰ ਸੁਖਾਵਾਂ ਅਤੇ ਲਾਹੇਵੰਦ ਬਣਾਈ ਰੱਖਣ ਵਿਚ ਸਹਾਈ ਹੋ ਸਕਣ।

**26: ਆਧੁਨਿਕ ਨੌਜਵਾਨ ਵਰਗ ਵਧੇਰੇ ਪੜ੍ਹਿਆ ਲਿਖਿਆ ਹੈ, ਤਕਨਾਲੋਜੀ ਨਾਲ ਲੈਸ ਹੈ, ਫ਼ਿਰ ਕਿਉਂ ਵਾਤਾਵਰਣ ਨੂੰ ਹੋਰ ਖਰਾਬ ਕਰੀ ਜਾ ਰਿਹਾ ਹੈ, ਜਦ ਕਿ ਉਸ ਨੂੰ ਆਪਣੇ ਹਰ ਨਫ਼ੇ ਨੁਕਸਾਨ ਦਾ ਗਿਆਨ ਹੈ।**

**ਡਾ. ਸਿੰਘ :** ਤੁਹਾਡੇ ਸਵਾਲ ਵਿਚ ਵਿਰੋਧਾਭਾਸ ਹੈ। ਇਹ ਤਾਂ ਠੀਕ ਹੈ ਕਿ ਆਧੁਨਿਕ ਨੌਜਵਾਨ ਵਰਗ ਵਧੇਰੇ ਪੜ੍ਹਿਆ ਲਿਖਿਆ ਹੈ, ਤਕਨਾਲੋਜੀ ਨਾਲ ਲੈਸ ਹੈ। ਪਰ ਸਵਾਲ ਦਾ ਦੂਜਾ ਭਾਗ "ਫ਼ਿਰ ਕਿਉਂ ਵਾਤਾਵਰਣ ਨੂੰ ਹੋਰ ਖਰਾਬ ਕਰੀ ਜਾ ਰਿਹਾ ਹੈ।...ਜਦ ਕਿ ਉਸ ਨੂੰ ਆਪਣੇ ਹਰ ਨਫ਼ੇ ਨੁਕਸਾਨ ਦਾ ਗਿਆਨ ਹੈ", ਵਿਰੋਧਾਭਾਸ ਪ੍ਰਗਟਾਉਂਦਾ ਹੈ। ਜਦ ਕੋਈ ਵੀ ਨੋਜੁਆਨ ਹਰ ਨਫ਼ੇ ਨੁਕਸਾਨ ਦਾ ਗਿਆਨਵਾਨ ਹੋਵੇਗਾ ਤਾਂ ਉਹ ਆਪਣੇ ਚੌਗਿਰਦੇ (ਵਾਤਾਵਰਣ) ਨਾਲ ਖਿਲਵਾੜ ਨਹੀਂ ਕਰ ਸਕਦਾ। ਸਪਸ਼ਟ ਹੈ ਕਿ ਜਾਂ ਤਾਂ ਸਾਡੀ ਨੋਜੁਆਨ ਪੀੜ੍ਹੀ ਆਪਣੇ ਗਿਆਨ ਅਤੇ ਤਕਨੀਕੀ ਮੁਹਾਰਤ ਦੀ ਸਹੀਂ ਵਰਤੋਂ ਨਹੀਂ ਕਰ ਰਹੀਂ, ਜਿਸ ਕਾਰਣ ਉਹ ਅਜੋਕੇ ਜੀਵਨ ਦੀਆਂ ਅਹਿਮ ਸੱਮਸਿਆਵਾਂ (ਉਦਾਹਰਣ: ਵਾਤਾਵਰਣੀ ਮਸਲੇ) ਬਾਰੇ ਸੁਚੇਤ ਨਹੀਂ ਜਾਂ ਫਿਰ ਅਵੇਸਲੇ ਹਨ। ਜਾਂ ਫਿਰ ਸਾਡੀ ਪੀੜ੍ਹੀ ਉਨ੍ਹਾਂ ਨੂੰ ਸਹੀ ਜੀਵਨ ਜਾਚ ਦੀ ਸਿਖਲਾਈ ਦੇਣ ਵਿਚ ਅਸਫ਼ਲ ਰਹੀ ਹੈ। ਪਰ ਅਜਿਹਾ ਵੀ ਨਹੀਂ ਹੈ ਕਿ ਸਮਾਜ ਦਾ ਸਮੁੱਚਾ ਨੋਜੁਆਨ ਵਰਗ ਹੀ ਵਾਤਾਵਰਣ ਨੂੰ ਹੋਰ ਖਰਾਬ ਕਰੀ ਜਾਣ ਵਿਚ ਮਗਨ

ਹੈ, ਬਹੁਤ ਸਾਰੇ ਨੌਜੁਆਨ ਆਪਣੇ ਤੌਰ ਉੱਤੇ ਜਾਂ ਵਿਭਿੰਨ ਸਮਾਜਿਕ ਸੰਸਥਾਵਾਂ ਵਿਚ ਸ਼ਮੂਲੀਅਤ ਰਾਹੀਂ, ਸਮਾਜ ਦੇ ਵਿਕਾਸ ਤੇ ਵਾਤਾਵਰਣੀ ਸੁੱਰਖਿਅਣ ਸੰਬੰਧੀ ਉਸਾਰੂ ਗਤਿਵਧੀਆਂ ਵਿਚ ਭਾਗ ਲੈ ਰਹੇ ਹਨ। ਜੋ ਬਹੁਤ ਹੀ ਆਸ਼ਾਪੂਰਣ ਰਵਈਆ ਹੈ। ਹਾਂ ਜੇ ਅਸੀਂ ਅਜਿਹੇ ਹਾਲਤ ਦੇਖਦੇ ਹਾਂ ਕਿ ਨੌਜੁਆਨ ਵਰਗ ਦਾ ਕੁਝ ਹਿੱਸਾ ਵਾਤਾਵਰਣ ਨੂੰ ਹੋਰ ਖਰਾਬ ਕਰੀ ਜਾ ਰਿਹਾ ਹੈ ਤਾਂ ਸਾਨੂੰ ਉਨ੍ਹਾਂ ਵਿਚ ਵਾਤਾਵਰਣੀ ਚੇਤੰਨਤਾ ਪੈਦਾ ਕਰਨ ਲਈ ਉੱਦਮ ਕਰਨੇ ਜ਼ਰੂਰੀ ਹਨ।

# ਪੁਸਤਕ ਸੂਚੀ

## ਪੰਜਾਬੀ ਪੁਸਤਕਾਂ

### ਆਧਾਰ ਪੁਸਤਕਾਂ


ਚੀਮਾ, ਬਲਦੇਵ ਸਿੰਘ ਅਤੇ ਡੀ.ਪੀ. ਸਿੰਘ, ਸੰਪਾਦਕ. *ਵਾਤਾਵਰਣੀ ਮਸਲੇ ਤੇ ਸਮਾਧਾਨ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2013.

ਜਤਿੰਦਰਪਾਲ ਸਿੰਘ, ਸੰਪਾਦਕ. *ਮਨੁੱਖੀ ਹੋਂਦ ਲਈ ਖ਼ਤਰਾ: ਵਾਤਾਵਰਣੀ ਪ੍ਰਦੂਸ਼ਣ.* ਤਰਕਭਾਕਤੀ ਪ੍ਰਕਾਸ਼ਨ, 2011.

ਦਾਊਂ, ਮਨਮੋਹਨ ਸਿੰਘ. *ਪੰਛੀ ਬਿਰਖ ਸੁਹਾਵੜਾ.* ਲੋਕਗੀਤ ਪ੍ਰਕਾਸ਼ਨ, 2016.

ਦੀਦਾਰਗੜ੍ਹ, ਜਸਵੀਰ ਸਿੰਘ. *ਪਵਣੁ ਗੁਰੂ ਪਾਣੀ ਪਿਤਾ.* ਲੋਕ ਰੰਗ ਪ੍ਰਕਾਸ਼ਨ, 2019.

ਧਾਲੀਵਾਲ, ਰਾਜਦੀਪ ਸਿੰਘ ਅਤੇ ਅੰਗਰੇਜ ਸਿੰਘ ਵਿਰਕ, ਸੰਪਾਦਕ. *ਵਾਤਾਵਰਣ ਸਮੱਸਿਆਵਾਂ.* ਲੋਕਗੀਤ ਪ੍ਰਕਾਸ਼ਨ, 2013.

ਨਛੱਤਰ. *ਕੈਂਸਰ ਟਰੇਨ.* ਚੇਤਨਾ ਪ੍ਰਕਾਸ਼ਨ, 2017.

ਪਰਿਹਾਰ, ਵਰਿੰਦਰ. *ਕਣ ਕਾਇਨਾਤ.* ਲੋਕਗੀਤ ਪ੍ਰਕਾਸ਼ਨ, 2013.

ਰਾਣਾ, ਜਸਵੀਰ ਸਿੰਘ. *ਇੱਥੋਂ ਰੇਗਿਸਤਾਨ ਦਿਸਦਾ ਹੈ.* ਔਟਮ ਆਰਟ, 2017.


### ਸਹਾਇਕ ਪੁਸਤਕਾਂ


ਅਰੋੜਾ, ਦਰਸ਼ਨਦੀਪ. *ਇੱਕੀਵੀਂ ਸਦੀ ਦਾ ਪੰਜਾਬੀ ਸਾਹਿਤ: ਚੁਣੌਤੀਆਂ ਤੇ ਸੰਭਾਵਨਾਵਾਂ.* ਲੋਕਗੀਤ ਪ੍ਰਕਾਸ਼ਨ, 2017.

ਇੰਦਰਜੀਤ ਕੌਰ, ਸੰਪਾਦਕ. *ਨਰੋਈ ਸਿਹਤ.* ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, 2015.

---, ਸੰਪਾਦਕ. *ਪਰਾਲੀ ਨਾਲ ਬਹੁਤ ਕੁਝ ਸੜਦੈ.* ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, 2017.

ਸਤਿੰਦਰ ਸਿੰਘ. ਵਿਹਾਰਕ ਸਮੀਖਿਆ: ਕਵਿਤਾ ਅਤੇ ਵਾਰਤਕ. ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2015.

ਸਰਵਜੀਤ ਕੌਰ. ਸਮਕਾਲੀ ਪੰਜਾਬੀ ਕਵਿਤਾ: ਚਿੰਤਨ ਤੇ ਚੇਤਨਾ. ਯੂਨੀਸਟਾਰ ਬੁਕਸ, 2015.

ਸਰਵਣ ਸਿੰਘ. *ਖੇਤੀ ਅਰਥਚਾਰੇ ਦਾ ਧਰੂ ਤਾਰਾ: ਡਾ. ਸਰਦਾਰਾ ਸਿੰਘ ਜੌਹਲ.* ਸੰਗਮ ਪਬਲੀਕੇਸ਼ਨਜ਼, 2016.

ਸਵਰਨਜੀਤ ਕੌਰ. *ਸਮਕਾਲੀ ਪੰਜਾਬੀ ਗਲਪ: ਬਹੁ-ਪੱਖੀ ਅਧਿਐਨ.* ਲੋਕਗੀਤ ਪ੍ਰਕਾਸ਼ਨ, 2017.

--- . *ਸਮਕਾਲੀ ਯਥਾਰਥ ਅਤੇ ਪੰਜਾਬੀ ਕਵਿਤਾ.* ਲੋਕਗੀਤ ਪ੍ਰਕਾਸ਼ਨ, 2017.

ਸਿੰਗਲ, ਧਰਮਪਾਲ ਅਤੇ ਅਮਰ ਕੋਮਲ. *ਪੰਜਾਬੀ ਸਾਹਿਤ ਦਾ ਇਤਿਹਾਸ.* ਲੋਕਗੀਤ ਪ੍ਰਕਾਸ਼ਨ, 2015.

ਸੱਗੂ, ਮਨਜੀਤ ਇੰਦਰ ਸਿੰਘ. *ਪੰਜਾਬ ਦੇ ਰੁੱਖ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1990.

ਹਰਚੰਦਪੁਰੀ, ਪਵਨ. *ਪੰਛੀਆਂ ਦੀ ਪੰਚਾਇਤ.* ਚੇਤਨਾ ਪ੍ਰਕਾਸ਼ਨ, 2020.

ਕਰਮ ਚੰਦ. *ਰੁੱਖ, ਪੰਛੀ ਤੇ ਆਲ੍ਹਣੇ.* ਲੋਕਗੀਤ ਪ੍ਰਕਾਸ਼ਨ, 2016.

ਕਹਿਲ, ਹਰਕੇਸ਼ ਸਿੰਘ. *ਅਲੋਪ ਹੋ ਰਹੇ ਪਸ਼ੂ-ਪੰਛੀ.* ਲੋਕਗੀਤ ਪ੍ਰਕਾਸ਼ਨ, 2017.

--- . *ਅਲੋਪ ਹੋ ਰਹੇ ਰੁੱਖ-ਬੂਟੇ.* ਲੋਕਗੀਤ ਪ੍ਰਕਾਸ਼ਨ, 2017.

ਕਜ਼ਾਕ, ਕਿਰਪਾਲ, ਸੰਪਾਦਕ. *ਨਛੱਤਰ ਦਾ ਗਲਪ ਚਿੰਤਨ.* ਚੇਤਨਾ ਪ੍ਰਕਾਸ਼ਨ, 2016.

ਕਾਂਗ, ਜਸਪਾਲ ਕੌਰ. *ਗਲਪ ਚੇਤਨਾ.* ਨਾਨਕ ਸਿੰਘ ਪੁਸਤਕ ਮਾਲਾ, 1980.

ਕੁਲਵੀਰ. *ਉੱਤਰ-ਆਧੁਨਿਕਾਵਾਦ ਤੇ ਪੰਜਾਬੀ ਕਵਿਤਾ.* ਲੋਕਗੀਤ ਪ੍ਰਕਾਸ਼ਨ, 2013.

ਖੀਵਾ, ਲਾਭ ਸਿੰਘ, ਸੰਪਾਦਕ. *ਪੰਜਾਬੀ ਅਧਿਐਨ ਅਧਿਆਪਨ ਅਤੇ ਖੋਜ.* ਲੋਕਗੀਤ ਪ੍ਰਕਾਸ਼ਨ, 2008.

ਗਰੇਵਾਲ, ਕੁਲਵੰਤ ਸਿੰਘ. *ਅਸੀਂ ਪੁੱਤ ਦਰਿਆਵਾਂ ਦੇ.* ਗਰੇਸ਼ਿਅਸ ਬੁਕਸ, 2016.

ਘੁਲਾਲ, ਜਸਬੀਰ ਸਿੰਘ. *ਜੈਵਿਕ ਖੇਤੀ ਵੱਲ ਤੁਰਿਆ ਕਿਸਾਨ.* ਲੋਕਗੀਤ ਪ੍ਰਕਾਸ਼ਨ, 2018.

--- . *ਰੁੱਖ ਤੇ ਮਨੁੱਖ.* ਲੋਕਗੀਤ ਪ੍ਰਕਾਸ਼ਨ, 2016.

---. *ਰੁੱਖਾਂ ਦੇ ਅੱਥਰੂ.* ਗੋਸਲ ਪ੍ਰਕਾਸ਼ਨ, 2018.

---. *ਮਨੁੱਖ ਤੇ ਸੁੱਖ.* ਲੋਕਗੀਤ ਪ੍ਰਕਾਸ਼ਨ, 2017.

ਜਸਬੀਰ ਕੇਸਰ. *ਖੋਜ ਚਿੰਤਨ.* ਲੋਕਗੀਤ ਪ੍ਰਕਾਸ਼ਨ, 2013

ਜਸਵਿੰਦਰ ਸਿੰਘ. *ਨਵੀਂ ਪੰਜਾਬੀ ਕਵਿਤਾ: ਪਛਾਣ ਚਿੰਨ੍ਹ.* ਚੇਤਨਾ ਪ੍ਰਕਾਸ਼ਨ, 2009.

ਜਤਿੰਦਰਪਾਲ ਸਿੰਘ ਅਤੇ ਹੋਰ, ਸੰਪਾਦਕ. *ਵਾਤਾਵਰਣੀ ਹਿਤੈਸ਼ੀ ਟੈਕਨਾਲੋਜੀ.* ਪੰਜਾਬ ਸਟੇਟ ਕੌਂਸਲ ਫ਼ਾਰ ਸਾਇੰਸ ਐਂਡ ਟੈਕਨਾਲੋਜੀ, ਐਮ. ਕੇ. ਆਰ. ਪਬਲੀਕੇਸ਼ਨ, 2008.

ਜੋਸ਼ੀ, ਜੀਤ ਸਿੰਘ. *ਪੰਜਾਬੀ ਅਧਿਐਨ ਤੇ ਅਧਿਆਪਨ: ਬਦਲਦੇ ਪਰਿਪੇਖ.* ਵਾਰਿਸ਼ ਸ਼ਾਹ ਫਾਉਂਡੇਸ਼ਨ, 2016.

ਟਾਈਗਰ, ਜੋਗਿੰਦਰ. *ਸਿਹਤ: ਕੁਦਰਤ ਦਾ ਤੋਹਫ਼ਾ.* ਚੇਤਨਾ ਪ੍ਰਕਾਸ਼ਨ, 2021.

ਟੀ. ਆਰ. ਵਿਨੋਦ. *ਆਧੁਨਿਕ ਪੰਜਾਬੀ ਸਭਿਆਚਾਰ.* ਲੋਕਗੀਤ ਪ੍ਰਕਾਸ਼ਨ, 2015.

---. *ਪੰਜਾਬੀ ਕਹਾਣੀ: ਪਾਠ ਤੇ ਪ੍ਰਸੰਗ.* ਲੋਕਗੀਤ ਪ੍ਰਕਾਸ਼ਨ, 2015.

ਡੀ.ਪੀ. ਸਿੰਘ. *ਭਵਿੱਖ ਦੀ ਪੈੜ.* ਸਿੰਘ ਬ੍ਰਦਰਜ਼, 2003.

---. *ਵਾਤਾਵਰਣੀ ਪ੍ਰਦੂਸ਼ਣ.* ਸਿੰਘ ਬ੍ਰਦਰਜ਼, 2004.

ਢਿੱਲੋਂ, ਸੁਰਜੀਤ ਸਿੰਘ. *ਮਨੁੱਖ ਹੈ ਕੌਣ: ਮਾਨਵ ਜਾ ਦਾਨਵ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ 2016.

ਤ੍ਰਿਲੋਚਨ ਸਿੰਘ. *ਵਾਤਾਵਰਣ: ਦਰਪੇਸ਼ ਸਮੱਸਿਆਵਾਂ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2007.

ਥਿੰਦ, ਕਰਨੈਲ ਸਿੰਘ, ਸੰਪਾਦਕ. *ਨਿਬੰਧ ਪ੍ਰਕਾਸ਼.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2005.

ਦਰਵੇਸ਼ਵਰ, ਸੁਰਿੰਦਰ ਕੁਮਾਰ. *ਪੰਜਾਬੀ ਸਾਹਿਤ ਤੇ ਸਾਹਿਤ ਆਲੋਚਨਾ.* ਯੂਨੀਸਟਾਰ ਬੁਕਸ, 2016.

ਦਿਲ, ਬਲਬੀਰ ਸਿੰਘ. *ਪੰਜਾਬੀ ਨਿਬੰਧ: ਸਰੂਪ, ਸਿਧਾਂਤ ਤੇ ਵਿਕਾਸ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1991.

ਧਾਲੀਵਾਲ, ਬਲਦੇਵ ਸਿੰਘ. *ਆਧੁਨਿਕ ਪੰਜਾਬੀ ਕਹਾਣੀ: ਦ੍ਰਿਸ਼ਟੀਮੂਲਕ ਪਰਿਪੇਖ.* ਲੋਕਗੀਤ ਪ੍ਰਕਾਸ਼ਨ, 2007.

--- . *ਆਧੁਨਿਕ ਪੰਜਾਬੀ ਕਾਵਿ.* ਲੋਕਗੀਤ ਪ੍ਰਕਾਸ਼ਨ, 2012.

--- . *ਇੱਕੀਵੀਂ ਸਦੀ ਅਤੇ ਪੰਜਾਬੀ ਕਹਾਣੀ.* ਲੋਕਗੀਤ ਪ੍ਰਕਾਸ਼ਨ, 2014.

--- . *ਕਹਾਣੀ ਸ਼ਾਸਤਰ ਅਤੇ ਪੰਜਾਬੀ ਕਹਾਣੀ.* ਲੋਕਗੀਤ ਪ੍ਰਕਾਸ਼ਨ, 2013.

---. *ਪੰਜਾਬੀ ਨਾਵਲ ਦ੍ਰਿਸ਼ਟੀ.* ਲੋਕਗੀਤ ਪ੍ਰਕਾਸ਼ਨ, 2007.

ਨਹਿਰੂ, ਜੋਗਿੰਦਰ ਸਿੰਘ, ਸੰਪਾਦਕ. *ਕਹਾਣੀ ਦੀ ਵਿਧਾ.* ਲੋਕਗੀਤ ਪ੍ਰਕਾਸ਼ਨ, 2005.

ਨਾਭਾ, ਚਰਨਜੀਤ ਸਿੰਘ, ਅਮਰਜੀਤ ਕਾਉਂਕੇ, ਸੰਪਾਦਕ. *ਵਾਤਾਵਰਣ ਚੇਤੰਨਤਾ ਲਹਿਰ ਦੀ ਲੋੜ.* ਲੋਕਗੀਤ ਪ੍ਰਕਾਸ਼ਨ, 2010.

ਨਿਮਾਣਾ, ਵਰਿੰਦਰ ਸਿੰਘ. *ਸੰਧੂਰੀ ਅੰਬੀਆਂ.* ਚੇਤਨਾ ਪ੍ਰਕਾਸ਼ਨ, 2017.

ਨਿਰਾਲਾ, ਜੋਗਿੰਦਰ ਸਿੰਘ. *ਨੌਵੇਂ ਦਹਾਕੇ ਤੋਂ ਬਾਅਦ ਦੀ ਕਹਾਣੀ.* ਲੋਕਗੀਤ ਪ੍ਰਕਾਸ਼ਨ, 2010.

ਪਰਿਹਾਰ ਵਰਿੰਦਰ. *ਕੁਦਰਤ.* ਚੇਤਨਾ ਪ੍ਰਕਾਸ਼ਨ, 2002.

ਪਾਤਰ, ਸੁਰਜੀਤ. *ਪਤਝੜ ਦੀ ਪਾਜ਼ੇਬ.* ਲੋਕਗੀਤ ਪ੍ਰਕਾਸ਼ਨ, 2017.

ਪਾਤਰ, ਸੁਰਜੀਤ. *ਸੁਰਜ਼ਮੀਨ.* ਲੋਕਗੀਤ ਪ੍ਰਕਾਸ਼ਨ, 2008.

ਪਾਲੇਕਰ, ਸੁਭਾਸ਼. *ਕੁਦਰਤੀ ਖੇਤੀ ਕਿਵੇਂ ਕਰੀਏ?* ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, 2012.

ਪਾਲੇਕਰ, ਸੁਭਾਸ਼ ਅਤੇ ਸੁਦੇਸ਼ ਦੇਸਾਈ. *ਕੁਦਰਤੀ ਖੇਤੀ ਦੀ ਵਿਧੀ ਅਤੇ ਫਸਲਾਂ ਦੀ ਉਪਜ.* ਪਿੰਗਲਵਾੜਾ ਚੈਰੀਟੇਬਲ ਸੁਸਾਇਟੀ, 2015.

ਪਿਆਰ ਸਿੰਘ. *ਖੋਜ: ਸਿਧਾਂਤ ਤੇ ਵਿਵਹਾਰ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 1995.

ਪਨੂੰ, ਹਰਪਾਲ ਸਿੰਘ. *ਗੁਰੂ ਨਾਨਕ ਦਾ ਕੁਦਰਤ ਸਿਧਾਂਤ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2002.

ਬਾਸੀ, ਮੰਗਾ. *ਧਰਤ ਕਰੇ ਅਰਜ਼ੋਈ.* ਚੇਤਨਾ ਪ੍ਰਕਾਸ਼ਨ, 2010.

ਬੁਜਰਕ, ਬ੍ਰਿਸ਼ ਭਾਨ. *ਵਿਗਿਆਨਕ ਢੰਗਾਂ ਨਾਲ ਖੇਤੀ.* ਸੰਗਮ ਪਬਲੀਕੇਸ਼ਨਜ਼, 2010.

ਬੰਬੇਲੀ, ਵਿਜੈ. *ਆਪਣੀ ਮੌਤ ਨੂੰ 'ਵਾਜਾਂ ਮਾਰ ਰਿਹਾ ਮਨੁੱਖ.* ਪੀਪਲਜ਼ ਫ਼ੋਰਮ, 2009.

ਭਾਟੀਆ, ਸੁਦਰਸ਼ਨ. *ਗਲੋਬਲ ਵਾਰਮਿੰਗ.* ਦੀਪਕ ਪਬਲਿਸ਼ਰਜ਼, 2016.

--- . *ਜੀਵ ਜੰਤੂਆਂ ਦੀਆਂ ਰੋਚਕ ਗੱਲਾਂ.* ਦੀਪਕ ਪਬਲਿਸ਼ਰਜ਼. 2016.

ਭੰਡਾਲ, ਗੁਰਬਖ਼ਸ਼ ਸਿੰਘ. *ਹਵਾ ਹੱਥ ਜੋੜਦੀ ਹੈ.* ਚੇਤਨਾ ਪ੍ਰਕਾਸ਼ਨ, 2013.

--- . *ਵਿਗਿਆਨਕ ਚੇਤਨਾ ਅਤੇ ਪ੍ਰਦੂਸ਼ਣ.* ਚੇਤਨਾ ਪ੍ਰਕਾਸ਼ਨ, 2019.

ਮਹਿਰੋਕ, ਪ੍ਰਿਤਪਾਲ ਸਿੰਘ. *ਪੰਜਾਬੀ ਕਹਾਣੀ: ਵਿਚਾਰਧਾਰਕ ਪਰਿਪੇਖ.* ਮਨਮੀਤ ਪ੍ਰਕਾਸ਼ਨ, 2008.

ਰਜਨੀਸ਼, ਬਹਾਦਰ ਸਿੰਘ. *ਸਮਕਾਲੀ ਪੰਜਾਬ ਕਹਾਣੀ: ਪਾਠਗਤ ਅਧਿਐਨ.* ਚੇਤਨਾ ਪ੍ਰਕਾਸ਼ਨ, 2005.

--- . *ਗਲਪ ਅਧਿਐਨ.* ਚੇਤਨਾ ਪ੍ਰਕਾਸ਼ਨ, 2005.

ਰਵਿੰਦਰ ਕੌਰ, ਸੰਪਾਦਕ. *ਆਧੁਨਿਕ ਪੰਜਾਬੀ ਕਵਿਤਾ: ਸੰਰਚਨਾ ਅਤੇ ਵਿਚਾਰਧਾਰਾ.* ਲੋਕਗੀਤ ਪ੍ਰਕਾਸ਼ਨ, 2015.

ਰਾਏ, ਗੁਲਾਬ, ਕੁਲਬੀਰ ਸਿੰਘ ਕਾਂਗ (ਅਨੁਵਾਦਕ). *ਸਿਧਾਂਤ ਤੇ ਅਧਿਐਨ.* ਭਾਸ਼ਾ ਵਿਭਾਗ ਪੰਜਾਬ.

ਰਾਣਾ, ਜਸਵੀਰ *. ਖਿੱਤੀਆਂ ਘੁੰਮ ਰਹੀਆਂ ਨੇ.* ਚੇਤਨਾ ਪ੍ਰਕਾਸ਼ਨ, 2008.

ਰੰਗਾੜਾ, ਭਗਤ ਰਾਮ. *ਕੁਦਰਤ ਦੇ ਰੰਗ.* ਲੋਕਗੀਤ ਪ੍ਰਕਾਸ਼ਨ, 2008.

ਵਰਮਾ, ਸਤੀਸ਼ ਕੁਮਾਰ ਅਤੇ ਹੋਰ, ਸੰਪਾਦਕ. *ਵਾਤਾਵਰਣ ਚੇਤਨਾ.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2006.

ਵਿਰਦੀ, ਸਰਬਜੀਤ ਸਿੰਘ, ਸੰਪਾਦਕ. *ਜੰਗਲਾਂ ਦੇ ਰੁੱਖ ਬੋਲਦੇ.* ਲੋਕਗੀਤ ਪ੍ਰਕਾਸ਼ਨ, 2015.

ਸ਼ਰਮਾ, ਸੁਧੀਰ. *ਆਲਾ-ਦੁਆਲਾ ਅਤੇ ਪ੍ਰਦੂਸ਼ਣ.* ਦੀਪਕ ਪਬਲਿਸ਼ਰਜ਼, 2012.

ਸ਼ਰਮਾ, ਗੁਰਦੀਪ ਕੁਮਾਰ ਅਤੇ ਜਸਪਾਲ ਸਿੰਘ, ਸੰਪਾਦਕ. *ਪੰਜਾਬੀ ਨਾਵਲ: ਦਸ਼ਾ ਤੇ ਦਿਸ਼ਾ.* ਆਸ਼ਨਾ ਪਬਲੀਕੇਸ਼ਨਜ਼, 2014.

**ਕੋਸ਼**

ਹਰਕੀਰਤ ਸਿੰਘ, ਸੰਪਾਦਕ. *ਪੰਜਾਬੀ ਸ਼ਬਦ-ਰੂਪ ਦੇ ਸ਼ਬਦ-ਜੋੜ ਕੋਸ਼.* ਸ਼ਬਦ-ਜੋੜ ਕੋਸ਼ ਸੈੱਲ, ਪੰਜਾਬੀ ਯੂਨੀਵਰਸਿਟੀ, 1988.

ਢਿੱਲੋਂ, ਸੁਰਜੀਤ ਸਿੰਘ ਅਤੇ ਬਲਜੀਤ ਕੌਰ.*ਵਾਤਾਵਰਨ ਵਿਸ਼ਾ ਕੋਸ਼.* ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, 2006.

ਧਰਮ ਸਿੰਘ. *ਪੰਜਾਬੀ ਖੋਜ ਸੰਦਰਭ.* ਰਵੀ ਸਾਹਿਤ ਪ੍ਰਕਾਸ਼ਨ, 2015.

ਨਾਭਾ, ਭਾਈ ਕਾਨ੍ਹ ਸਿੰਘ. *ਗੁਰੂ ਸ਼ਬਦ ਰਤਨਾਕਰ ਮਹਾਨਕੋਸ਼.* ਤੀਜਾ ਐਡੀਸ਼ਨ, ਭਾਸ਼ਾ ਵਿਭਾਗ, ਪੰਜਾਬ, 2006.

**ਅੰਗਰੇਜ਼ੀ ਪੁਸਤਕਾਂ**

Baud, Isa and others (Ed.). *Solid Waste Management and Recycling.* Kluwer Academic Publishers, 2004.

Bell, Jim. *The Earth Book*. Sterling, 2019.

Bressler, Charles E. *Literary Criticism an Introduction to Theory and Practice.* Pearson, 2011.

Buell, Lawrence. *The Future of Environmental Criticism: Environmental Crisis and Literary Imagination.* Blackwell, 2005.

Garrard, Greg. *Ecocriticism: The New Critical Idiom*. Routledge, 2004.

Harrison, Roy M. (Ed.). *Pollution: Causes, Effects and Control*. Royal Society of Chemistry, 2001.

Kalas, John. *Edible Wild Plants Wild Foods from Dirt to Plate*. Gibbs Smith, 1952.

Kaushik, Anubha and C.P. Kaushik. Perspectives in Environmental Studies. New Age International Publishers, 2016.

Kingsolver, Barbara and others. Animal, Vegetable, Miracle: A Year of Food Life. HarperCollins e-Books, 2007.

Peirce, J. Jeffrey and others. Environmental Pollution and Control. Elsevier Science & Technology Books, 1997.

Pfafflin, James R., Edward N. Ziegler (Ed.). *Encyclopedia of Environmental Science and Engineering*. Taylor & Francis, 2006.

### ਹਿੰਦੀ ਪੁਸਤਕਾਂ

ਸਰਤਾਜ, ਬਾਨੋ. *ਪਰਿਆਵਰਣ ਕੇ ਪ੍ਰਹਰੀ.* ਸ਼ਰੁਤੀ ਪਾਕੇਟ ਬੁਕਸ, 2014.

ਹਰੀਕਾ, ਨਰਿੰਦਰ ਸਿੰਘ. *ਮਾਂ ਔਰ ਧਰਤੀ ਮਾਂ.* ਸ਼ਰੁਤੀ ਪਾਕੇਟ ਬੁਕਸ, 2013.

**Research Papers**

Alex, Rayson K. *A survey of the phases of Indian Eco criticism.* Purdu, vol.16, no.4, 2014, n.pg.

Bhalla, Ambika. Eco-consciousness through children's literature- A study. IRWLE, vol.8, no.2, 2012, n.pg.

Buell, Lawrence, Ursula K. Heis and others. *Literature and environment.* The annual review of environment and resources, 2011, pp 417-440.

Kaur, Satvir. *Mobile phone user's awareness about E-waste management and their disposal behaviors*. International journal of applied research, vol. 2, no. 12, 2016, pp 573-517.

Kaur, Zameer Pal and Sandeep Kaur. *Environmental and eco critical concerns in the regional poetry with special reference to Bhai Vir Singh's poetry*. Asian Journal of Literature, Culture and society, vol.8, no.2, 2015, pp 28-43.

Mishra, Sandip K. *Ecocriticism: A Study of Environmental Issues in Literature.* BRICS Journal of Education Research, vol.6, issue 4, 2016, pp 168-170.

Reddy, Sanjay M. *The Eco-Criticism: A new perspective of literary study*. Scholars Impact, vol. 1, no. 2, 2015, pp 36-51.

Singh, Amandeep. *Changing landscape of Punjab: An eco- critical reading of Balbir Parwana's selected fiction.* Contemporary Literary Review India, vol. 3, no.1, 2016, n. pp.

Singh, Sapinder and Zameerpal Kaur. *Environmental Consciousness and Poetry: an Ecocritical Study of William Wordsworth and Bhai Vir Singh's Poems.* IJELR, vol. 4, issue 3, 2017, pp 410-416.

**Conferences/ Projects**

Kaur, Zameer Pal. *Ancient Indian Literature: An Eco-Critical perspective.* Presented in International conference on social science, Literature and Education at Simon Frasar University, Vancouver, Canada, November 17-18, 2014.

Kaur, Zameer Pal. *Eco-criticism de sandarbh vich adhunik kavita.* 3rd World Punjabi Conference organized by department of Punjabi Literary Studies at Punjabi University, Patiala, November 27-29, 2013.

Singh, Amandeep. *Ecological concerns in contemporary Punjabi fiction: Native and diasporic writings*. 2014-2016 (Research Project funded by Research Seed Money Programmers, Central University of Punjab, Bathinda.

**ਰਸਾਲੇ/ ਪ੍ਰਤਿੱਕਾਵਾ**

ਅਜਮੇਰ ਸਿੰਘ, ਸੰਪਾਦਕ. ਖੋਜ ਪਤ੍ਰਿਕਾ .*ਵੀਹਵੀਂ ਸਦੀ ਦਾ ਪੰਜਾਬੀ ਕਾਵਿ, ਵਿਸ਼ੇਸ਼ ਅੰਕ.* ਅੰਕ 51, ਮਾਰਚ 2000.

ਸਰਬਜੀਤ ਸਿੰਘ, ਸੰਪਾਦਕ. *ਪਰਖ.* ਚਿੰਤਨ ਵਿਸ਼ੇਸ਼ ਅੰਕ-1, ਭਾਗ ਦੂਜਾ, ਪੰਜਾਬ ਯੂਨੀਵਰਸਿਟੀ, 2020.

ਕੇਵਲ ਕ੍ਰਿਸ਼ਨ, ਸੰਪਾਦਕ. *ਸੰਸਕਾਰ ਚੇਤਨਾ.* ਅੰਕ 7(2), ਮਾਰਚ 2019.

ਕੌਂਕੇ, ਅਮਰਜੀਤ. *ਪ੍ਰਤਿਮਾਨ.* ਅੰਕ 65-66, 2020.

ਗੁਰਇਕਬਾਲ ਸਿੰਘ, ਸੰਪਾਦਕ. *ਤ੍ਰਿਸ਼ੰਕੂ.* ਕਹਾਣੀ ਵਿਸ਼ੇਸ਼ ਅੰਕ, ਅੰਕ 88-89, ਚੇਤਨਾ ਪ੍ਰਕਾਸ਼ਨ, 2019.

---, ਸੰਪਾਦਕ. *ਤ੍ਰਿਸ਼ੰਕੂ.* ਖੋਜ ਵਿਸ਼ੇਸ਼ ਅੰਕ, ਅੰਕ 84-8, 2019.

---, ਸੰਪਾਦਕ. *ਤ੍ਰਿਸ਼ੰਕੂ.* ਅੰਕ 80-81, 2017.

ਜੱਗੀ, ਰਤਨ ਸਿੰਘ, ਸੰਪਾਦਕ. *ਖੋਜ ਪਤ੍ਰਿਕਾ.* ਨਿਬੰਧ ਵਿਸ਼ੇਸ਼ ਅੰਕ, ਅੰਕ 29, ਪੰਜਾਬੀ ਯੂਨੀਵਰਸਿਟੀ, ਮਾਰਚ 1987.

ਰੈਨਾ, ਬਲਜੀਤ ਸਿੰਘ ਸੰਪਾਦਕ. *ਆਬਰੂ.* ਅੰਕ 1-3, ਜਨਵਰੀ-ਮਾਰਚ 2021.

---, ਸੰਪਾਦਕ. *ਆਬਰੂ.* ਅੰਕ 4-6, ਅਪ੍ਰੈਲ-ਜੂਨ 2020.